

ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ
ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀ ਜੈ



✻ ੧੨ ਜੇਠ ੨੦੧੦ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਭੁਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✻

ਹਰਿ ਕਰਤਾ ਕਰਮ ਕਮਾਇੰਦਾ । ਵਿਚ ਮਾਤ ਜੋਤ ਧਰਾਇੰਦਾ । ਆਪਣਾ ਭੇਵ ਆਪ ਖੁਲ੍ਹਾਇੰਦਾ । ਲੇਖਾ ਸਾਚਾ ਆਪ ਲਿਖਾਇੰਦਾ । ਦਰਗਾਹ ਸਾਚੀ
ਮਾਣ ਦਵਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਪਾਇੰਦਾ । ਜੋਤ ਸਰੂਪੀ ਜਾਮਾ ਧਾਰੇ । ਪੁਰੀ ਘਨਕ ਲਏ ਅਵਤਾਰੇ । ਜੂਠੇ
ਝੂਠੇ ਜੀਵ ਗਵਾਰੇ । ਮਾਇਆ ਮੂਠੇ ਆਤਮ ਹੋਏ ਅੰਧ ਅੰਧਿਆਰੇ । ਭੱਜੇ ਫਿਰਨ ਨਾਲ ਸ਼ਿਕਾਰੀ, ਪ੍ਰਭ ਅਬਿਨਾਸ਼ੀ ਪਾਈ ਨਾ ਸਾਰੇ । ਮਹਾਰਾਜ ਸ਼ੇਰ ਸਿੰਘ
੧ ਵਿਸ਼ਨੂੰ ਭਗਵਾਨ, ਧੁਰ ਦਰਗਾਹੋਂ ਆਪ ਦੁਰਕਾਰੇ । ਘਨਕਪੁਰ ਵਾਸੀ ਮਾਰੇ ਡੰਕ । ਇਕ ਕਰਾਏ ਰਾਓ ਰੰਕ । ਆਪ ਸੁਹਾਏ ਸਾਚਾ ਥਾਉਂ ਬੰਕ । ਮਹਾਰਾਜ ੧
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਮਹਿੰਮਾ ਬੜੀ ਅਗਣਤ । ਮਾਤਲੋਕ ਹਰਿ ਜਾਮਾ ਧਾਰੇ । ਅਚਰਜ ਖੇਲ ਕਰੇ ਕਰਤਾਰੇ । ਗੁਰਮੁਖ ਸਾਚੇ
ਆਪ ਉਠਾਏ ਸਾਚਾ ਦੇਵੇ ਸ਼ਬਦ ਅਧਾਰੇ । ਬਾਹੋਂ ਪਕੜ ਆਪ ਉਠਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੇ । ਸਚ ਘਰ
ਦੀਪਕ ਪ੍ਰਗਾਸਿਆ । ਹਰਿ ਆਇਆ ਸ਼ਾਹੋ ਸ਼ਾਬਾਸਿਆ । ਗੁਰਮੁਖਾਂ ਆਤਮ ਕਰੇ ਰਹਿਰਾਸਿਆ । ਸਾਚਾ ਸ਼ਬਦ ਆਪ ਧਰੇ ਧਰਵਾਸਿਆ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਦਰ ਆਇਆਂ ਕਰੇ ਬੰਦ ਖਲਾਸਿਆ । ਦਰ ਘਰ ਸਾਚਾ ਲਿਆ ਪਛਾਣ । ਏਕਾ ਜੋਤ ਜਗੀ ਭਗਵਾਨ । ਸਾਧ ਸੰਗਤ ਰਲ ਬੈਠੀ ਆਣ ।
ਸੋਹੰ ਸ਼ਬਦ ਹਰਿ ਦੇਵੇ ਦਾਨ । ਜੋ ਜਨ ਆਤਮ ਕਰੇ ਧਿਆਨ । ਪ੍ਰਭ ਅਬਿਨਾਸ਼ੀ ਦੇਵੇ ਬ੍ਰਹਮ ਗਿਆਨ । ਸੁਰਤ ਸ਼ਬਦ ਹਰਿ ਮੇਲ ਮਿਲਾਣ । ਦੂਈ ਦਵੈਤ
ਪਰਦਾ ਲਾਹਣ । ਕਰਮ ਜਰਮ ਦੋਏ ਬਣ ਜਾਣ । ਜੋ ਜਨ ਚਰਨੀ ਡਿਗਣ ਆਣ । ਜਨਮ ਮਰਨ ਚੁਕੇ ਜਮ ਕੀ ਕਾਣ । ਚਰਨ ਧੂੜ ਕਰ ਇਸ਼ਨਾਨ । ਏਕਾ
ਦੇਵੇ ਸੋਹੰ ਹਰਿ ਸਾਚਾ ਦਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ । ਇਕ ਦਵਾਰਾ ਸਾਚਾ ਮਾਨੋ । ਪ੍ਰਭ ਅਬਿਨਾਸ਼ੀ ਹਰਿ
ਪਛਾਨੋ । ਕਲਜੁਗ ਜੀਵ ਭੁੱਲ ਨਾ ਬਣ ਅੰਜਾਨੋ । ਵੇਲਾ ਗਿਆ ਫੇਰ ਪਛਤਾਨੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਸਾਚਾ ਜਾਨੋ ।
ਨਿਹਕਲੰਕ ਹਰਿ ਨਰ ਅਵਤਾਰੀ । ਜੋਤ ਸਰੂਪੀ ਖੇਲ ਅਪਾਰੀ । ਆਵੇ ਜਾਵੇ ਵਾਰੋ ਵਾਰੀ । ਵਰਤੇ ਵਰਤਾਵੇ ਵਿਚ ਸੰਸਾਰੀ । ਤੀਨ ਲੋਕ ਏਕਾ ਕਾਰੀ । ਪ੍ਰਭ
ਅਬਿਨਾਸ਼ੀ ਵਡ ਸੰਸਾਰੀ । ਲੱਖ ਚੁਰਾਸੀ ਜੋਤ ਅਧਾਰੀ । ਭੁੱਲੇ ਜੀਵ ਮੁਗਧ ਗਵਾਰੀ । ਪ੍ਰਭ ਅਬਿਨਾਸ਼ੀ ਸਚ ਵਿਚਾਰੀ । ਦੋਏ ਜੋੜ ਕਰ ਚਰਨ ਨਿਮਸਕਾਰੀ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਨਰਾਇਣ ਨਰ ਹਰਿ ਜਾਮਾ ਧਾਰੇ । ਪਾਰਬ੍ਰਹਮ ਰੂਪ ਕਰਤਾਰੇ । ਏਕਾ ਕਰਮ

ਕਰੇ ਵਿਚ ਸੰਸਾਰੇ । ਏਕਾ ਧਰਮ ਧਰੇ ਊਚ ਨੀਚ ਦਾ ਭੇਵ ਮਿਟਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਕਾਜ ਆਪ ਸਵਾਰੇ । ਊਚ ਨੀਚ ਹਰਿ ਏਕਾ ਕਰਨਾ । ਪ੍ਰਭ ਅਬਿਨਾਸ਼ੀ ਧਰਨੀ ਧਰਨਾ । ਸੋਹੰ ਸਾਚਾ ਅੰਮ੍ਰਿਤ ਭਰਨਾ । ਗੁਰਮੁਖ ਵਿਰਲੇ ਕਲਜੁਗ ਵਰਨਾ । ਬੇਮੁਖਾਂ ਦਰ ਦਵਾਰੇ ਭੁੱਲੇ ਫਿਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਚਰਨੀ ਜੁੜਨਾ । ਚਰਨ ਲਾਗ ਪ੍ਰਭ ਦੇਵੇ ਮਤ । ਸ਼ਬਦ ਰਖਾਵੇ ਸਾਚਾ ਤਤ । ਆਤਮ ਧੀਰਜ ਦੇਵੇ ਯਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਜਾਪ ਜਪਾਵੇ ਆਪੇ ਦੇ ਸਮਝਾਵੇ ਮਤ । ਸਚ ਨਾਮ ਹਰਿ ਦਰ ਤੇ ਪਾਉਣਾ । ਆਪ ਆਪਣਾ ਭੇਵ ਖੁਲ੍ਹਾਉਣਾ । ਆਤਮ ਦਰ ਖੁਲ੍ਹਾਣਾ, ਏਕਾ ਦਰਸ ਅਮੋਘ ਦਿਖਾਉਣਾ । ਸਚ ਸੋਹੰ ਰਸਨਾ ਗਾਵਣਾ ਨਾ ਹੋਏ ਵਿਜੋਗ ਘਨਕਪੁਰ ਵਾਸੀ ਤੇਰੀ ਚਰਨੀ ਸੀਸ ਝੁਕਾਉਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਡੰਕ ਵਜਾਉਣਾ । ਆਓ ਦਰ ਚਰਨ ਦਵਾਰੇ । ਦੇਵੇ ਨਾਮ ਪੰਚਮ ਜੇਠ ਲਿਆ ਅਵਤਾਰੇ । ਪੁਰੀ ਘਨਕ ਹਰਿ ਜੋਤ ਜਗਾਰੇ । ਸ੍ਰਿਸ਼ਟ ਸਬਾਈ ਹੋਏ ਉਜਿਆਰੇ । ਏਕਾ ਸ਼ਬਦ ਧੁਨਕਾਰ ਸ੍ਰਿਸ਼ਟ ਸਬਾਈ ਗੁਰਮੁਖ ਸਾਚੇ ਲੈਣ ਸੁਨਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ । ਆਏ ਦਰ ਲਿਆ ਵਰ, ਮਿਲੇ ਹਰਿ ਚੁਕੇ ਡਰ, ਜਾਓ ਤਰ ਨਹਾਓ ਸਰ, ਸਾਚੇ ਘਰ ਜਿਥੇ ਬੈਠਾ ਜੋਤ ਧਰ । ਏਕਾ ਏਕ ਦਿਸਾਏ ਘਰ । ਆਵਣ ਜਾਵਣ ਗੇੜ ਨਿਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਮਾਤਲੋਕ ਆਇਆ ਭੇਖ ਧਰ । ਵੇਖ ਵਖਾਇਆ ਜਗਤ ਭੁਲਾਇਆ । ਖ਼ਾਕ ਰੁਲਾਇਆ ਸਾਰ ਨਾ ਪਾਇਆ । ਮਦਿਰਾ ਮਾਸੀ ਦਰ ਦੁਰਕਾਇਆ । ਆਤਮ ਵੱਜੇ ਝੂਠੇ ਪਾਪਾਂ ਜਿੰਦਾ ਨਾ ਕਿਸੇ ਤੁੜਾਇਆ । ਆਪ ਬਣਾਏ ਸਾਚੇ ਬੰਦੇ, ਆਪ ਆਪਣਾ ਸਿਰ ਹੱਥ ਟਿਕਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਸਾਚਾ ਮੇਲ ਮਿਲਾਇਆ । ਆਪ ਆਪਣਾ ਮੇਲ ਮਿਲਾਏ । ਆਤਮ ਜੋਤੀ ਜੋਤ ਜਗਾਏ । ਬਿਨ ਬਾਤੀ ਬਿਨ ਤੇਲ ਰਖਾਏ । ਗੁਰਮੁਖ ਸਾਚੇ ਸੰਤ ਜਨਾਂ ਸਾਚਾ ਸੱਜਣ ਸੈਣ ਅਖਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਆਪ ਆਪਣਾ ਰੰਗ ਰੰਗਾਏ । ਸਚ ਰੰਗ ਹਰਿ ਹਰਿ ਕਾ ਵਾਸ । ਵਿਚ ਜੋਤ ਇਕ ਅਬਿਨਾਸ਼ । ਸ੍ਰਿਸ਼ਟ ਸਬਾਈ ਹੋਏ ਉਦਾਸ । ਗੁਰਮੁਖ ਸਾਚੇ ਤੇਰੇ ਹਿਰਦੇ ਹਰਿ ਰੱਖੇ ਵਾਸ । ਏਕਾ ਜੋਤ ਕਰੇ ਪ੍ਰਕਾਸ਼ । ਅਗਿਆਨ ਅੰਧੇਰ ਜਾਏ ਵਿਨਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਵਸੇ ਆਸ ਪਾਸ । ਆਸ ਪਾਸ ਸਦ ਵਸੇਰਾ । ਪ੍ਰਭ ਅਬਿਨਾਸ਼ੀ ਨੇਰਨ ਨੇਰਾ । ਸ਼ਬਦ ਸਰੂਪੀ ਪਾਏ ਘੇਰਾ । ਆਪ ਤੁੜਾਏ ਜੰਮ ਕਾ ਜੇੜਾ । ਬਿਨ ਗੁਰ ਪੂਰੇ ਪਾਰ ਲੰਘਾਵੇ ਕਿਹੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬੰਨ੍ਹ ਵਖਾਏ ਬੇੜਾ । ਗੁਰਮੁਖਾਂ ਹਰਿ ਪਾਰ ਲੰਘਾਏ । ਸੋਹੰ ਸਾਚੀ ਨਾਓ ਚਲਾਏ । ਏਕਾ ਚੱਪੂ ਨਾਮ ਲਗਾਏ । ਪਹਿਲੇ ਪੂਰ ਪਾਰ ਕਰਾਏ । ਦੂਰੋਂ ਨੇੜਿਉਂ ਸਦ ਲਿਆਏ । ਮਾਝੇ ਦੇਸ ਹੋਏ ਰੁਸ਼ਨਾਏ । ਜੂਠੇ ਝੂਠੇ ਰਹੇ ਮੁਖ ਛੁਪਾਏ । ਮਦਿਰਾ ਮਾਸੀ ਆਤਮ ਰੂਠੇ ਸਦਾ ਰਹੇ ਹਲਕਾਏ । ਗੁਰਮੁਖ ਸਾਚੇ ਆਤਮ ਅਨੂਠੇ ਪ੍ਰਭ ਅੰਮ੍ਰਿਤ ਸਾਚਾ ਸੀਰ ਪਿਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਸੋਹੰ ਸਾਚਾ ਤੀਰ ਚਲਾਏ । ਤੀਰ ਚਲਾਏ ਇਕ ਭਗਵਾਨਾ । ਸ੍ਰਿਸ਼ਟ ਸਬਾਈ ਇਕ ਨਿਸ਼ਾਨਾ । ਆਪੇ ਖਿਚੇ ਤੀਰ ਕਮਾਨਾ । ਵਡ ਜੋਧਨ ਜੋਧ ਬਲੀ ਬਲਵਾਨਾ । ਆਪੇ ਰਾਓ ਆਪੇ ਰੰਕ ਆਪੇ ਵਡ ਸ਼ਾਹੋ ਸੁਲਤਾਨਾ । ਏਥੇ ਓਥੇ ਰੱਖੇ ਪਤ ਗੁਰਮੁਖਾਂ ਹਰਿ ਵਾਲੀ ਦੋ ਜਹਾਨਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਣਾ । ਭੁੱਲੇ ਜੀਵ ਮੁਗਧ ਗਵਾਰੀ । ਪ੍ਰਭ ਅਬਿਨਾਸ਼ੀ ਨਾ ਪਾਈ ਸਾਰੀ । ਝੂਠੇ ਧੰਦੇ ਬਾਜ਼ੀ ਹਾਰੀ । ਅੰਤਮ ਕਲ ਹੋਏ ਖਵਾਰੀ । ਪ੍ਰਭ ਅਬਿਨਾਸ਼ੀ ਗੁਰਮੁਖਾਂ ਕਲ ਜਾਏ ਤਾਰੀ । ਸੋਹੰ ਸ਼ਬਦ ਦੇਵੇ ਵਰ, ਏਕਾ ਦਿਖਾਵੇ ਥਿਰ ਘਰ ਸੱਚੀ ਅਟਾਰੀ । ਜਿਥੇ ਵਸੇ ਹਰਿ ਮੁਰਾਰੀ ।

੨

ਆਓ ਸਿੱਖੋ ਸਾਚੇ ਘਰ ਮਿਲੋ ਹਰਿ ਪ੍ਰਭ ਸ਼ਬਦ ਉਡਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਸ਼ਬਦ ਉਡਾਰੀ ਜੋ ਜਨ ਜਾਣੇ । ਪ੍ਰਭ ਅਬਿਨਾਸ਼ੀ ਸਚ ਵਖਾਣੇ । ਆਪ ਚਲਾਏ ਆਪਣੇ ਭਾਣੇ । ਊਚ ਨੀਚ ਨਾ ਕੋਈ ਜਾਣੇ । ਬਾਲ ਬਿਰਧ ਹਰਿ ਇਕ ਰੰਗ ਰੰਗਾਣੇ । ਜੋ ਜਨ ਚਰਨੀ ਡਿਗਣ ਆਣੇ । ਆਤਮ ਮੈਲ ਪਾਪਾਂ ਧੋਏ, ਆਪੇ ਕਰੇ ਸੁਘੜ ਸਿਆਣੇ । ਗੁਰਮੁਖ ਸਾਚੇ ਆਪ ਬਣਾਏ, ਸੋਹੰ ਦੇਵੇ ਨਾਮ ਨਿਧਾਨੇ । ਸੋਹੰ ਧਾਗੇ ਲਏ ਪਰੋਏ, ਆਪ ਆਪਣੇ ਗਲ ਲਟਕਾਣੇ । ਅੰਮ੍ਰਿਤ ਸਾਚਾ ਮੁਖ ਵਿਚ ਚੋਏ, ਕਵਲ ਨਾਭ ਆਪ ਉਲਟਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਜਗਤ ਜਹਾਨੇ । ਚਰਨ ਕਵਲ ਹਰਿ ਦੇਵੇ ਮਾਣ । ਚਰਨ ਕਵਲ ਗੁਰਸਿਖ ਪਛਾਣ । ਚਰਨ ਕਵਲ ਘਰ ਸਾਚਾ ਜਾਣ । ਚਰਨ ਕਵਲ ਇਕ ਧਿਆਨ । ਚਰਨ ਕਵਲ ਹਰਿ ਦੇਵੇ ਦਰਗਾਹ ਸਾਚੀ ਮਾਣ । ਚਰਨ ਕਵਲ ਕਵਲ ਚਰਨ ਪੂਜੋ ਇਕ ਭਗਵਾਨ । ਚਰਨ ਕਵਲ ਪ੍ਰਭ ਆਤਮ ਰਿਹਾ ਮਵਲ, ਸੋਹੰ ਦੇਵੇ ਸਚ ਨਿਸ਼ਾਨ । ਚਰਨ ਕਵਲ ਹਰਿ ਧਰੇ ਉਪਰ ਧਵਲ, ਬੇਮੁਖਾਂ ਮਾਰੇ ਬਾਣ । ਚਰਨ ਕਵਲ ਕ੍ਰਿਸ਼ਨਾ ਸਵਲ ਗੁਰਮੁਖ ਸਾਚੇ ਜਾਇਣ ਮਵਲ, ਆਤਮ ਜੋਤ ਧਰੇ ਭਗਵਾਨ । ਚਰਨ ਕਵਲ ਗੁਰਮੁਖ ਸਾਚੇ ਲਾਗ, ਪ੍ਰਭ ਦੇਵੇ ਸਾਚਾ ਦਾਨ । ਚਰਨ ਕਵਲ ਹਰਿ ਕਾ ਦਵਾਰ । ਚਰਨ ਕਵਲ ਹਰਿ ਮੇਲ ਸਚ ਭਤਾਰ । ਚਰਨ ਕਵਲ ਆਤਮ ਉਪਜੇ ਕੰਤ ਪਿਆਰ । ਚਰਨ ਕਵਲ ਸਾਚੇ ਸੰਤ ਕਰਨ ਨਿਮਸਕਾਰ । ਚਰਨ ਕਵਲ ਦੇਵੇ ਗੁਰਮੁਖ ਹਰਿ ਕਿਰਪਾ ਧਾਰ । ਚਰਨ ਕਵਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਕੇਸ ਚਵਰ ਖਲਾਰ । ਚਰਨ ਕਵਲ ਏਕੋ ਪੂਜਾ । ਚਰਨ ਕਵਲ ਭੇਵ ਚੁਕਾਏ ਦੂਜਾ । ਚਰਨ ਕਵਲ ਲਾਗ ਗੁਰਮੁਖ ਸਾਚੇ ਦਰ ਘਰ
੩ ਸਾਚਾ ਸੂਝਾ । ਗੁਰ ਚਰਨ ਗੁਰਮੁਖ ਵਿਰਲਾ ਵਿਚ ਮਾਤ ਦੇ ਲੂਝਾ । ਗੁਰ ਸਾਚੇ ਦਰ ਘਰ ਸਾਚਾ ਸੂਝਾ । ਗੁਰ ਚਰਨ ਗੁਰਮੁਖ ਵਿਰਲਾ ਵਿਚ ਮਾਤ ਦੇ ਲੂਝਾ । ੩
ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲੇ ਬੂਝਾ । ਗੁਰ ਚਰਨ ਬਣ ਪੁਜਾਰੀ । ਗੁਰ ਚਰਨ ਮਿਲੇ ਗਿਰਧਾਰੀ । ਗੁਰ ਚਰਨ ਦੇਵੇ ਨਾਮ ਹਰਿ ਅਧਾਰੀ । ਗੁਰ ਚਰਨ ਆਤਮ ਦੀਪ ਕਰੇ ਉਜਿਆਰੀ । ਗੁਰ ਚਰਨ ਮੈਲ ਧੋਏ ਪਾਪਾਂ ਸਾਰੀ । ਗੁਰ ਚਰਨ ਗੁਰ ਪੂਰੇ ਜਾਓ ਬਲਿਹਾਰੀ । ਗੁਰ ਚਰਨ ਸਦਾ ਸਦਾ ਸਦਾ ਚਰਨ ਨਿਮਸਕਾਰੀ । ਚਰਨ ਕਵਲ ਗੁਰਸਿਖ ਪਰਸਣ ਵਾਰੋ ਵਾਰੀ । ਗੁਰ ਚਰਨ ਗੁਰਮੁਖ ਵਿਰਲੇ ਆਏ ਮੰਗਣ ਦਰ ਦਰਬਾਰੀ । ਗੁਰ ਚਰਨ ਆਤਮ ਸਾਚੀ ਨਾਮ ਰੰਗਣ ਦੇਵੇ ਸਚ ਖੁਮਾਰੀ । ਗੁਰ ਚਰਨ ਜੋ ਦਰ ਨਾ ਸੰਗਣ ਗੁਰ ਦੇਵੇ ਸਾਚਾ ਨਾਮ ਅਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਨਿਹਕਲੰਕ ਨਰਾਇਣ ਨਰ ਅਵਤਾਰੀ । ਗੁਰ ਚਰਨ ਕਰੋੜ ਤੇਤੀਸ ਤਰਸਣ ਸੁਰਪਤ ਰਾਜਾ ਇੰਦ । ਗੁਰ ਚਰਨ ਆਪ ਲਗਾਏ ਉਠਾਏ ਵਾਲੀ ਹਿੰਦ । ਗੁਰ ਚਰਨ ਪ੍ਰਭ ਅਬਿਨਾਸ਼ੀ ਆਪ ਲਗਾਏ ਸਦਾ ਬਖ਼ਸ਼ਿੰਦ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਪੂਜੋ ਵਡ ਸੂਰਾ ਮਰਗਿੰਦ । ਗੁਰ ਚਰਨ ਕਵਲ ਸਿੱਖ ਪੁਜਾਰੀ । ਆਤਮ ਦਰ ਹਰਿ ਆਪ ਖੁਲ੍ਹਾਰੀ । ਏਕਾ ਕਰੇ ਜੋਤ ਅਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਰਮ ਭੁਲੇਖਾ ਸਰਬ ਨਿਵਾਰੀ । ਆਤਮ ਜੋਤ ਅਕਾਰ ਕਰ । ਸਾਚਾ ਸ਼ਬਦ ਅਧਾਰ ਕਰ । ਗੁਰਮੁਖ ਪੂਰਨ ਵਿਚਾਰ ਕਰ । ਗੁਰਮੁਖਾਂ ਜਨਮ ਸਵਾਰ ਕਰ । ਬੇਮੁਖਾਂ ਕਲ ਖੁਆਰ ਕਰ । ਗੁਰਸਿਖਾਂ ਬੇੜਾ ਪਾਰ ਕਰ । ਚਿੱਤ ਸਾਚਾ ਸਤਿ ਕਰਤਾਰ ਕਰ । ਭਾਂਡਾ ਕਾਚਾ ਭੰਨ ਪੂਰਬ ਵਿਚਾਰ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਪਾਰ ਲੰਘਾਏ ਮਾਨਸ ਜਨਮ ਸਵਾਰ ਕਰ । ਮਾਨਸ ਜਨਮ ਸਵਾਰਨਾ । ਗੁਰਸਿਖਾਂ ਪਾਰ ਉਤਾਰਨਾ । ਮਾਨਸ ਜਨਮ ਹਰਿ ਸਵਾਰਨਾ । ਲੱਖ ਚੁਰਾਸੀ ਗੇੜ ਨਿਵਾਰਨਾ । ਜਮ ਕੀ ਫਾਸੀ ਆਪ ਤੁੜਾਵਣਾ । ਸਰਬ ਘਟ ਵਾਸੀ ਆਪਣੀ ਕਿਰਪਾ ਧਾਰਨਾ । ਘਨਕਪੁਰ ਵਾਸੀ ਜਿਸ ਜਨ ਆਏ ਚਰਨ ਨਿਮਸਕਾਰਨਾ । ਆਤਮ ਲਾਹੇ ਸਰਬ

ਉਦਾਸੀ, ਸੋਹੰ ਸ਼ਬਦ ਭਰੇ ਭੰਡਾਰਨਾ । ਹਉਮੇ ਮਮਤਾ ਰੋਗ ਗਵਾਸੀ, ਏਕਾ ਦੇਵੇ ਸ਼ਬਦ ਸੱਚੀ ਧੁਨਕਾਰਨਾ । ਏਕਾ ਜੋਤ ਮਾਤ ਪ੍ਰਕਾਸ਼ੀ, ਆਪ ਚਲਾਵੇ ਆਪਣੀ ਧਾਰਨਾ । ਕਲਜੁਗ ਔਧ ਅੰਤ ਵਿਨਾਸੀ, ਪ੍ਰਭ ਸਾਚਾ ਖੇਲ ਖਲਾਰਨਾ । ਸਤਿਜੁਗ ਸਾਚਾ ਵਿਚ ਮਾਤ ਲਗਾਏ ਘਨਕਪੁਰ ਵਾਸੀ, ਹਰਿ ਸਾਚਾ ਮਾਰਗ ਲਾਵਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਲੇਖ ਲਿਖਾਵਣਾ । ਸਤਿਜੁਗ ਸਾਚਾ ਲੇਖ ਲਿਖਾਵਣਾ । ਕਲਜੁਗ ਝੂਠਾ ਭੇਖ ਮਿਟਾਵਣਾ । ਜੂਠਾ ਝੂਠਾ ਹਰਿ ਨਸ਼ਟ ਕਰਾਵਣਾ । ਏਕਾ ਰੰਗ ਅਨੂਠ ਚੜ੍ਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਾ ਏਕਾ ਦਾਤਾ ਆਪ ਅਖਵਾਵਣਾ । ਦੂਸਰ ਨਾ ਅਵਰ ਇਕੋ ਦਾਤਾ । ਗੁਰਮੁਖ ਵਿਰਲੇ ਕਲ ਪਛਾਤਾ । ਬੇਮੁਖਾਂ ਬੀਤੀਆਂ ਐਵੇਂ ਰਾਤਾਂ । ਨਾ ਜੁੜਾਇਆ ਹਰਿ ਮਨ ਚਰਨੀ ਨਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕਲ ਪਛਾਤਾ । ਹਰਿ ਨਾ ਜਾਣਿਆ, ਭੁੱਲਾ ਜੀਵ ਅੰਞਾਣਿਆਂ । ਭੇਵ ਨਾ ਪਾਇਆ ਵਡ ਵਡ ਸਿਆਣਿਆਂ । ਮਾਇਆ ਧਾਰੀ ਅੰਧਾਣਿਆਂ । ਆਪ ਭੁਲਾਏ ਵਡ ਵਡ ਰਾਜੇ ਰਾਣਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਿਰਪਾ ਕਰ ਆਪਣੇ ਚਰਨ ਲਗਾਣਿਆਂ । ਆਪ ਭੁਲਾਏ ਜਗਤ ਰੁਲਾਏ । ਕਵਣ ਛੁਡਾਏ ਦੇ ਸਜਾਏ । ਚਾਰ ਕੁੰਟ ਪੈ ਜਾਏ ਦੁਹਾਏ । ਬੈਠਾ ਵੇਖੇ ਇਕ ਰਘੁਰਾਏ । ਅਚਰਜ ਖੇਲ ਆਪ ਵਰਤਾਏ । ਆਪ ਲੜੇ ਨਾ ਸਿੱਖ ਲੜਾਏ । ਬੇਮੁਖਾਂ ਹਰਿ ਭੇੜ ਭਿੜਾਏ । ਜੋਤ ਸਰੂਪੀ ਅਗਨ ਜੋਤ ਲਗਾਏ । ਮੌਤ ਗੋਦ ਦੇ ਵਿਚ ਸਵਾਏ । ਵਡ ਜੋਧਨ ਜੋਧ ਸਚ ਸਿੰਘਾਸਣ ਡੇਰਾ ਲਾਏ । ਸ੍ਰਿਸ਼ਟ ਸਬਾਈ ਜਾਏ ਸੋਧ, ਸ਼ਬਦ ਸਰੂਪੀ ਤੇਜ ਰਖਾਏ । ਸ਼ਬਦ ਲਿਖਾਏ ਅਗਾਧ ਬੋਧ, ਕੋਈ ਭੇਵ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭਾਣਾ ਕਲ ਵਰਤਾਏ । ਸਾਚਾ ਭਾਣਾ ਕਲ ਵਰਤਾਵਣਾ । ਸਾਚਾ ਲੇਖ ਕਲ ਵਿਚ ਮਾਤ ਲਿਖਾਵਣਾ । ਸੋਹੰ ਸ਼ਬਦ ਖੰਡਾ ਹੱਥ ਉਠਾਵਣਾ । ਨਵ ਖੰਡਾਂ ਵਿਚ ਜੰਗ ਕਰਾਵਣਾ । ਵਰਭੰਡ ਇਹ ਨਸ਼ਟ ਕਰਾਵਣਾ । ਖੰਡ ਖੰਡ ਇਹ ਕਰ ਵਖਾਵਣਾ । ਬੇਮੁਖਾਂ ਹਰਿ ਕੰਡ ਵਖਾਵਣਾ । ਦੰਡ ਦੰਡ ਹਰਿ ਦੰਡ ਲਗਾਵਣਾ । ਗੁਰਮੁਖਾਂ ਹਰਿ ਨਾਮ ਸਾਚਾ ਵੰਡ, ਪ੍ਰਭ ਅਬਿਨਾਸ਼ੀ ਆਪਣੀ ਚਰਨ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਜਾਮ ਪਿਲਾਵਣਾ । ਸਾਚਾ ਜਾਮ ਪੀਓ ਦਰ । ਪ੍ਰਭ ਅਬਿਨਾਸ਼ੀ ਲੈਣਾ ਵਰ । ਆਤਮ ਸੁਖੀਏ ਜਾਓ ਘਰ । ਆਪੇ ਖੁਲ੍ਹੇ ਦਸਵਾਂ ਦਰ । ਸਦਾ ਵਸਾਓ ਰਿਦੇ ਹਰਿ । ਏਕਾ ਏਕ ਰਿਹਾ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਅਵਤਾਰ ਨਰ । ਮਾਝੇ ਦੇਸ ਮਿਲੀ ਵਧਾਈ । ਮਾਤ ਜੋਤ ਹਰਿ ਪ੍ਰਗਟਾਈ । ਸਾਚਾ ਡੰਕ ਰਿਹਾ ਸੁਣਾਈ । ਵੇਲਾ ਅੰਤਮ ਅੰਤ ਕਰਾਈ । ਵਡ ਵਡ ਰਾਜੇ ਸਾਧ ਸੰਤ ਪ੍ਰਭ ਅਬਿਨਾਸ਼ੀ ਭੇਵ ਨਾ ਪਾਈ । ਕਿਆ ਕੋਈ ਜਾਣੇ ਜੀਵ ਜੰਤ, ਆਪਣਾ ਆਪ ਗਏ ਭੁਲਾਈ । ਆਪ ਬਣਾਏ ਆਪਣੀ ਬਣਤ, ਕਰਤੇ ਕਾਦਰ ਸ੍ਰਿਸ਼ਟ ਸਬਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪਣੇ ਹੱਥ ਰੱਖੇ ਵਡਿਆਈ । ਸ੍ਰਿਸ਼ਟ ਸਬਾਈ ਗਈ ਭੁੱਲ । ਵੇਲੇ ਅੰਤ ਕਲਜੁਗ ਮਾਇਆ ਵਿਚ ਗਏ ਰੁਲ । ਝੂਠੇ ਤੋਲ ਗਏ ਤੁਲ । ਚੋਰਾਂ ਯਾਰਾਂ ਠੱਗਾਂ ਕਿਤੇ ਨਾ ਪੈਂਦਾ ਮੁੱਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਗੁਰਸਿਖਾਂ ਪਾਰ ਲੰਘਾਏ ਜੋ ਦਰ ਆਏ ਬਖ਼ਸ਼ਾਏ ਭੁੱਲ । ਕਲਜੁਗ ਤੇਰੀ ਬਾਜੀ ਅੰਤ । ਪ੍ਰਗਟੇ ਜੋਤ ਹਰਿ ਸਾਚਾ ਕੰਤ । ਆਪ ਉਪਜਾਵੇ ਸਰਬ ਜੀਵ ਜੰਤ । ਏਕਾ ਦੇਵੇ ਸੋਹੰ ਸਾਚਾ ਮੰਤ । ਆਪ ਸੰਘਾਰੇ ਵਡ ਵਡ ਦੇਵ ਦੰਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬਣਾਏ ਸਾਚੀ ਬਣਤ । ਦੇਵ ਦੰਤ ਆਪ ਸੰਘਾਰੇ । ਸੋਹੰ ਖੰਡਾ ਫੜੇ ਦੋ ਧਾਰੇ । ਚੰਡੀ ਚਮਕੇ ਵਿਚ ਸੰਸਾਰੇ । ਰੰਡੀ ਹੋਵੇ ਘਰ ਘਰ ਨਾਰੇ । ਵਰਭੰਡੀ ਹੋਏ ਸਰਬ ਖਵਾਰੇ । ਆਤਮ ਡੰਡੀ ਹੋਏ ਜੀਵ ਵਿਚਾਰੇ । ਘਰ ਘਰ ਫਿਰਨ ਘਮੰਡੀ ਆਤਮ ਭਰੇ ਸਰਬ ਹੰਕਾਰੇ । ਸੋਹੰ ਨਾਮ ਪ੍ਰਭ ਜਾਂਦਾ ਵੰਡੀ, ਆਓ ਪੀਓ ਉਤਰਨ

ਪਾਪਾਂ ਭਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਆਏ ਤੇਰੇ ਚਰਨ ਦਵਾਰੇ । ਚਰਨ ਦਵਾਰਾ ਇਕੋ ਘਰ । ਜਿਥੇ ਵਸਿਆ ਏਕਾ ਹਰਿ । ਸੋਹੰ ਦੇਵੇ ਸਾਚਾ ਵਰ । ਗੁਰਮੁਖ ਸਾਚੇ ਨਾ ਜਾਓ ਡਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਲੈਣਾ ਫੜ । ਕਲਜੁਗ ਵੇਲਾ ਅੰਤਮ ਆਵਣਾ । ਪ੍ਰਭ ਅਬਿਨਾਸ਼ੀ ਝੂਠਾ ਲੇਖਾ ਆਪ ਮਿਟਾਵਣਾ । ਵੇਲੇ ਅੰਤ ਨਾ ਕਿਸੇ ਛੁਡਾਵਣਾ । ਚਿਤਰ ਗੁਪਤ ਹਰਿ ਹਿਸਾਬ ਲਿਖਾਵਣਾ । ਭਰਮ ਭੁਲੇਖਾ ਸਰਬ ਖੁਲ੍ਹਾਵਣਾ । ਧਰਮ ਰਾਏ ਦੇ ਅੱਗੇ ਲਾਵਣਾ । ਅੱਗੇ ਪਿੱਛੇ ਨੰਗ ਰਖਾਵਣਾ । ਦਿਵਸ ਰੈਣ ਨਾ ਮਿਲੇ ਸੋਵਣਾ । ਭੁਖਿਆਂ ਨੰਗਿਆਂ ਨਾ ਮਿਲੇ ਰੋਵਣਾ । ਮਿਲੇ ਦਾਨ ਨਾ ਮੰਗਿਆ, ਜਿਸ ਮਦਿਰਾ ਮਾਸ ਰਸਨ ਲਗਾਵਣਾ । ਸੋਹੰ ਦੇਵੇ ਸਾਚਾ ਦਾਨ ਵਡ ਸੂਰਾ ਸਰਬੰਗਿਆ, ਸਚ ਭੰਡਾਰਾ ਵਿਚ ਮਾਤ ਖੁਲ੍ਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ, ਵਿਚ ਮਾਤ ਡੇਰਾ ਲਾਵਣਾ । ਪ੍ਰਭ ਅਬਿਨਾਸ਼ੀ ਜਗਤ ਪਸਾਰਾ । ਜੀਆਂ ਜੰਤਾਂ ਕਰੇ ਪਿਆਰਾ । ਆਪੇ ਸੱਦੇ ਚਰਨ ਦਵਾਰਾ । ਸੋਹੰ ਦੇਵੇ ਨਾਮ ਅਧਾਰਾ । ਆਪ ਉਪਜਾਵੇ ਸਾਚੀ ਧਾਰਾ । ਓਅੰ ਸੋਹੰ ਇਕ ਰੰਗ ਰੰਗਾਰਾ । ਖੁਲ੍ਹੇ ਭੇਵ ਦਿਸੇ ਦੇਵ ਏਕਾ ਵੇਖ ਰੰਗ ਕਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਸਚ ਭੰਡਾਰਾ ਆਪ ਖੁਲ੍ਹਾਇਆ । ਸੋਹੰ ਵਸਤ ਹਰਿ ਸਾਚੇ ਵਿਚ ਪਾਇਆ । ਸ੍ਰਿਸ਼ਟ ਸਬਾਈ ਦੇ ਵਰਤਾਇਆ । ਜੋ ਦਰ ਮੰਗਣ ਸਾਚੇ ਆਇਆ । ਸਾਚੀ ਰੰਗਣ ਨਾਮ ਚੜ੍ਹਾਇਆ । ਸੋਹੰ ਕੰਗਣ ਤਨ ਪਹਿਨਾਇਆ । ਦੂਜਾ ਦਰ ਨਾ ਜਾਨਣ ਮੰਗਣ, ਜੋ ਨਿਹਕਲੰਕ ਤੇਰੀ ਆਇਆ ਸਰਨਾਇਆ । ਮਾਨਸ ਜਨਮ ਨਾ ਹੋਵੇ ਭੰਗਣ, ਪ੍ਰਭ ਅਬਿਨਾਸ਼ੀ ਹੋਏ ਸਹਾਇਆ । ਬੇਮੁਖ ਦਰ ਦਰ ਮੰਗਣ, ਕਿਤੋਂ ਨਾਮ ਹੱਥ
੫ ਨਾ ਆਇਆ । ਗੁਰਮੁਖ ਸਾਚੇ ਆਤਮ ਸਾਚੀ ਰੰਗਣ, ਆਪੇ ਰੰਗ ਮਜੀਠ ਚੜ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਜੇਠ ਮਾਤ ਜੋਤ ਧਰ ੫
ਸਤਿਜੁਗ ਸਾਚਾ ਮਾਰਗ ਲਾਇਆ । ਸਚ ਸਚ ਹਰਿ ਵਰਤਾਰਾ । ਸਾਚਾ ਨਾਮ ਭਰੇ ਭੰਡਾਰਾ । ਗੁਰਮੁਖ ਦੇਵੇ ਸਾਚੀ ਧਾਰਾ । ਆਪੇ ਬਖ਼ਸ਼ੇ ਚਰਨ ਪਿਆਰਾ । ਕਰ ਕਿਰਪਾ ਪਾਰ ਉਤਾਰਾ । ਸਾਚਾ ਸ਼ਬਦ ਸਾਚੀ ਦੇਵੇ ਧੁਨਕਾਰਾ । ਆਤਮ ਸੁੰਨ ਖੋਲ੍ਹੇ ਆਪ ਮੁਰਾਰਾ । ਕਵਣ ਗੁਣ ਜਾਣੇ ਤੇਰੇ ਨਿਹਕਲੰਕ ਅਵਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਪ੍ਰਗਟਾਈ ਸਚ ਦਵਾਰਾ । ਸਚ ਦਵਾਰਾ ਗਿਆ ਖੁਲ੍ਹ । ਕਲਜੁਗ ਜੀਵ ਨਾ ਰਹਿਣਾ ਭੁੱਲ । ਦੇਵੇ ਦਾਤ ਵਡ ਅਨਮੁਲ । ਸਾਚੇ ਕੰਡੇ ਜਾਣਾ ਤੁਲ । ਅੰਮ੍ਰਿਤ ਆਤਮ ਨਾ ਜਾਏ ਡੁਲ । ਪਾਏ ਸ਼ਬਦ ਪਾਣੀ ਤੇਰੀ ਕਾਇਆ ਚੁਲ । ਸ਼ਬਦ ਪੰਗੂੜਾ ਰਿਹਾ ਝੁੱਲ । ਚਰਨ ਪ੍ਰੀਤੀ ਗੁਰ ਚਰਨ ਘੁਲ । ਸੋਹੰ ਦੇਵੇ ਸਾਚੀ ਦਾਤ ਅਨਮੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਤੁਲਾਏ ਸਾਚੇ ਤੁਲ । ਸਾਚੇ ਤੋਲ ਆਪ ਤੁਲਈਆ । ਪਰਦਾ ਖੋਲ੍ਹ ਦਰਸ ਦਿਖਈਆ । ਹਿਰਦਾ ਫੋਲ ਭਰਮ ਚੁਕਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਨਾਮ ਜਪਾਇਆ । ਸੋਹੰ ਨਾਮ ਸਾਚੀ ਧਾਰ । ਸਤਿਜੁਗ ਵਰਤੇ ਵਿਚ ਸੰਸਾਰ । ਚਾਰ ਕੁੰਟ ਚਾਰ ਵਰਨ ਰਸਨਾ ਲੈਣ ਉਚਾਰ । ਰਾਓ ਰੰਕ ਊਚ ਨੀਚ ਨੀਚ ਊਚ ਏਕਾ ਰੰਗ ਰੰਗੇ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਆਪਣੀ ਸੱਚੀ ਸਰਕਾਰ । ਸਚ ਸਰਕਾਰ ਸਚ ਵਿਹਾਰਾ । ਸਚ ਸਰਕਾਰ ਸੱਚਾ ਦਾਤਾਰਾ । ਸਚ ਸਰਕਾਰ ਸੱਚਾ ਭੰਡਾਰਾ । ਸਚ ਸਰਕਾਰ ਸੱਚਾ ਵਰਤਾਰਾ । ਸਚ ਸਰਕਾਰ ਸੱਚਾ ਸਿਕਦਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਅੰਤ ਨਾ ਪਾਰਾਵਾਰਾ । ਸਚ ਸਰਕਾਰ ਏਕਾ ਦਾਤ । ਸਚ ਸਰਕਾਰ ਏਕਾ ਪਾਤ । ਸਚ ਸਰਕਾਰ ਏਕਾ ਮਾਤ । ਸਚ ਸਰਕਾਰ ਭੈਣ ਭਰਾਤ । ਸਚ ਸਰਕਾਰ ਦੂਈ ਦਵੈਤ ਪਰਦਾ ਦੇਵੇ ਕਾਟ । ਏਕਾ ਰੰਗ ਏਕਾ ਸੰਗ ਏਕਾ ਮੰਗ ਪ੍ਰਭ ਸੋਹੰ ਕਸੇ ਸਾਚਾ ਸ਼ਬਦ ਅਸਵਾਰਾ । ਏਕਾ ਰਾਜ ਏਕਾ ਤਾਜ ਏਕਾ ਕਾਜ ਏਕਾ ਸਾਜ ਏਕਾ ਬਾਜ ਸੋਹੰ ਦੇਵੇ ਵਿਚ ਸੰਸਾਰਾ । ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਲੇਖ ਲਿਖਾਰਾ । ਆਪੇ ਹੋਏ ਨਾ ਕੋਈ ਵਕਤ ਵਿਚਾਰੇ ਨਾ ਜਾਣੇ ਕੋਇ । ਪਾਵੇ ਸਾਰੇ ਭੇਵ ਰਹੇ ਨਾ ਕੋਇ । ਬੰਧੇ ਤਾਰੇ ਏਕਾ ਏਕ ਦੂਜੀ ਰਹੇ ਨਾ ਕੋਇ । ਵਿਚ ਸੰਸਾਰ ਵਰਤੇ ਏਕ ਏਕ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਅਵਤਾਰੇ । ਇਕ ਦਰਬਾਰ ਹਰਿ ਰਖਾਵਣਾ । ਇਕ ਸਰਕਾਰ ਨਵ ਖੰਡ ਰਚਾਵਣਾ । ਇਕ ਘਰ ਬਾਹਰ ਵਰਨ ਚਾਰ ਬਹਾਵਣਾ । ਇਕ ਸੰਸਾਰ ਏਕਾ ਜੋਤ ਏਕਾ ਗੋਤ ਸ੍ਰਿਸ਼ਟ ਸਬਾਈ ਆਪ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰਾ ਸਾਚਾ ਮਾਰਗ ਲਾਵਣਾ । ਹਰਿ ਸਾਚਾ ਸਚ ਭਤਾਰਾ । ਪੂਰਨ ਕਰਮ ਰਿਹਾ ਵਿਚਾਰਾ । ਇਕ ਲਾਇਆ ਸਚ ਦਰਬਾਰਾ । ਜੋਤ ਧਰੀ ਇਕ ਕਰਤਾਰਾ । ਇਕਾ ਤਖ਼ਤ ਸਚ ਸਰਕਾਰਾ । ਲਿਖਾਏ ਲਿਖਤ ਅਪਰ ਅਪਾਰਾ । ਗੁਰਮੁਖ ਵਿਰਲਾ ਲਏ ਸਿੱਖਤ, ਜਿਸ ਪੂਰਨ ਬ੍ਰਹਮ ਵਿਚਾਰਾ । ਪ੍ਰਭ ਦਰ ਮੰਗੀ ਸਾਚੀ ਭਿਖਤ, ਹਰਿ ਦੇਵੇ ਨਾਮ ਦਾਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਸੀ ਪੁਰੀ ਘਨਕ ਭਰੇ ਸਰਬ ਭੰਡਾਰਾ । ਘਨਕਪੁਰ ਵਾਸੀ ਵਡ ਭੰਡਾਰੀਆ । ਮਾਤ ਲੋਕ ਲਿਆ ਸਚ ਅਵਤਾਰੀਆ । ਜੋ ਜਨ ਮੰਗਣ ਆਏ ਬਣ ਭਿਖਾਰੀਆ । ਦੇਵਣਹਾਰ ਦਾਤਾਰ ਵਡ ਸੰਸਾਰੀਆ । ਕਰ ਕਿਰਪਾ ਜਾਏ ਤਾਰ, ਸੋਹੰ ਦੇਵੇ ਨਾਮ ਖੁਮਾਰੀਆ । ਗੁਰਮੁਖ ਕਰਮ ਵਿਚਾਰ, ਪ੍ਰਭ ਬੇੜਾ ਪਾਰ ਉਤਾਰੀਆ । ਸਿੰਘ ਗੁਰਮੇਜ ਹਰਿ ਪਾਈ ਸਾਰ, ਚਲ ਆਏ ਪ੍ਰਭ ਦਵਾਰਿਆ । ਮੂਰਖ ਮੁਗਧ ਨਾ ਕਰਨ ਵਿਚਾਰ, ਭੁੱਲੇ ਜੀਵ ਸਰਬ ਗਵਾਰਿਆ । ਪ੍ਰਭ ਬੇੜਾ ਕਰ ਜਾਏ ਪਾਰ, ਲੱਖ ਚੁਰਾਸੀ ਗੇੜ ਨਿਵਾਰਿਆ । ਫੇਰ ਜਨਮ ਨਾ ਆਵੇ ਦੂਜੀ ਵਾਰ, ਸਚਖੰਡ ਨਿਵਾਸੀ ਸਚਖੰਡ ਨਿਵਾਸ ਦਵਾ ਰਿਹਾ । ਜਰਮ ਧਰਮ ਸਭ ਲਏ ਸਵਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਤੇਰੀ ਸਰਨ ਨਿਮਸਕਾਰਿਆ । ਗੁਰ ਪੂਰਾ ਦੇਵੇ ਵਡਿਆਈ । ਨਿਤ ਨਵਿਤ ਹਰਿ ਜੋਤ ਪ੍ਰਗਟਾਈ । ਸਾਚਾ ਮਿਤ ਆਪ ਹੋ ਜਾਈ । ਜੋ ਜਨ ਰੱਖੇ ਹਿੱਤ, ਪ੍ਰਭ ਦੇਵੇ ਆਣ ਵਧਾਈ । ਅਬਿਨਾਸ਼ੀ ਸਾਚਾ ਮਿੱਤ, ਕਿਉਂ ਬੈਠਾ ਮਨੋਂ ਭੁਲਾਈ । ਅੰਮ੍ਰਿਤ ਆਤਮ ਲੈਣਾ ਸਿੰਚ, ਕਾਇਆ ਹਰੀ ਕਰਾਈ । ਮਾਨਸ ਜਨਮ ਕਲ ਲੈਣਾ ਜਿੱਤ, ਏਕਾ ਨਿਹਕਲੰਕ ਸਰਨਾਈ । ਪ੍ਰਭ ਅਬਿਨਾਸ਼ੀ ਆਪੇ ਮਾਤ ਪਿਤ, ਵੇਲੇ ਅੰਤ ਹੋਏ ਸਹਾਈ । ਗੁਰਮੁਖਾਂ ਗੁਰਸਿਖਾਂ ਸੰਗ ਕੀਆ ਹਿੱਤ, ਵੇਲੇ ਅੰਤ ਲਏ ਛੁਡਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਾਹ ਸਾਚੀ ਮਾਣ ਦਵਾਈ । ਦਰਗਾਹ ਸਾਚੀ ਮਾਣ ਦਵਾਵਣਾ । ਸਾਚੇ ਧਾਮ ਆਪ ਬਹਾਵਣਾ । ਰਾਮ ਰਮਈਆ ਕਰਮ ਕਮਾਵਣਾ । ਏਕਾ ਸਾਚਾ ਨਾਮ ਜਪਾਵੇ, ਸਾਚੇ ਮਾਰਗ ਸ੍ਰਿਸ਼ਟ ਸਬਾਈ ਆਪ ਲਗਾਵਣਾ । ਦੂਈ ਦਵੈਤ ਪਰਦਾ ਲਹਿਆ । ਜਗਤ ਭੇਖ ਸਰਬ ਮਿਟਾਵਣਾ । ਵੇਖ ਵੇਖ ਗੁਰਸਿਖ ਉਠਾਵਣਾ । ਗੁਰਮੁਖ ਪ੍ਰਭ ਆਤਮ ਦੀਪਕ ਆਪ ਜਗਾਵਣਾ । ਜੋ ਦਰ ਮੰਗੇ ਸਾਚੀ ਭਿੱਖ, ਸੋਹੰ ਦਾਨ ਪ੍ਰਭ ਝੋਲੀ ਪਾਵਣਾ । ਦੇਵੇ ਵਡਿਆਈ ਵਿਚ ਮੁਨ ਰਿਖ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰੰਗਾਵਣਾ । ਏਕਾ ਆਪਣੇ ਰੰਗ ਰੰਗਾ ਕੇ । ਗੁਰਮੁਖਾਂ ਹਰਿ ਸੰਗ ਨਿਭਾ ਕੇ । ਬੇਮੁਖ ਵਾਂਗ ਕੱਚੀ ਵੰਗ ਭੰਨਾ ਕੇ । ਆਪਣੇ ਅੰਗ ਹਰਿ ਆਪ ਲਗਾ ਕੇ । ਗੁਰਮੁਖਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਏ ਪਾਰ ਲੰਘਾ ਕੇ । ਕਲਜੁਗ ਚੜ੍ਹਿਆ ਆਏ ਹੜ੍ਹ । ਕੰਡੇ ਉਤੇ ਆ ਕੇ ਗਿਆ ਖੜ । ਏਕਾ ਗੇੜਾ ਡਿਗੇ ਦੜ । ਧਰਤ ਮਾਤ ਤੇਰਾ ਖੁਲ੍ਹਾ ਹੋਏ ਵਿਹੜਾ, ਕਲਜੁਗ ਜੀਵ ਜਾਇਣ ਝੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਦੇ ਦੁਹਾਈ, ਬੇਮੁਖ ਕਿਉਂ ਬੈਠੇ ਅੰਦਰ ਵੜ । ਵੇਲਾ ਅੰਤ ਆਏ ਕਾਂਗ । ਪ੍ਰਭ ਅਬਿਨਾਸ਼ੀ ਵਰਤੇ ਸਾਂਗ । ਪ੍ਰਭ ਮਿਲਣ ਦੀ ਸਾਚੀ ਤਾਂਘ । ਕਲਜੁਗ ਜੀਵ ਝੂਠੇ ਕੂਕ ਪੁਕਾਰੇ ਜਿਉਂ ਮਸੀਤੇ ਮੁਲਾਂ ਬਾਂਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ, ਆਪਣੀ ਖੇਲ ਵਰਤਾਏ, ਸਾਚਾ ਲੇਖ ਲਿਖਾਏ, ਵੇਲਾ ਅੰਤਮ ਲਿਆਏ, ਨਾ ਕੋਈ ਮੇਟੇ ਮੇਟ ਮਿਟਾਏ, ਰਾਜੇ ਰਾਣੇ ਆਏ ਸਰਨਾਏ, ਵੇਲੇ ਅੰਤ

ਜਾਣ ਪਛਤਾਏ ਨਾ ਕੋਈ ਲਏ ਕਿਸੇ ਛੁਡਾਏ, ਭੱਜੇ ਜਾਇਣ ਵਾਹੋ ਦਾਹੇ, ਇਕੱਠੇ ਹੋਣ ਨਾ ਭੈਣ ਭਰਾਏ, ਪੁੱਤਰ ਮਾਤ ਹੱਥ ਨਾ ਆਏ, ਨੀਰੋ ਨੀਰ ਫਿਰਨ ਤਿਹਾਏ,
ਬਾਲਕ ਸੀਰ ਨਾ ਮੁਖ ਵਿਚ ਪਾਏ, ਦੁੱਖ ਭੁੱਖ ਨੇ ਸਰਬ ਸਤਾਏ, ਮਾਤ ਕੁੱਖ ਨਾ ਕੋਈ ਸੁਫਲ ਕਰਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ
ਪ੍ਰਗਟ ਜੋਤ ਸਾਚੀ ਦੇਵੇ ਸਰਬ ਸਜ਼ਾਏ । ਵੇਲਾ ਅੰਤ ਸ਼ਬਦ ਢੰਡੋਰਾ । ਜੋਤ ਸਰੂਪੀ ਆਪ ਫਿਰਾਏ ਸ੍ਰਿਸ਼ਟ ਸਬਾਈ ਸ਼ਬਦ ਘੋੜਾ । ਰਹਿਣ ਨਾ ਦੇਵੇ ਕਿਤੇ ਜੋੜੇ
ਜੋੜਾ । ਕਲਜੁਗ ਜੀਵ ਨਾ ਭੁੱਲ ਗਵਾਰ, ਪ੍ਰਭ ਅਬਿਨਾਸ਼ੀ ਦੀ ਸਾਚੀ ਲੋੜਾ । ਬੇਮੁਖਾਂ ਹਰਿ ਆਪ ਪਛਾੜੇ, ਜਿਉਂ ਨਾਈ ਨਸਤਰ ਫੋੜਾ । ਵੇਲਾ ਅੰਤ ਨਾ
ਹੋਏ ਖੁਆਰੇ, ਧਰਤ ਮਾਤ ਅਕਾਸ਼ ਚੜ੍ਹੇ ਦੂਜਾ ਪੌੜਾ । ਗੁਰਮੁਖਾਂ ਹਰਿ ਤਾਰੇ, ਸੋਹੰ ਸ਼ਬਦ ਆਤਮ ਰਖਾਏ ਸਾਚਾ ਘੋੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਜੋ ਜਨ ਚਰਨ ਪ੍ਰੀਤੀ ਲਾਏ ਸੇਵ ਕਮਾਏ ਆਪ ਨਿਭਾਏ ਤੋੜਾ । ਕਲਜੁਗ ਤੇਰੀ ਉਲਟੀ ਬੁੱਧ । ਪ੍ਰਭ ਅਬਿਨਾਸ਼ੀ ਆਵਣ ਨਾ ਦੇਵੇ ਕਿਸੇ ਸੁਧ । ਕਲਜੁਗ ਮਾਇਆ
ਵਿਚ ਦਿਤੇ ਗੁਧ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਘਰ ਆਪ ਉਪਜਾਵੇ ਨੌਂ ਨਿਧ । ਨੌਂ ਨਿਧ ਦੇਵੇ ਗੁਣ ਨਿਧਾਨਾ । ਪੂਰਨ ਪੁਰਖ ਹਰਿ
ਭਗਵਾਨਾ । ਜਨ ਭਗਤਾਂ ਕਰੇ ਆਪ ਪਛਾਨਾ । ਏਕਾ ਦੇਵੇ ਨਾਮ ਨਿਧਾਨਾ । ਜੋਤੀ ਸਾਚਾ ਦੀਪ ਜਗਾਣਾ । ਅਗਿਆਨ ਅੰਧੇਰ ਸਰਬ ਮਿਟਾਣਾ । ਚਰਨ
ਧੂੜ ਕਰ ਇਸ਼ਨਾਨਾ । ਅਠਸਠ ਤੀਰਥ ਮੇਟ ਮਿਟਾਣਾ । ਏਕਾ ਸਾਚਾ ਸੀਰਥ ਗੁਰ ਅੰਮ੍ਰਿਤ ਜਾਮ ਪਿਲਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ
ਸਾਚਾ ਮਾਰਗ ਲਾਣਾ । ਅਠਸਠ ਤੀਰਥ ਮੇਟ ਮਿਟਾਏ । ਗੰਗਾ ਗੋਦਾਵਰੀ ਰਹਿਣ ਨਾ ਪਾਏ । ਪੀਰ ਪੈਗ਼ੰਬਰ ਔਲੀਏ ਆਪ ਖਪਾਏ । ਅਹਿਮਦ ਮੁਹੰਮਦ ਪੀਰ
 ਦਸਤਗੀਰ ਚਾਰ ਯਾਰ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਜੀਲ ਕੁਰਾਨੀ ਖਾਣੀ ਬਾਣੀ ਆਪ ਮੁਕਾਨੀ । ਕਲਜੁਗ ਤੇਰੀ ਚੁੱਕੀ ੭
ਕਾਨੀ । ਕੋਈ ਨਾ ਮਿਲਿਆ ਸਾਚਾ ਬਾਨੀ । ਗੁਰਮੁਖ ਸਾਚੇ ਸਾਚਾ ਜਾਨੀ । ਸ਼ਬਦ ਬਣਾਏ ਸਾਚੀ ਰਾਣੀ । ਕਲਜੁਗ ਉਲਝੀ ਅੰਤਮ ਤਾਣੀ । ਨਾ ਕੋਈ
ਜਾਣੇ ਵੇਦ ਪੁਰਾਨੀ । ਬ੍ਰਹਮਾ ਵਿਸ਼ਨ ਖੜੇ ਹੈਰਾਨੀ । ਪ੍ਰਭ ਅਬਿਨਾਸ਼ੀ ਖੇਲ ਨਿਰਾਲੀ ਕਰੇ ਕਰਾਵੇ ਦੋ ਜਹਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ
ਜੋਤ ਪ੍ਰਗਟਾਈ ਗੁਰਮੁਖਾਂ ਦੇ ਸਮਝਾਈ, ਵੇਲਾ ਅੰਤਮ ਅੰਤ ਕਲ ਆਈ, ਭੈਣਾਂ ਤਾਈਂ ਛੱਡਣ ਭਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਨਿਸ਼ਾਨੀ ।
ਸੋਹੰ ਵੱਜੇ ਸਾਚਾ ਤੀਰ । ਚਾਰ ਕੁੰਟ ਹੋਏ ਵਹੀਰ । ਕਲਜੁਗ ਤੇਰਾ ਅੰਤ ਅਖੀਰ । ਬੇਮੁਖਾਂ ਕੋਇ ਨਾ ਦੇਵੇ ਧੀਰ । ਹੱਥ ਨਾ ਆਵੇ ਅੰਤਮ ਨੀਰ । ਨਾ ਹੋਏ
ਸਹਾਈ ਕੋਇ ਪੀਰ ਫਕੀਰ । ਅੰਤਮ ਅੰਤਕਾਲ ਕਲ ਮੁਖ ਛੁਪਾਇਣ ਪੀਰ ਪੈਗ਼ੰਬਰ ਔਲੀਏ ਦਸਤ ਗੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ
ਲਿਖਾਏ ਜਿਉਂ ਪੱਥਰ ਉਪਰ ਲਕੀਰ । ਲਿਖਿਆ ਲੇਖ ਨਾ ਕਿਸੇ ਮਿਟਾਵਣਾ । ਸਾਚਾ ਲੇਖਾ ਆਪ ਲਿਖਾਵਣਾ । ਗਿਆ ਵੇਲਾ ਵੇਖ ਵੇਖ ਨਾ ਵਕਤ ਗਵਾਵਣਾ ।
ਵੇਲਾ ਗਿਆ ਹੱਥ ਨਾ ਆਵਣਾ । ਵੇਲੇ ਅੰਤ ਕਾਵਾਂ ਵਾਂਗ ਕੁਰਲਾਵਣਾ । ਦਰ ਦਰ ਘਰ ਘਰ ਸਭ ਨੂੰ ਫਿਰਾਵਣਾ । ਰਾਹ ਸਾਚਾ ਕਿਸੇ ਨਾ ਪਾਵਣਾ । ਪ੍ਰਭ
ਅਬਿਨਾਸ਼ੀ ਨਜ਼ਰ ਨਾ ਆਵਣਾ । ਘਨਕਪੁਰ ਵਾਸੀ ਡੇਰਾ ਪਾਰ ਬਿਆਸੋਂ ਲਾਵਣਾ । ਮਸਤੂਆਣਾ ਸਾਚਾ ਧਾਮ ਆਪ ਉਪਜਾਵਣਾ । ਰਾਜਾ ਰਾਣਾ ਸਰਨੀ ਲਾਵਣਾ ।
ਰਾਣਾ ਸੰਗਰੂਰ ਪਕੜ ਉਠਾਵਣਾ । ਸ਼ਬਦ ਸਰੂਪੀ ਮੇਲ ਮਿਲਾਵਣਾ । ਏਕਾ ਧੁਨ ਸ਼ਬਦ ਉਪਜਾਵਣਾ । ਮਾਣ ਤਾਣ ਸਰਬ ਮਿਟਾਵਣਾ । ਏਕਾ ਸਰਨ ਨਿਹਕਲੰਕ
ਰਖਾਵਣਾ । ਦਿਵਸ ਚਾਲੀ ਲੇਖ ਲਿਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਸਾਚਾ ਡੰਕ ਵਜਾਵਣਾ । ਰਾਜੇ ਰਾਣੇ ਆਪ ਉਠਾਏ । ਫੜ
ਫੜ ਪ੍ਰਭ ਸਰਨ ਲਗਾਏ । ਸ਼ਬਦ ਡੰਗੋਰੀ ਮਗਰ ਲਗਾਏ । ਵਾਗ ਢੋਰੀ ਹਿੱਕ ਲਿਆਏ । ਚੋਰੀ ਚੋਰੀ ਜੋ ਰਹੇ ਮੁਖ ਛੁਪਾਏ । ਮਾਇਆਧਾਰੀ ਵਿਸ਼ੇ ਵਿਕਾਰੀ

ਹੋਏ ਹੰਕਾਰੀ ਆਪਣੀ ਪਤ ਗਵਾਏ । ਗੁਰਮੁਖਾਂ ਦੇਵੇ ਸਚ ਸਿਕਦਾਰੀ ਸ਼ਬਦ ਉਡਾਰੀ ਜੋ ਆਏ ਚਲ ਦਵਾਰੀ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਜਾਏ ਤਾਰੀ । ਮਸਤੂਆਨਾ ਦੇਣਾ ਮਾਣਾ । ਚਰਨ ਟਿਕਾਣਾ ਰਾਜਾ ਰਾਣਾ ਸਰਨੀ ਲਾਣਾ । ਚਰਨੀ ਡਿੱਗੇ ਹੋਏ ਨਿਮਾਣਾ । ਤਖ਼ਤ ਤਾਜ ਨਾ ਕਿਸੇ ਸਿਰ ਟਿਕਾਣਾ । ਏਕਾ ਦਿਸੇ ਸਾਚਾ ਸ਼ਾਹ ਸੁਲਤਾਨਾ । ਏਕਾ ਅੰਕ ਰਾਓ ਰੰਕ ਊਚ ਨੀਚ ਕੋਈ ਰਹਿਣ ਨਾ ਪਾਣਾ । ਆਪੇ ਵਰਤੇ ਆਪਣਾ ਭਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬੰਕ ਦਵਾਰ ਸੁਹਾਏ ਮਸਤੂਆਣਾ । ਮਸਤੂਆਣੇ ਦੇਵੇ ਵਡਿਆਈ । ਚਾਰ ਵਰਨ ਚਰਨ ਲਗਾਈ । ਏਕਾ ਜੋਤ ਹੋਏ ਰੁਸ਼ਨਾਈ । ਚਾਰ ਕੁੰਟ ਪਏ ਦੁਹਾਈ । ਅਚਰਜ ਖੇਲ ਕਰੇ ਰਘੁਰਾਈ । ਕਲਜੁਗ ਜੀਆਂ ਸੁਤਿਆਂ ਰੈਣ ਵਿਹਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ । ਗੁਰਸਿਖ ਤੇਰੇ ਨਾਮ ਵਡਿਆਈ । ਪ੍ਰਭ ਅਬਿਨਾਸ਼ੀ ਦਇਆ ਕਮਾਈ । ਦਰ ਘਰ ਘਰ ਦਰ ਤੇਰੇ ਭਾਗ ਲਗਾਈ । ਸਾਧ ਸੰਗਤ ਮਿਲ ਹਰਿ ਜਸ ਗਾਈ । ਰਸਨਾ ਰਸ ਦੇਵੇ ਰਘੁਰਾਈ । ਮਾਨਸ ਜਨਮ ਲੇਖੇ ਲਾਈ । ਜੋ ਚਲ ਆਏ ਹਰਿ ਸਰਨਾਈ । ਪ੍ਰਭ ਅਬਿਨਾਸ਼ੀ ਵੇਲੇ ਅੰਤ ਲਏ ਛੁਡਾਈ । ਦੇਵੇ ਦਰਸ ਮਿਟਾਵੇ ਹਰਸ ਭੁੱਲ ਨਾ ਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਸਰਨਾਈ । ਆਏ ਸਰਨ ਦਰਸ ਜਿਸ ਪਾਇਆ । ਜਨਮ ਮਰਨ ਹਰਿ ਗੇੜ ਚੁਕਾਇਆ । ਹਰਨ ਫਰਨ ਇਹ ਖੇਲ ਰਚਾਇਆ । ਦਾਨੀ ਦਾਨ ਤਰਨੀ ਤਰਨ ਅੰਮ੍ਰਿਤ ਸਾਚਾ ਭਰਨ ਜਿਸ ਜਨ ਰਸਨਾ ਗਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਤੇਰੀ ਸਰਨਾਇਆ । ਨੇਤਰ ਵੇਖਿਆ ਵਟਾਇਆ ਭੇਖਿਆ । ਪ੍ਰਭ ਅਬਿਨਾਸ਼ੀ ਕੀਨਾ ਵੇਸਿਆ, ਮਿਟੇ ਭੁਲੇਖਿਆ । ਪ੍ਰਭ ਅਬਿਨਾਸ਼ੀ ਦਰਸ਼ਨ ਪਾਇਆ ਨਜ਼ਰ ਨਾ ਆਇਆ ਕੋਈ ਰੂਪ ਰੇਖਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਈ ਸੰਗਤ ਲਾਵੇ ਲੇਖਿਆ । ਸਾਚੇ ਲੇਖੇ ਆਪੇ ਲਾਵੇ । ਲਹਿਣਾ ਦੇਣਾ ਆਪ ਮਿਟਾਵੇ । ਸੋਹੰ ਗਹਿਣਾ ਤਨ ਪਹਿਨਾਵੇ । ਫੜ ਫੜ ਦੋਵੇਂ ਬਾਹੀਂ ਪ੍ਰਭ ਸਾਚਾ ਪਾਰ ਲੰਘਾਵੇ । ਕਲਜੁਗ ਲਹਿਰ ਚੜ੍ਹ ਆਇਆ ਹੜ੍ਹ, ਪ੍ਰਭ ਅਬਿਨਾਸ਼ੀ ਗੁਰਮੁਖਾਂ ਪਾਰ ਲੰਘਾਵੇ । ਚਾਰ ਕੁੰਟ ਹੋਏ ਕੜ ਕੜ ਹੋਏ ਧੜ ਧੜ ਖਡ ਵੜ ਕੋਈ ਰਹਿਣ ਨਾ ਪਾਵੇ । ਬਾਹੋਂ ਫੜ ਦੇਣ ਝਾੜ, ਛੁੱਟਣ ਲੜ ਦਿਸਣ ਧੜ, ਝੂਠੇ ਭਾਂਡੇ ਦੇਵੇ ਭੰਨ ਜੋ ਪ੍ਰਭ ਸਾਚੇ ਲਏ ਘੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਖੇਲ ਵਰਤਾਵੇ ਭੰਨ ਭੰਨਾਵੇ । ਕਲਜੁਗ ਅੰਤਮ ਆਈ ਹਾਰ । ਚੌਥਾ ਜੁਗ ਹੋਇਆ ਖਵਾਰ । ਵੇਦ ਅਥਰਬਣ ਹੋਇਆ ਪਾਰ । ਸਤਿਜੁਗ ਲੱਗੇ ਵਿਚ ਸੰਸਾਰ । ਆਪ ਬੁਝਾਏ ਆਤਮ ਅੱਗੇ, ਸੋਹੰ ਦੇਵੇ ਸ਼ਬਦ ਸੱਚੀ ਧਾਰ । ਗੁਰਮੁਖ ਸਾਚਾ ਜੋ ਚਰਨੀ ਲੱਗੇ, ਹਰਿ ਦੇਵੇ ਦਰਸ ਅਪਾਰ । ਜਗਤ ਅੰਧੇਰੀ ਕਲਜੁਗ ਵਗੇ, ਘਰ ਘਰ ਹੋਇਣ ਬੰਦ ਕਵਾੜ । ਗੁਰਮੁਖ ਸਾਚੇ ਦਰ ਸਾਚੇ ਆਇਣ ਭੱਜੇ, ਪ੍ਰਭ ਸਾਚਾ ਸੋਹੰ ਸ਼ਬਦ ਕਰਾਵੇ ਸਾਚੀ ਵਾੜ । ਆਪ ਰਖਾਏ ਆਪਣੀ ਲੱਜੇ, ਜੋ ਜਨ ਕਰਨ ਚਰਨ ਨਿਮਸਕਾਰ । ਪੀ ਅੰਮ੍ਰਿਤ ਦਰ ਸਾਚੇ ਰੱਜੇ, ਮਾਨਸ ਜਨਮ ਨਾ ਹੋਏ ਖਵਾਰ । ਪ੍ਰਭ ਅਬਿਨਾਸ਼ੀ ਪਰਦੇ ਕੱਜੇ, ਅੰਤਮ ਬਾਜੀ ਨਾ ਜਾਏ ਹਾਰ । ਸ਼ਬਦ ਨਗਾਰਾ ਤੇਰੀ ਕਾਇਆ ਅੰਦਰ ਵੱਜੇ, ਸਾਚੀ ਸੁਣ ਸ਼ਬਦ ਧੁਨਕਾਰ । ਬੇਮੁਖਾਂ ਸਿਰ ਬੱਧੇ ਛੱਜੇ, ਦਰ ਦਰ ਫਿਰਨ ਭਿਖਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰ ਵਾਸੀ ਸਰਬ ਘਟ ਵਾਸੀ ਏਕਾ ਦੇਵੇ ਸੋਹੰ ਸੱਚੀ ਸ਼ਬਦ ਕਟਾਰ । ਸਚ ਸ਼ਬਦ ਧੁਨ ਸਿੱਖ ਸਾਚੀ ਜਾਨ । ਖੁਲ੍ਹੇ ਸੁੰਨ ਤੁਟੇ ਮੁਨ, ਆਪਣੀ ਆਪ ਕਰਨ ਪਛਾਣ । ਗੁਰਮੁਖ ਸਾਚੇ ਪ੍ਰਭ ਕਲਜੁਗ ਚੁਣ, ਸੋਹੰ ਦੇਵੇ ਸਾਚਾ ਦਾਨ । ਬੇਮੁਖ ਕਾਇਆ ਪੰਚਾਂ ਲਾਇਆ ਝੂਠਾ ਘੁਣ, ਆਪਣਾ ਆਪ ਨਾ ਸਕੇ ਪਛਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਇਆ ਮੰਗਲ ਗਾਇਆ ਸੋਹੰ ਦੇਵੇ ਸਾਚਾ ਦਾਨ । ਮੰਗਲ ਗਾਇਆ ਹਰਿ ਪ੍ਰਭ ਪਾਇਆ । ਨੇਤਰ ਪੇਖ ਆਤਮ ਤ੍ਰਿਪਤਾਇਆ । ਪ੍ਰਭ ਅਬਿਨਾਸ਼ੀ ਸਾਚਾ ਵੇਖ ਰੋਗ ਸੋਗ

੮

ਕਿਉਂ ਮਨ ਵਸਾਇਆ । ਜੋਤ ਸਰੂਪੀ ਧਾਰਿਆ ਭੇਖ, ਬੇਮੁਖਾਂ ਦਿਸ ਨਾ ਆਇਆ । ਗੁਰਮੁਖਾਂ ਸਾਚਾ ਆਤਮ ਨੈਣਾ ਤੀਜੇ ਰਿਹਾ ਵੇਖ, ਲੋਚਣ ਤੀਜਾ ਆਪ ਖੁਲ੍ਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਪਵਣ ਚਲਾਇਆ । ਸ਼ਬਦ ਪਵਣ ਇਕ ਹੁਲਾਰਾ । ਸੁਰਤ ਸ਼ਬਦ ਹਰਿ ਮੇਲ ਮਿਲਾਰਾ । ਦੇਵੇ ਸ਼ਬਦ ਆਪ ਗਿਰਧਾਰਾ । ਸੁਰਤੀ ਸੁਰਤ ਉਪਜੇ ਧੁਨਕਾਰਾ । ਅਕਾਲ ਮੂਰਤ ਤੇਰੇ ਵਿਚ ਪਸਾਰਾ । ਮਾਨਸ ਜਨਮ ਪਾਏ ਕਿਉਂ ਝੂਰਤ, ਪ੍ਰਭ ਅਬਿਨਾਸ਼ੀ ਕਰ ਚਰਨ ਨਿਮਸਕਾਰਾ । ਆਪ ਦਿਖਾਏ ਸਾਚੀ ਸੂਰਤ, ਤੇਰੇ ਵਿਚ ਬੈਠਾ ਗਿਰਧਾਰਾ । ਜਿਸ ਜਨ ਜਾਣੇ ਦੂਰਤ, ਵੋਹ ਸਦ ਸਦਾ ਸਦ ਵਿਚ ਪਸਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਲੱਖ ਚੁਰਾਸੀ ਇਕ ਅਕਾਰਾ । ਮਿਲੇ ਵਡਿਆਈ ਦਰ ਘਰ ਸਾਚੇ ਭਿੰਨੜੀਏ ਰੈਣੇ । ਸੰਗਤ ਗੁਰ ਦੋਏ ਇਕ ਘਰ ਵਿਚ ਬਹਿਣੇ । ਬੇਮੁਖ ਜਾਇਣ ਖਾਲੀ ਹੱਥ ਮੁੜ, ਗੁਰਸਿਖ ਲੈਣ ਸਾਚੇ ਲਹਿਣੇ । ਕਲਜੁਗ ਵਹਿੰਦੇ ਵਹਿਣ ਜਾਇਣ ਹੜ੍ਹ, ਨਾ ਕੋਈ ਪਾਰ ਕਰਾਏ ਸਾਕ ਸੱਜਣ ਸੈਣੇ । ਬਿਨ ਹਰਿ ਸਾਚੇ ਭਾਂਡੇ ਕਾਚੇ, ਨਾ ਕੋਈ ਛੁਡਾਏ ਭਾਈ ਭੈਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਈ ਸੰਗਤ ਪੇਖੇ ਨੈਣੇ । ਭਿੰਨੀ ਰੈਨੜੀਏ ਤੇਰਾ ਰੰਗ ਨਿਰਾਲਾ । ਭਿੰਨੀ ਰੈਨੜੀਏ ਦਰ ਘਰ ਸਾਚੇ ਆਏ ਗੁਰ ਗੋਪਾਲਾ । ਭਿੰਨੀ ਰੈਨੜੀਏ ਗੁਰਮੁਖਾਂ ਦੇਵੇ ਸੋਹੰ ਨਾਮ ਸੁਖਾਲਾ । ਭਿੰਨੀ ਰੈਨੜੀਏ ਆਪ ਪਹਿਨਾਵੇ ਆਤਮ ਤਨ ਸਾਚੀ ਮਾਲਾ । ਭਿੰਨੀ ਰੈਨੜੀਏ ਆਪ ਕੱਟੇ ਤੇਰਾ ਜਗਤ ਜੰਜਾਲਾ । ਭਿੰਨੀ ਰੈਨੜੀਏ ਗੁਰ ਦਰ ਸਾਚੇ ਆਏ ਕਦੇ ਨਾ ਹੋਏ ਕੰਗਾਲਾ । ਭਿੰਨੀ ਰੈਨੜੀਏ ਗੁਰਮੁਖ ਵਿਰਲੇ ਕਲਜੁਗ ਸਾਚਾ ਵਕਤ ਸੰਭਾਲਾ । ਭਿੰਨੀ ਰੈਨੜੀਏ ਬੇਮੁਖਾਂ ਅੰਤਮ ਹੋਏ ਮਾਤ ਮੂੰਹ ਕਾਲਾ । ਭਿੰਨੀ ਰੈਨੜੀਏ ਗੁਰਮੁਖਾਂ ਹਰਿ ਫਲ ਲਗਾਏ ਸੋਹੰ ਸਾਚੇ ਡਾਲਾ । ਭਿੰਨੀ ਰੈਨੜੀਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਸਚ ਤੇਰਾ ਰਖਵਾਲਾ । ਭਿੰਨੜੀਏ ਰੈਣੇ ਗੁਰਸਿਖ ਬਣਾਏ ਤੇਰੇ ਸਾਚੇ ਭਾਈ ਤੂੰ ਬਣ ਸਾਚੀ ਭੈਣੇ । ਏਕਾ ਦਰ ਏਕਾ ਘਰ ਏਕਾ ਦੇਵੇ ਵਰ, ਸਾਚਾ ਹਰਿ ਭਰ ਪਿਆਲੇ ਆਤਮ ਲੈਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਪ ਖੁਲ੍ਹਾਏ ਤੀਜੇ ਨੈਣੇ । ਭਿੰਨੀ ਰੈਨੜੀਏ ਤੇਰਾ ਵਕਤ ਸੁਹਾਵਾ । ਗੁਰਮੁਖ ਸਾਚੇ ਪ੍ਰਭ ਮਿਲਣ ਦਾ ਕਰ ਸਾਚਾ ਦਾਅਵਾ । ਭਿੰਨੀ ਰੈਨੜੀਏ ਤੇਰੇ ਹੱਥ ਵਡਿਆਈ ਗੁਰਮੁਖ ਸਾਚੇ ਲਏ ਜਗਾਈ ਬੇਮੁਖਾਂ ਗੂੜ੍ਹੀ ਨੀਂਦ ਸੁਆਵਾ । ਭਿੰਨੀ ਰੈਨੜੀਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਜੀਵਾਂ ਦੇਵੇ ਆਪ ਬਿਦਾਵਾ । ਭਿੰਨੀ ਰੈਨੜੀਏ ਇਕ ਸਾਚੀ ਓਟ । ਗੁਰਮੁਖਾਂ ਲਾਵੇ ਸ਼ਬਦ ਚੋਟ । ਬੇਮੁਖਾਂ ਕੱਢੇ ਦਰ ਤੇ ਖੋਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਤੁੱਟ ਭੰਡਾਰੀ ਕਦੇ ਨਾ ਹੋਵੇ ਤੋਟ । ਭਿੰਨੀ ਰੈਨੜੀਏ ਤੇਰੀ ਸਾਚੀ ਰੁੱਤ । ਭਿੰਨੀ ਰੈਨੜੀਏ ਪ੍ਰਭ ਅਬਿਨਾਸ਼ੀ ਗੁਰਸਿਖ ਬਣਾਏ ਸਾਚੇ ਸੁੱਤ । ਆਤਮ ਸਾਚੀ ਜਾਗ ਲਗਾਈ, ਦੁਰਮਤ ਮੈਲ ਜਾਏ ਧੋਤ । ਬੇਮੁਖਾਂ ਪ੍ਰਭ ਦੇ ਸਜਾਈ, ਦਰਗਾਹ ਸਾਚੀ ਬਾਹਰ ਕਢਾਈ ਵੱਢੇ ਨੱਕ ਗੁੱਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਸੁਹਾਏ ਤੇਰੀ ਰੁੱਤ । ਭਿੰਨੀ ਰੈਨੜੀਏ ਤੇਰਾ ਅੰਤ ਵਿਚਾਰਿਆ । ਭਿੰਨੀ ਰੈਨੜੀਏ ਜਨ ਭਗਤਾਂ ਦੇਵੇ ਸੋਹੰ ਸ਼ਬਦ ਖੁਮਾਰੀਆ । ਭਿੰਨੀ ਰੈਨੜੀਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਅਗੰਮ ਅਪਾਰੀਆ । ਭਿੰਨੀ ਰੈਨੜੀਏ ਤੇਰਾ ਸਚ ਅਕਾਰਾ । ਭਿੰਨੀ ਰੈਨੜੀਏ ਗੁਰਮੁਖ ਮਿਲਿਆ ਹਰਿ ਕੰਤ ਪਿਆਰਾ । ਭਿੰਨੀ ਰੈਨੜੀਏ ਜੀਵ ਜੰਤ ਕੀ ਕਰੇ ਵਿਚਾਰਾ । ਭਿੰਨੀ ਰੈਨੜੀਏ ਕਲਜੁਗ ਅੰਤ ਹੋਇਆ ਅੰਧਿਆਰਾ । ਭਿੰਨੀ ਰੈਨੜੀਏ ਗੁਰਮੁਖ ਵਿਰਲੇ ਦਰ ਸਾਚਾ ਬੂਝਾ, ਪ੍ਰਭ ਆਪ ਲਿਆਵੇ ਖਿਚ ਦਵਾਰਾ । ਭਿੰਨੀ ਰੈਨੜੀਏ ਪ੍ਰਭ ਅਬਿਨਾਸ਼ੀ ਭੇਵ ਖੁਲ੍ਹਾਏ ਗੂਝੇ, ਕਿਆ ਬੂਝੇ ਜੀਵ ਵਿਚਾਰਾ । ਭਿੰਨੀ ਰੈਨੜੀਏ ਜੂਠੇ ਝੂਠੇ ਮਾਇਆ ਲੂਠੇ ਦਰ ਦਰ ਫਿਰਨ ਭਿਖਾਰਾ । ਭਿੰਨੀ ਰੈਨੜੀਏ ਗੁਰਮੁਖ ਸਾਚੇ ਏਕਾ ਦਰ ਮੰਗਣ ਨਾਮ ਰੰਗਣ ਪੂਰਨ ਕਰਮ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਸਾਚਾ ਦੇਵੇ ਨਾਮ ਅਧਾਰਾ । ਭਿੰਨੀ ਰੈਨੜੀਏ

ਤੇਰਾ ਰੰਗ ਮਜੀਠਾ । ਭਿੰਨੀ ਰੈਨੜੀਏ ਗੁਰਮੁਖਾਂ ਪ੍ਰਭ ਅਬਿਨਾਸ਼ੀ ਸਾਚਾ ਡੀਠਾ । ਭਿੰਨੀ ਰੈਨੜੀਏ ਕਲਜੁਗ ਜੀਵ ਆਤਮ ਹੰਕਾਰੀ ਦੁਸ਼ਟ ਦੁਰਾਚਾਰੀ ਦਰ ਘਰ ਆਏ ਹੋਏ ਕੌੜਾ ਰੀਠਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੋ ਸਚ ਪਛਾਣ । ਆਪ ਰਸਨਾ ਰਿਹਾ ਵਖਾਣ । ਸੋਹੰ ਦੇਵੇ ਸਾਚਾ ਦਾਨ । ਦਰਗਾਹ ਸਾਚੀ ਪਾਵੇ ਮਾਣ । ਜਿਥੇ ਝੁੱਲੇ ਇਕ ਨਿਸ਼ਾਨ । ਆਵਣ ਜਾਵਣ ਸਰਬ ਮਿਟ ਜਾਣ । ਮੇਲ ਹੋਏ ਭਗਤ ਭਗਵਾਨ । ਬੇਮੁਖ ਜੂਠੇ ਝੂਠੇ ਆਤਮ ਅੰਧੇ ਪਾਪ ਕਮਾਣ । ਪਾਪੀ ਗੰਦੇ ਮਦਿਰਾ ਮਾਸ ਖਾਣ । ਕਲਜੁਗ ਹੋਏ ਭਾਗ ਮੰਦੇ, ਪ੍ਰਭ ਅਬਿਨਾਸ਼ੀ ਨਾ ਸਕੇ ਪਛਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ । ਭਿੰਨੀ ਰੈਨੜੀਏ ਤੇਰੀ ਬੁੱਧ ਬਬੇਕ । ਭਿੰਨੀ ਰੈਨੜੀਏ ਗੁਰਸਿਖਾਂ ਰੱਖੀ ਏਕਾ ਟੇਕ । ਭਿੰਨੀ ਰੈਨੜੀਏ ਕਲਜੁਗ ਅਗਨ ਨਾ ਕਾਇਆ ਲਾਗੇ ਸੇਕ । ਭਿੰਨੀ ਰੈਨੜੀਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਇਕ ਕਰਾਏ ਏਕਾ ਏਕ । ਗੁਰਸਿਖ ਤੇਰੇ ਮਨ ਵਧਾਈ । ਬੈਠੀ ਤੇਰੀ ਆਤਮ ਕਾਇਆ ਕੂੰਜ ਪ੍ਰਭ ਦਰ ਬਿਲਲਾਈ । ਕਿਰਪਾ ਕਰੇ ਅਵਤਾਰ ਨਰੇ, ਅੰਮ੍ਰਿਤ ਬੂੰਦ ਸਵਾਂਤੀ ਦੇ ਪਿਲਾਈ । ਆਤਮ ਜੋਤ ਹਰਿ ਸਾਚਾ ਧਰੇ, ਸਾਂਤਕ ਸਤਿ ਸਤਿ ਦੇ ਵਰਤਾਈ । ਅਗਿਆਨ ਅੰਧੇਰ ਦੂਰ ਕਰੇ, ਏਕਾ ਜੋਤ ਜਗੇ ਰਘੁਰਾਈ । ਏਕਾ ਰਖਾਵੇ ਸ਼ਬਦ ਦਰੇ, ਕੂੜ ਕੁੜਾਨਾ ਦੇ ਮਿਟਾਈ । ਸਾਚਾ ਦੀਪਕ ਜੋਤ ਧਰੇ, ਆਤਮ ਹੋਏ ਸਚ ਰੁਸ਼ਨਾਈ । ਕਾਰਜ ਤੇਰੇ ਸਰਬ ਸਰੇ ਹਰਿ ਹਰਿ ਜਸ ਹਰਿ ਰਸਨਾ ਗਾਈ । ਨਾ ਉਹ ਜਨਮੇ ਨਾ ਉਹ ਮਰੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਆਇਆਂ ਦੇ ਵਡਿਆਈ । ਏਕਾ ਸਾਚੀ ਰੱਖੀ ਆਸ । ਪ੍ਰਭ ਮਿਲਣ ਦੀ ਇਕ ਪਿਆਸ । ਮਿਲਿਆ ਹਰਿ ਹਰਿ ਪੁਰਖ ਅਬਿਨਾਸ਼ । ਹਉਮੇ ਮਮਤਾ ਰੋਗ ਤੇਰਾ ਹੋਵੇ ਨਾਸ । ਸੋਹੰ ਦੇਵੇ ਸਾਚਾ ਜੋਗ ਸਾਚਾ ਸ਼ਬਦ ਅਕਾਸ਼ । ਅੰਮ੍ਰਿਤ ਆਤਮ ਰਸ ਸਾਚਾ ਭੋਗ, ਅਗਿਆਨ ਅੰਧੇਰ ਜਾਏ ਵਿਨਾਸ । ਮਾਇਆ ਮਮਤਾ ਕੱਟੇ ਕਾਇਆ ਰੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਦੇ ਨਾ ਹੋਵੇ ਵਿਯੋਗ । ਗੁਰਮੁਖ ਤੇਰੀ ਆਤਮ ਧੀਰ । ਗੁਰ ਦਰ ਪੀਣਾ ਅੰਮ੍ਰਿਤ ਸਾਚਾ ਸੀਰ । ਆਪ ਚਲਾਏ ਪ੍ਰਭ ਸਾਚਾ ਸੋਹੰ ਤੀਰ । ਦੂਈ ਦਵੈਤ ਬਜ਼ਰ ਕਪਾਟੀ ਜਾਏ ਚੀਰ । ਆਪ ਚੜ੍ਹਾਏ ਔਖੀ ਘਾਟੀ, ਜਿਥੇ ਜਾਏ ਕੋਈ ਵਿਰਲਾ ਸਾਧੂ ਸੰਤ ਫਕੀਰ । ਕਲਜੁਗ ਖੇਲ ਝੂਠੀ ਬਾਜੀ ਝੂਠਾ ਦਿਸੇ ਮੇਲ । ਕਾਇਆ ਚੋਲੀ ਸਭ ਦੀ ਪਾਟੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮੇਲ ਮਿਲਾਇਆ ਸਾਚਾ ਮੇਲ । ਗੁਰਮੁਖ ਤੇਰਾ ਧੀਰ ਧਿਆਨਾ । ਆਤਮ ਰਾਮ ਵਸੇ ਭਗਵਾਨਾ । ਸੋਹੰ ਸ਼ਬਦ ਲੱਗੇ ਚੋਟ, ਸਾਚਾ ਵੱਜੇ ਇਕ ਦਮਾਮਾ । ਹਉਮੇ ਵਿਚੋਂ ਜਾਏ ਖੋਟ, ਸਾਚਾ ਦਰਸ ਪਾਏ ਹਰਿ ਨਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਆਏ ਪੂਰ ਕਰਾਏ ਕਾਮਾ । ਗੁਰਮੁਖ ਤੇਰੀ ਬੂਝ ਵਿਚਾਰ । ਆਤਮ ਦੂਜ ਦਏ ਨਿਵਾਰ । ਤੀਜਾ ਚੌਥਾ ਹੋਇਆ ਪਾਰ । ਆਪ ਲੈ ਜਾਏ ਸਚ ਦਰਬਾਰ । ਇਕ ਦਿਖਾਏ ਹਰਿ ਕਾ ਦਵਾਰ । ਜਿਥੇ ਵਸੇ ਹਰਿ ਕਰਤਾਰ । ਕਲਜੁਗ ਰਾਹ ਸਾਚਾ ਦੱਸੇ, ਸੋਹੰ ਸ਼ਬਦ ਸਾਚੀ ਧਾਰ । ਪ੍ਰਭ ਅਬਿਨਾਸ਼ੀ ਹਿਰਦੇ ਵਸੇ, ਜੋ ਜਨ ਰਸਨਾ ਲਏ ਉਚਾਰ । ਆਤਮ ਜੋਤ ਹੋਏ ਪ੍ਰਕਾਸ਼ ਕੋਟ ਰਵ ਸੱਸੇ, ਮਿਟਾਏ ਅੰਧ ਅੰਧਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੇ ਕੀਆ ਸ਼ਬਦ ਪਿਆਰ । ਸਚ ਸ਼ਬਦ ਹਰਿ ਮੰਗਲ ਗਾਇਆ । ਪ੍ਰਭ ਅਬਿਨਾਸ਼ੀ ਸੱਚਾ ਪਾਇਆ । ਆਪ ਆਪਣੀ ਦਇਆ ਕਮਾਇਆ । ਸਚ ਨਾਮ ਹਰਿ ਝੋਲੀ ਪਾਇਆ । ਕੌਡੀ ਦਾਮ ਮੁੱਲ ਨਾ ਲਾਇਆ । ਏਕਾ ਰਾਮ ਨਾਮ ਧਿਆਇਆ । ਅੰਮ੍ਰਿਤ ਸਾਚਾ ਜਾਮ ਪਿਆਇਆ । ਮਨ ਤਨ ਹਰਿਆ ਆਪ ਕਰਾਇਆ । ਕਾਇਆ ਕੰਚਨ ਸ਼ਬਦ ਕਰਾਇਆ । ਏਕਾ ਜੋਤ ਨਿਰੰਜਣ ਆਪ ਜਗਾਇਆ । ਭਰਮ ਭੁਲੇਖਾ ਸਾਰਾ ਲਾਹਿਆ । ਵੇਖੀ ਵੇਖਾ ਭੁੱਲ ਨਾ ਜਾਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਣ ਦਵਾਇਆ । ਸੁਰਤ ਸ਼ਬਦ ਹਰਿ ਰਲਾਈ । ਪ੍ਰਭ ਅਬਿਨਾਸ਼ੀ

ਜੋਤ ਜਗਾਈ । ਏਕਾ ਸੁਰਤ ਦੇਵੇ ਰਘੁਰਾਈ । ਅਕਾਲ ਮੂਰਤ ਹਰਿ ਬੂਝ ਬੁਝਾਈ । ਸਾਚੀ ਤੂਰਤ ਸ਼ਬਦ ਉਪਜਾਈ । ਨਾ ਜਾਏ ਝੂਰਤ ਜੋ ਜਨ ਗੁਰ ਦਰ ਆਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਆਸ ਕਰਾਈ । ਰਸਨਾ ਗਾਇਆ ਹਰਿ ਗੋਬਿੰਦਾ । ਪ੍ਰਭ ਆਪ ਮਿਟਾਏ ਮਨ ਕੀ ਚਿੰਦਾ । ਸਾਚਾ ਫਲ ਨਾਮ ਹਰਿ ਦਵਿੰਦਾ । ਭਗਤ ਜਨਾਂ ਹਰਿ ਸਦ ਬਖ਼ਸ਼ਿੰਦਾ । ਮਾਣ ਮੋਹ ਜੋ ਰਖਿੰਦਾ । ਦਰ ਘਰ ਸਾਚੇ ਆਏ ਕਰੇ ਜੋ ਨਿੰਦਾ । ਆਤਮ ਵੱਜੇ ਹੰਕਾਰੀ ਜਿੰਦਾ । ਗੁਰਮੁਖ ਸਾਚਾ ਸਚ ਤਰੰਦਾ । ਆਪ ਬਣਾਏ ਸਾਚਾ ਬੰਦਾ । ਦਰ ਰਹਿਣ ਨਾ ਪਾਏ ਮਦਿਰਾ ਮਾਸੀ ਗੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਆਪ ਰੰਦਾਏ ਸੋਹੰ ਸਾਚਾ ਰੰਦਾ । ਗੁਰਮੁਖ ਤੇਰੀ ਪ੍ਰੀਤ ਨਿਆਰੀ । ਆਤਮ ਸਿੰਚੀ ਪ੍ਰੇਮ ਕਿਆਰੀ । ਸੋਹੰ ਸ਼ਬਦ ਲਾਓ ਸਾਚੀ ਫੁਲਵਾੜੀ । ਏਥੇ ਓਥੇ ਤੇਰਾ ਹੋਏ ਸਹਾਈ ਬਾਕੀ ਮਿਲੇ ਅਗਾੜੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਕਾਏ ਤੇਰੀ ਕਰਮਾਂ ਹਾੜੀ । ਗੁਰਮੁਖ ਤੇਰੇ ਕਰਮ ਗੁਣ । ਪ੍ਰਭ ਅਬਿਨਾਸ਼ੀ ਲਏ ਸੁਣ । ਆਤਮ ਵਜਾਵੇ ਸਾਚੀ ਧੁਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਮਾਤ ਚੁਣ । ਗੁਰਮੁਖ ਤੇਰੀ ਆਤਮ ਰਸ । ਪ੍ਰਭ ਅਬਿਨਾਸ਼ੀ ਹੋਏ ਵਸ । ਸਚ ਕਰਮ ਹਰਿ ਜਾਏ ਦੱਸ । ਪੰਜੇ ਚੋਰ ਜਾਇਣ ਨੱਸ । ਸ਼ਬਦ ਤੀਰ ਹਰਿ ਮਾਰਿਆ ਕਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਇਆ ਤੇਰੇ ਵਸ । ਗੁਰਮੁਖ ਤੇਰਾ ਧੀਰ ਧਿਆਨਾ । ਦਰ ਘਰ ਆਏ ਕੀਆ ਚਰਨ ਧੂੜ ਇਸ਼ਨਾਨਾ । ਪ੍ਰਭ ਅਬਿਨਾਸ਼ੀ ਆਪ ਮਿਟਾਏ ਆਤਮ ਉਦਾਸੀ, ਆਤਮ ਦੇਵੇ ਬ੍ਰਹਮ ਗਿਆਨਾ । ਵੇਲੇ ਅੰਤ ਕਰਾਏ ਬੰਦ ਖ਼ਲਾਸੀ, ਨਾ ਪਏ ਜਮ ਕੀ ਫਾਸੀ ਘਨਕਪੁਰ ਵਾਸੀ ਜਿਸ ਜਨ ਰਸਨ ਵਖਾਨਾ । ਮਹਾਰਾਜ ਸ਼ੇਰ ਸਿੰਘ
੧੧ ਵਿਸ਼ਨੂੰ ਭਗਵਾਨ, ਦਰਗਾਹ ਸਾਚੀ ਮਾਣ ਦਵਾਣਾ । ਗੁਰਮੁਖ ਤੇਰੀ ਲਾਜ ਰਖਾਈ । ਸ਼ਬਦ ਸੁਰਤ ਹਰਿ ਅਵਾਜ ਲਗਾਈ । ਸੋਹੰ ਸਾਚਾ ਤਾਜ ਪਹਿਨਾਈ । ੧੧
ਏਕਾ ਮੰਗ ਹਰਿ ਸ਼ਰਨਾਈ । ਦੂਸਰ ਕੋਈ ਦਿਸ ਨਾ ਆਈ । ਏਕਾ ਇਕ ਓਅੰਕਾਰ ਏਕਾ ਲਿਵ ਲਾਈ । ਏਕਾ ਜੋਤ ਮਿਟਾਏ ਅੰਧਿਆਰ, ਏਕਾ ਸ਼ਬਦ ਸੁਣਾਈ । ਏਕਾ ਗੋਤ ਸਰਬ ਸੰਸਾਰ, ਵਰਨ ਅਠਾਰਾਂ ਦੇ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਰਿਹਾ ਲਿਖਾਈ । ਗੁਰਸਿਖ ਸਾਚੀ ਪਰਖੀ ਨੀਤ । ਚਰਨ ਕਵਲ ਹਰਿ ਬਖ਼ਸ਼ੇ ਪ੍ਰੀਤ । ਮਾਨਸ ਜਨਮ ਜਗ ਜਾਏ ਜੀਤ । ਕਾਇਆ ਹੋਵੇ ਸਾਂਤਕ ਸੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਚਲਾਏ ਉਲਟੀ ਰੀਤ । ਆਤਮ ਧਿਆਨ ਧਰੇ ਭਗਵਾਨਾ । ਗੁਰਮੁਖ ਸਾਚੇ ਆਪ ਪਛਾਣਾ । ਦਰ ਘਰ ਆਏ ਨਾ ਕਰੇ ਅਭਿਮਾਨਾ । ਏਕਾ ਰੱਖੇ ਚਰਨ ਧਿਆਨਾ । ਸਾਚਾ ਬਖ਼ਸ਼ੇ ਪ੍ਰਭ ਚਰਨ ਧੂੜ ਇਸ਼ਨਾਨਾ । ਸੋਹੰ ਬੰਨ੍ਹੇ ਆਤਮ ਗਾਨਾ । ਪ੍ਰਭ ਅਬਿਨਾਸ਼ੀ ਸਾਚਾ ਜਾਣਾ । ਭਰਮ ਭੁਲੇਖਾ ਸਾਰਾ ਲਾਹਣਾ । ਜੋਤ ਸਰੂਪੀ ਪਹਰਿਆ ਬਾਣਾ । ਰਾਓ ਰੰਕ ਦਾ ਇਕ ਸੁਲਤਾਨਾ । ਰਾਜਨ ਰਾਜ ਇਕ ਰਜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਪ੍ਰਭ ਦਰ ਮੰਗੀ ਸਾਚੀ ਮੰਗ । ਕਾਇਆ ਚੋਲਾ ਪ੍ਰਭ ਦੇਵੇ ਰੰਗ । ਆਤਮ ਚਿੰਤਾ ਸੋਗ ਮਿਟਾਏ ਸੁੱਖੀ ਕਰਾਏ ਅੰਗ ਅੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਾ ਸਰਬੰਗ । ਆਤਮ ਆਕੜ ਆਪ ਗਵਾਏ । ਸੋਹੰ ਤੱਕੜ ਆਪ ਤੁਲਾਏ । ਆਤਮ ਜਕੜ ਚਰਨ ਲਗਾਏ । ਨਾੜ ਬਹੱਤਰ ਜੋਤ ਜਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਅਮੋਘ ਆਪ ਦਿਖਾਏ । ਆਪ ਦਿਖਾਏ ਦਰਸ ਅਮੋਘਾ । ਆਪੇ ਕੱਟੇ ਹਉਮੇ ਰੋਗਾ । ਨਾ ਕਦੇ ਚਿੰਤ ਨਾ ਲੱਗੇ ਸੋਗਾ । ਏਕਾ ਦੇਵੇ ਸਾਚਾ ਜੋਗਾ । ਸਾਧ ਸੰਗਤ ਰਸ ਸਾਚਾ ਭੋਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮੇਲ ਮਿਲਾਇਆ ਵਿਛੜਿਆਂ ਸੰਜੋਗਾ । ਵਿਛੜਿਆਂ ਕਲ ਮਿਲਿਆ ਮੇਲ । ਅਚਰਜ ਪਾਰਬ੍ਰਹਮ ਕਲ ਖੇਲ । ਗੁਰਮੁਖ ਸਾਚੇ ਆਤਮ ਮੇਲ ਮਿਲਾਏ, ਆਤਮ ਜੋਤੀ ਦੇ ਧਰਾਏ, ਆਪ ਜਗਾਏ ਬਿਨ ਬਾਤੀ ਤੇਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਗੁਰਸਿਖਾਂ ਹੋਏ ਸਾਚਾ ਸੱਜਣ ਸੁਹੇਲ । ਗੁਰਮੁਖ ਹਰਿ ਆਪ ਪਛਾਣੇ । ਦਰਗਾਹ ਸਾਚੀ ਦੇਵੇ ਮਾਣੇ । ਮਾਨਸ ਜਨਮ ਹਰਿ ਲੇਖੇ ਲਾਣੇ । ਆਪ ਬਣਾਏ ਗੁਰਸਿਖ ਸਾਚੇ ਸੁਘੜ ਸਿਆਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਗੋਦ ਉਠਾਏ ਗੁਰਸਿਖ ਬਾਲ ਅੰਞਾਣੇ । ਅੰਞਾਣਾ ਬਾਲਾ ਗੁਰਸਿਖ ਪਾਲਾ । ਆਤਮ ਦੇਵੇ ਨਾਮ ਸਾਚਾ ਲਾਲਾ । ਏਕਾ ਰੰਗ ਚੜ੍ਹਾਏ ਗੁਰ ਗੋਪਾਲਾ । ਆਪੇ ਹੋਏ ਗੁਰਸਿਖ ਤੇਰਾ ਰਖਵਾਲਾ । ਅੰਤਮ ਅੰਤ ਆਪ ਛੁਡਾਏ ਨਾ ਮੰਗੇ ਕੋਈ ਦਲਾਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਕਰੇ ਪ੍ਰਿਤਪਾਲਾ । ਓਅੰ ਤੇਰਾ ਸਚ ਦਰਬਾਰਾ । ਏਕਾ ਰੂਪ ਅਨੂਪ ਅਗੰਮ ਅਪਾਰਾ । ਏਕਾ ਸਤਿ ਸਰੂਪ ਸਤਿ ਸਹਾਰਾ । ਵਡ ਸ਼ਾਹੋ ਵਡ ਵਡ ਭੂਪ ਜੋਤ ਸਰੂਪੀ ਜੋਤ ਨਿਰੰਕਾਰਾ । ਤੀਨ ਲੋਕ ਲੋਕ ਪ੍ਰਲੋਕ ਖੰਡ ਬ੍ਰਹਿਮੰਡ ਵਰਭੰਡ ਨਵਖੰਡ ਨਵ ਸਰਬ ਪਸਾਰਾ । ਲੱਖ ਚੁਰਾਸੀ ਜੀਵ ਜੰਤਾਂ ਦੇਵੇ ਜੋਤ ਅਧਾਰਾ । ਆਪੇ ਹੋਏ ਆਪਣਾ ਇਕ ਸਹਾਰਾ । ਜੋਤੀ ਜੋਤ ਸਰੂਪ ਹਰਿ ਏਕਾ ਤੇਰਾ ਵਡ ਦਵਾਰਾ । ਵਡ ਦਵਾਰੀ ਵਡ ਦਰਬਾਰੀ ਵਡ ਸੰਸਾਰੀ । ਜੋਤ ਨਿਰੰਕਾਰੀ ਰੂਪ ਅਪਾਰੀ । ਖੇਲ ਨਿਆਰੀ ਸਰਬ ਜੀਆਂ ਦਰ ਸਾਚੇ ਬੈਠਾ ਪ੍ਰਭ ਅਬਿਨਾਸ਼ੀ ਸੁਣੇ ਪੁਕਾਰੀ । ਸੁਣੇ ਪੁਕਾਰਾ ਪ੍ਰਭ ਦਾਤਾਰਾ । ਜੋਤ ਅਕਾਰਾ ਸਰਬ ਪਸਾਰਾ । ਵਿਚ ਸੰਸਾਰਾ ਸੁਰਤ ਸ਼ਬਦ ਮੇਲ ਮਿਲਾਰਾ । ਜੋਤੀ ਜੋਤ ਸਰੂਪ ਹਰਿ ਦਿਵਸ ਰੈਣ ਰੈਣ ਦਿਵਸ ਸਦ ਏਕਾ ਰੰਗ ਰੰਗੇ ਕਰਤਾਰਾ । ਰੰਗ ਅਵਲੜਾ ਵਸੇ ਇਕੱਲੜਾ । ਭਾਰਾ ਪਲੜਾ ਦਰ ਸਾਚੇ ਖਲੜਾ । ਘਰ ਸਾਚਾ ਮਲੜਾ । ਸਾਚੇ ਢਾਂਚੇ ਢਲੜਾ । ਨਾ ਪੀਲਾ ਨਾ ਲਾਲ ਏਕਾ ਰੰਗ ਗੁਲਲੜਾ । ਸਾਚਾ ਨਰ ਹਰਿ ਗੁਰ ਗੋਪਾਲ ਪ੍ਰਭ ਅਬਿਨਾਸ਼ੀ ਜੋਤ ਸਰੂਪ ਬਿਨ ਰੰਗ ਰੂਪ ਸਚ ਧਾਮ ਦਰ ਸਾਚਾ ਮਲੜਾ । ਏਕਾ ਜੋਤ ਸਰੂਪ ਹਰਿ ਦਰ ਦਵਾਰ ਸਦ ਸਦਾ ਸਦ ਖਲੜਾ । ਪ੍ਰੇਮ ਵੈਰਾਗੀ ਪਾਵੇ ਵੈਣ, ਜਗਤ ਤਿਆਗੀ ਪੇਖੇ ਨੇਤਰ ਪ੍ਰਭ ਅਬਿਨਾਸ਼ੀ ਸਾਚਾ ਨੈਣ । ਏਕਾ ਸੁਰਤ ਸ਼ਬਦ ਗੁਰ ਲਾਈ, ਦੇਵੇ ਸੁਨੇਹਾ ਸਵਾਸ ਪਵਣ । ਮਾਛੂਵਾੜੇ ਕੰਡਿਆਂ ਸੇਜ ਵਿਛਾਈ, ਤੁਧ ਬਿਨ ਹੋਵੇ ਸਹਾਈ ਕਵਣ । ਤੇਰਾ ਵਿਛੋੜਾ ਮੈਂ ਕਦੇ ਨਾ ਲੋੜਾ, ਕਿਉਂ ਦਰ ਤੋਂ ਹੋੜਾ ਅਜ ਸੇਜ ਵਛਾਈ ਮੇਰੀ ਰੋੜਾ । ਮੇਰਾ ਵਕਤ ਰਹਿ ਗਿਆ ਥੋੜਾ । ਜੋਤੀ ਜੋਤ ਸਰੂਪ ਹਰਿ ਲਗੀ ਪ੍ਰੀਤ ਨਿਭਾਵੇ ਤੋੜਾ । ਗੁਰ ਗੋਬਿੰਦ ਸ਼ਬਦ ਧੁਨਕਾਰ । ਪਵਣ ਸਰੂਪੀ ਜਾਏ ਸਵਾਰ । ਆਪ ਪੁਜਾਏ ਵਿਚ ਦਰਬਾਰ । ਮਨ ਬੈਰਾਗੀ ਜਗਤ ਤਿਆਗੀ ਵਡ ਵਡ ਭਾਗੀ ਏਕਾ ਮੰਗੇ ਤੇਰਾ ਦਰਸ ਪਿਆਰ । ਜੋਤੀ ਜੋਤ ਸਰੂਪ ਹਰਿ ਕਿਰਪਾ ਕਰ ਛੇਤੀ ਮੇਲ ਮਿਲਾਵਾ ਹੋਏ ਸਚ ਭਤਾਰ । ਉਠ ਜੀਵ ਜਾਗ ਪ੍ਰਭ ਹੋਏ ਸਹਾਈ । ਜੁਗਾ ਜੁਗੰਤਰ ਆਦਿ ਜੁਗਾਦਿ ਗੁਰਸਿਖਾਂ ਜਿਨ ਬਣਤ ਬਣਾਈ । ਕਿਰਪਾ ਕਰ ਪੂਰੇ ਹਰਿ ਲੱਖ ਚੁਰਾਸੀ ਵਿਚੋਂ ਮਾਨਸ ਦੇਹ ਦਿਤੀ ਵਡਿਆਈ । ਰਕਤ ਬੂੰਦ ਹੱਡ ਨਾੜ ਪਿੰਜਰ ਪ੍ਰਭ ਤੇਰੀ ਦੇਹ ਬਣਾਈ । ਪਵਣ ਸਰੂਪੀ ਆਤਮ ਸਵਾਸ ਪ੍ਰਭ ਸਾਚਾ ਦੇ ਚਲਾਈ । ਸਾਚੀ ਜੋਤ ਕਰ ਪ੍ਰਕਾਸ਼ ਦੀਪਕ ਜੋਤੀ ਦੇ ਜਗਾਈ । ਆਨ ਬਾਟ ਵਿਚ ਤੇਰੀ ਕਾਇਆ ਆਪ ਪਕਾਈ । ਕਾਇਆ ਕੋਟ ਅੰਧੇਰੀ ਖਾਡ, ਪ੍ਰਭ ਉਲਟਾ ਸਿਰ ਰਖਾਈ । ਨਰਕ ਕੁੰਟ ਘੋਰ ਅੰਧੇਰ ਪ੍ਰਭ ਅਬਿਨਾਸ਼ੀ ਤੇਰਾ ਹੋਏ ਸਹਾਈ । ਹਰਿ ਹਰਿ ਹਰਿ ਤੇਰੀ ਰਸਨਾ ਗਾਈ । ਤਤੀ ਵਾਓ ਨਾ ਲਾਗੇ ਰਾਈ । ਪ੍ਰਭ ਅਬਿਨਾਸ਼ੀ ਕਿਰਪਾ ਕਰ ਦਸਵੇਂ ਮਾਸ ਦਿਤੀ ਵਧਾਈ । ਮਾਤਲੋਕ ਵਿਚ ਜਨਮ ਧਰ, ਮਾਤ ਪਿਤਾ ਦੇਵੇ ਵਡਿਆਈ । ਜਗਤ ਮਾਇਆ ਲਾਗੀ ਤਨ, ਵਿਸਰਿਆ ਰਘੁਰਾਈ । ਬਾਲੀ ਬਾਲ ਬਾਲ ਬਾਲੜਾ ਆਪਣੀ ਸੁੱਧ ਬੈਠਾ ਭੁਲਾਈ । ਏਕਾ ਦੂਜਾ ਤੀਜਾ ਚੌਥਾ ਪੰਜਵੇਂ ਸੁਰਤ ਰਖਾਈ । ਛੇਵੇਂ ਸਤਵੇਂ ਅਠਵੇਂ ਨਾਂਵੇਂ ਦਸਵੇਂ ਖੇਡ ਖਿਡਾਈ । ਖੇਡ ਖਿਡਾਵੇ ਝੂਠੀ ਬਾਜੀ ਸਾਚੀ ਬੂਝ ਬੁਝਾਈ । ਪ੍ਰਭ ਅਬਿਨਾਸ਼ੀ ਵਿਸਰਿਆ ਜਿਸ ਵਿਚ ਬਣਤ ਬਣਾਈ । ਭੁਲਿਆ ਹਰਿ ਨਾ ਵਕਤ ਵਿਚਾਰਿਆ । ਚੁਕਿਆ ਡਰ ਭੁੱਲ ਗਵਾ ਰਿਹਾ । ਮਾਨਸ ਜਨਮ ਜੂਏ ਬਾਜੀ ਹਾਰਿਆ । ਗੁਰਮੁਖ ਵਿਰਲੇ ਉਤਰੇ ਪਾਰ, ਜਿਸ ਮਿਲਿਆ ਗੁਰ ਪਿਆਰਿਆ । ਆਤਮ ਦੇਵੇ ਨਾਮ ਨਿਧਾਨਾ, ਨਾਮ ਸਾਚਾ

੧੨

ਜਾਮ ਪਿਲਾ ਰਿਹਾ । ਪੂਰ ਕਰਾਏ ਮਾਤ ਕਾਮਾ, ਪ੍ਰਭ ਸਾਚੇ ਮਾਰਗ ਲਾ ਰਿਹਾ । ਜੋਤ ਸਰੂਪੀ ਜੋਤ ਹਰਿ ਜੁਗੋ ਜੁਗ ਜਨ ਭਗਤਾਂ ਪੈਜ ਰਖਾ ਰਿਹਾ । ਜਨ ਭਗਤ ਹਰਿ ਸੇਵ ਕਮਾਵੇ । ਦਿਵਸ ਰੈਣ ਹਰਿ ਰਸਨਾ ਗਾਵੇ । ਪ੍ਰਭ ਅਬਿਨਾਸ਼ੀ ਲੇਖੇ ਲਾਵੇ । ਆਦਿ ਜੁਗਾਦੀ ਵਡ ਬ੍ਰਹਿਮਾਦੀ ਸਾਚਾ ਨਾਦ ਸ਼ਬਦ ਧੁਨ ਉਪਜਾਵੇ । ਜੋਤੀ ਜੋਤ ਸਰੂਪ ਹਰਿ ਆਪ ਆਪਣੇ ਰੰਗ ਰੰਗਾਵੇ । ਗੁਰ ਪੂਰਾ ਗੁਰਸਿਖ ਪਛਾਣੇ । ਮਨ ਤਨ ਧਨ ਕਰੇ ਕੁਰਬਾਨੇ । ਆਤਮ ਤੁਟਾ ਜਨ ਨਿਕਲਿਆ ਮਾਨੇ । ਰਸਨਾ ਕਹੇ ਧੰਨ ਮਿਲਿਆ ਭਗਵਾਨੇ । ਦਰਗਾਹ ਸਾਚੀ ਨਾ ਲੱਗੇ ਡੰਨ, ਜਮਦੂਤ ਨੇੜ ਨਾ ਆਨੇ । ਪ੍ਰਭ ਅਬਿਨਾਸ਼ੀ ਆਪ ਉਠਾਏ ਆਪਣੇ ਕੰਧ, ਸਚਖੰਡ ਨਿਵਾਸ ਰਖਾਨੇ । ਜੋਤੀ ਜੋਤ ਸਰੂਪ ਹਰਿ ਜਨ ਭਗਤਾਂ ਮਾਰਗ ਪਾਨੇ । ਗੁਰਮੁਖ ਆਤਮ ਜਾਏ ਮਨ, ਸਾਚਾ ਸ਼ਬਦ ਸੁਣੇ ਹਰਿ ਕਾਨੇ । ਭਰਮ ਭੁਲੇਖਾ ਨਿਕਲੇ ਜਨ, ਝੂਠੀ ਅਗਨ ਨਾ ਰਹੇ ਤਾਨੇ । ਏਕਾ ਲਾਗਣ ਪ੍ਰਭ ਮਿਲਣ ਦੀ, ਜੋਤੀ ਜੋਤ ਸਰੂਪ ਹਰਿ ਆਤਮ ਹੋਣ ਨਾ ਦੇਵੇ ਨਗਨ, ਗੁਰਮੁਖ ਵੇਖੇ ਗੁਰਦਵਾਰਿਆ । ਆਪ ਆਪਣਾ ਆਪਾ ਵਾਰਿਆ । ਏਕਾ ਜਾਪਾ ਹਰਿ ਆਪ ਜਪਾ ਰਿਹਾ । ਤੀਨੋਂ ਤਾਪਾ ਮਗਰੋਂ ਲਾਹ ਰਿਹਾ । ਕੋਟਨ ਪਾਪਾਂ ਮੈਲ ਗਵਾ ਰਿਹਾ । ਮਾਈ ਬਾਪਾ ਆਪ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ ਗੁਰਮੁਖਾਂ ਲੇਖੇ ਲਾ ਰਿਹਾ । ਮਾਨਸ ਜਨਮ ਲੇਖੇ ਜਾਏ ਲੱਗ । ਪ੍ਰਭ ਅਬਿਨਾਸ਼ੀ ਜੋ ਜਨ ਪਕੜੇ ਪੱਗ । ਕਲਜੁਗ ਅਗਨ ਵਿਚ ਨਾ ਜਾਏ ਦਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੁਝਾਏ ਤ੍ਰਿਸ਼ਨਾ ਅੱਗ । ਮੋਹਣ ਮਾਧਵ ਜਿਸ ਜਨ ਜਾਣਿਆਂ । ਨੈਣ ਮੁਧਾਰੀ ਦੇਵੇ ਮਾਣਿਆਂ । ਕ੍ਰਿਸ਼ਨ ਮੁਰਾਰੀ ਆਪ ਬਣਾਏ ਸੁਘੜ ਸਿਆਣਿਆਂ । ਰਾਮ ਅਵਤਾਰੀ ਏਕਾ ਰੰਗ ਰੰਗਾਣਿਆਂ । ਭਗਤ ਭੰਡਾਰੀ ਹਰਿ ਭਗਵਾਨਿਆਂ । ਕਲੰਕਨਿਹ ਨਰਾਇਣ ਨਰ ਅਵਤਾਰੀ ਗੁਰਮੁਖਾਂ ਪਾਰ ਕਰਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਜਿਸ ਜਨ ਮਾਤਲੋਕ ਵਿਚ ਜਾਨਿਆਂ । ਰਸਨਾ ਗਾਵੇ ਭੇਵ ਛੁਪਾਵੇ, ਦਰ ਭੁਲਾਵੇ, ਸਾਰ ਨਾ ਪਾਵੇ, ਚਰਨ ਪ੍ਰੀਤ ਸਾਚੀ ਨੀਤੀ ਇਕ ਰਖਾਵੇ । ਪ੍ਰਭ ਅਬਿਨਾਸ਼ੀ ਗਲੇ ਲਗਾਵੇ । ਭੁੱਲਿਆਂ ਕਲਜੁਗ ਮਾਰਗ ਪਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਵਿਰਲਾ ਚਰਨ ਧੂੜੀ ਤੀਰਥ ਨੁਹਾਵੇ । ਹਰਿ ਸੰਤ ਇਕ ਜਾਨ । ਹਰਿ ਸੰਤ ਇਕ ਅਸਥਾਨ । ਹਰਿ ਸੰਤ ਇਕ ਗਿਆਨ । ਹਰਿ ਸੰਤ ਇਕ ਧਿਆਨ । ਹਰਿ ਸੰਤ ਇਕ ਇਸ਼ਨਾਨ । ਹਰਿ ਸੰਤ ਏਕਾ ਇਕ ਮਾਨ । ਹਰਿ ਸੰਤ ਏਕਾ ਏਕ ਰੱਖ ਟੇਕ ਹਰਿ ਭਗਵਾਨ । ਹਰਿ ਸੰਤ ਹਰਿ ਕਾ ਦਾਸ । ਹਰਿ ਕਾ ਦਾਸ ਸਦਾ ਅਬਿਨਾਸ਼ । ਹਰਿ ਕਾ ਦਾਸ ਹਰਿ ਆਪ ਆਪੇ ਰੱਖੇ ਵਾਸ । ਹਰਿ ਕਾ ਦਾਸ ਅੰਤ ਏਕਾ ਨਿਤ ਰਸਨਾ ਗਾਏ, ਆਪ ਬਣਾਏ ਬਣਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਣ ਮਿਲੇ ਸਾਚਾ ਕੰਤ । ਸੰਤ ਰੰਗ ਸਦ ਰੰਗੀਲਾ । ਆਪੇ ਰੰਗੇ ਕਰ ਕਰ ਹੀਲਾ । ਸਾਚਾ ਨਾਮ ਪ੍ਰਭ ਦਰ ਮੰਗੇ ਦੇਵੇ ਹਰਿ ਭਰ ਪਿਆਲੇ ਪੀ ਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਘੋੜਾ ਦੇਵੇ ਛੈਲ ਛਬੀਲਾ । ਹਰਿ ਸੰਤ ਹਰਿ ਵੇਖ ਵਿਚਾਰ । ਹਰਿ ਸੰਤ ਹਰਿ ਸ਼ਬਦ ਅਧਾਰ । ਹਰਿ ਸੰਤ ਕਰ ਹਰਿ ਪਿਆਰ । ਹਰਿ ਸੰਤ ਹਰਿ ਆਪ ਖੁਲ੍ਹਾਏ ਦਸਮ ਦਵਾਰ । ਹਰਿ ਸੰਤ ਹਰਿ ਆਪ ਉਪਜਾਵੇ ਏਕਾ ਸ਼ਬਦ ਧੁਨਕਾਰ । ਹਰਿ ਸੰਤ ਸਚ ਧਾਮ ਰਹਾਏ, ਪੂਰਨ ਬ੍ਰਹਮ ਕਰਮ ਵਿਚਾਰ । ਹਰਿ ਸੰਤ ਹਰਿ ਕਾ ਦਾਸ । ਜਨ ਸੰਤਾਂ ਹਰਿ ਵਸੇ ਪਾਸ । ਆਦਿ ਅੰਤ ਆਦਿ ਅੰਤ ਆਦਿਨ ਅੰਤਾ ਪ੍ਰਭ ਅਬਿਨਾਸ਼ੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤਾਂ ਕਰੇ ਬੰਦ ਖਲਾਸ । ਬੰਦ ਖਲਾਸੀ ਬੰਦੀ ਤੋੜੇ । ਜੁਗਾ ਜੁਗੰਤਰ ਵਿਛੜੇ ਪ੍ਰਭ ਸਾਚਾ ਜੋੜੇ । ਚਰਨ ਪ੍ਰੀਤੀ ਦਿਵਸ ਰੈਣ ਪ੍ਰਭ ਸਾਚਾ ਲੋੜੇ । ਲੋੜੇ ਦਰ ਘਰ ਸਾਚੇ ਸੇਵ ਕਮਾਈ, ਲਹਿਣਾ ਦੇਣਾ ਪ੍ਰਭ ਸਾਚਾ ਮੋੜੇ । ਵਿਚ ਮਾਤ ਹਰਿ ਦੇ ਵਡਿਆਈ, ਆਪ ਚੜ੍ਹਾਏ ਨਾਮ ਘੋੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਲਿਖਾਏ ਕਲਜੁਗ ਅੰਤਮ ਦਿਨ ਰਹਿ ਗਏ ਥੋੜੇ । ਵੇਲਾ


੧੩

ਅੱਗੇ ਆਇਆ ਨੇੜੇ । ਦਰਗਾਹ ਸਾਚੀ ਹੋਣ ਨਬੇੜੇ । ਕਲਜੁਗ ਤੇਰੇ ਮੁੱਕਣ ਝੇੜੇ । ਉਲਟੇ ਆਵਣ ਸਾਰੇ ਗੇੜੇ । ਖੁਲ੍ਹੇ ਹੋਇਣ ਸਭ ਦੇ ਵਿਹੜੇ । ਆਪ ਡੁਬਾਏ ਭਰ ਭਰ ਬੇੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਅੰਤਕਾਲ ਲੇਖਾ ਸਰਬ ਨਬੇੜੇ । ਕਲਜੁਗ ਤੇਰੀ ਅੰਧੇਰੀ ਰਾਤ । ਸ੍ਰਿਸ਼ਟ ਸਬਾਈ ਤੁੱਟਾ ਨਾਤ । ਛੇਤੀ ਫੇਰ ਨਾ ਆਵੇ ਮਾਤ । ਕੁਕਰਮ ਕੀਏ ਕੁਧਰਮ ਕੀਏ ਬੇਮੁਖਾਂ ਬਹੁ ਬਹੁ ਭਾਂਤ । ਜੁਰਮ ਵਰਮ ਕੀਏ ਅਜੇ ਨਾ ਹੋਈ ਆਤਮ ਸ਼ਾਂਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਲੇਖ ਲਿਖਾਏ ਬੈਠਾ ਇਕ ਇਕਾਂਤ । ਕਲਜੁਗ ਤੇਰਾ ਝੂਠ ਵਿਹਾਰਾ । ਪੂਰਨ ਕਰੇ ਹਰਿ ਵਿਚਾਰਾ । ਪਾਸਾ ਅੰਤਮ ਆਇਆ ਹਾਰਾ । ਦੇਵੇ ਨਾ ਤੈਨੂੰ ਕੋਈ ਸਹਾਰਾ । ਆਪਣੀ ਖੇਲ ਆਪ ਵਰਤਾਏ ਸ੍ਰਿਸ਼ਟ ਸਬਾਈ ਨਾ ਪਾਵੇ ਸਾਰਾ । ਆਤਮ ਅਗਨੀ ਜੋਤ ਲਗਾਏ, ਸ੍ਰਿਸ਼ਟ ਸਬਾਈ ਹੋਏ ਦੋ ਫਾੜਾ । ਵਡ ਵਡ ਬੋਧ ਸੂਰਬੀਰ ਉਠਾਏ, ਧਰਤ ਮਾਤ ਬਣਾਏ ਇਕ ਅਖਾੜਾ । ਅਗਨ ਮੇਘ ਆਪ ਬਰਸਾਏ, ਕੋਈ ਨਾ ਛੁਪਿਆ ਰਹੇ ਵਿਚ ਜੰਗਲ ਜੂਹ ਪਹਾੜਾਂ । ਨੌਂ ਖੰਡ ਪ੍ਰਿਥਮੀ ਭੇੜ ਭਿੜਾਏ, ਮੌਤ ਬਣਾਏ ਲਾੜੀ ਲਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਅੰਤਮ ਅੰਤ ਤੇਰਾ ਆਪ ਚੁਕਾਇਆ ਭਾੜਾ । ਸ੍ਰਿਸ਼ਟ ਸਬਾਈ ਹੋਏ ਦੋ ਧੜ । ਏਕਾ ਦੂਆ ਪੈਣ ਲੜ । ਗੋਲੀ ਗੋਲਾ ਆਪ ਬਰਸਾਏ, ਨਾ ਕੋਈ ਦਿਸੇ ਕਿਲ੍ਹਾ ਗੜ੍ਹ । ਨਗਰ ਖੇੜਾ ਕੋਈ ਰਹਿਣ ਨਾ ਪਾਏ, ਨਾ ਕੋਈ ਵੇਖੇ ਪੌੜੀ ਚੜ੍ਹ । ਜੋਤੀ ਜੋਤ ਸਰੂਪ ਹਰਿ, ਆਪੇ ਵੇਖ ਵਖਾਏ ਸਰਬ ਜੀਆਂ ਦੇ ਅੰਦਰ ਵੜ । ਉਠੇ ਰੂਸਾ ਲਸ਼ਕਰ ਭਾਰੀ । ਈਸਾ ਮੂਸਾ ਹੋਏ ਖਵਾਰੀ । ਲੁੱਟੀ ਜਾਏ ਮੁਹੰਮਦ ਤੇਰੀ ਚਾਰ ਯਾਰੀ । ਸਦੀ ਚੌਧਵੀਂ ਹੋਈ ਭਾਰੀ । ਚਾਰੋਂ ਤਰਫ ਹੋਏ ਖੁਆਰੀ । ਕਿਸੇ ਨਾ ਹੋਵੇ ਨਾਰ ਪਿਆਰੀ ।

 ਦਰ ਦਰ ਘਰ ਘਰ ਬੇਮੁੱਖ ਭੱਜਣ, ਕੋਈ ਨਾ ਬਣੇ ਬਿਉਪਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਉਠਾਏ ਖੰਡਾ ਦੋ ਧਾਰੀ । ਰੂਸ ਚੀਨਾ ੧੪

ਏਕਾ ਕੀਨਾ । ਆਪ ਮਿਟਾਵੇ ਮੁਹੰਮਦੀ ਦੀਨਾ । ਧਰਤ ਮਾਤ ਤੇਰਾ ਖੁਲ੍ਹਾ ਸੀਨਾ । ਝੂਠਾ ਰਾਜ ਪ੍ਰਭ ਸਾਚੇ ਛੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਦਾਨਾ ਬੀਨਾ । ਸੰਗ ਮੁਹੰਮਦ ਚਾਰ ਯਾਰ । ਉਠਣ ਭੱਜਣ ਹੋਇਣ ਖਵਾਰ । ਪੀਰ ਦਸਤਗੀਰ ਨਾ ਹੋਏ ਕੋਈ ਸਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਫੜੇ ਕਟਾਰ । ਏਕਾ ਫੜੇ ਸ਼ਬਦ ਕਟਾਰੀ । ਨਬੀ ਰਸੂਲਾਂ ਹੋਏ ਖਵਾਰੀ । ਆਪਣਾ ਮੂਲ ਗਏ ਹਾਰੀ । ਬੇਮੁਖਾਂ ਪ੍ਰਭ ਅਬਿਨਾਸ਼ੀ ਭੂਲਾ, ਝੂਠੀ ਕਰਨ ਸਿਕਦਾਰੀ । ਮਾਤ ਜੋਤ ਪ੍ਰਗਟਾਏ ਹਰਿ ਸਾਚਾ ਕੰਤ ਕੰਤੂਲਾ, ਪੂਰਬ ਕਰਮ ਰਿਹਾ ਵਿਚਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਨਰਾਇਣ ਨਰ ਅਵਤਾਰੀ । ਅਹਿਮਦ ਮੁਹੰਮਦ ਵਕਤ ਚੁਕਾਇਆ । ਚਾਰ ਯਾਰਾਂ ਸੰਗ ਰਲਾਇਆ । ਮਾਤਲੋਕ ਵਿਚੋਂ ਬਾਹਰ ਕਢਾਇਆ । ਉਮਤ ਨਬੀ ਰਸੂਲ ਦੀ ਰਹਿਣ ਨਾ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਤ੍ਰਸੂਲ ਲਗਾਇਆ । ਏਕਾ ਸ਼ਬਦ ਚੱਲੇ ਤੀਰ । ਮੇਟ ਮਿਟਾਏ ਪੀਰ ਫਕੀਰ । ਨਾ ਕੋਈ ਹੋਏ ਸਹਾਈ ਔਲੀਏ ਪੈਗੰਬਰ ਦਸਤਗੀਰ । ਅੰਤਮ ਅੰਤਕਾਲ ਕਲ ਲੱਥੇ ਚੀਰ । ਨੇਤਰਾਂ ਵਿਚੋਂ ਵਗੇ ਨੀਰ । ਏਕਾ ਲੱਗੇ ਦੁੱਖਾਂ ਪੀੜ । ਬੇਮੁੱਖਾਂ ਟੁੱਟੀ ਹੱਡੀ ਰੀੜ । ਪ੍ਰਭ ਅਬਿਨਾਸ਼ੀ ਸਾਚਾ ਜਾਏ ਪੀੜ । ਵੇਲਾ ਅੰਤ ਅੰਤਕਾਲ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੀ ਬੀੜ । ਮੁਹੰਮਦ ਮੰਗ ਏਕਾ ਮੰਗ । ਸਦੀ ਚੌਧਵੀਂ ਹੋਏ ਭੰਗ । ਆਪ ਭੰਨਾਏ ਜਿਉਂ ਕਾਚੀ ਵੰਗ । ਸ਼ਾਹ ਸੁਲਤਾਨਾਂ ਤੁੱਟੇ ਤੰਗ । ਸਚ ਸ਼ਬਦ ਹਰਿ ਜਾਏ ਡੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਭੰਨਾਏ ਕਾਇਆ ਅੰਗ । ਕਾਇਆ ਅੰਗ ਦੇਵੇ ਤੋੜ । ਲੱਗੀ ਪ੍ਰੀਤੀ ਦੇਵੇ ਵਿਛੋੜ । ਅੰਤਕਾਲ ਕਲਜੁਗ ਨਾ ਨਿਭੀ ਤੇਰੀ ਤੋੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਉਪਜਾਏ ਮਾਤ ਲਗਾਏ ਧਰਮ ਬਿਰਖ ਬੋਹੜ । ਮਨ ਤਨ ਭਿੰਨੜਾ ਹਰਿ ਚਰਨ ਪਿਆਸਾ ।

ਮਨ ਤਨ ਭਿੰਨੜਾ ਹਰਿ ਦੇਵੇ ਸ਼ਬਦ ਦਿਲਾਸਾ । ਮਨ ਤਨ ਭਿੰਨੜਾ ਗੁਰਮੁਖ ਸਾਚਾ ਆਪ ਰਖਾਇਆ ਜਿਉਂ ਕੰਚਨ ਪਾਸਾ । ਮਨ ਤਨ ਭਿੰਨੜਾ ਵੇਖੇ ਹਰਿ ਰੰਗ ਤਮਾਸ਼ਾ । ਮਨ ਤਨ ਭਿੰਨੜਾ ਹਰਿ ਕਰੇ ਬੰਦ ਖਲਾਸਾ । ਮਨ ਤਨ ਭਿੰਨੜਾ ਸੋਹੰ ਸਾਚਾ ਜਾਪ ਜਪਾਏ ਸਵਾਸ ਸਵਾਸਾ । ਮਨ ਤਨ ਭਿੰਨੜਾ ਮੁਕਤ ਜੁਗਤ ਕਰਾਏ ਤੇਰੀ ਦਾਸਾ । ਮਨ ਤਨ ਭਿੰਨੜਾ ਆਪ ਕਟਾਏ ਜਮ ਕੀ ਫਾਸਾ । ਮਨ ਤਨ ਭਿੰਨੜਾ ਅੰਤਮ ਅੰਤਮ ਅੰਤਮ ਅੰਤ ਆਣ ਸਹਾਏ, ਜੋਤੀ ਮੇਲ ਮਿਲਾਏ, ਸਚਖੰਡ ਰਖਾਏ ਨਿਵਾਸਾ । ਮਨ ਤਨ ਭਿੰਨੜਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਪਾਇਆ ਸ਼ਾਹੋ ਸ਼ਾਬਾਸ਼ਾ । ਮਨ ਤਨ ਭਿੰਨੜਾ ਤਨ ਵੱਜੀ ਵਧਾਈ । ਮਨ ਤਨ ਭਿੰਨੜਾ ਹਰਿ ਏਕਾ ਲਿਵ ਲਾਈ । ਮਨ ਤਨ ਭਿੰਨੜਾ ਤਨ ਧਨ ਹਰਿ ਨਾਮ ਸਾਚਾ ਦੇਵੇ ਪਾਈ । ਮਨ ਤਨ ਭਿੰਨੜਾ ਸਾਚਾ ਰਾਗ ਹਰਿ ਦੇਵੇ ਕੰਨ ਸੁਣਾਈ । ਮਨ ਤਨ ਭਿੰਨੜਾ ਆਤਮ ਧੋ ਦਾਗ ਪ੍ਰਭ ਨਿਰਮਲ ਦੇ ਕਰਾਈ । ਮਨ ਤਨ ਭਿੰਨੜਾ ਆਪੇ ਪਕੜੇ ਗੁਰਸਿਖ ਤੇਰੀ ਵਾਗ ਸਚ ਦਵਾਰੇ ਦੇ ਬਹਾਈ । ਮਨ ਤਨ ਵੱਜੀ ਵਧਾਈ, ਪੂਰਨ ਹੋਏ ਭਾਗ ਆਏ ਪ੍ਰਭ ਸ਼ਰਨਾਈ । ਮਨ ਤਨ ਵੱਜੀ ਵਧਾਈ, ਗੁਰਸਿਖ ਹੰਸ ਬਣਿਆ ਕਾਗ, ਪ੍ਰਭ ਸੋਹੰ ਚੋਗ ਦੇ ਚੁਗਾਈ । ਮਨ ਤਨ ਵੱਜੀ ਵਧਾਈ, ਆਪ ਉਪਜਾਵੇ ਅਨਹਦ ਸਾਚਾ ਰਾਗ, ਸੁੰਨ ਸਮਾਧ ਆਪ ਖੁਲ੍ਹਾਈ । ਮਨ ਤਨ ਵੱਜੀ ਵਧਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦਸਮ ਦਵਾਰ ਦੀ ਬੂਝ ਬੁਝਾਈ । ਦਸਮ ਦਵਾਰਾ ਹਰਿ ਖੁਲ੍ਹਾਰੇ । ਮਨ ਸਿੱਖ ਸਾਚੀ ਸ਼ਬਦ ਧਾਰੇ । ਸਾਚਾ ਸ਼ਬਦ ਇਕ ਧੁਨਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਮਲ ਕਰੇ ਜੋਤ ਅਕਾਰੇ । ਤੇਰੀ ਕਾਇਆ ਮਹਲ ਮੁਨਾਰੇ । ਕਾਇਆ ਮਹਲ ਮੁਨਾਰਾ ਵਿਚ ਹਰਿ ਪਸਾਰਾ । ਮਿਟਾਏ ਅੰਧਿਆਰਾ ਜੀਵ ਕੀ ਕਰੇ ਵਿਚਾਰਾ । ਰਸਨਾ ਗਾਏ ਘਰ ਸਾਚਾ ਪਾਏ, ਦਰ ਸਚ ਖੁਲ੍ਹਾਏ ਜਿਥੇ ਵਸੇ ਆਪ ਮੁਰਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਸਰੂਪ ਬੈਠਾ ਵਿਚ ਨਿਰਾਧਾਰਾ । ਨਿਰਾਧਾਰ ਨਿਰਾਹਾਰ ਜੋਤ ਅਕਾਰ ਵੇਖ ਵਿਚਾਰ, ਜਨਮ ਸੁਧਾਰ ਮੂਲ ਨਾ ਹਾਰ, ਕਰ ਪਿਆਰ ਉਤਰੇ ਪਾਰ, ਹਰਿ ਦੇਵੇ ਤਾਰ, ਜਨਮ ਮਰਨ ਦੇਵੇ ਸਵਾਰ । ਲੱਖ ਚੁਰਾਸੀ ਗੇੜ ਨਿਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਬਖ਼ਸ਼ੇ ਚਰਨ ਪਿਆਰ । ਚਰਨ ਸੇਵਾ ਸਾਚਾ ਮੇਵਾ । ਦੇਵੇ ਹਰਿ ਵਡ ਦੇਵੀ ਦੇਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਜਪਾਏ ਸੋਹੰ ਜੇਹਵਾ । ਸੋਹੰ ਸ਼ਬਦ ਰਸਨਾ ਗਾਵਣਾ ਸਾਚਾ ਗੁਣ । ਗੁਰਮੁਖਾਂ ਦੇਵੇ ਮਾਣ ਮਾਤ ਚੁਣ । ਆਪ ਉਪਜਾਏ ਆਤਮ ਸਾਚੀ ਧੁਨ । ਗੁਰ ਸਾਚੇ ਵਿਰਲੇ ਲਈ ਮਾਤ ਸੁਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਤੇਰੇ ਗੁਣ । ਗੁਣਵੰਤ ਹਰਿ ਗੁਣ ਨਾ ਜਾਣਾ । ਜੀਵ ਜੰਤ ਨਾ ਕਿਸੇ ਪਛਾਣਾ । ਆਤਮ ਵਸਿਆ ਮਾਣ ਅਭਿਮਾਨਾ । ਬਣ ਬਣ ਬੈਠੇ ਬਲੀ ਬਲਵਾਨਾ । ਪੱਲੇ ਨਹੀਂ ਨਾਉਂ, ਨਾ ਕੌਡੀ ਨਾ ਆਨਾ । ਵੇਲੇ ਅੰਤ ਕਿਸ ਛੁਡਾਨਾ । ਧਰਮ ਰਾਏ ਨੇ ਡੰਨ ਲਗਾਨਾ । ਕੁੰਭੀ ਨਰਕ ਨਿਵਾਸ ਰਖਾਣਾ । ਗੁਰਸਿਖ ਸਾਚੇ ਪਾਸ ਕਰਾਣਾ । ਸੋਹੰ ਸਵਾਸ ਸਵਾਸ ਜਪਾਣਾ । ਮਾਨਸ ਜਨਮ ਰਾਸ ਕਰਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਣਾ । ਸਰਨ ਲਗਾਏ ਦੇ ਵਡਿਆਏ ਦਇਆ ਕਮਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਪੂਰਨ ਆਸ ਕਰਾਏ । ਹਰਿ ਪਾਇਆ ਕੰਤ ਕੰਤੂਹਲਾ । ਸਤਿਗੁਰ ਝੁਲਾਏ ਸੋਹੰ ਸਾਚਾ ਝੂਲਾ । ਹਰਿ ਆਪ ਮਿਟਾਏ ਗੁਰਸਿਖਾਂ ਪਿੱਛਲਾ ਮੂਲਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਚੇ ਕਦੇ ਨਾ ਭੂਲਣਾ । ਨਾ ਭੁੱਲੋ ਨਾ ਵਿਸਰੋ । ਦਿਵਸ ਰੈਣ ਸਦ ਰਸਨ ਉਚਾਰੋ । ਮਾਨਸ ਜਨਮ ਹੋਏ ਸੁਧਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਲਿਖਾਰੋ । ਸਾਚੇ ਲੇਖ ਪ੍ਰਭ ਰਿਹਾ ਲਿਖ । ਦਰ ਘਰ ਸਾਚੇ ਮੰਗੋ ਭਿਖ । ਸਾਚੇ ਲੇਖ ਹਰਿ ਦੇਵੇ ਲਿਖ । ਆਤਮ ਸਹਿੰਸਾ ਰੋਗ ਗਵਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੧੫

ਆਪ ਮਿਟਾਏ ਬਿਧਨਾ ਲਿਖੀ ਰਿਖ । ਲਿਖਿਆ ਲੇਖ ਆਪ ਮਿਟਾਇਆ । ਸਾਚਾ ਲੇਖ ਫੇਰ ਚੁਕਾਇਆ । ਪ੍ਰਭ ਅਬਿਨਾਸ਼ੀ ਦਇਆ ਕਮਾਇਆ । ਪੂਰਨ ਆਸ ਆਪ ਕਰਾਇਆ । ਮਹਾਰਾਜ ਸ਼ੇਰ ਸਿੰਘ ਸਰਬ ਗੁਣਤਾਸ ਆਪ ਅਖਵਾਇਆ । ਪੂਰਨ ਆਸ ਹਰਿ ਆਪ ਕਰਾਏ । ਸਚ ਘਰ ਵਾਸ ਰਖਾਏ । ਹਉਮੇ ਦੁੱਖੜਾ ਹੋਏ ਨਾਸ, ਜੋ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇ ਮਤ ਆਪ ਸਮਝਾਏ । ਸਾਚੇ ਮਾਰਗ ਆਪ ਲਾਵਣਾ । ਆਪ ਆਪਣਾ ਰਾਹ ਦਿਖਾਵਣਾ । ਪ੍ਰਭ ਅਬਿਨਾਸ਼ੀ ਪਕੜ ਬਾਹੋਂ, ਆਪ ਆਪਣੇ ਸੰਗ ਰਲਾਵਣਾ । ਆਪੇ ਰੱਖੇ ਸਿਰ ਛਤਰ ਛਾਉਂ, ਵਾਲੀ ਦੋ ਜਹਾਨ ਆਪ ਅਖਵਾਵਣਾ । ਗੁਰਸਿਖ ਬਣਾਏ ਜਿਉਂ ਬਾਲਕ ਮਾਉਂ, ਪਿਤ ਮਾਤ ਆਪ ਅਖਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨਾ ਗਾਵਣਾ । ਸਚ ਘਰ ਜਿਸ ਜਨ ਵਸਣਾ । ਰਾਹ ਸਾਚਾ ਹਰਿ ਪ੍ਰਭ ਦੱਸਣਾ । ਮਦਿਰਾ ਮਾਸ ਨਾ ਲਾਵਣ ਰਸਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਹੋਏ ਹਿਰਦੇ ਵਸਣਾ । ਮਦਿਰਾ ਮਾਸ ਤਜਾਵਣਾ । ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਵਣਾ । ਆਤਮ ਦਾਨ ਪ੍ਰਭ ਸਾਚੇ ਝੋਲੀ ਪਾਵਣਾ । ਏਕਾ ਸ਼ਬਦ ਨਿਸ਼ਾਨ ਤੇਰੇ ਆਤਮ ਮਹੱਲ ਰਖਾਵਣਾ । ਕਰ ਮੇਲ ਭਗਤ ਭਗਵਾਨ ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚਾ ਸਤਿ ਸਰੂਪੀ ਦਰਸ ਦਿਖਾਵਣਾ । ਮਹੱਲ ਮੁਨਾਰਾ ਹੋਏ ਉਜਿਆਰਾ । ਆਪ ਮਿਟਾਏ ਅੰਧ ਅੰਧਿਆਰਾ । ਕਾਇਆ ਕੂੜਾ ਗੜ੍ਹ ਵਿਚ ਹਰਿ ਪਸਰ ਪਸਾਰਾ । ਬਜ਼ਰ ਕਪਾਟੀ ਪਰਦਾ ਪਾੜਾ । ਬਿਨ ਗੁਰ ਪੂਰੇ ਕੋਈ ਨਾ ਪਾਏ, ਬੰਦ ਰਹੇ ਦਸਮ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਚਲਾਏ ਆਪਣੇ ਭਾਏ, ਅੰਮ੍ਰਿਤ ਆਤਮ ਦੇਵੇ ਸੀਰ ਫੁਹਾਰਾ । ਅੰਮ੍ਰਿਤ ਆਤਮ ਚਲੇ ਨੀਰ । ਗੁਰਮੁਖ ਸਾਚਾ

੧੬ ਪੀਵੇ ਸੀਰ । ਆਪੇ ਦੇਵੇ ਆਤਮ ਧੀਰ । ਦੂਈ ਦਵੈਤ ਕੱਟੇ ਜੰਜ਼ੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਿਲਾਏ ਅੰਮ੍ਰਿਤ ਸਾਚਾ ਸੀਰ । ਸਤਿ ੧੬

ਗੁਰਮੁਖ ਆਤਮ ਜਾਨ । ਮਿਲਿਆ ਸਾਚਾ ਹਰਿ ਭਗਵਾਨ । ਬਿਨ ਹਰਿ ਪੂਰੇ ਸੁੰਞਾ ਹੋਏ ਵੈਰਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਜਗਾਏ ਕਰੇ ਰੁਸ਼ਨਾਏ ਮਹਾਨ । ਆਤਮ ਜੋਤੀ ਜਾਏ ਜਗ । ਚਰਨ ਸਰਨ ਹਰਿ ਜਾਏ ਲੱਗ । ਆਪ ਬਣਾਏ ਹੰਸ ਕਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਬੰਧਾਏ ਸਿਰ ਤੇਰੇ ਪੱਗ । ਤਨ ਮੰਦਰ ਆਪ ਸੁਹਾਏ । ਹਰਿ ਹਿਰਦੇ ਵਾਸ ਰਖਾਏ । ਤਨ ਮੰਦਰ ਆਪ ਸੁਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਨਾਮ ਜਪਾਏ । ਤਨ ਮੰਦਰ ਦਰ ਹਰਿਆ ਹੋਵੇ । ਹਰਿ ਮੰਦਰ ਹਰਿ ਆਪੇ ਤੋੜੇ ਆਤਮ ਜੰਦਰ, ਜੋ ਜਨ ਮੰਗੇ ਹਰਿ ਨਾਉਂ ਸਾਚਾ ਜੋੜ ਹੱਥ ਦੋਵੇਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਜਗਾਏ ਕਲਜੁਗ ਸੋਏ । ਸੋਇਆ ਜੀਵ ਜੀਵ ਉਠ ਉਠ ਜਾਗ । ਪ੍ਰਭ ਅਬਿਨਾਸ਼ੀ ਚਰਨੀ ਲਾਗ । ਆਪ ਸੁਣਾਏ ਹਰਿ ਸਾਚਾ ਰਾਗ । ਵੇਲੇ ਅੰਤ ਹਰਿ ਪਕੜੇ ਵਾਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਲਾਵੇ ਸੋਹੰ ਸਾਚੀ ਜਾਗ । ਕਲਜੁਗ ਜੀਵ ਜਾਗ ਭਰਮ ਨਾ ਭੁੱਲ । ਝੂਠੇ ਧੰਦੇ ਝੂਠੀ ਮਾਇਆ ਵਿਚ ਨਾ ਰੁਲ । ਪ੍ਰਭ ਅਬਿਨਾਸ਼ੀ ਦੇਵੇ ਸੋਹੰ ਦਾਤ ਅਨਮੁਲ । ਕਲਜੁਗ ਜੀਵ ਪ੍ਰਭ ਬੁਝਾਏ ਆਗ ਦੇਵੇ ਨਾਮ ਸੁਹਾਗ ਹਰਿ ਸੰਗ ਸਾਚੇ ਤੁਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਆਪ ਬਣਾਏ ਜਿਉਂ ਸਾਗਰ ਕਵਲ ਫੁੱਲ । ਕਵਲ ਫੁੱਲ ਸਾਗਰ ਸੰਸਾਰਾ । ਗੁਰ ਚਰਨ ਜੋ ਕਰੇ ਨਿਮਸਕਾਰਾ । ਕਰਨਹਾਰ ਇਕ ਦਾਤਾਰਾ । ਦੇਵਣਹਾਰ ਵਡ ਭੰਡਾਰਾ । ਦਿਵਸ ਰੈਣ ਰੈਣ ਦਿਵਸ ਰਹੇ ਆਪ ਵਰਤਾਰਾ । ਜੋ ਜਨ ਮੰਗਣ ਆਏ ਦਵਾਰਾ । ਦੁੱਧ ਪੁੱਤ ਹਰਿ ਰੋਗ ਨਿਵਾਰਾ । ਤਨ ਲਾਗੇ ਨਾ ਲਾਗੇ ਭਾਰਾ । ਪੇਟ ਰੋਗ ਨਾ ਰਹੇ ਅਫਾਰਾ । ਜੋ ਜਨ ਪ੍ਰਭ ਸਾਚੇ ਤੇਰੀ ਚਰਨ ਨਿਮਸਕਾਰਾ । ਗੁਰ ਚਰਨ ਸਦ ਨਿਮਸਕਾਰੋ । ਮਿਲੇ ਪਾਰਬ੍ਰਹਮ ਕਰਤਾਰੋ । ਗੁਰ ਚਰਨ ਜਾਓ ਬਲਿਹਾਰੋ । ਹਉਮੇ ਰੋਗ ਦੇਵੇ ਨਿਵਾਰੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਕਰ ਦਰਸ ਉਤਰਸ ਪਾਰੇ । ਕਰ ਦਰਸ ਉਤਰੇ ਭੁੱਖ । ਕਰ ਦਰਸ ਉਤਰੇ ਦੁੱਖ । ਕਰ ਦਰਸ ਉਪਜੇ ਸੁਖ । ਕਰ ਦਰਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸੁਕੜੇ ਹਰੇ ਕਰਾਏ ਰੁੱਖ । ਰੁਖੜੇ ਸੁਕੜੇ ਹਰੇ ਹੋਏ । ਚਰਨੀ ਆਏ ਜੋ ਖਲੋਏ । ਜਗਤ ਅਗਨ ਨਾ ਲਾਗੇ ਕੋਇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਨਾਮ ਰਿਦੇ ਪਰੋਏ । ਸਾਚਾ ਨਾਮ ਰਸਨਾ ਗੀਤ । ਮਿਲੇ ਪ੍ਰਭ ਅਬਿਨਾਸ਼ੀ ਸਾਚਾ ਮੀਤ । ਦਿਵਸ ਰੈਣ ਸਦ ਰਾਖੋ ਚੀਤ । ਹਰਿ ਹਿਰਦੇ ਵਸੇ ਪਰਖੇ ਨੀਤ ।
ਕਲਜੁਗ ਅਵਧ ਗਈ ਬੀਤ । ਪ੍ਰਭ ਚਰਨ ਨਾ ਲਾਗੀ ਪ੍ਰੀਤ । ਢਹਿ ਢੇਰੀ ਹੋ ਜਾਣਾ ਜਿਉਂ ਬਾਲੂ ਦੀ ਭੀਤ । ਬਿਨ ਗੁਰ ਪੂਰੇ ਕਿਸੇ ਨਾ ਪਾਰ ਲੰਘਾਵਣਾ,
ਨਾ ਕਾਇਆ ਹੋਵੇ ਸੀਤ । ਸਾਚਾ ਸ਼ਬਦ ਗਿਆਨ ਨਾ ਕਿਸੇ ਦਵਾਵਣਾ, ਨਾ ਹੋਏ ਆਤਮ ਅਤੀਤ । ਆਤਮ ਤ੍ਰਿਖਾ ਨਾ ਕੋਈ ਬੁਝਾਵਣਾ, ਨਾ ਧੀਰਜ ਹੋਵੇ ਨੀਤ ।
ਦੀਪਕ ਜੋਤੀ ਨਾ ਕਿਸੇ ਜਗਾਵਣਾ, ਏਕਾ ਪ੍ਰਭ ਸਾਚੇ ਦੀ ਰੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਗੁਰਮੁਖਾਂ ਘਰ ਆਇਆ ਸਚਾ ਮੀਤ ।
ਦਰਸ ਕਰਨਾ ਹਰਿ ਤਰਸ ਕਰਨਾ । ਅੰਮ੍ਰਿਤ ਮੇਘ ਬਰਸਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰਨਾ । ਉਤਰੇ ਪਾਰ ਜਨ ਆਏ
ਦਵਾਰ । ਦੁੱਖ ਰੋਗ ਦਲਿਦਰ ਪ੍ਰਭ ਦਏ ਨਿਵਾਰ । ਆਪਣੇ ਰੰਗ ਰੰਗੇ ਕਰਤਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭੁਖਿਆਂ ਆਪੇ ਪਾਵੇ ਸਾਰ । ਦੁੱਖੀਏ
ਜੀਵ ਦਰ ਬਿਲਲਾਏ । ਬਿਨ ਗੁਰ ਪੂਰੇ ਕਵਣ ਪਾਰ ਲਗਾਏ । ਏਕਾ ਏਕ ਬੰਦੀ ਛੋੜ ਆਪ ਅਖਵਾਏ । ਏਕਾ ਰਾਖੇ ਸਾਚਾ ਸੰਗ, ਚਰਨ ਪ੍ਰੀਤੀ ਤੋੜ ਨਿਭਾਏ ।
ਆਪੇ ਕਰੇ ਬੁੱਧ ਬਬੇਕ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਕੋਈ ਨਾਂਹੇ । ਗੋਪਾਲ ਮੁਰਾਰੀ ਹਰਿ ਜੂ ਤਾਰੇ । ਜੋ ਜਨ ਆਇਣ ਚਲ ਦਵਾਰੇ । ਪ੍ਰਭ
੧੭ ਅਬਿਨਾਸ਼ੀ ਦਰਸ ਪਾਇਨ ਜੋਤ ਸਰੂਪੀ ਖੇਲ ਅਪਾਰੇ । ਸਾਚੀ ਜੋਤ ਮਾਤ ਪ੍ਰਕਾਸ਼ੇ, ਅਚਰਜ ਖੇਲ ਕਰੇ ਕਲ ਭਾਰੇ । ਸਰਬ ਘਟਾਂ ਹਰਿ ਘਟ ਵਾਸੀ, ਗੁਰਮੁਖ ੧੭
ਵਿਰਲਾ ਕਰੇ ਵਿਚਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲੰਕਨਿਹ ਨਰਾਇਣ ਨਰ ਅਵਤਾਰੇ । ਗੁਰ ਚਰਨ ਜੋ ਕਰੇ ਪਿਆਰਾ । ਸਾਚਾ ਦੇਵੇ ਨਾਮ
ਅਧਾਰਾ । ਆਤਮ ਦੇਵੇ ਸ਼ਬਦ ਖੁਮਾਰਾ । ਸੋਹੰ ਸਾਚਾ ਸਚ ਭੰਡਾਰਾ । ਗੁਰਮੁਖ ਸਾਚਾ ਕਰੇ ਵਪਾਰਾ । ਦੇਵਣਹਾਰ ਇਕ ਦਾਤਾਰਾ । ਆਓ ਮੰਗੋ ਆਤਮ
ਰੰਗੋ, ਪ੍ਰਭ ਆਤਮ ਦੇਵੇ ਖੋਲ੍ਹ ਕਵਾੜਾ । ਗੁਰਮੁਖ ਸਾਚੇ ਪਾਰ ਲੰਘੋ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਉਪਜਾਏ ਸਾਚਾ ਲਾੜਾ । ਸੋਹੰ ਤੇਰਾ
ਸਤਿ ਵਰਤਾਰਾ । ਚਾਰ ਵਰਨ ਬਣਾਏ ਇਕ ਸਰਦਾਰਾ । ਊਚ ਨੀਚ ਦੇ ਵਿਚ ਪਸਾਰਾ । ਏਕਾ ਦੇਵੇ ਜੋਤ ਏਕਾ ਸ਼ਬਦ ਅਪਰ ਅਪਾਰਾ । ਦਰ ਦਰ ਘਰ
ਘਰ ਹੋਏ ਜੈ ਜੈਕਾਰਾ । ਸੋਹੰ ਤੇਰਾ ਸਾਚਾ ਵੱਜੇ ਡੰਕ ਡਫਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਸੋਹੰ ਤੇਰਾ
ਸਾਚਾ ਰਾਗ । ਪ੍ਰਭ ਅਬਿਨਾਸ਼ੀ ਪਕੜੇ ਤੇਰੀ ਵਾਗ । ਗੁਰਮੁਖ ਕੰਨ ਸੁਣਾਵੇ ਹੰਸ ਬਣਾਵੇ ਕਾਗ । ਤੇਰਾ ਬੰਨ੍ਹ ਵਖਾਏ ਬੇੜਾ, ਆਤਮ ਬੁਝਾਏ ਆਗ । ਆਤਮ
ਅੰਧੇਰ ਗਵਾਏ, ਆਤਮ ਦੀਪ ਕਰੇ ਪ੍ਰਕਾਸ਼ । ਸੋਹੰ ਸਾਚਾ ਚੰਨ ਚੜ੍ਹਾਏ ਸਾਚਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਨਕਪੁਰ ਰੱਖੇ ਵਾਸ । ਸੋਹੰ ਤੇਰੀ
ਸਚ ਸਿਕਦਾਰੀ । ਚਾਰ ਵਰਨ ਹੋਏ ਪਨਿਹਾਰੀ । ਦੇਵੇ ਵਰ ਗਿਰਧਾਰੀ ਨਰਾਇਣ ਨਰ ਨਰ ਅਵਤਾਰੀ । ਪਾਰਬ੍ਰਹਮ ਮਾਤ ਜੋਤ ਧਰ, ਕਰੇ ਖੇਲ ਅਪਰ ਅਪਾਰੀ ।
ਉਤਰੇ ਪਾਰ ਜੋ ਜਨ ਆਏ ਚਰਨ ਨਿਮਸਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ ਕਾਹਨਾ ਕ੍ਰਿਸ਼ਨਾ ਰਾਮ ਮੁਰਾਰੀ । ਕਾਹਨਾ ਕ੍ਰਿਸ਼ਨਾ
ਮਾਧਵ ਮਾਧੋ । ਪ੍ਰਭ ਅਬਿਨਾਸ਼ੀ ਸਾਚਾ ਲਾਧੋ । ਮਾਤ ਜੋਤ ਪ੍ਰਗਟਾਏ ਬੋਧ ਅਗਾਧੋ । ਏਕਾ ਸ਼ਬਦ ਉਪਜਾਵੇ ਨਾਦਵ ਨਾਦੋ । ਆਪ ਸੁਣਾਏ ਤੀਨ ਲੋਕ ਖੰਡ
ਬ੍ਰਹਿਮੰਡ ਬ੍ਰਹਿਮਾਦੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮਿਲਿਆ ਸਾਚਾ ਮਾਧੋ । ਮੋਹਣ ਮਾਧਵ ਕ੍ਰਿਸ਼ਨ ਮੁਰਾਰੀ । ਕਲ ਜੋਤ ਪ੍ਰਗਟਾਏ ਜੋਤ

ਸਰੂਪੀ ਜਾਮਾ ਧਾਰੀ । ਆਪ ਆਪਣੇ ਵਿਚ ਸਮਾਵੇ । ਕਿਆ ਕੋਈ ਵੇਖੇ ਜੀਵ ਗਵਾਰੀ । ਗੁਰਮੁਖ ਸਾਚੇ ਬੂਝ ਬੁਝਾਏ ਜੋ ਜਨ ਆਏ ਚਲ ਦਵਾਰੀ । ਆਤਮ ਭੇਵ ਗੁਝ ਖੁਲ੍ਹਾਏ ਜੋ ਜਨ ਆਏ ਚਲ ਦਰਬਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਕਾਹਨ ਘਨਈਆ ਰਾਮ ਰਮਈਆ । ਕਲਜੁਗ ਭੇਸ ਵਟਈਆ । ਸ੍ਰਿਸ਼ਟ ਸਬਾਈ ਆਪ ਭੁਲਈਆ । ਸੋਹੰ ਚਲਾਏ ਸਾਚੀ ਨਈਆ । ਸੰਸਾਰ ਸਾਗਰ ਦੇ ਵਿਚ ਰਖਈਆ । ਚਾਰ ਵਰਨ ਏਕਾ ਪੂਰ ਕਰਈਆ । ਏਕਾ ਨਾਮ ਵੰਞ ਮੁਹਾਣਾ ਪ੍ਰਭ ਸਾਚਾ ਨਾਮ ਦਵਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨ ਕਰਾਏ ਏਕਾ ਭੈਣਾਂ ਭਈਆ । ਚਾਰ ਵਰਨ ਏਕਾ ਜ਼ਾਤੀ । ਚਾਰ ਵਰਨ ਏਕਾ ਦਾਤੀ । ਚਾਰ ਵਰਨ ਇਕ ਕਰਾਏ ਭੈਣ ਭਰਾਤੀ । ਚਾਰ ਵਰਨ ਸੋਹੰ ਦੇਵੇ ਏਕਾ ਦਾਨ ਹਰਿ ਵਡ ਵਡ ਦਾਤਨ ਦਾਤੀ । ਏਕਾ ਸ਼ਬਦ ਝੋਲੀ ਪਾਏ, ਗੁਰਮੁਖ ਸਾਚਾ ਰਸਨਾ ਗਾਏ, ਪ੍ਰਭ ਅਬਿਨਾਸ਼ੀ ਦੀਪਕ ਜੋਤ ਜਗਾਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤ ਹੋਏ ਸਹਾਈ, ਚਾਰ ਕੁੰਟ ਊਚ ਨੀਚ ਨਾ ਕੋਈ ਜਾਣੇ ਜਾਤੀ । ਚਾਰ ਵਰਨ ਚਾਰ ਕੁੰਟ ਇਕ ਦਵਾਰ । ਏਕਾ ਏਕ ਕਰੇ ਸੰਸਾਰ । ਏਕਾ ਦੂਆ ਦੇਵੇ ਨਿਵਾਰ । ਤੀਜਾ ਚੌਥਾ ਹੋਏ ਪਾਰ । ਏਕਾ ਰੰਗ ਰੰਗੇ ਕਰਤਾਰ । ਸੋਹੰ ਦੇਵੇ ਸਾਚੀ ਧਾਰ । ਵਰਤੇ ਵਰਤਾਵੇ ਵਿਚ ਸੰਸਾਰ । ਆਪੇ ਕਰੇ ਸਚ ਵਿਹਾਰ । ਕਲਜੁਗ ਹੋਇਆ ਅੰਤ ਖੁਆਰ । ਬੇਮੁਖਾਂ ਆਈ ਹਾਰ । ਪ੍ਰਭ ਅਬਿਨਾਸ਼ ਗਏ ਵਿਸਾਰ । ਮਦਿਰਾ ਮਾਸੀ ਦੁਸ਼ਟ ਦੁਰਾਚਾਰ । ਆਤਮ ਵਸਿਆ ਸਰਬ ਹੰਕਾਰ । ਰਾਮ ਰਮਈਆ ਨਾ ਰਿਹਾ ਕੋਈ ਵਿਚਾਰ । ਕਾਹਨ ਘਨਈਆ ਭੇਸ ਸਰਬ ਸੰਸਾਰ । ਝੂਠਾ ਭੇਖ ਵਟਾਇਆ, ਦਰ ਦਰ ਫਿਰਨ ਭਿਖਾਰ । ਪ੍ਰਭ ਅਬਿਨਾਸ਼ੀ ਸਾਰ ਨਾ ਪਾਇਆ । ਮਾਤ ਜੋਤ ਧਰੇ ਲਏ ਅਵਤਾਰ । ਕਲਜੁਗ ਅੰਤਮ ਅੰਤ ਮੁਕਈਆ, ਕੋਈ ਨਾ ਜਾਣੇ ਪ੍ਰਭ ਦੀ ਸਾਰ । ਸਤਿਜੁਗ ਸਾਚਾ ਮਾਰਗ ਲਈਆ, ਪਹਿਲੀ ਮਾਘ ਕਰੇ ਵਿਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰ । ਚਾਰ ਵਰਨ ਇਕ ਜੋਗ । ਵਾਰ ਵਰਨ ਏਕਾ ਭੋਗ । ਚਾਰ ਵਰਨ ਆ ਮਿਟਾਏ ਹਉਮੇ ਰੋਗ । ਚਾਰ ਵਰਨ ਏਕਾ ਘਰ ਇਕ ਸੰਜੋਗ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਕਟਾਏ ਆਤਮ ਰੋਗ । ਚਾਰ ਵਰਨ ਏਕਾ ਸਿੱਖ । ਚਾਰ ਵਰਨ ਏਕਾ ਭਿੱਖ । ਚਾਰ ਵਰਨ ਏਕਾ ਸੁਖ । ਚਾਰ ਵਰਨ ਏਕਾ ਦੁੱਖ । ਚਾਰ ਵਰਨ ਏਕਾ ਰੁਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕ ਕਰਾਏ ਸਤਿਜੁਗ ਸਾਚਾ ਲਾਏ ਆਪ ਮਿਟਾਏ ਤ੍ਰਿਸ਼ਨਾ ਭੁੱਖ । ਚਾਰ ਵਰਨ ਏਕਾ ਘਰ । ਚਾਰ ਵਰਨ ਏਕਾ ਦਰ । ਚਾਰ ਵਰਨ ਏਕਾ ਸਰਨ । ਚਾਰ ਵਰਨ ਏਕਾ ਚੁੱਕੇ ਡਰ । ਚਾਰ ਵਰਨ ਏਕਾ ਮਿਲਿਆ ਸਾਚਾ ਹਰਿ । ਚਾਰ ਵਰਨ ਘਨਕਪੁਰ ਵਾਸੀ ਚਰਨ ਲਾਗ ਜਾਏ ਤਰ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਕਿਰਪਾ ਜਾਏ ਕਰ । ਚਾਰ ਵਰਨ ਏਕਾ ਰੰਗ । ਚਾਰ ਵਰਨ ਏਕਾ ਸੰਗ । ਚਾਰ ਵਰਨ ਏਕਾ ਮੰਗ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੋਏ ਸਹਾਈ ਅੰਗ ਸੰਗ । ਚਾਰ ਵਰਨ ਇਕ ਦਾਤਾਰਾ । ਚਾਰ ਵਰਨ ਇਕ ਸਰਕਾਰਾ । ਚਾਰ ਵਰਨ ਏਕਾ ਏਕ ਹੁਕਮ ਪਿਆਰਾ । ਚਾਰ ਵਰਨ ਏਕਾ ਝੰਡਾ ਝੁੱਲੇ ਤੇਰੇ ਸੀਸ ਛਤਰ ਝੁਲਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸ਼ਬਦ ਅਧਾਰਾ । ਚਾਰ ਵਰਨ ਇਕ ਧਾਰ । ਚਾਰ ਵਰਨ ਇਕ ਵਿਹਾਰ । ਚਾਰ ਵਰਨ ਏਕਾ ਯਾਰ । ਚਾਰ ਵਰਨ ਇਕ ਭਤਾਰ । ਚਾਰ ਵਰਨ ਏਕਾ ਕੰਤ ਪ੍ਰਭ ਸਾਚਾ ਕਰ ਪਿਆਰ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਸਤਿਗੁਰ ਸਾਚੇ, ਸਾਚੀ ਜੋਤ ਕਰੇ ਅਕਾਰ । ਚਾਰ ਵਰਨ ਏਕਾ ਜੋਤੀ । ਚਾਰ ਵਰਨ ਮਾਣਕ ਮੋਤੀ । ਚਾਰ ਵਰਨ ਦੁਰਮਤ ਮੈਲ ਪ੍ਰਭ ਸਾਚੇ ਧੋਤੀ । ਚਾਰ ਵਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਜਗਾਏ ਏਕਾ ਜੋਤੀ । ਚਾਰ ਵਰਨ ਏਕਾ ਰੀਤਾ । ਚਾਰ ਵਰਨ ਏਕਾ

ਮੀਤਾ । ਚਾਰ ਵਰਨ ਏਕਾ ਦੇਵੇ ਚਰਨ ਪ੍ਰੀਤਾ । ਚਾਰ ਵਰਨ ਖੁੱਲ੍ਹੇ ਹਰਨ ਫਰਨ ਪ੍ਰਭ ਅਬਿਨਾਸ਼ੀ ਦੀਤਾ । ਚਾਰ ਵਰਨ ਜਮ ਕਾ ਚੁੱਕੇ ਡਰਨ, ਨਾਮ ਨਿਧਾਨ ਗੁਰ ਦਰ ਪੀਤਾ । ਚਾਰ ਵਰਨ ਪ੍ਰਭ ਸਾਚੇ ਦੀ ਸਰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਮਾਨਸ ਜਨਮ ਜਾਓ ਜਗ ਜੀਤਾ । ਚਾਰ ਵਰਨ ਏਕਾ ਰਾਮ । ਚਾਰ ਵਰਨ ਏਕਾ ਦਾਮ । ਚਾਰ ਵਰਨ ਏਕਾ ਕੰਮ । ਚਾਰ ਵਰਨ ਏਕਾ ਬ੍ਰਹਮ । ਚਾਰ ਵਰਨ ਏਕਾ ਧਰਮ । ਚਾਰ ਵਰਨ ਏਕਾ ਸ਼ਰਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਰਖਾਏ ਆਪਣੀ ਸਰਨ । ਚਾਰ ਵਰਨ ਏਕਾ ਖਾਣਾ । ਚਾਰ ਵਰਨ ਏਕਾ ਬਾਣਾ । ਚਾਰ ਵਰਨ ਏਕਾ ਤਾਣਾ । ਚਾਰ ਵਰਨ ਏਕਾ ਮਾਣਾ । ਚਾਰ ਵਰਨ ਏਕਾ ਏਕ ਪ੍ਰਭ ਅਬਿਨਾਸ਼ੀ ਜਾਣਾ । ਚਾਰ ਵਰਨ ਸੋਹੰ ਚੜ੍ਹਾਏ ਪ੍ਰਭ ਸਚ ਬਬਾਣਾ । ਚਾਰ ਵਰਨ ਏਕਾ ਧਾਮ । ਚਾਰ ਵਰਨ ਏਕਾ ਰਾਮ । ਚਾਰ ਵਰਨ ਏਕਾ ਸ਼ਾਮ । ਚਾਰ ਵਰਨ ਏਕਾ ਜਾਮ । ਚਾਰ ਵਰਨ ਏਕਾ ਕਾਮ । ਚਾਰ ਵਰਨ ਏਕਾ ਨਾਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਜਪਾਵੇ ਆਤਮ ਦੇਵੇ ਸਾਚਾ ਧਾਮ । ਚਾਰ ਵਰਨ ਏਕਾ ਮਤ । ਚਾਰ ਵਰਨ ਏਕਾ ਤਤ । ਚਾਰ ਵਰਨ ਏਕਾ ਯਤ । ਚਾਰ ਵਰਨ ਏਕਾ ਸਤਿ । ਚਾਰ ਵਰਨ ਏਕਾ ਰਤ । ਚਾਰ ਵਰਨ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇ ਸਮਝਾਵੇ ਮਤ । ਚਾਰ ਵਰਨ ਏਕਾ ਰੀਤ । ਚਾਰ ਵਰਨ ਏਕਾ ਪ੍ਰੀਤ । ਚਾਰ ਵਰਨ ਪ੍ਰਭ ਸਾਚਾ ਕਾਇਆ ਕਰੇ ਸੀਤ । ਚਾਰ ਵਰਨ ਆਪੇ ਪੁਣੇ ਕਰੇ ਪਤਿਤ ਪੁਨੀਤ । ਚਾਰ ਵਰਨ ਸੁਣਾਵੇ ਏਕਾ ਸ਼ਬਦ ਸੋਹੰ ਸਾਚਾ ਗੀਤ । ਚਾਰ ਵਰਨ ਪ੍ਰਭ ਅਬਿਨਾਸ਼ੀ ਮਿਲਿਆ ਹਰਿ ਸਾਚਾ ਮੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਗੁਰਮੁਖ ਸਦ ਗਾਓ ਰਸਨਾ ਗੀਤ । ਗੀਤ ਗੋਬਿੰਦਾ, ਦਰਸ ਦਖਿੰਦਾ, ਮਾਣ ਦਵਿੰਦਾ, ਤਾਣ ਰਖੰਦਾ, ਸਦ ਬਖ਼ਸ਼ੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਸੂਰਾ ਮਰਦੰਗਾ । ਵਡ ਸੂਰਬੀਰਾ, ਸਰਬ ਭਰਪੂਰਾ, ਏਕਾ ਦੇਵੇ ਸਾਚਾ ਨੂਰਾ । ਸ਼ਬਦ ਉਪਜਾਵੇ ਅਨਾਹਦ ਸਾਚੀ ਤੂਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਦੀਪ ਜਗਾਏ ਜਗੇ ਜੋਤ ਜਿਉਂ ਕੋਹਤੂਰਾ । ਕੋਹਤੂਰੀ, ਸਾਚੀ ਨੂਰੀ । ਆਪੇ ਕਰੇ ਸਤਿ ਸਰੂਰੀ । ਜੋ ਜਨ ਆਏ ਚਲ ਹਜ਼ੂਰੀ । ਆਸਾ ਮਨਸਾ ਪ੍ਰਭ ਸਾਚੇ ਪੂਰੀ । ਦੁੱਖਾਂ ਸੁਖਾਂ ਕਰੇ ਦੂਰੀ । ਆਤਮ ਸੁਖਾਂ ਦੇਵੇ ਚੂਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਓ ਸਰਬ ਸੁਖ ਪਾਓ । ਉਤਰੇ ਸਗਲ ਵਸੂਰੀ । ਰਸਨਾ ਗਾਓ ਗੁਣ ਗੋਬਿੰਦਾ । ਆਪ ਉਪਜਾਵੇ ਪਰਮਾਨੰਦਾ । ਕਿਉਂ ਗਵਾਇਆ ਨਿਜ਼ਾਨੰਦਾ । ਪ੍ਰਭ ਅਬਿਨਾਸ਼ੀ ਸਦ ਬਖ਼ਸ਼ਿੰਦਾ । ਆਪ ਉਤਾਰੇ ਮਨ ਕੀ ਚਿੰਦਾ । ਜਨ ਭਗਤ ਬਣਾਏ ਸਾਚੀ ਬਣਤ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਨ ਲਗਾਏ ਸੁਰਪਤ ਰਾਜੇ ਇੰਦਾ । ਤ੍ਰੈਲੋਕੀ ਨਾਥਾ, ਸਗਲਾ ਸਾਥਾ, ਸ੍ਰਿਸ਼ਟ ਸਬਾਈ ਆਪ ਚੜ੍ਹਾਏ ਸੋਹੰ ਸਾਚੇ ਰਾਥਾ । ਸੋਹੰ ਸਾਚਾ ਸ਼ਬਦ ਚਲਾਏ ਸਾਚੀ ਗਾਥਾ । ਗੁਰਮੁਖ ਸਾਚਾ ਪਾਰ ਲੰਘਾਏ, ਆਪ ਲਿਖਾਏ ਲੇਖ ਮਾਥਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਗਲਾ ਸਾਥਾ । ਸਗਲਾ ਸੰਗੀ, ਦੇਵੇ ਦਾਨ ਦਾਤ ਜੋ ਦਰ ਮੂਹੋਂ ਮੰਗੀ । ਆਤਮ ਰਹੇ ਨਾ ਕਿਸੇ ਭੁੱਖੀ ਨੰਗੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਸੂਰਾ ਸਰਬੰਗੀ । ਸੂਰਬੀਰ ਵਡ ਦਾਤਾਰ । ਦੇਵਣਹਾਰ ਆਪ ਕਰਤਾਰ । ਭਰੇ ਰਹਿਣ ਸਦ ਭੰਡਾਰ । ਸ੍ਰਿਸ਼ਟ ਸਬਾਈ ਹੋਏ ਭਿਖਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਆਪੇ ਹੋਏ ਤੇਰਾ ਵਰਤਾਰ । ਸਤਿਜੁਗ ਤੇਰਾ ਸਚ ਵਰਤਾਰਾ । ਪ੍ਰਭ ਅਬਿਨਾਸ਼ੀ ਜਾਮਾ ਧਾਰਾ । ਜੋਤ ਸਰੂਪੀ ਖੇਲ ਅਪਾਰਾ । ਸੋਹੰ ਚਲਾਏ ਸ਼ਬਦ ਅਪਾਰਾ । ਆਪ ਉਠਾਏ ਖੰਡਾ ਦੋ ਧਾਰਾ । ਗੁਰਮੁਖਾਂ ਪਾਰ ਕਰਾਵੇ, ਬੇਮੁਖਾਂ ਡੋਬੇ ਵਿਚ ਮੰਝਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਆਪ ਬੰਧਾਏ ਸਾਚੀ ਧਾਰਾ । ਸਤਿਜੁਗ ਤੇਰਾ ਧੀਰ ਧਰਾਵਣਾ । ਕਲਜੁਗ ਤੇਰਾ ਚੀਰ ਲੁਹਾਵਣਾ । ਗੁਰਮੁਖ


੧੯

ਸਾਚੇ ਅੰਮ੍ਰਿਤ ਸਾਚਾ ਸੀਰ ਪਿਆਵਣਾ । ਹਉਮੇ ਵਿਚੋਂ ਪੀੜ ਗਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਕਰਮ ਕਮਾਵਣਾ । ਕਰਮ ਕਮਾਓ, ਧਰਮ ਰਖਾਓ, ਭਰਮ ਚੁਕਾਓ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਓ । ਸਤਿਜੁਗ ਸਾਚਾ ਮਾਰਗ ਲਾਵਣਾ । ਜੂਠ ਝੂਠ ਸਭ ਨਸ਼ਟ ਕਰਾਵਣਾ । ਸਚ ਸੁੱਚ ਹਰਿ ਆਪ ਵਰਤਾਵਣਾ । ਝੂਠਾ ਭੇਖ ਕੋਈ ਰਹਿਣ ਨਾ ਪਾਵਣਾ । ਵੇਖ ਵੇਖ ਸਰਬ ਸਰਨ ਲਗਾਵਣਾ । ਜੋਤ ਸਰੂਪੀ ਦਰਸ ਦਿਖਾਵਣਾ । ਸਵੱਛ ਸਰੂਪੀ ਨਜ਼ਰੀ ਆਵਣਾ । ਬਿਨ ਰੰਗ ਰੂਪੀ ਆਪਣਾ ਮੇਲ ਮਿਲਾਵਣਾ । ਸਤਿ ਸਰੂਪੀ ਜੋਤੀ ਜੋਤ ਸਮਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰਾ ਸਾਚਾ ਨਾਮ ਧਰਾਵਣਾ । ਸਤਿਜੁਗ ਸਾਚਾ ਨਾਮ ਧਰਾਏ । ਪਹਿਲੀ ਮਾਘ ਜਨਮ ਦਵਾਏ । ਕਲਜੁਗ ਤੇਰੀ ਔਧ ਵਿਹਾਏ । ਕਲਜੁਗ ਜੀਵ ਫੇਰ ਪਛਤਾਨੇ ਵੇਲਾ ਗਿਆ ਹੱਥ ਨਾ ਆਏ । ਸੋਹੰ ਸਾਚਾ ਨਾਮ ਜਪਾਏ, ਏਕਾ ਸਾਚਾ ਬੀਜ ਬਿਜਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਤੇਰੀ ਪੂਰਨ ਰੀਝ ਆਪ ਕਰਾਏ । ਸਤਿਜੁਗ ਤੇਰਾ ਸਾਚਾ ਰੰਗ । ਗੁਰਮੁਖਾਂ ਪ੍ਰਭ ਦਰ ਮੰਗੀ ਮੰਗ । ਆਪ ਮਿਟਾਏ ਸਰਬ ਭੁੱਖ ਨੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਹੋਣ ਨਾ ਦੇਵੇ ਨੰਗ । ਨਾ ਕੋਈ ਭੁੱਖਾ ਨਾ ਕੋਈ ਨੰਗਾ । ਏਕਾ ਰੰਗ ਸਾਰੇ ਸਤਿਜੁਗ ਤੇਰਾ ਰੰਗਾ । ਪ੍ਰਭ ਅਬਿਨਾਸ਼ੀ ਪੂਰਾ ਦਰ ਏਕਾ ਮੰਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਵਰਤਾਵੇ ਕਰਾਏ ਨਾ ਕੋਈ ਮਾੜਾ ਨਾ ਕੋਈ ਚੰਗਾ । ਗੁਰ ਪ੍ਰਸਾਦਿ ਗੁਰ ਆਪ ਵਰਤਾਏ । ਦੁੱਖਾਂ ਰੋਗਾਂ ਨਾਸ ਕਰਾਏ । ਸਾਚੀ ਭਿਛਿਆ ਨਾਮ ਪਾਏ । ਪੂਰਨ ਇਛਿਆ ਆਪ ਕਰਾਏ । ਦਰ ਘਰ ਸਾਚੇ ਜੋ ਚਲ ਆਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
੨੦ ਭਗਵਾਨ, ਹਉਮੇ ਸਹਿੰਸਾ ਰੋਗ ਚੁਕਾਵੇ । ਗੁਰ ਸੰਗਤ ਪ੍ਰਭ ਦੇ ਵਡਿਆਈ । ਪ੍ਰਭ ਦਰ ਆਏ ਸੇਵ ਕਮਾਈ । ਸਾਚਾ ਬੇੜਾ ਪ੍ਰਭ ਬੰਨ੍ਹ ਵਖਾਈ । ਮਹਾਰਾਜ ੨੦
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਤੇਰਾ ਦਰਸ਼ਨ ਪਾਈ । ਦਰ ਘਰ ਵੇਖ ਸਿੰਘ ਸਿੰਘ ਬੈਠਾ ਸੇਜ । ਪ੍ਰਭ ਅਬਿਨਾਸ਼ੀ ਆਪ ਵਖਾਏ ਆਪਣਾ ਤੇਜ । ਦਰ ਆਏ ਭੋਗ ਲਗਾਏ ਆਪ ਰਖਾਏ ਤੇਰੀ ਪੈਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਭੋਜਨ ਭੋਜ ਕਰਾਏ, ਨਾ ਕਰਾਏ ਲੇਹਜ ਫੇਹਜ । ਭੋਜਨ ਭੋਜ ਕਰੇ ਭਗਵਾਨ । ਦਰ ਘਰ ਸਾਚੇ ਸਚ ਪਕਵਾਨ । ਬਿਨ ਗੁਰ ਪੂਰੇ ਭੋਗ ਲਗਾਏ ਕਵਣ ਆਣ । ਦੁੱਖ ਰੋਗ ਸੋਗ ਸਰਬ ਮਿਟ ਜਾਣ । ਭੋਗ ਲੱਗਾ ਤੇਰੇ ਦਰ । ਆਪ ਖੁਲ੍ਹਾਏ ਸਾਚਾ ਦਰ । ਆਪੇ ਜਾਏ ਹਰਿ ਅੰਦਰ ਵੜ । ਪ੍ਰਭ ਅਬਿਨਾਸ਼ੀ ਕਿਰਪਾ ਕਰ । ਆਤਮ ਜੋਤ ਦੇਵੇ ਧਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਖੁਲ੍ਹਾਏ ਤੇਰਾ ਆਤਮ ਸਾਚਾ ਸਰ । ਆਤਮ ਸਰ ਆਪ ਖੁਲ੍ਹਾਏ । ਅੰਮ੍ਰਿਤ ਆਤਮ ਸੀਰ ਪਿਲਾਏ । ਏਕਾ ਤੀਰ ਸ਼ਬਦ ਚਲਾਏ । ਬਜ਼ਰ ਕਪਾਟੀ ਚੀਰ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚੀ ਧੀਰ ਧਰਾਏ । ਏਕਾ ਚੱਲੇ ਤੀਰ ਨਿਸ਼ਾਨਾ । ਮੇਲਾ ਹੋਏ ਭਗਤ ਭਗਵਾਨਾ । ਕਲਜੁਗ ਮਿਟਿਆ ਆਵਣ ਜਾਣਾ । ਪ੍ਰਭ ਅਬਿਨਾਸ਼ੀ ਦਰਸ਼ਨ ਪਾਣਾ । ਦਿਵਸ ਰੈਣ ਰੈਣ ਦਿਵਸ ਪ੍ਰਭ ਸਾਚੇ ਤੇਰੇ ਘਰ ਭਾਗ ਲਗਾਣਾ । ਗੁਰ ਚਰਨ ਲਾਗ ਪ੍ਰਭ ਅਬਿਨਾਸ਼ੀ ਰਸਨਾ ਗਾਣਾ । ਗੁਰਮੁਖ ਸਾਚੇ ਜਾਇਣ ਜਾਗ, ਸੀਤ ਪ੍ਰਸਾਦ ਜਿਸ ਰਸਨਾ ਲਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਹੱਥੀਂ ਆਪ ਵਰਤਾਣਾ । ਆਪਣੀ ਹੱਥੀਂ ਆਪ ਵਰਤਾਏ । ਗੁਰਮੁਖ ਸਾਚੇ ਆਪ ਜਗਾਏ । ਦੁੱਖ ਰੋਗ ਸਰਬ ਮਿਟਾਏ । ਹਉਮੇ ਰੋਗ ਰਹਿਣ ਨਾ ਪਾਏ । ਦਰਸ ਅਮੋਘ ਆਪ ਦਿਖਾਏ । ਸੋਹੰ ਸਾਚਾ ਜੋਗ ਦਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਤੇਰੇ ਦਰ ਘਰ ਭਾਗ ਲਗਾਏ । ਭਾਗ ਲਗਾਇਆ ਦਰ ਘਰ ਆਣ । ਕਿਰਪਾ ਕਰੀ ਹਰਿ ਆਪ ਭਗਵਾਨ । ਗੁਰਮੁਖ ਲਾਏ ਸਾਚੇ ਲੇਖੇ ਦਰ ਘਰ ਹੋਏ ਪ੍ਰਵਾਨ । ਸਾਚਾ ਝੁੱਲੇ ਇਕ ਨਿਸ਼ਾਨ । ਦੇਵੇ ਵਡਿਆਈ ਵਾਲੀ ਦੋ ਜਹਾਨ । ਸਾਚਾ ਦਰ

ਸਾਚਾ ਘਰ ਜਿਥੇ ਵਸਿਆ ਹਰਿ ਭਗਵਾਨ । ਗੁਰ ਸੰਗਤ ਦਰ ਸੇਵ ਕਮਾਈ । ਪ੍ਰਭ ਅਬਿਨਾਸ਼ੀ ਲੇਖੇ ਲਾਈ । ਦਿਵਸ ਸ਼ੁਧ ਭੰਡਾਰ ਕਰਾਈ । ਦੁੱਖ ਭੁੱਖ ਰਹੇ ਨਾ ਰਾਈ । ਸਾਚਾ ਸੁਖ ਹਰਿ ਉਪਜਾਈ । ਉਜਲ ਮੁਖ ਜਗਤ ਕਰਾਈ । ਮਾਤ ਕੁੱਖ ਸੁਫਲ ਕਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਤੇਰੀ ਸੇਵ ਕਮਾਈ । ਉਜਲ ਹੋਈ ਮਾਤ ਕੁੱਖ । ਕਰ ਦਰਸ ਉਤਰੀ ਭੁੱਖ । ਆਤਮ ਰਹੇ ਕੋਈ ਨਾ ਦੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਗੇੜ ਕਟਾਏ, ਗਰਭਵਾਸ ਨਾ ਹੋਏ ਉਲਟਾ ਰੁਖ । ਪ੍ਰਭ ਅਬਿਨਾਸ਼ੀ ਦਇਆ ਕਮਾਵਣਾ । ਗਰਭਵਾਸ ਫੇਰ ਨਾ ਆਵਣਾ । ਲੱਖ ਚੁਰਾਸੀ ਗੇੜ ਮਿਟਾਵਣਾ । ਵੇਲੇ ਅੰਤ ਪ੍ਰਭ ਸਾਚੇ ਦਰਸ ਦਿਖਾਵਣਾ । ਬਾਹੋਂ ਪਕੜ ਗਲੇ ਲਗਾਵਣਾ । ਗੋਦ ਆਪਣੀ ਵਿਚ ਬਿਠਾਵਣਾ । ਧਰਮ ਰਾਏ ਮੂੰਹ ਛੁਪਾਵਣਾ । ਪ੍ਰਭ ਅਬਿਨਾਸ਼ੀ ਸੰਗ ਰਲਾਵਣਾ । ਸਚ ਧਾਮ ਦੇ ਵਿਚ ਬਹਾਵਣਾ । ਆਪ ਮਿਟਾਏ ਆਣਾ ਜਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਕਰਮ ਕਮਾਵਣਾ । ਗੁਰਮੁਖ ਤੇਰੀ ਘਾਲ ਥਾਏਂ । ਪ੍ਰਭ ਅਬਿਨਾਸ਼ੀ ਹੋਏ ਸਹਾਏ । ਸਾਚੀ ਲਿਖਤ ਰਿਹਾ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਾਹ ਸਾਚੀ ਮਾਣ ਦਵਾਏ । ਦਰਗਾਹ ਸਾਚੀ ਧਾਮ ਨਿਆਰਾ । ਏਕਾ ਏਕ ਕਰੇ ਜੋਤ ਅਕਾਰਾ । ਬਿਨ ਬਾਤੀ ਬਿਨ ਤੇਲ ਸੱਚਾ ਦੀਦ ਕਰੇ ਉਜਿਆਰਾ । ਗੁਰਮੁਖ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਮਾਣ ਦਵਾਏ ਤੇਰੇ ਆਏ ਦਰ ਦਵਾਰਾ । ਗੁਰਮੁਖ ਸਾਚਾ ਕਲਜੁਗ ਜਾਗਿਆ । ਪੂਰਨ ਹੋਏ ਕਲਜੁਗ ਭਾਗਿਆ । ਪ੍ਰਭ ਅਬਿਨਾਸ਼ੀ ਆਤਮ ਧੋਇਆ ਦਾਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ ਜੋ ਜਨ ਸਰਨੀ ਤੇਰੀ ਲਾਗਿਆ । ਸਰਨ ਲਾਗ ਕਰੀ ਸੇਵਾ । ਸੋਹੰ ਦੇਵੇ ਪ੍ਰਭ ਸਾਚਾ ਮੇਵਾ । ਪ੍ਰਭ ਅਬਿਨਾਸ਼ੀ ਵਡ ਦੇਵੀ ਦੇਵਾ । ਸਾਚਾ ਸ਼ਬਦ ਜਪਾਏ ਰਸਨਾ ਜੇਹਵਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਕਾਇਆ ਮੁੰਦਰੀ ਵਿਚ ਲਗਾਏ ਸੋਹੰ ਥੇਵਾ । ਕਾਇਆ ਅੰਦਰ ਆਨ ਬਾਟ । ਆਪ ਖੁਲ੍ਹਾਏ ਬਜ਼ਰ ਕਪਾਟ । ਸੋਹੰ ਸ਼ਬਦ ਰਸਨ ਜਪਾਏ ਆਪ ਚੜ੍ਹਾਏ ਔਖੇ ਘਾਟ । ਅੱਗਾ ਨੇੜੇ ਦਿਸੇ ਵਾਟ । ਪ੍ਰਭ ਅਬਿਨਾਸ਼ੀ ਤੇਰੀ ਆਤਮ ਸੁੱਤਾ, ਤੇਰੀ ਕਾਇਆ ਬਣਾਈ ਖਾਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਕਰੇ ਪ੍ਰਕਾਸ਼ ਤੇਰੀ ਵਿਚ ਲਲਾਟੇ । ਏਕਾ ਜੋਤ ਜਗੇ ਲਲਾਟੇ, ਪ੍ਰਭ ਪੂਰਨ ਕਰੇ ਘਾਟੇ । ਬੇਮੁਖਾਂ ਤਨ ਝੂਠੇ ਪਾਟੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਪਾਰ ਉਤਾਰੇ ਜਸ ਜਨ ਰਸਨਾ ਰਾਟੇ । ਹਰਿ ਅੰਮ੍ਰਿਤ ਮੇਘ ਬਰਸਾਇੰਦਾ । ਕਰ ਕਿਰਪਾ ਪਾਰ ਲੰਘਾਇੰਦਾ । ਦੁੱਖੀਆਂ ਦੁੱਖ ਗਵਾਇੰਦਾ । ਜਿਸ ਰਸਨਾ ਬੂੰਦ ਲਗਾਇੰਦਾ । ਆਤਮ ਤ੍ਰਿਸ਼ਨਾ ਭੁੱਖ ਗਵਾਇੰਦਾ । ਬੱਤੀ ਦੰਦਾਂ ਵਿਚੋਂ ਲਿਖਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਕਰਮ ਕਮਾਇੰਦਾ । ਅੰਮ੍ਰਿਤ ਪੀਵਣਾ ਸਦਾ ਜਗ ਜੀਵਣਾ । ਪ੍ਰਭ ਅਬਿਨਾਸ਼ੀ ਚਰਨੀ ਨੀਵਣਾ । ਤਨ ਪਾਟਾ ਆਪਣਾ ਸੀਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖੇ ਲਾਏ ਤੇਰਾ ਜੀਵਣਾ । ਅੰਮ੍ਰਿਤ ਆਤਮ ਸਾਚੀ ਧਾਰ । ਕਰ ਕਿਰਪਾ ਦੇਵੇ ਹਰਿ ਗਿਰਧਾਰ । ਗੁਰ ਸੰਗਤ ਕੀਆ ਚਰਨ ਪਿਆਰ । ਸਚਖੰਡ ਨਿਵਾਸੀ ਮਾਤਲੋਕ ਲਿਆ ਅਵਤਾਰ । ਘਨਕਪੁਰ ਵਾਸੀ ਕਲ ਆਇਆ ਭੇਖ ਧਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਰਿਹਾ ਪਸਾਰ । ਗੁਰ ਸੰਗਤ ਗੁਰ ਸੰਗਤ ਏਕਾ ਰੰਗ ਰੰਗਾਏ । ਏਕਾ ਦੇਵੇ ਨਾਮ ਰੰਗਤ ਘਰ ਸਾਚੇ ਹਰਿ ਵਿਦਾ ਕਰਾਏ । ਕਦੇ ਨਾ ਹੋਏ ਭੁੱਖਾ ਨੰਗਤ, ਜੋ ਜਨ ਰਸਨਾ ਗਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨਮ ਕਰਮ ਧਰਮ ਸਭ ਲੇਖੇ ਲਾਏ ।


੨੧

✻ ੧੨ ਜੇਠ ੨੦੧੦ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਭੁਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✻

ਉਲਟੀ ਹੋਈ ਮਤ, ਉਲਟੀ ਰੀਤ ਹੈ । ਉਲਟੀ ਹੋਈ ਮਤ, ਨਾ ਚਰਨ ਪ੍ਰੀਤ ਹੈ । ਆਪੇ ਪਰਖੇ ਨੀਤ ਹੈ । ਪ੍ਰਭ ਸਾਚਾ ਨੇਤਨ ਨੀਤ ਹੈ । ਆਪੇ ਜਾਣੇ ਜਾਣ ਵਖਾਣੇ, ਸਰਬ ਜੀਆਂ ਦੇ ਵਿਚ ਸਮਾਣੇ, ਜੋ ਕੁਛ ਰਹੀ ਬੀਤ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਠੰਡਾ ਸੀਤ ਹੈ । ਹੁਕਮ ਹਕੂਮਤ ਗਈ ਛੁਟ । ਦੋਵੇਂ ਗਏ ਜਗਤ ਨਿਖੁੱਟ । ਆਪੇ ਦੇਵੇ ਜੜ੍ਹ ਪੁੱਟ । ਰਸਨਾ ਰਸ ਜੋ ਲਏ ਲੁੱਟ । ਝੂਠਾ ਜੂਠਾ ਪੀਆ ਘੁੱਟ । ਪ੍ਰਭ ਅਬਿਨਾਸ਼ੀ ਲੜ ਗਿਆ ਛੁਟ । ਧੁਰਦਰਗਾਹੀ ਬਾਹਰ ਕੱਢੇ ਵੇਲੇ ਅੰਤ ਕੁੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਮਾਰੇ ਸ਼ਬਦ ਸੁੱਟ । ਆਤਮ ਅੰਧਾ ਗੁਰ ਬਣਾਇਆ । ਪਾਪੀ ਬੰਦਾ ਸਾਰ ਅਖਵਾਇਆ । ਆਤਮ ਅੰਧਾ ਆਪ ਜਗਾਇਆ । ਆਪ ਆਪਣੇ ਭਾਣੇ ਵਿਚ ਸਮਾਇਆ । ਬਚਨ ਭੁੱਲੇ ਜਗਤ ਰੁੱਲੇ ਝੂਠੇ ਤੋਲ ਤੁੱਲੇ ਝੂਠੀ ਖੇਲ ਹੋਈ ਗੁੱਲੇ ਨਾ ਕੋਈ ਫਲੇ ਨਾ ਕੋਈ ਫੁੱਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮਿਟਾਏ ਪਹਿਲੇ ਬੁੱਲੇ । ਭੁਲ ਭੁਲਾਇਆ ਉਲਟਾ ਰਾਹ ਚਲਾਇਆ । ਹੰਕਾਰ ਵਿਕਾਰ ਵਿਚ ਸਮਾਇਆ । ਝੂਠੀ ਕਾਰ, ਝੂਠਾ ਯਾਰ, ਝੂਠਾ ਵਿਹਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਬਾਣ ਆਪ ਲਗਾਇਆ । ਝੂਠੇ ਯਾਰ ਯਾਰ ਕੁੜਿਆਰ । ਅੰਧ ਅੰਧਿਆਰੇ ਦੇਵੇ ਡਾਰ । ਨਾ ਕੋਈ ਦਿਸੇ ਪਾਰ ਕਿਨਾਰ । ਜਿਥੇ ਵਸੇ ਸਚ ਭਤਾਰ । ਵੇਲੇ ਅੰਤ ਨਾ ਆਵੇ ਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵੇਖੇ ਕਰ ਪਿਆਰ । ਝੂਠੀ ਯਾਰੀ ਉਲਟਾ ਰਾਹ । ਝੂਠੇ ਵਹਿਣ ਦਿਤਾ ਵਹਾ । ਸੱਚੇ ਦਰ ਕੋਈ ਰਹਿਣ ਨਾ ਪਾ । ਮਹਾਰਾਜ
੨੨ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਸਾਚਾ ਥਾਂ । ਆਤਮ ਵਡ ਵਡ ਹੰਕਾਰ । ਨਾ ਉਠੇ ਕਰਨ ਚਰਨ ਨਿਮਸਕਾਰ । ਪ੍ਰਭ ਅਬਿਨਾਸ਼ੀ ਕੀਆ ਖੇਲ ਅਪਾਰ । ੨੨
ਗੁਰਮੁਖਾਂ ਮਾਣ ਤਾਣ ਰੱਖੇ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਂਡਾ ਭਰਮ ਦੇ ਨਿਵਾਰ । ਭਾਂਡਾ ਭਰਮ ਪ੍ਰਭ ਦੇਵੇ ਭੰਨ । ਏਕਾ ਕੱਢੇ ਆਤਮ ਜਨ । ਏਕਾ ਤਾਓ ਚੜ੍ਹਾਏ ਤਨ । ਏਕਾ ਨਾਉਂ ਦੇਵੇ ਡੰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਹਿਣ ਨਾ ਦੇਵੇ ਕੋਈ ਝੂਠਾ ਤਨ । ਤਨ ਮੰਦਰ ਅਗਨ ਵਾਂਗ ਤਪੇ । ਪ੍ਰਭ ਅਬਿਨਾਸ਼ੀ ਜਾਣੇ ਨਾ ਕੋਇ ਮਾਏ ਨਾ ਕੋਈ ਬਾਪੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਬੈਠਾ ਕਿਆ ਕੋਈ ਛੁਪੇ । ਕਿਆ ਕੋਈ ਛੁਪੇ ਛੁਪਾਏ । ਆਪੇ ਫੜ ਲਏ ਉਠਾਏ । ਆਤਮ ਕਿਲ੍ਹਾ ਗੜ੍ਹ ਤੁੜਾਏ । ਝੂਠੀ ਜੜ੍ਹ ਆਪ ਕਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਹਰਿ ਵਰਤਾਏ । ਭਾਣਾ ਭਾਵਨਾ ਸਰਬ ਚਲਾਵਣਾ । ਪ੍ਰਭ ਅਬਿਨਾਸ਼ੀ ਜੋਤ ਪ੍ਰਗਟਾਈ ਆਪ ਕਰਾਏ ਆਪਣੇ ਕਾਮਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਹੰਕਾਰ ਗਵਾਵਣਾ । ਆਤਮ ਹੰਕਾਰੀ ਆਤਮ ਅੰਧੇ । ਪ੍ਰਭ ਅਬਿਨਾਸ਼ੀ ਆਪੇ ਜਾਣੇ ਚੰਗੇ ਮੰਦੇ । ਜੂਠੇ ਝੂਠੇ ਪਾਪੀ ਗੰਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਕਰਾਏ ਆਤਮ ਅੰਧੇ । ਆਤਮ ਅੰਧੇ ਹੋਏ ਹੰਕਾਰੀ । ਕਿਆ ਕੋਈ ਕਰੇ ਜੀਵ ਗਵਾਰੀ । ਰਸਨਾ ਲੋਭ ਪਾਪਾਂ ਭਾਰੀ । ਤਿਨਾਂ ਤਾਈਂ ਮਿਲੀ ਸਿਕਦਾਰੀ । ਪੰਜਾਂ ਚੋਰਾਂ ਚੰਗੀ ਯਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਚੇ ਬੈਠਾ ਸਰਬ ਜੀਆਂ ਕਰੇ ਵੇਖ ਵਿਚਾਰੀ । ਆਪੇ ਵੇਖੇ ਆਤਮ ਦਰ । ਏਕਾ ਜੋਤ ਅਵਤਾਰ ਨਰ । ਸਭ ਦੇ ਅੰਦਰ ਰਿਹਾ ਵੜ । ਦਿਵਸ ਰੈਣ ਰੈਣ ਦਿਵਸ ਸਾਚਾ ਲੇਖਾ ਰਿਹਾ ਕਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਭੇਖ ਧਰ । ਵੇਖ ਵਿਚਾਰੇ, ਭਰਮ ਨਿਵਾਰੇ, ਆਤਮ ਸੁਧਾਰੇ । ਹਉਮੇ ਰੋਗ ਨਾ ਕੋਈ ਵਿਚਾਰੇ । ਗੁਰ ਗੋਬਿੰਦ ਦੋਏ ਚਰਨ ਦਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਲੇਖ ਲਿਖਾਰੇ । ਆਤਮ ਲੇਖਾ ਇਕ ਲਿਖਾਵਣਾ । ਗੁਰਮੁਖ ਸਾਚੇ ਆਪ ਨਾਮ ਜਪਾਵਣਾ । ਗੁਰਸਿਖ ਦਰ ਘਰ ਸਾਚੇ ਆਪ

ਵਸਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਗੁਰ ਲੈਣਾ ਵਰ । ਸਾਚਾ ਸੀਸ ਛਤਰ ਝੁਲਾਵਣਾ । ਗੁਰ ਗੋਬਿੰਦ ਏਕਾ ਦਰ । ਗੁਰ ਗੋਬਿੰਦ ਏਕਾ ਘਰ । ਗੁਰ ਗੋਬਿੰਦ ਏਕਾ ਸਰ । ਗੁਰ ਗੋਬਿੰਦ ਲੈਣਾ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝੂਠਾ ਜੂਠਾ ਰਹੇ ਨਾ ਤੇਰੇ ਦਰ । ਝੂਠੀ ਮਾਇਆ, ਝੂਠੀ ਛਾਇਆ । ਝੂਠੇ ਧੰਦੇ ਆਪ ਗਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਸੇ ਹੱਥ ਨਾ ਆਇਆ । ਕਿਆ ਕੋਈ ਫੜੇ ਕਿਆ ਕੋਈ ਖੜੇ, ਕਿਆ ਕੋਈ ਅੜੇ । ਆਪੇ ਆਪ ਕਰਾਏ ਜੋ ਮਨ ਮੰਨੇ । ਕਰੇ ਕਰਾਏ ਜੋ ਮਨ ਭਾਏ । ਆਪੇ ਚਲੇ ਆਪਣੀ ਰਜਾਏ । ਲਹਿਣੇਦਾਰ ਆਪ ਅਖਵਾਏ । ਦੇਵਣਹਾਰ ਸ੍ਰਿਸ਼ਟ ਸਬਾਈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੋ ਸਾਚ ਨਿਆਂ ਕਰਾਏ । ਸਾਚਾ ਨਾਉਂ ਸਾਚਾ ਲੇਖਾ ਸਾਚਾ ਭੇਖਾ, ਧੁਰ ਦਰਗਾਹੇ ਕੱਢੇ ਭਰਮ ਭੁਲੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਧਾਰੇ ਭੇਖਾ । ਧੀਰਜ ਧਰਮ ਤਤ ਗਿਆਨ । ਝੂਠੀ ਮਤ ਹੋਈ ਕਿਉਂ ਭੁੱਲਾ ਬਣ ਅੰਞਾਣ । ਪ੍ਰਭ ਅਬਿਨਾਸ਼ੀ ਨਾ ਸਕੇ ਪਛਾਣ । ਊਚ ਨੀਚ ਇਕ ਅਸਥਾਨ । ਸੂਚੋ ਸੂਚ ਆਪ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖ ਲਿਖਾਵਣਾ । ਸਚ ਦਰਬਾਰ ਸਾਚਾ ਆਸਣ । ਆਏ ਬੈਠਾ ਸਾਚੇ ਆਸਣ । ਆਪੇ ਬੈਠਾ ਜੋਤ ਪ੍ਰਕਾਸ਼ਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਕਰੇ ਸਰਬ ਵਿਨਾਸਣ । ਜਗਤ ਰੀਤੀ ਸਤਿ ਹੈ, ਗੁਰ ਚਰਨ ਕਰੋ ਪਿਆਰ । ਜਗਤ ਰੀਤੀ ਸਤਿ ਹੈ, ਹੋਏ ਝੂਠਾ ਜਨਮ ਖੁਆਰ । ਜਗਤ ਰੀਤੀ ਇਕ ਸਤਿ ਹੈ, ਕਰ ਦਰਸ ਪਾਰਬ੍ਰਹਮ ਪੂਰਨ ਹਰਿ ਅਵਤਾਰ । ਜਗਤ ਰੀਤੀ ਸਤਿ ਹੈ, ਸਾਚਾ ਨਾਮ ਰਸਨ ਉਚਾਰ । ਜਗਤ ਰੀਤੀ ਸਤਿ ਹੈ, ਜੂਠ ਝੂਠ ਦੇਵੇ ਨਿਵਾਰ । ਜਗਤ ਰੀਤੀ ਸਤਿ ਹੈ,

੨੩ ਨਾਮ ਮਜੀਠ ਲਏ ਗੁਰ ਦਰਬਾਰ । ਜਗਤ ਰੀਤੀ ਸਤਿ ਹੈ, ਕਰ ਦਰਸ ਹਰਿ ਜਾਏ ਤਰ ਉਤਰੇ ਪਾਰ । ਜਗਤ ਰੀਤੀ ਸਤਿ ਹੈ, ਚਰਨ ਕਵਲ ਕਵਲ ਦਰ ੨੩

ਸੀਸ ਮਿਲੇ ਜਗਦੀਸ਼ ਆਤਮ ਹੋਏ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ਼ਨ ਦੇਵੇ ਅਗੰਮ ਅਪਾਰ । ਜਗਤ ਰੀਤੀ ਇਕ ਸਚ ਹੈ, ਸਾਚਾ ਦੇਵੇ ਚਰਨ ਪਿਆਰੋ । ਜਗਤ ਰੀਤੀ ਸਤਿ ਹੈ, ਪੂਰੇ ਗੁਰ ਸਦ ਨਿਮਸਕਾਰੋ । ਜਗਤ ਰੀਤੀ ਸਤਿ ਹੈ, ਝੂਠੇ ਧੰਦੇ ਜਗਤ ਵਿਹਾਰੋ । ਜਗਤ ਰੀਤੀ ਸਤਿ ਹੈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੈਠਾ ਸਚ ਦਰਬਾਰੋ । ਜਗਤ ਰੀਤੀ ਸਤਿ ਹੈ, ਸਾਚਾ ਹਰਿ ਦਰਬਾਰਾ । ਜਗਤ ਰੀਤੀ ਇਕ ਸਤਿ ਹੈ, ਜੋਤ ਸਰੂਪੀ ਹਰਿ ਨਿਰੰਕਾਰਾ । ਜਗਤ ਰੀਤੀ ਸਤਿ ਹੈ, ਕਰ ਦਰਸ ਆਏ ਗੁਰ ਚਰਨ ਦਵਾਰਾ । ਜਗਤ ਰੀਤੀ ਸਤਿ ਹੈ, ਮਾਨਸ ਜਨਮ ਉਤਰਸ ਪਾਰਾ । ਜਗਤ ਰੀਤੀ ਸਤਿ ਹੈ, ਅੰਤਮ ਦੇਵੇ ਹਰਿ ਸਾਚਾ ਮੋਖ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਏ ਚਲ ਦਵਾਰਾ । ਜਗਤ ਪ੍ਰੀਤੀ ਸਚ ਰੀਤ ਹੈ, ਕਿਉਂ ਭੁਲਿਓ ਜੀਵ ਗਵਾਰਿਆ । ਜਗਤ ਪ੍ਰੀਤੀ ਸਚ ਰੀਤ ਹੈ, ਗੁਰ ਗੋਬਿੰਦ ਸੁਹਣ ਇਕ ਦਵਾਰਿਆ । ਜਗਤ ਪ੍ਰੀਤੀ ਸਤਿ ਹੈ, ਬਲ ਬਲ ਜਾਓ ਸਦ ਬਲਹਾਰਿਆ । ਜਗਤ ਰੀਤੀ ਸਤਿ ਹੈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਖੇਲ ਕਿਉਂ ਵਕਤ ਗਵਾ ਰਿਹਾ । ਵਡ ਭੰਡਾਰਾ ਗੁਰ ਹਜ਼ੂਰਿਆ । ਪ੍ਰਭ ਦੁੱਖਾਂ ਭੁੱਖਾਂ ਕਰੇ ਦੂਰਿਆ । ਸਾਚਾ ਸੁਖ ਸਹਿਜ ਸਬੂਰੀਆ । ਹਰਿ ਆਸਾ ਮਨਸਾ ਪੂਰੀਆ । ਆਪ ਕੱਟੇ ਜਗਤ ਮਜ਼ਬੂਰੀਆ । ਅੱਗਾ ਨੇੜੇ ਆਇਆ ਪਿੱਛਾ ਰਿਹਾ ਦੂਰਿਆ । ਪ੍ਰਭ ਸਾਚਾ ਫੇਰ ਸੁਣਾ ਰਿਹਾ, ਜੋ ਨਾ ਭੁੱਲ ਬਣ ਗਰੂਰੀਆ । ਸਾਚੀ ਬਣਤ ਫੇਰ ਬਣਾ ਰਿਹਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਘਰ ਹਜ਼ੂਰੀਆ । ਸਚ ਵਸਤ ਗੁਰ ਅੱਗੇ ਟਿਕਾਈ, । ਦੁੱਖ ਭੁੱਖ ਹਰਿ ਦੇ ਮਿਟਾਈ । ਸਾਚਾ ਸੁਖ ਦੇ ਉਪਜਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇ ਮਤ ਸਮਝਾਈ । ਏਕਾ ਜਾਣੋ ਹਰਿ ਭਗਵਾਨ । ਦੂਜਾ ਕੋਈ ਨਾ ਵਿਚ ਜਹਾਨ । ਤੀਜਾ ਦਿਸੇ ਨਾ ਕੋਈ ਨਿਸ਼ਾਨ । ਚੌਥਾ ਵੇਖੋ ਏਕ ਬਲੀ ਬਲਵਾਨ । ਪੰਚਮ ਪੰਚ ਮਿਲੇ ਪ੍ਰਵਾਨ ।

ਅੰਮ੍ਰਿਤ ਆਤਮ ਸਿੰਚ ਪ੍ਰਭ ਸਾਚਾ ਦੇਵੇ ਹਰਿ ਦਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਲਿਖਤ ਲਿਖਾਣ । ਸਾਚੇ ਸ਼ਬਦ ਸਚ ਸੰਦੇਸ਼ਾ । ਨਾ ਕੋਈ ਭਰਮ ਨਾ ਭੁਲੇਖਾ । ਅਗਲਾ ਪਿਛਲਾ ਚੁੱਕੇ ਲੇਖਾ । ਨਾ ਕੋਈ ਸਿਖੇ ਨਾ ਸਿਖਾਏ ਨਾ ਕੋਈ ਰਹੇ ਵਿਚ ਭੁਲੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਫੇਰ ਲਿਖਾਏ ਲੇਖਾ । ਸਾਚੇ ਲੇਖ ਫਿਰ ਲਿਖਾਵਣਾ । ਗੁਰ ਪ੍ਰਸਾਦੀ ਭੋਗ ਲਗਾਵਣਾ । ਪੰਚਮ ਪੋਏ ਇਕ ਵਰਤਾਵਣਾ । ਸਾਚਾ ਸਤਿ ਆਤਮ ਤਤ ਸਾਚੀ ਮਤ ਨਿਜ ਧੀਰਜ ਹਰਿ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਦੇ ਨਾ ਮਨੋਂ ਭੁਲਾਵਣਾ । ਸਾਚੀ ਵਸਤ ਰੱਖੀ ਹਰਿ ਥਾਰ । ਕਿਰਪਾ ਕਰੇ ਆਪ ਗਿਰਧਾਰ । ਭਰੇ ਰਹਿਣ ਸਦ ਭੰਡਾਰ । ਮਾਤਲੋਕ ਨਾ ਆਵੇ ਹਾਰ । ਏਕਾ ਜੋਤ ਧਰੇ ਕਰਤਾਰ । ਕਰ ਕਿਰਪਾ ਜਾਏ ਤਾਰ । ਪੰਜਾਂ ਬਖ਼ਸ਼ੇ ਇਕ ਪਿਆਰ । ਦੂਤਾਂ ਦੁਸ਼ਟਾਂ ਕਰੇ ਖਵਾਰ । ਜੂਠਾ ਝੂਠਾ ਰਹਿਣ ਨਾ ਪਾਏ ਗੁਰਸਿਖ ਤੇਰੇ ਸਚ ਦਰਬਾਰ । ਚੁਗਲ ਨਿੰਦਕ ਦੁਸ਼ਟ ਦੁਰਾਚਾਰ । ਪ੍ਰਭ ਸਾਚਾ ਕਰੇ ਖਵਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਸਰਬ ਸਾਰ । ਚੁਗਲੀ ਨਿੰਦਿਆ ਜਗਤ ਬਖੀਲੀ, ਜੋ ਕੋਈ ਆਤਮ ਲਾਵੇ ਤੀਲੀ, ਆਤਮ ਰੱਤ ਪ੍ਰਭ ਸਾਚੇ ਪੀ ਲੀ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਾਇਆ ਖਾਲੀ ਕਰੇ ਪਤੀਲੀ । ਸਾਚੀ ਮਤ ਸਚ ਉਪਦੇਸ । ਗੁਰ ਪੂਰੇ ਕੋ ਕਰੋ ਆਦੇਸ । ਪ੍ਰਗਟ ਜੋਤ ਆਏ ਵਿਚ ਮਾਝੇ ਦੇਸ । ਜੋਤ ਸਰੂਪੀ ਧਾਰੇ ਭੇਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਇਕ ਨਰੇਸ਼ । ਇਕ ਨਰੇਸ਼ ਇਕ ਨਿਰੰਜਣ । ਪੰਚਾਂ ਦੇਵੇ ਏਕਾ ਮਜਨ । ਆਪੇ ਬਣੇ ਸਾਚਾ ਸੱਜਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਨਗਾਰੇ ਤੇਰੇ ਵੱਜਣ । ਸ਼ੁਧ ਨਗਾਰਾ ਆਤਮ ਢੋਲ । ਦੂਈ ਦਵੈਤੀ ਪਰਦਾ ਦੇਵੇ
੨੪ ਖੋਲ੍ਹ । ਗੁਰਸਿਖ ਨਾ ਮਾਰੇ ਗੁਰ ਘਰ ਬੋਲ । ਮਹਾਰਾਜ ਸ਼ੇਰ ਸਿੰਘ ਪੰਚਾਂ ਵਸੇ ਸਦਾ ਕੋਲ । ਪੰਚੇ ਵੇਖੋ ਹਰਿ ਹਰਿ ਪੰਚ । ਏਕਾ ਲਾਏ ਆਤਮ ਅੰਚ । ਬੇਮੁਖ ੨੪
ਕਾਇਆ ਕੂੜੀ ਕੰਚ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਾਂ ਸਿਰ ਆਪ ਸਰਪੰਚ । ਪੰਚਾਂ ਮਿਲਿਆ ਸਾਚਾ ਪੀਰ । ਹੋਏ ਸਹਾਈ ਆਪ ਦਸਤਗੀਰ । ਏਕਾ ਸ਼ਬਦ ਦੇਵੇ ਜਗ ਸਾਚੀ ਧੀਰ । ਪੰਜੇ ਬਣ ਜਾਓ ਸਾਚੇ ਵੀਰ । ਵੇਲਾ ਗਿਆ ਹੱਥ ਨਾ ਆਵਣਾ, ਕਾਹਨੂੰ ਹੋਏ ਲੀਰੋ ਲੀਰ । ਬੇਮੁਖ ਘਰ ਘਰ ਦਰ ਦਰ ਫਿਰਨ ਜਿਉਂ ਭੌਂਦੇ ਭੇਖਧਾਰੀ ਫਕੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਾਂ ਆਪਣੀ ਹੱਥੀਂ ਆਪ ਪਿਲਾਏ ਸਾਚਾ ਸੀਰ । ਆਪ ਆਪਣੀ ਗੋਦ ਰਖਾਇਆ । ਅੰਮ੍ਰਿਤ ਸਾਚਾ ਸੀਰ ਪਿਲਾਇਆ । ਦਿਵਸ ਰੈਣ ਰੈਣ ਦਿਵਸ ਸਦ ਅੰਗ ਰਖਾਇਆ । ਵੇਲੇ ਅੰਤਮ ਅੰਤ ਝੂਠੇ ਧੰਦੇ ਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਅੰਧੇ ਦੇ ਸਮਝਾਇਆ । ਆਤਮ ਅੰਧੇ ਨਾ ਭੁੱਲ ਨਿਧਾਨਾ । ਪੰਚਾਂ ਵਾਲੀ ਇਕ ਭਗਵਾਨਾ । ਆਪ ਬਣਾਏ ਆਪਣਾ ਬਾਣਾ । ਆਪੇ ਢਾਹੇ ਕਿਆ ਕੋਈ ਕਰੇ ਜੀਵ ਅੰਞਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣਾ । ਆਪ ਉਗਾਏ ਆਪਣੇ ਵੱਤੇ । ਕਿਆ ਕੋਈ ਦੇਵੇ ਘਰ ਘਰ ਗੁਰ ਦਰ ਮਤੇ । ਆਤਮ ਹੋਈ ਜਿਨ੍ਹਾਂ ਤਤੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੰਚਮ ਜੋਤ ਸੱਤੇ । ਪੰਚਮ ਜੋਤ ਕਰੇ ਪ੍ਰਕਾਸ਼ । ਅਗਿਆਨ ਅੰਧੇਰ ਜਾਏ ਵਿਨਾਸ । ਪ੍ਰਭ ਅਬਿਨਾਸ਼ੀ ਕਿਉਂ ਭੁੱਲੇ ਪੁਰਖ ਅਬਿਨਾਸ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਆਪਣੀ ਰਾਸ । ਆਪਣੀ ਰਾਸ ਆਪ ਬਣਾਨੇ । ਕਲਜੁਗ ਜੀਵ ਹਰਿ ਭਗਵਾਨੇ । ਇਧਰ ਉਧਰ ਕੀ ਕਿਆ ਕੋਈ ਜਾਣੇ । ਸਾਚੀ ਸੱਧਰ ਹਰਿ ਭਗਵਾਨੇ । ਆਓ ਸੇਵ ਗੁਰ ਚਰਨ ਧਿਆਨੇ । ਮਿਲੇ ਹਰਿ ਆਪ ਭਗਵਾਨੇ । ਨਾ ਕੋਈ ਡੰਨੇ ਨਾ ਕੋਈ ਡਾਨੇ । ਨਾ ਕੋਈ ਮੰਗੇ ਤੈਥੋਂ ਦਾਨੇ । ਪ੍ਰਭ ਅਬਿਨਾਸ਼ੀ ਸਾਚਾ ਪਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੌਂ ਨਿਧ ਘਰ ਉਪਜਾਨੇ । ਨੌਂ ਨਿਧ ਘਰ ਉਪਜਾਣਾ । ਦੁੱਖ ਭੁੱਖ ਦਾ ਰੋਗ ਮਿਟਾਣਾ । ਭਰਮ ਭੁਲੇਖਾ ਦੂਰ ਕਰਾਣਾ । ਸੋਹੰ ਸਾਚਾ ਨਾਮ ਜਪਾਣਾ ।

ਏਕਾ ਮਾਰਗ ਸ੍ਰਿਸ਼ਟ ਲਗਾਣਾ । ਏਕਾ ਘਰ ਹੋਈ ਦੋ ਰਾਤਾ । ਅੰਦਰ ਵੇਖ ਮਾਰ ਝਾਤਾ । ਪ੍ਰਭ ਅਬਿਨਾਸ਼ੀ ਸਾਚਾ ਨਾਤਾ । ਭੁਲਿਆ ਜੀਵ ਜਿਉਂ ਰੰਡੀ ਕਮਜ਼ਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾ ਕਲ ਪਛਾਤਾ । ਪੂਰਨ ਗੁਰ ਹਰਿ ਪਛਾਣੋ । ਆਤਮ ਰੱਖ ਇਕ ਧਿਆਨੋ । ਪੰਜਾਂ ਵਿਚ ਪਰਮੇਸ਼ਵਰ ਜਾਣੋ । ਨਿਹਕਲੰਕ ਕਲ ਸਾਚਾ ਮਾਣੋ । ਆਪ ਆਪਣੇ ਰੰਗ ਰੰਗਾਣੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਕਰੇ ਜਗਤ ਪ੍ਰਧਾਨੋ । ਪੰਚਮ ਦੇਵੇ ਹੱਥ ਵਡਿਆਈ । ਪ੍ਰਭ ਅਬਿਨਾਸ਼ੀ ਹੋਏ ਸਹਾਈ । ਏਕਾ ਜੋਤ ਆਪ ਰਘੁਰਾਈ । ਦੇਵਣਹਾਰ ਸਰਬ ਹੈ ਥਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਾਟ ਰਹੇ ਨਾ ਰਾਈ । ਸਚ ਹੁਕਮ ਸਚ ਫ਼ਰਮਾਣਾ । ਨਾ ਕੋਈ ਮੇਟੇ ਮੇਟ ਮਿਟਾਣਾ । ਏਕਾ ਹਰਿ ਏਕਾ ਦਰ ਨਿਹਕਲੰਕ ਬਲੀ ਬਲਵਾਨਾ । ਸੋ ਜਨ ਉਧਰੇ ਪਾਰ ਜਿਸ ਹੱਥ ਬੱਧੀ ਗਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣਾ ਬਾਣਾ । ਆਪੇ ਧਾਰਿਆ ਪੀਰ ਪੈਗ਼ੰਬਰ ਨਾ ਕਿਸੇ ਵਿਚਾਰਿਆ । ਕਿਆ ਕੋਈ ਕਰੇ ਕਲਜੁਗ ਜੀਵ ਵਿਚਾਰਿਆ । ਪੰਚਾਂ ਦੇਵੇ ਏਕਾ ਜੋਤ ਸ਼ਬਦ ਅਧਾਰਿਆ । ਏਕਾ ਗੁਰ ਲਿਖਿਆ ਧੁਰ ਦੇਵੇ ਨਾਮ ਸ਼ਬਦ ਗਿਰਧਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਮ ਪੰਚਮ ਹਰਿ ਆਪ ਬਣਵਾ ਰਿਹਾ । ਪੰਚਮ ਹੋਏ ਆਪ ਰਖਵਾਲੀ । ਪੰਚਮ ਦਿਵਸ ਰੈਣ ਹਰਿ ਬਣਿਆ ਪਾਲੀ । ਸ੍ਰਿਸ਼ਟ ਸਬਾਈ ਫੜ ਉਠਾ ਲੀ । ਆਪ ਆਪਣੀ ਸੇਵਾ ਲਾ ਲੀ । ਕੋਈ ਭੰਡਾਰਾ ਨਾ ਰਹੇ ਖਾਲੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰ ਦਾਤਾਰ ਸੱਚੀ ਸਰਕਾਰ ਦੋ ਜਹਾਨਾਂ ਵਾਲੀ । ਸਾਚਾ ਹਰਿ ਨਰ ਨਿਰੰਜਣ ਆਇਆ । ਸਾਚਾ ਖੇਲ ਆਪ ਖਿਲਾਇਆ । ਸਾਚਾ ਹਰਿ ਮੇਲ ਮਿਲਾਇਆ । ਸੰਤ ਜਨਾ ਹਰਿ ਹਿਰਦੇ ਵਸਾਇਆ । ਸੰਤ ਮਨੀ ਸਿੰਘ
 ਨਾਮ ਵਡਿਆਇਆ । ਸਤਿਜੁਗ ਸਾਚੇ ਮਾਣ ਦਵਾਇਆ । ਸਤਿਗੁਰ ਪੂਰਾ ਆਪ ਬਣਾਇਆ । ਪੂਰਨ ਜੋਤ ਧਰੇ ਹਰਿ ਪ੍ਰਭ ਅਬਿਨਾਸ਼ੀ ਸ੍ਰਿਸ਼ਟ ਸਬਾਈ ਸਰਨ ਲਿਖਾਇਆ । ੨੫
ਭਰਮ ਭੁਲੇਖਾ ਕੋਈ ਰਹਿਣ ਨਾ ਪਾਇਆ । ਭੈਣ ਭਾਈ ਨਾ ਕੋਈ ਭੇੜ ਭਿੜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖ ਬੈਠ ਵਿਚ ਦਰਬਾਰ ਲਿਖਾਇਆ । ਸਤਿਜੁਗ ਸਾਚੇ ਸਚ ਵਡਿਆਈ । ਗੁਰ ਗੱਦੀ ਦੀ ਨੀਂਹ ਰਖਾਈ । ਨਿਹਕਲੰਕ ਤੇਰੀ ਸਾਚੀ ਸੇਵ ਕਮਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਮਾਤ ਧਰਾਈ । ਏਕਾ ਜੋਤ ਗੁਰਸਿਖ ਨਾਗਰ । ਗੁਰਮੁਖਾਂ ਕਰੇ ਕਰਮ ਉਜਾਗਰ । ਆਤਮ ਭਰੀ ਸੱਚੀ ਗਾਗਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਉਤੇ ਸੋਹੰ ਚਾਦਰ । ਸੱਚੀ ਚਾਦਰ ਸਚ ਚੰਦੋਆ । ਪ੍ਰਭ ਅਬਿਨਾਸ਼ੀ ਸਾਚਾ ਚੋਆ । ਦਰ ਦਵਾਰੇ ਆਣ ਖਲੋਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੀਜ ਵਿਚ ਮਾਤ ਦੇ ਬੋਇਆ । ਬੀਜ ਬੀਜਿਆ ਜਾਏ ਉਗ । ਲੱਗੇ ਭਾਗ ਪਿੰਡ ਬੁੱਗ । ਦੇਵੇ ਵਡਿਆਈ ਚਾਰ ਯੁਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਮੁਖ ਰਖਾਏ ਸਗਲੀ ਸੁਧ । ਦੂਜੀ ਜੋਤ ਹਰਿ ਭਗਵਾਨੇ । ਸਿੰਘ ਮੋਤਾ ਦੇ ਵਿਚ ਟਿਕਾਣੇ । ਦੇਵੇ ਮਾਣ ਚਤੁਰ ਸੁਜਾਣੇ । ਏਕਾ ਰੰਗ ਰੰਗਾਣੇ । ਪੂਰੇ ਗੁਰ ਦੀ ਸਰਨੀ ਲਾਣੇ । ਆਪ ਆਪਣੇ ਥਾਂ ਬਹਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਬਿਧ ਬਤਾਨੇ । ਏਕਾ ਹੁਕਮ ਮਿਲੇ ਸਰਕਾਰਾ । ਦੂਜਾ ਕਰੋ ਫੇਰ ਵਿਹਾਰਾ । ਤੀਜੋ ਕੋਈ ਨਾ ਦਿਸੇ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸਾਚੇ ਲੇਖ ਲਿਖਾਰਾ । ਪੰਜ ਦੀਪਕ ਉਜਿਆਰਿਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰਿਆ । ਸਤਿਗੁਰ ਮਨੀ ਸਿੰਘ ਚਰਨ ਨਿਮਸਕਾਰ ਬਲ ਬਲ ਬਲ ਜਾਓ ਬਲਿਹਾਰਿਆ । ਭੁੱਲ ਭੁੱਲ ਕਿਉਂ ਵਕਤ ਵਿਹਾ ਰਿਹਾ । ਵੇਲਾ ਹੱਥ ਨਾ ਆਵਣਾ ਦੂਜੀ ਵਾਰਿਆ । ਸਾਚੇ ਲੇਖ ਸਾਚੇ ਤਖ਼ਤ ਬੈਠ ਲਿਖਾ ਰਿਹਾ । ਭਰਮ ਭੁਲੇਖੇ ਸਰਬ ਗਵਾ ਰਿਹਾ । ਸਾਚੀ ਸ਼ਬਦ ਸੁਰਤ ਪ੍ਰਭ ਸਾਚਾ ਆਪ ਦਵਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘਆਸਣ ਡੇਰਾ ਲਾ ਸਾਚੇ ਲੇਖ ਲਿਖਾ ਰਿਹਾ । ਸਾਚੀ ਲਿਖਾਏ

ਲਿਖਤ ਅਪਾਰੇ । ਉਧਮ ਰਖਾਏ ਵਿਚ ਅੰਧਕਾਰੇ । ਆਪਣਾ ਗਿਆ ਬਚਨ ਹਾਰੇ । ਪ੍ਰਭ ਅਬਿਨਾਸ਼ੀ ਨਾ ਕਰੇ ਪਿਆਰੇ । ਧੀਆਂ ਪੁੱਤਰ ਨਾ ਹਰਿ ਵਿਚਾਰੇ ।
ਸੋ ਜਨ ਉਧਰਨ ਪਾਰ ਜੋ ਜਨ ਚਰਨ ਨਿਮਸਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ । ਸ਼ਾਮ ਨਾਮ ਦੇਵੇ ਵਡਿਆਈ । ਆਪਣੇ
ਰੰਗ ਰੱਵੇ ਹਰਿ ਲਾਈ । ਸਾਚਾ ਸੰਗ ਹਰਿ ਆਪ ਨਿਭਾਈ । ਸੁਰਤ ਸ਼ਬਦ ਹਰਿ ਆਪ ਦਵਾਈ । ਸਾਚੀ ਜੁਗਤ ਹਰਿ ਆਪ ਬਣਾਈ । ਸਤਿਗੁਰ ਸਾਚੇ ਇਕ
ਸਰਨਾਈ । ਦੂਜਾ ਥਾਉਂ ਕੋਈ ਨਾਂਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਚਾਂ ਹੋਵੇ ਆਪ ਸਹਾਈ । ਪੰਚਾਂ ਹੋਇਆ ਏਕਾ ਧਾਗਾ । ਏਕਾ ਸ਼ਬਦ ਏਕਾ
ਰਾਗਾ । ਏਕਾ ਏਕ ਆਪਣੇ ਹੱਥ ਰੱਖੀ ਵਾਗਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਦੇ ਨਾ ਜਾਣੋ ਸੋਇਆ, ਦਿਵਸ ਰੈਣ ਸਦ ਰਹੇ ਜਾਗਾ । ਸਚ
ਵਸਤ ਹਰਿ ਭੋਗ ਲਗਾਈ । ਪੰਚਮ ਵੇਲਾ ਇਕ ਸਹਾਈ । ਇਕੱਠੇ ਬੈਠ ਖਾਓ ਭਾਈ । ਫੇਰ ਵਿਛੋੜਾ ਹੋਏ ਨਾ ਰਾਈ । ਸਾਚੀ ਵਾਗ ਸਤਿਗੁਰ ਮਨੀ ਸਿੰਘ
ਤੇਰੇ ਹੱਥ ਫੜਾਈ । ਘਰ ਵਿਚ ਰਹੇ ਨਾ ਕੋਈ ਲੜਾਈ । ਨਾ ਤਾਹਨੇ ਮੇਹਣੇ ਦੇਵੇ ਕੋਈ ਲੋਕਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਰ ਸੱਚੀ
ਸਰਨਾਈ । ਪੰਚਾਂ ਦੇਵੇ ਏਕ ਦਾਨ । ਪੰਚਾਂ ਦੇਵੇ ਏਕਾ ਨਾਮ ਰਮਈਆ ਰਾਮ । ਪੰਚਾਂ ਦੇਵੇ ਮਾਣ ਵਿਚ ਜਹਾਨ । ਸਚ ਮਾਰਗ ਜੋ ਚਲ ਜਾਣ । ਦੁੱਖ ਰੋਗ
ਸਰਬ ਮਿਟ ਜਾਣ । ਆਤਮ ਭੁੱਲੇ ਨਾ ਰਹੇ ਘਰ ਸ਼ੈਤਾਨ । ਕਿਰਪਾ ਕਰ ਹਰਿ ਸਾਚੇ ਘਰ ਸਾਚੇ ਦਰ ਕਰੇ ਪ੍ਰਵਾਨ । ਪੰਚਾਂ ਪਾਏ ਸਾਚੀ ਸਾਰ । ਆਪੇ ਕਰ
ਜਗਤ ਵਿਹਾਰ । ਦੇਵਣਹਾਰ ਇਕ ਦਾਤਾਰ । ਸਾਚਾ ਬੈਠਾ ਵਿਚ ਦਰਬਾਰ । ਪੰਚਾਂ ਦੀਆ ਇਕ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ
੨੬ ਰੈਣ ਲੈਣਾ ਰਸਨ ਉਚਾਰ । ਲਬ ਲੋਭ ਆਤਮ ਹੰਕਾਰਾ । ਪ੍ਰਭ ਅਬਿਨਾਸ਼ੀ ਸਾਚੇ ਮਾਰਾ । ਆਪ ਬਹਾਏ ਸਚ ਦਰਬਾਰਾ । ਆਪ ਬੰਧਾਏ ਸਾਚੀ ਧਾਰਾ । ਪੰਚਾਂ ੨੬
ਬਖ਼ਸ਼ੇ ਇਕ ਪਿਆਰਾ । ਹੁਕਮੇ ਅੰਦਰ ਸਭ ਵਰਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਧਾਏ ਸਤਿ ਸਰੂਪੀ ਵਡ ਵਡ ਭੂਪੀ ਸਿਰ ਸੱਚਾ ਦਸਤਾਰਾ ।
ਸਚ ਦਸਤਾਰ ਸੀਸ ਸੁਹਾਏ । ਬੀਸ ਇਕੀਸ ਭੇਵ ਚੁਕਾਏ । ਸ੍ਰਿਸ਼ਟ ਸਬਾਈ ਪੀਸ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਪ੍ਰੀਤ ਘੰਟੇ ਚੌਬੀਸ
ਰਖਾਏ । ਅੱਠੇ ਪਹਿਰ ਪਹਿਰ ਅੱਠ । ਏਕਾ ਦੇਵੇ ਪੰਜਾਂ ਇਕੱਠ । ਏਕਾ ਦੇਵੇ ਸਾਚਾ ਹੱਠ । ਪ੍ਰਭ ਅਬਿਨਾਸ਼ੀ ਆਪ ਬੰਧਾਏ ਸਾਚੀ ਗੱਠ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਦੂਈ ਦਵੈਤਾਂ ਪਾਏ ਭੱਠ । ਪੰਚਾਂ ਕਾ ਹਰਿ ਏਕਾ ਗਿਆਤਾ । ਏਕਾ ਪਿਤ ਏਕਾ ਮਾਤਾ । ਏਕਾ ਦੂਆ ਕਿਉਂ ਭੇਵ ਰਖਾਤਾ । ਝੂਠਾ
ਜਾਣੋ ਜਗਤ ਕਾ ਨਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਵਸਤ ਅਨੇਕ ਕਰ ਕਿਰਪਾ ਦੇਵੇ ਨਿਹਕਲੰਕ ਸਚ ਜਿਸ ਜਾਤਾ । ਸਾਚਾ ਨਾਤਾ ਜਿਸ
ਜਨ ਜਾਤਾ । ਸਰਬ ਬਿਧਾਤਾ ਧਿਆਨ ਧਰਾਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਸੰਗ ਰਲਾਤਾ । ਸਾਚਾ ਰੰਗ ਦੀਆ ਕਾਹਨਾ । ਸਚ
ਤਖ਼ਤ ਸਚ ਸੁਲਤਾਨਾ । ਕੋਈ ਦੀਵਾਨਾ ਕੋਈ ਮਸਤਾਨਾ । ਕੋਈ ਨਾਮ ਰੰਗਾਨਾ ਕੋਈ ਮੰਗ ਦਰ ਨਾਮ ਦਾਨਾ । ਕੋਈ ਮੰਗੇ ਚਰਨ ਧੂੜ ਇਸ਼ਨਾਨ, ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਸਾਚਾ ਦਾਨਾ । ਸਾਚਾ ਤਖ਼ਤ ਸਾਚਾ ਤਾਜਾ । ਉਪਰ ਬੈਠਾ ਗਰੀਬ ਨਿਵਾਜ਼ਾ । ਸ੍ਰਿਸ਼ਟ ਸਬਾਈ ਜਿਸ ਸਾਜਣ ਸਾਜਾ ।
ਵਡ ਪਾਤਸ਼ਾਹ ਵਡ ਰਾਜਨ ਰਾਜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਵਾਰੇ ਆਪਣੇ ਕਾਜਾ । ਸਚ ਤਖ਼ਤ ਵਡ ਸਿਕਦਾਰੀ । ਸ੍ਰਿਸ਼ਟ ਸਬਾਈ
ਜਿਸ ਪਸਾਰੀ । ਅਚਰਜ ਖੇਲ ਕਰੇ ਮੁਰਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਸਚ ਤਖ਼ਤ ਸਚ ਸਿਕਦਾਰੀ ।
ਉਤੇ ਬੈਠਾ ਨੈਣ ਮੁਧਾਰੀ । ਤੀਨ ਲੋਕ ਇਕ ਅਸਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ਼ ਖੇਲ ਅਪਾਰੀ । ਸਾਚਾ ਤਖ਼ਤ ਚਾਰ ਕੂਟ । ਸਚ

ਪੰਗੂੜਾ ਰਿਹਾ ਝੂਟ । ਸ੍ਰਿਸ਼ਟ ਸਬਾਈ ਰਿਹਾ ਕੂਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਗਤ ਜੜ੍ਹ ਰਿਹਾ ਪੂਟ । ਸਚ ਤਖ਼ਤ ਹਰਿ ਚਰਨ ਛੁਹਾਨਾ । ਪ੍ਰਗਟ ਹੋਏ ਘਨਈਆ ਕਾਹਨਾ । ਸਿੰਘਾਸਣ ਹਰਿ ਆਪ ਸੁਹਾਨਾ । ਗੁਰ ਸੰਗਤ ਹਰਿ ਆਪ ਬਿਰਾਜੇ ਜਿਉਂ ਗੋਪੀਆਂ ਕਾਹਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਹਾਏ ਸਾਚੇ ਥਾਨਾ । ਕਾਹਨ ਘਨਈਆ ਰਾਮ ਮੁਰਾਰੀ । ਸਿੰਘਾਸਣ ਬੈਠਾ ਪੈਰ ਪਸਾਰੀ । ਸ੍ਰਿਸ਼ਟ ਸਬਾਈ ਕੀ ਕਰੇ ਵਿਚਾਰੀ । ਸੁਘੜ ਸਿਆਣਿਆਂ ਕਰੇ ਖਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਹਿੰਮਾ ਅਪਰ ਅਪਾਰੀ । ਸਚ ਸਿੰਘਾਸਣ ਉਪਰ ਗੱਦੀ । ਸ੍ਰਿਸ਼ਟ ਸਬਾਈ ਪ੍ਰਭ ਸਾਚੇ ਬੱਧੀ । ਨੌਂ ਖੰਡ ਪ੍ਰਿਥਮੀ ਹੋਈ ਰੱਦੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਉਖੇੜਾ ਲਾਏ ਉਪਰ ਸਿੰਘਾਸਣ, ਆਪ ਹਿਲਾਈ ਗੱਦੀ । ਚਾਰ ਕੁੰਟ ਚਾਰ ਮੁਖ । ਸ੍ਰਿਸ਼ਟ ਸਬਾਈ ਹੋਏ ਦੁੱਖ । ਨਜ਼ਰ ਨਾ ਆਇਣ ਕਿਤੇ ਰੁੱਖ ਮਨੁੱਖ । ਚਾਰ ਕੁੰਟ ਵਰਤੇ ਭੁੱਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਆਤਮ ਸੁਖ । ਸਿੰਘ ਸਿੰਘਾਸਣ ਆਪ ਕੰਬਾਇਆ । ਸ੍ਰਿਸ਼ਟ ਸਬਾਈ ਦੇ ਹਿਲਾਇਆ । ਬਾਸ਼ਕ ਤਸ਼ਕ ਰਹੇ ਕੁਮਲਾਇਆ । ਹਰਿ ਭਾਣਾ ਇਹ ਕੀ ਵਰਤਾਇਆ । ਇੰਦ ਇੰਦਰਾਸਣ ਆਪ ਹਿਲਾਇਆ । ਸ਼ਿਵ ਸ਼ੰਕਰ ਭੱਜਾ ਫਿਰੇ ਆਪ ਘਬਰਾਇਆ । ਬ੍ਰਹਮਾ ਆਏ ਵਾਹੋ ਦਾਇਆ । ਨਾਰਦ ਮੁੰਨ ਫੇਰਾ ਪਾਇਆ । ਕਰੋੜ ਤੇਤੀਸ ਸੰਗ ਰਲਾਇਆ । ਪ੍ਰਭ ਅਬਿਨਾਸ਼ੀ ਚਰਨੀ ਲਾਇਆ । ਵਿਸ਼ਨੂੰ ਬੰਸੀ ਆਪ ਅਖਵਾਇਆ । ਕਰੋ ਮਿਹਰ ਨਾ ਵਰਤੋ ਕਹਿਰ, ਵਰਭੰਡ ਨਾ ਦੇ ਉਲਟਾਇਆ । ਨਾ ਕੋਈ ਨਗਰ ਨਾ ਕੋਈ ਖੇੜਾ ਨਾ ਕੋਈ ਦਿਸੇ ਸ਼ਹਿਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਗੇੜਾ ਆਪ ਲਗਾਇਆ । ਉਲਟੀ ਲੱਠ ਆਪ ਗਿੜਾਈ । ਸ੍ਰਿਸ਼ਟ ਸਬਾਈ ਭੱਠ ਕਰਾਈ । ਗੁਰਮੁਖ ਵਿਰਲਾ ਨੱਠ ਗੁਰ ਚਰਨੀ ਆਈ । ਸਾਚਾ ਹੱਠ ਪ੍ਰਭ ਆਪ ਰਖਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਦੇ ਮਤ ਸਮਝਾਈ । ਸਿੰਘ ਸਿੰਘਾਸਣ ਦੀਆ ਗੇੜਾ । ਸ੍ਰਿਸ਼ਟ ਸਬਾਈ ਮੁਕੇ ਝੇੜਾ । ਕਲਜੁਗ ਤੇਰਾ ਡੁੱਬਾ ਬੇੜਾ । ਆਪੇ ਮਾਰੇ ਭੇੜ ਭੇੜਾ । ਬਿਨ ਹਰਿ ਪੂਰੇ ਛੁਡਾਵੇ ਕਿਹੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਰੂਪੀ ਪਾਏ ਜੇੜਾ । ਸ਼ਬਦ ਸਰੂਪੀ ਜੇੜਾ ਪਾਇਆ । ਰਾਜਾ ਰਾਣਾ ਫੜ ਤਖ਼ਤੋਂ ਲਾਹਿਆ । ਸਿੰਘ ਆਸਣ ਹਰਿ ਆਪ ਸੁਹਾਇਆ । ਦੂਸਰ ਕੋਈ ਰਹਿਣ ਨਾ ਪਾਇਆ । ਨੌਂ ਖੰਡ ਪ੍ਰਿਥਮੀ ਹਰਿ ਦੇ ਹਿਲਾਇਆ । ਵੰਡ ਵੰਡ ਵੰਡ ਹਰਿ ਵੰਡ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਪਤਮ ਦੀਪਕ ਵਿਚ ਸਮਾਇਆ । ਸਪਤਮ ਦੀਪਕ ਸਚ ਦਵਾਰ । ਸਤਿ ਪੁਰਖ ਨਰ ਅਵਤਾਰ । ਕਿਆ ਕੋਈ ਸਕੇ ਜੀਵ ਵਿਚਾਰ । ਕਰੇ ਕਰਮ ਅਪਰ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਜਾਣੇ ਤੇਰੀ ਸਾਰ । ਅਚਰਜ ਖੇਲ ਵਰਤੇ ਜਗ । ਚਰਨ ਧਰਿਆ ਉਪਰ ਪਲੰਘ । ਸ੍ਰਿਸ਼ਟ ਸਬਾਈ ਹੋਈ ਭੰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਭੰਨਾਏ ਜਿਉਂ ਕਾਚੀ ਵੰਗ । ਸਿੰਘ ਸਿੰਘਾਸਣ ਆਪ ਉਲਟਾਇਆ । ਜਲ ਥਲ ਥਲ ਜਲ ਹਰਿ ਦੇ ਵਹਾਇਆ । ਨਾ ਲਾਗੇ ਘੜੀ ਪਲ ਵੇਲਾ ਅੰਤਮ ਅੰਤ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਘਰ ਸਾਚੇ ਲੇਖ ਲਿਖਾਇਆ । ਸਿੰਘ ਸਿੰਘਾਸਣ ਬੈਠਾ ਦਵਾਰਾ । ਉਚਾ ਕੂਕੇ ਕੂਕ ਸੁਣਾਏ ਗੁਰਮੁਖ ਵਿਰਲਾ ਸੁਣੇ ਪੁਕਾਰਾ । ਸੋਹੰ ਸਾਚਾ ਰਸਨਾ ਗਾਓ, ਪ੍ਰਭ ਅਬਿਨਾਸ਼ੀ ਦੇਵੇ ਧਾਰਾ । ਵੇਲਾ ਅੰਤਮ ਆਇਆ ਕਲਜੁਗ ਕਿਸ ਬਿਧ ਉਤਰੇ ਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਨਿਹਕਲੰਕ ਲਏ ਅਵਤਾਰਾ । ਜੀਵ ਭੁੱਲ ਨਾ ਜਾਣਾ । ਨਾ ਕੋਈ ਦਿਸੇ ਰਾਜਾ ਰਾਣਾ । ਆਪੇ ਬਣੇ ਵਡ ਸੁਲਤਾਨਾ । ਚਾਰ ਕੁੰਟ ਹਰਿ ਛਤਰ ਝੁਲਾਣਾ । ਸੋਹੰ ਸਾਚਾ ਡੰਕ ਵਜਾਣਾ । ਏਕਾ ਅੰਕ ਆਪ ਰਖਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਸਿੱਕਾ ਆਪ ਚਲਾਣਾ । ਆਪਣਾ ਸਿੱਕਾ ਆਪ ਚਲਾਏ । ਏਕਾ ਟਿੱਕਾ ਆਪ ਲਗਾਏ ।

੨੭

ਦੂਸਰ ਕੋਈ ਰਹਿਣ ਨਾ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਿੰਘਾਸਣ ਡੇਰਾ ਲਾਏ । ਡੇਰਾ ਲਾਇਆ ਘਰ ਹਰਿ ਨਾਮ । ਪ੍ਰਭ ਦਰ ਪੀਓ ਸੋਹੰ ਸਾਚਾ ਜਾਮ । ਸਾਚਾ ਵਕਤ ਪਛਾਣ ਪ੍ਰਭ ਆਪ ਕਰਾਇਆ ਪੂਰਨ ਕਾਮ । ਗੁਰਮੁਖ ਵਿਰਲੇ ਰੰਗ ਸਾਚਾ ਮਾਨਿਆ, ਨੇਤਰ ਪੇਖ ਘਨਈਆ ਸ਼ਾਮ । ਨਾ ਭੁਲਾਇਆ ਕਲ ਵੇਖ ਜੋਤ ਸਰੂਪੀ ਬਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਿਆ । ਸਚ ਤੇਰੀ ਵਡਿਆਈਆ । ਅਚਰਜ ਖੇਲ ਰਚਾਈਆ । ਮਿਲੇ ਗੁਰ ਗੋਬਿੰਦ ਰਘੁਰਾਈਆ । ਪੂਰਨ ਆਸ ਆਪ ਕਰਾਈਆ । ਚਾਰੇ ਦਿਸ਼ਾ ਆਪ ਭਵਾਈਆ । ਏਕਾ ਭਿਛਾ ਗੁਰਸਿਖਾਂ ਪਾਈਆ । ਸ੍ਰਿਸ਼ਟ ਸਬਾਈ ਸਤਿਜੁਗ ਸਾਚੀ ਵਾੜੀ ਲਾਈਆ । ਪ੍ਰਭ ਅਬਿਨਾਸ਼ੀ ਆਪ ਉਗਾਈਆ । ਆਪੇ ਬਣਿਆ ਸਰਬ ਸਹਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਆਤਮ ਬੀਜ ਬਿਜਾਈਆ । ਸਚ ਫੂਲ ਲਗਾਏ ਫੂਲਨਾ । ਗੁਰਮੁਖ ਨਾ ਗੁਰ ਪੂਰਾ ਭੂਲਨਾ । ਸ਼ਬਦ ਪੰਘੂੜਾ ਸੋਹੰ ਝੂਲਨਾ । ਹਰਿ ਸਾਚਾ ਕੰਤ ਕੰਤੂਹਲਨਾ । ਮਹਾਰਾਜ ਸ਼ੇਰ ਸਿੰਘ ਆਪ ਚੁਕਾਇਆ ਤੁਹਾਡਾ ਮੂਲਨਾ । ਰਚਨਾ ਆਪਣੀ ਹਰਿ ਜਾਣਦਾ । ਸਾਚਾ ਸੱਜਣ ਜੋ ਜਨ ਪਛਾਣਦਾ । ਵੇਖੋ ਰੰਗ ਸੱਚੇ ਭਗਵਾਨ ਦਾ । ਕੀ ਹੋਵੇ ਹਾਲ ਜਹਾਨ ਦਾ । ਘਾਟਾ ਆਵੇ ਪੀਣ ਖਾਣ ਦਾ । ਭੈਣਾਂ ਤਾਈਂ ਨਾ ਭਾਈ ਪਛਾਣਦਾ । ਕਿਸੇ ਵਰ ਨਾ ਲੱਭੇ ਹਾਣ ਦਾ । ਸ੍ਰਿਸ਼ਟ ਸਬਾਈ ਪ੍ਰਭ ਸਾਚਾ ਆਪੇ ਛਾਣਦਾ । ਗੁਰਮੁਖਾਂ ਮਨ ਵਧਾਈ । ਸੋਹੰ ਤਨ ਪਹਿਨਾਵਦਾ । ਵੇਲਾ ਆਇਆ ਪੀਣ ਤੇ ਖਾਣ ਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਗਾਓ ਗੇੜਾ ਚੁੱਕੇ ਆਵਣ ਜਾਣ ਦਾ । ਦਰ ਘਰ ਸਾਚਾ ਅਮਰਾ ਪਦ ਪਾਓ, ਹਰਿ ਸਾਚਾ ਇਕ ਪਛਾਣਦਾ । ਨਿਜ ਘਰ ਵਾਸੀ ਨਿਜ ਘਰ ਮਾਣ ਰਖਾਓ, ਗੁਰਮੁਖ ਸਾਚਾ ਮਾਣ ਕਲ ਮਾਣਦਾ । ਘਨਕਪੁਰ ਵਾਸੀ ਘਰ ਸਾਚਾ ਦਰਸ਼ਨ ਪਾਓ , ਹੋਇਆ ਮੇਲ ਭਗਤ ਭਗਵਾਨ ਦਾ । ਸ੍ਰਿਸ਼ਟ ਸਬਾਈ ਹਰਿ ਮਥ ਵਖਾਏ, ਆਪ ਕਿਸੇ ਦੇ ਹੱਥ ਨਾ ਆਏ, ਸਿੰਘ ਸਿੰਘਾਸਣ ਬੈਠਾ ਚਾਰ ਕੁੰਟ ਹਰਿ ਨੱਥ ਪਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਹਰਿ ਰਥ ਚੜ੍ਹਾਏ । ਰਥ ਰਥਵਾਹੀ ਸਾਚੇ ਚਾੜ੍ਹਾ । ਕਿਸੇ ਕੋਲੋਂ ਨਾ ਮੰਗੇ ਭਾੜਾ । ਆਪੇ ਪਾਰ ਕਰਾਏ, ਜੰਗਲ ਜੂਹ ਪਹਾੜ ਉਜਾੜਾਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਬਣਾਏ ਸਾਚਾ ਲਾੜਾ । ਰੰਗ ਲਗਾਏ ਸਾਚਾ ਧਾਮਾ । ਸੰਗ ਨਿਭਾਏ ਗੁਰਸਿਖਾਂ ਰਾਮਾ । ਵੇਲਾ ਤੰਗ ਨਾ ਆਏ ਪ੍ਰਭ ਅਬਿਨਾਸ਼ੀ ਪਹਰਿਆ ਜਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਸਰਬ ਵਧਾਈ, ਗੁਰਮੁਖ ਤੇਰੀ ਵਡ ਵਡਿਆਈ, ਆਤਮ ਵੱਜਿਆ ਏਕਾ ਸ਼ਬਦ ਦਮਾਮਾ । ਸ਼ਬਦ ਦਮਾਮਾ ਸਚ ਢੰਡੋਰਾ । ਗੁਰਮੁਖ ਨਾ ਲੱਗਣ ਪੰਜੇ ਚੋਰਾ । ਆਪ ਕੱਢੇ ਰਾਮ ਮਥੋਰਾ । ਰਹਿਣ ਨਾ ਪਾਏ ਵਿਚ ਦੇਹ ਅੰਧ ਘੋਰਾ । ਸਾਚਾ ਹਰਿ ਮੇਲ ਹਰਿ ਸਾਚਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰਖਾਈ ਡੋਰਾ । ਆਪਣੇ ਹੱਥ ਰੱਖੇ ਡੋਰਾ । ਜਿਧਰ ਜਿਧਰ ਚਾਹੇ ਲਏ ਮੋੜਾ । ਕਿਸੇ ਨਾ ਚਲੇ ਅੱਗੇ ਜ਼ੋਰਾ । ਕਿਆ ਕੋਈ ਪਾਵੇ ਝੂਠਾ ਸ਼ੋਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਨਾ ਕੋਈ ਜਾਣੇ ਹੋਰਾ । ਸ੍ਰਿਸ਼ਟ ਨੱਥੀਂ ਆਪਣੀ ਹੱਥੀ । ਮਹਿੰਮਾ ਅਕਥਨਾ ਕਥੀ । ਗੁਰਮੁਖ ਆਏ ਜਾਏ ਚੜ੍ਹ, ਪ੍ਰਭ ਆਪ ਬਣੇ ਰਥਵਾਹੀ, ਸੋਹੰ ਸ਼ਬਦ ਚਲਾਇਆ ਰਥੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥੀ । ਸਮਰਥ ਪੁਰਖ ਆਪ ਕਰਤਾਰ । ਆਪਣਾ ਕਰੇ ਸਚ ਵਿਹਾਰ । ਕੋਈ ਨਾ ਕਰੇ ਕੱਚਾ ਵਣਜ ਵਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸ਼ਬਦ ਗੁਰਸਿਖਾਂ ਕਰ ਪਿਆਰ । ਗੁਰਮੁਖ ਤੇਰੇ ਆਤਮ ਚਾਓ । ਪ੍ਰਭ ਅਬਿਨਾਸ਼ੀ ਮਿਲਿਆ ਸਾਚਾ ਸ਼ਾਹੋ । ਏਕਾ ਗੁਰ ਏਕਾ ਹਰਿ ਏਕਾ ਰੰਗ ਹੋ ਜਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸੁਹਾਏ ਸਾਚਾ ਥਾਉਂ । ਸਾਚਾ ਥਾਉਂ ਚਰਨ ਧੂੜ । ਗੁਰਸਿਖ ਜੋ ਜਨ ਆਏ ਦਰ ਮੂੜ੍ਹ । ਸੋਹੰ ਸਾਚਾ ਨਾਮ ਰੰਗ ਚੜ੍ਹਾਏ,

੨੮

ਉਤਰ ਨਾ ਜਾਏ ਗੂੜ੍ਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਗਿੜਾਏ ਏਕਾ ਬੂੜ । ਲੇਖਾ ਲਿਖਣਾ ਹਰਿ ਨੇ ਭਾਈ । ਪ੍ਰਭ ਅਬਿਨਾਸ਼ੀ ਆਪ ਰਖਾਏ, ਅੰਗ ਸੰਗ ਤੇਰੇ ਆਪ ਹੋ ਜਾਈ । ਝੂਠੇ ਤਜੇ ਭੈਣ ਭਰਾਏ । ਆਪ ਆਪਣਾ ਸਿਰ ਹੱਥ ਟਿਕਾਏ । ਆਪੇ ਪੂਰਨ ਆਸ ਕਰਾਏ । ਵਿਚ ਮਾਤ ਨਾ ਕੋਈ ਤੇਰੀ ਆਤਮ ਜੀਤ ਜਿਤਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਬ੍ਰਹਮ ਗਿਆਨ ਦੇ ਤੀਨ ਲੋਕ ਦੀ ਬੂਝ ਬੁਝਾਏ । ਆਪੇ ਦੀਆ ਇਕ ਭੰਡਾਰਾ । ਸਚ ਵਸਤ ਸ਼ਬਦ ਇਕ ਪਾਈ ਥਾਰਾ । ਏਕਾ ਖਿਚੇ ਸਾਚੀ ਲਾਟ ਆਪੇ ਬਖ਼ਸ਼ੇ ਸਾਚੀ ਧਾਰਾ । ਆਪੇ ਤੋੜਿਆ ਬਜ਼ਰ ਕਪਾਟ, ਜਗੀ ਜੋਤ ਅਗੰਮ ਅਪਾਰਾ । ਮਾਤਲੋਕ ਨਾ ਆਵੇ ਘਾਟ, ਸੇਵਾ ਕਰੀ ਗੁਰ ਦਰਬਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਦਵਾਏ ਮਾਣ ਵਿਚ ਸੰਸਾਰਾ । ਅੰਗ ਸੰਗ ਤੇਰਾ ਸੱਜਣ ਸੁਹੇਲਾ । ਏਕਾ ਰੰਗ ਰੰਗ ਨਾ ਜਾਣੋ ਦੁਹੇਲਾ । ਆਪਣੀ ਆਪ ਪ੍ਰਭ ਸਰਨ ਰਖਾਏ ਆਪ ਸੁਹਾਏ ਵੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਜੁਗ ਤੇਰਾ ਸਾਚਾ ਮੇਲਾ । ਚਾਰ ਜੁਗ ਤੇਰੀ ਨਿਭੇ ਨਾਲ । ਸਾਚੀ ਵਸਤ ਰੱਖੀ ਸੰਭਾਲ । ਤੀਨ ਲੋਕ ਨਾ ਹੋਏ ਕੰਗਾਲ । ਨਾ ਕੋਈ ਮੰਗੇ ਵਿਚ ਦਲਾਲ । ਮਿਲਿਆ ਮੇਲ ਏਕਾ ਹਰਿ ਗੋਪਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਜੋਤੀ ਦੇਵੇ ਬਾਲ । ਵਾਹ ਵਾਹ ਸਚ ਦਰਬਾਰਿਆ । ਵਾਹ ਵਾਹ ਕਰੇ ਖੇਲ ਅਪਰ ਅਪਾਰਿਆ । ਵਾਹ ਵਾਹ ਵਡ ਵਡ ਸੰਸਾਰਿਆ । ਵਾਹ ਵਾਹ ਤੀਨ ਲੋਕ ਏਕਾ ਕਰੇ ਸਚ ਸਰਕਾਰਿਆ । ਵਾਹ ਵਾਹ ਮਾਤ ਲੋਕ ਤੇਰਾ ਰੰਗ ਅਪਰ ਅਪਾਰਿਆ । ਵਾਹ ਵਾਹ ਆਵੇ ਜਾਵੇ ਸਦ ਬਨਵਾਰਿਆ । ਵਾਹ ਵਾਹ ਮਾਤ ਲੋਕ ਆਇਆ ਨਿਹਕਲੰਕ ਅਵਤਾਰਿਆ । ਘਨਕਪੁਰੀ ਵਿਚ ਜਾਮਾ ਧਾਰਿਆ । ਵਾਹ ਵਾਹ ਆਪਣਾ ਆਪ



ਸਦਾ ਛੁਪਾ ਰਿਹਾ । ਵਾਹ ਵਾਹ ਬਵੰਜਾ ਸਾਲ ਨਾ ਕਿਸੇ ਵਿਚਾਰਿਆ । ਵਾਹ ਵਾਹ ਵਾਹ ਵੀਹ ਸੌ ਬਿਕ੍ਰਮੀ ਕਾਇਆ ਝੂਠੀ ਆਪ ਗਵਾ ਗਿਆ । ਵਾਹ ਵਾਹ

੨੯

ਧੀਆਂ ਪੁੱਤ ਸਾਕ ਸੱਜਣ ਪੁਰੀ ਘਨਕ ਸਭ ਰਵਾ ਗਿਆ । ਵਾਹ ਵਾਹ ਮਾਤਲੋਕ ਵਿਚ ਮਾਤਮ ਪਾ ਗਿਆ । ਵਾਹ ਵਾਹ ਲੋਕ ਪ੍ਰਲੋਕ ਜੋਤ ਸਰੂਪੀ ਸਰਬ ਥਾਈਂ ਆਪ ਸੁਹਾ ਗਿਆ । ਵਾਹ ਵਾਹ ਸਚਖੰਡ ਸਾਚਾ ਦੀਪਕ ਆਪ ਜਗਾ ਗਿਆ । ਵਾਹ ਵਾਹ ਪੁਰੀ ਘਨਕ ਭਾਗ ਲਗਾ ਗਿਆ । ਵਾਹ ਵਾਹ ਘਰ ਜਾਏ ਦਰਸ ਦਿਖਾ ਗਿਆ । ਵਾਹ ਵਾਹ ਜੋਤੀ ਜੋਤ ਮਿਲਾ ਗਿਆ । ਵਾਹ ਵਾਹ ਏਕਾ ਗੋਤ ਬਣਾ ਗਿਆ । ਵਾਹ ਵਾਹ ਘਰ ਸਾਚੇ ਹਰਿ ਸਾਚਾ ਭੋਗ ਲਗਾ ਗਿਆ । ਗੁਰਮੁਖਾਂ ਸੋਹੰ ਸਾਚੀ ਚੋਗ ਚੁਗਾ ਗਿਆ । ਵਾਹਵਾ ਮਾਹਣਾ ਸਿੰਘ ਤੇਰੇ ਪੂਰਨ ਭਾਗ ਲਿਖਾ ਗਿਆ । ਵਾਹ ਵਾਹ ਸਿੰਘ ਤੇਜਾ ਤੇਰੀ ਆਤਮ ਆਵਾਜ ਲਗਾ ਗਿਆ । ਵਾਹ ਵਾਹ ਸਿੰਘ ਪਾਲ ਸੰਗ ਬਣਾ ਗਿਆ । ਵਾਹ ਵਾਹ ਪ੍ਰਭ ਮਹਿੰਮਾ ਸੁਣ ਦਿਲ ਸੋਇਆ ਕਲਜੁਗ ਜਗਾ ਗਿਆ । ਵਾਹ ਵਾਹ ਪੂਰਨ ਇਛਿਆ ਕਰਨ ਕਾਹਨਾ ਕ੍ਰਿਸ਼ਨਾ ਘਰ ਵਿਚ ਆ ਗਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਾਤੀਂ ਸੁਤਿਆਂ ਦਰਸ ਦਿਖਾ ਗਿਆ । ਵਾਹ ਵਾਹ ਆਪੇ ਬੁਝੀ ਦੀਪ ਜਗਾ ਗਿਆ । ਵਾਹ ਵਾਹ ਲਹਿਣਾ ਸਚ ਵਖਾ ਗਿਆ । ਵਾਹ ਵਾਹ ਗੁਰਸਿਖ ਸਾਚੇ ਭੇਜ ਵਿਚ ਵਿਚੋਲਾ ਆਪ ਰਖਾ ਗਿਆ । ਵਾਹ ਵਾਹ ਸਾਚਾ ਆਤਮ ਚੁਕਿਆ ਉਹਲਾ, ਪੁਰੀ ਘਨਕ ਆ ਦਰਸ਼ਨ ਪਾ ਗਿਆ । ਵਾਹ ਵਾਹ ਦੇ ਮਤ ਤੇਜਾ ਸਿੰਘ ਸਮਝਾ ਗਿਆ । ਵਾਹ ਵਾਹ ਲੈ ਪ੍ਰਸਾਦ ਕਰ ਅਰਦਾਸ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹੱਥੀਂ ਆਪਣੀ ਸੀਤ ਪ੍ਰਸਾਦ ਖਵਾ ਗਿਆ । ਵਾਹ ਵਾਹ ਸੀਤ ਪ੍ਰਸਾਦ ਦੀਆ ਗੁਰ ਸੂਰੇ । ਆਤਮ ਉਪਜੇ ਅਨਹਦ ਤੂਰੇ । ਵਾਹ ਵਾਹ ਘਰ ਆਇਆ ਆਸਾ ਹੋਈ ਪੂਰੇ । ਵਾਹ ਵਾਹ ਮਨ ਕੀ ਚਿੰਦਿਆ ਹੋਈ ਦੂਰੇ । ਵਾਹ ਵਾਹ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਦਰਸ ਹਜ਼ੂਰੇ । ਵਾਹ ਵਾਹ ਪਾਲ ਸਿੰਘ ਹਰਿ ਦਰਸ ਦਿਖਾਈ । ਗੁਰਮੁਖ ਸਾਚਾ ਆਪ ਬਣਾਈ । ਵਾਹ ਵਾਹ ਆਤਮ ਸਚ ਧਰਵਾਸ ਰਖਾਈ । ਵਾਹ ਵਾਹ ਹਿਰਦੇ ਸਾਚਾ ਵਾਸ ਰਖਾਈ । ਵਾਹ

ਵਾਹ ਮਦਿਰਾ ਮਾਸ ਰਸਨ ਤਜਾਈ । ਵਾਹ ਵਾਹ ਆਪਣਾ ਪਰਿਵਾਰ ਸਭ ਸਮਝਾਈ । ਵਾਹ ਵਾਹ ਸਿੰਘ ਆਤਮਾ ਸੰਗ ਰਲਾਈ । ਵਾਹ ਵਾਹ ਜੀਵਣ ਸਿੰਘ ਹਰਿ ਲੜ ਫੜਾਈ । ਵਾਹ ਵਾਹ ਬੰਸ ਸਬਾਇਆ ਲਈ ਤਰਾਈ । ਵਾਹ ਵਾਹ ਸਿੰਘ ਪ੍ਰੀਤਮ ਹਰਿ ਦੇ ਵਡਿਆਈ । ਪੂਰਨ ਸਿੰਘ ਵਿਚ ਪ੍ਰਭ ਪੂਰਨ ਜੋਤ ਟਿਕਾਈ । ਪਾਲ ਸਿੰਘ ਦਾ ਪੂਤ ਮਿਲੀ ਵਡਿਆਈ । ਵਾਹ ਵਾਹ ਵੀਹ ਸੌ ਇਕ ਬਿਕ੍ਰਮੀ ਪੰਚਮ ਜੇਠ ਆਪਣੇ ਆਪ ਮਨਾਈ । ਵਾਹ ਵਾਹ ਪੁਰੀ ਘਨਕ ਵਿਚ ਵੱਜੀ ਵਧਾਈ । ਸੁਣੇ ਲੋਕਾਈ ਜੋਤ ਸਰੂਪੀ ਖੇਲ ਰਚਾਈ । ਪੂਰਨ ਸਿੰਘ ਵਿਚ ਜੋਤ ਟਿਕਾਈ । ਦਿਵਸ ਰੈਣ ਇਕ ਰੰਗ ਰਖਾਈ । ਭਰਮ ਭੁਲੇਖੇ ਸਰਬ ਗਵਾਈ । ਸਾਚੇ ਲੇਖੇ ਗੁਰਸਿਖ ਲਗਾਈ । ਵੇਖਾ ਵੇਖੀ ਕੋਈ ਭੁੱਲ ਨਾ ਜਾਈ । ਜਗੇ ਜੋਤ ਇਕ ਰਘੁਰਾਈ । ਘਨਕਪੁਰ ਵਾਸੀ ਆਉਣ ਵਾਹੋ ਦਾਹੀ । ਦਰ ਦਵਾਰਿਉਂ ਹਰਿ ਬਾਹਰ ਰਖਾਈ । ਆਪ ਸਮਾਧੀ ਉਪਰ ਜੋਤ ਟਿਕਾਈ । ਜੀਵ ਅਪਰਾਧੀ ਕੋਈ ਦਰਸ ਨਾ ਪਾਈ । ਬੇਮੁਖਾਂ ਤੁਟੀ ਗਾਧੀ, ਘਨਕਪੁਰ ਕੋਈ ਰਹਿਣ ਨਾ ਪਾਈ । ਸ੍ਰਿਸ਼ਟ ਸਬਾਈ ਆਪੇ ਸਾਧੀ, ਘਰ ਘਰ ਹੋਏ ਦੁਹਾਈ । ਗੁਰਮੁਖ ਸਾਚੇ ਪ੍ਰਭ ਸਰਨ ਅਰਾਧੀ, ਆਏ ਚੱਲ ਸਰਨਾਈ । ਸ਼ਬਦ ਚਲਾਏ ਬੋਧ ਅਗਾਧੀ, ਅਚਰਜ ਖੇਲ ਕਲ ਵਰਤਾਈ । ਪ੍ਰਭ ਅਬਿਨਾਸ਼ੀ ਮਾਧਵ ਮਾਧੀ, ਆਪਣੇ ਭਾਣੇ ਵਿਚ ਸਮਾਈ । ਜੋਤ ਸਰੂਪ ਸਦ ਵਿਸਮਾਦੀ, ਆਪਣੇ ਰੰਗ ਆਪੇ ਵਰਤਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਧਰ ਅਵਤਾਰ ਨਰ, ਦਰ ਘਰ ਕੋਠੇ ਚੜ੍ਹ ਸਿੰਘ ਤੇਜਾ ਪੱਲਾ ਫਿਰਾਈ । ਵਾਹ ਵਾਹ ਆਪਣਾ ਪੱਲਾ ਆਪ ਫਿਰਾਇਆ । ਵਾਹ ਵਾਹ ਵਾਲੀ ਦੋ ਜਹਾਨਾਂ ਵਿਚ ਮਾਤ ਦੇ ਆਇਆ । ਵਾਹ ਵਾਹ ਕਲਜੁਗ ਪੰਚਮ ਜੇਠ ਪ੍ਰਭ ਅਬਿਨਾਸ਼ੀ ਡੇਰਾ ਲਾਇਆ । ਵਾਹ ਵਾਹ ਜੀਵ ਮਰਿਆ ਮਰ ਜਾਏ

੩੦ ਫੇਰ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਫੇਰਾ ਪਾਇਆ । ਅਚਰਜ ਰਾਹ ਦਿਖਾਏ । ਸ੍ਰਿਸ਼ਟ ਸਬਾਈ ਆਪ ਭੁਲਾਏ । ਗੁਰਮੁਖਾਂ ਭੇਵ ਖੁਲ੍ਹਾਏ । ੩੦

ਪੁਰੀ ਘਨਕ ਕਰੇ ਰੁਸ਼ਨਾਏ । ਅਠਤਾਲੀ ਘੰਟੇ ਲਿਖਤ ਲਿਖਾਏ । ਖਾਣੀ ਬਾਣੀ ਰਸਨ ਅਲਾਏ । ਵੇਦ ਪੁਰਾਨਾਂ ਦੇ ਸਮਝਾਏ । ਕੁਰਾਨ ਅੰਜੀਲ ਰਸਨ ਚਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਜੋਤ ਜਗਾਏ । ਵਾਹ ਵਾਹ ਖੇਲ ਅਪਾਰੇ । ਝੂਠੇ ਜੋ ਵੇਖਣ ਆਇਣ ਜਾਇਣ ਕਰੇ ਵਿਚਾਰੇ । ਪ੍ਰਭ ਅਬਿਨਾਸ਼ੀ ਖੇਲ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੀਵਾਨਿਆਂ, ਮਸਤਾਨਿਆਂ, ਆਪਣੀ ਚਰਨੀ ਕੇਸ ਝੁਲਾਰੇ । ਯੋਗ ਆਸਣ ਹਰਿ ਬਤਾ ਰਿਹਾ । ਸਾਚਾ ਯੋਗ ਦੇਵੇ ਗੁਰਸਿਖਾਂ ਸੋਹੰ ਨਾਮ ਅਧਾਰਿਆ । ਆਪ ਮਿਟਾਏ ਕ੍ਰਿਸ਼ਨਾ ਭੁੱਖਾ ਘਰ ਸਾਚੇ ਭਾਗ ਲਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਆਪ ਚੁਕਾ ਰਿਹਾ । ਸਾਚਾ ਯੋਗ ਮਿੱਠਾ ਬੋਲਣਾ । ਸਾਚਾ ਯੋਗ ਕੌੜ ਕੂੜਾ ਨਾ ਰਸਨਾ ਤੋਲਣਾ । ਸਾਚਾ ਯੋਗ ਸੋਹੰ ਸ਼ਬਦ ਨਾ ਗੁਰਸਿਖ ਭੁਲਣਾ । ਵਾਹ ਵਾਹ ਹੋਵੇ ਮਿਲਾਵੇ ਕੰਤ ਕੰਤੂਹਲਣਾ । ਸਾਚਾ ਯੋਗ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਦਵਾਰਾ ਸਤਿਜੁਗ ਖੋਲ੍ਹਣਾ । ਸਚ ਯੋਗ ਸਹਿਜ ਘਰ ਪਾਓ । ਸਚ ਯੋਗ ਪ੍ਰਭ ਅਬਿਨਾਸ਼ੀ ਰਿਦੇ ਵਸਾਓ । ਸਾਚਾ ਯੋਗ ਗੁਰ ਗੋਬਿੰਦ ਗੁਰ ਸ਼ਬਦ ਨਾਮ ਧਿਆਓ । ਸਾਚਾ ਯੋਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਲਗ ਜਾਓ । ਪੂਰਨ ਯੋਗ ਗੁਰੂ ਦਵਾਰਾ । ਪੂਰਨ ਯੋਗ ਏਕਾ ਏਕ ਗੁਰਸਿਖ ਚਰਨ ਦਵਾਰਾ । ਪੂਰਨ ਯੋਗ ਰਸਨਾ ਜਪ ਨਾਮ ਮੁਰਾਰਾ । ਪੂਰਨ ਯੋਗ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਆਪਣੀ ਧਾਰਾ । ਕਰ ਕਿਰਪਾ ਪਾਰ ਉਤਾਰਿਆ । ਏਕਾ ਦੇਵੇ ਸਾਚਾ ਜਾਪ ਸੋਹੰ ਸਾਚਾ ਮੇਲ ਮਿਲਾ ਰਿਹਾ । ਕੋਟਨ ਕੋਟ ਉਤਾਰੇ ਪਾਪ, ਸਾਚੀ ਦਰਗਾਹ ਲੇਖੇ ਲਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਲੇਖੇ ਆਪ ਲਗਾ ਰਿਹਾ । ਇੰਦਰ ਸਿੰਘ ਚੜ੍ਹਿਆ ਚੰਦ । ਆਪ ਚੜ੍ਹਾਏ ਸਦ ਬਖ਼ਸ਼ੰਦ । ਖ਼ੁਸ਼ੀ ਹੋਈ ਤਨ ਬੰਦ ਬੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਇਕ ਦਿਖਾਏ ਪਰਮਾਨੰਦ । ਪਰਮਾਨੰਦ

ਪਰਮ ਪੁਰਖ ਜਾਣੇ ਆਤਮ । ਕਿਆ ਕੋਈ ਜਾਣੇ ਜੀਵ ਸਨਾਤਮ । ਨਾ ਹੋਏ ਏਕਾ ਵਾਸ ਆਤਮ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਚਲਾਇਆ ਮਾਤ । ਕਿਉਂ ਹੋਇਆ ਜੀਵ ਵੈਰਾਗੀ ਹੈ । ਤਨ ਕਾਇਆ ਹੰਸ ਤਿਆਗੀ ਹੈ । ਪ੍ਰਭ ਸਾਚੇ ਚਰਨੀ ਲਾਗੀ ਹੈ । ਜਨ ਹੋਇਆ ਵਡ ਵਡਭਾਗੀ ਹੈ । ਘਰ ਸਾਚੇ ਸਦਾ ਸਚ ਰਾਗੀ ਹੈ । ਕਿਸਮਤ ਸੋਈ ਕਲ ਵਿਚ ਜਾਗੀ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਲਗਾਈ ਸਾਚੀ ਬਾਜੀ ਹੈ । ਉਡਿਆ ਹੰਸ ਦੇਹ ਨਿਮਾਣੀ । ਘਰ ਦੇ ਜੀਵ ਰਹੇ ਪਛਤਾਣੀ । ਛੋਟੇ ਵੱਡੇ ਬੁੱਢੇ ਬਾਲ ਅੰਞਾਣੀ । ਦਿਵਸ ਰੈਣ ਰੈਣ ਦਿਵਸ ਟੁੱਟੇ ਰਹਿਣ ਪਰਾਣੀ । ਏਕਾ ਏਕ ਜੁਗੋ ਜੁਗ ਪ੍ਰਭ ਸਾਚੇ ਦੀ ਸਚ ਨਿਸ਼ਾਨੀ । ਗੁਰਮੁਖ ਸਾਚੇ ਸੰਤ ਜਨੋ ਪ੍ਰਭ ਸਾਚਾ ਨਾਉਂ ਪਛਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਨਾਮ ਨਿਧਾਨੀ । ਉਡਿਆ ਹੰਸ ਛੁੱਟਿਆ ਬਾਜ । ਹਰਿ ਸਾਚੇ ਦਾ ਲੱਥਾ ਤਾਜ । ਕਵਣ ਕਰੇ ਤੇਰੇ ਪੂਰੇ ਕਾਜ । ਯਾਦ ਆਵੇ ਗੁਰ ਤੇਰੀ ਆਜ । ਆਪੇ ਰੱਖੇ ਸਾਡੀ ਲਾਜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਣ ਸਵਾਰੇ ਤੇਰੇ ਕਾਜ । ਚੇਤ ਸਿੰਘ ਪ੍ਰਭ ਆਏ ਹਜ਼ੂਰੀ । ਆਸਾ ਮਨਸਾ ਪ੍ਰਭ ਸਾਚੇ ਪੂਰੀ । ਸੇਵਾ ਤੇਰੀ ਨਾ ਰਹੀ ਅਧੂਰੀ । ਸਾਚਾ ਪ੍ਰਭ ਦਰਗਾਹ ਸਾਚੀ ਦੇਵੇ ਸਚ ਮਜ਼ੂਰੀ । ਏਕਾ ਆਪਣੇ ਰੰਗ ਰੰਗਾਏ, ਦਿਵਸ ਰੈਣ ਹਰਿ ਸੰਗ ਰਖਾਏ, ਨਾ ਉਠਾਏ ਖੁੰਡੀ ਭੂਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਮ੍ਰਿਤ ਆਤਮ ਮੁਖ ਚਵਾਏ ਆਪੇ ਕੁੱਟ ਖਵਾਏ ਚੂਰੀ । ਚੇਤ ਸਿੰਘ ਤੇਰੀ ਚਾਰ ਯਾਰੀ । ਦਿਵਸ ਰੈਣ ਸਦ ਕਰੇ ਖਵਾਰੀ । ਸ਼ਬਦ ਮਾਰ ਪ੍ਰਭ ਸਾਚੇ ਮਾਰੀ । ਆਪੇ ਕੱਟੇ ਜਿਉਂ ਲਕੜੀ ਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਚੀਰ ਕਰੇ ਦੋਫਾੜੀ । ਚੇਤ ਸਿੰਘ ਤੇਰੀ ਸੇਵ ਬਲ । ਪ੍ਰਭ ਅਬਿਨਾਸ਼ੀ ਕਰ ਕੇ ਛਲ । ਦਰ ਘਰ ਸਾਚੇ ਸਾਸ ਦਵਾਏ, ਦੂਰ ਦੁਰਾਡਾ ਆਏ ਚਲ । ਮਾਤਲੋਕ ਹਰਿ ਦੇ ਵਡਿਆਈ, ਅੰਮ੍ਰਿਤ ਭਰੇ ਸਾਚਾ ਜਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਿਖਾਵੇ ਜੁਗੋ ਜੁਗ ਅਟੱਲ । ਚੇਤ ਸਿੰਘ ਹਰਿ ਸਾਚਾ ਆਇਆ । ਦਰ ਘਰ ਤੇਰੇ ਭਾਗ ਲਗਾਇਆ । ਵਕਤ ਵਿਚਾਰ ਕਰਮ ਕਮਾਇਆ । ਆਪ ਆਪਣੇ ਸੰਗ ਰਲਾਇਆ । ਸਿੰਘ ਸਵਰਨ ਸਰਨ ਬਹਾਇਆ । ਸਚਖੰਡ ਦਾ ਰਾਜ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਪਾਏ ਤੇਰੀ ਸੇਵ ਕਮਾਇਆ । ਸਵਰਨ ਹਰਿ ਲਏ ਸੰਭਾਲ । ਦਿਵਸ ਰੈਣ ਹਰਿ ਰੱਖੇ ਨਾਲ । ਆਪ ਆਪਣੇ ਕੰਠ ਲਗਾਇਆ, ਜਿਉਂ ਮਾਤਾ ਗਲ ਲਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਨਿਭੇ ਨਾਲ । ਮਾਤਲੋਕ ਸਵਰਨ ਤਜਾਇਆ । ਝੂਠੀ ਕਾਇਆ ਦੇ ਛਡਾਇਆ । ਹੁਕਮੇ ਖੇਲ ਰਚਾਇਆ । ਅੰਦਰੇ ਅੰਦਰ ਭੇਵ ਕਿਸੇ ਨਾ ਪਾਇਆ । ਆਤਮ ਜਿੰਦਰਾ ਆਪਣੇ ਹੱਥ ਤੁੜਾਇਆ । ਜੋਤ ਸਰੂਪੀ ਸਵਾਸ ਖਿਚਾਇਆ । ਆਪ ਆਪਣਾ ਵਿਚੋਂ ਵਾਸ ਕਢਾਇਆ । ਜੋਤ ਸਰੂਪੀ ਜੋਤ ਹਰਿ ਆਪ ਵਿਚ ਅਕਾਸ਼ ਬਹਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਰਾਜ ਦਵਾਇਆ । ਸਿੰਘ ਸਵਰਨ ਸਰਨ ਗੁਰ ਪਾਈ । ਸਾਚੇ ਘਰ ਮਿਲੀ ਵਡਿਆਈ । ਚਰਨ ਦਵਾਰੇ ਦਿਵਸ ਰੈਣ ਹਰਿ ਦਰਸ਼ਨ ਪਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਸਵਰਨ ਦੇਵੇ ਵਡਿਆਈ । ਸਿੰਘ ਸਵਰਨ ਤੇਰਾ ਉਚਾ ਰਾਜ । ਸਿੰਘ ਸਵਰਨ ਤੇਰਾ ਉਚਾ ਸਾਜ । ਸਿੰਘ ਸਵਰਨ ਚਰਨ ਬਹਾਏ ਗਰੀਬ ਨਿਵਾਜ਼ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੱਖੇ ਤੇਰੀ ਲਾਜ । ਚਾਰ ਯੁਗ ਹਰਿ ਲਾਜ ਰਖਾਏ । ਆਪ ਆਪਣੇ ਰੰਗ ਰੰਗਾਏ । ਦੂਜੀ ਨੌਕਰੀ ਕੋਈ ਰਹਿਣ ਨਾ ਪਾਏ । ਜੋਤੀ ਜੋਤ ਸਰੂਪ ਹਰਿ ਆਪਣੇ ਭਾਣੇ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਹਰਿ ਸਾਚਾ ਕੰਤ ਗੁਰਸਿਖਾਂ ਪੈਜ ਰਖਾਏ । ਸਵਰਨ ਸਿੰਘ ਸਚ ਵਸੇ ਧਾਮਾ । ਚਰਨ ਲਗਾਇਆ ਸਾਚੇ ਰਾਮਾ । ਸਵਰਨ ਸਵਰਨ ਸਵਰਨ ਬਣਾਇਆ ਕਲਜੁਗ ਦੇਹ ਤਜਾਈ ਚਾਮਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੩੧

ਸਾਚਾ ਖੇਲ ਕਰਾਇਆ ਜੋਤ ਸਰੂਪੀ ਪਹਰਿਆ ਬਾਣਾ । ਸਿੰਘ ਸਵਰਨ ਰਾਜ ਦਵਾਰੇ । ਪ੍ਰਭ ਅਬਿਨਾਸ਼ੀ ਆਪ ਖਲਾਰੇ । ਅੱਠੇ ਪਹਿਰ ਏਕਾ ਲਹਿਰ ਵੇਖੇ ਰੰਗ ਕਰਤਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਵਿਚੋਂ ਦੇਵੇ ਵਡ ਸਰਦਾਰੇ । ਵਡ ਸਰਦਾਰੀ ਦੇਵੇ ਭਾਰੀ, ਕਰੇ ਚਰਨ ਪਿਆਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਧਾਮ ਆਪ ਬਹਾਏ ਗੁਰਮੁਖ ਕਰਮ ਵਿਚਾਰੀ । ਸਾਚਾ ਯੋਗ ਜਗਤ ਪਿਤ ਦੀਆ । ਪੂਰਨ ਹੋਇਆ ਕਾਮ, ਹਰਿ ਦਰਸ਼ਨ ਕੀਆ । ਉਤਰੇ ਸਰਬ ਵਿਯੋਗ ਹਰਿ ਜੋਤੀ ਥੀਆ । ਕੋਇ ਨਾ ਲੱਗੇ ਰੋਗ, ਅੱਠੇ ਪਹਿਰ ਜੋਤ ਸਰੂਪੀ ਜਗੇ ਦੀਆ । ਅੱਠੇ ਪਹਿਰ ਜੋਤ ਪ੍ਰਕਾਸ਼ । ਏਕਾ ਏਕ ਪ੍ਰਭ ਅਬਿਨਾਸ਼ । ਦੂਜੀ ਵਸਤ ਨਾ ਕੋਇ ਪਾਸ । ਏਕਾ ਸਮਗਰੀ ਏਕਾ ਰਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਕਾਜ ਕਰੇ ਸਚ ਸਚ ਜੋਤ ਪ੍ਰਕਾਸ਼ । ਸਚ ਜੋਤ ਸ੍ਰੀ ਕਲਗੀ ਧਰ । ਗੁਰਸਿਖ ਮਿਲਿਆ ਸਾਚਾ ਵਰ । ਹਰਿ ਦਵਾਰੇ ਗਿਆ ਖੜ੍ਹ । ਚਾਰ ਜੁਗ ਨਾ ਛੱਡੇ ਲੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਹਾਇਆ ਆਪਣੀ ਹੱਥੀਂ ਖੜ । ਆਪਣੀ ਹੱਥੀਂ ਆਪ ਉਠਾਏ । ਆਪ ਆਪਣੀ ਗੋਦ ਰਖਾਏ । ਸ੍ਰਿਸ਼ਟ ਸਬਾਈ ਆਪ ਭੁਲਾਏ । ਸਾਚਾ ਭੇਵ ਖੁਲ੍ਹਾਏ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਰੱਖੇ ਆਪਣੀ ਸਰਨ ਲਗਾਏ । ਪ੍ਰਭ ਅਬਿਨਾਸ਼ੀ ਤੇਰੀ ਅਚਰਜ ਮਾਇਆ । ਵਿਛੜਿਆਂ ਕਲ ਮੇਲ ਮਿਲਾਇਆ । ਸੋਹੰ ਸੰਗਲ ਨਾਲ ਬੰਨ੍ਹਾਇਆ । ਨਾ ਕੋਇ ਤੋੜੇ ਤੋੜ ਤੁੜਾਇਆ । ਤੁਟੀ ਗੰਢੇ ਚਰਨੀ ਜੋੜੇ ਨਾ ਕਦੇ ਵਿਛੋੜੇ, ਨਾ ਕਦੇ ਮਰੇ ਨਾ ਜਾਇਆ । ਮਹਾਰਾਜ ਸ਼ੇਰ ਸਿੰਘ ਪਿਤਾ ਪੂਤ ਏਕਾ ਸੰਗ ਰਲਾਇਆ । ਪਿਤਾ ਪੂਤ ਇਕ ਨਰਾਇਣ । ਏਕਾ ਘਰ ਦੋਏ ਚਲ ਬਹਿਣ । ਜਨਮ ਜਨਮ ਦਾ ਲਹਿਣਾ ਲੈਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਲਹਿਣਾ ਦੇਣ । ਗੁਰ ਚਰਨ ਸਵਰਨ ਕਲ ਗਿਆ ਤਰਨ । ਮਿਲੀ ਹਰਿ ਸਾਚੇ ਸਰਨ । ਫੇਰ ਨਾ ਹੋਏ ਮਰਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਨ੍ਹਾਏ ਆਪਣੀ ਧਾਰਨ । ਸਾਚੇ ਲੇਖੇ ਲਗਾ ਪਤਨੀ ਪਤ । ਪ੍ਰਭ ਅਬਿਨਾਸ਼ੀ ਆਪ ਰਖਾਏ ਆਪਣਾ ਤਤ । ਮਾਤਲੋਕ ਹਰਿ ਸਾਚਾ ਆਤਮ ਦੇਵੇ ਧੀਰਜ ਯਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਸਮਝਾਵੇ ਦੇਵੇ ਮਤ । ਸਾਚਾ ਪ੍ਰਭ ਬਖ਼ਸ਼ੇ ਸਚ ਪ੍ਰੀਤ । ਸਿੰਘ ਸਵਰਨ ਤੇਰਾ ਫੜਿਆ ਲੜ ਤੇਰੇ ਨਾਲ ਤੇਰੀ ਸੁਰਜੀਤ । ਪ੍ਰਭ ਅਬਿਨਾਸ਼ੀ ਦੇਵੇ ਸਾਚਾ ਵਰ, ਆਤਮ ਰਹੇ ਸਦਾ ਅਤੀਤ । ਕਾਮ ਕਰੋਧ ਹੰਕਾਰ ਪ੍ਰਭ ਵਿਚੋਂ ਕੱਢੇ ਫੜ । ਆਪੇ ਬਣੇ ਸਾਚਾ ਮਿਤ ਦਿਵਸ ਰੈਣ ਰੈਣ ਦਿਵਸ ਪ੍ਰਭ ਅਬਿਨਾਸ਼ੀ ਸਦ ਸਦ ਸਦ ਵਸੇ ਚੀਤ । ਸੁਰਜੀਤ ਦੇਵੇ ਚਰਨ ਪ੍ਰੀਤ । ਹਰਿ ਪਰਖੇ ਸਾਚੀ ਨੀਤ । ਮਾਨਸ ਜਨਮ ਕਲ ਜਾਣਾ ਜੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਲੇਖੇ ਲਾਏ ਚਰਨ ਕਵਲ ਉਪਰ ਧਵਲ ਰੱਖੀ ਪ੍ਰੀਤ । ਸਾਚੇ ਲੇਖੇ ਜਾਏ ਲੱਗ । ਪ੍ਰਭ ਅਬਿਨਾਸ਼ੀ ਪਕੜੇ ਪਗ । ਝੂਠੀ ਮਾਇਆ ਝੂਠੀ ਕਾਇਆ ਝੂਠੀ ਤ੍ਰਿਸ਼ਨਾ ਅੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਆਤਮ ਬੰਨ੍ਹੇ ਧੀਰਜ ਤਗ । ਧੀਰਜ ਤਗ ਸਤਿ ਸੰਤੋਖ । ਪ੍ਰਭ ਸਾਚਾ ਦੇਵੇ ਅੰਤਮ ਮੋਖ । ਜਗਤ ਵਿਆਪੇ ਨਾ ਕੋਈ ਦੋਖ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਰੈਣ ਦਿਵਸ ਕਰ ਦਰਸ ਤੇਰੀ ਉਤਰੇ ਮਨ ਦੀ ਭੁੱਖ । ਦਿਵਸ ਰੈਣ ਹਰਿ ਤੇਰੇ ਦਵਾਰੇ । ਖਾਲੀ ਭਰੇ ਤੇਰੇ ਭੰਡਾਰੇ । ਬਾਹੋਂ ਪਕੜ ਪਾਰ ਉਤਾਰੇ । ਸਿੰਘ ਸਵਰਨ ਦੀ ਸਾਚੀ ਨਾਰੇ । ਪਤ ਪਤਨੀ ਦੋਏ ਏਕਾ ਧਾਰੇ । ਏਕਾ ਮੰਗੀ ਮੰਗ ਪ੍ਰਭ ਦੇਵੇ ਸਚ ਦਰਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਜਨਮ ਮਰਨ ਸਵਾਰੇ । ਪਤਿਪਰਮੇਸ਼ਵਰ ਸਾਚਾ ਜਾਣ । ਦਿਵਸ ਰੈਣ ਤੇਰੀ ਕਰੇ ਪਛਾਣ । ਭੁੱਲ ਨਾ ਜਾਣਾ ਰੁਲ ਨਾ ਜਾਣਾ ਤੁਲ ਨਾ ਜਾਣਾ ਝੂਠੇ ਤੋਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਲਏ ਤੇਰੀ ਸੁਰਤ ਸੰਭਾਲ । ਸੰਗ ਸਾਥ ਆਪ ਨਿਭਾਵੰਦਾ । ਜਿਸ ਜਨ ਪ੍ਰਭ ਦਇਆ ਆਪ ਕਮਾਵੰਦਾ । ਰੱਖੇ ਦੇ ਕਰ ਹੱਥ,

ਨਾ ਮਾਤ ਕਦੇ ਡੁਲਾਵੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੁਟੀ ਚਰਨ ਪ੍ਰੀਤ ਤੋੜ ਨਿਭਾਵੰਦਾ । ਚਰਨ ਪ੍ਰੀਤੀ ਤੋੜ ਨਿਭਾਏ । ਤੁੱਟੀ ਗੰਢ ਜੋੜ ਵਖਾਏ । ਪ੍ਰਭ ਅਬਿਨਾਸ਼ੀ ਕਰ ਚਰਨ ਪ੍ਰੀਤੀ ਕਾਇਆ ਕੋਹੜ ਹਟਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੰਦੀ ਛੋੜ ਆਪ ਅਖਵਾਏ । ਕਾਇਆ ਕੌੜੀ ਕਿਆ ਕਰਾਏ, ਸਿਰ ਪੈਰਾਂ ਦੁੱਖ ਰਹੇ ਥੋੜਾ ਥੋੜਾ । ਸਾਥ ਨਾ ਦੇਵੇ ਕਾਇਆ ਘੋੜਾ । ਔਖ ਕਦੇ ਨਾ ਹੋਵੇ ਪ੍ਰਭ ਸਾਚਾ ਸਚ ਰਖਾਏ ਜੋੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲੇ ਅੰਤਮ ਅੰਤ ਗੁਰਮੁਖਾਂ ਸਾਚਾ ਬਹੁੜਾ । ਗੁਰ ਬਹੁੜਿਆ ਆਵੇ ਦੌੜਿਆ । ਫੜ ਫੜ ਬਾਹੋਂ ਪ੍ਰਭ ਸਾਚੇ ਆਪਣੀ ਚਰਨ ਜੋੜਿਆ । ਗੁਰਮੁਖ ਦਰ ਸਾਚਾ ਪਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਰ ਪਾਇਆ ਜਿਹਾ ਲੋੜਿਆ । ਮਨ ਚਿੰਦਿਆ ਫਲ ਪਾਏ । ਚਰਨ ਪ੍ਰੀਤੀ ਜੋ ਜਨ ਕਮਾਏ । ਪਿਛਲੀ ਬੀਤੀ ਭੁੱਲ ਬਖ਼ਸ਼ਾਏ । ਅੱਗੇ ਮਾਰਗ ਪ੍ਰਭ ਸਾਚਾ ਪਾਏ । ਆਪ ਆਪਣਾ ਸਿਰ ਹੱਥ ਟਿਕਾਏ । ਸਚ ਵਸਤ ਹਰਿ ਵਿਚ ਰਖਾਏ । ਏਕਾ ਬਸਤਰ ਤਨ ਪਹਿਨਾਏ । ਸਾਚੇ ਅਸਵ ਅਸਵਾਰ ਕਰਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਸਤ ਬਦਸਤ ਲੇਖਾ ਆਪ ਚੁਕਾਏ । ਗੁਰ ਸੰਗਤ ਸੇਵਾ ਜਿਸ ਕਮਾਈ । ਮਾਤਲੋਕ ਹਰਿ ਦੇ ਵਡਿਆਈ । ਲਹਿਣਾ ਦੇਣਾ ਆਪ ਚੁਕਾਈ । ਆਤਮ ਸਾਚਾ ਸੋਹੰ ਗਹਿਣਾ ਤਨ ਪਹਿਨਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੀ ਵਡਿਆਈ । ਸੋਹੰ ਗਹਿਣਾ ਤਨ ਪਹਿਨਾਇਆ । ਧਰਮ ਰਾਏ ਨਾ ਡੰਨ ਲਗਾਇਆ । ਗੁਰਮੁਖਾਂ ਬੇੜਾ ਬੰਨ੍ਹ ਵਖਾਇਆ । ਆਪ ਆਪਣੀ ਸੇਵ ਰਖਾਈ, ਦਰ ਸਾਚੇ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਥਾਨ ਸੁਹਾਏ ਜਿਥੇ ਡੇਰਾ ਲਾਇਆ । ਥਾਨ ਸੁਹਾਏ ਆਪ ਆਏ । ਮਾਣ ਦਵਾਏ ਆਪੇ ਜਾਏ ।
 ਆਪੇ ਪੁੱਛੇ ਅੰਤਮ ਵਾਤ, ਪ੍ਰਭ ਅਬਿਨਾਸ਼ੀ ਹੋਏ ਸਹਾਏ । ਆਤਮ ਵੇਖ ਮਾਰ ਝਾਤ, ਪ੍ਰਭ ਅਬਿਨਾਸ਼ੀ ਤੇਰੇ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ੩੩
ਆਪ ਆਪਣੇ ਰੰਗ ਰੰਗਾਏ । ਆਤਮ ਅੰਦਰ ਬੂਝ ਬੁਝਾਰਾ । ਏਕਾ ਜੋਤ ਆਪ ਕਰਤਾਰਾ । ਗੁਰਮੁਖ ਵਿਰਲਾ ਕਰੇ ਵਿਚਾਰਾ । ਜਿਸ ਹਰਿ ਦੇਵੇ ਚਰਨ ਪਿਆਰਾ । ਚਰਨ ਪ੍ਰੀਤੀ ਵਿਚ ਮਾਤ ਸੋਹੰ ਦੇਵੇ ਸਾਚੀ ਧਾਰਾ । ਰਸਨਾ ਜਪ ਜੀਵ ਕਲ ਉਤਰੇ ਪਾਰਾ । ਪ੍ਰਭ ਅਬਿਨਾਸ਼ੀ ਪਾਏ ਤੇਰੀ ਸਾਰਾ । ਬੇੜਾ ਡੁੱਬੇ ਵਿਚ ਮੰਝਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਨਿਹਕਲੰਕ ਨਰ ਅਵਤਾਰਾ । ਵਰਤੇ ਵਰਤਾਵੇ ਵਿਚ ਸੰਸਾਰੇ । ਕਲਜੁਗ ਜੀਵ ਭੁੱਲੇ ਗਵਾਰੇ । ਮਾਇਆਧਾਰੀ ਲੋਭੀ ਆਤਮ ਹੋਈ ਹੰਕਾਰੇ । ਝੂਠੇ ਜੂਠੇ ਮਹਿਲ ਮੁਨਾਰੇ । ਹਰਿ ਕਾ ਨਾਮ ਲੱਗੇ ਭੁਸਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਵਿਚ ਮਾਤ ਜਾਮਾ ਧਾਰੇ । ਹਰਿ ਚਰਨ ਕਲ ਪ੍ਰੀਤ ਕਰ, ਕਿਉਂ ਸੌਂ ਕੇ ਵਕਤ ਲੰਘਾਇਆ । ਹਰਿ ਚਰਨ ਕਲ ਪ੍ਰੀਤ ਕਰ, ਕਿਉਂ ਰੋ ਰੋ ਜਨਮ ਗਵਾਇਆ । ਹਰਿ ਚਰਨ ਕਲ ਪ੍ਰੀਤ ਕਰ, ਕਿਉਂ ਭਰਮ ਭੁਲੇਖੇ ਵਿਚ ਕਲਜੁਗ ਜੀਵ ਭੁਲਾਇਆ । ਹਰਿ ਚਰਨ ਕਲ ਪ੍ਰੀਤ ਕਰ, ਆਪਣਾ ਮੂਲ ਕਿਉਂ ਰਿਹਾ ਗਵਾਇਆ । ਹਰਿ ਚਰਨ ਕਲ ਪ੍ਰੀਤ ਕਰ, ਕੰਤ ਕੰਤੂਹਲ ਹਰਿ ਜਾਮਾ ਪਾਇਆ । ਹਰਿ ਚਰਨ ਕਲ ਪ੍ਰੀਤ ਕਰ, ਬੇਮੁਖ ਹੋਏ ਨਾ ਭੁਲ ਪ੍ਰਭ ਅਬਿਨਾਸ਼ੀ ਤੇਰੇ ਵਿਚ ਸਮਾਇਆ । ਹਰਿ ਚਰਨ ਕਲ ਪ੍ਰੀਤ ਕਰ, ਸ਼ਬਦ ਪੰਘੂੜਾ ਸਾਚਾ ਝੂਲ ਪ੍ਰਭ ਅਬਿਨਾਸ਼ੀ ਦੇ ਝੁਲਾਇਆ । ਹਰਿ ਚਰਨ ਕਲ ਪ੍ਰੀਤ ਕਰ, ਗੁਰਮੁਖ ਬਣਾਏ ਮਾਤ ਕਵਲ ਫੁੱਲ ਦਰਗਾਹ ਸਾਚੀ ਮਾਣ ਦਵਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਸਰਨ ਲਗਾਇਆ । ਸਰਨ ਲਗਾਇਆ ਲਿਖਿਆ ਲੇਖ ਕਲ ਕਮਾਇਆ । ਮਿਟਾਈ ਰੇਖ ਧਰਮ ਧਰਾਇਆ । ਗੁਰਸਿਖ ਤਰਾਇਆ, ਪਾਰ ਲੰਘਾਇਆ, ਸਰਨ ਲਗਾਇਆ, ਮਰਨ ਡਰਨ ਚੁਕਾਇਆ, ਹਰਨ ਫਰਨ ਖੁਲ੍ਹਾਇਆ, ਧਰਨੀ ਧਰਨ ਅਖਵਾਇਆ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਮਾਰਗ ਲਾਇਆ । ਕਲਜੁਗ ਵੇਲਾ ਅੰਤਮ ਆਈ । ਕਲਜੁਗ ਝੂਠੀ ਮਾਇਆ ਵਿਚ

ਰੁਲ ਨਾ ਜਾਈ । ਪ੍ਰਭ ਅਬਿਨਾਸ਼ੀ ਜੋਤ ਪ੍ਰਗਟਾਈ । ਘਰ ਸਾਚੇ ਵੱਜੇ ਵਧਾਈ । ਆਤਮ ਦੇਵੇ ਦਰ ਖੁਲ੍ਹਾਈ । ਆਤਮ ਤ੍ਰਿਖਾ ਤ੍ਰਿਸ਼ਨਾ ਦੇ ਮਿਟਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਨੇ ਹੱਥ ਰੱਖੀ ਵਡਿਆਈ । ਗੁਰ ਚਰਨ ਪ੍ਰੀਤੀ ਸਾਚੀ ਜਾਨੋ । ਪ੍ਰਭ ਅਬਿਨਾਸ਼ੀ ਏਕਾ ਮਾਨੋ । ਜੂਠ ਝੂਠ ਛੱਡੋ ਜਗਤ ਨਿਧਾਨੋ । ਏਕਾ ਏਕ ਦਰ ਘਰ ਸਾਚੇ ਆਪ ਪਛਾਣੋ । ਦੇਵਣਹਾਰ ਦਾਤਾਰ ਸੱਚੀ ਸਰਕਾਰ ਇਕ ਭਗਵਾਨੋ । ਕੋਟਨ ਕੋਟ ਖੜੇ ਦਵਾਰ ਅੰਤ ਕੋਇ ਨਾ ਆਨੋ । ਜੋ ਜਨ ਆਏ ਕਰੇ ਨਿਮਸਕਾਰ ਪ੍ਰਭ ਅਬਿਨਾਸ਼ੀ ਦਰਗਾਹ ਸਾਚੀ ਦੇਵੇ ਮਾਨੋ । ਦਰਗਾਹ ਸਾਚੀ ਧਾਮ ਅਵਲੜਾ । ਜਿਥੇ ਵਸੇ ਹਰਿ ਆਪ ਇਕਲੜਾ । ਆਤਮਕ ਦੀਪਕ ਜੋਤੀ ਬਲੜਾ । ਏਕਾ ਨਾਮ ਭਾਰਾ ਪਲੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ, ਕਲਜੁਗ ਅੰਤ ਕਰਾਏ, ਸਤਿਜੁਗ ਸਾਚਾ ਲਾਏ ਰਾਹ ਚਲਾਏ ਅਵਲੜਾ । ਕਲਜੁਗ ਤੇਰਾ ਅੰਤ ਕਰਾਵਣਾ । ਸਤਿਜੁਗ ਸਾਚਾ ਰੰਗ ਰੰਗਾਵਣਾ । ਸੋਹੰ ਸ਼ਬਦ ਮੁਖ ਰਖਾਵਣਾ । ਰਾਓ ਰੰਕ ਇਕ ਕਰਾਵਣਾ । ਊਚ ਨੀਚ ਦਾ ਭੇਵ ਮਿਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਸਾਚਾ ਮਾਣ ਦਵਾਵਣਾ । ਸੰਤ ਜਨ ਹਰਿ ਇਕ ਸਮਾਨ । ਸੰਤ ਜਨਾਂ ਹਰਿ ਦੇਵੇ ਆਤਮ ਸ਼ਬਦ ਗਿਆਨ । ਪ੍ਰਭ ਅਬਿਨਾਸ਼ੀ ਆਪ ਬਿਠਾਏ ਸਾਚੇ ਸ਼ਬਦ ਬਬਾਣ । ਤ੍ਰੈਲੋਕੀ ਨਾਥ ਆਪ ਵਡਿਆਏ, ਤੀਨ ਭਵਨ ਦੀ ਬੂਝ ਬੁਝਾਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੰਤ ਜਨਾਂ ਹਰਿ ਦੇਵੇ ਮਾਣ । ਸੰਤ ਜਨਾਂ ਸਿਰ ਰੱਖੇ ਹੱਥ । ਆਪੇ ਦੇਵੇ ਸੋਹੰ ਸਾਚੀ ਵਥ । ਸਾਚੇ ਸ਼ਬਦ ਆਪ ਚੜ੍ਹਾਏ ਸੋਹੰ ਸਾਚੇ ਰਥ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ । ਹਰਿ ਸੰਤ ਹਰਿ ਆਪ ਬਣਾਏ । ਆਪ ਆਪਣਾ ਰਾਹ ਜਣਾਏ । ਬਾਹੋਂ ਪਕੜ ਹਰਿ ਚਰਨੀ ਲਾਏ । ਆਤਮ ਆਕੜ ਸਰਬ ਕਢਾਏ । ਆਪੇ ਤਕੜ ਸੋਹੰ ਸ਼ਬਦ ਤੁਲਾਵੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਬ੍ਰਹਮ ਗਿਆਨ ਦੇ ਹੰਕਾਰ ਹੰਗਤਾ ਰੋਗ ਗਵਾਏ । ਸੰਤ ਜਨ ਮਨ ਵੱਜੀ ਵਧਾਈ । ਆਤਮ ਜੋਤ ਹੋਈ ਰੁਸ਼ਨਾਈ । ਏਕਾ ਲਿਵ ਗੁਰ ਚਰਨ ਲਗਾਈ । ਗੁਰ ਪੂਰੇ ਦੇ ਹੱਥ ਵਡਿਆਈ । ਆਤਮ ਦਰ ਦੇ ਖੁਲ੍ਹਾਈ । ਝੂਠੇ ਧੰਦੇ ਦੇ ਗਵਾਈ । ਆਪਨੇ ਬੰਦੇ ਲਈ ਬਣਾਈ । ਦਵਾਰ ਦਸਮ ਦੀ ਬੂਝ ਬੁਝਾਈ । ਜਿਥੇ ਵਸੇ ਏਕ ਰਘੁਰਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਸੰਤਾਂ ਆਪੇ ਮੇਲ ਮਿਲਾਈ । ਵਾਹ ਵਾਹ ਸੰਤ ਹਰਿ ਸਾਚਾ ਮੇਲਾ । ਪ੍ਰਭ ਅਬਿਨਾਸ਼ੀ ਖੇਲ ਕਲ ਖੇਲਾ । ਗਿਆ ਹੱਥ ਨਾ ਆਵੇ ਵੇਲਾ । ਗੁਰਮੁਖ ਸਾਚੇ ਸੰਤ ਜਨਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਸੱਜਣ ਸੁਹੇਲਾ । ਹਰਿ ਸੰਤ ਦੋਏ ਏਕਾ ਘਰ । ਹਰਿ ਸੰਤ ਦੋਏ ਏਕਾ ਦਰ । ਹਰਿ ਸੰਤ ਦੋਏ ਏਕਾ ਸਰ । ਹਰਿ ਸੰਤ ਏਕਾ ਧਾਮ ਰਹਿਣ ਏਕਾ ਘਰ । ਹਰਿ ਸੰਤ ਹਰਿ ਪਕੜੇ ਲੜ । ਹਰਿ ਸੰਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਦਰ ਬੈਠਾ ਵੜ । ਸਾਚੇ ਸੰਤ ਆਪ ਬਣਾਏ ਬਣਤ । ਮੇਲ ਮਿਲਾਵਾ ਹੋਏ ਸਾਚੇ ਕੰਤ । ਗੁਰਮੁਖ ਹਰਿ ਕੀ ਪੌੜੀ ਜਾਏ ਚੜ੍ਹ । ਹਰਿ ਕੀ ਪੌੜੀ ਵੇਖ ਅਖੀਰ । ਬਜ਼ਰ ਕਪਾਟੀ ਜਾਵੇ ਚੀਰ । ਅੰਮ੍ਰਿਤ ਝਿਰਨਾ ਝਿਰੇ ਸਾਚਾ ਸੀਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਸੰਤ ਜਨਾਂ ਸਾਚੀ ਧੀਰ । ਸੋਹੰ ਸ਼ਬਦ ਸਚ ਗਿਆਨਾ । ਗੁਰਮੁਖ ਸਾਚੇ ਕਲ ਪਛਾਣਾ । ਦੇਵੇ ਮਾਣ ਵਿਚ ਜਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਰਾਏ ਚਰਨ ਧੂੜ ਇਸ਼ਨਾਨਾ । ਸੋਹੰ ਤਾਜ ਸਿਰ ਪ੍ਰਭ ਸਾਚੇ ਦੀਆ । ਆਤਮ ਜੋਤ ਜਗਾਇਆ ਦੀਆ । ਆਪ ਆਪਣਾ ਖੇਲ ਕੀਆ । ਸਤਿਜੁਗ ਰਖਾਏ ਸਾਚੀ ਨੀਆ । ਸੰਤ ਜਨਾਂ ਹਰਿ ਸਾਚਾ ਲੇਖੇ ਲਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਪੁੱਤਰ ਧੀਆਂ । ਗੁਰ ਪੂਰਾ ਘਰ ਆਇਆ । ਦਰ ਮੰਦਰ ਆਣ ਸੁਹਾਇਆ । ਗੁਰਮੁਖ ਸਾਚੇ ਸੰਤ ਜਨਾਂ ਹਰਿ ਸਾਚਾ ਮੇਲ ਮਿਲਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਇਕ ਸਰਨਾਇਆ । ਗੁਰ ਚਰਨ

੩੪

ਇਕ ਸਰਨਾਈ । ਗੁਰ ਚਰਨ ਮਿਲੇ ਵਡਿਆਈ । ਗੁਰ ਚਰਨ ਗੁਰਸਿਖ ਆਤਮ ਤ੍ਰਿਖਾ ਦੇ ਬੁਝਾਈ । ਕਲਜੁਗ ਭੁਲਿਆ ਰਹੇ ਨਾ ਕਾਈ । ਭਰਮ ਭੁਲੇਖੇ
ਦੇ ਮਿਟਾਈ । ਗੁਰ ਚਰਨ ਏਕਾ ਲਿਵ ਲਾਈ । ਗੁਰ ਚਰਨ ਸਚ ਵਸਤ ਦੇਵੇ ਝੋਲੀ ਪਾਈ । ਗੁਰ ਚਰਨ ਏਕਾ ਜੋਤ ਕਰੇ ਰੁਸ਼ਨਾਈ । ਗੁਰ ਚਰਨ ਦੁਰਮਤ
ਮੈਲ ਧੋਤ ਆਪਣੇ ਰੰਗ ਰੰਗਾਈ । ਗੁਰ ਚਰਨ ਚਾਰ ਵਰਨ ਕਰਾਏ ਏਕਾ ਗੋਤ ਹਰਿ ਸਰਨਾਈ । ਗੁਰ ਚਰਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ
ਚਰਨ ਗੁਰਮੁਖਾਂ ਲੈ ਬੁਝਾਈ । ਗੁਰ ਚਰਨ ਸਾਚੀ ਸੇਵਾ । ਗੁਰ ਚਰਨ ਦੇਵੇ ਸੋਹੰ ਸਾਚਾ ਮੇਵਾ । ਗੁਰ ਚਰਨ ਮਿਲੇ ਮਾਣ ਵਡ ਦੇਵੀ ਦੇਵਾ । ਮਹਾਰਾਜ ਸ਼ੇਰ
ਸਿੰਘ ਵਿਸ਼ਨੂੰ ਭਗਵਾਨ, ਅਲਖ ਅਭੇਵਾ । ਗੁਰ ਚਰਨ ਮਿਲੇ ਸਿਕਦਾਰੀ । ਗੁਰਸਿਖ ਪੂਜੇ ਬਣ ਪੁਜਾਰੀ । ਗੁਰ ਚਰਨ ਹਉਮੇ ਮਮਤਾ ਦੇ ਨਿਵਾਰੀ । ਗੁਰ
ਚਰਨ ਏਕਾ ਦੇਵੇ ਸ਼ਬਦ ਉਡਾਰੀ । ਗੁਰ ਚਰਨ ਆਪ ਬਹਾਏ ਸਚਖੰਡ ਸੱਚੀ ਅਟਾਰੀ । ਗੁਰਚਰਨ ਏਕਾ ਮੇਲ ਹੋਏ ਨਿਹਕਲੰਕ ਨਰਾਇਣ ਨਰ ਅਵਤਾਰੀ । ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੇਵੇ ਦਰਸ ਅਗੰਮ ਅਪਾਰੀ । ਗੁਰ ਚਰਨ ਗੁਰ ਪੂਰਾ ਪਾਵਣਾ । ਗੁਰ ਚਰਨ ਹਉਮੇ ਰੋਗ ਗਵਾਵਣਾ । ਗੁਰ ਚਰਨ ਜਿਸ ਜਨ
ਰਸਨਾ ਗਾਵਣਾ । ਕਲਜੁਗ ਮਾਇਆ ਡਸਣੀ ਨੇੜ ਨਾ ਆਵਣਾ । ਗੁਰ ਚਰਨ ਪੰਜਾਂ ਕਰੇ ਵਸ, ਰਸਨ ਸੋਹੰ ਸ਼ਬਦ ਗਾਵਣਾ । ਸਾਚੀ ਵਸਤ ਸਤਿਜੁਗ ਧਰ,
ਏਕਾ ਮਾਰਗ ਸ੍ਰਿਸ਼ਟ ਲਗਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਕੁੰਟ ਸੋਹੰ ਸਾਚਾ ਡੰਕ ਵਜਾਵਣਾ । ਸਤਿਜੁਗ ਤੇਰਾ ਸਤਿ ਵਰਤਾਰਾ । ਸਤਿਜੁਗ
ਤੇਰਾ ਰੰਗ ਅਪਾਰਾ । ਸਤਿਜੁਗ ਵਰਤੇ ਵਰਤਾਵੇ ਹਰਿ ਕਰਤਾਰਾ । ਸਤਿਜੁਗ ਸਚ ਸਚ ਹਰਿ ਭੰਡਾਰ ਵਰਤਾਰਾ । ਸਤਿਜੁਗ ਸ੍ਰਿਸ਼ਟ ਸਬਾਈ ਹੋਏ ਚਰਨ ਭਿਖਾਰਾ ।
 ਦੇਵਣਹਾਰ ਇਕ ਦਾਤਾਰਾ । ਸਤਿਜੁਗ ਨਿਖੁਟ ਨਾ ਜਾਏ ਦੇਵੇ ਵਡ ਭੰਡਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਲਖਾਏ ਅਗਾਧ ਬੋਧ ਬਣ ਲਿਖਾਰਾ । ੩੫
ਸਤਿਜੁਗ ਤੇਰਾ ਇਕ ਵਰਤੰਤ । ਗੁਰਮੁਖ ਵਿਰਲਾ ਜਾਣੇ ਸੰਤ । ਬੇਮੁਖਾਂ ਮਾਇਆ ਪਾਏ ਬੇਅੰਤ । ਗੁਰਸਿਖਾਂ ਮਿਲਿਆ ਪ੍ਰਭ ਸਾਚਾ ਕੰਤ । ਪ੍ਰਭ ਦੀ ਮਹਿੰਮਾ
ਬੜੀ ਅਗਣਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਭਗਵੰਤ । ਸਚ ਕਰ ਹਰਿ ਜਾਨਣਾ । ਵਾਲੀ ਦੋ ਜਹਾਨਣਾ । ਝੰਡਾ ਧਰਮ ਦਾ ਆਪ ਝੁਲਾਵਣਾ ।
ਚਾਰ ਕੁੰਟ ਡੰਕ ਵਜਾਵਣਾ । ਰਾਓ ਰੰਕ ਆਪ ਉਠਾਵਣਾ । ਥਾਂਓ ਥੰਕ ਆਪ ਸੁਹਾਵਣਾ । ਜਿਸ ਥਾਂਏ ਚਰਨ ਛੁਹਾਵਣਾ । ਗੁਰਸਿਖਾਂ ਪਾਰ ਕਰਾਵਣਾ । ਬੇਮੁਖਾਂ
ਨਸ਼ਟ ਕਰਾਵਣਾ । ਦਰ ਦਰ ਭਿਖਾਰ ਬਨਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭਾਣਾ ਆਪ ਵਰਤਾਵਣਾ । ਸਤਿਜੁਗ ਹਰਿ ਸਚ ਵਰਤੰਦਾ ।
ਸਤਿਜੁਗ ਹਰਿ ਗੁਰਮੁਖਾਂ ਹਰਿ ਗੁਰਸਿਖਾਂ ਰਹੰਦਾ । ਸਤਿਜੁਗ ਜਨ ਭਗਤਾਂ ਆਪ ਤੁੜਾਏ ਆਪ ਜਿੰਦਾ । ਸਤਿਜੁਗ ਦਰ ਘਰ ਸਾਚੇ ਕੋਇ ਰਹਿਣ ਨਾ ਦੇਵੇ ਮਦਿਰਾ
ਮਾਸੀ ਗੰਦਾ । ਸਤਿਜੁਗ ਬੇਮੁਖ ਨਾ ਜਾਣੇ ਮਾਇਆ ਝੂਠਾ ਜਗਤ ਅੰਧਾ । ਸਤਿਜੁਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਚੜ੍ਹਾਏ ਗੁਰਸਿਖ ਤਰਾਏ
ਬਣਾਏ ਆਪਣਾ ਬੰਦਾ । ਪ੍ਰਗਟੇ ਜੋਤ ਵਾਲੀ ਦੋ ਜਹਾਨੀ । ਸ੍ਰਿਸ਼ਟ ਸਬਾਈ ਸਾਚਾ ਦੇਵੇ ਸਚ ਨਿਸ਼ਾਨੀ । ਪੰਚਮ ਜੇਠ ਮਾਤ ਜੋਤ ਪ੍ਰਗਟਾਏ, ਆਵੇ ਪੰਥ ਦਾ ਸੱਚਾ
ਬਾਨੀ । ਏਕਾ ਮਾਣ ਦਵਾਏ ਏਕਾ ਤਾਣ ਗੁਰਮੁਖ ਤੇਰਾ ਤੇਰੀ ਆਤਮ ਮਾਰੇ ਕਾਨੀ । ਸਤਿਜੁਗ ਗੁਰਮੁਖਾਂ ਆਪ ਉਠਾਏ, ਅੰਧ ਅੰਧੇਰ ਮਿਟਾਏ, ਸੰਞ ਸਵੇਰ ਇਕ
ਕਰਾਏ ਸੋਹੰ ਦੇਵੇ ਵਡ ਦਾਨੀ । ਵਡ ਦਾਨੀ ਇਕ ਦਾਤਾਰ । ਆਦਿ ਜੁਗਾਦੀ ਭਰੇ ਰਹਿਣ ਭੰਡਾਰ । ਸ੍ਰਿਸ਼ਟ ਸਬਾਈ ਆਏ ਮੰਗਣ, ਪ੍ਰਭ ਸਾਚੇ ਤੇਰੇ ਦਰ ਦਵਾਰ ।
ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਭੇਵ ਖੁਲ੍ਹਾਏ ਗੁਰਸਿਖ ਦਿਨ ਰਹੇ ਚਾਰ ਦਿਹਾੜ । ਕਲਜੁਗ ਰਿਹਾ ਚਾਰ ਦਿਹਾੜੇ । ਗੁਰਮੁਖ ਬਣਾਏ ਵਿਚ ਮਾਤ
ਦੇ ਲਾੜੇ । ਸ਼ਬਦ ਘੋੜੀ ਪ੍ਰਭ ਆਪੇ ਚਾੜ੍ਹੇ । ਸਦਾ ਸਦਾ ਬਣੇ ਰਹਿਣ ਪ੍ਰਭ ਸਾਚੇ ਦੇ ਸਚ ਅਖਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ

ਏਕਾ ਜੋਤ ਜਗਾਏ ਗੁਰਸਿਖ ਤੇਰੀ ਬਹੱਤਰ ਨਾੜੇ । ਬਹੱਤਰ ਨਾੜ ਜੋਤ ਜਗਾਈ । ਏਕਾ ਬਖ਼ਸ਼ੇ ਚਰਨ ਸਰਨਾਈ । ਭਰਮ ਭੁਲੇਖੇ ਆਤਮ ਸਚ ਬੁਝਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਾਹ ਸਾਚੀ ਸਚ ਧਾਮ ਬਣਾਈ । ਸਚ ਨਾਮ ਜਿਸ ਜਾਨਿਆ । ਸਚ ਨਾਮ ਜਿਸ ਜਨ ਮਾਨਿਆਂ । ਸਚ ਰਾਮ ਜਿਸ ਪਛਾਨਿਆਂ । ਸਚ ਕਾਮ ਪੂਰਨ ਕਰੇ ਆਪ ਭਗਵਾਨਿਆਂ । ਸਚ ਧਾਮ ਪ੍ਰਭ ਸਾਚਾ ਆਪ ਸੁਹਾਨਿਆਂ । ਸਚ ਜਾਮ ਪ੍ਰਭ ਸਾਚੇ ਸੋਹੰ ਸ਼ਬਦ ਆਪ ਪਿਲਾਵਣਾ । ਸਚ ਨਾਮ ਪ੍ਰਭ ਅਬਿਨਾਸ਼ੀ ਏਕਾ ਰਸਨ ਜਪਾਵਣਾ । ਸਚ ਗ੍ਰਾਮ ਨਗਰ ਖੇੜਾ ਆਪ ਵਸਾਵਣਾ । ਜੋਤੀ ਜੋਤ ਸਰੂਪ ਹਰਿ ਆਪ ਆਪਣੇ ਵਿਚ ਰਹਾਵਣਾ । ਸਚ ਨਾਮ ਜਗਤ ਗਿਆਨਾ । ਸਚ ਨਾਮ ਭਗਤ ਧਿਆਨਾ । ਸਚ ਨਾਮ ਜਿਸ ਜਨ ਹਿਰਦੇ ਜਾਨਾ । ਸਚ ਨਾਮ ਆਤਮ ਦੇਵੇ ਨਾਮ ਮਹਾਨਾ । ਸਾਚਾ ਨਾਮ ਸਾਚੀ ਜੋਤ ਕਰੇ ਪ੍ਰਕਾਸ਼ ਕੋਟਨ ਭਾਨਾ । ਸਚ ਨਾਮ ਅਗਿਆਨ ਅੰਧੇਰ ਹੋਏ ਵਿਨਾਸ ਕਰਾਏ ਬਿਧ ਨਾਨਾ । ਸਾਚਾ ਨਾਮ ਗੁਰਮੁਖ ਵਿਰਲੇ ਹੋਵੇ ਪਾਸ, ਪ੍ਰਭ ਅਬਿਨਾਸ਼ੀ ਜਿਸ ਸਾਚਾ ਜਾਨਾ । ਸਾਚਾ ਨਾਮ ਗੁਰਮੁਖ ਹਰਿ ਹਿਰਦੇ ਰੱਖੇ ਵਾਸ, ਚਰਨ ਕਵਲ ਜਿਸ ਕੀਆ ਧਿਆਨਾ । ਸਾਚਾ ਨਾਮ ਮਾਨਸ ਜਨਮ ਜਨਮ ਕਰਾਏ ਰਾਸ ਜੋ ਜਾਣੇ ਸ੍ਰੀ ਭਗਵਾਨਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪਣੀ ਰਸਨ ਵਖਾਨਾ । ਸਾਚਾ ਨਾਮ ਸਚ ਦ੍ਰਿੜਾਵੇ । ਸਾਚਾ ਨਾਮ ਸਚ ਰਾਹ ਬਤਾਵੇ । ਸਾਚਾ ਨਾਮ ਸਚ ਥਾਂ ਬਹਾਵੇ । ਸਾਚਾ ਨਾਮ ਸਚ ਕਾਮ ਕਰਾਵੇ । ਸਾਚਾ ਨਾਮ ਸਚ ਰਾਮ ਮਿਲਾਵੇ । ਸਾਚਾ ਨਾਮ ਸਚ ਦਾਮ ਪੱਲੇ ਬੰਨ੍ਹ ਨਾਲ ਲੈ ਜਾਵੇ । ਸਾਚਾ ਨਾਮ ਸੁੱਕਾ ਹਰਿਆ ਕਰੇ ਚਾਮ, ਹੰਗਤਾ ਰੋਗ ਜਨ ਗਵਾਵੇ । ਸਚ ਨਾਮ ਨਾ ਹੋਏ ਖਾਮ, ਦਿਵਸ ਰੈਣ ਏਕਾ ਲਿਵ ਲਾਵੇ । ਸਚ ਨਾਮ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਹਰਿ ਝੋਲੀ ਪਾਵੇ । ਸਚ ਨਾਮ ਸਚ ਮੰਤਰ ਜਾਣ । ਸਚ ਨਾਮ ਗੁਰਮੁਖ ਅੰਤਰ ਆਪ ਪਛਾਣ । ਸਚ ਨਾਮ ਸਾਚੀ ਬਣਤਰ ਬਣਾਏ ਵਿਚ ਜਹਾਨ । ਸਚ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਚ ਨਾਮ ਸਾਚੀ ਨਈਆ । ਸਚ ਨਾਮ ਗੁਰਮੁਖ ਜਪਈਆ । ਸਚ ਨਾਮ ਸਚ ਮਾਰਗ ਲਈਆ । ਸਚ ਨਾਮ ਆਤਮ ਸਾਚੀ ਧੀਰ ਧਰਈਆ । ਸਚ ਨਾਮ ਅੰਮ੍ਰਿਤ ਸਾਚਾ ਸੀਰ ਪਲਈਆ । ਸਾਚਾ ਨਾਮ ਕਾਇਆ ਰੋਗ ਦੇ ਗਵਈਆ । ਸਾਚਾ ਨਾਮ ਦਿਵਸ ਰੈਣ ਰੈਣ ਦਿਵਸ ਜਿਸ ਜਨ ਜਪਈਆ । ਸਾਚਾ ਨਾਮ ਆਪੇ ਹੋਏ ਸੱਜਣ ਸੁਹੇਲ, ਦਰਗਾਹ ਸਾਚੀ ਮੇਲ ਮਿਲਈਆ । ਸਚ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖ ਚੜ੍ਹਾਏ ਸਾਚੀ ਨਈਆ । ਸਾਚਾ ਨਾਮ ਸਾਚੀ ਧਾਰਾ । ਸਾਚਾ ਨਾਮ ਜਨ ਉਤਰਸ ਪਾਰਾ । ਸਾਚਾ ਨਾਮ ਸਾਚਾ ਰਾਮ ਕਰਮ ਧਰਮ ਦੋਏ ਲਏ ਵਿਚਾਰਾ । ਸਾਚਾ ਨਾਮ ਭਾਂਡਾ ਭਰਮ ਭਉ ਦੇ ਨਿਵਾਰਾ । ਸਾਚਾ ਨਾਮ ਏਕਾ ਵਸਤ ਵਿਚ ਪਾਏ ਥਾਰਾ । ਸਾਚਾ ਨਾਮ ਅੰਮ੍ਰਿਤ ਭਰੇ ਭੰਡਾਰਾ । ਸਾਚਾ ਨਾਮ ਪ੍ਰਭ ਅਬਿਨਾਸ਼ੀ ਹਰਿ ਵਰਤਾਰਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਕੀਆ ਜੋਤ ਅਕਾਰਾ । ਸਾਚਾ ਨਾਮ ਰਸਨਾ ਗਾਓ । ਪ੍ਰਭ ਅਬਿਨਾਸ਼ੀ ਸਾਚਾ ਪਾਓ । ਹਰਿ ਕਾ ਨਾਮ ਹਰਿ ਹਿਰਦੇ ਵਿਚ ਵਸਾਓ । ਹਰਿ ਕਾ ਨਾਮ ਕਾਰਜ ਸਿੱਧ ਮਾਤ ਕਰਾਓ । ਹਰਿ ਕਾ ਨਾਮ ਸਾਚੀ ਬਿਧ ਮੇਲ ਮਿਲਾਓ । ਹਰਿ ਕਾ ਨਾਮ ਆਤਮ ਬਿਧ ਧੀਰ ਧਰਾਓ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚਾ ਜਾਮ ਪਿਲਾਓ । ਸਾਚਾ ਨਾਮ ਸਾਚੀ ਧਾਰੀ । ਸਾਚਾ ਨਾਮ ਸੱਚੀ ਅਸਵਾਰੀ । ਸਾਚਾ ਨਾਮ ਜੀਵ ਅਧਾਰੀ । ਸਾਚਾ ਨਾਮ ਹਰਿ ਸਾਚੇ ਪਿੰਡ ਉਸਾਰੀ । ਸਾਚਾ ਨਾਮ ਜੀਵ ਜੰਤ ਹਰਿ ਆਪ ਸੁਨਾਰੀ । ਸਾਚਾ ਨਾਮ ਹਰਿ ਆਪ ਵਸਾਏ ਗੁਰਮੁਖ ਤੇਰੀ ਕਾਇਆ ਮਹੱਲ ਅਟਾਰੀ । ਹਰਿ ਕਾ ਨਾਮ ਹਰਿ ਹਿਰਦੇ ਵਸਾਏ, ਏਕਾ ਜੋਤ ਜਗੇ ਅਪਰ ਅਪਾਰੀ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਮਾਇਆ ਖੇਲ ਅਪਾਰੀ । ਹਰਿ ਕਾ ਨਾਮ ਸਾਚਾ ਧਨ ਧਨਵੰਤ । ਹਰਿ ਕਾ ਨਾਮ ਪੂਰਨ ਭਗਵੰਤ । ਹਰਿ

੩੬

ਕਾ ਨਾਮ ਮੇਲ ਮਿਲਾਵੇ ਸਾਚੇ ਸੰਤ ਕੰਤ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਾਤਲੋਕ ਕਲ ਸਾਚਾ ਕੰਤ । ਹਰਿ ਕਾ ਨਾਮ ਸਚ ਸਿਕਦਾਰ । ਹਰਿ ਕਾ ਨਾਮ ਸਚ ਵਿਹਾਰ । ਸਚ ਨਾਮ ਕਲ ਦੇਵੇ ਤਾਰ । ਸਚ ਨਾਮ ਰਸਨਾ ਜੀਵ ਜਪ ਉਤਰੇ ਪਾਰ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਉਤਰਸ ਪਾਰ । ਸਚ ਰਾਮ ਸਾਚੀ ਭਾਖਿਆ । ਸਚ ਰਾਮ ਜਿਸ ਜਨ ਰਸਨਾ ਆਖਿਆ । ਸਚ ਨਾਮ ਮਿਲਾਵੇ ਹਰਿ ਸਾਚੇ ਸਾਥਿਆ । ਹਰਿ ਨਾਮ ਦੇਵੇ ਦਰਸ ਅਲੱਖਣਾ ਲਾਖਿਆ । ਹਰਿ ਨਾਮ ਆਪੇ ਕਰੇ ਗੁਰਸਿਖ ਤੇਰੀ ਰਾਖਿਆ । ਹਰਿ ਨਾਮ ਪ੍ਰਭ ਅਬਿਨਾਸ਼ੀ ਸਾਚੇ ਭਾਖਿਆ । ਹਰਿ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਜੋ ਜਨ ਹੋਵੇ ਦਾਸਿਆ । ਸਚ ਨਾਮ ਪ੍ਰਭ ਅਬਿਨਾਸ਼ੀ ਸਾਚੇ ਭਾਖਿਆ । ਸਚ ਨਾਮ ਸੱਚਾ ਸਿਰ ਤਾਜ । ਸਚ ਨਾਮ ਧੁਰਦਰਗਾਹੀ ਸਾਚਾ ਰਾਜ । ਸਾਚਾ ਨਾਮ ਰਸਨਾ ਜਪ ਪੂਰਨ ਹੋਏ ਕਾਜ । ਸਚ ਨਾਮ ਸ਼ਬਦ ਸਰੂਪੀ ਉਡੇ ਬਾਜ । ਸਚ ਨਾਮ ਗੁਰਮੁਖਾਂ ਰੱਖੇ ਆਪੇ ਲਾਜ । ਸਾਚਾ ਨਾਮ ਧੀਰਜ ਧਰਨਾ । ਸਾਚਾ ਨਾਮ ਜਪ ਫਿਰ ਹੋਏ ਨਾ ਮਰਨਾ । ਸਚ ਧਾਮ ਰਸਨਾ ਜਪ ਧਰਮ ਰਾਏ ਦਾ ਡੰਨ ਨਾ ਭਰਨਾ । ਸਾਚਾ ਨਾਮ ਪ੍ਰਭ ਅਬਿਨਾਸ਼ੀ ਸਾਚਾ ਦੇਵੇ ਮਾਤਲੋਕ ਵਿਚ ਧਰਨੀ ਧਰਨਾ । ਸਾਚਾ ਨਾਮ ਗੁਰਮੁਖ ਵਿਰਲੇ ਆਏ ਪੀਤਾ, ਪ੍ਰਭ ਅਬਿਨਾਸ਼ੀ ਸਰਨੀ ਪੜ੍ਹਨਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪ ਆਪਣੀ ਕਰਨੀ ਕਰਨਾ । ਸਾਚਾ ਨਾਮ ਸਰਬ ਸੁਖਦਾਈ । ਸਾਚਾ ਨਾਮ ਮਿਲੇ ਵਡਿਆਈ । ਸਾਚਾ ਨਾਮ ਗੁਰਮੁਖ ਵਿਰਲਾ ਗੁਰ ਦਰ ਪਾਈ । ਸਾਚਾ ਨਾਮ ਗੁਰਮੁਖਾਂ ਪੂਰਨ ਆਸ ਕਰਾਈ । ਸਾਚਾ ਨਾਮ ਆਤਮ ਧੀਰਜ ਇਕ ਧਰਵਾਸ ਰਖਾਈ । ਸਾਚਾ ਨਾਮ ਸਾਚਾ ਬੀਰਜ ਆਪ ਬਿਜਾਈ । ਸਾਚਾ ਨਾਮ
 ਅੰਮ੍ਰਿਤ ਸਾਚਾ ਸੀਰਜ ਆਪ ਪਿਲਾਈ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਆਤਮ ਸ਼ਾਂਤ ਕਰਾਈ । ਸਾਚਾ ਨਾਮ ਸ਼ਾਂਤ ਸਰੀਰ । ੩੭
ਸਾਚਾ ਨਾਮ ਆਤਮ ਧੀਰ । ਸਾਚਾ ਨਾਮ ਅੰਮ੍ਰਿਤ ਪੀਣਾ ਸਾਚਾ ਸੀਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਉਮੇ ਕੱਢੇ ਆਤਮ ਪੀੜ । ਸਾਚਾ ਨਾਮ ਸਰਬ ਸੁਖਦਾਈ । ਸਾਚਾ ਨਾਮ ਦੁੱਖ ਭੁੱਖ ਰੋਗ ਦੇ ਗਵਾਈ । ਸਾਚਾ ਨਾਮ ਆਤਮ ਸੁਖ ਦੇ ਉਪਜਾਈ । ਹਰਿ ਕਾ ਨਾਮ ਤ੍ਰਿਸ਼ਨਾ ਭੁੱਖ ਦੇ ਗਵਾਈ । ਹਰਿ ਕਾ ਨਾਮ ਰਸਨਾ ਜਪ ਮਾਇਆ ਰੋਗ ਰਹੇ ਨਾ ਰਾਈ । ਸਾਚਾ ਨਾਮ ਸਾਚੀ ਲਗਨ ਗੁਰਸਿਖ ਪੂਰੇ ਗੁਰ ਸਾਚੇ ਸੰਗ ਰਖਾਈ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਆਪੇ ਹੋਏ ਸਹਾਈ । ਸਚ ਨਾਮ ਸਤਿ ਸਰੂਪਾ । ਸਚ ਨਾਮ ਰੰਗ ਅਨੂਪਾ । ਸਚ ਨਾਮ ਮੇਲ ਮਿਲਾਵਾ ਵਡ ਵਡ ਭੂਪਾ । ਸਾਚਾ ਨਾਮ ਗੁਰਮੁਖ ਵੇਖੇ ਨਾ ਕੋਇ ਜਾਣੇ ਰੰਗ ਰੂਪਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਸਤਿ ਸਰੂਪਾ । ਸਾਚਾ ਨਾਮ ਸ਼ਬਦ ਕਟਾਰੀ । ਸਾਚਾ ਨਾਮ ਖੰਡਾ ਦੋ ਧਾਰੀ । ਸਾਚਾ ਨਾਮ ਗੁਰਮੁਖ ਵਿਰਲਾ ਬਣੇ ਵਪਾਰੀ । ਸਾਚਾ ਨਾਮ ਕਲਜੁਗ ਜੀਵ ਨਾ ਜਾਨਣ ਗਵਾਰੀ । ਸਾਚਾ ਨਾਮ ਹਰਿ ਸਾਚਾ ਦੇਵੇ, ਜੋ ਜਨ ਮੰਗਣ ਆਏ ਚਲ ਦਵਾਰੀ । ਸਾਚਾ ਨਾਮ ਰਸਨਾ ਭੇੜ ਕਰਾਏ ਗਵਾਰੀ । ਸਾਚਾ ਨਾਮ ਝੂਠੇ ਗੇੜ ਹਰਿ ਆਪ ਗਿੜਾਰੀ । ਸਾਚਾ ਨਾਮ ਲਹਿਣਾ ਦੇਣ ਦਏ ਨਬੇੜ, ਜੋ ਜਨ ਆਏ ਦਰ ਭਿਖਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪੇ ਬਣਿਆ ਲੇਖ ਲਿਖਾਰੀ । ਸਾਚਾ ਨਾਮ ਸਰਬ ਕਾ ਗਿਆਤਾ । ਸਾਚਾ ਨਾਮ ਹਰਿ ਦੇਵੇ ਪੁਰਖ ਬਿਧਾਤਾ । ਸਾਚਾ ਨਾਮ ਗੁਰਮੁਖ ਵਿਰਲੇ ਕਲ ਪਛਾਤਾ । ਸਾਚਾ ਨਾਮ ਊਚ ਨੀਚ ਨੀਚ ਏਕਾ ਰੰਗ ਰੰਗਾਤਾ । ਸਚ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮਾਣ ਦਵਾਤਾ । ਸਾਚਾ ਨਾਮ ਸਾਚੀ ਧਾਰਾ । ਸਾਚਾ ਨਾਮ ਆਪ ਚਲਾਏ ਵਿਚ ਸੰਸਾਰਾ । ਸਾਚਾ ਨਾਮ ਗੁਰਮੁਖ ਵਿਰਲਾ ਬਣੇ ਵਪਾਰਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਸ ਦਿਖਾਏ ਅਗੰਮ ਅਪਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

ਜਿਸ ਜਨ ਰਸਨ ਉਚਾਰਾ । ਸਾਚਾ ਨਾਮ ਰਸਨਾ ਗਾਓ । ਅੰਮ੍ਰਿਤ ਫਲ ਸਾਚਾ ਖਾਓ । ਸਾਚਾ ਨਾਮ ਜਨਮ ਮਰਨ ਗੇੜ ਕਟਾਓ । ਲੱਖ ਚੁਰਾਸੀ ਫੇਰ ਨਾ ਆਓ । ਸਾਚਾ ਨਾਉਂ ਭੀੜ ਭਾੜਾ ਨਾ ਵਕਤ ਗਵਾਓ । ਆਤਮ ਸਾਚੀ ਬੂਝ ਬੁਝਾਓ । ਸਾਚਾ ਨਾਮ ਏਕ ਦਰ ਦੋਬੇੜ ਮਿਟਾਓ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਭ ਅਬਿਨਾਸ਼ੀ ਸਾਚਾ ਪਾਓ । ਸਾਚਾ ਨਾਮ ਸਤਿ ਸੰਤੋਖ । ਸਾਚਾ ਨਾਮ ਅੰਤਮ ਦੇਵੇ ਮੋਖ । ਸਾਚਾ ਨਾਮ ਰਿਦੇ ਵਸਾਓ ਲੱਗੇ ਨਾ ਕੋਈ ਦੋਖ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੁਫਲ ਕਰਾਏ ਮਾਤ ਕੁਖ । ਸਾਚਾ ਨਾਮ ਜਿਸ ਜਨ ਪਛਾਣਿਆਂ । ਦਰਗਾਹ ਸਾਚੀ ਦੇਵੇ ਮਾਣਿਆਂ । ਹਰਿ ਕਾ ਨਾਮ ਹਰਿ ਹਿਰਦੇ ਸਾਚੇ ਵਿਚ ਵਸਾਨਿਆਂ । ਹਰਿ ਕਾ ਨਾਮ ਆਤਮ ਸਹਿੰਸਾ ਦੂਰ ਕਰਾਨਿਆਂ । ਸਾਚਾ ਨਾਮ ਦੇਵੇ ਜੋ ਜਨ ਚੱਲੇ ਹਰਿ ਕੇ ਭਾਣਿਆਂ । ਹਰਿ ਕਾ ਨਾਮ ਹਰਿ ਦੇਵੇ ਜੋ ਜਨ ਮੰਗਣ ਆਏ ਦਰ ਬਣ ਨਿਮਾਣਿਆਂ । ਸਾਚਾ ਨਾਮ ਆਤਮ ਗਹਿਣਾ ਤਨ ਪਹਿਨਾਨਿਆਂ । ਸਾਚਾ ਨਾਮ ਭਾਂਡਾ ਭਰਮ ਭਉ ਭੰਨਾਨਿਆਂ । ਸਾਚਾ ਨਾਮ ਏਕਾ ਦੱਸੇ ਸਾਚਾ ਰਾਹੋ ਵਿਚ ਜਹਾਨਿਆਂ । ਸਾਚਾ ਨਾਮ ਆਪ ਬਹਾਏ ਸਾਚੇ ਥਾਉਂ ਜਿਥੇ ਵਸੇ ਹਰਿ ਭਗਵਾਨਿਆਂ । ਸਾਚਾ ਨਾਮ ਗੁਰਮੁਖ ਵਿਰਲੇ ਕਲ ਪਛਾਣਿਆਂ । ਸਾਚਾ ਨਾਮ ਭੁੱਲੇ ਫਿਰਨ ਜੀਵ ਅੰਞਾਣਿਆਂ । ਸਾਚਾ ਨਾਮ ਭੇਵ ਕਿਸੇ ਨਾ ਪਾਇਆ ਸੁਘੜ ਸਿਆਣਿਆਂ । ਸਾਚਾ ਨਾਮ ਗੁਰਮੁਖ ਸਾਚੇ ਧੀਰ ਧਰਾਨਿਆਂ । ਸਾਚਾ ਨਾਮ ਪ੍ਰਭ ਅਬਿਨਾਸ਼ੀ ਸਾਚਾ ਬੀਜ ਬਿਜਾਨਿਆਂ । ਸਾਚਾ ਨਾਮ ਸਤਿਜੁਗ ਦਿਖਾਵੇ ਸਚ ਨਿਸ਼ਾਨੀਆਂ । ਸਾਚਾ ਨਾਮ ਹਰਿ ਸਾਚਾ ਬਖ਼ਸ਼ੇ ਕਰ ਕਰ ਵਡ ਮਿਹਰਬਾਨੀਆਂ । ਸਾਚਾ ਨਾਮ ਗੁਰਮੁਖ ਸਾਚੇ ਲਹਿਣਾ ਲੈਣ ਕਿਆ ਕੋਈ ਮਾਰੇ ਵਿਚ ਭਾਨੀਆਂ । ਸਾਚਾ ਨਾਮ ਪ੍ਰਭ ਸਾਚਾ ਦੇਵੇ ਵਾਲੀ ਦੋ ਜਹਾਨੀਆਂ । ਸਾਚਾ ਨਾਮ ਆਤਮ ਤੀਰ ਚਲਾਏ ਸਾਚੀ ਕਾਨੀਆਂ । ਸਾਚਾ ਨਾਮ ਸਤਿਜੁਗ ਸਾਚੀ ਹਾਨੀਆਂ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰੰਗਾਨੀਆਂ । ਸਾਚਾ ਨਾਮ ਹਰਿ ਸਦ ਵਰਤਾਰਾ । ਸਾਚਾ ਨਾਮ ਹਰਿ ਇਕ ਭੰਡਾਰਾ । ਸਾਚਾ ਨਾਮ ਸ੍ਰਿਸ਼ਟ ਸਬਾਈ ਦੇਵਣਹਾਰਾ । ਸਾਚਾ ਨਾਮ ਆਪੇ ਬਣੇ ਹਰਿ ਵਰਤਾਰਾ । ਸਾਚਾ ਨਾਮ ਗੁਰਸਿਖ ਸਾਚਾ ਪਾਏ ਵਸਤ ਵਿਚ ਹਰਿ ਥਾਰਾ । ਸਾਚਾ ਨਾਮ ਆਤਮ ਜਗਾਏ ਜੋਤ ਅਗੰਮ ਅਪਾਰਾ । ਸਾਚਾ ਨਾਮ ਏਕਾ ਰੂਪ ਅਨੂਪ ਦਿਖਾਏ ਪਾਰਬ੍ਰਹਮ ਕਰਤਾਰਾ । ਸਾਚਾ ਨਾਮ ਸਤਿ ਸਰੂਪ ਸਮਾਏ ਸਤਿ ਸਤਿ ਸਤਿ ਕਰੇ ਵਰਤਾਰਾ । ਸਾਚਾ ਨਾਮ ਜੂਠ ਝੂਠ ਨਸ਼ਟ ਕਰਾਏ ਨਾ ਦਿਸੇ ਜੋ ਰਹੇ ਝੱਖ ਮਾਰਾ । ਸਾਚਾ ਨਾਮ ਗੁਰਮੁਖ ਵਿਰਲਾ ਬੂਝ ਬੁਝਾਰਾ । ਸਾਚਾ ਨਾਮ ਆਤਮ ਦੂਜ ਦਏ ਨਿਵਾਰਾ । ਸਾਚਾ ਨਾਮ ਖੋਲ੍ਹੇ ਗੂਝ ਹਰਿ ਕਾ ਦਵਾਰਾ । ਸਾਚਾ ਨਾਮ ਏਕਾ ਸ਼ਬਦ ਜਗਤ ਅਪਾਰਾ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਕਰ ਪਿਆਰਾ । ਸਾਚਾ ਨਾਮ ਕਲਜੁਗ ਵੰਡਾਏ ਅੰਧੇਰੀ ਰਾਤੀ । ਸਾਚਾ ਨਾਮ ਗੁਰ ਚਰਨ ਬੰਧਾਏ ਸਾਚੀ ਨਾਤੀ । ਸਾਚਾ ਨਾਮ ਦੇਵੇ ਪੁਰਖ ਬਿਧਾਤੀ । ਸਾਚਾ ਨਾਮ ਗੁਰਮੁਖਾਂ ਆਤਮ ਬੂੰਦ ਪਿਆਏ ਸਵਾਂਤੀ । ਸਾਚਾ ਨਾਮ ਜੋਤੀ ਸਾਚਾ ਦੀਪ ਜਗਾਏ ਅਗਿਆਨ ਅੰਧੇਰ ਮਿਟਾਤੀ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਸਰਬ ਜੀਆਂ ਦਾ ਏਕਾ ਦਾਤੀ । ਸਾਚਾ ਨਾਮ ਸਰਬ ਸੁਖ ਜਾਣ । ਸਾਚਾ ਨਾਮ ਹਰਿ ਆਤਮ ਰਾਮ ਪਛਾਣ । ਸਾਚਾ ਨਾਮ ਆਤਮ ਬਾਨ । ਸਾਚਾ ਨਾਮ ਜੀਆਂ ਦਾਨ । ਸਾਚਾ ਨਾਮ ਗੁਰਮੁਖ ਵਿਰਲਾ ਸੁਣੇ ਕਾਨ । ਸਾਚਾ ਨਾਮ ਕਲਜੁਗ ਝੂਠ ਦੇਵੇ ਛਾਣ । ਸਾਚਾ ਨਾਮ ਅੰਤਮ ਹੋਏ ਦੁੱਖ ਮਿਟਾਣ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਚਾ ਨਾਮ ਸਹਿਜ ਸੁਭਾਏ । ਸਾਚਾ ਨਾਮ ਗੁਰਮੁਖ ਗੁਰ ਦਰ ਪਾਏ । ਸਾਚਾ ਨਾਮ ਦੇਵੇ ਜੋ ਚਲੇ ਹਰਿ ਰਜਾਏ । ਹਰਿ ਕਾ ਨਾਮ ਬੇਮੁਖ ਸੰਗ ਨਾ ਲੈ ਜਾਏ । ਸਾਚਾ ਨਾਮ ਗੁਰਮੁਖਾਂ ਆਪਣੇ ਰੰਗ ਰੰਗਾਏ । ਸਾਚਾ ਨਾਮ ਸਚ ਦਾਤ ਹਰਿ ਝੋਲੀ ਪਾਏ । ਸਾਚਾ ਨਾਮ ਵਡ ਕਰਾਮਾਤ ਵਿਚ ਜਗਤ ਰਹਿ ਜਾਏ । ਸਾਚਾ ਨਾਮ

ਆਤਮ ਮਿਟਾਏ ਅੰਧੇਰੀ ਰਾਤ ਆਤਮ ਗਿਆਨ ਦਵਾਏ । ਸਾਚਾ ਨਾਮ ਧੀਰਜ ਧਿਆਨ ਜੋ ਜਨ ਰਖਾਏ । ਸਾਚਾ ਨਾਮ ਮੇਲ ਭਗਤ ਭਗਵਾਨ ਕਰਾਏ । ਸਾਚਾ ਨਾਮ ਸੋਹੰ ਦਾਨ ਪ੍ਰਭ ਭਿਛਿਆ ਪਾਏ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ । ਸਾਚਾ ਨਾਮ ਸਹਿਜ ਸੁਖ ਧਾਰ । ਸਾਚਾ ਨਾਮ ਗੁਰ ਚਰਨ ਕਵਲ ਕਰ ਪਿਆਰ । ਸਾਚਾ ਨਾਮ ਰਸਨਾ ਜਪ ਜੀਵ ਉਤਰਸ ਪਾਰ । ਸਾਚਾ ਨਾਮ ਕਲਜੁਗ ਜੀਵ ਕਿਉਂ ਬੈਠਾ ਭੁੱਲ ਗਵਾਰ । ਸਾਚਾ ਨਾਮ ਜੇ ਵਡ ਕੋਇ ਨਾ ਤੁਲ ਤੋਲ ਸਾਚੇ ਧੰਨ ਤੁਲਾਰ । ਸਾਚਾ ਨਾਮ ਦਰ ਦਸਵੇਂ ਦੇ ਖਵਾਰ । ਸਾਚਾ ਨਾਮ ਏਕਾ ਦੇਵੇ ਸ਼ਬਦ ਸੱਚੀ ਧੁਨਕਾਰ । ਸਾਚਾ ਨਾਮ ਤੋੜੇ ਸੁਨ ਮੁਨ ਅਪਾਰ । ਸਾਚਾ ਨਾਮ ਦਰ ਘਰ ਸਾਚੇ ਪਾਏ ਮੁਕਤ ਦਵਾਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਕਰੇ ਚਰਨ ਨਿਮਸਕਾਰ । ਸਾਚਾ ਨਾਮ ਸੀਤਲ ਧਾਰਾ । ਸਾਚਾ ਨਾਮ ਬੇਮੁੱਖ ਫਿਰਾਏ ਆਤਮ ਆਰਾ । ਸਾਚਾ ਨਾਮਗੁਰਮੁਖ ਸਾਚੇ ਲਾਏ ਕਾਰਾ । ਸਾਚਾ ਨਾਮ ਵਿਚ ਮਾਤ ਸਾਚਾ ਜਗਤ ਵਿਹਾਰਾ । ਸਾਚਾ ਨਾਮ ਗੁਰਮੁਖ ਵਿਰਲਾ ਕਰੇ ਵਣਜ ਵਪਾਰਾ । ਸਾਚਾ ਨਾਮ ਕਲਜੁਗ ਜੀਵ ਭੁੱਲੇ ਰਹਿਣ ਗਵਾਰਾ । ਸਾਚਾ ਨਾਮ ਦੇਵਣਹਾਰ ਇਕ ਦਾਤਾਰਾ । ਸਾਚਾ ਨਾਮ ਪ੍ਰਭ ਅਬਿਨਾਸ਼ੀ ਭਰੇ ਭੰਡਾਰਾ । ਸਾਚਾ ਨਾਮ ਜੋ ਜਨ ਮੰਗੇ ਆਏ ਦਵਾਰਾ । ਸਾਚਾ ਨਾਮ ਵਰਤਾਏ ਮਾਤ ਆਪ ਬਣੇ ਵਰਤਾਰਾ । ਸਾਚਾ ਨਾਮ ਗੁਰਮੁਖਾਂ ਹੋਏ ਆਪ ਸਿਕਦਾਰਾ । ਸਾਚਾ ਨਾਮ ਬੇਮੁਖਾਂ ਚੀਰ ਕਰੇ ਦੋ ਫਾੜਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਾਰ ਉਤਾਰਾ । ਸਚ ਨਾਮ ਸਾਚੀ ਧੁਨ । ਸਾਚਾ ਨਾਮ ਗੁਰਮੁਖ ਸਾਚੇ ਕੰਨ ਸੁਣ । ਸਾਚਾ ਨਾਮ ਕਲਜੁਗ ਆਤਮ ਦੇਵੇ ਪੁਣ । ਸਾਚਾ ਨਾਮ ਪ੍ਰਭ ਅਬਿਨਾਸ਼ੀ

੩੯ ਆਤਮ ਦੇਵੇ ਗੁਰਮੁਖ ਵਿਰਲਾ ਚੁਣ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਵਣ ਜਾਣੇ ਤੇਰੇ ਗੁਣ । ਸਾਚਾ ਨਾਮ ਜਗਤ ਪ੍ਰੀਤ । ਸਾਚਾ ੩੯

ਨਾਮ ਚਰਨ ਪ੍ਰੀਤ । ਸਾਚਾ ਨਾਮ ਹਰਿ ਸਾਚਾ ਦੇਵੇ ਸੀਤ । ਸਾਚਾ ਨਾਮ ਗੁਰਮੁਖ ਆਤਮ ਕਰੇ ਪੁਨੀਤ । ਸਾਚਾ ਨਾਮ ਏਕਾ ਸ਼ਬਦ ਸੱਚੀ ਰੀਤ । ਸਾਚਾ ਨਾਮ ਜੁਗਾ ਜੁਗੰਤਰ ਪ੍ਰਭ ਸਾਚੇ ਦੀ ਸਾਚੀ ਰੀਤ । ਸਾਚਾ ਨਾਮ ਗੁਰਮੁਖ ਵਿਰਲੇ ਆਏ ਪਰਤੀਤ । ਸਾਚਾ ਨਾਮ ਰਸਨਾ ਜਪ ਮਾਨਸ ਜਨਮ ਜਾਏ ਜਗ ਜੀਤ । ਸਾਚਾ ਨਾਮ ਰਸਨ ਉਚਾਰਨਾ । ਸਾਚਾ ਨਾਮ ਕਲਜੁਗ ਅੰਤਮ ਪਾਰ ਉਤਾਰਨਾ । ਸਾਚਾ ਨਾਮ ਆਤਮ ਬ੍ਰਹਮ ਵਿਚਾਰਨਾ । ਸਾਚਾ ਨਾਮ ਹਰਿ ਦੇਵੇ ਸਾਚੀ ਧਾਰਨਾ । ਸਾਚਾ ਨਾਮ ਰੂਪ ਰੰਗ ਨਾ ਰੇਖ ਕਿਸੇ ਵਿਚਾਰਨਾ । ਸਾਚਾ ਨਾਮ ਹਰਿ ਆਪੇ ਲੇਖ ਲਿਖਾਰਨਾ । ਸਾਚਾ ਨਾਮ ਗੁਰਮੁਖ ਵਿਰਲੇ ਵੇਖ ਵੇਖ ਪ੍ਰਭ ਆਤਮ ਸਾਚੇ ਧਾਰਨਾ । ਸਾਚਾ ਨਾਮ ਬੇਮੁਖ ਨੇਤਰ ਨੇਤਰ ਪੇਖ ਪੇਖ ਹੰਕਾਰਨਾ । ਸਾਚਾ ਨਾਮ ਏਕਾ ਸ਼ਬਦ ਚਲਾਏ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਸਾਚੀ ਧਾਰਨਾ । ਸਾਚਾ ਨਾਮ ਸਾਚਾ ਰਾਗ । ਸਾਚਾ ਨਾਮ ਆਤਮ ਤ੍ਰਿਸ਼ਨਾ ਬੁਝਾਏ ਆਗ । ਸਾਚਾ ਨਾਮ ਬਣਾਏ ਗੁਰਮੁਖ ਹੰਸ ਕਾਗ । ਸਾਚਾ ਨਾਮ ਸੁਣ ਕੰਨ, ਗੁਰਮੁਖ ਵਿਰਲਾ ਜਾਏ ਜਾਗ । ਸਾਚਾ ਨਾਮ ਹਰਿ ਦਰਸ਼ਨ ਬੇਮੁਖ ਦਰ ਤੋਂ ਜਾਇਣ ਭਾਗ । ਸਾਚਾ ਨਾਮ ਵੇਲੇ ਅੰਤ ਗੁਰਮੁਖ ਤੇਰੀ ਪਕੜੇ ਵਾਗ । ਸਾਚਾ ਨਾਮ ਰਸਨਾ ਜਪ ਆਤਮ ਧੋ ਝੂਠਾ ਦਾਗ । ਸਾਚਾ ਨਾਮ ਕਾਇਆ ਬੰਨ੍ਹ ਸਾਚਾ ਤਾਗ । ਸਾਚਾ ਨਾਮ ਏਕਾ ਰੰਗ ਰੰਗਾਏ ਗੁਰਮੁਖਾਂ ਸੁਣਾਏ ਸਾਚਾ ਰਾਗ । ਸਾਚਾ ਨਾਮ ਏਕਾ ਅਗਨ ਲਗਾਏ, ਬੇਮੁਖ ਦਰ ਤੋਂ ਜਾਇਣ ਭਾਗ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਪੂਰੇ ਭਾਗ । ਸਾਚਾ ਨਾਮ ਪਾਏ ਗੁਰਮੁਖ ਵਡ ਵਡਭਾਗੀ । ਸਾਚਾ ਨਾਮ ਰਸਨਾ ਜਪ ਆਤਮ ਸੋਈ ਜਾਗੀ । ਸਾਚਾ ਨਾਮ ਆਪ ਉਪਜਾਏ ਸ਼ਬਦ ਸੱਚਾ ਰਾਗੀ । ਸਾਚਾ ਨਾਮ ਗੁਰਮੁਖ ਬਣਾਏ ਹੰਸ ਕਾਗੀ । ਸਾਚਾ ਨਾਮ ਪ੍ਰਭ ਸਾਚਾ ਦੇਵੇ ਜਿਸ ਚਰਨ ਪ੍ਰੀਤ ਪ੍ਰਭ ਲਾਗੀ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਧੋਏ ਪਾਪਾਂ ਦਾਗੀ । ਸਾਚਾ ਨਾਮ

ਸਰਬ ਗੁਣਵੰਤ । ਸਾਚਾ ਨਾਮ ਦੇਵੇ ਭਗਵੰਤ । ਸਾਚਾ ਨਾਮ ਦੇਵੇ ਵਡਿਆਈ ਗੁਰਮੁਖ ਸਾਚੇ ਸੰਤ । ਸਾਚਾ ਨਾਮ ਆਪ ਬਣਾਏ ਗੁਰਸਿਖਾਂ ਬਣਤ । ਸਾਚਾ ਨਾਮ ਕਿਆ ਕੋਈ ਜਾਣੇ ਜੀਵ ਜੰਤ । ਸਾਚਾ ਨਾਮ ਇਕ ਮਿਲਾਵਾ ਸਾਚੇ ਕੰਤ । ਸਾਚਾ ਨਾਮ ਸਾਚਾ ਰਾਹ ਹਰਿ ਦਿਸੰਤ । ਸਾਚਾ ਨਾਮ ਜਿਹਵਾ ਮਨੀਆ ਮੰਤ । ਸਾਚਾ ਨਾਮ ਆਪੇ ਆਪ ਜਪਾਏ ਆਦਿ ਅੰਤ ਜੁਗਾ ਜੁਗੰਤ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸਾਚਾ ਕੰਤ । ਸਾਚਾ ਨਾਮ ਵਡ ਵਡਿਆਈ । ਸਾਚਾ ਨਾਮ ਹਰਿ ਦਰ ਤੇ ਪਾਈ । ਸਾਚਾ ਨਾਮ ਰੋਗਾਂ ਸੋਗਾਂ ਦੇ ਮਿਟਾਈ । ਸਾਚਾ ਨਾਮ ਪੂਰਨ ਭੋਗਾ ਰਸਨਾ ਗਾਈ । ਸਾਚਾ ਨਾਮ ਨਾ ਹੋਏ ਵਿਯੋਗਾ, ਦਰਸ ਅਮੋਘ ਹਰਿ ਦਿਖਾਈ । ਸਾਚਾ ਨਾਮ ਹਉਮੇ ਕੱਟੇ ਰੋਗਾ, ਆਤਮ ਪੀੜ ਗਵਾਈ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਈ । ਸਾਚਾ ਨਾਮ ਸਰਬ ਕਾ ਗਿਆਤਾ । ਸਾਚਾ ਨਾਮ ਦੀਨ ਕਾ ਦਾਤਾ । ਸਾਚਾ ਨਾਮ ਭੈਣ ਭਰਾਤਾ । ਸਾਚਾ ਨਾਮ ਗੁਰਮੁਖ ਹੋਏ ਆਪ ਪਿਤ ਮਾਤਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਚ ਪਛਾਤਾ । ਸਾਚਾ ਨਾਮ ਸ਼ਬਦ ਭੰਡਾਰਾ । ਸਾਚਾ ਨਾਮ ਰੰਗ ਕਰਤਾਰਾ । ਸਾਚਾ ਨਾਮ ਹਰਿ ਸ਼ਬਦ ਅਪਰ ਅਪਾਰਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸਾਚੀ ਧਾਰਾ । ਸਾਚਾ ਨਾਮ ਸਾਜਣ ਮੀਤਾ । ਸਾਚਾ ਨਾਮ ਰਾਖੇ ਚੀਤਾ । ਸਾਚਾ ਨਾਮ ਪਰਖੇ ਨੀਤਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਕਰੇ ਚਰਨ ਪ੍ਰੀਤਾ । ਸਾਚਾ ਨਾਮ ਆਤਮ ਰਸ । ਸਾਚਾ ਨਾਮ ਹਰਿ ਹਿਰਦੇ ਜਾਏ ਵਸ । ਸਾਚਾ ਨਾਮ ਸ਼ਬਦ ਕਟਾਰੀ ਮਾਰੇ ਕਸ । ਸਾਚਾ ਨਾਮ ਪੰਜੇ ਚੋਰ ਜਾਇਣ ਨੱਸ । ਸਾਚਾ ਨਾਮ ਸਾਚਾ ਰਾਹ ਹਰਿ ਜਾਏ ਦੱਸ । ਸਾਚਾ ਨਾਮ ਦੁੱਖ ਵਸੂਰੇ ਕਰਾਏ ਭੱਸ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਹਿਰਦੇ ਜਾਏ ਵਸ । ਸਾਚਾ ਨਾਮ ਧੀਰ ਧਰਈਆ । ਸਾਚਾ ਨਾਮ ਹਉਮੇ ਪੀੜ ਮਿਟਈਆ । ਸਾਚਾ ਨਾਮ ਅੰਮ੍ਰਿਤ ਸਾਚਾ ਸੀਰ ਪਿਲਈਆ । ਸਾਚਾ ਨਾਮ ਆਪ ਚਲਾਏ ਸਾਚੀ ਨਈਆ । ਸਾਚਾ ਨਾਮ ਗੁਰਮੁਖ ਵਿਰਲੇ ਆਪ ਚੜ੍ਹਈਆ । ਸਾਚਾ ਨਾਮ ਆਤਮ ਗੜ੍ਹ ਹੰਕਾਰ ਤੋੜ ਤੁੜਈਆ । ਸਾਚਾ ਨਾਮ ਬੇਮੁੱਖ ਜੜ੍ਹ ਪੁਟਈਆ । ਸਾਚਾ ਨਾਮ ਗੁਰਮੁਖਾਂ ਆਤਮ ਰਸ ਰਸਈਆ । ਸਾਚਾ ਨਾਮ ਸਾਚੀ ਨਾਓ । ਸਾਚਾ ਨਾਮ ਸਚ ਨਿਆਉਂ । ਸਾਚਾ ਨਾਮ ਪ੍ਰਭ ਦੇਵੇ ਅਗੰਮ ਅਥਾਹੋ । ਸਾਚਾ ਨਾਮ ਰਸਨਾ ਜਪ ਹਰਿ ਆਪ ਬਹਾਏ ਸਾਚੇ ਥਾਓ । ਸਾਚਾ ਨਾਮ ਰਸਨਾ ਜਪ ਅਮਰਾ ਪਦ ਪਾਓ । ਸਾਚਾ ਨਾਮ ਨਿਜ਼ਾਨੰਦ ਦੇ ਵਿਚ ਸਮਾਓ । ਸਾਚਾ ਨਾਮ ਪਰਮਾਨੰਦ ਭੁੱਲ ਨਾ ਜਾਓ । ਸਾਚਾ ਨਾਮ ਆਤਮ ਕੰਧ ਆਪ ਤੁੜਾਓ । ਸਾਚਾ ਨਾਮ ਬੰਧਨ ਬੰਧ ਹੱਡ ਛੁਡਾਓ । ਸਾਚਾ ਨਾਮ ਆਤਮ ਅੰਧ ਆਪ ਗਵਾਓ । ਸਾਚਾ ਨਾਮ ਅਗਿਆਨ ਅੰਧੇਰ ਵੱਜਾ ਜਿੰਦਾ, ਸੋਹੰ ਚਾਬੀ ਲਾਓ । ਸਾਚਾ ਨਾਮ ਆਪ ਤੁੜਾਏ ਜਮ ਕੇ ਫੰਦ, ਰਸਨਾ ਹਰਿ ਗੁਣ ਗਾਓ । ਸਾਚਾ ਨਾਮ ਕਲਜੁਗ ਜੀਵ ਨਾ ਹੋਏ ਭਾਗ ਮੰਦ, ਨਾ ਵੇਲੇ ਅੰਤ ਜਾਓ ਪਛਤਾਓ । ਹਰਿ ਕਾ ਨਾਮ ਜੋ ਜਨ ਗਾਏ ਬੱਤੀ ਦੰਦੇ, ਵੇਲੇ ਅੰਤ ਹਰਿ ਲਏ ਛੁਡਾਏ । ਹਰਿ ਕਾ ਨਾਮ ਸਾਚੀ ਦਰਗਾਹ ਦਏ ਬਹਾਏ । ਹਰਿ ਕਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਰਸਨਾ ਗਾਏ । ਸਾਚਾ ਨਾਮ ਆਸਾ ਵਰੀ । ਸਾਚਾ ਨਾਮ ਹਰਿ ਪ੍ਰਭ ਸਾਚੇ ਕਿਰਪਾ ਕਰੀ । ਹਰਿ ਕਾ ਨਾਮ ਗੁਰਮੁਖ ਵਿਰਲੇ ਹਰਿ ਦਰ ਵਰੀ । ਸਾਚਾ ਨਾਮ ਪ੍ਰਭ ਅਬਿਨਾਸ਼ੀ ਸਰਨੀ ਪਰੀ । ਹਰਿ ਕਾ ਨਾਮ ਆਪ ਲਗਾਏ ਆਤਮ ਸਾਚੀ ਝੜੀ । ਸਾਚੇ ਨਾਮ ਦਰ ਘਰ ਸਾਚੇ ਜਾਏ ਵੜੀ । ਹਰਿ ਕਾ ਨਾਮ ਆਤਮ ਸਾਚੀ ਜੋਤ ਜਗਾਏ ਨਾ ਲਾਏ ਦੇਰ ਘੜੀ । ਸਾਚਾ ਨਾਮ ਬੇਮੁਖਾਂ ਜਾਏ ਜੜੀ । ਸਾਚਾ ਨਾਮ ਸਚ ਕਟਾਰ ਪ੍ਰਭ ਹੱਥ ਸਾਚੇ ਫੜੀ । ਸਾਚਾ ਨਾਮ ਵਿਚ ਸੰਸਾਰ ਰਿਹਾ ਲੜੀ । ਸਾਚਾ ਨਾਮ ਆਪ ਕਰਾਏ ਸ੍ਰਿਸ਼ਟ ਸਬਾਈ ਦੋ ਧੜੀ । ਸਾਚਾ ਨਾਮ ਦੇਵੇ ਮਹਾਰਾਜ

ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦਰ ਦਵਾਰੇ ਖੜੀ । ਸਾਚਾ ਨਾਮ ਹਰਿ ਕਾ ਦਵਾਰ । ਸਾਚਾ ਨਾਮ ਪੂਰਨ ਬ੍ਰਹਮ ਕਰੇ ਵਿਚਾਰ । ਸਾਚਾ ਨਾਮ ਜਨਮ ਮਰਨ ਦੋਵੇਂ ਦਏ ਸਵਾਰ । ਸਾਚਾ ਨਾਮ ਲੱਖ ਚੁਰਾਸੀ ਦੇਵੇ ਗੇੜ ਨਿਵਾਰ । ਸਾਚਾ ਨਾਮ ਮਾਨਸ ਜਨਮ ਨਾ ਆਵੇ ਹਾਰ । ਸਾਚਾ ਨਾਮ ਦਰ ਘਰ ਸਾਚਾ ਪਾਏ ਜਾਏ ਸਚ ਦਰਬਾਰ । ਸਾਚਾ ਨਾਮ ਵਸੇ ਹਰਿ ਹਰਿ ਥਾਏਂ, ਹਰਿ ਵੇਖੇ ਰੰਗ ਅਪਾਰ । ਸਾਚਾ ਨਾਮ ਪ੍ਰਭ ਅਬਿਨਾਸ਼ੀ ਰਸਨਾ ਗਾਏ, ਸਾਚਾ ਨਾਮ ਆਪੇ ਪਕੜ ਲੰਘਾਏ ਪਾਰ, ਅੰਤਰ ਦੋਵੇਂ ਬਾਹੀਂ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਦੂਸਰ ਕੋਈ ਨਾਹੀ । ਸਾਚਾ ਨਾਮ ਗੁਰ ਗੋਪਾਲਾ । ਸਾਚਾ ਨਾਮ ਦੀਨ ਦਿਆਲਾ । ਸਾਚਾ ਨਾਮ ਭਗਤ ਰੱਛਕ ਆਪ ਰਖਵਾਲਾ । ਸਾਚਾ ਨਾਮ ਗੁਰਮੁਖ ਦੇਵੇ ਭਰ ਪਿਆਲਾ । ਸਾਚਾ ਨਾਮ ਗੁਰਮੁਖਾਂ ਕੱਟੇ ਜਗਤ ਜੰਜਾਲਾ । ਸਾਚਾ ਨਾਮ ਗੁਰਮੁਖ ਵਿਰਲੇ ਕਲ ਸੰਭਾਲਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੀ ਆਤਮ ਨਾ ਹੋਏ ਕੰਗਾਲਾ । ਸਾਚਾ ਨਾਮ ਸ਼ਬਦ ਭੰਡਾਰਿਆ । ਸਾਚਾ ਨਾਮ ਦੇਵੇ ਵਿਚ ਹਰਿ ਸੰਸਾਰਿਆ । ਸਾਚਾ ਨਾਮ ਜੀਵ ਜੰਤ ਵਿਚ ਇਕ ਅਧਾਰਿਆ । ਸਾਚਾ ਨਾਮ ਧੁਰਦਰਗਾਹੀ ਖੇਲ ਅਪਾਰਿਆ । ਸਾਚਾ ਨਾਮ ਗੁਰਮੁਖਾਂ ਮੇਲ ਮਿਲਾ ਰਿਹਾ । ਸਾਚਾ ਨਾਮ ਆਤਮ ਧੀਰ ਧਰਾ ਰਿਹਾ । ਸਾਚਾ ਨਾਮ ਹਰਿ ਸਾਚਾ ਤੀਰ ਚਲਾ ਰਿਹਾ । ਸਾਚਾ ਨਾਮ ਬਜ਼ਰ ਕਪਾਟੀ ਚੀਰ ਵਖਾ ਰਿਹਾ । ਸਾਚਾ ਨਾਮ ਔਖੀ ਘਾਟੀ ਆਪ ਚੜ੍ਹਾ ਰਿਹਾ । ਸਾਚਾ ਨਾਮ ਸਾਚੀ ਜੋਤ ਵਿਚ ਲਲਾਟ ਆਪ ਜਗਾ ਰਿਹਾ । ਸਾਚਾ ਨਾਮ ਵਿਚ ਕਾਇਆ ਝੂਠੀ ਮਾਟੀ ਵਿਚ ਸਾਚੀ ਵਸਤ ਟਿਕਾ ਰਿਹਾ । ਸਾਚਾ ਸ਼ਬਦ ਵਿਕਾਵੇ ਹਾਟੀ, ਸਚ ਭੰਡਾਰ ਲਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਵੇਖ ਵਖਾ ਰਿਹਾ । ਸਾਚਾ ਨਾਮ ਸਰਬ ਗੁਣ ਜਾਣ । ਸਾਚਾ ਨਾਮ ਆਪ ਪਛਾਣ । ਸਾਚਾ ਨਾਮ ਕਲਜੁਗ ਜੀਵ ਨਾ ਭੁੱਲ ਨਿਧਾਨ । ਸਾਚਾ ਨਾਮ ਪ੍ਰਭ ਅਬਿਨਾਸ਼ੀ ਸਾਚਾ ਜਾਣ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ । ਸਚ ਸ਼ਬਦ ਜਿਸ ਜਨ ਪਛਾਣਿਆਂ । ਦਰਗਾਹ ਸਾਚੀ ਸਾਚਾ ਮਾਣ ਦਵਾਣਿਆਂ ਭਰਮ ਭੁਲੇਖੇ ਸਰਬ ਭੁਲਾਣਿਆਂ । ਗੁਰਮੁਖ ਵਿਰਲੇ ਸਾਚੇ ਲੇਖੇ ਲਾਣਿਆਂ । ਜਿਨਾਂ ਦੰਦਾਂ ਭੇੜ ਭਿੜਾਣਿਆਂ । ਆਤਮ ਕੰਧਾ ਅੰਧੇਰ ਰਖਾਣਿਆਂ । ਬੇੜਾ ਡੋਬੇ ਨਾ ਕੋਈ ਪਾਰ ਲੰਘਾਏ ਵੰਞ ਮੁਹਾਣਿਆਂ । ਪ੍ਰਭ ਅਬਿਨਾਸ਼ੀ ਸਾਚਾ ਸ਼ਾਹੋ ਗੁਰਮੁਖ ਵਿਰਲੇ ਕਲ ਪਛਾਣਿਆਂ । ਆਪ ਚਲਾਏ ਸਾਚੀ ਨਾਓ, ਗੁਰਮੁਖ ਸਾਚੇ ਆਪ ਚੜ੍ਹਾਣਿਆਂ । ਆਪ ਬਹਾਏ ਲੈ ਜਾਏ ਸਾਚੇ ਥਾਉਂ, ਜਿਥੇ ਵਸੇ ਹਰਿ ਭਗਵਾਨਿਆਂ । ਏਕਾ ਜੋਤ ਅਗੰਮ ਅਥਾਹੋ, ਹਰਿ ਜੋਤੀ ਜੋਤ ਮਿਲਾਣਿਆਂ । ਪ੍ਰਭ ਅਬਿਨਾਸ਼ੀ ਬੇਪ੍ਰਵਾਹ, ਕਿਆ ਕੋਈ ਕਰੇ ਜੀਵ ਸ਼ੈਤਾਨਿਆਂ । ਆਵੇ ਜਾਵੇ ਸੁੰਞੇ ਘਰ ਕਾਉਂ, ਬ੍ਰਹਮ ਨਾ ਕੋਈ ਵਿਚਾਰੇ ਬ੍ਰਹਮ ਗਿਆਨੀਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਜੋ ਜਨ ਕਮਾਏ ਪ੍ਰਭ ਸਾਚੇ ਦੇਵੇ ਸਚ ਨਿਸ਼ਾਨੀਆਂ । ਆਤਮ ਹੰਕਾਰਾ ਤਨ ਵਿਕਾਰਾ । ਮਨ ਅਫਾਰਾ ਦੁੱਖ ਲੱਗੇ ਭਾਰਾ । ਜੀਵ ਜੰਤ ਕਿਆ ਕੋਈ ਕਰੇ ਵਿਚਾਰਾ । ਪ੍ਰਭ ਅਬਿਨਾਸ਼ੀ ਨਾ ਪਾਵੇ ਸਾਰਾ । ਭੁੱਲੇ ਰਹੇ ਜੀਵ ਗਵਾਰਾ । ਭੱਜੇ ਫਿਰਨ ਜਗਤ ਅਵਾਰਾ । ਹਰਿ ਪ੍ਰਭ ਸਾਚਾ ਗੁਰਮੁਖਾਂ ਦੇਵੇ ਸਾਚੀ ਧਾਰਾ । ਜੋ ਜਨ ਕਰੇ ਚਰਨ ਨਿਮਸਕਾਰਾ । ਆਪੇ ਬਖ਼ਸ਼ੇ ਪ੍ਰੀਤ ਚਰਨ ਕਮਲਾਰਾ । ਆਪੇ ਪਰਖੇ ਨੀਤ, ਬੈਠ ਉਪਰ ਧਵਲਾਰਾ । ਹਰਿ ਹਰਿ ਹਰਿ ਸਦ ਸਦਾ ਸਦ ਸਚ ਰਾਖੋ ਚੀਤ, ਕਰੋ ਸਦ ਸਦਾ ਨਿਮਸਕਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਿਆ ਕੋਈ ਜਾਣੇ ਜੋ ਰੱਖੇ ਮਨ ਹੰਕਾਰਾ । ਆਤਮ ਹੰਕਾਰੀ ਹੋਈ ਅੰਧਿਆਰੀ । ਨਾ ਕਰੇ ਵਿਚਾਰੀ ਭੁੱਲ ਜਗਤ ਗਵਾਰੀ । ਏਕਾ ਪਾਸਾ ਆਇਆ ਹਾਰੀ । ਦੂਜਾ ਦਿਸੇ ਨਾ ਕੋਇ ਦਵਾਰੀ । ਓਮੀ ਕੂਕੇ ਕੂਕ ਪੁਕਾਰੇ ਫੱਕੜ ਫੋਕੇ ਬੋਲ ਬੁਲਾਰੀ । ਸਚ ਘਰ ਸਚ ਦਰ ਸਚ ਸਾਂਤਕ ਹਰਿ ਵਰਤਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਜਾਣੇ ਆਪਣੀ ਸਾਰੀ ।


੪੧

ਤਾਹਨਾ ਮੇਹਣਾ ਜਗਤ ਝੱਲਣਾ । ਦਰ ਘਰ ਸਾਚਾ ਗੁਰਸਿਖ ਮੱਲਣਾ । ਪ੍ਰਭ ਅਬਿਨਾਸ਼ੀ ਚਤੁਰ ਸੁਜਾਨਾ ਬੈਠਾ ਉਪਰ ਪਲੰਘਣਾ । ਬੇਮੁਖਾਂ ਵਿਚ ਨਾ ਰਲਣਾ । ਅੰਤਮ ਅੰਤ ਅੰਤਕਾਲ ਅਨ੍ਹੇਰ ਏਕਾ ਝੁੱਲਣਾ । ਹਠ ਹੰਕਾਰੀ ਵਡ ਗਵਾਰੀ ਕੋਈ ਨਾ ਅੱਗੇ ਖਲਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦ ਸਦਾ ਸਦ ਬੇੜ੍ਹਾ ਬੰਨ੍ਹਣਾ । ਪ੍ਰਭ ਅਬਿਨਾਸ਼ੀ ਮਾਇਆਧਾਰੀ । ਕਿਆ ਕੋਈ ਕਰੇ ਜੀਵ ਗਵਾਰੀ । ਕਰੇ ਖੇਲ ਅਪਰ ਅਪਾਰੀ । ਜੂਠੇ ਝੂਠੇ ਭਾਂਡੇ ਹੰਕਾਰੀ । ਆਪੇ ਲਾਹੇ ਝੂਠੇ ਵਿਹਾਰੀ । ਰਸਨਾ ਰਸ ਨਾ ਕੋਈ ਵਿਚਾਰੀ । ਝੂਠਾ ਝੱਖ ਰਹੇ ਸਭ ਮਾਰੀ । ਵਖ ਵਖ ਕਰੇ ਗਿਰਧਾਰੀ । ਨਾ ਕੋਈ ਸਕੇ ਰੱਖ, ਕਲਜੁਗ ਅੰਤਮ ਬਾਜੀ ਆਪਣੀ ਹਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਰੇ ਖਵਾਰੀ । ਸ਼ਬਦ ਬਾਣ ਹਰਿ ਆਪ ਚਲਾਏ । ਮਾਣ ਤਾਣ ਕਿਸੇ ਰਹਿਣ ਨਾ ਪਾਏ । ਏਕਾ ਆਣ ਸ਼ਬਦ ਰਖਾਏ । ਜੂਠੇ ਗੈਨ ਜੋ ਜਨ ਖਾਏ । ਮੌਤ ਡੈਨ ਸਭ ਕੋ ਖਾਏ । ਧਰਮ ਰਾਏ ਦੇ ਸਜਾਏ । ਗੁਰਮੁਖ ਸਾਚਾ ਪ੍ਰਭ ਸਾਚਾ ਲਏ ਛੁਡਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਾਹ ਸਾਚੀ ਮਾਣ ਦਵਾਏ । ਦਰਗਾਹ ਸਾਚੀ ਹਰਿ ਕਾ ਦਵਾਰਾ । ਏਕਾ ਜੋਤ ਅਗੰਮ ਅਪਾਰਾ । ਜੋਤ ਸਰੂਪੀ ਹਰਿ ਨਿਰਾਧਾਰਾ । ਨਰ ਨਰਾਇਣ ਇਕ ਪਸਾਰਾ । ਜੇ ਕੋਈ ਵੇਖੇ ਨਾ ਸਕੇ ਕਹਿਣ, ਰੂਪ ਅਨੂਪ ਸਰੂਪ ਅਪਾਰਾ । ਜੋ ਜਨ ਪੇਖੇ ਤੀਜੇ ਨੈਣ, ਪ੍ਰਭ ਅਬਿਨਾਸ਼ੀ ਖੋਲ੍ਹ ਖੁਲ੍ਹਾਰਾ । ਗੁਰਮੁਖ ਵਿਰਲੇ ਰਸਨਾ ਲੈਣ, ਜਿਨ ਹਰਿ ਮਿਲਿਆ ਮੀਤ ਮੁਰਾਰਾ । ਆਪੇ ਬਣਿਆ ਸਾਚਾ ਸਾਕ ਸੱਜਣ ਸੈਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਰਾਇਣ ਨਰ ਅਵਤਾਰਾ । ਨਰਾਇਣ ਨਰ ਜਾਮਾ ਧਾਰਿਆ । ਖੇਲ ਕਰਤਾਰਿਆ ਰੂਪ ਅਪਾਰਿਆ । ਕਿਆ ਕੋਈ ਪਾਵੇ ਸਾਰਿਆ । ਆਪਣੇ ਭਾਣੇ ਆਪ ਸਮਾ

੪੨ ਰਿਹਾ । ਰਾਜੇ ਰਾਣੇ ਤਖ਼ਤੋਂ ਲਾਹ ਰਿਹਾ । ਸੁਘੜ ਸਿਆਣੇ ਆਪ ਭੁਲਾ ਰਿਹਾ । ਹਰਿ ਊਚੋਂ ਨੀਚ ਨੀਚੋਂ ਊਚ ਬਣਾ ਰਿਹਾ । ਚਾਰੋਂ ਕੁੰਟ ਏਕ ਡੰਕ ਵਜਾ ਰਿਹਾ । ੪੨

ਸੋਹੰ ਸ਼ਬਦ ਸਾਚੀ ਸਚ ਸੂਚ ਵਿਚ ਮਾਤ ਲਗਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਅੰਕ ਸਭ ਥਾਈਂ ਆਪ ਰਖਾ ਰਿਹਾ । ਸਾਚਾ ਡੰਕ ਹਰਿ ਸ਼ਬਦ ਵਜਾਵਣਾ । ਰਾਜਾ ਰਾਣਾ ਤਖ਼ਤੋਂ ਲਾਹਵਣਾ । ਏਕਾ ਮਾਣ ਹਰਿ ਚਾਰ ਵਰਨ ਆਪ ਦਵਾਵਣਾ । ਊਚ ਨੀਚ ਦਾ ਭੇਖ ਮਿਟਾਵਣਾ । ਸਚ ਸੁੱਚ ਦਾ ਰਾਜ ਚਲਾਵਣਾ । ਜੂਠ ਝੂਠ ਰਹਿਣ ਨਾ ਪਾਵਣਾ । ਸਚ ਸੁੱਚ ਹਰਿ ਵਰਤਾਵਣਾ । ਬੇਮੁਖ ਭਾਂਡਾ ਕੱਚ ਪ੍ਰਭ ਭੰਨ ਵਖਾਵਣਾ । ਜਿਨ੍ਹਾਂ ਪੱਲੇ ਸਚ ਪ੍ਰਭ ਸਾਚੇ ਪਾਰ ਲੰਘਾਵਣਾ । ਬੇਮੁਖ ਦਰ ਤੇ ਆਇਣ ਜਾਇਣ ਨੱਚ, ਹੱਥ ਕਿਛ ਨਹੀਂ ਆਵਣਾ । ਗੁਰਮੁਖ ਵਖਾਣੇ ਸੱਚੋ ਸਚ, ਪ੍ਰਭ ਅਬਿਨਾਸ਼ੀ ਮੁੱਲ ਚੁਕਾਵਣਾ । ਮਹਾਰਾਜ ਸ਼ੇਰ ਸਿੰਘ ਦਿਵਸ ਰੈਣ ਸਦ ਰਸਨਾ ਗਾਵਣਾ । ਸਚ ਸ਼ਬਦ ਸਚ ਨਿਸ਼ਾਨੀਆਂ । ਹਰਿ ਦੇਵੇ ਕਰ ਮਿਹਰਬਾਨੀਆਂ । ਪ੍ਰਭ ਵਰਤਾਰਾ ਪੁਰਖ ਸੁਜਾਨੀਆਂ । ਕਿਆ ਕੋਈ ਜਾਣੇ ਬ੍ਰਹਮ ਗਿਆਨੀਆਂ । ਭੁੱਲੇ ਜੀਵ ਹੋਏ ਨਿਧਾਨੀਆਂ । ਆਤਮ ਹੋਈ ਸਰਬ ਅਭਿਮਾਨੀਆਂ । ਰਸਨ ਉਚਾਰਨ ਖਾਣੀ ਬਾਣੀਆਂ । ਹਰਿ ਕੀ ਜੋਤ ਨਾ ਕਿਸੇ ਪਛਾਣਿਆਂ । ਭਰਮ ਭੁਲੇਖੇ ਆਪ ਰਖਾਨੀਆਂ । ਸਾਚਾ ਲੇਖ ਮੇਟ ਮਿਟਾਨੀਆਂ । ਵੇਖਾ ਵੇਖ ਹਰਿ ਸਾਚਾ ਮੂਲ ਨਾ ਜਾਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਨਿਤਾਰੇ ਦੁਧੋਂ ਪਾਣੀਆਂ । ਸਚ ਸ਼ਬਦ ਜਿਸ ਜਨ ਪਛਾਣਿਆਂ । ਦਰਗਾਹ ਸਾਚੀ ਦੇਵੇ ਮਾਣਿਆਂ । ਗੁਰਮੁਖਾਂ ਹਰਿ ਰੰਗ ਰੰਗਾਣਿਆਂ । ਸਾਚਾ ਸੰਗ ਹਰਿ ਆਪ ਨਿਭਾਣਿਆਂ । ਜੋ ਦਰ ਮੰਗੇ ਸਾਚੀ ਮੰਗ ਦੇਵੇ ਹਰਿ ਕਰ ਵਡ ਮਿਹਰਬਾਨਿਆਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਦਾਨ ਜਗਤ ਨਿਸ਼ਾਨੀਆਂ । ਸੋਹੰ ਦੇਵੇ ਸਾਚਾ ਦਾਨਾ । ਚਰਨ ਧੂੜ ਸਾਚਾ ਇਸ਼ਨਾਨਾ । ਬੇਮੁਖ ਦਰ ਤੇ ਰਹਿਣ ਨਾ ਪਾਣਾ । ਗੁਰਮੁਖ ਸਾਚਾ ਸ਼ਬਦ ਨਿਸ਼ਾਨਾ । ਏਕਾ ਦੀਪਕ ਜੋਤ ਜਗਾਣਾ । ਆਤਮ ਸੋਤ ਆਪ ਖੁਲ੍ਹਾਣਾ । ਦੁਰਮਤ ਮੈਲ ਧੋਤ ਅੰਧੇਰ ਮਿਟਾਣਾ । ਪ੍ਰਭ ਅਬਿਨਾਸ਼ੀ ਸਾਚੀ ਜੋਤ ਜਗਾਣਾ । ਸਾਚੇ ਰੰਗ ਪ੍ਰਭ ਸਾਚੇ ਆਪ ਰੰਗਾਣਾ । ਲੱਖ

ਚੁਰਾਸੀ ਮੇਟ ਮਿਟਾਣਾ । ਸਰਬ ਜਹਾਂ ਹਰਿ ਬੀਨਾ ਦਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਦੇਵੇ ਸਾਚਾ ਮਾਨਾ । ਸਾਚਾ ਮਾਣ ਮਨ ਕਾ ਮੀਤ ।
ਚਰਨ ਕਵਲ ਹਰਿ ਰਖੋ ਪ੍ਰੀਤ । ਸਰਬ ਸੁਖਾਂ ਹਰਿ ਸਾਚਾ ਮੀਤ । ਸਦਾ ਗਾਓ ਸੁਹਾਗੀ ਗੀਤ । ਖੋਟੀ ਕਦੇ ਨਾ ਹੋਵੇ ਨੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਕਾਇਆ ਤੇਰੀ ਕਰੇ ਸੀਤ । ਸਚ ਸ਼ਬਦ ਜਗਤ ਧੰਨ । ਸਚ ਸ਼ਬਦ ਭਗਤ ਮੰਨ । ਸਚ ਸ਼ਬਦ ਰੰਗਤ ਤਨ । ਸਚ ਸ਼ਬਦ ਮੰਗਤ ਜਨ । ਸਚ
ਸ਼ਬਦ ਭਾਂਡਾ ਭਉ ਦੇਵੇ ਭੰਨ । ਸਚ ਸ਼ਬਦ ਧਰਮ ਰਾਏ ਨਾ ਦੇਵੇ ਡੰਨ । ਸਚ ਸ਼ਬਦ ਗੁਰਸਿਖ ਬੇੜਾ ਦੇਵੇ ਬੰਨ੍ਹ । ਸਚ ਸ਼ਬਦ ਏਕਾ ਜੋਤ ਜਗਾਏ ਤਨ । ਸਚ
ਸ਼ਬਦ ਸਾਚੀ ਧੁਨ ਉਪਜਾਏ ਸ਼ਬਦ ਕੰਨ । ਸਚ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਬੇੜਾ ਦੇਵੇ ਬੰਨ੍ਹ । ਸਚ ਸ਼ਬਦ ਸੰਗਤ ਵਧਾਈ ।
ਸਚ ਸ਼ਬਦ ਹਰਿ ਲਿਵ ਲਾਈ । ਸਚ ਸ਼ਬਦ ਹਰਿ ਪੂਰਨ ਬੂਝ ਬੁਝਾਈ । ਸਚ ਸ਼ਬਦ ਹਰਿ ਸਾਚੇ ਰੰਗ ਰੰਗਾਈ । ਸਚ ਸ਼ਬਦ ਆਤਮ ਨੰਗ ਕਟਾਈ । ਸਚ
ਸ਼ਬਦ ਵਰਭੰਡ ਦੇਵੇ ਵਡਿਆਈ । ਸਚ ਸ਼ਬਦ ਨਵਖੰਡ ਦੇ ਵਿਚ ਚਲਾਈ । ਸਚ ਸ਼ਬਦ ਬ੍ਰਹਿਮੰਡ ਜੈਕਾਰ ਕਰਾਈ । ਸਚ ਸ਼ਬਦ ਤੀਨ ਲੋਕ ਹਰਿ ਦੇਵੇ ਵੰਡ,
ਆਪਣੇ ਹੱਥ ਰੱਖੇ ਵਡਿਆਈ । ਸਚ ਸ਼ਬਦ ਬੇਮੁਖਾਂ ਦੇਵੇ ਡੰਡ, ਸਾਰ ਕਿਸੇ ਨਾ ਪਾਈ । ਸਚ ਸ਼ਬਦ ਜੋ ਜਨ ਦੇਵਣ ਕੰਡ, ਤਿਨ ਦੇਵੇ ਸਖਤ ਸਜਾਈ । ਸਚ
ਸ਼ਬਦ ਚੰਡ ਪ੍ਰਚੰਡ, ਪ੍ਰਭ ਸਾਚੇ ਹੱਥ ਉਠਾਈ । ਸਚ ਸ਼ਬਦ ਬੇਮੁਖ ਝੂਠੇ ਪਾਇਣ ਡੰਡ, ਕੋਇ ਨਾ ਪਾਰ ਲੰਘਾਈ । ਸਚ ਸ਼ਬਦ ਆਪ ਕਰਾਏ ਖੰਡ ਖੰਡ, ਪ੍ਰਭ
ਸਾਚਾ ਰਿਹਾ ਲਿਖਾਈ । ਸਚ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੀ ਵਡਿਆਈ । ਸਚ ਸ਼ਬਦ ਜਗਤ ਦੀ ਧਾਰਾ । ਸਚ ਸ਼ਬਦ
 ਦੇਵੇ ਹਰਿ ਨਿਰੰਕਾਰਾ । ਸਚ ਸ਼ਬਦ ਦੂਈ ਦਵੈਤ ਦੇ ਨਿਵਾਰਾ । ਸਚ ਸ਼ਬਦ ਆਪਣੇ ਰੰਗ ਰੰਗੇ ਗਿਰਧਾਰਾ । ਸਚ ਸ਼ਬਦ ਗੁਰਮੁਖਾਂ ਭਰੇ ਭੰਡਾਰਾ । ਸਚ ੪੩
ਸ਼ਬਦ ਦੇਵੇ ਦੇਵਣਹਾਰ ਦਾਤਾਰਾ । ਸਚ ਸ਼ਬਦ ਗੁਰਮੁਖਾਂ ਦਿਸਾਏ ਸਾਚਾ ਘਰ ਬਾਹਰਾ । ਸਚ ਸ਼ਬਦ ਗੁਰਮੁਖ ਵਿਰਲੇ ਕਲ ਵਿਚਾਰਾ । ਸਚ ਸ਼ਬਦ ਦੇਵੇ ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਪੁਰਖ ਅਪਾਰਾ । ਸਚ ਸ਼ਬਦ ਸੱਚੀ ਧੁਨਕਾਰੀ । ਸਚ ਸ਼ਬਦ ਹਰਿ ਦੇਵੇ ਆਪ ਨਿਰੰਕਾਰੀ । ਸਚ ਸ਼ਬਦ ਗੁਰਮੁਖ ਵਿਰਲਾ
ਬਣੇ ਵਪਾਰੀ । ਸਚ ਸ਼ਬਦ ਏਕਾ ਜੋਤ ਏਕਾ ਧਾਰੀ । ਸਚ ਸ਼ਬਦ ਆਤਮ ਕਰੇ ਸਰਬ ਅਸਵਾਰੀ । ਸਚ ਸ਼ਬਦ ਨਾਮ ਨਿਧਾਨ ਦੇਵੇ ਜੀਵ ਅਧਾਰੀ । ਸਚ
ਸ਼ਬਦ ਗੁਰਮੁਖ ਵਿਰਲੇ ਪਾਇਣ ਆਇਣ ਚਲ ਦਵਾਰੀ । ਸਚ ਸ਼ਬਦ ਜੂਠੇ ਝੂਠੇ ਰਹੇ ਝੱਖ ਮਾਰੀ । ਸਚ ਸ਼ਬਦ ਆਤਮ ਕਰੇ ਕਾਰੀ । ਸਚ ਸ਼ਬਦ ਰਾਤ ਦਿਵਸ
ਰਹੇ ਇਕ ਖੁਮਾਰੀ । ਸਚ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਨਿਮਸਕਾਰੀ । ਸਚ ਸ਼ਬਦ ਨਾਮ ਨਿਧਾਨਾ । ਸਚ ਸ਼ਬਦ ਆਤਮ ਉਪਜੇ
ਬ੍ਰਹਮ ਗਿਆਨਾ । ਭਗਵਾਨ, ਜੋ ਜਨ ਨਿਮਸਕਾਰੀ । ਸਚ ਸ਼ਬਦ ਨਾਮ ਨਿਧਾਨਾ । ਸਚ ਸ਼ਬਦ ਆਤਮ ਉਪਜੇ ਬ੍ਰਹਮ ਗਿਆਨਾ । ਸਚ ਸ਼ਬਦ ਬੁੱਧ ਬਬੇਕ
ਕਰੇ ਬਿਧ ਨਾਨਾ । ਸਚ ਸ਼ਬਦ ਸੋਹੰ ਬੰਧੇ ਸਾਚਾ ਗਾਨਾ । ਸਚ ਸ਼ਬਦ ਸ੍ਰਿਸ਼ਟ ਸਬਾਈ ਡੰਨ ਲਗਾਣਾ । ਸਚ ਸ਼ਬਦ ਆਪ ਚਲਾਏ ਹਰਿ ਭਗਵਾਨਾ । ਸਚ
ਸ਼ਬਦ ਗੁਰਸਿਖ ਸੁਣਾਏ ਕਾਨਾ । ਸਚ ਸ਼ਬਦ ਇਕ ਕਰਾਏ ਮੇਲ ਭਗਤ ਭਗਵਾਨਾ । ਸਚ ਸ਼ਬਦ ਆਤਮ ਜੋਤੀ ਦੀਪ ਜਗਾਣਾ । ਸਚ ਸ਼ਬਦ ਦਰ ਘਰ ਸਾਚੇ
ਕਾਇਆ ਮਹੱਲ ਬਣਾਨਾ । ਸਚ ਸ਼ਬਦ ਗੁਰ ਸਾਚੇ ਦਰਸਾਣਾ । ਸਚ ਸ਼ਬਦ ਤੀਨ ਲੋਕ ਏਕਾ ਰੰਗ ਰੰਗਾਣਾ । ਸਚ ਸ਼ਬਦ ਭੁਲਿਆਂ ਰੁਲਿਆਂ ਕਲ ਮਾਰਗ
ਲਾਣਾ । ਸਚ ਸ਼ਬਦ ਆਤਮ ਡੁਲਿਆਂ ਦੇ ਮਤ ਆਪ ਸਮਝਾਣਾ । ਸਚ ਸ਼ਬਦ ਗੁਰਮੁਖ ਵਿਰਲਾ ਜਾਣੇ ਚਤੁਰ ਸੁਜਾਨਾ । ਸਚ ਸ਼ਬਦ ਅੰਮ੍ਰਿਤ ਫਲ ਸਾਚਾ ਖਾਣਾ ।
ਸਚ ਸ਼ਬਦ ਚਰਨ ਕਵਲ ਪ੍ਰੀਤ ਨਿਭਾਣਾ । ਸਚ ਸ਼ਬਦ ਤਨ ਗੁਰ ਗੁਰ ਰੰਗਤ ਆਪ ਰੰਗਾਣਾ । ਸਚ ਸ਼ਬਦ ਆਤਮ ਜਨ ਸਰਬ ਕਢਾਣਾ । ਸਚ ਸ਼ਬਦ ਪਾਰਬ੍ਰਹਮ

ਹਰਿ ਦਰਸ਼ਨ ਪਾਣਾ । ਸਚ ਸ਼ਬਦ ਆਪੇ ਦੇਵੇ ਜੀਆ ਦਾਨਾ । ਸਚ ਸ਼ਬਦ ਮੇਲ ਮਿਲਾਏ ਹਰਿ ਨਿਰੰਜਣ, ਪਹਰਿਆ ਹਰਿ ਦਾ ਬਾਣਾ । ਸਚ ਸ਼ਬਦ ਚਾਰ
ਕੁੰਟ ਇਕ ਦਿਖਾਣਾ । ਸਚ ਸ਼ਬਦ ਚਾਰ ਵਰਨ ਵਿਚ ਮਾਤ ਦੇ ਗਾਣਾ । ਸਚ ਸ਼ਬਦ ਸਤਿਜੁਗ ਸਾਚੇ ਮਿਲੇ ਮਾਣਾ । ਸਚ ਸ਼ਬਦ ਸ੍ਰਿਸ਼ਟ ਸਬਾਈ ਏਕਾ ਆਣਾ ।
ਸਚ ਸ਼ਬਦ ਦੂਸਰ ਦਿਸੇ ਨਾ ਕੋਈ ਟਿਕਾਣਾ । ਸਚ ਸ਼ਬਦ ਰਸਨਾ ਗਾਵੇ, ਊਚ ਨੀਚ ਰਾਜਾ ਰਾਣਾ । ਸਚ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ ।
ਸਚ ਸ਼ਬਦ ਸਾਚੀ ਧਾਰ । ਸਚ ਸ਼ਬਦ ਆਤਮ ਸਦਾ ਅਸਵਾਰ । ਸਚ ਸ਼ਬਦ ਮਾਰੇ ਕਾਮ ਕਰੋਧ ਹੰਕਾਰ । ਸਚ ਸ਼ਬਦ ਆਪੇ ਪਾਏ ਸਾਰ । ਸਚ ਸ਼ਬਦ ਨਾਮ
ਨਿਧਾਨ ਦੇਵੇ ਕਰਤਾਰ । ਸਚ ਸ਼ਬਦ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖਾਂ ਕਰ ਪਿਆਰ । ਸਚ ਸ਼ਬਦ ਗੁਰ ਮਿਹਰਬਾਨ । ਸਚ ਸ਼ਬਦ
ਝੁੱਲੇ ਜਗਤ ਇਕ ਨਿਸ਼ਾਨ । ਸਚ ਸ਼ਬਦ ਹਰਿ ਆਪਣੇ ਰੰਗ ਰੰਗਾਨ । ਸਚ ਸ਼ਬਦ ਏਕਾ ਮਾਤ ਰਖਾਏ ਸਾਚੀ ਸ਼ਾਨ । ਸਚ ਸ਼ਬਦ ਸੋਹੰ ਦੇਵੇ ਸਾਚਾ ਦਾਨ ।
ਸਚ ਸ਼ਬਦ ਨਾਮ ਨਿਰੰਜਣ ਲਏ ਪਛਾਣ । ਸਾਚਾ ਨਾਮ ਦੇਵੇ ਸੋਹੰ ਦਾਨ । ਸਾਚਾ ਨਾਮ ਰਾਓ ਰੰਕ ਇਕ ਕਰ ਜਾਣ । ਸਾਚਾ ਨਾਮ ਸਾਚਾ ਡੰਕ ਵਿਚ ਜਹਾਨ ।
ਸਾਚਾ ਨਾਮ ਹਰਿ ਦੇਵੇ ਸਚ ਬਬਾਨ । ਸਾਚਾ ਨਾਮ ਗੁਰਮੁਖ ਵਿਰਲੇ ਕਲ ਚੜ੍ਹ ਜਾਣ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ । ਸਾਚਾ ਨਾਮ
ਸਚ ਉਡਾਰੀ । ਸਾਚਾ ਨਾਮ ਸਚ ਘਰ ਬਾਹਰੀ । ਸਾਚਾ ਨਾਮ ਆਤਮ ਦੇਵੇ ਨਾਮ ਖੁਮਾਰੀ । ਸਾਚਾ ਨਾਮ ਕੱਟੇ ਤਨੋਂ ਬਿਮਾਰੀ । ਸਾਚਾ ਨਾਮ ਹਰਿ ਦੇਵੇ ਸੂਤਰ
ਧਾਰੀ । ਸਾਚਾ ਨਾਮ ਏਕਾ ਰੰਗ ਸੱਚਾ ਕਰਤਾਰੀ । ਸਾਚਾ ਨਾਮ ਗੁਰਮੁਖ ਵਿਰਲਾ ਲੇਵੇ ਜੀਵ ਸੰਸਾਰੀ । ਸਾਚਾ ਨਾਮ ਹਰਿ ਸਾਚਾ ਵਰਤਾਰੀ । ਸਾਚਾ ਨਾਮ
 ਦੇਵਣਹਾਰ ਇਕ ਦਾਤਾਰੀ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਕਰੇ ਚਰਨ ਨਿਮਸਕਾਰੀ । ਸਚ ਨਾਮ ਸਚ ਜਗਤ ਦੀ ਦਾਤਾ । ੪੪
ਸਚ ਨਾਮ ਵਡ ਜਗਤ ਕਰਾਮਾਤਾ । ਸਚ ਨਾਮ ਚਰਨ ਪ੍ਰੀਤੀ ਸਾਚਾ ਨਾਤਾ । ਸਚ ਨਾਮ ਆਪ ਪੁੱਛੇ ਗੁਰਸਿਖ ਤੇਰੀ ਵਾਤ ਚਾਰ ਵਰਨ ਊਚ ਨੀਚ ਦਾ ਭੇਖ ਮਿਟਾਤਾ ।
ਸਾਚਾ ਨਾਮ ਕਲਜੁਗ ਮਿਟਾਏ ਅੰਧੇਰੀ ਰਾਤਾ । ਸਾਚਾ ਨਾਮ ਗੁਰਸਿਖ ਪੜ੍ਹਾਏ ਇਕ ਜਮਾਤਾ । ਸਾਚਾ ਨਾਮ ਆਪੇ ਦੇਵੇ ਸਾਚੀ ਦਾਤਾ । ਸਾਚਾ ਨਾਮ ਦੇਵੇ ਮਹਾਰਾਜ
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗਾਤਾ । ਸਾਚਾ ਨਾਮ ਸਚ ਸ਼ਬਦ ਆਤਮ ਘਨਘੋਰ । ਸਾਚਾ ਨਾਮ ਪੰਜੇ ਬੰਨ੍ਹੇ ਚੋਰ । ਸਾਚਾ ਨਾਮ ਚਰਨ ਪ੍ਰੀਤੀ
ਦੇਵੇ ਜੋੜ । ਸਾਚਾ ਨਾਮ ਏਕਾ ਵਰ ਲੈਣਾ ਲੋੜ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਲਏ ਜੋੜ । ਸਾਚਾ ਨਾਮ ਸਚ ਕਰ
ਮਾਨਾ । ਸਾਚਾ ਨਾਮ ਹਰਿ ਦੇਵੇ ਸਚ ਬਬਾਨਾ । ਸਾਚਾ ਨਾਮ ਰਾਓ ਰੰਕ ਵਿਚ ਸਮਾਨਾ । ਸਾਚਾ ਨਾਮ ਗੁਰ ਮਤੀ ਦੇ ਸਮਝਾਣਾ । ਸਾਚਾ ਨਾਮ ਅੰਤਮ ਤਤੀ
ਵਾ ਨਾ ਲਾਣਾ । ਸਾਚਾ ਨਾਮ ਸਾਚਾ ਯਤੀ ਆਪ ਅਖਵਾਣਾ । ਸਾਚਾ ਨਾਮ ਏਕਾ ਰੱਤੀ ਜੋਤ ਜਗਾਣਾ । ਸਾਚਾ ਨਾਮ ਬਹੇ ਬਿਧ ਭਾਂਤੀ ਹਰਿ ਵਰਤਾਣਾ । ਸਾਚਾ
ਨਾਮ ਦਿਵਸ ਰਾਤੀ ਹਰਿ ਲਿਖਾਣਾ । ਸਾਚਾ ਨਾਮ ਚਰਨ ਪ੍ਰੀਤੀ ਸਾਚੀ ਰੀਤ ਦੇ ਮਤ ਆਪ ਸਮਝਾਣਾ । ਸਾਚਾ ਨਾਮ ਗੁਰਮੁਖਾਂ ਪੁੱਛੇ ਵਾਤੀ, ਵੇਲੇ ਅੰਤ ਆਪ
ਛੁਡਾਣਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨਾ । ਸਾਚਾ ਨਾਮ ਖੰਡਾ ਦੋ ਧਾਰ । ਸਾਚਾ ਨਾਮ ਗੁਰਮੁਖਾਂ ਲਾਏ ਪਾਰ । ਸਾਚਾ ਨਾਮ ਬੇਮੁਖਾਂ
ਕਰੇ ਖੁਆਰ । ਸਾਚਾ ਨਾਮ ਠੰਡਾ ਦਰਬਾਰ । ਸਾਚਾ ਨਾਮ ਚੰਡ ਪ੍ਰਚੰਡ ਕਰੇ ਜਗਤ ਖੁਆਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ
ਨਰਾਇਣ ਨਰ ਅਵਤਾਰ । ਸਾਚਾ ਨਾਮ ਸਾਚਾ ਰੰਗ । ਸਾਚਾ ਨਾਮ ਗੁਰਮੁਖ ਮੰਗੇ ਸਾਚੀ ਮੰਗ । ਸਾਚਾ ਨਾਮ ਕਦੇ ਨਾ ਹੋਵੇ ਭੰਗ । ਸਾਚਾ ਨਾਮ ਆਤਮ
ਤ੍ਰਿਸ਼ਨਾ ਮਿਟਾਏ ਆਪ ਕਸਾਏ ਸਾਚਾ ਤੰਗ । ਸਾਚਾ ਨਾਮ ਅੰਮ੍ਰਿਤ ਝਿਰਨਾ ਝਿਰਾਏ ਗੰਗ । ਸਾਚਾ ਨਾਮ ਬੇਮੁਖਾਂ ਧਰਮ ਰਾਏ ਦਰ ਦੇਵੇ ਟੰਗ । ਸਾਚਾ ਨਾਮ

ਮਾਇਆ ਨਾਗਣ ਨਾ ਲਾਏ ਡੰਗ । ਸਾਚਾ ਨਾਮ ਰਸਨਾ ਗਾਏ ਹੋਏ ਸਹਾਏ ਅੰਗ ਸੰਗ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਮੰਗੀ ਸਾਚੀ ਮੰਗ । ਸਾਚਾ ਨਾਮ ਸੱਚਾ ਗਿਰਧਾਰੀ । ਸਾਚਾ ਨਾਮ ਦੇਵੇ ਹਰਿ ਪਰਵਰਦਿਗਾਰੀ । ਸਾਚਾ ਨਾਮ ਏਕਾ ਸਚ ਉਡਾਰੀ । ਸਾਚਾ ਨਾਮ ਆਤਮ ਸਚ ਅਸਵਾਰੀ । ਸਾਚਾ ਨਾਮ ਪਵਣ ਸਰੂਪੀ ਇਕ ਹੁਲਾਰੀ । ਸਾਚਾ ਨਾਮ ਆਤਮ ਸਾਚੀ ਬੂਝ ਬੁਝਾਰੀ । ਸਾਚਾ ਨਾਮ ਜੋਤ ਜਗਾਏ ਕਾਇਆ ਅੰਧ ਅੰਧਿਆਰੀ । ਸਾਚਾ ਨਾਮ ਸਾਚੀ ਦੇਵੇ ਇਕ ਖੁਮਾਰੀ । ਸਾਚਾ ਨਾਮ ਸੁਨ ਮੁਨ ਆਪ ਖੁਲ੍ਹਾਰੀ । ਸਾਚਾ ਨਾਮ ਏਕਾ ਦੀਪ ਉਜਿਆਰੀ । ਸਾਚਾ ਨਾਮ ਆਪੇ ਕਰੇ ਸਾਚੀ ਕਾਰੀ । ਸਾਚਾ ਨਾਮ ਦਿਵਸ ਰੈਣ ਏਕਾ ਧਾਰੀ । ਸਾਚਾ ਨਾਮ ਅਨਹਦ ਧੁਨ ਸੱਚੀ ਧੁਨਕਾਰੀ । ਸਾਚਾ ਨਾਮ ਦਸਮ ਦਵਾਰੀ ਸਚ ਖੁਲ੍ਹਾਰੀ । ਸਾਚਾ ਨਾਮ ਏਕਾ ਜੋਤ ਕਰੇ ਉਜਿਆਰੀ । ਸਾਚਾ ਨਾਮ ਦੇਵੇ ਮੇਲ ਸਚ ਗਿਰਧਾਰੀ । ਸਾਚਾ ਨਾਮ ਦੇਵਣਹਾਰ ਇਕ ਦਾਤਾਰੀ । ਸਾਚਾ ਨਾਮ ਗੁਰਮੁਖਾਂ ਆਤਮ ਭਰੇ ਭੰਡਾਰੀ । ਸਾਚਾ ਨਾਮ ਏਕਾ ਕਰੇ ਸਾਚੀ ਕਾਰੀ । ਸਾਚਾ ਨਾਮ ਦਿਵਸ ਰੈਣ ਰਸਨ ਉਚਾਰੀ । ਸਾਚਾ ਨਾਮ ਮਾਨਸ ਜਨਮ ਜਾਏ ਸਵਾਰੀ । ਸਾਚਾ ਨਾਮ ਸਾਚਾ ਧਰਮ ਵਿਚ ਸੰਸਾਰੀ । ਸਾਚਾ ਨਾਮ ਪੂਰਨ ਕਰਮ ਰਿਹਾ ਵਿਚਾਰੀ । ਸਾਚਾ ਨਾਮ ਮੁਕਤ ਜੁਗਤ ਦਾ ਇਕ ਸਿਕਦਾਰ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਆਏ ਦਵਾਰੀ । ਸਾਚਾ ਨਾਮ ਜਗਤ ਵਰਤੰਤ । ਸਾਚਾ ਨਾਮ ਮੇਲ ਮਿਲਾਵਾ ਸਾਚੇ ਕੰਤ । ਸਾਚਾ ਨਾਮ ਆਪ ਦਵਾਏ, ਪ੍ਰਭ ਸਾਚਾ ਭਗਵੰਤ । ਸਾਚਾ ਨਾਮ ਮਾਇਆ ਪਾਏ ਜਗਤ ਬੇਅੰਤ । ਸਾਚਾ ਨਾਮ ਏਕਾ ਆਪ ਰਖਾਏ ਆਦਿ ਅੰਤ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਸਾਚੀ ਬਣਤ । ਸਾਚਾ ਨਾਮ ਸਾਚੀ ਰੀਤ । ਸਾਚਾ ਨਾਮ ਏਕਾ ਬਖ਼ਸ਼ੇ ਚਰਨ ਪ੍ਰੀਤ । ਸਾਚਾ ਨਾਮ ਗੁਰਮੁਖ ਕਾਇਆ ਕਰੇ ਸੀਤ । ਸਾਚਾ ਨਾਮ ਜਪ ਮਾਨਸ ਜਨਮ ਜਾਣਾ ਜਗ ਜੀਤ । ਸਾਚਾ ਨਾਮ ਏਕਾ ਰਾਖੋ ਹਰਿ ਹਰਿ ਚੀਤ । ਸਾਚਾ ਨਾਮ ਆਪੇ ਪਰਖੇ ਸਾਚੀ ਨੀਤ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਕਰੇ ਚਰਨ ਪ੍ਰੀਤ । ਚਰਨ ਪ੍ਰੀਤ ਸਾਚੀ ਆਸਾ । ਚਰਨ ਪ੍ਰੀਤ ਆਪੇ ਕਰੇ ਬੰਦ ਖਲਾਸਾ । ਚਰਨ ਪ੍ਰੀਤ ਹਰਿ ਹਿਰਦੇ ਵਾਸਾ । ਚਰਨ ਪ੍ਰੀਤ ਗੁਰਸਿਖ ਰਖਾਏ ਜਿਉਂ ਸੋਨਾ ਪਾਸਾ । ਸਾਚਾ ਨਾਮ ਝੂਠੀ ਖੇਡ ਝੂਠੀ ਦੁਨੀਆਂ ਝੂਠਾ ਜਗਤ ਤਮਾਸ਼ਾ । ਸਾਚਾ ਨਾਮ ਹਰਿ ਪਾਓ ਸ਼ਾਹੋ ਸ਼ਾਬਾਸ਼ਾ । ਸਾਚਾ ਨਾਮ ਦੁੱਖਾਂ ਰੋਗਾਂ ਕਰੇ ਨਾਸਾ । ਸਾਚਾ ਨਾਮ ਬੇਮੁਖਾਂ ਹੱਥ ਫੜਾਏ ਝੂਠਾ ਕਾਸਾ । ਸਾਚਾ ਨਾਮ ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵੇਲਾ ਹੱਥ ਨਾ ਆਏ ਸ੍ਰਿਸ਼ਟ ਸਬਾਈ ਹੋਏ ਨਾਸ । ਗੁਰਮੁਖ ਸ਼ਬਦ ਅਧਾਰ ਹੈ । ਬੇਮੁਖ ਜਗਤ ਖਵਾਰ ਹੈ । ਗੁਰਮੁਖ ਚਰਨ ਪਿਆਰ ਹੈ । ਬੇਮੁਖ ਆਤਮ ਝੂਠੀ ਕਾਰ ਹੈ । ਗੁਰਮੁਖ ਸ਼ਬਦ ਅਸਵਾਰ ਹੈ । ਬੇਮੁਖ ਮੂੰਹ ਦੇ ਭਾਰ ਹੈ । ਗੁਰਮੁਖ ਸਚ ਵਿਹਾਰ ਹੈ । ਬੇਮੁਖ ਉਲਟੀ ਕਾਰ ਹੈ । ਗੁਰਮੁਖ ਚਰਨ ਕਵਲ ਕਵਲ ਚਰਨ ਏਕਾ ਕਰੇ ਪਿਆਰ ਹੈ । ਬੇਮੁਖਾਂ ਆਤਮ ਹੰਗਤਾ ਕਰੇ ਖਵਾਰ ਹੈ । ਗੁਰਮੁਖ ਆਤਮ ਸੱਚੀ ਧੁਨਕਾਰ ਹੈ । ਬੇਮੁਖ ਆਤਮ ਲੋਭ ਮਾਇਆ ਭਰਮਾਰ ਹੈ । ਗੁਰਸਿਖ ਏਕਾ ਰੰਗ ਕਰਤਾਰ ਹੈ । ਬੇਮੁਖ ਦਰ ਦਰ ਰਹੇ ਝੱਖ ਮਾਰ ਹੈ । ਗੁਰਸਿਖ ਹੱਥ ਫੜੀ ਸ਼ਬਦ ਕਟਾਰ ਹੈ । ਬੇਮੁਖ ਵਹਿੰਦੇ ਲਹਿੰਦੀ ਧਾਰ ਹੈ । ਗੁਰਮੁਖ ਜਾਏ ਸਚ ਦਰਬਾਰ ਹੈ । ਬੇਮੁੱਖ ਝੂਠਾ ਪਸਰ ਪਸਾਰ ਹੈ । ਗੁਰਮੁਖ ਹਉਮੇ ਤ੍ਰਿਸ਼ਨਾ ਮਾਰ ਹੈ । ਬੇਮੁਖ ਹਿੰਸਾ ਰੋਗ ਅਪਾਰ ਹੈ । ਗੁਰਮੁਖਾਂ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਰੰਗ ਚੜ੍ਹਾਇਆ ਅਪਰ ਅਪਾਰ ਹੈ । ਗੁਰਮੁਖਾਂ ਰੰਗ ਰੰਗਾਇਆ । ਬੇਮੁਖਾਂ ਨੰਗ ਕਰਾਇਆ । ਗੁਰਮੁਖਾਂ ਸੰਗ ਰਲਾਇਆ । ਬੇਮੁਖਾਂ ਦਰ ਦੁਰਕਾਇਆ । ਗੁਰਮੁਖਾਂ ਜੋੜ ਜੁੜਾਇਆ । ਬੇਮੁਖਾਂ ਮੋੜ ਮੁੜਾਇਆ । ਗੁਰਮੁਖਾਂ ਕਾਇਆ ਕੋਹੜ ਦੇ ਹਟਾਇਆ । ਬੇਮੁਖ ਝੂਠਾ ਚੋਰ ਜਗਤ ਰਹਿਣ ਨਾ ਪਾਇਆ । ਗੁਰਮੁਖ ਸਾਚਾ ਸ਼ਬਦ ਘੋੜੇ ਹਰਿ ਆਪ ਚੜ੍ਹਾਇਆ ।

ਬੇਮੁਖ ਮਾਇਆ ਝੂਠੀ ਦੌੜ ਆਪ ਲਗਾਇਆ । ਗੁਰਮੁਖ ਹਰਿ ਕੇ ਪੋੜ ਹਰਿ ਵਖਾਇਆ । ਕਲਜੁਗ ਜੀਵ ਕੌੜਾ ਰੀਠ ਭੰਨ ਵਖਾਇਆ । ਗੁਰ ਸਾਚਾ ਵਿਚ ਮਾਤ ਹਰਿ ਸਾਚੇ ਲੜ ਲਾਇਆ । ਬੇਮੁਖ ਬਾਹੋਂ ਫੜ ਦਰ ਦਰਬਾਰੋਂ ਬਾਹਰ ਧਕਾਇਆ । ਗੁਰਮੁਖ ਸਾਚਾ ਏਕਾ ਘਰ ਜਾਏ, ਪ੍ਰਭ ਸੋਹੰ ਸਾਚਾ ਹਰਿ ਸੁਣਾਇਆ । ਬੇਮੁਖਾਂ ਅੰਦਰ ਜਾਏ ਵੜ, ਸ਼ਬਦ ਡੰਡਾ ਮਗਰ ਲਗਾਇਆ । ਗੁਰਮੁਖ ਸਾਚੇ ਆਤਮ ਫੜ, ਪ੍ਰਭ ਆਪਣੀ ਸਰਨ ਲਗਾਇਆ । ਬੇਮੁਖਾਂ ਪ੍ਰਭ ਉਖਾੜੇ ਜੜ੍ਹ, ਨਰਕ ਨਿਵਾਸ ਰਖਾਇਆ । ਗੁਰਮੁਖ ਸਾਚਾ ਸਾਚੇ ਅੰਦਰ ਜਾਏ ਵੜ, ਹਰਿ ਜੋਤੀ ਜੋਤ ਸਮਾਇਆ । ਬੇਮੁਖ ਝੂਠੇ ਜਾਇਣ ਝੜ, ਪ੍ਰਭ ਅਬਿਨਾਸ਼ੀ ਦੇ ਸਜਾਇਆ । ਗੁਰਮੁਖ ਦਰ ਦਵਾਰੇ ਖੜ, ਪ੍ਰਭ ਅਬਿਨਾਸ਼ੀ ਦੇਵੇ ਦਰਸ ਰੂਪ ਸਵਾਇਆ । ਬੇਮੁਖ ਵਹਿੰਦੇ ਵਹਿਣ ਗਏ ਹੜ੍ਹ, ਸਾਚਾ ਰਾਹ ਨਜ਼ਰ ਨਾ ਆਇਆ । ਗੁਰਮੁਖ ਸਾਚੇ ਸਾਚੀ ਸ਼ਬਦ ਘੋੜੀ ਗਏ ਚੜ੍ਹ, ਅਸਵ ਅਸਵਾਰ ਆਪ ਬਣਾਇਆ । ਬੇਮੁਖ ਝੂਠੇ ਧੰਦੇ ਗਏ ਫੜ, ਰਸਨਾ ਭੇੜ ਕਰਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਮਾਣ ਦਵਾਇਆ । ਗੁਰਮੁਖਾਂ ਹਰਿ ਦੇਵੇ ਨਾਮ ਨਿਸ਼ਾਨ ਹੈ । ਬੇਮੁਖ ਨਾ ਸਕੇ ਪਛਾਣ ਹੈ । ਪ੍ਰਭ ਦੀ ਮਹਿੰਮਾ ਜਗਤ ਮਹਾਨ ਹੈ । ਗੁਰਮੁਖ ਵਿਰਲੇ ਕਰੇ ਚਤੁਰ ਸੁਜਾਨ ਹੈ । ਪ੍ਰਭ ਅਬਿਨਾਸ਼ੀ ਜਿਸ ਦੀਆ ਚਰਨ ਧਿਆਨ ਹੈ । ਏਕਾ ਸ਼ਬਦ ਸੁਣਾਇਆ ਕਾਨ ਹੈ । ਅਨਹਦ ਧੁਨ ਸੱਚੀ ਧੁਨਕਾਨ ਹੈ । ਗੁਰਮੁਖ ਆਤਮ ਜਾਏ ਮਾਨ ਹੈ । ਪ੍ਰਭ ਸਾਚਾ ਦੇਵੇ ਬ੍ਰਹਮ ਗਿਆਨ ਹੈ । ਏਕਾ ਜੋਤ ਧਰੇ ਮਹਾਨ ਹੈ । ਸ਼ਬਦ ਸਰੂਪੀ ਆਪ ਭਗਵਾਨ ਹੈ । ਸਚ ਧਰਮ ਦਾ ਇਕ ਨਿਸ਼ਾਨ ਹੈ । ਬਾਕੀ ਝੂਠਾ ਸਭ ਜਹਾਨ ਹੈ । ਮਾਤ ਜੋਤ ਧਰੇ ਵਾਲੀ ਦੋ ਜਹਾਨ ਹੈ । ਆਪਣੇ ਰੰਗ ਰੰਗੇ ਵਡ ਦਾਤਾ ਮਿਹਰਬਾਨ ਹੈ । ਸੋਹੰ ਦੇਵੇ ਸਚ ਕਰਾਮਾਤ ਵਿਚ ਜਹਾਨ ਹੈ । ਗੁਰਮੁਖ ਸਾਚੇ ਲੱਖ ਚੁਰਾਸੀ ਵਿਚੋਂ ਛਾਨ ਹੈ । ਆਪ ਚੜ੍ਹਾਏ ਸ਼ਬਦ ਬਬਾਨ ਹੈ । ਸਾਚੀ ਦਰਗਾਹ ਦੇਵੇ ਮਾਣ ਹੈ । ਜਿਥੇ ਵਸੇ ਹਰਿ ਭਗਵਾਨ ਹੈ । ਏਕਾ ਜੋਤ ਜਗੇ ਮਹਾਨ ਹੈ । ਦੂਸਰ ਕੋਈ ਨਾ ਹੋਰ ਅਸਥਾਨ ਹੈ । ਪ੍ਰਭ ਅਬਿਨਾਸ਼ੀ ਜੋਤ ਪ੍ਰਕਾਸ਼ੀ ਦਿਵਸ ਰੈਣ ਸਦਾ ਬਿਰਾਜਮਾਨ ਹੈ । ਤੇਜ ਕੋਟਨ ਭਾਨ ਹੈ । ਕਿਆ ਕੋਈ ਕਰੇ ਪਛਾਣ ਹੈ । ਕਲਜੁਗ ਜੀਵ ਮੂਰਖ ਮੁਗਧ ਅੰਞਾਣ ਹੈ । ਪ੍ਰਭ ਸਾਚਾ ਏਕਾ ਜੋਤੀ ਜੋਤ ਮਿਲਾਣ ਹੈ । ਜੋ ਜਨ ਚਰਨੀ ਡਿਗੇ ਆਣ ਹੈ । ਉਜਲ ਮੁਖ ਵਿਚ ਜਹਾਨ ਹੈ । ਮਾਤ ਕੁੱਖ ਸੁਫਲ ਕਰਾਨ ਹੈ । ਬੇਮੁੱਖ ਧੱਕੇ ਖਾਨ ਹੈ । ਦਰਗਾਹ ਕਿਤੇ ਨਾ ਮਿਲੇ ਥਾਨ ਹੈ । ਧਰਮ ਰਾਏ ਦੇ ਅੱਗੇ ਲਾਨ ਹੈ । ਕਰੇ ਕਰਾਏ ਆਪ ਭਗਵਾਨ ਹੈ । ਪੁੱਠੇ ਟੰਗੇ ਦਰ ਬਹਾਨ ਹੈ । ਦੇਵੇ ਸਜ਼ਾ ਆਪ ਸਜ਼ਾਵਾਨ ਹੈ । ਮੰਦੇ ਚੰਗੇ ਪਰਖ ਪਛਾਣ ਹੈ । ਪਾਪੀ ਗੰਦੇ ਅਧਰਮ ਦੁਕਾਨ ਹੈ । ਆਤਮ ਅੰਧੇ ਕਰੇ ਪਛਾਣ ਹੈ । ਕਿਉਂ ਵੱਜੇ ਆਤਮ ਜਿੰਦੇ, ਨਾ ਮਿਲਿਆ ਹਰਿ ਭਗਵਾਨ ਹੈ । ਹਰਿ ਸਾਚਾ ਰਸਨ ਨਾ ਗਾਇਆ ਬੱਤੀ ਦੰਦੇ, ਆਤਮ ਭਰੀ ਸਰਬ ਅਭਿਮਾਨ ਹੈ । ਪਾਪਾਂ ਭਾਰ ਉਠਾਇਆ ਕੰਧੇ, ਲੈ ਜਾਣਾ ਬੜਾ ਮਹਾਨ ਹੈ । ਕਲਜੁਗ ਜੀਵ ਕਲਜੁਗ ਝੂਠੇ ਧੰਦੇ, ਅੰਤਮ ਕੋਈ ਨਾ ਕਿਸੇ ਛੁਡਾਨ ਹੈ । ਆਪ ਬਣਾਏ ਸਾਚੇ ਬੰਦੇ, ਜਿਸ ਦੇਵੇ ਧਰਮ ਧਿਆਨ ਹੈ । ਸੋਹੰ ਸ਼ਬਦ ਹਰਿ ਸਾਚਾ ਰੰਦੇ, ਦੁਰਮਤ ਮੈਲ ਉਡਾਨ ਹੈ । ਪ੍ਰਭ ਅਬਿਨਾਸ਼ੀ ਸਦਾ ਬਖ਼ਸ਼ਿੰਦੇ, ਗੁਰ ਚਰਨ ਕਰੇ ਜੋ ਧਿਆਨ ਹੈ । ਆਪ ਬਣਾਏ ਸਾਚੇ ਬੰਦੇ, ਸਾਚਾ ਦੇਵੇ ਨਾਮ ਨਿਸ਼ਾਨ ਹੈ । ਧਰਮ ਰਾਏ ਨਾ ਪਾਏ ਫੰਦੇ, ਹੋਏ ਸਹਾਈ ਵੇਲੇ ਅੰਤ ਆਣ ਹੈ । ਆਪ ਚੜ੍ਹਾਏ ਆਪ ਤੁੜਾਏ ਆਤਮ ਜਿੰਦੇ, ਏਕਾ ਜੋਤ ਮਹਾਨ ਹੈ । ਕਾਇਆ ਅੰਧੇਰੀ ਡੂੰਘੀ ਖੱਡੇ, ਏਕਾ ਰੰਗ ਰੰਗੇ ਹਰਿ ਰੰਗਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਗੁਰਮੁਖਾਂ ਦੇਵੇ ਸ਼ਬਦ ਗਿਆਨ ਹੈ । ਸ਼ਬਦ ਭੰਡਾਰਾ ਦੇਵੇ ਵੰਡ । ਗੁਰਮੁਖਾਂ ਪਾਏ ਠੰਡ । ਆਪ ਬੰਧਾਏ ਸਾਚੀ ਗੰਢ । ਬੇਮੁਖਾਂ ਆਤਮ ਹੋਈ ਰੰਡ । ਘਰ ਘਰ ਭੱਜੇ ਫਿਰਨ ਹੋਇਣ ਖੰਡ ਖੰਡ । ਅੰਤਰ ਝੂਠਾ ਰਿਹਾ ਘਮੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ

੪੬

ਏਕਾ ਸ਼ਬਦ ਦਵਾਏ ਸਾਚੇ ਮਾਰਗ ਪਾਏ । ਸਚ ਸੁੱਚ ਦਾ ਰਾਹ ਦਿਸਾਏ । ਏਕਾ ਰੰਗਤ ਨਾਮ ਚੜ੍ਹਾਏ । ਦੂਜੇ ਦਰ ਨਾ ਮੰਗਣ ਜਾਏ । ਅੰਮ੍ਰਿਤ ਆਤਮ ਸੀਰ ਪਿਲਾਏ । ਦਸਮ ਦਵਾਰਾ ਆਪ ਖੁਲ੍ਹਾਏ । ਜੋ ਜਨ ਚਰਨੀ ਆਏ । ਕਰ ਕਿਰਪਾ ਪਾਰ ਲੰਘਾਏ । ਆਪੇ ਫੜੇ ਸਾਚਾ ਲੜ । ਸਾਚੀ ਦਰਗਾਹ ਲਏ ਬਹਾਏ । ਹਰਿ ਕੀ ਪੌੜੀ ਜਾਏ ਚੜ੍ਹ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਏ । ਦਇਆ ਕਮਾਏ ਦੀਨ ਕਾ ਦਾਤਾ । ਪ੍ਰਭ ਅਬਿਨਾਸ਼ੀ ਪੁਰਖ ਬਿਧਾਤਾ । ਸਰਬ ਜੀਆਂ ਹਰਿ ਆਪ ਪਛਾਤਾ । ਦਿਵਸ ਰੈਣ ਰੈਣ ਦਿਵਸ ਏਕਾ ਰੰਗ ਰਾਤਾ । ਗੁਰਮੁਖ ਸਾਚੇ ਆਪ ਬਣਾਏ ਸਾਕ ਸੱਜਣ ਸੈਣ, ਚਰਨ ਪ੍ਰੀਤੀ ਬਖ਼ਸ਼ੇ ਸਾਚਾ ਨਾਤਾ । ਸਾਚਾ ਲਹਿਣਾ ਪ੍ਰਭ ਦਰ ਲੈਣ, ਦੇਵਣਹਾਰ ਇਕ ਰਘੁਰਾਤਾ । ਦਰਸ ਦਿਖਾਏ ਤਰਸ ਕਮਾਏ ਹਰਸ ਮਿਟਾਏ ਪ੍ਰਗਟ ਹੋਵੇ ਤੀਜੇ ਨੈਣ, ਸਰਬ ਗੁਣਾਂ ਗੁਣ ਦਾਤਾ । ਗੁਰ ਸੰਗਤ ਬਣਾਏ ਭਾਈ ਭੈਣ, ਚਾਰ ਵਰਨ ਹਰਿ ਇਕ ਕਰਾਤਾ । ਰਾਓ ਰੰਕ ਇਕ ਥਾਨ ਬਹਿਣ, ਸਤਿਜੁਗ ਸਾਚਾ ਲਾਤਾ । ਬੇਮੁਖ ਜੂਠੇ ਝੂਠੇ ਪਾਇਣ ਵੈਣ, ਪ੍ਰਭ ਅਬਿਨਾਸ਼ੀ ਨਾ ਕਿਸੇ ਪਛਾਤਾ । ਗੁਰਮੁਖ ਗੁਰਸਿਖ ਤੇਰੇ ਦਰ ਸੁਹਾਈ ਸਾਚੀ ਰੈਣ, ਅਗਿਆਨ ਅੰਧੇਰ ਸਰਬ ਮਿਟਾਤਾ । ਬੇਮੁਖਾਂ ਦਿਵਸ ਰੈਣ ਰੈਣ ਦਿਵਸ ਨਾ ਲੈਣ ਦੇਵੇ ਚੈਨ, ਆਤਮ ਅੱਠੇ ਪਹਿਰ ਭੋਖ ਭੁਖਾਤਾ । ਗੁਰ ਸੰਗਤ ਵਿਚ ਸਕੇ ਨਾ ਬਹਿਣ, ਏਕਾ ਸ਼ਬਦ ਹਰਿ ਤੀਰ ਚਲਾਤਾ । ਦਰਸ ਨਾ ਪੇਖੇ ਹਰਿ ਪ੍ਰਭ ਨਾ ਦੇਖੇ ਸਾਚੇ ਨੈਣ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਆਪ ਕਰੇ ਸਰਬ ਪਛਾਣ । ਪ੍ਰਭ ਅਬਿਨਾਸ਼ੀ ਸਰਬ ਪਛਾਣੇ । ਸਰਬ ਜੀਆਂ ਦੀ ਆਪੇ ਜਾਣੇ । ਕਲਜੁਗ ਜੀਵ ਨਾ ਭੁੱਲ ਨਿਧਾਨੇ । ਹਰਿ ਕਾ ਭੇਵ ਕਿਆ ਕੋਈ ਜਾਣੇ । ਝੂਠਾ ਪੜ੍ਹਿਆ ਗੋਦ ਵਖਾਣੇ । ਆਤਮ ਸਵਾਦ ਨਾ ਰਸਨਾ ਜਾਣੇ । ਅਗਾਧ ਬੋਧ ਬੋਧ ਅਗਾਧ ਹਰਿ ਸਾਚਾ ਲੇਖ ਲਿਖਾਣੇ । ਗੁਰਮੁਖਾਂ ਆਤਮ ਸੋਧ, ਪ੍ਰਭ ਸਾਚਾ ਮਾਰਗ ਪਾਣੇ । ਪ੍ਰਭ ਅਬਿਨਾਸ਼ੀ ਵਡ ਜੋਧਨ ਜੋਧ ਤਖ਼ਤੋਂ ਲਾਹੇ ਰਾਜੇ ਰਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚਲਾਏ ਆਪਣੇ ਭਾਣੇ । ਰਾਜਾ ਰਾਣਾ ਤਖ਼ਤੋਂ ਲਾਹਵਣਾ । ਸਾਚਾ ਸ਼ਬਦ ਲਿਖਤ ਲੇਖ ਲਿਖਾਵਣਾ । ਲਿਖਿਆ ਸ਼ਬਦ ਨਾ ਕਿਸੇ ਮਿਟਾਵਣਾ । ਵਰਤੇ ਵਰਤਾਵੇ ਜੋ ਪ੍ਰਭ ਅਬਿਨਾਸ਼ੀ ਸਾਚਾ ਲੇਖ ਲਿਖਾਵਣਾ । ਕਿਆ ਕੋਈ ਕਰੇ ਝੂਠੇ ਦਾਅਵੇ, ਪ੍ਰਭ ਅਬਿਨਾਸ਼ੀ ਭੇਵ ਕਿਸੇ ਨਾ ਪਾਵਣਾ । ਆਪੇ ਲਾਵੇ ਸਾਚੇ ਨਾਂਵੇਂ, ਜਿਸ ਜਨ ਦਇਆ ਕਮਾਵਣਾ । ਆਪੇ ਪਕੜੇ ਤਰਾਵੇ ਬਾਹੀਂ, ਪ੍ਰਭ ਆਪਣੀ ਸਰਨ ਤਰਾਵਣਾ । ਆਤਮ ਹੰਕਾਰੀ ਦੁਸ਼ਟ ਦੁਰਾਚਾਰੀ ਨਾ ਆਏ ਵਿਚਾਰੀ ਬੁੱਧੀ ਮਾਰੀ, ਆਤਮ ਸਿਧੀ ਨਾ ਪਾਏ ਸਾਰੀ, ਦਰ ਦਵਾਰਿਓਂ ਬਾਹਰ ਕਢਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਿਖਤ ਭਵਿਖਤ ਸਾਚਾ ਵਾਕ ਆਪ ਲਿਖਾਏ । ਰਾਜੇ ਰਾਣੇ ਤਖ਼ਤੋਂ ਲਾਹੇ । ਏਕਾ ਸ਼ਬਦ ਉਖੇੜਾ ਲਾਏ । ਏਕਾ ਗੇੜਾ ਆਪ ਦਵਾਏ । ਸ੍ਰਿਸ਼ਟੀ ਝੂਠਾ ਝੇੜਾ ਆਪ ਚੁਕਾਏ । ਧਰਤ ਮਾਤ ਤੇਰਾ ਖੁਲ੍ਹਾ ਵਿਹੜਾ ਆਪ ਕਰਾਏ । ਬੇਮੁਖਾਂ ਨੇੜਾ ਵੇਲਾ ਆਏ । ਪ੍ਰਭ ਸਾਚਾ ਦੇ ਸਜਾਏ । ਗੁਰਮੁਖਾਂ ਪ੍ਰਭ ਬੰਨ੍ਹੇ ਬੇੜਾ, ਆਪਣੇ ਕੰਧ ਉਠਾਏ । ਆਪੇ ਲਾਏ ਸਾਚੇ ਲੇਖੇ, ਪ੍ਰਭ ਸਾਚਾ ਡੰਕ ਵਜਾਏ । ਵੇਲਾ ਗਿਆ ਹੱਥ ਨਾ ਆਏ । ਜੂਠੇ ਝੂਠੇ ਗਏ ਮੁਖ ਭਵਾਏ । ਹਰਿ ਸਾਚਾ ਧਾਮ ਸੁਹਾਏ । ਜਿਸ ਥਾਨ ਚਰਨ ਛੁਹਾਏ । ਸਤਿਜੁਗ ਸਾਚੇ ਮਾਣ ਦਵਾਏ । ਸਾਚੀ ਲਿਖਤ ਗਿਆ ਲਿਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਮਾਣ ਦਵਾਏ । ਦਰਗਾਹ ਸਾਚੀ ਸਿੱਖ ਪ੍ਰਵਾਨ । ਪ੍ਰਭ ਅਬਿਨਾਸ਼ੀ ਦੇਵੇ ਮਾਨ । ਕਿਆ ਕੋਈ ਕਰੇ ਜੀਵ ਪਛਾਣ । ਮੂਰਖ ਮੁਗਧ ਨਾ ਹੋਏ ਅੰਞਾਨ । ਆਪ ਬਣਾਏ ਆਤਮ ਗੋਲਿਆ, ਜਿਸ ਦੇਵੇ ਚਰਨ ਧਿਆਨ । ਪ੍ਰਭ ਅਬਿਨਾਸ਼ੀ ਸ਼ਾਹੋ ਕਿਸੇ ਪੂਰੇ ਤੋਲ ਨਾ ਤੋਲਿਆ, ਨਾ ਕੋਈ ਪਾਵੇ ਥਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਦਿਵਸ ਰੈਣ ਰੈਣ ਦਿਵਸ ਸਦ ਰਸਨਾ ਗਾਣ । ਰਸਨਾ ਗਾਓ ਗਹਿਰ ਗੰਭੀਰ । ਤੇਰੀ ਆਤਮ ਕਰੇ ਸ਼ਾਂਤ ਠਾਂਡਾ ਸਰੀਰ । ਏਕਾ

੪੭

ਸ਼ਬਦ ਲਗਾਏ ਆਤਮ ਤੀਰ । ਬਜ਼ਰ ਕਪਾਟੀ ਦੇਵੇ ਚੀਰ । ਅੰਮ੍ਰਿਤ ਮੁਖ ਪਿਲਾਏ ਸਾਚਾ ਸੀਰ । ਬੇਮੁਖਾਂ ਦਰ ਘਰ ਘਰ ਸਾਚੇ ਨਾ ਆਵੇ ਧੀਰ । ਆਵਣ ਜਾਵਣ ਘਤੀ ਵਹੀਰ । ਦਰ ਦਰ ਫਿਰਨ ਜਿਉਂ ਮੰਗਣ ਜਗਤ ਫਕੀਰ । ਬਿਨ ਪ੍ਰਭ ਪੂਰੇ ਕੋਈ ਨਾ ਕੱਟੇ ਹਉਮੇ ਪੀੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਸਿਖ ਤੇਰੇ ਲੱਥਣ ਨਾ ਦੇਵੇ ਚੀਰ । ਸਾਚਾ ਚੀਰਾ ਸ਼ਬਦ ਬੰਨ੍ਹਾਏ । ਸਾਚੀ ਰੰਗਣ ਨਾਮ ਚੜ੍ਹਾਏ । ਸਾਚਾ ਸਗਨ ਮੁਖ ਲਗਾਏ । ਪ੍ਰਭ ਦਰ ਮੰਗੀ ਸਾਚੀ ਮੰਗਣ, ਆਤਮ ਜੋਤੀ ਆਪ ਜਗਾਏ । ਆਪ ਆਪਣੇ ਰੱਖੇ ਸੰਗਣ, ਲੱਖ ਚੁਰਾਸੀ ਗੇੜ ਕਟਾਏ । ਬੇਮੁਖ ਭੰਨੇ ਜਿਉਂ ਕਾਚੀ ਵੰਗ, ਵੇਲਾ ਅੰਤ ਗਿਆ ਕਲ ਆਏ । ਗੁਰਮੁਖਾਂ ਨਿਭਾਏ ਸਾਚਾ ਸੰਗ, ਜੋਤ ਸਰੂਪੀ ਜਾਮਾ ਪਾਏ । ਗੁਰਮੁਖ ਸਾਚਾ ਪ੍ਰਭ ਦਰ ਮੰਗੇ ਸਾਚੀ ਮੰਗ, ਨਾਮ ਦਾਨ ਹਰਿ ਭਿਛਿਆ ਪਾਏ । ਹੋਏ ਸਹਾਏ ਸਦਾ ਅੰਗ ਸੰਗ, ਦਿਵਸ ਰੈਣ ਏਕਾ ਰੰਗ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਾਚਾ ਸੰਗ ਨਿਭਾਏ । ਸਾਚਾ ਸੰਗ ਸੱਜਣ ਸੁਹੇਲਾ । ਕਲਜੁਗ ਵੇਲਾ ਅੰਤ ਕਰਾਇਆ ਮੇਲਾ । ਅਚਰਜ ਖੇਲ ਪਾਰਬ੍ਰਹਮ ਕਲ ਖੇਲਾ । ਕਲਜੁਗ ਜੀਵ ਸੋਏ ਗੂੜ੍ਹੀ ਨੀਂਦ ਪ੍ਰਭ ਬੇੜਾ ਸ਼ੌਹ ਦਰਿਆ ਠੇਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਏਕਾ ਰੰਗ ਰੰਗਾਏ ਸਾਚਾ ਰੰਗ ਨਵੇਲਾ । ਸ਼ਬਦ ਯੋਗ ਕਲ ਸਤਿ ਹੈ, ਰਸਨਾ ਹਰਿ ਗੁਣ ਗਾਓ । ਸ਼ਬਦ ਯੋਗ ਕਲ ਸਤਿ ਹੈ, ਸਾਚਾ ਧਰਮ ਮਾਤ ਰਖਾਓ । ਸ਼ਬਦ ਯੋਗ ਕਲ ਸਤਿ ਹੈ, ਆਤਮ ਬ੍ਰਹਮ ਬੂਝ ਬੁਝਾਓ । ਸ਼ਬਦ ਯੋਗ ਕਲ ਸਤਿ ਹੈ, ਏਕਾ ਦੂਜ ਭੇਵ ਚੁਕਾਓ । ਸ਼ਬਦ ਯੋਗ ਕਲ ਸਤਿ ਹੈ, ਗੁਰਮੁਖ ਗੁਰ ਚਰਨ ਝੂਜ ਵਖਾਓ । ਸ਼ਬਦ ਯੋਗ ਕਲ ਸਤਿ ਹੈ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਵੱਛ ਸਰੂਪੀ ਪ੍ਰਭ ਅਬਿਨਾਸ਼ੀ ਦਰਸ਼ਨ ਪਾਓ । ਸਵੱਛ ਸਰੂਪੀ ਦਰਸ਼ਨ ਪਾਵਣਾ । ਬਿਨ ਰੰਗ ਰੂਪੀ ਹਰਿ ਹਿਰਦੇ ਵਿਚ ਵਸਾਵਣਾ । ਆਤਮ ਹੋਈ ਅੰਧ ਕੂਪੀ ਸਾਚਾ ਦੀਪਕ ਜੋਤ ਜਗਾਵਣਾ । ਪ੍ਰਗਟ ਹੋਏ ਸਤਿ ਸਰੂਪੀ, ਅੰਧ ਅੰਧੇਰ ਸਰਬ ਮਿਟਾਵਣਾ । ਪ੍ਰਭ ਅਬਿਨਾਸ਼ੀ ਵਡ ਭੂਪਨ ਭੂਪੀ, ਲੇਖਾ ਸਰਬ ਚੁਕਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਆਪ ਅਖਵਾਵਣਾ । ਨਿਹਕਲੰਕ ਹਰਿ ਜਾਮਾ ਧਾਰ । ਵਿਚ ਮਾਤ ਲਿਆ ਅਵਤਾਰ । ਜੋਤ ਸਰੂਪੀ ਖੇਲ ਅਪਰ ਅਪਾਰ । ਗੁਰਮੁਖ ਵਿਰਲਾ ਪਾਵੇ ਸਾਰ । ਜਿਸ ਜਨ ਬਖ਼ਸ਼ੇ ਚਰਨ ਪਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਕਰੇ ਅਪਾਰ । ਮਾਤਲੋਕ ਹਰਿ ਜਾਮਾ ਧਾਰਿਆ । ਆਵੇ ਜਾਵੇ ਵਾਰੋ ਵਾਰਿਆ । ਸ੍ਰਿਸ਼ਟ ਸਬਾਈ ਭਰਮ ਭੁਲੇਖੇ ਆਪ ਭੁਲਾ ਰਿਹਾ । ਜੋ ਜਨ ਆਏ ਨੇਤਰ ਪੇਖੇ ਪ੍ਰਭ ਆਤਮ ਜੋਤੀ ਆਪ ਜਗਾ ਰਿਹਾ । ਚਾਰ ਵਰਨ ਕਰਾਏ ਏਕਾ ਗੋਤੀ, ਸਤਿਜੁਗ ਸਾਚਾ ਰਾਹ ਚਲਾ ਰਿਹਾ । ਗੁਰਮੁਖ ਬਣਾਏ ਮਾਣਕ ਮੋਤੀ, ਹਰਿ ਆਪਣੇ ਗਲ ਲਟਕਾ ਰਿਹਾ । ਸ੍ਰਿਸ਼ਟ ਸਬਾਈ ਰਹੀ ਸੋਤੀ, ਪ੍ਰਭ ਮਾਇਆ ਪਰਦਾ ਪਾ ਰਿਹਾ । ਆਤਮ ਬੁਝੀ ਸਾਚੀ ਜੋਤੀ, ਅਗਿਆਨ ਅੰਧੇਰ ਵਿਚ ਪਸਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਕਰਮ ਸਾਚਾ ਧਰਮ ਸਾਚਾ ਬ੍ਰਹਮ ਵਿਚ ਮਾਤ ਧਰਾ ਰਿਹਾ । ਮਾਤਲੋਕ ਹਰਿ ਜਾਮਾ ਧਾਰੇ । ਪਾਰਬ੍ਰਹਮ ਪੂਰਨ ਅਵਤਾਰੇ । ਤੀਨ ਲੋਕ ਏਕਾ ਜੋਤ ਅਧਾਰੇ । ਖੰਡ ਬ੍ਰਹਿਮੰਡ ਵਰਭੰਡ ਸਰਬ ਥਾਈਂ ਹਰਿ ਪਸਾਰੇ । ਲੱਖ ਚੁਰਾਸੀ ਪ੍ਰਭ ਅਬਿਨਾਸ਼ੀ ਜੋਤ ਅਧਾਰੇ । ਗੁਰਮੁਖਾਂ ਕਰੇ ਬੰਦ ਖਲਾਸੀ, ਸਾਚਾ ਦੇਵੇ ਨਾਮ ਅਧਾਰੇ । ਮਾਨਸ ਜਨਮ ਕਰਾਏ ਰਹਿਰਾਸੇ, ਜੋ ਜਨ ਕਰੇ ਚਰਨ ਪਿਆਰੇ । ਆਪਣਾ ਭੇਵ ਸਰਬ ਖਲਾਸੀ, ਨਾ ਕੋਈ ਝੂਠਾ ਡੰਕ ਡਫਾਰੇ । ਰਾਜਾ ਰਾਣਾ ਸਭ ਚਰਨੀ ਲਾਸੀ, ਊਚ ਨੀਚ ਨਾ ਕੋਈ ਵਿਚਾਰੇ । ਸ਼ਾਹ ਸੁਲਤਾਨ ਸਭ ਦਾ ਮਾਣ ਗਵਾਸੀ, ਏਕਾ ਸ਼ਬਦ ਉਠਾਏ ਖੰਡਾ ਦੋ ਧਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤ ਤੀਨ ਲੋਕ ਚਮਤਕਾਰੇ । ਏਕਾ ਜੋਤ ਕਰੇ ਪ੍ਰਕਾਸ਼ । ਸ੍ਰਿਸ਼ਟ ਸਬਾਈ ਜਾਏ ਵਿਨਾਸ਼ । ਪ੍ਰਭ ਅਬਿਨਾਸ਼ੀ ਸਦ ਅਬਿਨਾਸ਼ । ਗੁਰਮੁਖਾਂ ਸਦ ਵਸੇ ਪਾਸ । ਬੇਮੁਖ ਦਰ

੪੮

ਤੋਂ ਜਾਇਣ ਨਾਸ । ਏਕਾ ਸ਼ਬਦ ਆਪ ਚਲਾਏ ਬਾਣੀ ਅਕਾਸ਼ । ਗੁਰਮੁਖ ਸਾਚੇ ਜੋਤ ਜਗਾਏ, ਤੇਰੀ ਆਤਮ ਹੋਏ ਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਹੋਏ ਦਾਸਨ ਦਾਸ । ਦਾਸਨ ਦਾਸ ਸਾਚਾ ਮੀਤਾ । ਪ੍ਰਭ ਅਬਿਨਾਸ਼ੀ ਰਾਖੇ ਚੀਤਾ । ਏਕਾ ਸ਼ਬਦ ਮਾਣ ਦਵਾਏ । ਸੋਹੰ ਅਠਾਰਾਂ ਧਿਆਏ ਗੀਤਾ । ਕਲਜੁਗ ਅੰਤ ਕਰਾਏ, ਸਤਿਜੁਗ ਚਲਾਏ ਸਾਚੀ ਰੀਤਾ । ਸਾਚਾ ਨਾਮ ਨਿਧਾਨ ਗੁਰਮੁਖ ਵਿਰਲੇ ਪ੍ਰਭ ਦਰ ਪ੍ਰੀਤਾ । ਸਾਚਾ ਦੇਵੇ ਇਕ ਨਿਸ਼ਾਨ, ਜਿਸ ਜਨ ਰਸਨਾ ਚੀਤਾ । ਕਲਜੁਗ ਤੇਰਾ ਵਕਤ ਅਖੀਰੀ । ਪ੍ਰਭ ਅਬਿਨਾਸ਼ੀ ਆਪੇ ਲਾਹੇ ਤੇਰੀ ਚੀਰੀ । ਕੋਇ ਨਾ ਦੇਵੇ ਤੈਨੂੰ ਧੀਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਆਪੇ ਦੇਵੇ ਚੀਰੀ । ਸ੍ਰਿਸ਼ਟ ਸਬਾਈ ਚੀਰ ਚਿਰਾਏ । ਸ਼ਬਦ ਸਰੂਪੀ ਮਾਰ ਕਰਾਏ । ਏਕਾ ਧਾਰ ਆਪ ਰਖਾਏ । ਵਿਚ ਸੰਸਾਰ ਸਾਚੀ ਕਾਰ ਕਰਾਏ । ਏਕਾ ਸ਼ਬਦ ਸੱਚੀ ਧੁਨਕਾਰ ਹਰਿ ਸਾਚਾ ਆਪ ਉਪਜਾਏ । ਚਾਰ ਕੁੰਟ ਕਰਾਏ ਜੈ ਜੈਕਾਰ ਸਾਚਾ ਡੰਕ ਵਜਾਏ । ਸੁਣੇ ਸ਼ਬਦ ਜਨ ਅਪਰ ਅਪਾਰ । ਹਉਮੇ ਰੋਗ ਗਵਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਆਤਮ ਚਿੰਤਾ ਸੋਗ ਮਿਟਾਏ । ਗੁਰਮੁਖਾਂ ਆਤਮ ਦੁੱਖ ਮਿਟਾਵਣਾ । ਸਾਚਾ ਸੁਖ ਹਰਿ ਆਪ ਉਪਜਾਵਣਾ । ਉਜਲ ਮੁਖ ਮਾਤ ਕਰਾਵਣਾ । ਹਉਮੇ ਦੁੱਖ ਰੋਗ ਨਸ਼ਟ ਕਰਾਵਣਾ । ਏਕਾ ਇਸ਼ਟ ਆਪ ਰਖਾਵਣਾ । ਸਾਚੀ ਦ੍ਰਿਸ਼ਟ ਆਪ ਖੁਲ੍ਹਾਵਣਾ । ਆਤਮ ਭਰਿਸ਼ਟ ਸਰਬ ਮਿਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤਲੋਕ ਹਰਿ ਜਾਮਾ ਧਾਰੇ ਜਿਉਂ ਧਾਰੇ ਰੂਪ ਬਾਵਨਾ । ਬਾਵਨ ਰੂਪ ਜਿਉਂ ਹਰਿ ਧਰਿਆ । ਮੰਗਣ ਆਇਆ ਬਲ ਦਵਾਰਿਆ । ਕਰੇ ਖੇਲ ਅਪਰ ਅਪਾਰਿਆ । ਆਪ ਭੁਲਾਏ ਵਡ ਵਡ ਦਰਬਾਰਿਆ । ਭੇਵ ਕੋਈ ਨਾ ਪਾਏ ਨਾ ਕਿਸੇ ਵਿਚਾਰਿਆ ।

੪੯ ਏਕਾ ਰੰਗ ਏਕਾ ਸੰਗ ਆਦਿ ਜੁਗਾਦੀ ਸਰਬ ਵਿਸਮਾਦੀ ਆਪਣਾ ਆਪ ਵਰਤਾ ਰਿਹਾ । ਆਪ ਆਪਣਾ ਕਰੇ ਵਰਤਾਰਾ । ਕਿਆ ਕੋਈ ਜਾਣੇ ਜੀਵ ਵਿਚਾਰ । ੪੯

ਆਪੇ ਪਾਵੇ ਸਰਬ ਸਾਰਾ । ਆਪੇ ਦੇਵੇ ਨਾਮ ਪਿਆਰਾ । ਆਪਣਾ ਆਪ ਕਰਮ ਵਿਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਖੰਡਾ ਹੱਥ ਉਠਾਏ ਵਿਚ ਮਾਤ ਦੋ ਧਾਰਾ । ਸੋਹੰ ਖੰਡਾ ਸ਼ਬਦ ਦੋ ਧਾਰੀ । ਕਰੇ ਖੇਲ ਅਪਰ ਅਪਾਰੀ । ਵੇਖੇ ਸ੍ਰਿਸ਼ਟੀ ਸਾਰੀ । ਚਾਰ ਕੁੰਟ ਹੋਏ ਖੁਆਰੀ । ਭੱਜੇ ਫਿਰਨ ਨਰ ਨਾਰੀ । ਉਜੜੀ ਮਾਤਲੋਕ ਕਲਜੁਗ ਤੇਰੀ ਅੰਤ ਕਿਨਾਰੀ । ਪ੍ਰਭ ਅਬਿਨਾਸ਼ੀ ਸ਼ਬਦ ਸਰੂਪੀ ਇਕੱਠੀ ਵੱਢੇ ਹਾੜੀ । ਬੇਮੁਖਾਂ ਕਲਜੁਗ ਅੰਤਮ ਅੰਤ ਨਾ ਦਿਸੇ ਪਿੱਛਾ ਅਗਾੜੀ । ਪ੍ਰਭ ਅਬਿਨਾਸ਼ੀ ਆਪ ਚਬਾਏ ਆਪਣੀ ਦਾੜ੍ਹੀਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਤਾਰੇ ਜੋ ਜਨ ਚਰਨ ਛੁਹਾਏ ਦਾਹੜੀ । ਚਰਨ ਧੂੜ ਸਾਚਾ ਇਸ਼ਨਾਨਾ । ਆਤਮ ਜੋਤ ਜਗੇ ਮਹਾਨਾ । ਹਰਿ ਆਤਮ ਦੇਵੇ ਬ੍ਰਹਮ ਗਿਆਨਾ । ਹੰਕਾਰ ਵਿਕਾਰ ਸਰਬ ਮਿਟਾਨਾ । ਏਕਾ ਧਾਰ ਸਰਬ ਰਖਾਨਾ । ਏਕਾ ਏਕੰਕਾਰ ਵਿਚ ਸੰਸਾਰ ਚਰਨ ਪਿਆਰ ਜਿਸ ਕਮਾਨਾ । ਕਰਮ ਵਿਚਾਰ ਹਰਿ ਸਰਨੀ ਲਾਨਾ । ਆਤਮ ਦਰ ਦਵਾਰ ਪ੍ਰਭ ਸਾਚੇ ਆਪ ਖੁਲ੍ਹਾਨਾ । ਜੋਤ ਸਰੂਪੀ ਕਰ ਅਕਾਰ, ਅੰਧ ਅੰਧੇਰ ਮਿਟਾਨਾ । ਏਕਾ ਸ਼ਬਦ ਸੱਚੀ ਧੁਨਕਾਰ, ਅਨਹਦ ਧੁਨ ਉਪਜਾਨਾ । ਗੁਰਮੁਖ ਵਿਰਲਾ ਕਰੇ ਵਿਚਾਰ ਜਿਸ ਹਰਿ ਸਾਚੀ ਬੂਝ ਬੁਝਾਵਣਾ । ਬੇਮੁਖ ਰਹੇ ਦਰ ਘਰ ਸਾਚੇ ਝੱਖ ਮਾਰ, ਪ੍ਰਭ ਅਬਿਨਾਸ਼ੀ ਭੇਵ ਨਾ ਜਾਨਾ । ਕਿਆ ਕੋਈ ਕਰੇ ਜੀਵ ਗਵਾਰਾ, ਆਪਣੇ ਭਾਣੇ ਆਪ ਚਲਾਨਾ । ਸ਼ਬਦ ਸਰੂਪੀ ਹਰਿ ਫੜੇ ਕਟਾਰ, ਪੰਚ ਦੂਤ ਹਰਿ ਨਸ਼ਟ ਕਰਾਵਣਾ । ਗੁਰਸਿਖਾਂ ਹਰਿ ਜਾਏ ਤਾਰ, ਕਲ ਸਾਚੇ ਮਾਰਗ ਲਾਵਨਾ । ਜੋਤ ਸਰੂਪੀ ਸ਼ਬਦ ਪਿਆਰ, ਸਾਚੇ ਮਾਰਗ ਪਾਵਨਾ । ਸਤਿਜੁਗ ਤੇਰਾ ਕਰਮ ਵਿਚਾਰ, ਵਿਚ ਮਾਤ ਜਨਮ ਦਵਾਵਨਾ । ਕਲਜੁਗ ਅੰਤਮ ਕਰ ਖਵਾਰ, ਪ੍ਰਭ ਅਬਿਨਾਸ਼ੀ ਨਸ਼ਟ ਕਰਾਵਣਾ । ਸਚ ਸੁੱਚ ਹਰਿ ਕਰ ਵਰਤਾਰ, ਝੂਠ ਜੂਠ ਰਹਿਣ ਨਾ ਪਾਵਣਾ । ਏਕਾ ਸ਼ਬਦ ਚਲੇ ਅਪਰ ਅਪਾਰ, ਚਾਰ ਵਰਨ ਹਰਿ ਸਰਨੀ ਲਾਵਣਾ । ਚਾਰ ਵਰਨ ਹਰਿ ਏਕਾ ਸਰਨ, ਮਰਨ

੫੦

ਡਰਨ ਗੇੜ ਚੁਕਾਵਣਾ । ਪ੍ਰਭ ਅਬਿਨਾਸ਼ੀ ਤਾਰਨ ਤਰਨ, ਆਪਣਾ ਭੇਵ ਆਪ ਖੁਲ੍ਹਾਵਣਾ । ਬੇਮੁਖ ਆਪਣਾ ਕੀਤਾ ਆਪ ਭਰਨ, ਵੇਲੇ ਅੰਤ ਜਿਸ ਬਚਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਕਲਜੁਗ ਵਰਤਾਵੇ ਭਾਵਨਾ । ਕਲਜੁਗ ਵਰਤੇ ਹੋਏ ਆਤਮ ਅੰਧ । ਆਤਮ ਹੋਈ ਪਾਪਾਂ ਕੰਧ । ਅੰਤਮ ਕਾਲ ਬੇਮੁਖਾਂ ਹੋਏ ਭਾਗ ਮੰਦ । ਪ੍ਰਭ ਅਬਿਨਾਸ਼ੀ ਨਾ ਗਾਇਆ ਬੱਤੀ ਦੰਦ । ਆਪ ਗਵਾਇਆ ਆਪਣਾ ਨਿਜ਼ਾਨੰਦ । ਹੱਥ ਨਾ ਆਇਆ ਗੁਰਮੁਖਾਂ ਸੰਗ ਨਾ ਕਮਾਇਆ ਕਿਸੇ ਪਰਮਾਨੰਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਦਰ ਦਵਾਰਾ ਕੀਨਾ ਬੰਦ । ਆਤਮ ਦਵਾਰ ਬੰਦ ਕਰਾ ਕੇ । ਇਕ ਅਫਾਰਾ ਤਨ ਰਖਾ ਕੇ । ਜੀਵ ਹੰਕਾਰਾ ਜਗਤ ਜਲਾਏ । ਆਏ ਸਚ ਦਵਾਰਾ ਅਨੰਦ ਵਿਨੋਦ ਰਸਨਾ ਗਾਏ । ਗੁਰਮੁਖ ਵਿਰਲੇ ਪ੍ਰਭ ਲਿਆ ਲਾਧ, ਚਰਨ ਪ੍ਰੀਤੀ ਸੇਵ ਕਮਾਏ । ਸਾਚਾ ਸ਼ਬਦ ਉਪਜਾਏ ਵਜਾਏ ਸਾਚਾ ਨਾਦ, ਸੁਨ ਸਮਾਧੀ ਖੋਲ੍ਹ ਵਖਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੋਧ ਅਗਾਧੀ ਸਾਚਾ ਸ਼ਬਦ ਲਿਖਾਏ । ਸੁਨ ਸਮਾਧੀ ਦੇਵੇ ਖੋਲ੍ਹ । ਗੁਰਮੁਖਾਂ ਪ੍ਰਭ ਵਸੇ ਕੋਲ । ਬੇਮੁਖਾਂ ਪ੍ਰਭ ਸਾਚਾ ਘਰ ਸਾਚੇ ਕੱਢੇ ਪੋਲ । ਸੋਹੰ ਸ਼ਬਦ ਧੁਨ ਉਪਜਾਏ ਦਰ ਘਰ ਹਰਿ ਸਾਚਾ ਪਰਦਾ ਦੇਵੇ ਖੋਲ੍ਹ । ਪ੍ਰਭ ਅਬਿਨਾਸ਼ੀ ਦੂਰ ਨਾ ਜਾਨੋ, ਹਰਿ ਹਿਰਦੇ ਵਸੇ ਕੋਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਰਿਹਾ ਮਵਲ । ਜੋਤ ਸਰੂਪੀ ਦੇਸ ਟਿਕਾਨਾ । ਸ਼ਬਦ ਸਰੂਪੀ ਨਾਮ ਸਰਹਾਨਾ । ਬਿਨ ਰੰਗ ਰੂਪੀ ਕਿਸੇ ਦਿਸ ਨਾ ਆਨਾ । ਗੁਰਮੁਖਾਂ ਆਤਮ ਕਰਾਏ ਸਤਿ ਸਰੂਪੀ ਪ੍ਰਭ ਆਪਣਾ ਭੇਵ ਖੁਲ੍ਹਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਪਕੜ ਉਠਾਏ ਰਾਜਾ ਰਾਣਾ । ਰਾਜਾ ਰਾਣਾ ਪਕੜ ਲਿਆਣਾ । ਜੋਤ ਸਰੂਪੀ ਦਰਸ ਦਿਖਾਣਾ । ਸ਼ਬਦ ਸਰੂਪੀ ਆਤਮ ਆਪ ਸਮਝਾਣਾ । ਮਨ ਉਪਜੇ ਧੁਨ ਸਾਚੀ ਕੰਨ ਸੁਣਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਬੇੜਾ ਆਪ ਬੰਨ੍ਹਾਣਾ । ਬੇੜਾ ਬੰਨ੍ਹੇ ਬੰਨਣ ਯੋਗ । ਦੇਵੇ ਦਰਸ ਪ੍ਰਭ ਅਮੋਘ । ਹਉਮੇ ਕੱਟੇ ਵਿਚੋਂ ਰੋਗ । ਸੋਹੰ ਦੇਵੇ ਸਾਚਾ ਜੋਗ । ਦਰ ਘਰ ਸਾਚੇ ਰਸ ਸਾਚਾ ਭੋਗ । ਕਲਜੁਗ ਅੰਤਮ ਅੰਤ ਨਾ ਲੱਗੇ ਕੋਈ ਵਿਯੋਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਨ੍ਹਾਂ ਲਿਖਿਆ ਧੁਰ ਸੰਜੋਗ । ਧੁਰਦਰਗਾਹੀ ਸਾਚਾ ਲੇਖਾ । ਨਾ ਕੋਈ ਵੇਖੇ ਭਰਮ ਭੁਲੇਖਾ । ਆਪ ਮਿਟਾਏ ਪਿਛਲੀ ਲਿਖੀ ਰੇਖਾ । ਜੋਤ ਸਰੂਪੀ ਧਾਰੇ ਭੇਖਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋ ਜਨ ਉਤਰੇ ਪਾਰ ਜਿਸ ਜਨ ਨੇਤਰ ਪੇਖਾ । ਲਿਖਤ ਲੇਖ ਲੇਖ ਲਿਖਤ ਹਰਿ ਆਪ ਕਰਾਏ । ਵਾਕ ਭਵਿਖਤ ਹਰਿ ਰਿਹਾ ਜਣਾਏ । ਸਾਚੀ ਸਿਖਤ ਆਪ ਬਤਾਏ । ਜੋ ਜਨ ਮੰਗੇ ਮੰਗਤ ਪ੍ਰਭ ਸਚ ਦਾਨ ਭਿਛਿਆ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੂਸਰ ਮੰਗਣ ਦਰ ਨਾ ਜਾਏ । ਲੇਖ ਲਿਖਤ ਲਿਖਤ ਲੇਖ ਹਰਿ ਆਪ ਲਿਖਾਵਣੀ । ਗੁਰਮੁਖ ਸਾਚੇ ਵੇਖ ਵੇਖ ਪ੍ਰਭ ਆਤਮ ਸੋਈ ਆਪ ਜਗਾਵਣੀ । ਦਰ ਘਰ ਸਾਚੇ ਨੇਤਰ ਪੇਖ ਕਾਇਆ ਹਿਰਸ ਸਰਬ ਮਿਟਾਵਣੀ । ਜੋਤ ਸਰੂਪੀ ਧਰ ਭੇਖ, ਸ੍ਰਿਸ਼ਟ ਸਬਾਈ ਆਪ ਭੁਲਾਵਣੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸ਼ਬਦ ਚਲਾਏ ਸਤਿ ਸਰੂਪ ਸਰਬ ਪੌਵਣੀ । ਸ਼ਬਦ ਪੌਣ ਇਕ ਹੁਲਾਰਾ । ਪ੍ਰਭ ਅਬਿਨਾਸ਼ੀ ਦੇਵੇ ਸਾਚੀ ਧਾਰਾ । ਗੁਣਵੰਤ ਹਰਿ ਗੁਣ ਵਿਚਾਰਾ । ਸਾਚਾ ਦੇਵੇ ਨਾਮ ਗੁਰਮੁਖਾਂ ਕਰ ਪਿਆਰਾ । ਆਤਮ ਬਲੋਏ ਸਾਚਾ ਦੇਵੇ ਜਾਮ, ਦਿਵਸ ਰੈਣ ਰਹੇ ਖੁਮਾਰਾ । ਪੂਰਨ ਹੋਏ ਕਾਮ ਜੋ ਜਨ ਆਏ ਚਲ ਦਵਾਰਾ । ਆਪ ਬਹਾਏ ਸਾਚੇ ਧਾਮ, ਜਿਥੇ ਵਸੇ ਹਰਿ ਗਿਰਧਾਰਾ । ਏਕਾ ਏਕ ਜਪਾਵੇ ਸਾਚਾ ਨਾਮ, ਦੂਸਰ ਦਿਸੇ ਨਾ ਕੋਈ ਧਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਆਪ ਚਲਾਏ ਏਕਾ ਧਾਰ । ਆਪ ਕਰਾਏ ਸਾਚੀ ਕਾਰ । ਵਰਤੇ ਵਰਤਾਵੇ ਵਿਚ ਸੰਸਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਧਾਏ ਆਪਣੀ ਧਾਰ । ਆਪਣੀ ਕਾਰੇ ਆਪੇ ਲਾਵਣਾ । ਝਗੜਾ ਝੇੜਾ ਸਰਬ ਮਿਟਾਵਣਾ । ਗੁਰਮੁਖਾਂ ਬੇੜਾ ਬੰਨ੍ਹ

ਵਖਾਵਣਾ । ਸਚ ਨਬੇੜਾ ਆਪ ਕਰਾਵਣਾ । ਏਕਾ ਮਾਰੇ ਸ਼ਬਦ ਲਫੇੜਾ, ਹੰਕਾਰ ਨਿਵਾਰ ਪ੍ਰਭ ਸਾਚੇ ਧਰਮ ਧਰਾਵਣਾ । ਆਪ ਦਵਾਏ ਏਕਾ ਗੇੜਾ, ਲੱਖ ਚੁਰਾਸੀ ਗੇੜ ਕਟਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਸਨਾ ਭੇੜ ਸਰਬ ਮਿਟਾਵਣਾ । ਰਸਨਾ ਰਾਸ ਆਤਮ ਵਾਸ । ਪ੍ਰਭ ਹੋਏ ਦਾਸ ਕਰੇ ਬੰਦ ਖਲਾਸ । ਸ਼ਬਦ ਚਲਾਏ ਸਵਾਸ ਸਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੂਰਨ ਧੀਰ ਧਰੇ ਆਪ ਧਰਵਾਸ । ਉਠ ਜੀਵ ਜਾਗ, ਕਿਉਂ ਕਲਜੁਗ ਭੁੱਲਿਆ । ਉਠ ਜੀਵ ਜਾਗ, ਕਿਉਂ ਕਲਜੁਗ ਮਾਇਆ ਵਿਚ ਰੁਲਿਆ । ਉਠ ਜੀਵ ਜਾਗ, ਕਿਉਂ ਝੂਠੇ ਤੋਲ ਤੁਲਿਆ । ਉਠ ਜੀਵ ਜਾਗ, ਸਚ ਦਵਾਰ ਮਾਤ ਖੁੱਲ੍ਹਿਆ । ਉਠ ਜੀਵ ਜਾਗ, ਅੰਮ੍ਰਿਤ ਆਤਮ ਅਜੇ ਨਾ ਡੁਲ੍ਹਿਆ । ਉਠ ਜੀਵ ਜਾਗ ਕਲਜੁਗ ਵੇਲਾ ਅੰਤਮ ਆ ਗਿਆ, ਜਾਏ ਪਹਿਲੇ ਬੁਲ੍ਹਿਆ । ਉਠ ਜੀਵ ਜਾਗ, ਹਰਿ ਸਾਚਾ ਸ਼ਬਦ ਲਿਖਾ ਗਿਆ । ਭਾਗ ਲਗਾਏ ਆਪਣੀ ਕੁੱਲਿਆ । ਉਠ ਜੀਵ ਜਾਗ ਅੰਤਮ ਅੰਤ ਕਲ ਕਰਾਵਣਾ । ਕਿਸੇ ਅੱਗੇ ਨਾ ਦਿਸੇ ਚੁਲ੍ਹਿਆ । ਉਠ ਜੀਵ ਜਾਗ, ਭਰਮ ਭੁਲੇਖੇ ਫਿਰੇ ਐਵੇਂ ਭੁਲਿਆ । ਉਠ ਜੀਵ ਜਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਤੁਲਾਏ ਸਾਚੇ ਤੋਲਿਆ । ਉਠ ਜੀਵ ਜਾਗ, ਜਗਤ ਅੰਧੇਰਾ । ਉਠ ਜੀਵ ਜਾਗ, ਨਾ ਕੋਈ ਦਿਸੇ ਸੰਝ ਸਵੇਰਾ । ਉਠ ਜੀਵ ਜਾਗ, ਹਰਿ ਆਪ ਚੁਕਾਏ ਤੇਰਾ ਮੇਰਾ । ਉਠ ਜੀਵ ਜਾਗ, ਪ੍ਰਭ ਕਟਾਏ ਚੁਰਾਸੀ ਗੇੜਾ । ਉਠ ਜੀਵ ਜਾਗ, ਕਲਜੁਗ ਝੂਠਾ ਝੇੜਾ । ਉਠ ਜੀਵ ਜਾਗ, ਪ੍ਰਭ ਸ਼ਬਦ ਸਰੂਪੀ ਬੰਨ੍ਹੇ ਬੇੜਾ । ਉਠ ਜੀਵ ਜਾਗ ਗੁਰ ਬਿਨ ਪਾਰ ਲੰਘਾਵੇ ਕਿਹੜਾ । ਉਠ ਜੀਵ ਜਾਗ ਧੁਰ ਦਰਗਾਹੋਂ ਨਾ ਜਾਏ ਫੇੜਾ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਪਾਏ ਸ਼ਬਦ ਸਰੂਪੀ ਆਤਮ
੫੧ ਜੇੜਾ । ਉਠ ਜੀਵ ਜਾਗ, ਵਕਤ ਅਖੀਰ । ਉਠ ਜੀਵ ਜਾਗ, ਕਿਉਂ ਟੁੱਟੀ ਆਤਮ ਧੀਰ । ਉਠ ਜੀਵ ਜਾਗ, ਪੀ ਅੰਮ੍ਰਿਤ ਸਾਚਾ ਸੀਰ । ਉਠ ਜੀਵ ੫੧
ਜਾਗ, ਨਾ ਹੋਏ ਸਹਾਈ ਕੋਈ ਪੀਰ ਫਕੀਰ । ਉਠ ਜੀਵ ਜਾਗ, ਪ੍ਰਭ ਮਿਟਾਏ ਔਲੀਏ ਦਸਤਗੀਰ । ਉਠ ਜੀਵ ਜਾਗ, ਰਾਓ ਰੰਕਾਂ ਲੱਥੇ ਚੀਰ । ਉਠ ਜੀਵ ਜਾਗ, ਸਾਚਾ ਸ਼ਬਦ ਚਲਾਇਆ ਤੀਰ । ਉਠ ਜੀਵ ਜਾਗ ਚਾਰ ਕੁੰਟ ਨਾ ਦੇਵੇ ਕੋਈ ਕਿਸੇ ਧੀਰ । ਉਠ ਜੀਵ ਜਾਗ, ਆਪ ਮਿਟਾਏ ਔਲੀਏ ਪੀਰ । ਉਠ ਜੀਵ ਜਾਗ, ਕਿਸੇ ਹੱਥ ਨਾ ਆਵੇ ਨੀਰ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਦੇਵੇ ਸ਼ਬਦ ਧੀਰ । ਉਠ ਜੀਵ ਜਾਗ, ਵਕਤ ਵਿਚਾਰਨਾ । ਉਠ ਜੀਵ ਜਾਗ, ਮਾਨਸ ਜਨਮ ਨਾ ਕਲਜੁਗ ਹਾਰਨਾ । ਉਠ ਜੀਵ ਜਾਗ ਹਰਿ ਦੇਵੇ ਸ਼ਬਦ ਉਧਾਰਨਾ । ਉਠ ਜੀਵ ਜਾਗ, ਸਾਚਾ ਨਾਮ ਰਸਨ ਉਚਾਰਨਾ । ਉਠ ਜੀਵ ਜਾਗ, ਹਉਮੇ ਰੋਗ ਸਰਬ ਨਿਵਾਰਨਾ । ਉਠ ਜੀਵ ਜਾਗ, ਸਾਚਾ ਯੋਗ ਗੁਰ ਦਰ ਕਮਾਵਣਾ । ਉਠ ਜੀਵ ਜਾਗ, ਆਤਮ ਭੋਗ ਸਚ ਲਗਾਵਣਾ । ਉਠ ਜੀਵ ਜਾਗ, ਚਿੰਤਾ ਸੋਗ ਸਰਬ ਮਿਟਾਵਣਾ । ਉਠ ਜੀਵ ਜਾਗ, ਦਰਸ ਅਮੋਘ ਹਰਿ ਆਪ ਦਿਖਾਵਣਾ । ਉਠ ਜੀਵ ਜਾਗ ਹਉਮੇ ਰੋਗ ਸਰਬ ਗਵਾਵਣਾ । ਉਠ ਜੀਵ ਜਾਗ, ਸਾਚਾ ਯੋਗ ਹਰਿ ਦਵਾਵਣਾ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਪੂਰ ਕਰਾਏ ਭਾਵਨਾ । ਉਠ ਜੀਵ ਜਾਗ, ਹਰਿ ਵਕਤ ਸੁਹਾਇਆ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਵਿਚ ਮਾਤ ਦੇ ਫੇਰਾ ਪਾਇਆ । ਉਠ ਜੀਵ ਜਾਗ, ਸੋਹੰ ਦੇਵੇ ਸਾਚੀ ਦਾਤ । ਹਰਿ ਸਾਚਾ ਖੇਲ ਰਚਾਇਆ । ਉਠ ਜੀਵ ਜਾਗ, ਪ੍ਰਭ ਪੜ੍ਹਾਏ ਇਕ ਜਮਾਤ, ਦੂਜਾ ਭੇਵ ਸਰਬ ਚੁਕਾਇਆ । ਉਠ ਜੀਵ ਜਾਗ, ਪ੍ਰਭ ਆਪ ਮਿਟਾਏ ਆਤਮ ਅੰਧੇਰ ਸੁਰਤ ਏਕਾ ਨਾਮ ਗਿਆਨ ਦਵਾਇਆ । ਉਠ ਜੀਵ ਜਾਗ, ਆਤਮ ਵੇਖ ਮਾਰ ਝਾਤ, ਪ੍ਰਭ ਅਬਿਨਾਸ਼ੀ ਤੇਰੇ ਵਿਚ ਸਮਾਇਆ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਲਾਏ ਆਪਣੇ ਲੇਖੇ, ਕਿਉਂ ਆਪਣਾ ਮੂਲ ਗਵਾਇਆ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਨੇਤਰ ਪੇਖੇ, ਆਤਮ ਦੇਵੇ ਜੋਤ ਸਵਾਇਆ ।

ਉਠ ਜੀਵ ਜਾਗ, ਪ੍ਰਭ ਸੋਹੰ ਦੇਵੇ ਚੋਗ ਚੁਗਾਇਆ । ਉਠ ਜੀਵ ਜਾਗ, ਕਿਉਂ ਹੰਗਤਾ ਰੋਗ ਵਧਾਇਆ । ਉਠ ਜੀਵ ਜਾਗ, ਕਿਉਂ ਦਰ ਦਰ ਫਿਰਾਇਆ । ਉਠ ਜੀਵ ਜਾਗ, ਪ੍ਰਭ ਸਾਚੇ ਸਚ ਦਵਾਰ ਆਪ ਖੁਲ੍ਹਾਇਆ । ਉਠ ਜੀਵ ਜਾਗ, ਗੁਰਸਿਖਾਂ ਕਰ ਪਿਆਰ ਇਕ ਸਾਚਾ ਨਾਮ ਦਾਨ ਝੋਲੀ ਪਾਇਆ । ਉਠ ਜੀਵ ਜਾਗ ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਪ੍ਰੀਤੀ ਦੇਵੇ ਤੋੜ ਨਿਭਾਇਆ । ਉਠ ਜੀਵ ਜਾਗ, ਚਰਨ ਧੂੜ ਕਰ ਇਸ਼ਨਾਨ, ਭਾਂਡਾ ਭਰਮ ਦੇ ਭੰਨਾਇਆ । ਉਠ ਜੀਵ ਜਾਗ, ਆਤਮ ਵੱਜੇ ਸਾਚਾ ਬਾਣ, ਬਜ਼ਰ ਕਪਾਟੀ ਚੀਰ ਚਿਰਾਇਆ । ਉਠ ਜੀਵ ਜਾਗ, ਸਾਚਾ ਸ਼ਬਦ ਵਿਕੇ ਪ੍ਰਭ ਹਾਟੀ ਮੁੱਲ ਕੋਈ ਨਾ ਲਾਇਆ । ਉਠ ਜੀਵ ਜਾਗ, ਕਾਇਆ ਝੂਠੀ ਮਾਟੀ ਅੰਤ ਦੇਵੇ ਖ਼ਾਕ ਰਲਾਇਆ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਆਪ ਚੜ੍ਹਾਵੇ ਔਖੀ ਘਾਟੀ ਪ੍ਰਭ ਦਾਤਾ ਵਡ ਬਲੀ ਬਲਵਾਨ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਰੰਗ ਰੰਗਾਇਆ । ਉਠ ਜੀਵ ਜਾਗ, ਕਲਜੁਗ ਅੰਤਮ ਰਾਹ ਅਵਲੜਾ । ਉਠ ਜੀਵ ਜਾਗ, ਵੇਲੇ ਅੰਤ ਦਰ ਦਵਾਰੇ ਹਰਿ ਖਲੜਾ । ਉਠ ਜੀਵ ਜਾਗ ਤੇਰਾ ਭਾਰਾ ਹੋਵੇ ਪਲੜਾ । ਉਠ ਜੀਵ ਜਾਗ, ਕਿਉਂ ਬੇਮੁਖਾਂ ਸੰਗ ਰਲੜਾ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦਿਸੇ ਰਾਹ ਸੁਖੱਲੜਾ । ਉਠ ਜੀਵ ਜਾਗ ਹਰਿ ਮਾਰਗ ਲਾਇਆ । ਉਠ ਜੀਵ ਜਾਗ, ਸਾਰੰਗ ਧਰ ਬੀਠਲਾ ਜੋਤ ਜਗਾਇਆ । ਉਠ ਜੀਵ ਜਾਗ, ਰੰਗ ਰੰਗੀਨ ਮਾਧਵ ਵਿਚ ਮਾਤ ਦੇ ਆਇਆ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੀ ਆਤਮ ਜੋਤੀ ਦੇ ਜਗਾਇਆ । ਉਠ ਜੀਵ ਜਾਗ, ਹਰਿ ਦਇਆ ਧਾਰੇ । ਉਠ ਜੀਵ ਜਾਗ, ਪ੍ਰਭ ਜੋਤ ਜਗਾਏ ਤੇਰੀ ਕਾਇਆ ਮਹਿਲ ਮੁਨਾਰੇ । ਉਠ ਜੀਵ ਜਾਗ, ਕਿਉਂ ਭੁੱਲੇ ਜੀਵ ਕਲ
੫੨ ਗਵਾਰੇ । ਉਠ ਜੀਵ ਜਾਗ, ਕਿਉਂ ਰੁੱਲੇ ਵਿਚ ਸੰਸਾਰੇ । ਉਠ ਜੀਵ ਜਾਗ, ਪੂਰੇ ਤੋਲ ਤੁਲੋ ਮਾਨਸ ਜਨਮ ਹਰਿ ਸੁਧਾਰੇ । ਉਠ ਜੀਵ ਜਾਗ, ਮਹਾਰਾਜ ੫੨
ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਕਿਰਪਾ ਪਾਰ ਉਤਾਰੇ । ਉਠ ਜੀਵ ਜਾਗ, ਕਿਉਂ ਮਾੜੇ ਹੋਏ ਭਾਗ । ਏਕਾ ਸ਼ਬਦ ਉਪਜਾਏ ਸਾਚੀ ਧੁਨ ਰਾਗ । ਏਕਾ ਜੋਤ ਜਗਾਏ ਤੇਰੀ ਆਤਮ ਮਿਟਾਏ ਸਰਬ ਵਿਵਾਦ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਿਵਸ ਰੈਣ ਸਦ ਅਰਾਧ । ਉਠ ਜੀਵ ਜਾਗ, ਕਰ ਸਚ ਵਿਹਾਰਾ । ਉਠ ਜੀਵ ਜਾਗ, ਪ੍ਰਭ ਸਾਚਾ ਦੇਵੇ ਨਾਮ ਅਪਾਰਾ । ਉਠ ਜੀਵ ਜਾਗ, ਮਾਨਸ ਜਨਮ ਹਰਿ ਕਲ ਸਵਾਰਾ । ਉਠ ਜੀਵ ਜਾਗ, ਲੱਖ ਚੁਰਾਸੀ ਹਰਿ ਗੇੜ ਨਿਵਾਰਾ । ਉਠ ਜੀਵ ਜਾਗ, ਜਮ ਕੀ ਫਾਸੀ ਹਰਿ ਕਟਾਰਾ । ਉਠ ਜੀਵ ਜਾਗ ਆਪ ਬਹਾਏ ਦਰ ਦਵਾਰਾ । ਉਠ ਜੀਵ ਜਾਗ, ਜੋ ਜਨ ਕਰੇ ਚਰਨ ਨਿਮਸਕਾਰਾ । ਉਠ ਜੀਵ ਜਾਗ, ਵੇਲਾ ਅੰਤ ਕਿਉਂ ਬਾਜੀ ਹਾਰਾ । ਉਠ ਜੀਵ ਜਾਗ, ਪ੍ਰਭ ਆਪ ਬੰਧਾਏ ਜਗਤ ਸਾਚੀ ਧਾਰਾ । ਉਠ ਜੀਵ ਜਾਗ, ਜੋਤ ਸਰੂਪੀ ਕਰੇ ਖੇਲ ਅਪਰ ਅਪਾਰਾ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਲਾਏ ਸਾਚਾ ਇਕ ਦਰਬਾਰਾ । ਉਠ ਜੀਵ ਜਾਗ, ਹਰਿ ਜਨਮ ਸਵਾਰੇ । ਉਠ ਜੀਵ ਜਾਗ, ਪ੍ਰਭ ਅਬਿਨਾਸ਼ੀ ਚਰਨ ਨਿਮਸਕਾਰੇ । ਉਠ ਜੀਵ ਜਾਗ, ਆਤਮ ਦਰ ਹਰਿ ਆਪ ਖੁਲ੍ਹਾਰੇ । ਉਠ ਜੀਵ ਜਾਗ ਸਾਚੀ ਜੋਤ ਜਗਾਏ ਤੇਰੇ ਕਾਇਆ ਮਹਿਲ ਮੁਨਾਰੇ । ਉਠ ਜੀਵ ਜਾਗ, ਸਾਚਾ ਮੰਗ ਇਕ ਦਵਾਰੇ । ਉਠ ਜੀਵ ਜਾਗ, ਸ੍ਰਿਸ਼ਟ ਸਬਾਈ ਰੈਣ ਅੰਧਿਆਰੇ । ਉਠ ਜੀਵ ਜਾਗ, ਨਾਮ ਨਿਰੰਜਣ ਜੋਤ ਅਧਾਰੇ । ਉਠ ਜੀਵ ਜਾਗ, ਸਰਬ ਦੁੱਖ ਭੈ ਭੰਜਨ । ਉਠ ਜੀਵ ਜਾਗ, ਪ੍ਰਭ ਚਰਨ ਨਿਮਸਕਾਰੇ, ਸੋਹੰ ਦੇਵੇ ਸਾਚਾ ਅੰਜਨ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੀ ਅੰਮ੍ਰਿਤ ਦਰ ਗੁਰਮੁਖ ਸਾਚੇ ਜਨ । ਉਠ ਜੀਵ ਜਾਗ, ਅੰਮ੍ਰਿਤ ਰਸ ਪੀਓ । ਉਠ ਜੀਵ ਜਾਗ ਸੋਹੰ ਸਚ ਆਤਮ ਸਾਚਾ ਬੀਓ । ਉਠ ਜੀਵ ਜਾਗ, ਪ੍ਰਭ ਆਪ ਰਖਾਈ ਸਤਿਜੁਗ ਸਾਚੀ ਨੀਓ । ਉਠ ਜੀਵ ਜਾਗ, ਪ੍ਰਭ ਦਰ ਮਾਣ ਦਵਈਓ । ਉਠ ਜੀਵ ਜਾਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

੫੩

ਭਗਵਾਨ, ਸਾਚੀ ਧੀਰ ਧਰਈਓ । ਉਠ ਜੀਵ ਜਾਗ, ਪ੍ਰਭ ਸਾਚੀ ਧੀਰ ਧਰਾਨਾ । ਸੱਚਾ ਚਲੇ ਏਕਾ ਤੀਰ ਕਮਾਨਾ । ਉਠ ਜੀਵ ਜਾਗ, ਪ੍ਰਭ ਆਪ ਉਠਾਏ ਵਡ ਸੂਰਬੀਰ ਬਲੀ ਬਲਵਾਨਾ । ਉਠ ਜੀਵ ਜਾਗ, ਸ੍ਰਿਸ਼ਟ ਸਬਾਈ ਪ੍ਰਭ ਵੇਖੇ ਰੰਗ ਜਿਉਂ ਦਵਾਪਰ ਕ੍ਰਿਸ਼ਨਾ ਕਾਹਨਾ । ਉਠ ਜੀਵ ਜਾਗ, ਪ੍ਰਭ ਖੇਲ ਰਚਾਏ ਸਰਬ ਬੰਧਾਏ ਹੱਥ ਮੌਤ ਗਾਨਾ । ਉਠ ਜੀਵ ਜਾਗ, ਆਤਮ ਹੰਕਾਰ ਦਿਸਾਏ, ਸ਼ਬਦ ਕਟਾਰ ਲਗਾਏ, ਬਾਹੋਂ ਪਕੜ ਲਿਆਏ ਵਿਚ ਮੈਦਾਨਾ । ਉਠ ਜੀਵ ਜਾਗ, ਚੀਨ ਰੂਸਾ ਸ਼ਾਹ ਅਬਨੂਸਿਆ । ਏਕ ਤਨ ਪਹਿਨਾਏ ਕਾਲੀ ਸੂਸੀਆ । ਨਾ ਕੋਈ ਦਿਸੇ ਈਸਾ ਮੂਸੀਆ । ਅੰਤਮ ਦਏ ਮਿਟਾਏ ਉਠ ਜੀਵ ਜਾਗ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਦਏ ਮਿਟਾਏ, ਸਤਿਜੁਗ ਦਏ ਲਗਾਏ, ਗੁਰਮੁਖ ਸਾਚੇ ਆਪ ਉਪਜਾਏ, ਸਚੇ ਮਾਰਗ ਲਾਏ, ਸਤਿਜੁਗ ਸਾਚੇ ਦੇਵੇ ਸੋਹੰ ਨਾਮ ਨਿਸ਼ਾਨੀਆਂ । ਈਸਾ ਮੂਸਾ ਆਪ ਮਿਟਾਵਣਾ । ਸ਼ਬਦ ਹਦੀਸਾ ਇਕ ਰਖਾਵਣਾ । ਸ੍ਰਿਸ਼ਟ ਸਬਾਈ ਸਭ ਪੀਸਨ ਪੀਸਾ, ਆਪੇ ਆਪ ਗੇੜ ਰਖਾਵਣਾ । ਕਿਆ ਕੋਈ ਕਰੇ ਪ੍ਰਭ ਕੀ ਰੀਸਾ, ਆਪਣਾ ਭੇਵ ਹਰਿ ਆਪ ਖੁਲ੍ਹਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਵਰਤੇ ਆਪਣਾ ਭਾਵਣਾ । ਚਾਰ ਯਾਰਾਂ ਵਕਤ ਚੁਕਾਣਾ । ਅਹਿਮਦ ਮੁਹੰਮਦ ਰਹਿਣ ਨਾ ਪਾਣਾ । ਆਪ ਮਿਟਾਏ ਅੰਜੀਲ ਕੁਰਾਨਾ । ਨਾ ਕੋਈ ਦਿਸੇ ਵੇਦ ਪੁਰਾਨਾ । ਨਾ ਕੋਈ ਦਿਸੇ ਸ਼ਾਹ ਸੁਲਤਾਨਾ । ਤਖ਼ਤੋਂ ਲਾਹੇ ਸਰਬ ਜਹਾਨਾ । ਰਾਓ ਰੰਕ ਹਰਿ ਇਕ ਕਰਾਨਾ । ਸ਼ਬਦ ਡੰਕਾ ਹਰਿ ਆਪ ਬਜਾਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਹਰਿਆ ਬਾਣਾ । ਵੇਦ ਪੁਰਾਨ ਆਪ ਮਿਟਾਏ । ਕਲਜੁਗ ਰੀਤ ਕੋਈ ਰਹਿਣ ਨਾ ਪਾਏ । ਆਪਣਾ ਭੇਵ ਪ੍ਰਭ ਅਬਿਨਾਸ਼ੀ ਆਪਣਾ ਆਪ ਖੁਲ੍ਹਾਏ । ਵਡ ਵਡ ਦੇਵੀ ਦੇਵ ਨਾ ਕੋਈ ਸਕੇ ਅਲਾਏ । ਕ੍ਰੋੜ ਤੇਤੀਸ ਸਦ ਰਹੇ ਸੇਵ, ਸੁਰਪਤ ਰਾਜਾ ਇੰਦ ਹਰਿ ਸੇਵ ਕਮਾਏ । ਜੋਤ ਸਰੂਪ ਵਡ ਸੂਰਬੀਰ ਜੋਧਾ ਮਰਗਿੰਦ, ਕਿਆ ਕੋਈ ਵੇਖੇ ਵੇਖ ਵਖਾਏ । ਹਰਿ ਆਪੇ ਪਕੜ ਉਠਾਏ ਵਾਲੀ ਹਿੰਦ, ਆਪਣੀ ਸਰਨ ਲਗਾਏ । ਜੁਗੋ ਜੁਗ ਆਦਿ ਜੁਗਾਦਿ ਜਨ ਭਗਤਾਂ ਜੈ ਜੈ ਜੈਕਾਰ ਕਰਾਏ । ਗੁਰਮੁਖ ਬਣਾਏ ਸਾਚੀ ਬਿੰਦ, ਸਾਚਾ ਨਾਮ ਜਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਤਮ ਚਿੰਦ ਸਰਬ ਮਿਟਾਏ । ਏਕਾ ਸ਼ਬਦ ਜਗਤ ਚਲਾਵਣਾ । ਸਾਚਾ ਮਾਰਗ ਮਤ ਧਰਾਵਣਾ । ਸਾਰੰਗ ਧਰ ਭਗਵਾਨ ਬੀਠਲਾ ਅਖਵਾਵਣਾ । ਕਲਜੁਗ ਕੌੜਾ ਰੀਠਲਾ ਭੰਨ ਵਖਾਵਣਾ । ਏਕਾ ਰੰਗ ਗੁਰਮੁਖ ਚੜ੍ਹਾਏ ਆਤਮ ਮਜੀਠਲਾ, ਪ੍ਰਭ ਸਾਚੇ ਰੰਗ ਰੰਗਾਵਣਾ । ਪ੍ਰਭ ਅਬਿਨਾਸ਼ੀ ਸਾਚਾ ਮੀਠਲਾ, ਰਾਣਾ ਸੰਗਰੂਰ ਬਾਹੋਂ ਪਕੜ ਹਰਿ ਆਪ ਉਠਾਵਣਾ । ਪ੍ਰਭ ਦਰ ਮੰਗੇ ਸਾਚੀ ਮੰਗ, ਸੋਹੰ ਦਾਨ ਪ੍ਰਭ ਝੋਲੀ ਪਾਵਣਾ । ਆਪ ਮਿਟਾਏ ਪਿਛਲੀ ਰੇਖਨਾ, ਆਤਮ ਬ੍ਰਹਮ ਗਿਆਨ ਦਵਾਏ, ਆਤਮ ਹੰਕਾਰ ਵਿਕਾਰ ਸਰਬ ਨਸ਼ਟ ਕਰਾਵਣਾ । ਜੋਤ ਸਰੂਪੀ ਧਾਰੇ ਭੇਖਨਾ, ਕਿਆ ਕੋਈ ਕਿਸੇ ਵਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸਾਚਾ ਲੇਖ ਲਿਖਾਵਣਾ । ਸ੍ਰਿਸ਼ਟ ਸਬਾਈ ਲੇਖ ਲਿਖਾਏ । ਪ੍ਰਭ ਅਬਿਨਾਸ਼ੀ ਮੇਟ ਮਿਟਾਏ । ਕਲਜੁਗ ਤੇਰੀ ਝੂਠੀ ਰੇਖ ਮਿਟਾਏ । ਸਤਿਜੁਗ ਸਾਚਾ ਆਪ ਉਪਜਾਏ । ਵਿਚ ਮਾਤ ਹਰਿ ਜਨਮ ਦਵਾਏ । ਪਹਿਲੀ ਮਾਘ ਦੇ ਵਡਿਆਏ । ਸਾਚਾ ਰਾਗ ਹਰਿ ਸਾਚਾ ਝੋਲੀ ਪਾਏ । ਗੁਰਮੁਖਾਂ ਆਤਮ ਧੋ ਦਾਗ, ਇਕ ਵਸਤ ਹਰਿ ਵਿਚ ਟਿਕਾਏ । ਆਪੇ ਪਕੜੇ ਹੱਥ ਆਪਣੇ ਵਾਗ, ਨਾ ਕੋਈ ਸਕੇ ਛੁਡਾਏ । ਗੁਰਮੁਖ ਵਿਰਲਾ ਕਲਜੁਗ ਰਿਹਾ ਜਾਗ, ਬੇਮੁਖ ਗੂੜ੍ਹੀ ਨੀਂਦ ਸਵਾਏ । ਗੁਰਮੁਖ ਵਿਰਲੇ ਪ੍ਰਭ ਆਤਮ ਸ਼ਬਦ ਲਗਾਏ ਜਾਗ, ਬੇਮੁਖਾਂ ਆਤਮ ਹੰਕਾਰ ਵਿਕਾਰ ਰਖਾਏ । ਪੂਰਨ ਹੋਏ ਗੁਰਸਿਖ ਭਾਗ, ਪ੍ਰਭ ਸਾਚਾ ਮੇਲ ਮਿਲਾਏ । ਆਪ ਬੁਝਾਏ ਆਤਮ ਤ੍ਰਿਸ਼ਨਾ ਆਗ, ਦੂਈ ਦਵੈਤ ਪਰਦੇ ਲਾਹੇ । ਸੋਹੰ ਪਹਿਨਾਏ ਤਨ ਸਾਚਾ ਤਾਗ, ਨਾ ਕੋਈ ਤੋੜੇ ਤੋੜ ਤੁੜਾਏ । ਏਕਾ ਲਗਾਏ ਸ਼ਬਦ ਅਵਾਜ਼, ਗੁਰਮੁਖਾਂ ਆਪ ਉਠਾਏ । ਆਪ ਸੁਣਾਏ ਸਾਚਾ ਰਾਗ, ਅਨਹਦ

ਧੁਨ ਉਪਜਾਏ । ਗੁਰਸਿਖ ਬਣਾਏ ਹੰਸ ਕਾਗ, ਪ੍ਰਭ ਆਪਣੀ ਸਰਨ ਬਹਾਏ । ਬੇਮੁਖ ਦਰ ਤੋਂ ਜਾਇਣ ਭਾਗ, ਦਰ ਸਾਚਾ ਮੂਲ ਨਾ ਭਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਲ ਵਰਤਾਏ । ਹੁਕਮ ਵਰਤਣਾ ਵਰਤਾਵਣਾ । ਪ੍ਰਭ ਸਾਚੇ ਲੇਖ ਲਿਖਾਵਣਾ । ਜੂਠ ਝੂਠ ਨਸ਼ਟ ਕਰਾਵਣਾ । ਪ੍ਰਭ ਸਾਚੇ ਸਾਚਾ ਰਾਹ ਚਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਕਰਾਏ ਆਪਣੀ ਭਾਵਨਾ । ਸਾਚਾ ਲੇਖਾ ਜਗਤ ਲਿਖਾਵਣਾ । ਲਿਖਿਆ ਲੇਖ ਨਾ ਕਿਸੇ ਮਿਟਾਵਣਾ । ਗੁਰ ਸੰਗਤ ਵਿਚ ਹਰਿ ਸਮਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਾਮ ਰੰਗਤ ਇਕ ਚੜ੍ਹਾਵਣਾ । ਵਰਭੰਡ ਪਈ ਡੰਡ ਹੈ । ਸ੍ਰਿਸ਼ਟ ਸਬਾਈ ਹੋਈ ਰੰਡ ਹੈ । ਟੁੱਟਾ ਸਰਬ ਘਮੰਡ ਹੈ । ਚਮਕਣੀ ਚੰਡ ਪ੍ਰਚੰਡ ਹੈ । ਬੇਮੁਖ ਹੋਇਣ ਖੰਡ ਖੰਡ ਹੈ । ਪ੍ਰਭ ਸਾਚਾ ਦੇਵੇ ਵੰਡ ਹੈ । ਪੱਲੇ ਕਿਸੇ ਨਾ ਸਾਚੇ ਨਾਮ ਦੀ ਗੰਢ ਹੈ । ਧਰਮ ਰਾਏ ਅੱਗੇ ਦੇਣਾ ਦੰਢ ਹੈ । ਪੁੱਠੇ ਕਰ ਕਰ ਦੇਣਾ ਟੰਗ ਹੈ । ਦਰ ਦਵਾਰੇ ਅੱਗੇ ਦਿਸਣ ਕੁਰੰਗ ਹੈ । ਦਰ ਦਰ ਘਰ ਘਰ ਵਰਤਣੀ ਭੁੱਖ ਨੰਗ ਹੈ । ਪ੍ਰਭ ਅਬਿਨਾਸ਼ੀ ਤੇਰਾ ਸਾਚਾ ਛੱਡਿਆ ਸੰਗ ਹੈ । ਸ੍ਰਿਸ਼ਟ ਸਬਾਈ ਹੋਈ ਬੇਰੰਗ ਹੈ । ਆਤਮ ਹੋਈ ਭੰਗ ਹੈ । ਗੁਰਮੁਖਾਂ ਚਾੜ੍ਹੇ ਸਾਚਾ ਰੰਗ ਹੈ । ਦਰ ਮੰਗੀ ਸਾਚੀ ਮੰਗ ਹੈ । ਨਾ ਆਤਮ ਹੋਈ ਤੰਗ ਹੈ । ਮਾਨਸ ਜਨਮ ਨਾ ਹੋਇਆ ਭੰਗ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਡ ਦਾਤਾ ਸੂਰਾ ਸਰਬੰਗ ਹੈ । ਚੰਡ ਪ੍ਰਚੰਡ, ਵਿਚ ਵਰਭੰਡ, ਵਿਚ ਨਵਖੰਡ । ਘਰ ਘਰ ਰੋਵਣ ਨਾਰ ਰੰਡ । ਜੂਠੇ ਝੂਠੇ ਮਾਇਆ ਲੂਠੇ ਸਭ ਦੇ ਜਾਣ ਕੰਢ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਵਰਤਾਏ, ਕਲਜੁਗ ਤੇਰਾ ਲੇਖ ਚੁਕਾਏ, ਏਕਾ ਅਗਨ ਜੋਤ ਲਗਾਏ, ਚਾਰ ਕੁੰਟ ਕੋਈ ਰਹਿਣ ਨਾ ਪਾਏ, ਦੁੱਖੀ ਹੋਈ ਸਰਬ ਵਰਭੰਡ । ਘਰ ਘਰ ਲੱਗੀ ਏਕਾ ਅੱਗ । ਕਿਸੇ ਤਨ ਨਾ ਦਿਸੇ ਤਗ । ਆਤਮ ਸੜਿਆ ਸਾਰਾ ਜਗ । ਧਰਮ ਰਾਏ ਦੇ ਅੱਗੇ ਲਾਇਆ ਵਗ । ਕਲਜੁਗ ਜੀਵ ਹੋਏ ਹੰਸ ਕਗ । ਏਕਾ ਲੱਗੀ ਆਤਮ ਤ੍ਰਿਸ਼ਨਾ ਅੱਗ । ਪ੍ਰਭ ਅਬਿਨਾਸ਼ੀ ਲੇਖਾ ਆਪ ਚੁਕਾਏ ਬੇਮੁਖਾਂ ਪਕੜ ਸ਼ਾਹ ਰਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਕਾਲ ਕਲ ਬੇਮੁਖਾਂ ਦੇ ਸਜਾਏ ਕੀਨੇ ਨੰਗ । ਕਲਜੁਗ ਤੇਰਾ ਅੰਤ ਕਰਾਵਣਾ । ਝੂਠਾ ਭੇਖ ਸਰਬ ਮਿਟਾਵਣਾ । ਸ਼ਾਹ ਸੁਲਤਾਨ ਕੋਈ ਰਹਿਣ ਨਾ ਪਾਵਣਾ । ਰਾਜ ਰਾਜਾਨ ਨਾ ਕੋਈ ਦਿਸਾਵਣਾ । ਮਾਣ ਤਾਣ ਸਰਬ ਗਵਾਵਣਾ । ਵਡ ਵਡ ਸ਼ਾਨ ਨਾ ਕਿਸੇ ਰਖਾਵਣਾ । ਏਕਾ ਆਨ ਸ਼ਬਦ ਰਖਾਵਣਾ । ਸ਼ਬਦ ਬਾਣ ਹਰਿ ਆਪ ਚਲਾਵਣਾ । ਸ੍ਰਿਸ਼ਟ ਸਬਾਈ ਹਰਿ ਮਾਣ ਗਵਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਨਾਉਂ ਧਰਾਵਣਾ । ਸ਼ਬਦ ਬਾਣ ਹਰਿ ਆਪ ਚਲਾਏ । ਰਾਜ ਰਾਜਾਨ ਆਪ ਅਖਵਾਏ । ਸਾਜਣ ਸਾਜ ਖੇਲ ਰਚਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲੇਖਾ ਰਿਹਾ ਲਿਖਾਏ । ਲਿਖਾਈ ਲਿਖਤ ਅਗੰਮ ਅਪਾਰੇ । ਵੇਖ ਵੇਖ ਕਰੇ ਵਿਚਾਰੇ । ਜੋ ਕੁਝ ਵਰਤੇ ਵਿਚ ਸੰਸਾਰੇ । ਉਪਰ ਧਰਤ ਨਾ ਦਿਸਣ ਮਹਿਲ ਮੁਨਾਰੇ । ਕਲਜੁਗ ਜੀਵ ਆਪਣੀ ਬਾਜ਼ੀ ਗਏ ਹਾਰੇ । ਆਤਮ ਭਰਿਆ ਇਕ ਹੰਕਾਰੇ । ਝੂਠੀ ਮਾਰਨ ਐਵੇਂ ਨਾਅਰੇ । ਪ੍ਰਭ ਅਬਿਨਾਸ਼ੀ ਖੇਲ ਅਪਾਰੇ । ਆਪੇ ਭੇੜੇ ਭੇੜ ਭਿੜਾਏ, ਸੁਰਤ ਸ਼ਬਦ ਦੀ ਮਾਰੇ । ਏਕਾ ਗੇੜਾ ਆਪ ਗਿੜਾਏ, ਉਲਟੀ ਲੱਠ ਗਿੜਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਭੱਠ ਕਰਾਏ । ਸ੍ਰਿਸ਼ਟ ਸਬਾਈ ਕਰਮ ਵਿਚਾਰ । ਪ੍ਰਭ ਅਬਿਨਾਸ਼ੀ ਆਵੇ ਵਾਰੋ ਵਾਰ । ਜੁਗਾ ਜੁਗੰਤ ਆਦਿ ਅੰਤ ਪ੍ਰਭ ਸਾਚੇ ਦੀ ਸਾਚੀ ਕਾਰ । ਏਕਾ ਜੋਤ ਏਕਾ ਸ਼ਬਦ ਏਕਾ ਧਰਮ ਏਕਾ ਕਰਮ ਏਕਾ ਬ੍ਰਹਮ ਧਰੇ ਵਿਚ ਸੰਸਾਰ । ਗੁਰਮੁਖਾਂ ਦੇਵੇ ਸਤਿਜੁਗ ਸਾਚੇ ਜਰਮ ਪ੍ਰਭ ਅਬਿਨਾਸ਼ੀ ਬੰਧੇ ਧਾਰ । ਆਪ ਕਰਾਏ ਆਤਮ ਦਾਨ ਸੋਹੰ ਸ਼ਬਦ ਚਲਾਏ ਕਲ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਰਿਹਾ ਕਰਮ ਵਿਚਾਰ । ਕਰਮ ਵਿਚਾਰ ਨਾ ਕੋਈ ਸਕੇ ਜੀਵ ਛੁਪਾਰੇ ।


੫੪

ਚਿਤਰ ਗੁਪਤ ਵਿਚ ਲੇਖ ਲਿਖਾਰੇ । ਸਾਚਾ ਮਿਤ ਸੱਚੀ ਸਰਕਾਰੇ । ਧਰਮ ਰਾਏ ਖੜਾ ਦਰਬਾਰੇ । ਵੇਲੇ ਅੰਤ ਸਚ ਕਰੇ ਕਾਰੇ । ਬਾਹੋਂ ਪਕੜ ਲਿਆਏ ਦਵਾਰੇ । ਦੇਵੇ ਲੇਖਾ ਜੀਵ ਗਵਾਰੇ । ਲੇਵਣਹਾਰ ਇਕ ਕਰਤਾਰ, ਸਚ ਨਿਆਉਂ ਸੱਚੀ ਸਰਕਾਰੇ । ਸਾਚਾ ਥਾਉਂ ਨਾ ਕੋਈ ਜੂਠ ਝੂਠ ਪਸਰ ਪਸਾਰੇ । ਪ੍ਰਭ ਅਬਿਨਾਸ਼ੀ ਅਗੰਮ ਅਥਾਹੋ ਵੇਖੇ ਵਿਗਸੇ ਕਰੇ ਵਿਚਾਰੇ । ਦਰ ਘਰ ਸਾਚਾ ਗੁਰਮੁਖ ਪਾਏ, ਜਿਸ ਆਤਮ ਤੁਟਾ ਸਰਬ ਹੰਕਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਏਕਾ ਜੋਤ ਨਿਰੰਕਾਰੇ । ਜੋਤ ਨਿਰੰਜਣ ਹਰਿ ਗੋਬਿੰਦਾ । ਸ੍ਰਿਸ਼ਟ ਸਬਾਈ ਪ੍ਰਭ ਆਪ ਮਿਟਾਏ ਆਤਮ ਚਿੰਦਾ । ਆਵੇ ਜਾਵੇ ਜੁਗੋ ਜੁਗ ਪ੍ਰਭ ਅਬਿਨਾਸ਼ੀ ਵਡ ਮਰਗਿੰਦਾ । ਸਦਾ ਸਦਾ ਸਦ ਜਨ ਭਗਤਾਂ ਹਰਿ ਬਖ਼ਸ਼ਿੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਨੀ ਸਰਨ ਰਖਾਏ ਸੁਰਪਤ ਰਾਜੇ ਇੰਦਾ । ਇੰਦ ਇੰਦਰਾਇਣ ਖੜੇ ਦਵਾਰ । ਦੋਏ ਜੋੜ ਬਣੇ ਭਿਖਾਰ । ਦੇਵਣਹਾਰ ਇਕ ਦਾਤਾਰ । ਜੋ ਜਨ ਆਏ ਸੱਚੇ ਦਰਬਾਰ । ਆਤਮ ਭਰੇ ਸਰਬ ਭੰਡਾਰ । ਕਾਰਜ ਸਰੇ ਜੋ ਚਰਨ ਕਵਲ ਕਰੇ ਨਿਮਸਕਾਰ । ਸਰਨੀ ਪੜੇ ਕਲਜੁਗ ਉਤਰੇ ਪਾਰ ਮਾਨਸ ਜਨਮ ਨਾ ਕਲਜੁਗ ਹਰੇ, ਪ੍ਰਭ ਕਿਰਪਾ ਕਰੇ ਅਪਾਰ । ਗੁਰ ਸੰਗਤ ਰਲ ਗੁਰਮੁਖ ਵਿਰਲਾ ਤਰੇ, ਬੇਮੁਖ ਦਰ ਰਹੇ ਝੱਖ ਮਾਰ । ਨਾ ਉਹ ਜਨਮੇ ਨਾ ਉਹ ਮਰੇ, ਜਿਸ ਕੀਆ ਚਰਨ ਪਿਆਰ । ਲੱਖ ਚੁਰਾਸੀ ਵਿਚ ਫੇਰ ਨਾ ਵੜੇ, ਪ੍ਰਭ ਸਾਚਾ ਦੇਵੇ ਤਾਰ । ਦਰ ਦਵਾਰੇ ਹਰਿ ਅੱਗੇ ਖੜੇ, ਦੇਵੇ ਦਰਸ ਰੂਪ ਅਪਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਏਕਾ ਜੋਤ ਕਰੇ ਅਕਾਰ । ਜੋਤ ਅਕਾਰਿਆ ਵਿਚ ਸੰਸਾਰਿਆ । ਭੁਲੇਖਾ ਪਾ ਰਿਹਾ ਲੇਖਾ ਚੁਕਾ ਰਿਹਾ । ਗੁਰਮੁਖ ਜਗਾ ਰਿਹਾ ਦੁੱਖ ਕਟਾ ਰਿਹਾ । ਉਜਲ ਮੁਖ ਕਰਾ ਰਿਹਾ । ਚੁਰਾਸੀ ਗੇੜ ਗਵਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਆਪਣੀ ਖੇਲ ਆਪ ਵਰਤਾ ਰਿਹਾ । ਹਰਿ ਹਰਿ ਕੀ ਕਾਰ ਹਰਿ ਹੀ ਜਾਨੇ । ਹਰਿ ਹਰਿ ਰੰਗ ਗੁਰਮੁਖ ਵਿਰਲਾ ਕਲ ਪਛਾਣੇ । ਹਰਿ ਹਰਿ ਰੰਗ ਹਰਿ ਸਾਚਾ ਦੇਵੇ ਸਾਚਾ ਨਾਮ ਰੰਗ ਜਿਸ ਕਿਰਪਾ ਕਰੇ ਆਪ ਮਹਾਨੇ । ਹਰਿ ਹਰਿ ਹਰਿ ਦਰ ਮੰਗ ਸਾਚਾ ਸੰਗ ਦੇਵੇ ਦਰਸ ਆਤਮ ਜੋਤ ਧਰੇ ਮਹਾਨੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੇ । ਸਚ ਸ਼ਬਦ ਅਸਵਾਰ ਹੈ । ਪੌਣ ਸਰੂਪ ਜੀਵ ਅਧਾਰ ਹੈ । ਕਿਉਂ ਭੁੱਲਾ ਜੀਵ ਗਵਾਰ ਹੈ । ਆਤਮ ਪੂਰਨ ਕਰ ਵਿਚਾਰ ਹੈ । ਪ੍ਰਭ ਅੰਮ੍ਰਿਤ ਆਤਮ ਬਖ਼ਸ਼ੇ ਸਾਚੀ ਧਾਰ ਹੈ । ਏਕਾ ਜੋਤ ਹੋਏ ਅਕਾਰ ਹੈ । ਭਰਮ ਭੁਲੇਖੇ ਦਏ ਨਿਵਾਰ ਹੈ । ਕਰਮ ਲੇਖਾ ਹਰਿ ਲਿਖਾਰ ਹੈ । ਕਰ ਕਰ ਭੇਖਾ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੀਲਾ ਅਪਰ ਅਪਾਰ ਹੈ । ਅਚਰਜ ਖੇਲ ਅਪਰ ਅਪਾਰਾ । ਕਿਸੇ ਨਾ ਆਵਣ ਦੇਵੇ ਸਾਰਾ । ਭੁੱਲ ਭੁਲੇਖੇ ਜੂਠਾ ਝੂਠਾ ਦੇਵੇ ਇਕ ਹੁਲਾਰਾ । ਗੁਰਮੁਖ ਲਾਏ ਸਾਚੇ ਲੇਖੇ, ਦੇਵੇ ਸ਼ਬਦ ਨਾਮ ਅਧਾਰਾ । ਪ੍ਰਭ ਅਬਿਨਾਸ਼ੀ ਨੇਤਰ ਪੇਖੇ, ਹਉਮੇ ਰੋਗ ਜਾਏ ਸਾਰਾ । ਆਤਮ ਕੱਢੇ ਭਰਮ ਭੁਲੇਖੇ, ਚਰਨ ਕਵਲ ਕਵਲ ਚਰਨ ਕਰੇ ਨਿਮਸਕਾਰਾ । ਮਾਨਸ ਜਨਮ ਲਾਏ ਲੇਖੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰਾ । ਮਾਨਸ ਜਨਮ ਲੇਖੇ ਜਾਏ ਲੱਗ । ਪ੍ਰਭ ਅਬਿਨਾਸ਼ੀ ਜੋ ਜਨ ਪਕੜੇ ਪਗ । ਕਲਜੁਗ ਮਾਇਆ ਝੂਠੇ ਧੰਦੇ ਵਿਚ ਨਾ ਜਾਏ ਲੱਗ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਗਿਆਨ ਦੇ, ਏਕਾ ਚਰਨ ਧਿਆਨ ਦੇ, ਨਾਮ ਸਚ ਬਬਾਣ ਦੇ, ਆਤਮ ਜੋਤੀ ਜੋਤ ਮਹਾਨ ਦੇ, ਆਪ ਨਿਭਾਏ ਆਪਨਾ ਸੰਗ । ਸੰਗੀ ਸਾਥੀ ਪ੍ਰਭ ਰਘੁਨਾਥੀ । ਜਿਸ ਦਰ ਬਾਂਧੇ ਦਿਸਣ ਹਾਥੀ । ਤ੍ਰੈਲੋਕੀ ਨਾਥੀ, ਪ੍ਰਭ ਦੀ ਮਹਿੰਮਾ ਬੜੀ ਅਕਾਥੀ । ਅੰਤਮ ਅੰਤ ਪ੍ਰਭ ਸ਼ਬਦ ਸਰੂਪੀ ਪਾਏ ਨਾਥੀ । ਗੁਰਮੁਖ ਚੜ੍ਹਾਏ ਸੋਹੰ ਸਾਚੇ ਰਾਥੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਚਲਾਏ ਆਪ ਆਪਨੀ ਗਾਥੀ । ਸਤਿਜੁਗ ਤੇਰੀ ਸਾਚੀ ਗਾਥਾ । ਸੋਹੰ ਚਲੇ ਵਿਚ ਮਾਤ ਸਾਚਾ ਰਾਥਾ । ਆਪ ਚਲਾਏ ਸਾਚਾ ਨਾਥਾ । ਗੁਰਮੁਖ ਰਲਾਏ ਚੜ੍ਹਾਏ ਸਾਚੇ ਸਾਥਾ ।

ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਗਾਥਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਮਾਣ ਅਨਾਥ ਅਨਾਥਾਂ । ਨਾਥ ਅਨਾਥੇ, ਪ੍ਰਭ ਸਗਲਾ ਸਾਥੇ । ਪ੍ਰਭ ਚੜ੍ਹਾਏ ਸ਼ਬਦ ਰਾਥੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਮਿਟੀ ਹਰਸ ਗੁਰਮੁਖ ਤੇਰੇ ਕਿਲ ਵਿਖ ਪਾਪ ਲਾਥੇ । ਲੱਥੇ ਪਾਪ ਆਤਮ ਵਸੂਰਿਆ । ਏਕਾ ਸ਼ਬਦ ਧੁਨ ਉਪਜਾਈ ਅਨਹਦ ਤੂਰਿਆ । ਆਸਾ ਮਨਸਾ ਪ੍ਰਭ ਸਾਚਾ ਪੂਰਿਆ । ਆਤਮ ਸਹਿੰਸਾ ਹੋਇਆ ਦੂਰਿਆ । ਦੇਵੇ ਵਡਿਆਈ ਵਿਚ ਸਹੰਸਾ, ਆਤਮ ਜੋਤ ਜਗੇ ਕੋਹਤੂਰਿਆ । ਆਪ ਬਣਾਏ ਸਾਚਾ ਬੰਸਾ, ਏਕਾ ਦੇਵੇ ਨੂਰ ਨੂਰੋ ਨੂਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ ਸਰਬ ਕਲਾ ਭਰਪੂਰਿਆ । ਸਰਬ ਕਲਾ ਸਮਰਥ ਹਰਿ ਗੁਰ ਜਨ ਹੈ । ਗੁਰਮੁਖ ਸਾਚੇ ਆਪਣਾ ਮੂਲ ਪਛਾਣ ਹੈ । ਸੋਹੰ ਸ਼ਬਦ ਸੱਚੀ ਤਰਸੂਲ ਆਤਮ ਬਾਨ ਹੈ । ਅੰਤਮ ਅੰਤ ਨਾ ਕਲਜੁਗ ਭੁੱਲ, ਸੋਹੰ ਸ਼ਬਦ ਸਚ ਨਿਸ਼ਾਨ ਹੈ । ਕਲਜੁਗ ਤੇਰੇ ਅੰਤਮ ਤੁੱਟੀ ਚੂਲ, ਸਤਿਜੁਗ ਝੂਲੇ ਇਕ ਨਿਸ਼ਾਨ ਹੈ । ਪ੍ਰਭ ਅਬਿਨਾਸ਼ੀ ਸਾਚਾ ਏਕਾ ਬੰਧੇ ਰੂਲ, ਵਡ ਦਾਤਾ ਆਪ ਬਲੀ ਬਲਵਾਨ ਹੈ । ਦੂਜਾ ਦਰ ਨਾ ਹੋਏ ਕਬੂਲ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਲੀ ਦੋ ਜਹਾਨ ਹੈ । ਸਾਚਾ ਦਰ ਨਾ ਗੁਰਮੁਖ ਭੂਲਨਾ । ਕਲਜੁਗ ਮਾਇਆ ਵਿਚ ਨਾ ਰੂਲਨਾ । ਪ੍ਰਭ ਆਪ ਚੁਕਾਏ ਤੇਰਾ ਪਿਛਲਾ ਮੂਲਨਾ । ਸ਼ਬਦ ਪੰਘੂੜਾ ਹਰਿ ਘਰ ਸਾਚੇ ਝੂਲਨਾ । ਹਰਿ ਮੇਲ ਮਿਲਾਵਾ ਦਰਸ਼ਨ ਦੇਖ ਹਰਿ ਕੰਤ ਕੰਤੂਹਲਨਾ । ਕਿਉਂ ਬੱਧਾ ਝੂਠਾ ਦਾਅਵਾ, ਕਲਜੁਗ ਹੁਣ ਅੰਤ ਨਾ ਫਲਨਾ ਫੂਲਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬੰਧਾਏ ਆਪਣੇ ਰੂਲਨਾ । ਸਚ ਦਰਬਾਰ ਇਕ ਲਗਾਵਣਾ । ਸਚ ਘਰ ਬਾਹਰ ਇਕ ਰਖਾਵਣਾ । ਸਚ ਵਰਤਾਰਾ ਇਕ ਕਰਾਵਣਾ । ਸਚ ਸਰਕਾਰ ਇਕ ਬਨਾਵਣਾ । ਸਚ ਵਿਹਾਰ ਪ੍ਰਭ ਸਾਚੇ ਲੇਖ ਲਿਖਾਵਣਾ । ਸਾਚੇ ਕਰ ਸਿਕਦਾਰ, ਪ੍ਰਭ ਸਾਚੇ ਤਖ਼ਤ ਬਹਾਵਣਾ । ਸਾਚੀ ਕਰ ਵਿਚਾਰ, ਧਰਮ ਰਾਜ ਦਾ ਦਰ ਖੁਲ੍ਹਾਵਣਾ । ਸਚ ਕਰ ਵਿਚਾਰ, ਸਤਿਜੁਗ ਸਾਚੇ ਤੇਰੀ ਲਾਜ ਰਖਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਰਹਾਵਣਾ । ਸਚ ਵਸਤ ਸਚ ਧਰਮ ਹੈ, ਹਰਿ ਦੇਵਣਹਾਰ । ਸਚ ਵਸਤ ਸਚ ਧਰਮ ਹੈ, ਪ੍ਰਭ ਅਬਿਨਾਸ਼ੀ ਭਰੇ ਭੰਡਾਰ । ਸਚ ਵਸਤ ਸਚ ਧਰਮ ਹੈ, ਗੁਣਵੰਤ ਗੁਣ ਵਿਚਾਰ । ਸਚ ਵਸਤ ਸਚ ਧਰਮ ਹੈ, ਦੇਵੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਨਰਾਇਣ ਨਰ ਅਵਤਾਰ । ਸਚ ਸ਼ਬਦ ਨਾਮ ਨਿਰੰਕਾਰ ਹੈ । ਗੁਰਮੁਖਾਂ ਦੇਵੇ ਆਪ ਅਧਾਰ ਹੈ । ਆਦਿ ਜੁਗਾਦੀ ਸਾਚੀ ਤੇਰੀ ਕਾਰ ਹੈ । ਅਨਾਦ ਅਨਾਦੀ ਵਡ ਬ੍ਰਹਿਮਾਦੀ ਤੇਰੀ ਮਹਿੰਮਾ ਅਪਰ ਅਪਾਰ ਹੈ । ਗੁਰਸਿਖ ਬਣਾਏ ਸਾਚੇ ਸਰਬੰਧੀ, ਆਪ ਚਲਾਏ ਆਪਣੀ ਧਾਰ ਹੈ । ਸ੍ਰਿਸ਼ਟ ਸਬਾਈ ਆਤਮ ਅੰਧੀ, ਨਾ ਕੋਈ ਕਰੇ ਵਿਚਾਰ ਹੈ । ਕਲਜੁਗ ਪੰਡ ਉਠਾਈ ਕੰਧੇ ਥੱਕੇ ਥੱਕ ਹੋਏ ਮਾਂਦੀ, ਨਾ ਮਿਲਿਆ ਸਚ ਦਰਬਾਰ ਹੈ । ਆਤਮ ਹੋਈ ਅੰਧੇਰ ਅੰਧੀ, ਹੱਥ ਵਸਤ ਸਚ ਨਾ ਆਈ ਹੈ । ਝੂਠੀ ਮਾਇਆ ਪੱਲੇ ਬਾਂਧੀ ਫਿਰੇ ਪਾਂਧੀ, ਪ੍ਰਭ ਅਬਿਨਾਸ਼ੀ ਪਾਈ ਨਾ ਸਾਰ ਹੈ । ਸੰਗ ਨਾ ਚਲੇ ਤੇਰੇ ਵੇਲੇ ਅੰਤ ਕੋਈ ਕਿਉਂ ਝੂਠੀ ਝੰਜਟ ਪਾਈ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਹ ਬਤਾਈ ਹੈ । ਨਾਮ ਨਿਧਾਨ ਨਾ ਰਸਨਾ ਗਾਇਆ । ਸ਼ਬਦ ਨਿਸ਼ਾਨ ਨਾ ਤੀਰ ਚਲਾਇਆ । ਹਉਮੇ ਜੰਜੀਰ ਨਾ ਗਲੋਂ ਕਟਾਇਆ । ਦੂਈ ਦਵੈਤ ਨਾ ਪਰਦਾ ਲਾਹਿਆ । ਭਾਂਡਾ ਭਰਮ ਨਾ ਭਉ ਭੰਨਾਇਆ । ਆਤਮ ਚਿੰਤਾ ਨਾ ਹਉ ਗਵਾਇਆ । ਦਰ ਘਰ ਸਾਚੇ ਵਿਚੋਂ ਹਰਿ ਪੂਰਨ ਬ੍ਰਹਮ ਨਾ ਕਿਸੇ ਪਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚਾ ਮਾਰਗ ਲਾਇਆ । ਘਰ ਘਰ ਫਿਰੇ ਖੋਜ ਖੋਜੰਤਿਆ । ਘਰ ਸਾਚੇ ਕਰੇ ਬੇਨੰਤੀਆ । ਹੋਵੇ ਮੇਲ ਮਿਲਾਵਾ ਸਾਚਾ ਕੰਤਿਆ । ਆਤਮ ਦਰ ਦਵਾਰ ਰਹੰਤਿਆ । ਸ਼ਬਦ ਭੰਡਾਰ ਸਦ ਵਰਤੰਤਿਆ । ਜਿਸ ਬਣਾਈ ਤੇਰੀ ਬਣੰਤਿਆ । ਸਤਿਜੁਗ ਭੁੱਲਾ ਜੀਵ ਜੰਤਿਆ । ਮੇਲ ਮਿਲਾਵਾ ਸਾਚੇ ਕੰਤਿਆ ।

੫੬

ਆਵੇ ਜਾਵੇ ਜਗਤ ਰਹਾਵੇ, ਜੁਗੋ ਜੁਗ ਆਦਿਨ ਅੰਤਿਆ । ਗੁਰਮੁਖ ਸਾਚੇ ਆਣ ਤਰਾਵੇ, ਹਰਿ ਸੁਣੇ ਸਚ ਬੇਨੰਤੀਆ । ਆਪ ਆਪਣੇ ਮਾਰਗ ਪਾਵੇ ਹਰਿ ਸਾਚਾ
ਨਾਮ ਦਵੰਤਿਆ । ਦਰ ਘਰ ਸਾਚਾ ਆਪ ਦਿਖਾਵੇ, ਵਿਚ ਵਸੇ ਹਰਿ ਭਗਵੰਤਿਆ । ਆਤਮ ਸਾਚੀ ਜੋਤ ਜਗਾਵੇ, ਅੰਧ ਅੰਧੇਰ ਦੂਰ ਕਰੰਤਿਆ । ਅਨਹਦ
ਸਾਚੀ ਧੁੰਨ ਉਪਜਾਵੇ, ਸ਼ਬਦ ਖੁਜੰਤਿਆ । ਆਤਮ ਸੁਨ ਆਪ ਤੁੜਾਵੇ, ਅੰਮ੍ਰਿਤ ਬੂੰਦ ਵਸੰਤਿਆ । ਸੋਹੰ ਸ਼ਬਦ ਹਰਿ ਕੰਨ ਸੁਣਾਵੇ, ਭਰਮ ਭੁਲੇਖਾ ਨਾ ਕੋਇ
ਰਹੰਤਿਆ । ਦਰਗਾਹ ਸਾਚੀ ਮਾਣ ਦਵਾਏ, ਹਰਿ ਜੋਤੀ ਜੋਤ ਮਿਲੰਤਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਰੰਗ ਰੰਗਾਵੇ ਸਾਚਾ ਰੰਗ ਰਗੰਤਿਆ ।
ਸਾਚਾ ਰੰਗ ਹਰਿ ਪਛਾਣੋ । ਏਕਾ ਦੇਵੇ ਨਾਮ ਦਾਨੋ । ਹੋਵੇ ਮੇਲ ਭਗਤ ਭਗਵਾਨੋ । ਦਰ ਘਰ ਸਾਚੇ ਦੇਵੇ ਮਾਨੋ । ਪੀੜ ਰੋਗ ਹਰਿ ਕਟਾਨੋ । ਅੰਮ੍ਰਿਤ ਸਾਚਾ
ਸੀਰ ਪਿਲਾਨੋ । ਬਜ਼ਰ ਕਪਾਟੀ ਚੀਰ ਵਖਾਨੋ । ਔਖੀ ਘਾਟੀ ਆਪ ਚੜ੍ਹਾਨੋ । ਕਾਇਆ ਝੂਠੀ ਮਾਟੀ ਅੰਤ ਭੰਨ ਵਖਾਨੋ । ਦਿਵਸ ਰੈਣ ਸਦ ਰਸਨਾ ਗਾਈ,
ਦਰਗਾਹ ਸਾਚੀ ਦੇਵੇ ਮਾਨੋ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣੋ । ਜੋਤ ਜਗਤ ਇਕ ਵਿਹਾਰ । ਜੋਤ ਜਗਤ ਇਕ ਆਹਾਰ ।
ਜੋਤ ਜਗਤ ਇਕ ਸਹਾਰ । ਜੋਤ ਜਗਤ ਪ੍ਰਭ ਅਬਿਨਾਸ਼ੀ ਸਾਚਾ ਦੇਵੇ ਗੁਰਸਿਖਾਂ ਕਰ ਪਿਆਰ । ਜੋਤ ਜਗਤ ਆਤਮ ਪ੍ਰੀਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,
ਸਾਚਾ ਸ਼ਬਦ ਅਧਾਰ । ਗੁਰਮੁਖ ਸਾਚੇ ਪ੍ਰਭ ਬਖ਼ਸ਼ੇ ਚਰਨ ਪ੍ਰੀਤ । ਹਰਿ ਸਾਚਾ ਸੱਜਣ ਸੁਹੇਲਾ ਕਰ ਦਰਸ ਮਾਨਸ ਜਨਮ ਜਾਓ ਜਗ ਜੀਤ । ਜੁਗੋ ਜੁਗ ਆਦਿ
ਜੁਗਾਦਿ ਪ੍ਰਭ ਸਾਚੇ ਦੀ ਸਾਚੀ ਰੀਤ । ਸਚ ਸੁਹੇਲਾ ਸਾਚਾ ਮੀਤਾ । ਅੱਠੇ ਪਹਿਰ ਰਾਖੋ ਚੀਤਾ । ਪ੍ਰਭ ਅਬਿਨਾਸ਼ੀ ਪਤਿਤ ਪੁਨੀਤਾ । ਗੁਰਮੁਖ ਆਤਮ ਰੱਖੇ
ਅਤੀਤਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਮਾਣ ਦਵਾਏ ਅਠਾਰਾਂ ਧਿਆਏ ਗੀਤਾ । ਗੋਹਝ ਗਿਆਨ ਇਕ ਧਿਆਨ । ਸ਼ਬਦ ਸਰੂਪੀ ਦੇਵੇ
ਮਿਹਰਬਾਨ । ਗੁਰਮੁਖ ਵਿਰਲਾ ਕਰੇ ਪਛਾਣ । ਜਿਸ ਜਨ ਕਿਰਪਾ ਕਰੇ ਮਹਾਨ । ਦੇਵਣਹਾਰ ਇਕ ਭਗਵਾਨ । ਮੰਗਣਹਾਰ ਸਰਬ ਜਹਾਨ । ਜੋਤ ਸਰੂਪੀ
ਜੋਤ ਹਰਿ ਆਪੇ ਜਾਣੇ ਆਪਣਾ ਭਾਣਾ । ਆਪੇ ਜਾਣੇ ਆਪਣਾ ਬਾਣਾ । ਆਪੇ ਜਾਣੇ ਆਪਣਾ ਭਾਣਾ । ਆਪੇ ਜਾਣੇ ਆਪਣਾ ਸਚ ਟਿਕਾਣਾ । ਕਲਜੁਗ ਭੇਖ
ਸਰਬ ਮਿਟਾਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਆਤਮ ਸਾਚਾ ਬ੍ਰਹਮ ਗਿਆਨਾ । ਸਾਚਾ ਨਾਮ ਸ਼ਬਦ ਉਡਾਰੀ । ਸਾਚੀ ਦੇਵੇ ਇਕ
ਖੁਮਾਰੀ । ਹਉਮੇ ਮਮਤਾ ਹਰਿ ਨਿਵਾਰੀ । ਸਾਚੀ ਬਣਤ ਕਰੇ ਬਨਵਾਰੀ । ਜੀਆਂ ਜੰਤਾਂ ਜੋਤ ਅਧਾਰੀ । ਸਾਧਾਂ ਸੰਤਾਂ ਏਕਾ ਦੇਵੇ ਸਾਚਾ ਸ਼ਬਦ ਪੂਰਨ ਬ੍ਰਹਮ
ਵਿਚਾਰੀ । ਆਦਿਨ ਅੰਤਾ ਜੁਗਾ ਜੁਗੰਤਾ, ਕਰਮ ਧਰਮ ਦੋਏ ਰਿਹਾ ਵਿਚਾਰੀ । ਕਲਜੁਗ ਮਾਇਆ ਪਾਏ ਬੇਅੰਤਾ, ਖੇਲ ਕਰੇ ਅਪਰ ਅਪਾਰੀ । ਪ੍ਰਭ ਅਬਿਨਾਸ਼ੀ
ਸਾਚੇ ਕੰਤਾ, ਵਿਰਲੇ ਗੁਰਮੁਖ ਬੂਝ ਬੁਝਾਰੀ । ਏਕਾ ਸ਼ਬਦ ਧੁਨ ਵਜੰਤਾ, ਸ਼ਬਦ ਸਰੂਪੀ ਖੇਲ ਨਿਆਰੀ । ਸਚ ਧਾਮ ਗੁਰਮੁਖ ਸਾਚਾ ਸਦ ਰਹੰਤਾ, ਜਿਥੇ ਜਗੇ
ਜੋਤ ਪ੍ਰਭ ਮੁਰਾਰੀ । ਏਕਾ ਜੋਤ ਜਗੇ ਭਗਵੰਤਾ, ਦਿਵਸ ਰੈਣ ਦਿਵਸ ਰੰਗਾਰੀ । ਰੂਪ ਰੇਖ ਨਾ ਕੋਈ ਬਣੰਤਾ, ਕਲਜੁਗ ਜੋਤ ਅਪਰ ਅਪਾਰੀ । ਜੋਤੀ ਜੋਤ
ਸਰੂਪ ਹਰਿ, ਆਪਣੀ ਖੇਲ ਅਪਰ ਅਪਾਰੀ । ਆਪਣਾ ਖੇਲ ਆਪੇ ਕਰਨਾ । ਗੁਰਮੁਖ ਵਿਰਲੇ ਕਲਜੁਗ ਵਰਨਾ । ਚਰਨ ਲਾਗ ਗੁਰ ਸਾਚੇ ਤਰਨਾ । ਆਪ
ਚੁਕਾਏ ਮਰਨਾ ਡਰਨਾ । ਆਪ ਖੁਲ੍ਹਾਏ ਹਰਨਾ ਫਰਨਾ । ਪ੍ਰਭ ਅਬਿਨਾਸ਼ੀ ਧਰਨੀ ਧਰਨਾ । ਗੁਰਸਿਖਾਂ ਬੇੜਾ ਪਾਰ ਕਰਨਾ । ਅੰਤਮ ਅੰਤ ਕਲ ਆਪ ਉਧਾਰੇ,
ਜੋ ਜਨ ਆਏ ਸਰਨਾ । ਗੁਰਮੁਖ ਸਾਚੇ ਸੰਤ ਜਨਾਂ ਆਪ ਬਣਾਏ ਸਾਚਾ ਵਰਨਾ । ਏਕਾ ਸ਼ਬਦ ਜਿਹਵਾ ਮੰਤ ਕਲ ਵਰਨ ਚਾਰ ਪ੍ਰਭ ਸਾਚੇ ਵਰਨਾ । ਏਕਾ ਸ਼ਬਦ
ਮਾਣ ਸ੍ਰਿਸ਼ਟ ਸਬਾਈ ਸਿਰ ਆਪਣੇ ਧਰਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਜੁਗ ਸਾਚੇ ਆਪ ਆਪਣਾ ਕਰਮ ਕਰਨਾ । ਸਤਿਜੁਗ ਤੇਰਾ ਖੁਲ੍ਹੇ ਦਵਾਰਾ ।

੫੭

ਪ੍ਰਭ ਅਬਿਨਾਸ਼ੀ ਭਰੇ ਤੇਰਾ ਭੰਡਾਰਾ । ਸਰਬ ਘਟ ਵਾਸੀ ਆਪਣਾ ਆਪ ਕਰੇ ਪਸਾਰਾ । ਘਨਕਪੁਰ ਵਾਸੀ ਸਾਚਾ ਸ਼ਬਦ ਲਿਖਾਏ ਅਪਰ ਅਪਾਰਾ । ਗੁਰਮੁਖਾਂ ਮਾਨਸ ਜਨਮ ਕਰਾਏ ਰਹਿਰਾਸੀ ਹਉਮੇ ਰੋਗ ਨਿਵਾਰਾ । ਗੁਰਮੁਖ ਸਾਚੇ ਪਾਰ ਉਤਰਾਸੀ, ਜਿਨ ਮਿਲਿਆ ਹਰਿ ਗਿਰਧਾਰਾ । ਭਰਮ ਭੁਲੇਖਾ ਦੂਰ ਕਰਾਸੀ, ਏਕਾ ਜੋਤ ਕਰੇ ਉਜਿਆਰਾ । ਸਾਚਾ ਦਾਓ ਆਪ ਲਗਾਸੀ, ਸ੍ਰਿਸ਼ਟ ਸਬਾਈ ਜਾਏ ਹਾਰਾ । ਗੁਰਮੁਖ ਸਾਚੇ ਬਲ ਬਲ ਜਾਸੀ, ਜਿਸ ਦੇਵੇ ਸ਼ਬਦ ਅਧਾਰਾ । ਆਪੇ ਕਰ ਬੰਦ ਖ਼ਲਾਸੀ, ਆਦਿ ਅੰਤਨ ਏਕੰਕਾਰਾ । ਜੋਤੀ ਜੋਤ ਸਰੂਪ ਹਰਿ, ਜੁਗਾ ਜੁਗੰਤਰ ਇਕ ਵਰਤਾਰਾ । ਮਾਤਲੋਕ ਹਰਿ ਜਾਮਾ ਪਾਏ । ਆਪ ਆਪਣਾ ਭੇਖ ਵਟਾਏ । ਸਤਿਜੁਗ ਤੇਰੇ ਲੇਖ ਲਿਖਾਏ । ਗੁਰਮੁਖ ਵਿਰਲੇ ਵੇਖ ਵੇਖ ਪ੍ਰਭ ਸਾਚਾ ਆਪ ਜਗਾਏ । ਦਰਸ਼ਨ ਪੇਖ ਪੇਖ ਪ੍ਰਭ ਆਪਣੇ ਰੰਗ ਰੰਗਾਏ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਵਿਚ ਰਹਾਏ । ਸਤਿਜੁਗ ਤੇਰੀ ਸਾਚੀ ਧਾਰਨਾ । ਆਪ ਪੂਰਨ ਬ੍ਰਹਮ ਵਿਚਾਰਨਾ । ਕਲਜੁਗ ਅੰਤਮ ਪਾਰ ਉਤਾਰਨਾ । ਵੇਲਾ ਵਕਤ ਸਭ ਵਿਚਾਰਨਾ । ਸਾਚਾ ਸ਼ਬਦ ਚਲਾਏ ਖੰਡਾ ਦੋ ਧਾਰਨਾ । ਸ੍ਰਿਸ਼ਟ ਸਬਾਈ ਆਪ ਕਰਾਏ ਮਾਰਨਾ । ਆਪ ਕਰਾਏ ਚੀਰ ਚਿਰਾਏ ਕਰੇ ਦੋ ਫਾੜਨਾ । ਚਾਰ ਕੁੰਟ ਵਹੀਰ ਕਰਾਏ ਨਾ ਕਿਸੇ ਵਕਤ ਸੰਭਾਲਣਾ । ਏਕਾ ਸ਼ਬਦ ਤੀਰ ਚਲਾਏ, ਹਾਹਾਕਾਰ ਜਗਤ ਕਰਾਵਣਾ । ਆਤਮ ਧੀਰ ਸਰਬ ਗਵਾਏ, ਜੀਵ ਜੰਤ ਸਰਬ ਭੁਲਾਵਣਾ । ਫੇਰ ਕਿਸੇ ਹੱਥ ਨਾ ਆਏ, ਸਾਚਾ ਵੇਲਾ ਗਿਆ ਵਕਤ ਹੱਥ ਨਾ ਆਵਣਾ । ਬਾਲਾਂ ਛੁੱਟੇ ਮਾਤਾ ਸੀਰ, ਭੈਣਾਂ ਤਾਈਂ ਨਾ ਭਾਈਆਂ ਸੰਭਾਲਣਾ । ਨਾ ਕੋਈ ਕੱਟੇ ਗਲੋਂ ਜੰਜੀਰ, ਮਾਇਆ ਧੰਨ ਨਾ ਕਿਸੇ ਛੁਡਾਵਣਾ । ਚਾਰੋਂ ਕੁੰਟ ਭੱਜੇ ਫਿਰਨ ਫ਼ਕੀਰ, ਨਾ ਕੋਈ ਹੋਏ ਸਹਾਈ ਦਸਤਗੀਰ, ਪ੍ਰਭ ਸਾਚੇ ਲੇਖ ਲਿਖਾਵਣਾ ।
੫੮ ਜੋਤੀ ਜੋਤ ਸਰੂਪ ਨਿਰੰਜਣ ਕਲਜੁਗ ਅੰਤਮ ਜਾਏ ਮੁੱਕ ਵੇਲਾ ਨੇੜੇ ਆਵਣਾ । ਵੇਲਾ ਨੇੜੇ ਆਇਆ ਢੁੱਕ । ਸ਼ਬਦ ਲਿਖਾਏ ਚੌਥੇ ਜੁਗ । ਤੇਰਾ ਦਾਣਾ ਪਾਣੀ ੫੮
ਵਿਚ ਮਾਤ ਗਿਆ ਮੁੱਕ । ਪ੍ਰਭ ਅਬਿਨਾਸ਼ੀ ਜੋਤ ਸਰੂਪ ਆਪ ਕਰਾਏ ਅੰਤ, ਬੇਮੁਖਾਂ ਮੁਖ ਪਾਏ ਥੁੱਕ । ਕਲਜੁਗ ਤੇਰਾ ਅੰਤ ਕਰਾਏ । ਗੁਰਸਿਖ ਸੋਇਆ ਸੰਤ ਜਗਾਏ । ਜੀਵ ਜੰਤ ਦੇ ਵਿਚ ਵਡਿਆਏ । ਸਤਿਜੁਗ ਸਾਚੀ ਬਣਤ ਬਣਾਏ । ਸਾਚੇ ਕੰਤ ਮੇਲ ਮਿਲਾਏ । ਨਾਮ ਰੰਗਤ ਇਕ ਚੜ੍ਹਾਏ । ਸਾਚਾ ਮੰਗਤ ਇਕ ਦਰ ਵਿਰਲਾ ਵਿਚ ਮਾਤ ਦੇ ਆਏ । ਜੋਤੀ ਜੋਤ ਸਰੂਪ ਹਰਿ, ਆਪਣਾ ਭਾਣਾ ਆਪੇ ਜਾਣੇ ਆਪੇ ਜਾਏ ਜਣਾਏ । ਸਾਚਾ ਦਰ ਇਕ ਖੁਲ੍ਹਾਵਣਾ । ਸਤਿਜੁਗ ਸਾਚਾ ਮਾਰਗ ਲਾਵਣਾ । ਮਸਤੂਆਣਾ ਧਾਮ ਉਪਜਾਵਣਾ । ਜੋਤ ਸਰੂਪੀ ਦੀਪ ਜਗਾਵਣਾ । ਪ੍ਰਭ ਅਬਿਨਾਸ਼ੀ ਕਰਮ ਕਮਾਵਣਾ । ਰਾਣਾ ਸੰਗਰੂਰ ਹਰਿ ਦਰਸ ਦਿਖਾਵਣਾ । ਤੁੱਟੇ ਗਰੂਰ ਹਰਿ ਚਰਨੀ ਲਾਵਣਾ । ਸ਼ਬਦ ਹਜ਼ੂਰ ਘਰ ਸਾਚੇ ਪਾਵਣਾ । ਜੋ ਜਾਣੇ ਦੂਰ, ਵੇਲਾ ਨੇੜੇ ਆਵਣਾ । ਏਕਾ ਸ਼ਬਦ ਉਪਜਾਵੇ ਸਾਚੀ ਤੂਰ, ਆਤਮ ਸਾਚਾ ਰੰਗ ਰੰਗਾਵਣਾ । ਸਰਬ ਕਲਾ ਹਰਿ ਸਾਚਾ ਭਰਪੂਰ, ਗੁਰਮੁਖ ਭਰਪੂਰ ਕਰਾਵਣਾ । ਵਾਲੀ ਦੋ ਜਹਾਨ, ਰਾਣਾ ਸੰਗਰੂਰ ਆਪਣੀ ਸਰਨੀ ਲਗਾਵਣਾ । ਮਸਤੂਆਣਾ ਧਾਮ ਉਪਜਾਏ । ਰਾਣਾ ਸੰਗਰੂਰ ਸੰਗ ਰਲਾਏ । ਰਾਣੇ ਰਾਜੇ ਸਰਨ ਲਗਾਏ । ਗੁਰਮੁਖ ਸਾਚੇ ਸੰਤ ਬਣਾਏ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਮਸਤੂਆਣੇ ਜਾਏ । ਮਸਤੂਆਣਾ ਸਾਚਾ ਧਾਮ ਸੁਹਾਵਣਾ । ਰਾਓ ਰੰਕ ਸਰਨ ਲਗਾਵਣਾ । ਸਾਚਾ ਡੰਕ ਇਕ ਵਜਾਵਣਾ । ਏਕਾ ਰਾਜਾ ਏਕਾ ਰਾਣਾ ਏਕਾ ਸ਼ਾਹ ਏਕਾ ਸੁਲਤਾਨਾ ਏਕਾ ਏਕ ਆਪ ਅਖਵਾਵਣਾ । ਏਕਾ ਪਹਿਨੇ ਜੋਤ ਸਰੂਪੀ ਬਾਣਾ, ਨਿਹਕਲੰਕ ਨਾਮ ਧਰਾਵਣਾ । ਸਾਚਾ ਮੇਲ ਭਗਤ ਭਗਵਾਨਾ । ਜੋਤ ਸਰੂਪੀ ਪਹਿਰੇ ਬਾਣਾ । ਸੋਹੰ ਸ਼ਬਦ ਨਿਸ਼ਾਨਾ । ਗੁਰਮੁਖ ਸਾਚੇ ਵਿੰਨ੍ਹੇ ਕਾਨਾ । ਗੁਰਮੁਖਾਂ ਸਾਚਾ ਨਾਮ ਦੇਵੇ ਦਾਨਾ । ਮੰਗਣ ਜੋ ਦਰ ਸਾਚੇ ਆਨਾ । ਚਾਰ ਕੁੰਟ ਚਾਰ ਚੁਫੇਰ ਹਰਿ ਸਾਚੇ ਘੇਰ ਮਸਤੂਆਣੇ ਆਪੇ ਲਾਣਾ । ਚਾਰ ਵਰਨ ਇਕ ਦਰ । ਚਾਰ ਵਰਨ ਇਕ ਸਰ । ਚਾਰ ਵਰਨ ਇਕ ਘਰ । ਚਾਰ ਵਰਨ

ਗੁਰ ਚਰਨ ਲਾਗ ਤਰਨ । ਚਾਰ ਵਰਨ ਗੁਰ ਗੋਬਿੰਦ ਦੇਵੇ ਬਚਨ ਹਰਿ ਸਾਚਾ ਦੇਵੇ ਕਰ । ਚਾਰ ਵਰਨ ਗੁਰਮੁਖ ਸਾਚੇ ਸੰਤ, ਜਨ ਪ੍ਰਭ ਅਬਿਨਾਸ਼ੀ ਲੈਣ ਵਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਨਿਰੰਜਣ ਸਾਚੀ ਜੋਤ ਦੇਵੇ ਵਿਚ ਮਾਤ ਧਰ । ਸਾਚੇ ਧਾਮ ਮਿਲੇ ਵਡਿਆਈ । ਪ੍ਰਭ ਅਬਿਨਾਸ਼ੀ ਜੋਤ ਜਗਾਈ । ਰਾਓ ਉਮਰਾਓ ਵਡ ਸ਼ਾਹਨ ਸ਼ਾਹੋ ਸਰਨ ਲਗ ਜਾਈ । ਪ੍ਰਭ ਅਬਿਨਾਸ਼ੀ ਅਗੰਮ ਅਥਾਹੋ, ਆਪਣਾ ਭੇਵ ਦਏ ਖੁਲ੍ਹਾਈ । ਜੋਤੀ ਜੋਤ ਸਰੂਪ ਹਰਿ, ਸਾਚੀ ਬਣਤ ਬਣਾ, ਪ੍ਰਭ ਦੀ ਮਹਿੰਮਾ ਅਗਣਤ ਗਣੀ ਨਾ ਜਾਈ । ਕੋਈ ਪਾਵੇ ਭੇਵ ਗੁਰਮੁਖ ਵਿਰਲਾ ਸੰਤ, ਜਿਸ ਹਰਿ ਸਾਚੇ ਬੂਝ ਬੁਝਾਈ । ਪ੍ਰਭ ਅਬਿਨਾਸ਼ੀ ਸਾਚਾ ਕੰਤ, ਜੁਗੋ ਜੁਗ ਸਦ ਸਦਾ ਵਿਚ ਮਾਤ ਦੇ ਆਈ । ਕਲਜੁਗ ਅੰਤਮ ਅੰਤ ਪ੍ਰਭ ਸਾਚੇ ਅਚਰਜ ਖੇਲ ਰਚਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਆਪ ਵਰਤਾਈ । ਮਸਤੂਆਣਾ ਧਾਮ ਸੁਹਾਏ । ਰਾਣਾ ਸੰਗਰੂਰ ਸੰਗ ਰਲਾਏ । ਏਕਾ ਮਾਣ ਏਕਾ ਸ਼ਾਨ ਏਕਾ ਨਾਮ ਦਾਨ ਪ੍ਰਭ ਝੋਲੀ ਪਾਏ । ਜੋਤੀ ਜੋਤ ਸਰੂਪ ਹਰਿ, ਆਪਣੇ ਜਾਏ ਚਰਨ ਉਠਾਏ । ਆਪਣਾ ਚਰਨ ਆਪ ਉਠਾਵਣਾ । ਜਮਨ ਕਿਨਾਰੇ ਡੇਰਾ ਲਾਵਣਾ । ਆਪਣਾ ਭੇਵ ਆਪ ਖੁਲ੍ਹਾਵਣਾ । ਪ੍ਰਗਟ ਹੋਏ ਜੋਤ ਸਰੂਪ, ਆਪਣਾ ਭਾਣਾ ਆਪਣਾ ਬਾਣਾ ਆਪ ਉਲਟਾਵਣਾ । ਬਿਨ ਰੰਗ ਰੂਪ ਪ੍ਰਭ ਵਡ ਸ਼ਾਹੋ ਭੂਪ ਕਿਸੇ ਦਿਸ ਨਾ ਆਵਣਾ । ਜੋਤ ਸਰੂਪੀ ਜੋਤ ਹਰਿ, ਜੋਤੀ ਜੋਤ ਖੇਲ ਖਲਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਭਾਣੇ ਵਿਚ ਸਮਾਏ, ਕਿਆ ਕੋਈ ਆਖੇ ਕਿਆ ਕੋਈ ਜਾਣੇ, ਪ੍ਰਭ ਆਪਣਾ ਭੇਵ ਆਪ ਖੁਲ੍ਹਾਵਣਾ । ਪ੍ਰਭ ਅਬਿਨਾਸ਼ੀ ਕਰਨ ਪ੍ਰੀਖਿਆ । ਨਾ ਜਾਨਣ ਸਾਚਾ ਭੇਖਿਆ । ਬਿਨ ਰੰਗ ਰੂਪੀ, ਕਿਸੇ ਨਾ ਦੇਖਿਆ । ਜੋਤ ਸਰੂਪੀ ਹਰਿ ਏਕਾ ਰੰਗ ਵਸੇਖਿਆ । ਸਾਚੀ ਮਾਰੇ ਸ਼ਬਦ ਕਟਾਰ ਆਪ ਚੁਕਾਉਣਾ ਸਾਰਾ ਲੇਖਿਆ । ਜਿਸ ਆਤਮ ਬ੍ਰਹਮ ਵਿਚਾਰ ਹੈ, ਨਾ ਹਉ ਜਾਣੇ ਵੇਖਣ ਵੇਖਿਆ । ਸਾਚਾ ਵਕਤ ਰਿਹਾ ਵਿਚਾਰ ਹੈ, ਜਿਸ ਵੇਲੇ ਮੇਟੇ ਭਰਮ ਭੁਲੇਖਿਆ । ਅਚਰਜ ਰੰਗ ਹਰਿ ਕਰਤਾਰ ਹੈ, ਨਾ ਦਿਖਾਵੇ ਦੂਜੇ ਤੀਜੇ ਨੇਤਿਆ । ਵੇਖੇ ਵਿਗਸੇ ਕਰੇ ਵਿਚਾਰ ਹੈ, ਏਕਾ ਆਪ ਅਲਖ ਅਲੇਖਿਆ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਵਿਰਲੇ ਨੇਤਰ ਪੇਖਿਆ । ਨਾ ਇਹ ਗੂੰਗਾ ਨਾ ਕਵੀਸ਼ਰ । ਨਾ ਕੋਈ ਤਪੀਆ ਨਾ ਤਪੀਸ਼ਰ । ਨਾ ਇਹ ਜੋਗੀ ਨਾ ਜੁਗੀਸ਼ਰ । ਸਾਚਾ ਪ੍ਰਭ ਸਰਬ ਪਤਿਪਰਮੇਸ਼ਵਰ । ਜੋਤ ਸਰੂਪ ਇਕ ਜਗਦੀਸ਼ਰ । ਜੋਤ ਸਰੂਪੀ ਜੋਤ ਹਰਿ, ਆਪਣਾ ਬਿਰਦ ਰਖੀਸ਼ਰ । ਸਾਚਾ ਕਰੋ ਇਕ ਧਿਆਨਾ । ਕਰਤਾ ਪੁਰਖ ਪੂਰਨ ਭਗਵਾਨਾ । ਮਿਟੇ ਹਿਰਸ ਚੁੱਕੇ ਦਿਲ ਕੀ ਕਾਨਾ । ਹਰਿ ਸਾਚਾ ਅੰਮ੍ਰਿਤ ਮੇਘ ਰਿਹਾ ਬਰਸ ਆਤਮ ਦੇਵੇ ਨਾਮ ਨਿਧਾਨਾ । ਜੋਤੀ ਜੋਤ ਸਰੂਪ ਹਰਿ, ਆਪਣਾ ਭੇਖ ਕਰੇ ਬਿਧਨਾਨਾ । ਸਾਚੀ ਕਵਿਤਾ ਜੋ ਜਨ ਜਾਣੇ । ਪੂਰਨ ਸਿੰਘ ਨਾ ਵਖਾਣੇ । ਨਾ ਉਹ ਪੜ੍ਹਿਆ ਨਾ ਵਿਦਵਾਨੇ । ਨਾ ਉਹ ਗਿਆਨੀ ਨਾ ਧਿਆਨੇ । ਨਾ ਉਹ ਬਾਣੀ ਸਕੇ ਵਖਾਣੇ । ਜਪ ਤਪ ਕੋਈ ਨੇਮ ਨਾ ਜਾਣੇ । ਇਕ ਵਿਹਾਰ ਜਗਤ ਕਰਾਣੇ । ਜੋਤੀ ਜੋਤ ਸਰੂਪ ਹਰਿ, ਖੇਲ ਕਰੇ ਮਹਾਨੇ । ਅਚਰਜ ਖੇਲ ਆਪ ਕਰਾਏ, ਆਪਣਾ ਸ਼ਬਦ ਆਪ ਲਿਖਾਏ, ਇਕ ਸ਼ਬਦ ਸਚ ਧਾਰ ਚਲਾਏ, ਆਪਣੇ ਰੰਗ ਆਪ ਕਰਾਏ, ਸਮੇਂ ਸਮੇਂ ਹਰਿ ਪਹਿਰੇ ਬਾਣੇ । ਵਕਤ ਵਿਚਾਰ ਭਰਮ ਭੁਲੇਖੇ ਦੂਰ ਕਰਾਨੇ । ਸਾਚਾ ਸ਼ਬਦ ਇਕ ਅਸਵਾਰ, ਆਪੇ ਘੋੜੇ ਦੌੜ ਦੁੜਾਨੇ । ਪ੍ਰਭ ਅਬਿਨਾਸ਼ੀ ਜੋਤ ਹਰਿ, ਵੇਖੇ ਕਰੇ ਖੇਲ ਮਹਾਨੇ । ਖੇਲ ਖਿਲਾਵਣਾ , ਜਗਤ ਦਿਖਾਵਣਾ, ਸ਼ਬਦ ਚਲਾਵਣਾ, ਸਰਬ ਵਰਤਾਵਣਾ । ਘਰ ਘਰ ਦਰ ਦਰ ਜਾ ਪ੍ਰਭ ਅਬਿਨਾਸ਼ੀ ਆਪਣਾ ਖੇਲ ਰਚਾਵਣਾ । ਜੋਤੀ ਜੋਤ ਸਰੂਪ ਹਰਿ, ਕਿਆ ਕੋਈ ਕਰੇ ਕਰਾਵਣਾ । ਇਕ ਵਿਚਾਰ ਆਤਮ ਵਿਚਾਰੀ । ਵੇਖੋ ਅਜ਼ਮਤ ਸਾਰੇ ਭਾਰੀ । ਕਿਆ ਕੋਈ ਕਰੇ ਖੇਲ ਖਿਡਾਰੀ । ਵੇਖੇ ਵਿਗਸੇ ਕਰੇ ਵਿਚਾਰੀ । ਪ੍ਰਭ ਅਬਿਨਾਸ਼ੀ ਸਾਚੀ ਕਾਰੀ । ਆਪੇ ਜਾਣੇ ਆਪਣੀ ਭਾਰੀ । ਜਨ ਭਗਤਾਂ ਹਰਿ ਪੈਜ ਸਵਾਰੀ ।


੫੯

ਜੋਤੀ ਜੋਤ ਸਰੂਪ ਹਰਿ, ਨਰਾਇਣ ਨਰ ਅਵਤਾਰੀ । ਵੇਲਾ ਅਖੀਰ ਜਗਤ ਆਵਣਾ । ਸਾਚਾ ਵਕਤ ਆਪ ਸੁਹਾਵਣਾ । ਪ੍ਰਗਟ ਹੋਏ ਭਰਮ ਚੁਕਾਵਣਾ । ਕੱਚਾ ਵੱਢ ਫੇਰ ਪਛਤਾਵਣਾ । ਵੇਲਾ ਅੰਤ ਨਾ ਏਥੇ ਕੁਛ ਹੈ ਜਾਵਣਾ । ਇਕ ਪ੍ਰਭ ਸਾਚੇ ਸੰਗ ਰਲ ਜਾਵਣਾ । ਜੋਤੀ ਜੋਤ ਸਰੂਪ ਹਰਿ, ਆਪਣਾ ਖੇਲ ਰਚਾਵਣਾ । ਸਾਚੀ ਪਰਖ ਕਰੋ ਗੁਰ ਪੂਰੇ । ਏਕਾ ਮੰਗੋ ਸ਼ਬਦ ਹਜ਼ੂਰੇ । ਆਸ ਮਨਸਾ ਹਰਿ ਸਾਚਾ ਪੂਰੇ । ਆਤਮ ਉਪਜੇ ਸਾਚੀ ਤੂਰੇ । ਦੇਵੇ ਦਰਸ ਪ੍ਰਭ ਸਦਾ ਹਜ਼ੂਰੇ । ਜੋਤੀ ਜੋਤ ਸਰੂਪ ਹਰਿ, ਦਰ ਆਤਮ ਵਸੇ ਨਾ ਜਾਣੋ ਦੂਰੇ । ਪ੍ਰਭ ਦਰ ਮੰਗੇ ਸਾਚੀ ਮੰਗ । ਨਾਮ ਰੰਗਣ ਵਿਚ ਜਾਏ ਰੰਗ । ਝੂਠੀ ਇਛਿਆ ਹੋਵੇ ਭੰਗ । ਝੂਠਾ ਦਿਸੇ ਜਗਤ ਕੁਸੰਗ । ਜੋਤੀ ਜੋਤ ਸਰੂਪ ਹਰਿ, ਆਪੇ ਰਹੇ ਆਪਣੇ ਰੰਗ । ਇਕ ਦਵਾਰਾ ਸਾਚਾ ਮੰਗਣਾ । ਸਾਚਾ ਨਾਮ ਹਰਿ ਚਾੜ੍ਹੇ ਰੰਗਣਾ । ਸ਼ਬਦ ਪਹਿਨਾਏ ਆਤਮ ਸਾਚਾ ਕੰਗਣਾ । ਕਹਿਰ ਕਰਨ ਦਾ ਨਾ ਸਾਚਾ ਵੇਲਾ ਸਾਚੇ ਦਰ ਕਦੇ ਨਾ ਮੰਗਣਾ । ਵਕਤ ਵਿਚਾਰੀ ਸਭੇ ਕੱਟੇ ਵੇਦਨਾ । ਜੋਤੀ ਜੋਤ ਸਰੂਪ ਹਰਿ, ਸਦ ਸਦ ਸਦਾ ਬਖ਼ਸ਼ਿੰਦਨਾ । ਸਤਿਗੁਰ ਪੂਰਾ ਜਾਣੀਏ, ਹਉਮੇ ਰੋਗ ਗਵਾਏ । ਸਤਿਗੁਰ ਪੂਰਾ ਜਾਣੀਏ, ਚਿੰਤਾ ਸੋਗ ਮਿਟਾਏ । ਸਤਿਗੁਰ ਪੂਰਾ ਜਾਣੀਏ, ਕਿਲ ਵਿਖ ਪਾਪ ਗਵਾਏ । ਸਤਿਗੁਰ ਪੂਰਾ ਜਾਣੀਏ, ਦੁਰਮਤ ਮੈਲ ਧਵਾਏ । ਸਤਿਗੁਰ ਪੂਰਾ ਜਾਣੀਏ, ਗੁਰਮਤ ਦੇ ਸਿੱਖ ਸਮਝਾਏ । ਸਤਿਗੁਰ ਪੂਰਾ ਜਾਣੀਏ, ਆਤਮ ਤਤ ਇਕ ਰਖਾਏ । ਸਤਿਗੁਰ ਪੂਰਾ ਜਾਣੀਏ, ਸਾਚਾ ਯਤ ਧੀਰ ਧਿਰਾਏ । ਸਤਿਗੁਰ ਪੂਰਾ ਜਾਣੀਏ, ਆਤਮ ਸਾਚੇ ਵਤ, ਸਾਚਾ ਬੀਜ ਬਿਜਾਏ । ਸਤਿਗੁਰ ਪੂਰਾ ਜਾਣੀਏ, ਚਰਨ ਪ੍ਰੀਤੀ ਦੇਵੇ ਸਾਚਾ ਤਤ, ਲੱਖ ਚੁਰਾਸੀ ਗੇੜ ਕਟਾਏ । ਸਤਿਗੁਰ ਪੂਰਾ ਜਾਣੀਏ ਆਪੇ ਦੇ ਸਮਝਾਏ ਮਤ, ਜਨਮ ਮਰਨ ਦਾ ਗੇੜ ਚੁਕਾਏ । ਸਤਿਗੁਰ ਪੂਰਾ ਜਾਣੀਏ, ਸਾਚਾ ਦੇਵੇ ਸ਼ਬਦ ਗਿਆਨ ਆਤਮ ਧੀਰ ਧਰਾਏ । ਸਤਿਗੁਰ ਪੂਰਾ ਜਾਣੀਏ, ਏਕਾ ਦੇਵੇ ਸ਼ਬਦ ਗਿਆਨ ਸਚ ਨਿਸ਼ਾਨ, ਦਰ ਘਰ ਸਾਚਾ ਪਾਈਏ । ਏਕਾ ਬਖ਼ਸ਼ੇ ਚਰਨ ਧਿਆਨ, ਆਤਮ ਹੋਏ ਸਰਬ ਗਿਆਨੀਏ । ਸਤਿਗੁਰ ਪੂਰਾ ਜਾਣੀਏ, ਸਾਚਾ ਬਖ਼ਸ਼ੇ ਚਰਨ ਧੂੜ ਇਸ਼ਨਾਨ, ਆਤਮ ਜਗੇ ਜੋਤ ਮਹਾਨੀਏ । ਸਤਿਗੁਰ ਪੂਰਾ ਜਾਣੀਏ, ਘਰ ਮੇਂ ਘਰ ਵਖਾਏ ਏਕਾ ਘਰ ਸਿਆਣੀਏ । ਸਤਿਗੁਰ ਪੂਰਾ ਜਾਣੀਏ, ਆਤਮ ਦਰ ਦਏ ਖੁਲ੍ਹਾਏ, ਜਿਥੇ ਵਸੇ ਹਰਿ ਭਗਵਾਨੀਏ । ਸਤਿਗੁਰ ਪੂਰਾ ਜਾਣੀਏ, ਆਤਮ ਸਰ ਸਚ ਨਹਾਵੇ ਕਰਾਏ ਫੜ ਇਸ਼ਨਾਨੀਏ । ਸਤਿਗੁਰ ਪੂਰਾ ਜਾਣੀਏ, ਅੰਤਕਾਲ ਬਾਹੋਂ ਫੜ ਕਰ ਕਿਰਪਾ ਪਾਰ ਲੰਘਾਨੀਏ । ਸਤਿਗੁਰ ਪੂਰਾ ਜਾਣੀਏ, ਦਰ ਘਰ ਸਾਚੇ ਹਰਿ ਸਾਚਾ ਮਾਣ ਦਵਾਨੀਏ । ਸਤਿਗੁਰ ਪੂਰਾ ਜਾਣੀਏ ਗੁਰਮੁਖਾਂ ਦੇਵੇ ਸਾਚਾ ਵਰ ਨਾਉਂ ਸਚ ਜਗਤ ਨਿਸ਼ਾਨੀਏ । ਸਤਿਗੁਰ ਪੂਰਾ ਜਾਣੀਏ, ਨੌਂ ਨਿਧਾਂ ਵਸ ਕਰਾਨੀਏ । ਸਤਿਗੁਰ ਪੂਰਾ ਜਾਣੀਏ, ਆਤਮ ਬਿਧਾ ਤੀਰ ਚਲਾਨੀਏ । ਸਤਿਗੁਰ ਪੂਰਾ ਜਾਣੀਏ, ਕਾਰਜ ਸਿਧਾਂ ਸਭ ਕਰਾਨੀਏ । ਸਤਿਗੁਰ ਪੂਰਾ ਜਾਣੀਏ, ਤਨ ਮਨ ਵਿਧਾ ਏਕਾ ਕਾਨੀਏ । ਸਤਿਗੁਰ ਪੂਰਾ ਜਾਣੀਏ, ਸਾਚੀ ਦੇਵੇ ਜਗਤ ਨਿਸ਼ਾਨੀਏ । ਸਤਿਗੁਰ ਪੂਰਾ ਜਾਣੀਏ, ਨਾਮ ਨਿਧਾਨ ਦੇਵੇ ਜਗਤ ਮਹਾਨੀਏ । ਸਤਿਗੁਰ ਪੂਰਾ ਜਾਣੀਏ, ਬੂਝ ਬੁਝਾਏ ਖਾਣੀ ਬਾਣੀਏ । ਸਤਿਗੁਰ ਪੂਰਾ ਜਾਣੀਏ, ਲੱਖ ਚੁਰਾਸੀ ਗੇੜ ਕਟਾਨੀਏ । ਸਤਿਗੁਰ ਪੂਰਾ ਜਾਣੀਏ, ਬੰਦ ਖ਼ਲਾਸੀ ਆਪ ਕਰਾਨੀਏ । ਸਤਿਗੁਰ ਪੂਰਾ ਜਾਣੀਏ, ਜਮ ਕੀ ਫਾਸੀ ਆਪ ਕਟਾਨੀਏ । ਸਤਿਗੁਰ ਪੂਰਾ ਜਾਣੀਏ, ਧਰਮ ਰਾਏ ਨਾ ਦਏ ਸਜਾਏ ਆਪਣੇ ਰੰਗ ਰੰਗਾਨੀਏ । ਸਤਿਗੁਰ ਪੂਰਾ ਜਾਣੀਏ, ਥਿਰ ਘਰ ਵਾਸੀ ਥਿਰ ਘਰ ਨਿਵਾਸ ਰਖਾਏ ਸਚ ਸੁੱਚ ਪਛਾਨੀਏ । ਸਤਿਗੁਰ ਪੂਰਾ ਜਾਣੀਏ, ਅੰਤਮ ਅੰਤ ਵਿਚ ਜੋਤੀ ਜੋਤ ਮਿਲਾਨੀਏ । ਸਤਿਗੁਰ ਪੂਰਾ ਜਾਣੀਏ, ਆਤਮ ਦੇਵੇ ਸਤਿ ਸੰਤੋਖ । ਸਤਿਗੁਰ ਪੂਰਾ ਜਾਣੀਏ, ਅੰਤਮ ਦੇਵੇ ਸਾਚੀ ਮੋਖ । ਸਤਿਗੁਰ ਪੂਰਾ ਜਾਣੀਏ, ਕੱਟੇ ਤਨ ਦੁੱਖ ਰੋਗ । ਸਤਿਗੁਰ ਪੂਰਾ ਜਾਣੀਏ, ਆਤਮ ਰਸ ਭੋਗੇ ਸਾਚਾ ਭੋਗ । ਸਤਿਗੁਰ ਪੂਰਾ ਜਾਣੀਏ, ਏਕਾ ਸ਼ਬਦ ਦੇਵੇ ਸਾਚਾ ਜੋਗ ।

੬੦

ਸਤਿਗੁਰ ਪੂਰਾ ਜਾਣੀਏ, ਪ੍ਰਗਟ ਹੋਵੇ ਦੇਵੇ ਦਰਸ ਅਮੋਘ । ਸਤਿਗੁਰ ਪੂਰਾ ਜਾਣੀਏ, ਗੁਰਸਿਖਾਂ ਚੁਗਾਏ ਸਾਚਾ ਸ਼ਬਦ ਸਾਚੀ ਚੋਗ । ਸਤਿਗੁਰ ਪੂਰਾ ਜਾਣੀਏ, ਨਾ ਹੋਏ ਕਦੇ ਵਿਜੋਗ । ਸਤਿਗੁਰ ਪੂਰਾ ਜਾਣੀਏ, ਗੁਰਸਿਖ ਨਿਭਾਏ ਸਚ ਸੰਜੋਗ । ਸਤਿਗੁਰ ਪੂਰਾ ਜਾਣੀਏ, ਏਕਾ ਰੰਗ ਰੰਗਾਏ ਕੱਟੇ ਹਉਮੇ ਰੋਗ । ਸਤਿਗੁਰ ਪੂਰਾ ਜਾਣੀਏ, ਦੇਵੇ ਧੀਰ ਧਿਆਨਾ । ਸਤਿਗੁਰ ਪੂਰਾ ਜਾਣੀਏ, ਆਤਮ ਜਗਾਏ ਜੋਤ ਮਹਾਨਾ । ਸਤਿਗੁਰ ਪੂਰਾ ਜਾਣੀਏ, ਮੇਲ ਮਿਲਾਏ ਹਰਿ ਭਗਵਾਨਾ । ਸਤਿਗੁਰ ਪੂਰਾ ਜਾਣੀਏ, ਸਾਚਾ ਦੇਵੇ ਨਾਮ ਨਿਸ਼ਾਨਾ । ਸਤਿਗੁਰ ਪੂਰਾ ਜਾਣੀਏ ਕਾਮ ਕਰੋਧ ਹੰਕਾਰ ਜਿਸ ਵਸ ਕਰਾਨਾ । ਸਤਿਗੁਰ ਪੂਰਾ ਜਾਣੀਏ, ਸਚ ਸੁੱਚ ਦੀ ਬੂਝ ਬੁਝਾਣਾ । ਸਤਿਗੁਰ ਪੂਰਾ ਜਾਣੀਏ, ਜੋਤ ਸਰੂਪੀ ਸਾਚਾ ਮੇਲ ਮਿਲਾਣਾ । ਸਤਿਗੁਰ ਪੂਰਾ ਜਾਣੀਏ, ਜਨ ਦਇਆ ਧਾਰੇ । ਸਤਿਗੁਰ ਪੂਰਾ ਜਾਣੀਏ ,ਹਰਿ ਦੇਵੇ ਦਰਸ ਅਪਾਰੇ । ਸਤਿਗੁਰ ਪੂਰਾ ਜਾਣੀਏ, ਏਕੇ ਰੰਗ ਰੰਗੇ ਕਰਤਾਰੇ । ਸਤਿਗੁਰ ਪੂਰਾ ਜਾਣੀਏ, ਮਾਇਆ ਬੰਧਨ ਸਰਬ ਨਿਵਾਰੇ । ਸਤਿਗੁਰ ਪੂਰਾ ਜਾਣੀਏ, ਆਪ ਮਿਟਾਏ ਅੰਧ ਅੰਧਿਆਰੇ । ਸਤਿਗੁਰ ਪੂਰਾ ਜਾਣੀਏ, ਸਾਚੀ ਜੋਤ ਜਗਾਏ ਸ਼ਬਦ ਅਧਾਰੇ । ਸਤਿਗੁਰ ਪੂਰਾ ਜਾਣੀਏ, ਜਗਾਏ ਜੋਤ ਅਗੰਮ ਅਪਾਰੇ । ਸਤਿਗੁਰ ਪੂਰਾ ਜਾਣੀਏ, ਇਕ ਉਪਜਾਏ ਸਾਚੀ ਧੁਨ ਸਚੀ ਧੁਨਕਾਰੇ । ਸਤਿਗੁਰ ਪੂਰਾ ਜਾਣੀਏ, ਮੁਨ ਸੁਨ ਆਪ ਖੁਲ੍ਹਾਰੇ । ਸਤਿਗੁਰ ਪੂਰਾ ਜਾਣੀਏ ਆਤਮ ਤੋੜੇ ਜਿੰਦਾ ਹੱਥ ਫੜ ਸ਼ਬਦ ਵਦਾਨੀਏ । ਸਤਿਗੁਰ ਪੂਰਾ ਜਾਣੀਏ , ਆਪਣੇ ਰੰਗ ਰੰਗਾਏ ਤੋੜੇ ਸਰਬ ਅਭਿਮਾਨੀਏ । ਸਤਿਗੁਰ ਪੂਰਾ ਜਾਣੀਏ, ਆਤਮ ਜੋਤ ਰਖਾਏ ਕੋਟਨ ਭਾਨੀਏ । ਸਤਿਗੁਰ ਪੂਰਾ ਜਾਣੀਏ, ਆਵਣ ਜਾਵਣ ਗੇੜ ਮੁਕਾਨੀਏ । ਸਤਿਗੁਰ ਪੂਰਾ ਜਾਣੀਏ ਕਾਇਆ ਕੋਟ ਗੜ੍ਹ ਹੰਕਾਰ ਤੁੜਾਨੀਏ । ਸਤਿਗੁਰ ਪੂਰਾ ਜਾਣੀਏ, ਹਉਮੇ ਰੋਗ ਨਸ਼ਟ ਕਰਾਨੀਏ । ਸਤਿਗੁਰ ਪੂਰਾ ਜਾਣੀਏ, ਏਕਾ ਸ਼ਬਦ ਸਾਚੀ ਧਾਰ ਵਖਾਨੀਏ । ਸਤਿਗੁਰ ਸਾਚਾ ਜਾਣੀਏ, ਇਕ ਕਰਾਏ ਸਾਚੀ ਕਾਰ ਧੀਰ ਧਰਾਨੀਏ । ਸਤਿਗੁਰ ਸਾਚਾ ਜਾਣੀਏ, ਆਪ ਦਿਸਾਏ ਸਚ ਵਿਹਾਰ ਸਾਚਾ ਨਾਉਂ ਰਸਨ ਵਖਾਨੀਏ । ਸਤਿਗੁਰ ਸਾਚਾ ਜਾਣੀਏ ਆਤਮ ਜੋਤੀ ਕਰੇ ਉਜਿਆਰ ਬਿਨ ਤੇਲ ਬਾਤੀ ਆਪ ਜਗਾਨੀਏ । ਸਤਿਗੁਰ ਸਾਚਾ ਜਾਣੀਏ, ਕੱਟੇ ਹਉਮੇ ਰੋਗ ਨਾ ਫੇਰ ਪਛਤਾਨੀਏ । ਸਤਿਗੁਰ ਸਾਚਾ ਜਾਣੀਏ ਨਾ ਵਿਛੜੇ ਹੋਏ ਵਿਜੋਗ ਤੋੜ ਨਿਭਾਨੀਏ । ਸਤਿਗੁਰ ਸਾਚਾ ਜਾਣੀਏ, ਸ਼ਬਦ ਚੜ੍ਹਾਏ ਘੋੜ ਸਚਖੰਡ ਰਾਹ ਦਿਸਾਨੀਏ । ਸਤਿਗੁਰ ਸਾਚਾ ਜਾਣੀਏ, ਨਾ ਬਚਨ ਬੋਲੇ ਕੌੜ ਸਾਂਤਕ ਸਾਂਤਕ ਸਤਿ ਵਰਤਾਨੀਏ । ਸਤਿਗੁਰ ਸਾਚਾ ਜਾਣੀਏ, ਵਿਛੜਿਆਂ ਦੇਵੇ ਜੋੜ, ਸਾਚਾ ਜੋੜ ਜੁੜਾਨੀਏ । ਸਤਿਗੁਰ ਸਾਚਾ ਜਾਣੀਏ, ਕਾਇਆ ਮਾਇਆ ਕੱਟੇ ਕੋਹੜ, ਏਕਾ ਰੰਗ ਰੰਗਾਨੀਏ । ਸਤਿਗੁਰ ਸਾਚਾ ਜਾਣੀਏ ਨਾ ਹੋਏ ਕਦੇ ਵਿਛੋੜ, ਘਰ ਸਾਚੇ ਦਰ ਸਿਆਨੀਏ । ਸਤਿਗੁਰ ਸਾਚਾ ਜਾਣੀਏ ਜੋਤ ਸਰੂਪੀ ਜੋਤ ਹਰਿ ਅੰਤ ਜੋਤੀ ਜੋਤ ਮਿਲਾਨੀਏ । ਸਤਿਗੁਰ ਸਾਚਾ ਜਾਣੀਏ, ਹੋਏ ਸ਼ਬਦ ਅਧਾਰੀ । ਸਤਿਗੁਰ ਸਾਚਾ ਜਾਣੀਏ, ਆਤਮ ਲਾਏ ਸ਼ਬਦ ਕਟਾਰੀ । ਸਤਿਗੁਰ ਸਾਚਾ ਜਾਣੀਏ ਆਤਮ ਜੋਤ ਕਰੇ ਉਜਿਆਰੀ । ਸਤਿਗੁਰ ਸਾਚਾ ਜਾਣੀਏ, ਕਰੇ ਪ੍ਰਕਾਸ਼ ਕਾਇਆ ਮਹੱਲ ਮੁਨਾਰੀ । ਸਤਿਗੁਰ ਸਾਚਾ ਜਾਣੀਏ, ਅਗਿਆਨ ਅੰਧੇਰ ਜਾਏ ਵਿਨਾਸ, ਮਿਟੀ ਧੁੰਦਕਾਰੀ । ਸਤਿਗੁਰ ਸਾਚਾ ਜਾਣੀਏ, ਸਚ ਘਰ ਘਰ ਸਾਚੇ ਰੱਖੇ ਵਾਸ, ਏਕਾ ਦਿਸੇ ਆਪ ਮੁਰਾਰੀ । ਸਤਿਗੁਰ ਸਾਚਾ ਜਾਣੀਏ ਆਪ ਬਣਾਏ ਗੁਰਸਿਖ ਤੇਰੀ ਰਾਸ ਦਸਮ ਦਵਾਰ ਖੁਲ੍ਹਾਨੀਏ । ਸਤਿਗੁਰ ਸਾਚਾ ਜਾਣੀਏ, ਏਕਾ ਦੇਵੇ ਨਾਮ ਅਧਾਰ, ਜਗਤ ਸੁਧਾਰ, ਸਚ ਵਿਹਾਰ, ਏਕਾ ਕਾਰ ਕਰਾਨੀਏ । ਸਤਿਗੁਰ ਸਾਚਾ ਜਾਣੀਏ, ਕਰ ਕਿਰਪਾ ਦੇਵੇ ਤਾਰ, ਸਾਚਾ ਦੇਵੇ ਸ਼ਬਦ ਅਧਾਰ, ਆਪੇ ਬਖ਼ਸ਼ੇ ਬਖ਼ਸ਼ਣਹਾਰ, ਏਥੇ ਓਥੇ ਹੋਏ ਸਹਾਰ, ਸਾਚਾ ਲੇਖਾ ਆਪ ਲਿਖਾਨੀਏ । ਸਤਿਗੁਰ ਸਾਚਾ ਮਾਣੀਏ ਦਰਗਾਹ ਸਾਚੀ ਦੇਵੇ ਮਾਣ, ਗੁਰਸਿਖ ਸਾਚੇ ਕਰ ਪਛਾਣ, ਮੁਕਾਏ ਆਵਣ ਜਾਵਣ ਸਾਚਾ ਰੰਗ ਹਰਿ ਰੰਗਾਣ, ਏਕਾ ਰੰਗ ਰੰਗੇ ਭਗਵਾਨੀਏ । ਸਤਿਗੁਰ ਸਾਚਾ ਜਾਣੀਏ, ਜੋਤ

੬੧

ਸਰੂਪੀ ਜੋਤ ਹਰਿ ਅੰਤਮ ਜੋਤੀ ਜੋਤ ਮਿਲਾਨੀਏ । ਸਤਿਗੁਰ ਪੂਰਾ ਜਾਣੀਏ ਜਗਤ ਕਾ ਦਾਤਾ । ਸਤਿਗੁਰ ਪੂਰਾ ਜਾਣੀਏ, ਪੂਰਨ ਹੋਏ ਗਿਆਤਾ । ਸਤਿਗੁਰ ਸਾਚਾ ਜਾਣੀਏ, ਆਤਮ ਖੋਜੇ ਖੋਜ ਖੁਜਾਤਾ । ਸਤਿਗੁਰ ਪੂਰਾ ਜਾਣੀਏ, ਸਾਚਾ ਬੀਜ ਆਪ ਬਿਜਾਤਾ । ਸਤਿਗੁਰ ਪੂਰਾ ਜਾਣੀਏ, ਤਨ ਮਨ ਮੈਲ ਸਰਬ ਗਵਾਤਾ । ਸਤਿਗੁਰ ਪੂਰਾ ਜਾਣੀਏ, ਗੁਰਮੁਖਾਂ ਆਤਮ ਰੀਝ ਕਰਾਤਾ । ਸਤਿਗੁਰ ਪੂਰਾ ਜਾਣੀਏ, ਗੁਰਮੁਖਾਂ ਆਤਮ ਦਰਦ ਮਿਟਾਤਾ । ਸਤਿਗੁਰ ਪੂਰਾ ਜਾਣੀਏ, ਆਤਮ ਸਾਚੀ ਧੀਰ ਧਰਾਤਾ । ਸਤਿਗੁਰ ਪੂਰਾ ਜਾਣੀਏ, ਅੰਮ੍ਰਿਤ ਆਤਮ ਸਾਚਾ ਸੀਰ ਪਿਲਾਤਾ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ, ਅੰਤਮ ਜੋਤੀ ਮੇਲ ਮਿਲਾਤਾ । ਸਤਿਗੁਰ ਸਾਚਾ ਜਾਣੀਏ, ਜਗਤ ਪਿਤ । ਸਤਿਗੁਰ ਸਾਚਾ ਜਾਣੀਏ ਦਿਵਸ ਰੈਣ ਗੁਰਮੁਖ ਤੇਰੇ ਵਿਚ ਰੱਖੇ ਸਾਚਾ ਹਿੱਤ । ਸਤਿਗੁਰ ਸਾਚਾ ਜਾਣੀਏ ਪ੍ਰਭ ਅਬਿਨਾਸ਼ੀ ਸਾਚਾ ਮਿਤ । ਸਤਿਗੁਰ ਸਾਚਾ ਜਾਣੀਏ, ਮਾਤ ਜੋਤ ਪ੍ਰਗਟਾਏ ਜੁਗੋ ਜੁਗ ਭੇਖ ਧਾਰੀਏ । ਸਤਿਗੁਰ ਸਾਚਾ ਜਾਣੀਏ, ਆਪੇ ਲਿਖਾਏ ਲੇਖ, ਕਿਸੇ ਦਿਸ ਨਾ ਆਏ ਆਪਣੀ ਖੇਲ ਕਰੇ ਕਰਤਾਰੀਏ । ਸਤਿਗੁਰ ਸਾਚਾ ਜਾਣੀਏ, ਗੁਰਮੁਖ ਆਤਮ ਨੇਤਰ ਪੇਖ, ਮਿਟੇ ਹਰਸ ਭਗਵਾਨੀਏ । ਸਤਿਗੁਰ ਪੂਰਾ ਜਾਣੀਏ, ਜੋਤ ਸਰੂਪੀ ਹਰਿ ਅੰਤਮ ਜੋਤੀ ਜੋਤ ਮਿਲਾਨੀਏ । ਸਤਿਗੁਰ ਸਾਚਾ ਜਾਣੀਏ, ਸਰਬ ਗੁਣਵੰਤਾ । ਸਤਿਗੁਰ ਸਾਚਾ ਜਾਣੀਏ, ਰਵਿਆ ਵਿਚ ਸਰਬ ਜੀਵ ਜੰਤਾ । ਸਤਿਗੁਰ ਪੂਰਾ ਜਾਣੀਏ, ਕਰੇ ਮਿਲਾਵੇ ਸਾਚੇ ਕੰਤਾ । ਸਤਿਗੁਰ ਪੂਰਾ ਜਾਣੀਏ, ਆਪ ਬਣਾਏ ਗੁਰਸਿਖ ਸਾਚੀ ਬਣਤਾ । ਸਤਿਗੁਰ ਪੂਰਾ ਜਾਣੀਏ ਏਕਾ ਧਾਮ ਸਦ ਰਹੰਤਾ । ਸਤਿਗੁਰ ਪੂਰਾ ਜਾਣੀਏ, ਸਾਚੀ ਜੋਤ ਹਰਿ ਭਗਵੰਤਾ । ਸਤਿਗੁਰ ਪੂਰਾ ਜਾਣੀਏ ਏਕਾ ਨਾਮ ਰੰਗ ਰੰਗਤ । ਸਤਿਗੁਰ ਪੂਰਾ ਜਾਣੀਏ, ਦੂਜਾ ਦਰ ਨਾ ਕੋਈ ਮੰਗਤ । ਸਤਿਗੁਰ ਪੂਰਾ ਜਾਣੀਏ, ਮਾਨਸ ਜਨਮ ਨਾ ਹੋਏ ਭੰਗਤ । ਸਤਿਗੁਰ ਪੂਰਾ ਜਾਣੀਏ, ਆਪ ਬਣਾਏ ਸਾਚੀ ਸੰਗਤ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ ਆਪ ਚੜ੍ਹਾਏ ਸਾਚੀ ਰੰਗਤ । ਸਤਿਗੁਰ ਸਾਚਾ ਜਾਣੀਏ ਜਿਸ ਦਇਆ ਧਾਰੀ । ਸਤਿਗੁਰ ਸਾਚਾ ਜਾਣੀਏ ਜਿਸ ਪੈਜ ਸਵਾਰੀ । ਸਤਿਗੁਰ ਸਾਚਾ ਜਾਣੀਏ ਮਾਤ ਗਰਭ ਕਰੇ ਰਖਵਾਰੀ । ਸਤਿਗੁਰ ਸਾਚਾ ਜਾਣੀਏ ਅੰਧਘੋਰ ਲਏ ਉਭਾਰੀ । ਸਤਿਗੁਰ ਸਾਚਾ ਜਾਣੀਏ ਸਾਚੀ ਦੇਵੇ ਨਾਮ ਉਡਾਰੀ । ਸਤਿਗੁਰ ਪੂਰਾ ਜਾਣੀਏ, ਦਸਵੇਂ ਦਰ ਖੇਲੇ ਖੇਲ ਖਿਲਾਰੀ । ਸਤਿਗੁਰ ਪੂਰਾ ਜਾਣੀਏ, ਦਰ ਘਰ ਸਾਚੇ ਕਰੇ ਸਚ ਸਿਕਦਾਰੀ । ਸਤਿਗੁਰ ਪੂਰਾ ਜਾਣੀਏ ਸ੍ਰਿਸ਼ਟ ਸਬਾਈ ਹੋਏ ਜਿਸ ਪਨਿਹਾਰੀ । ਸਤਿਗੁਰ ਪੂਰਾ ਜਾਣੀਏ, ਦੇਵੇ ਦਰਸ ਅਪਰ ਅਪਾਰੀ, ਹੋਏ ਸਹਾਈ ਅੰਤਮ ਵਾਰੀ, ਗੁਰ ਪੂਰੇ ਸਦ ਸਦ ਨਿਮਸਕਾਰੀ । ਸਤਿਗੁਰ ਪੂਰਾ ਜਾਣੀਏ , ਗੁਰਮੁਖ ਸਾਚੇ ਚਰਨ ਸਰਨ ਬਲਿਹਾਰੀ । ਸਤਿਗੁਰ ਪੂਰਾ ਜਾਣੀਏ, ਸਾਚੀ ਦੇਵੇ ਨਾਮ ਖੁਮਾਰੀ । ਸਤਿਗੁਰ ਪੂਰਾ ਜਾਣੀਏ, ਰਾਓ ਰੰਕਾਂ ਏਕਾ ਦੇਵੇ ਜੋਤ ਅਕਾਰੀ । ਸਤਿਗੁਰ ਪੂਰਾ ਜਾਣੀਏ, ਆਤਮ ਮਿਟਾਏ ਸੰਗ ਭਾਂਡਾ ਭਰਮ ਭਉ ਦਏ ਨਿਵਾਰੀ । ਸਤਿਗੁਰ ਸਾਚਾ ਜਾਣੀਏ, ਜੋਤ ਸਰੂਪੀ ਆਤਮ ਲਾਏ ਤਨਕ, ਖਿਚ ਲਿਆਏ ਚਰਨ ਦਵਾਰੀ । ਸਤਿਗੁਰ ਪੂਰਾ ਜਾਣੀਏ, ਦੇਵੇ ਵਡਿਆਈ ਜਿਉਂ ਰਾਜਾ ਜਨਕ, ਏਕਾ ਦੇਵੇ ਸ਼ਬਦ ਅਧਾਰੀ । ਸਤਿਗੁਰ ਸਾਚਾ ਜਾਣੀਏ, ਮਾਨਸ ਜਨਮ ਜਾਏ ਸਵਾਰੀ । ਜੋਤ ਸਰੂਪੀ ਜੋਤ ਹਰਿ ਆਪਣੀ ਖੇਲ ਖਲਾਰੀ । ਸਤਿਗੁਰ ਪੂਰਾ ਜਾਣੀਏ, ਸੋਭਾ ਗੁਣ । ਸਤਿਗੁਰ ਪੂਰਾ ਜਾਣੀਏ, ਇਕ ਉਪਜਾਵੇ ਸ਼ਬਦ ਧੁਨ । ਸਤਿਗੁਰ ਪੂਰਾ ਜਾਣੀਏ, ਏਕਾ ਦੇਵੇ ਨਾਮ ਗੁਨ । ਸਤਿਗੁਰ ਪੂਰਾ ਜਾਣੀਏ, ਅੰਤਮ ਪਾਰ ਕਰਾਏ ਕਲਜੁਗ ਮਾਇਆ ਵਿਚੋਂ ਚੁਣ । ਸਤਿਗੁਰ ਪੂਰਾ ਜਾਣੀਏ, ਜੋਤੀ ਜੋਤ ਸਰੂਪ ਹਰਿ ਕਵਣ ਜਾਣੇ ਹਰਿ ਤੇਰੇ ਗੁਣ । ਸਤਿਗੁਰ ਪੂਰਾ ਜਾਣੀਏ, ਸਹਿਜ ਸੁਖਦਾਨੀ । ਸਤਿਗੁਰ ਸਾਚਾ ਜਾਣੀਏ ਹਰਿ ਹਿਰਦੇ ਸਚ ਵਖਾਨੀ । ਸਤਿਗੁਰ ਸਾਚਾ ਜਾਣੀਏ, ਸਾਚੀ ਦੇਵੇ ਨਾਮ ਸ਼ਬਦ ਜਗਤ ਨਿਸ਼ਾਨੀ । ਜੋਤੀ ਜੋਤ ਸਰੂਪ ਹਰਿ ਗੁਰਮੁਖਾਂ ਵਿਚ ਮਾਤ ਕਲਜੁਗ ਅੰਤਮ ਅੰਤ ਕਰੇ ਆਪ

੬੨

ਵਡ ਵਡ ਮਿਹਰਬਾਨੀ । ਗੁਰ ਸੰਗਤ ਮਨ ਵਧਾਈਆ । ਸਾਚਾ ਰੰਗ ਹਰਿ ਰੰਗਾਈਆ । ਅਚਰਜ ਖੇਲ ਆਪ ਰਚਾਈਆ । ਵਾਹ ਵਾਹ ਤੇਰੀ ਬੇਪਰਵਾਹੀਆ । ਮਨ ਮਤੇ ਗੁਰ ਰਤੇ ਏਕਾ ਥਾਂ ਬਹਾਈਆ । ਕੋਈ ਠੰਡੇ ਕੋਈ ਤਤੇ, ਸਾਚੀ ਹਾਂਡੀ ਆਪ ਚੜ੍ਹਾਈਆ । ਗੁਰਮੁਖ ਵਿਰਲਾ ਆਤਮ ਬੀਜੇ ਵਤੇ, ਹਰਿ ਸੋਹੰ ਸਾਚਾ ਬੀਜ ਬਿਜਾਈਆ । ਹਰਿ ਸਾਚਾ ਲੇਖੇ ਸਾਚੇ ਘਤੇ, ਜੋ ਚਰਨ ਕਵਲ ਬਿਗਸਾਈਆ । ਆਤਮ ਦੇਵੇ ਸਾਚੀ ਮਤੇ, ਚਰਨ ਪ੍ਰੀਤੀ ਜਿਸ ਰਖਾਈਆ । ਜੋਤੀ ਜੋਤ ਸਰੂਪ ਹਰਿ ਆਪਣੇ ਭਾਣੇ ਵਿਚ ਰਹਾਈਆ । ਸਾਚੀ ਖੇਲ ਕਰੀ ਕਰਾਈ । ਰਾਹੋਂ ਕੁਰਾਹ ਦਰ ਬੇਮੁਖ ਚਲਾਈ । ਇਕ ਗੁਰਮੁਖ ਤੇਰੀ ਵਡਿਆਈ । ਦੇ ਮਤ ਮਿਤਾਂ ਸਮਝਾਈ । ਝੂਠਾ ਭੇੜ ਭਿੜੇ ਕਿਉਂ ਭਾਈ । ਔਖਾ ਗੇੜਾ ਚੁਰਾਸੀ ਗਿੜਾ ਨਾ ਰਾਈ । ਅੰਤਮ ਹਾਰ ਆਈ ਪਿੜੇ ਗਏ ਪਿੱਠ ਦਿਖਾਈ । ਥਾਨ ਨਿਥਾਵਿਆਂ ਬੂਝ ਕੁਝ ਨਾ ਆਈ । ਸਾਚੇ ਭੇਖ ਹਰਿਨਾਮ ਰਿਹਾ ਲੁਟਾਈ । ਦੇਵੇ ਹਰਿ ਆਪ ਰਘੁਰਾਈ । ਜੋਤੀ ਜੋਤ ਸਰੂਪ ਹਰਿ, ਆਪਣੇ ਸੰਗ ਸਮਾਈ । ਅਚਰਜ ਖੇਲ ਹਰਿ ਵਰਤਾਏ । ਗੁਰਮੁਖਾਂ ਹਰਿ ਮਾਣ ਦਵਾਏ । ਆਤਮ ਤ੍ਰਿਖਾ ਭੁੱਖ ਮਿਟਾਏ । ਏਕਾ ਸੁਖ ਘਰ ਸਾਚੇ ਜਾਏ ਉਪਜਾ ਕੇ । ਉਜਲ ਮੁਖ ਆਪ ਕਰਾ ਕੇ । ਬੇਮੁਖਾਂ ਜਾਏ ਆਤਮ ਮਾਰ ਕਰਾ ਕੇ । ਹਾਹਾਕਾਰ ਕਰਨ ਕੁੜਿਆਰ, ਬੋਲਣ ਬੋਲ ਬੋਲ ਬੁਲਾ ਕੇ । ਵੇਖੇ ਵਿਚਾਰੇ ਪਾਵੇ ਸਾਰ, ਪਾਰ ਉਤਾਰੇ ਜੋ ਜਨ ਸਰਨੀ ਡਿਗੇ ਆ ਕੇ । ਇਕ ਘਰ ਦੋ ਧੜ ਕਰਾਈ । ਸਚ ਝੂਠ ਦੀ ਲੜੇ ਲੜਾਈ । ਨਾ ਉਹ ਪੜ੍ਹਿਆ, ਗੁਰਮੁਖ ਏਕਾ ਪਟੀ ਦੇ ਪੜ੍ਹਾਈ । ਜੋਤੀ ਜੋਤ ਸਰੂਪ ਹਰਿ ਆਪਣੇ ਭਾਣੇ ਵਿਚ ਰਹਾਈ । ਗੁਰਸਿਖਾਂ ਗੁਰ ਸੇਵ ਕਮਾਈ । ਬੇਮੁਖਾਂ ਹਉਮੇ ਰੋਗ ਅਗਨ ਜਲਾਈ । ਧੰਨ ਧੰਨ ਧੰਨ ਗੁਰਸਿਖ ਜਿਸ ਪ੍ਰਭ ਸਾਚਾ ਸੇਵਾ
 ਲਾਈ । ਗੁਰਮੁਖ ਗੁਰਸਿਖ ਪ੍ਰਭ ਸਾਚੇ ਰੰਗ ਰੰਗਾਈ । ਆਤਮ ਮੰਗਣ ਸਾਚੀ ਮੰਗਤ, ਨਾਮ ਦਾਨ ਹਰਿ ਭਿਛਿਆ ਪਾਈ । ਸਾਚੇ ਲੇਖ ਕਲ ਜਾਏ ਲਿਖ, ਵਿਚ ੬੩
ਮਾਤ ਮਿਲੇ ਵਡਿਆਈ । ਜੋਤੀ ਜੋਤ ਸਰੂਪ ਹਰਿ, ਆਪਣੇ ਰੰਗ ਲਏ ਰੰਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਅਚਰਜ ਖੇਲ ਆਪ ਵਰਤਾਈ ।

### ❊ ੪ ਹਾੜ ੨੦੧੦ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਘਰ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❊

ਦਰ ਘਰ ਸਚ ਸੁਖ ਦਵੰਤਿਆ । ਕਿਰਪਾ ਕਰੇ ਹਰਿ ਭਗਵੰਤਿਆ । ਗੁਰ ਸਾਚੇ ਦਿਵਸ ਰੈਣ ਸਾਚੀ ਖੋਜ ਖੁਜੰਤਿਆ । ਪ੍ਰਭ ਸਾਚਾ ਦੇਵੇ ਲਹਿਣਾ ਦੇਣਾ ਸਾਚਾ ਨਾਮ ਹਰਿ ਸਾਚਾ ਕੰਤਿਆ । ਧੰਨ ਧੰਨ ਧੰਨ ਗੁਰਸਿਖ ਗੁਰ ਚਰਨੀ ਬਹਿਣ ਮੇਲ ਮਿਲਾਵਾ ਸਾਚੇ ਕੰਤਿਆ । ਸਾਚਾ ਕੰਤ ਸਰਬ ਸੁਖਦਾਈ । ਗੁਰਮੁਖਾਂ ਦੇਵੇ ਆਪ ਵਡਿਆਈ । ਆਦਿ ਜੁਗਾਦਿ ਸਚ ਸਚ ਸਚ ਮਾਰਗ ਲਾਈ । ਸ਼ਬਦ ਨਾਉਂ ਆਤਮ ਬ੍ਰਹਿਮਾਦ, ਬੋਧ ਅਗਾਧ ਲੇਖ ਲਿਖਾਈ । ਦਿਵਸ ਰੈਣ ਰੈਣ ਦਿਵਸ ਸਦ ਰਸਨ ਅਰਾਧ ਪ੍ਰਭ ਸਾਚਾ ਦੇਵੇ ਭੇਵ ਖੁਲ੍ਹਾਈ । ਆਪ ਮਿਟਾਵੇ ਕਲਜੁਗ ਵਿਵਾਦ, ਜੋ ਜਨ ਆਏ ਸਰਨਾਈ । ਸੋਹੰ ਦੇਵੇ ਸਾਚੀ ਦਾਤ, ਆਤਮ ਧੀਰ ਧਰਾਈ । ਗੁਰਮੁਖ ਵਿਰਲੇ ਕਲਜੁਗ ਲਿਆ ਲਾਧ, ਬੇਮੁੱਖ ਗਏ ਜਨਮ ਗਵਾਈ । ਪ੍ਰਭ ਅਬਿਨਾਸ਼ੀ ਮਾਧਵ ਮਾਧ, ਜੋਤ ਸਰੂਪੀ ਖੇਲ ਰਚਾਈ । ਗੁਰਮੁਖ ਸਾਚੇ ਆਤਮ ਸਾਧ, ਚਰਨ ਕਵਲ ਪ੍ਰੀਤ ਲਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਆਪਣੇ ਹੱਥ ਰੱਖੇ ਵਡਿਆਈ । ਆਪਣੇ ਹੱਥ ਰੱਖੇ ਵਡਿਆਈਆ । ਪ੍ਰਭ ਅਬਿਨਾਸ਼ੀ ਗੁਰਮੁਖਾਂ ਦੇਵੇ ਆਪ ਵਧਾਈਆ । ਸਰਬ ਘਟ ਵਾਸੀ ਏਕਾ ਜੋਤ ਸਚ ਜਗਾਈਆ । ਘਨਕਪੁਰ ਵਾਸੀ ਬੂਝ ਬੁਝਾਈਆ । ਸਾਚਾ ਸ਼ਬਦ ਜਪਾਏ ਸਵਾਸ ਸਵਾਸੀ, ਆਤਮ ਭੇਵ ਗੂਝ ਖੁਲ੍ਹਾਈਆ । ਗੁਰਮੁਖ ਸਾਚੇ ਆਤਮ ਰਹਿਰਾਸੀ, ਪ੍ਰਭ ਦੇਵੇ ਦਰਸ ਭੇਖ ਵਟਾਈਆ । ਜੋ ਜਨ ਹੋਏ ਮਦਿਰਾ ਮਾਸੀ, ਪ੍ਰਭ

ਸਾਚੇ ਦਰ ਦੁਰਕਾਈਆ । ਦਰ ਘਰ ਸਾਚੇ ਕਰਨ ਜੋ ਹਾਸੀ, ਜਮਦੂਤਾਂ ਹੱਥ ਫੜਾਏ ਨਾ ਕੋਈ ਦੇ ਛੁਡਾਇਆ । ਵੇਲੇ ਅੰਤ ਹੋਏ ਨਾਸੀ, ਧਰਮ ਰਾਏ ਦੇ ਸਜਾਇਆ । ਗੁਰਮੁਖ ਸਾਚੇ ਸਦ ਸਦ ਬਲ ਬਲ ਜਾਸੀ, ਪ੍ਰਭ ਸਾਚੇ ਦਰਸ ਦਿਖਾਇਆ । ਸਾਚੀ ਜੋਤ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਵਿਚ ਟਿਕਾਇਆ । ਜੋਤ ਜਗਾਏ ਜਗਤ ਵਿਹਾਰੀ । ਕਰੇ ਖੇਲ ਅਪਰ ਅਪਾਰੀ । ਵੇਖੇ ਵਿਗਸੇ ਕਰੇ ਵਿਚਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ ਅਵਤਾਰੀ । ਨਰਾਇਣ ਅਵਤਾਰਾ, ਰੂਪ ਅਪਾਰਾ, ਜੋਤ ਅਧਾਰਾ, ਸ਼ਬਦ ਹੁਲਾਰਾ, ਗੁਰਸਿਖ ਦਵਾਰਾ, ਸੋਹੰ ਜੈਕਾਰਾ, ਆਤਮ ਭਰੇ ਭੰਡਾਰਾ । ਸਾਚਾ ਨਾਮ ਵਣਜ ਵਪਾਰਾ । ਆਪੇ ਪਾਵੇ ਗੁਰਮੁਖ ਸਾਚੇ ਸਾਰਾ । ਆਪ ਚਲਾਏ ਸਾਚੀ ਧਾਰਾ । ਅੰਮ੍ਰਿਤ ਆਤਮ ਮੇਘ ਬਰਸਾਏ ਗੁਰਮੁਖ ਆਤਮ ਠਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਦੇਵੇ ਚਰਨ ਪਿਆਰਾ । ਚਰਨ ਪਿਆਰ ਗੁਰਸਿਖ ਵਿਚਾਰ । ਮਾਨਸ ਜਨਮ ਨਾ ਹਾਰ । ਫੇਰ ਨਾ ਆਵੇ ਦੂਜੀ ਵਾਰ । ਸੋਹੰ ਸਾਚਾ ਰਸਨ ਉਚਾਰ । ਨੇਤਰ ਵੇਖ ਦਰਸ ਕਰਤਾਰ । ਆਪ ਲਿਖਾਏ ਲੇਖ ਬਣ ਸਾਚਾ ਲੇਖ ਲਿਖਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰਮ ਧਰਮ ਦੋਏ ਰਿਹਾ ਵਿਚਾਰ । ਕਰਮ ਵਿਚਾਰੇ ਗੁਰਸਿਖ ਤਾਰੇ । ਬੇਮੁੱਖ ਦੁਰਕਾਰੇ ਭਗਤ ਅਧਾਰੇ । ਧਰੇ ਜੋਤ ਅਪਰ ਅਪਾਰੇ । ਏਕਾ ਨਾਮ ਏਕਾ ਕਾਮ ਏਕਾ ਦੇਵੇ ਸ਼ਬਦ ਅਧਾਰੇ । ਏਕਾ ਜਾਮ ਏਕਾ ਦਾਮ ਏਕਾ ਧਾਮ ਏਕਾ ਰੰਗ ਅਪਰ ਅਪਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅਚਰਜ ਖੇਲ ਕਰੇ ਵਿਚ ਸੰਸਾਰੇ । ਅਚਰਜ ਖੇਲ ਹਰਿ ਸੰਸਾਰਿਆ । ਕਿਆ ਕੋਈ ਜਾਣੇ ਜੀਵ ਗਵਾਰਿਆ । ਪ੍ਰਭ ਅਬਿਨਾਸ਼ੀ ਸਾਚੀ ਧਾਰਿਆ । ਆਦਿ ਜੁਗਾਦਿ ਜੁਗੋ ਜੁਗ ਪ੍ਰਭ ਸਾਚੇ ਦੀ ਸਾਚੀ ਕਾਰਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਸਾਚਾ ਕੰਤ ਸ੍ਰਿਸ਼ਟ ਸਬਾਈ ਨਾਰੀਆ । ਸ੍ਰਿਸ਼ਟ ਸਬਾਈ ਏਕਾ ਨਾਰ । ਏਕਾ ਸ਼ਬਦ ਸਰਬ ਭਤਾਰ । ਲੱਖ ਚੁਰਾਸੀ ਪਾਵੇ ਸਾਰ । ਏਕਾ ਜੋਤ ਇਕ ਅਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਪਸਰ ਪਸਾਰ । ਪਸਰ ਪਸਾਰ ਸ੍ਰਿਸ਼ਟ ਸਬਾਈ । ਲੱਖ ਚੁਰਾਸੀ ਵਿਚ ਸਮਾਈ । ਵੇਖੇ ਵਿਗਸੇ ਆਪ ਰਥਵਾਹੀ । ਜੀਵ ਜੰਤਾਂ ਗੁਰਮੁਖ ਸਾਚੇ ਸੰਤਾਂ ਪ੍ਰਭ ਰਿਹਾ ਜਗਾਈ । ਬੇਮੁਖਾਂ ਮਾਇਆ ਪਾਈ ਬੇਅੰਤਾ, ਸ੍ਰਿਸ਼ਟ ਸਬਾਈ ਗੂੜ੍ਹੀ ਨੀਂਦ ਸਵਾਈ । ਦੇਵੇ ਵਡਿਆਈ ਗੁਰਸਿਖ ਵਿਚ ਜੀਵ ਜੰਤ ਪ੍ਰਭ ਆਪਣੀ ਗੋਦ ਉਠਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਗੁਰਸਿਖਾਂ ਆਪੇ ਦੇ ਮਤ ਸਮਝਾਈ । ਦੇਵੇ ਮਤ ਸ਼ਬਦ ਅਧਾਰਾ । ਸੋਹੰ ਸ਼ਬਦ ਦੇਵੇ ਅਪਾਰਾ । ਆਪਣੇ ਰੰਗ ਰੰਗੇ ਕਰਤਾਰਾ । ਦਿਵਸ ਰੈਣ ਇਕ ਹੁਲਾਰਾ । ਏਕਾ ਦੇਵੇ ਚਰਨ ਪਿਆਰਾ । ਦੇਵੇ ਦਰਸ ਅਗੰਮ ਅਪਾਰਾ । ਜੋਤ ਸਰੂਪੀ ਖੇਲ ਨਿਆਰਾ । ਬਿਨ ਬਾਤੀ ਤੇਲ ਗੁਰਸਿਖ ਦੀਪਕ ਹੋਏ ਉਜਿਆਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪ ਨਿਹਕਲੰਕ ਨਰ ਅਵਤਾਰਾ । ਆਦਿ ਅੰਤ ਜੁਗਾ ਜੁਗੰਤ ਨੈਣ ਮੁਧਾਰਾ । ਨੈਣ ਮੂੰਧ ਨੈਣ ਮੁੰਧਾਰੀ । ਬਾਸ਼ਕ ਸੇਜ ਹਰਿ ਸਵਾਰੀ । ਸਿੰਘ ਆਸਣ ਬੈਠਾ ਨਰ ਅਵਤਾਰੀ । ਬ੍ਰਹਮਾ ਵਿਸ਼ਨ ਮਹੇਸ਼ ਲਕਸ਼ਮੀ ਖੜੇ ਚਰਨ ਦਵਾਰੀ । ਚਤਰਭੁਜ ਸ਼ਬਦ ਧੁਜ ਫੜੇ ਆਪ ਵਡ ਬਲਕਾਰੀ । ਸ੍ਰਿਸ਼ਟ ਸਬਾਈ ਕੁੱਟੇ ਏਕਾ ਹੁਜ, ਚਾਰ ਕੁੰਟ ਹੋਏ ਹਾਹਾਕਾਰੀ । ਆਪ ਖੁਲ੍ਹਾਏ ਭੇਵ ਗੁਝ, ਕਰੇ ਖੇਲ ਅਪਰ ਅਪਾਰੀ । ਗੁਰਮੁਖਾਂ ਜਾਏ ਰਾਹ ਸਾਚਾ ਸੁਝ, ਬੇਮੁਖ ਝੱਖ ਰਹੇ ਮਾਰੀ । ਹਰਿ ਬਿਨ ਨਾ ਕੋਈ ਛੁਡਾਏ ਤੁਝ, ਕਿਉਂ ਹੋਇਆ ਆਤਮ ਹੰਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਾ ਭੁੱਲ ਜੀਵ ਗਵਾਰੀ । ਜੀਵ ਗਵਾਰਾ ਨਾ ਭੁੱਲ ਸੰਸਾਰਾ । ਕਰ ਵਿਚਾਰਾ ਵੇਖ ਕਰਤਾਰਾ । ਦਰਸ ਅਪਾਰਾ ਸ਼ਬਦ ਅਧਾਰਾ । ਗੁਰਸਿਖ ਪਸਾਰਾ ਖੁਲ੍ਹਾਏ ਦਵਾਰਾ । ਦੂਈ ਦਵੈਤ ਚਿਰਾਏ ਪ੍ਰਭ ਆਪ ਰਖਾਏ ਸਿਰ ਸੋਹੰ ਆਰਾ । ਆਪ ਪੜ੍ਹਾਏ ਚਲਾਏ ਵਰਤਾਏ ਇਕ ਕਰਾਏ ਚਾਰ ਵਰਨ ਆਏ ਇਕ ਦਵਾਰਾ । ਕੋਈ ਨਾ ਦੀਸੇ

੬੪

ਕਿਸੇ ਹਮਾਇਤ ਏਕਾ ਏਕ ਨਿਹਕਲੰਕ ਨਰਾਇਣ ਨਰ ਅਵਤਾਰਾ । ਗੁਰਮੁਖਾਂ ਦੇਵੇ ਪ੍ਰਭ ਸਾਚਾ ਸਾਚੀ ਹਮਾਇਤ, ਸਾਚੀ ਪ੍ਰੀਤ ਗੁਰ ਚਰਨ ਦਵਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਗੁਰਸਿਖਾਂ ਪਾਏ ਆਪੇ ਸਾਰਾ । ਸਾਚਾ ਸ਼ਬਦ ਹਰਿ ਗੁਣ ਗਾਵਣਾ । ਭਰਮ ਝੂਠਾ ਲੇਖਾ, ਜਗਤ ਗਵਾਵਣਾ । ਵੇਖੀ ਵੇਖਾ ਨਾ ਵਕਤ ਲੰਘਾਵਣਾ । ਪ੍ਰਭ ਮੇਟੇ ਭਰਮ ਭੁਲੇਖਾ, ਜਿਸ ਚਰਨੀ ਸੀਸ ਨਿਵਾਵਣਾ । ਆਪ ਲਿਖਾਏ ਸਾਚੀ ਲੇਖਾ, ਜਿਸ ਪਕੜੇ ਪ੍ਰਭ ਸਾਚਾ ਦਾਮਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਾਤ ਜੋਤ ਪ੍ਰਗਟਾਏ, ਜਿਉਂ ਧਰੇ ਭੇਖ ਹਰਿ ਬਾਵਨਾ । ਧਰਿਆ ਭੇਖ ਨਾ ਭੇਵ ਜਣਾਏ । ਵਡ ਵਡ ਦੇਵੀ ਦੇਵ ਦਿਸ ਨਾ ਆਏ । ਗੁਰਮੁਖ ਸਾਚੇ ਸੰਤ ਜਨ ਪ੍ਰਭ ਅਬਿਨਾਸ਼ੀ ਆਪਣੀ ਸੇਵਾ ਲਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਆਪ ਅਖਵਾਏ । ਗੁਰਮੁਖ ਸਿੰਘ ਸਿੰਘ ਪਾਲ ਸਾਚੇ ਲਾਲ ਪ੍ਰਭ ਅਬਿਨਾਸ਼ੀ ਲਏ ਉਠਾਲ । ਵਿਚ ਮਾਤ ਸਾਚਾ ਪ੍ਰਭ ਬਣਿਆ ਆਪ ਦਲਾਲ । ਸੋਹੰ ਸ਼ਬਦ ਸਤਿ ਕਮਾਈ, ਆਪੇ ਕੱਟੇ ਮਾਇਆ ਜਾਲ । ਆਪੇ ਦੇਵੇ ਜਗਤ ਵਡਿਆਈ, ਆਪੇ ਦੇਵੇ ਸੁਰਤ ਸੰਭਾਲ । ਸਚ ਵਸਤ ਹਰਿ ਝੋਲੀ ਪਾਏ ਨਾ ਹੋਏ ਕਦੇ ਕੰਗਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸੋਹੰ ਸ਼ਬਦ ਦੇਵੇ ਸੱਚਾ ਧਨ ਮਾਲ । ਸਚ ਧਨ ਮਾਲ ਸਚ ਖ਼ਜ਼ੀਨਾ । ਦੇਵੇ ਹਰਿ ਵਲ ਪ੍ਰਬੀਨਾ । ਉਤਰੇ ਪਾਰ ਜਿਸ ਰਸਨਾ ਚੀਨਾ । ਹੋਏ ਸਹਾਰ ਸ਼ਾਂਤ ਕਰਾਏ ਸੀਨਾ । ਗੁਰਮੁਖਾਂ ਬੇੜਾ ਕਰ ਜਾਏ ਪਾਰ, ਪ੍ਰਭ ਅਬਿਨਾਸ਼ੀ ਦਾਨਾ ਬੀਨਾ । ਅੰਮ੍ਰਿਤ ਆਤਮ ਬਰਖੇ ਸਚ ਫੁਹਾਰ, ਪ੍ਰਭ ਅਬਿਨਾਸ਼ੀ ਕਰੇ ਮਨ ਤਨ ਤਨ ਮਨ ਭੀਨਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੇ ਜਿਹਾ ਕੀਨਾ । ਆਪ ਆਪਣੇ ਰੰਗ ਰੰਗਾਇਆ । ਸਾਚਾ ਸੰਗ ਆਪ ਨਿਭਾਇਆ । ਪ੍ਰਭ ਦਰ ਮੰਗੇ ਸਾਚੀ ਮੰਗ, ਸਚ ਸਚ ਵਸਤ ਹਰਿ ਝੋਲੀ ਪਾਇਆ । ਏਕਾ ਚਾੜ੍ਹੇ ਸਾਚਾ ਰੰਗ, ਫਿਰ ਉਤਰ ਨਾ ਜਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨਾ ਗਾਇਆ । ਪੁਰ ਭਲਾਈ ਵੱਜੇ ਵਧਾਈ । ਪ੍ਰਭ ਅਬਿਨਾਸ਼ੀ ਜੋਤ ਜਗਾਈ । ਚਾਰ ਹਾੜ ਲੇਖ ਲਿਖਾਈ । ਸ਼ਬਦ ਵਾੜ ਗੁਰਸਿਖ ਕਰਾਈ । ਬਹੱਤਰ ਨਾੜ ਜੋਤ ਜਗਾਈ । ਝੂਠੀ ਧਾੜ ਪਰ੍ਹੇ ਹਟਾਈ । ਪ੍ਰਭ ਸਾਚੇ ਆਪਣੀ ਦਾੜ੍ਹ ਹੇਠ ਆਪ ਚਬਾਈ । ਗੁਰਮੁਖ ਸ਼ਬਦ ਘੋੜੀ ਚਾੜ੍ਹ, ਤੀਨ ਲੋਕ ਬੂਝ ਬੁਝਾਈ । ਸਤਿਜੁਗ ਬਣਾਏ ਸਾਚੇ ਲਾੜ, ਸੋਹੰ ਸ਼ਬਦ ਮੁਖ ਸਗਨ ਲਗਾਈ । ਬੇਮੁੱਖਾਂ ਪ੍ਰਭ ਦੇਵੇ ਝਾੜ, ਏਕਾ ਜੋਤ ਅਗਨ ਲਗਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਦੇਵੇ ਆਪ ਵਡਿਆਈ । ਦਰ ਘਰ ਸਾਚਾ ਆਪ ਸੁਹਾਇਆ । ਹਰਿ ਹਿਰਦੇ ਵਾਚਾ ਨਾਮ ਧਿਆਇਆ । ਜੀਵ ਭਾਂਡਾ ਕਾਚਾ, ਪ੍ਰਭ ਸਾਚੇ ਰੰਗ ਚੜ੍ਹਾਇਆ । ਬੇਮੁਖ ਦਰ ਤੇ ਆਏ ਨਾਚਾ, ਪ੍ਰਭ ਅਬਿਨਾਸ਼ੀ ਭੇਵ ਨਾ ਪਾਇਆ । ਗੁਰਮੁਖ ਸਾਜਣ ਸਾਚੋ ਸਾਚਾ, ਜਿਸ ਜਨ ਦਇਆ ਕਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪ੍ਰਗਟ ਜੋਤ ਜੋਤ ਸਰੂਪੀ ਦਰਸ ਦਿਖਾਇਆ । ਜੋਤ ਸਰੂਪੀ ਦਰਸ ਕਰ । ਬਿਨ ਰੰਗ ਰੂਪੀ ਵੇਖ ਹਰਿ । ਸਤਿ ਸਰੂਪੀ ਤੇਰੇ ਆਇਆ ਦਰ । ਭਾਗ ਲਗਾਇਆ ਤੇਰੇ ਸਾਚੇ ਘਰ । ਗੁਰਸਿਖ ਜਾਗ ਨਾ ਕਲਜੁਗ ਡਰ । ਪ੍ਰਭ ਅਬਿਨਾਸ਼ੀ ਚਰਨੀ ਲਾਗ, ਪ੍ਰਭ ਦੇਵੇ ਸਾਚਾ ਵਰ । ਪ੍ਰਭ ਅਬਿਨਾਸ਼ੀ ਚਰਨੀ ਲਾਗ, ਜਾਏ ਸਾਚੇ ਘਰ । ਕਲਜੁਗ ਮਾਇਆ ਡਸਣਾ ਨਾਗ, ਦਰ ਘਰ ਸਾਚੇ ਆਵੇ ਡਰ । ਕਲਜੁਗ ਬਣੇ ਹੰਸ ਕਾਗ, ਮਾਨਸ ਜਨਮ ਗਏ ਹਰ । ਪ੍ਰਭ ਅਬਿਨਾਸ਼ੀ ਗੁਰਸਿਖਾਂ ਧੋਏ ਆਤਮ ਦਾਗ, ਜੋ ਜਨ ਲੱਗੇ ਸਾਚੇ ਲੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਦਿਸਾਏ ਏਕ ਰਾਹ ਚਲਾਏ, ਏਕਾ ਜੋਤ ਜਗਾਏ ਸ੍ਰਿਸ਼ਟ ਸਬਾਈ ਅੰਦਰ ਵੜ । ਸਚ ਘਰ ਹਰਿ ਭਾਗ ਲਗਾਇਆ । ਆਤਮ ਦਰ ਆਪ ਖੁਲ੍ਹਾਇਆ । ਸਾਚਾ ਸਰ ਗੁਰ ਚਰਨ ਛੁਹਾਇਆ । ਗੁਰਸਿਖ ਜਾਇਣ ਤਰ, ਚਾਰ ਹਾੜ ਪ੍ਰਭ ਦਰਸ਼ਨ ਪਾਇਆ । ਆਪ ਚੁਕਾਏ ਜਮ ਕਾ ਡਰ, ਲੱਖ ਚੁਰਾਸੀ ਗੇੜ ਕਟਾਇਆ । ਜੋਤੀ ਸਰੂਪ ਹਰਿ ਧਰਨੀ ਧਰ, ਅਚਰਜ ਖੇਲ

੬੫

ਮਾਤ ਵਰਤਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸਰਨ ਪੜ੍ਹ ਵੇਲੇ ਅੰਤ ਲਏ ਛੁਡਾਇਆ । ਵੇਲੇ ਅੰਤ ਹੋਏ ਸਹਾਈ । ਦੇਵੇ ਦਰਸ ਆਪ ਰਘੁਰਾਈ । ਕਰੇ ਤਰਸ ਹਰਿ ਸਭਨੀਂ ਥਾਈਂ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਸੇਵ ਜਿਸ ਜਨ ਕਮਾਈ । ਚਰਨ ਸੇਵ ਸਾਚੀ ਘਾਲ । ਸਚ ਪ੍ਰੀਤੀ ਨਿਭੇ ਨਾਲ । ਸਾਚੀ ਰੀਤੀ ਜਗਤ ਸੰਭਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਸ਼ਾਹੋ ਧੁਰ ਦਰਗਾਹੋ, ਅਗੰਮ ਅਥਾਹੋ, ਬੇਪ੍ਰਵਾਹੋ, ਹੋਏ ਸਹਾਈ ਸਭਨੀ ਥਾਂਓ, ਕੱਟੇ ਜਗਤ ਜੰਜਾਲ । ਆਪੇ ਕੱਟੇ ਜਗਤ ਜੰਜਾਲ । ਸਚ ਵਸਤ ਗੁਰਸਿਖ ਸੰਭਾਲ । ਸਾਚਾ ਹਿਤ ਸੋਹੰ ਸ਼ਬਦ ਕਮਾਲ । ਦੇਵੇ ਵਸਤ ਬਣ ਆਪ ਦਲਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਨਾ ਹੋਏ ਕੰਗਾਲ । ਸ਼ਬਦ ਭੰਡਾਰ ਨਾ ਜਾਏ ਕਦੇ ਨਿਖੁੱਟ । ਵਿਚ ਮਾਤ ਨਾ ਕੋਈ ਜਾਏ ਲੁੱਟ । ਆਦਿ ਜੁਗਾਦਿ ਸਦਾ ਅਤੁੱਟ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਜੜ੍ਹ ਦੇਵੇ ਪੁੱਟ । ਬੇਮੁੱਖਾਂ ਜੜ੍ਹ ਆਪ ਉਖਾੜੇ । ਲੇਖ ਲਿਖਾਏ ਚੌਥੇ ਹਾੜੇ । ਆਪ ਚਬਾਏ ਆਪਣੀ ਦਾੜ੍ਹੇ । ਨਗਨ ਫਿਰਾਏ ਵਿਚ ਉਜਾੜੇ । ਪੱਲੇ ਹੋਏ ਨਾ ਕਿਸੇ ਭਾੜੇ । ਨਾ ਕਿਸੇ ਦਿਸੇ ਪਿਛਾ ਅਗਾੜੇ । ਚਾਰ ਕੁੰਟ ਪੈਣ ਝਾੜੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮੌਤ ਘੋੜੀ ਸਾਰੇ ਚਾੜ੍ਹੇ । ਮੌਤ ਘੋੜੀ ਜਾਇਣ ਚੜ੍ਹ । ਵਹਿੰਦੇ ਵਹਿਣ ਜਾਏ ਹੜ੍ਹ । ਆਪਣਾ ਕੀਤਾ ਪਾਇਣ ਮਰਨ ਲੜ ਲੜ । ਪ੍ਰਭ ਕਾ ਭਾਣਾ ਸਿਰ ਤੇ ਸਹਿਣ ਜਿਨ੍ਹਾਂ ਛੱਡਿਆ ਲੜ । ਨਾ ਕੋਈ ਦੀਸੇ ਮਾਂ ਪਿਉ ਭੈਣ ਭਰਾ ਸਾਕ ਸੱਜਣ ਸੈਣ ਸਭ ਅੰਦਰ ਬੈਠੇ ਵੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦੇ ਸਜਾਈ ਵੇਲੇ ਅੰਤ ਬਾਹੋਂ ਫੜ ਫੜ । ਗੁਰਸਿਖ ਹਰਿ ਮਾਣ ਦਵਈਆ । ਏਕਾ ਸ਼ਬਦ ਨਾਮ ਜਪਈਆ । ਸਾਚਾ ਰਾਹ ਜਗਤ ਦਿਸਈਆ । ਸਾਚੀ ਦਰਗਾਹ ਲੇਖ ਲਿਖਈਆ । ਸਾਚੇ ਥਾਨ ਆਪ ਬਹਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਚੜ੍ਹਾਏ ਸੋਹੰ ਸਾਚੀ ਨਈਆ । ਸੋਹੰ ਨਈਆ ਆਪ ਚੜ੍ਹਾਏ । ਗੁਰਮੁਖ ਸਾਚੇ ਪਾਰ ਲੰਘਾਏ । ਸ਼ਬਦ ਮੁਹਾਣਾ ਵੰਞ ਰਖਾਏ । ਨਾ ਕੋਈ ਸਵੇਰ ਨਾ ਸੰਞ ਜਣਾਏ । ਵਿਚ ਧਾਰ ਮੰਝ ਹੋਏ ਸਹਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣੀ ਦਇਆ ਕਮਾਏ । ਦਇਆ ਕਮਾਏ, ਦਇਆ ਨਿੱਤ ਕਰੇ । ਗੁਰਮੁਖ ਸਾਚੇ ਸੰਤ ਜਨ ਸਾਚਾ ਪਿਤ ਹਰੇ । ਦੇਵੇ ਦਰਸ ਕਰ ਤਰਸ ਭਾਗ ਲਗਾਏ ਆਏ ਸਾਚੇ ਘਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰ ਦਰਸ ਸਿੰਘ ਗੁਰਮੁਖ ਪਾਲ ਸਿੰਘ ਦੋਵੇਂ ਤਰੇ । ਸਚ ਨਾਉਂ ਰਸਨ ਧਿਆਇਆ । ਸਚ ਥਾਉਂ ਹਰਿ ਆਪ ਦਵਾਇਆ । ਪਕੜ ਬਾਹੋਂ ਹਰਿ ਗੋਦ ਉਠਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰਗਾਹ ਸਾਚੀ ਮਾਣ ਦਵਾਇਆ । ਦਰਗਾਹ ਸਾਚੀ ਆਪ ਬਹਾਏ । ਗੁਰ ਸੰਗਤ ਪ੍ਰਭ ਸੰਗ ਰਲਾਏ । ਪ੍ਰਭ ਦਰ ਆਈ ਸਾਚੀ ਸੰਗਤ ਸਾਚੀ ਭਿਛਿਆ ਹਰਿ ਨਾਮ ਪਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਜੋਤੀ ਜੋਤ ਮਿਲਾਏ । ਜੋਤੀ ਜੋਤ ਆਪ ਮਿਲਾਇਆ । ਵੇਲਾ ਵਕਤ ਆਣ ਸੁਹਾਇਆ । ਆਦਿ ਜੁਗਾਦਿ ਜੁਗੋ ਜੁਗ ਪੈਜ ਜਨ ਭਗਤਾਂ ਰੱਖਦਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਸਿਰ ਹੱਥ ਟਿਕਾਇਆ । ਆਪ ਆਪਣਾ ਸਿਰ ਹੱਥ ਟਿਕਾ ਕੇ । ਸੋਹੰ ਸਾਚੇ ਰਥ ਚੜ੍ਹਾ ਕੇ । ਅਕਥ ਕਥਾ ਕਥ ਆਪ ਕਰਾ ਕੇ । ਸਾਚੀ ਵਥ ਹਰਿ ਝੋਲੀ ਪਾ ਕੇ । ਕਾਇਆ ਦੁੱਖੜੇ ਸਾਚੇ ਮੱਥ, ਆਪ ਲੈ ਜਾਏ ਸ਼ਬਦ ਘੋੜ ਚੜ੍ਹਾ ਕੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿੰਘ ਪਾਲ ਤੇਰੀ ਰੱਖੇ ਲਾਜ ਦਰ ਘਰ ਸਾਚੇ ਆਕੇ । ਸਚ ਘਰ ਹੋਇਆ ਵਿਚੋਲਾ । ਸੋਹੰ ਸ਼ਬਦ ਸੁਣਾਇਆ ਢੋਲਾ । ਉਤਰੇ ਪਾਰ ਜਿਸ ਜਨ ਰਸਨਾ ਬੋਲਾ । ਪ੍ਰਭ ਅਬਿਨਾਸ਼ੀ ਸਾਚਾ ਸ਼ਾਹੋ ਨਾਹੀ ਗੋਲਾ । ਜੋਤ ਸਰੂਪੀ ਜੋਤ ਹਰਿ, ਬੇਮੁਖਾਂ ਖੋਲ੍ਹੇ ਪੋਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਪੂਰਨ ਕਲਾ ਸੋਲਾਂ । ਵਿਚ ਵਿਚੋਲਾ ਆਪ ਬਣਾਇਆ । ਆਪਣਾ ਉਹਲਾ ਭੇਵ ਖੁਲ੍ਹਾਇਆ ।

੬੬

ਸਾਚਾ ਸੋਹਲਾ ਸ਼ਬਦ ਸੁਣਾਇਆ । ਸਵਰਨ ਉਤਰੀ ਪਾਰ ਰਸਨਾ ਬੋਲਾ, ਪ੍ਰਭ ਅਬਿਨਾਸ਼ੀ ਸਰਨ ਲਗਾਇਆ । ਮਾਨਸ ਜਨਮ ਗਈ ਸੁਧਾਰ, ਕਾਇਆ ਛਡਿਆ ਝੂਠਾ ਚੋਲਾ । ਫੇਰ ਜਨਮ ਪਾਏ ਨਾ ਦੂਜੀ ਵਾਰ, ਚਰਨ ਪ੍ਰੀਤੀ ਆਤਮ ਘੋਲਾ । ਆਪ ਬਹਾਏ ਸਚ ਦਰਬਾਰ, ਦਿਵਸ ਰੈਣ ਰੈਣ ਦਿਵਸ ਚੱਲੇ ਸ਼ਬਦ ਅਮੋਲਾ । ਆਪਣੇ ਰੰਗ ਰੰਗੇ ਕਰਤਾਰ ਜੋਤ ਸਰੂਪੀ ਤੋਲ ਤੋਲਾ । ਝੂਠਾ ਛਡਿਆ ਸਭ ਸੰਸਾਰ, ਗੁਰ ਚਰਨ ਸੋਹੇ ਜਿਉਂ ਜਲ ਉਪਰ ਕਵਲਾ । ਪ੍ਰਭ ਸਾਚੇ ਤੇਰੀ ਸਾਚੀ ਕਾਰ, ਕਿਆ ਕੋਈ ਜਾਣੇ ਜੀਵ ਭੋਲਾ । ਸਦ ਸਦਾ ਤੇਰਾ ਸਚ ਵਿਹਾਰ, ਸ੍ਰਿਸ਼ਟ ਸਬਾਈ ਤੈਨੂੰ ਕਹੇ ਕਮਲਾ । ਏਕਾ ਤੇਰੀ ਸਾਚੀ ਧਾਰ ਉਪਰ ਧਵਲਾ । ਗੁਰਮੁਖਾਂ ਕਰੇ ਵਿਚਾਰ ਜੋਤ ਸਰੂਪੀ ਜਿਉਂ ਕਾਹਨਾ ਸਵਲਾ । ਆਪ ਬਹਾਏ ਸਚਖੰਡ ਦਵਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ ਸਬਾਈ ਸਦਾ ਸਦਾ ਸਦਾ ਸਦ ਸਵਲਾ । ਸਵਰਨ ਸਰ ਆਤਮ ਦਰ । ਸਰਨ ਪੜ ਗਈ ਤਰ । ਮਿਲਿਆ ਹਰਿ ਸਚਾ ਹਰਿ । ਨਾ ਦੀਸੇ ਦੂਜਾ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਆਪ ਰਖਾਵੇ ਸਾਚੇ ਘਰ । ਸਚ ਘਰ ਹਰਿ ਦਵਾਰਾ । ਸਾਚਾ ਵਰ ਕੰਤ ਪਿਆਰਾ । ਸਾਚਾ ਸਰ ਜੀਵਾਂ ਜੰਤਾਂ ਸੋਹੰ ਸ਼ਬਦ ਰਸਨ ਉਚਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਵਡਿਆਈ ਨਾ ਕੋਈ ਜਾਣੇ ਕਲਜੁਗ ਜੀਵ ਭੇਖੀ ਸੰਤ ਗਵਾਰਾ । ਸਵਰਨ ਸਰਨ ਆਈ ਹਰਿ । ਸਾਚੀ ਤਰਨੀ ਗਈ ਤਰ । ਪ੍ਰਭ ਅਬਿਨਾਸ਼ੀ ਆਪ ਬਹਾਈ ਸਾਚੇ ਘਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਸਰੂਪ ਹਰਿ ਆਤਮ ਮੇਲ ਮਿਲਾਇਆ ਆਪ ਖੁਲ੍ਹਾਇਆ ਦਸਵਾਂ ਦਰ । ਪੂਰਨ ਸਾਰ ਹਰਿ ਸਾਚੇ ਪਾਈ । ਏਕਾ ਸ਼ਬਦ ਧਾਰ ਰਸਨਾ ਗਾਈ । ਪ੍ਰਭ ਅਬਿਨਾਸ਼ੀ ਕਿਰਪਾ ਕਰ ਅਪਾਰ, ਆਪਣੀ ਸਰਨ ਲਗਾਈ । ਪੂਰਨ ਕਰਮ ਵਿਚਾਰ ਵਿਚ ਮਾਤ ਦੇਵੇ ਵਡਿਆਈ । ਲੱਖ ਚੁਰਾਸੀ ਗੇੜ ਨਿਵਾਰ ਵਿਚ ਜੋਤੀ ਮੇਲ ਮਿਲਾਈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦਿਵਸ ਵਿਚਾਰ, ਚੌਦਾਂ ਜੇਠ ਦੇਹ ਛੁਡਾਈ ।


੬੭

### ❊ ੪ ਮਾਘ ੨੦੧੦ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਅਤੇ ਡਾ੦ ਪਾਲ ਸਿੰਘ ਦੇ ਪਿਛਲੇ ਜਨਮ ਨਵਿਤ ❊

ਇਕ ਚੂਹੜਾ ਤੇ ਇਕ ਚੁਮਿਆਰ । ਦੋਵੇਂ ਬਣ ਗਏ ਸਾਚੇ ਯਾਰ । ਇਹ ਬਾਲਮੀਕ ਮਾਰੇ ਡਾਕੇ ਤੇ ਧਾੜ । ਰਾਹ ਜਾਂਦੇ ਲੁੱਟੇ ਫੜ ਫੜ ਕੁਟੇ ਵਿਸਰਿਆ ਕਰਤਾਰ । ਇਹ ਪਾਣਾ ਗੰਢੇ ਬਹਿ ਕੇ ਵਾਟ ਡੰਡੇ ਥੱਲੇ ਗੰਗਾ ਮਾਤਾ ਦਾ ਸਿਣਕਾਰ । ਨਾ ਉਹ ਸੋਨਾ ਨਾ ਉਹ ਰੂਪਾ ਨਾ ਕੋਈ ਪਰਖ ਕਰੇ ਸੁਨਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਲੇਖਾ ਆਣ ਮਿਲਾਇਆ, ਦੋਹਾਂ ਭਾਈਆਂ ਮੇਲ ਮਿਲਾਇਆ । ਨੀਚੋਂ ਊਚ ਕਰਦਾ ਆਇਆ । ਮਾਣ ਨਿਮਾਣਿਆਂ ਦੇਂਦਾ ਆਇਆ । ਇਕੋ ਧੱਕਾ ਲਾਉਂਦਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੋਹਾਂ ਦਾ ਵਾਹਵਾ ਮੇਲ ਮਿਲਾਇਆ । ਚੂਹੜਾ ਤੇ ਚੁਮਿਆਰ ਹੋਏ ਇਕੱਠੇ, ਬਣ ਗਏ ਚਿੱਟੇ ਲੱਠੇ, ਪ੍ਰਭ ਅਬਿਨਾਸ਼ੀ ਬੰਨ੍ਹੇ ਧਾਰ । ਬਾਕੀ ਉਚੇ ਹੋ ਹੋ ਜੋ ਫਿਰਨ ਨੱਠੇ, ਪ੍ਰਭ ਅਬਿਨਾਸ਼ੀ ਤੋੜੇ ਸਰਬ ਹੰਕਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਰੇ ਕਰੇ ਦਰ ਇਕੱਠੇ, ਦੇਵੇ ਨਾਮ ਅਧਾਰ । ਸਾਰਾ ਹਾਲ ਫੇਰ ਲਿਖਾਵਣਾ । ਜਿਥੇ ਗੁਰਸਿਖ ਸੱਚੀ ਸੇਵ ਕੀਤੀ, ਵਿਚ ਕਿਤਾਬ ਲਿਖਾਵਣਾ । ਏਕਾ ਜੋਤ ਸਦਾ ਸੁਰਜੀਤੀ, ਬੁਝ ਕਦੇ ਨਾ ਜਾਵਣਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਿਛਲਾ ਜਾਮਾ ਸਪਸ਼ਟ ਵਖਾਵਣਾ । ਸਾਚਾ ਹੁਕਮ ਸੱਚੀ ਸਰਕਾਰ । ਦੋਵੇਂ ਉਠੋ ਹੋ ਤਿਆਰ । ਗੁਰਸਿਖ ਨਾਲ ਕਰੋ ਪਿਆਰ । ਇਕ ਦੂਜੇ ਨਾਲ ਅੱਗੇ ਹੋ ਹੋ ਦੇਂਦੇ ਜਾਓ, ਜੋ ਸੱਚੀ ਵਸਤ ਰੱਖੀ ਸੰਭਾਲ । ਪ੍ਰਭ ਅਬਿਨਾਸ਼ੀ ਆਪ

ਨਾ ਖਾਵੇ । ਇਕ ਭੋਰਾ ਮੁਖ ਲਗਾਵੇ । ਗੁਰਮੁਖ ਭੁੱਖੇ ਹਰਿ ਸਾਚਾ ਆਪ ਰਜਾਵੇ । ਆਪਣੇ ਆਪ ਦੀ ਸੁੱਧ ਨਾ ਰੱਖ ਪਹਿਲੋਂ ਬਾਲਾਂ ਨੂੰ ਪ੍ਰਚਾਵੇ । ਬਾਲ ਅੰਞਾਣੇ ਗੁਰਸਿਖ ਜੋ ਚਲਾਏ ਆਪਣੇ ਭਾਣੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਮਾਣ ਨਿਮਾਣਿਆਂ ਮਾਣੇ । ਭੁੱਖਾਂ ਕੱਟੇ ਰੱਖੇ ਤੇਹ । ਗੁਰਸਿਖਾਂ ਮਨ ਬਰਸੇ ਆਤਮ ਮੇਹ । ਕਰੇ ਤਰਸ ਦੇਵੇ ਵਰ ਨਾ ਤੁਟੇ ਨੇਂਹ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਲਹਿਣਾ ਗੁਰ ਸੰਗਤ ਲੈ । ਸੀਤ ਪ੍ਰਸਾਦ ਦੀਨਾ ਵੰਡ । ਗੁਰਮੁਖਾਂ ਆਤਮ ਪਾਉਂਦੇ ਜਾਣਾ ਠੰਡ । ਸਾਚਾ ਕਰਮ ਇਕ ਕਰਾਉਣਾ, ਘੁੱਟ ਘੁੱਟ ਦੇਂਦੇ ਜਾਣਾ ਗੰਢ । ਇਕ ਇਕ ਭੋਰਾ ਮੁਖ ਲਗਾਉਣਾ, ਬਾਕੀ ਘਰ ਦਿਆਂ ਤਾਈਂ ਦੇਣਾ ਵੰਡ । ਪ੍ਰਭ ਅਬਿਨਾਸ਼ੀ ਵਡ ਰਥਵਾਹੀ ਆਪ ਅਖਵਾਉਣਾ, ਸਾਰਿਆਂ ਭਾਰ ਲਏ ਵੰਡ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਗੁਰ ਮਿਲਿਆ ਲੇਖ ਲਿਖਿਆ ਧੁਰ, ਅੰਤਮ ਦੇਵੇ ਕਦੇ ਨਾ ਕੰਡ । ਨਾ ਅੰਤਮ ਦੇਵੇ ਪਿੱਛਾ । ਬਣੇ ਔਖੀ ਕਰੇ ਰਿਛਾ । ਸਾਚੀ ਦੇਵੇ ਦਾਤ ਨਾਮ ਹਰਿ ਜੀ ਭਿੱਛਾ । ਬੇਮੁਖ ਜੀਵਾਂ ਚਾਰੋਂ ਕੁੰਟ ਨਚਾਏ ਜਿਉਂ ਕਲੰਦਰ ਹੱਥ ਰਿਛਾ । ਖਿਚੇ ਨੱਥ ਦਏ ਹੁਲਾਰਾ, ਦਰ ਦਰ ਨਚਾਏ ਨਾ ਕਰੇ ਹੁਦਾਰਾ, ਕਿਤੇ ਨਾ ਮਿਲਦੀ ਸਾਚੀ ਭਿੱਛਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨੋ ਜੇ ਜਾਓ ਪਾਸਾ ਮੋੜ ਫੇਰ ਵੀ ਨਾ ਛੋਡੇ ਪਿੱਛਾ । ਇਕ ਵਾਰ ਸਿੱਖ ਮੂੰਹ ਮੋੜੇ, ਫੜ ਕੇ ਸ਼ਬਦ ਡੰਡਾ ਮੋੜ ਲਿਆਏ । ਅਗਲ ਵਾਂਢੀ ਜੋਤ ਸਰੂਪ ਅੱਗੇ ਖੜਾ ਨਜ਼ਰੀ ਆਏ । ਫੜ ਕੇ ਨੱਥ ਖਿਚ ਦਵਾਰੇ ਆਪਣੇ ਲਿਆਏ । ਸਿਰ ਤੇ ਰੱਖੇ ਹੱਥ ਪ੍ਰਭ ਅਬਿਨਾਸ਼ੀ ਸੋਲਾਂ ਕਲਾ ਸਮਰਥ, ਆਤਮ ਦੇਵੇ ਸਾਚੀ ਵਥ, ਜੁੜਿਆ ਜੋੜ ਹਰਿ ਰਘੁਰਾਏ । ਨਾ ਕੋਈ ਸਕੇ ਫੇਰ ਤੋੜ, ਨਾ ਕੋਈ ਸਕੇ ਝੱਟ ਮਰੋੜ, ਦੂਜੇ ਦੀ ਨਾ ਪਏ ਲੋੜ,
੬੮ ਇਕੋ ਇਕ ਵਿਚ ਸਮਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਖ਼ਸ਼ੇ ਕਿਰਪਾ ਕਰ ਆਪਣੀ ਚਰਨ ਸਰਨਾਏ । ਗੁਰ ਪ੍ਰਸਾਦਿ ਪਰਮਗਤ ਜਾਣ । ਮਿਲਦੀ ੬੮
ਨਹੀਂ ਕਿਸੇ ਵਿਚ ਜਹਾਨ । ਦਰ ਦਰ ਘਰ ਘਰ ਬੈਠੇ ਬੈਠੇ ਵਿਚ ਮੰਦਰ ਗੁਰਦਵਾਰੇ ਬੈਠੇ ਰਹੇ ਖ਼ਾਕ ਛਾਣ । ਮੰਦਰਾਂ ਉਤੇ ਫਿਰਦੇ ਬੰਦਰ, ਕਦੇ ਭੱਜਣ ਬਾਹਰ ਕਦੇ ਵੜਦੇ ਅੰਦਰ । ਆਪੇ ਬਣੇ ਠੱਗ ਚੋਰ ਯਾਰ, ਘਰ ਸਾਚੇ ਦਾ ਤੋੜੇ ਜੰਦਰ । ਪ੍ਰਭ ਅਬਿਨਾਸ਼ੀ ਜਾਮਾ ਧਾਰੇ, ਬਣ ਜਾਏ ਬੇਮੁੱਖਾਂ ਦਾ ਆਪ ਕਲੰਦਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨੱਕੀਂ ਨੱਥ ਕੰਨ ਪੜਵਾਏ ਆਪ ਨਚਾਏ ਜਿਉਂ ਗੋਰਖ ਨਚਾਇਆ ਆਪਣਾ ਗੁਰ ਮਛੰਦਰ । ਕਾਮੀ ਕਰੋਧੀ ਕੂੜ ਕੁੜਿਆਰੇ । ਮੱਲੀ ਬੈਠੇ ਗੁਰੂਦਵਾਰੇ । ਆਪਣੀ ਆਪ ਨਾ ਪਾਇਣ ਸਾਰੇ । ਕਾਇਆ ਸਚ ਮਹੱਲ ਖਾਲੀ ਹੋਇਆ ਕਿਉਂ ਮੱਲੇ ਝੂਠੇ ਚੁਬਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਅੰਤ ਕਲਜੁਗ ਜਾਮਾ ਧਰ ਆਪਣੀ ਹੱਥੀਂ ਸਰਬ ਸੰਘਾਰੇ । ਅੱਠੇ ਪਹਿਰ ਰਹਿਣ ਸਚ ਦਰਬਾਰ । ਕਰਦੇ ਰਹਿਣ ਝੂਠੀ ਮਾਇਆ ਵਾਲੀ ਵਿਚਾਰ । ਝੂਠੀ ਕਰਨ ਸੇਵਾ, ਝੂਠਾ ਲੱਗੇ ਮੇਵਾ, ਅੱਖੀਂ ਚੁੱਕ ਚੁੱਕ ਵੇਖਣ ਕਿਧਰੋਂ ਆਉਂਦੀ ਧੀ ਭੈਣ ਮੁਟਿਆਰ । ਲਜ ਪਤ ਨਾ ਰੱਖੀ ਸਾਂਝੀ, ਨਾ ਜਾਣਨ ਇਹ ਕੋਈ ਸੁਹਾਗਣ ਨਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਜਾਮਾ ਧਾਰ ਸਭ ਦਾ ਸਿਰ ਦੇਵੇ ਪਾੜ । ਲੱਗੀ ਜੜ੍ਹ ਦਏ ਉਖਾੜ । ਗੁਰਸਿਖਾਂ ਨਿਭੇ ਨਾਲ । ਆਪਣੇ ਤਾਣੇ ਤਣੇ ਲਏ ਸੁਰਤ ਸੰਭਾਲ । ਗੁਰੂ ਘਰ ਜਿਸ ਨੇ ਖਾਧਾ, ਦੂਣਾ ਸੂਦ ਲਗਾਇਆ ਵਧ ਗਿਆ ਵਾਧਾ । ਜੋਤ ਸਰੂਪੀ ਪ੍ਰਭ ਅਬਿਨਾਸ਼ੀ ਜਾਮਾ ਪਾਇਆ, ਆਪੇ ਕੱਢੇ ਫੜ ਬਕਾਇਆ, ਜੋ ਲਿਆ ਪਿਓ ਦਾਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚਾ ਪਾਰ ਕਰਾਇਆ, ਜਿਸ ਨੇ ਰਸਨ ਅਰਾਧਾ । ਪੰਡਤ ਪੜ੍ਹਨ ਪੁਰਾਨ, ਆਤਮ ਹੋਏ ਨਾ ਫੇਰ ਗਿਆਨ, ਆਤਮ ਹੋਏ ਬੇਈਮਾਨ, ਝੂਠੇ ਤਿਲਕ ਵਿਚ ਲਲਾਟ ਲਗਾਉਂਦੇ । ਭੁਲਿਆ ਹਰਿ ਭਗਵਾਨ, ਜਿਸ ਨੇ ਦਿਤਾ ਪੀਣ ਖਾਣ, ਉਹਨੂੰ ਵੱਢੀ ਖੋਰ ਬਣਾਉਂਦੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਾਮਾ ਧਾਰ ਲਵੇ ਸਾਰ, ਜੋ ਨਰ ਨਾਰ ਪ੍ਰਭ ਨੂੰ ਹਰਾਮ ਖੋਰ ਸਦਾਉਂਦੇ ।

❋ ੨੦ ਹਾੜ ੨੦੧੧ ਬਿਕ੍ਰਮੀ ਪਾਲ ਸਿੰਘ ਦੇ ਗ੍ਰਿਹਿ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❋

ਪਵਣ ਜੋਤ ਜੋਤ ਪਵਣ ਜਗਤ ਮਸਾਣਾ । ਸ਼ਬਦ ਗੋਤ ਗੋਤ ਸ਼ਬਦ, ਵਰਨ ਅਵਰਨ ਹਰਿ ਆਪ ਚਲਾਨਾ । ਸਾਚਾ ਹਲ ਹਰਿ ਰਿਹਾ ਜੋਤ, ਤਿੰਨਾਂ ਲੋਕਾਂ ਵਡ ਕਿਰਸਾਣਾ । ਦੁਰਮਤ ਮੈਲ ਰਿਹਾ ਧੋਤ, ਆਤਮ ਉਪਜੇ ਨਾਮ ਨਿਧਾਨਾ । ਕਲਜੁਗ ਜੀਵ ਰਿਹਾ ਸੋਤ, ਵਿਸਾਰਿਆ ਨਰ ਹਰਿ ਸ੍ਰੀ ਭਗਵਾਨਾ । ਗੁਰਮੁਖਾਂ ਖੋਲ੍ਹੇ ਬੰਦ ਸੋਤ, ਜੋਤ ਜਗਾਏ ਤਨ ਮਹਾਨਾ । ਮੂਰਖ ਮੁਗਧ ਅੰਞਾਣੇ ਰਹੇ ਰੋਤ, ਪਰਮ ਪੁਰਖ ਨਾ ਮਾਤ ਪਛਾਣਾ । ਸ੍ਰਿਸ਼ਟ ਸਬਾਈ ਏਕਾ ਦਿਸੇ ਚਰਨ ਪ੍ਰੀਤੀ ਸਾਚੀ ਗੋਤ, ਭਰਮ ਭੁਲੇਖੇ ਦੂਰ ਕਰਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਘਰ ਸਾਚਾ ਹਲ ਆਪ ਚਲਾਨਾ । ਅੰਮ੍ਰਿਤ ਪਾਏ ਸਾਚਾ ਜਲ, ਧਰਤ ਕਾਇਆ ਸਿੰਚ ਵਖਾਇੰਦਾ । ਨਾਮ ਲਗਾਏ ਸਾਚਾ ਫਲ ਮਨਮੁਖਾਂ ਹੱਥ ਨਾ ਆਇੰਦਾ । ਆਪ ਰਖਾਏ ਨਿਹਚਲ ਧਾਮ ਅਟੱਲ, ਗੁਰਮੁਖਾਂ ਚੋਗ ਚੁਗਾਇੰਦਾ । ਹਰੀ ਕਰੇ ਕਾਇਆ ਖੱਲ, ਜੋਤ ਨੂਰ ਇਕ ਵਸਾਇੰਦਾ । ਆਤਮ ਸੇਜਾ ਬੈਠਾ ਮੱਲ, ਜੰਗਲ ਜੂਹ ਉਜਾੜ ਪਹਾੜ ਰੋਜ਼ੀ ਰਿਜ਼ਕ ਆਪ ਪੁਚਾਇੰਦਾ । ਨਾ ਵੇਖੇ ਅੱਜ ਕਿ ਕਲ, ਅੱਠੇ ਪਹਿਰ ਸੰਗ ਸਮਾਇੰਦਾ । ਸਦ ਵਸੇ ਜਲ ਥਲ, ਜੰਗਲ ਜੂਹ ਉਜਾੜ ਪਹਾੜ, ਡੂੰਘੀ ਕੰਦਰ ਹਰਿ ਆਪ ਰਹਾਇੰਦਾ । ਲੱਖ ਚੁਰਾਸੀ ਜਾਏ ਦਲ, ਏਕਾ ਗੇੜਾ ਕਲਜੁਗ ਦਵਾਇੰਦਾ । ਗੁਰਮੁਖ ਸਾਚਾ ਰਹੇ ਅਟੱਲ, ਚਰਨ ਪ੍ਰੀਤੀ ਸੇਵ ਕਮਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਹਾੜੀ ਗੁਰਮੁਖ ਸਾਚੇ ਸੰਤ ਜਨਾਂ ਲੋਕਮਾਤ ਸਾਚੀ ਨੀਂਹ ਰਖਾਇੰਦਾ । ਗੁਰਮੁਖ ਸਦਾ ਅਟੱਲ, ਸ਼ਬਦ ਜੈਕਾਰ ਹੈ । ਲੋਕਮਾਤ ਦਰ ਜਾਏ ਮੱਲ, ਏਕਾ ਟੇਕ ਪੁਰਖ ਕਰਤਾਰ ਹੈ । ਚਰਨ ਪ੍ਰੀਤੀ ਜਾਏ ਬਲ ਬਲ, ਮਾਨਸ ਜਨਮ ਰਿਹਾ ਸਵਾਰ ਹੈ । ਬੇਮੁਖ ਭੁਲਾਏ ਕਰ ਕਰ ਵਲ ਛਲ, ਮਨ ਮੁਗਧ ਨਾ ਪਏ ਸਾਰ ਹੈ । ਜਨ ਭਗਤਾਂ ਦਰਸ ਦਿਖਾਏ ਘੜੀ ਘੜੀ ਪਲ ਪਲ, ਦਰ ਘਰ ਆਏ ਗਿਰਵਰ ਗਿਰਧਾਰ ਹੈ । ਆਪ ਮਿਟਾਏ ਬਿਰਹੋਂ ਵਿਛੋੜਾ ਆਤਮ ਸੱਲ, ਕਾਇਆ ਕਰੇ ਠੰਡੀ ਠਾਰ ਹੈ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਲਜੁਗ ਤੇਰੀ ਅੰਤਮ ਵਾਰ ਹੈ । ਇਕ ਬਣਾਏ ਮਹੱਲ ਅਟਾਰੀ, ਗੁਰਮੁਖਾਂ ਪੈਜ ਰਿਹਾ ਸਵਾਰ ਹੈ । ਗੁਰਮੁਖ ਤੇਰਾ ਨਾਮ ਨਿਧਾਨ, ਏਕਾ ਜਾਣੇ ਹਰਿ ਭਗਵਾਨ, ਜੀਵ ਜੰਤ ਸਾਧ ਸੰਤ ਨਾ ਕਰੇ ਕੋਈ ਪਛਾਣ ਹੈ । ਕਲਜੁਗ ਤੇਰਾ ਵੇਲਾ ਅੰਤ, ਪ੍ਰਭ ਮਾਇਆ ਪੜਦਾ ਪਾਏ ਬੇਅੰਤ, ਧਨ ਧਨ ਵਣਜਾਰਾ ਗੁਰਸਿਖ ਪਿਆਰਾ, ਜਿਸ ਮਿਲਿਆ ਕੰਤ ਭਗਵਾਨ ਹੈ । ਬੇਮੁਖ ਤਨ ਰਹੇ ਅਫਾਰਾ ਅੱਠੇ ਪਹਿਰ ਹੈ । ਜਨ ਭਗਤਾਂ ਦੇਵੇ ਨਾਮ ਅਧਾਰਾ, ਝੁੱਲਦਾ ਰਹੇ ਜਗਤ ਨਿਸ਼ਾਨ ਹੈ । ਆਪੇ ਬਣੇ ਹਰਿ ਸਹਾਰਾ, ਦਰਗਾਹ ਸਾਚੀ ਦੇਵੇ ਮਾਣ ਹੈ । ਆਤਮ ਜੋਤੀ ਨੂਰ ਅਪਾਰਾ, ਜਗੇ ਜੋਤ ਗੁਣਵੰਤ ਗੁਣ ਨਿਧਾਨ ਹੈ । ਸ਼ਬਦ ਦੇਵੇ ਸਾਚੀ ਧਾਰਾ, ਆਤਮ ਸਰ ਸਚ ਇਸ਼ਨਾਨ ਪੰਜਾਂ ਚੋਰਾਂ ਮਾਰੇ ਮਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਆਪ ਚੜ੍ਹਾਏ ਸ਼ਬਦ ਸੱਚੇ ਬਬਾਣ ਹੈ । ਸ਼ਬਦ ਬਬਾਣ ਸਚ ਉਡਾਰੀ । ਆਪ ਲਵਾਏ ਸ੍ਰੀ ਭਗਵਾਨ, ਮਾਤਲੋਕ ਕਰ ਖੇਲ ਨਿਆਰੀ । ਸਾਚਾ ਦੇਵੇ ਨਾਮ ਦਾਨ, ਜਗਤ ਪਿਤ ਕਰ ਸਾਚਾ ਹਿਤ, ਨਿਤ ਨਵਿਤ ਭੇਖਾ ਭੇਖੀ ਭੇਖ ਧਾਰੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪਹਿਲੀ ਹਾੜੀ । ਗੁਰਸਿਖ ਫੁਲਵਾੜੀ ਕਰੇ ਸ਼ਬਦ ਵਾੜੀ ਕਲਜੁਗ ਤੇਰੀ ਅੰਤਮ ਵਾਰ ਹੈ । ਪਹਿਲੀ ਹਾੜ ਜਗਤ ਪ੍ਰਕਾਸ਼ । ਹਰਿ ਦਾਸਨ ਦਾਸ ਨਿਜ ਘਰ ਵਾਸ । ਆਪੇ ਵਸੇ ਚਲੇ ਵਿਚ ਸਵਾਸ ਸਵਾਸ । ਸਦ ਵਸੇ ਆਸ ਪਾਸ । ਸਚ ਸੁਨੇਹੜਾ ਏਕਾ ਘੱਲੇ, ਸਚ ਮੰਡਲ ਦੀ ਸਾਚੀ ਰਾਸ । ਧੁਰ ਦਰਗਾਹੋਂ ਆਇਆ ਥੱਲੇ, ਗੁਰਸਿਖ ਆਤਮ ਕਰੇ ਨਿਵਾਸ । ਏਕਾ ਵਸੇ ਧਾਮ ਇਕੱਲੇ ਸਚ ਮਹੱਲੇ, ਆਦਿ ਅੰਤ ਨਾ ਜਾਏ ਵਿਨਾਸ । ਗੁਰਸਿਖ ਸਾਚਾ ਸਦਾ

੬੯

ਜਗ ਫਲੇ ਫੁੱਲੇ, ਪੁਰਖ ਅਬਿਨਾਸ਼ੀ ਜਿਸ ਹੋਇਆ ਦਾਸ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਜੋਤੀ ਏਕਾ ਨੂਰਾ, ਸਰਬ ਕਲਾ ਭਰਪੂਰਾ, ਮਾਤ ਪਤਾਲ ਅਕਾਸ਼ । ਦੂਜਾ ਦੋਏ ਕਰੇ ਅਕਾਰ । ਨਿਰਗੁਣ ਸਰਗੁਣ ਖੇਲ ਅਪਾਰ । ਨਿਰਗੁਣ ਨਿਰਾਹਾਰ ਸਰਗੁਣ ਸ਼ਬਦ ਅਧਾਰ । ਦੇਵੇ ਵਸਤ ਇਕ ਅਟੱਲ, ਲੋਕਮਾਤ ਅਪਾਰ । ਸਾਚੀ ਜੋਤੀ ਆਪ ਟਿਕਾਏ ਸਚ ਮਹੱਲ, ਕਾਇਆ ਕਰ ਅਕਾਰ । ਸ਼ਬਦ ਸੁਨੇਹੁੜਾ ਰਿਹਾ ਘੱਲ, ਲੱਖ ਚੁਰਾਸੀ ਕਰਨੀ ਖ਼ਬਰਦਾਰ । ਅੰਤ ਕਰਾਏ ਜਲ ਥਲ, ਬੇਮੁਖ ਵਹਾਏ ਵਹਿੰਦੀ ਧਾਰ । ਕਲਜੁਗ ਤੇਰਾ ਅੰਤਮ ਕਲ, ਆਤਮ ਹੰਕਾਰੀ ਜਗਤ ਵਿਕਾਰੀ ਹੋਵਣ ਛਾਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਆਤਮ ਭਰੇ ਸ਼ਬਦ ਭੰਡਾਰ । ਤੀਜਾ ਤਿੰਨਾਂ ਲੋਕਾਂ ਧਾਰਾ । ਹੋਇਆ ਹਰਿ ਸ਼ਬਦ ਅਸਵਾਰਾ । ਰੂਪ ਰੰਗ ਕਿਸੇ ਦਿਸ ਨਾ ਆਏ, ਕਰੇ ਖੇਲ ਅਪਰ ਅਪਾਰਾ । ਗੁਰਮੁਖਾਂ ਆਤਮ ਜਗਤ ਤ੍ਰਿਸ਼ਨਾ ਵਿਸ ਲਾਹੇ, ਅੰਮ੍ਰਿਤ ਦੇਵੇ ਸਾਚੀ ਧਾਰਾ । ਜੋਤੀ ਜੋਤ ਸਰੂਪ ਹਰਿ, ਤਿੰਨਾਂ ਲੋਆਂ ਪਾਵੇ ਸਾਰਾ । ਚੌਥੇ ਚਾਰ ਦਰ ਦਰਵਾਜੇ । ਆਪੇ ਜਾਣੇ ਗਰੀਬ ਨਿਵਾਜੇ । ਜਿਥੇ ਬੈਠ ਗੁਰ ਪੈਗ਼ੰਬਰ ਪੀਰ ਜਨ ਭਗਤਾਂ ਸਾਜਨ ਸਾਜੇ । ਪੰਚਮ ਦੇਸ ਇਕ ਆਇਆ ਹਰਿ ਹਿੱਸੇ, ਹੋਰ ਕਿਸੇ ਨਾ ਦਿਸੇ, ਸ਼ਬਦ ਸਰੂਪੀ ਮਾਰੇ ਅਵਾਜੇ । ਜੋਤੀ ਜੋਤ ਸਰੂਪ ਹਰਿ, ਏਕਾ ਏਕ ਆਪਣਾ ਸਾਜ ਆਪੇ ਸਾਜੇ । ਪੰਚਮ ਘਰ ਪੰਚ ਦਵਾਰਾ । ਪਵਣ ਸ਼ਬਦ ਜੋਤ ਏਕਾ ਧਾਰਾ । ਇਕ ਅਕਾਲ ਓਥੇ ਵਸੇ, ਸਦਾ ਸਦਾ ਸਦ ਖਿੜ ਖਿੜ ਹੱਸੇ, ਲੋਕਮਾਤ ਜੋਤੀ ਘੱਲੇ, ਆਪ ਵਸੇ ਸਚ ਮਹੱਲੇ, ਆਵੇ ਜਾਵੇ ਘੜੀ ਘੜੀ ਪਲੇ ਪਲੇ, ਕਦੇ ਉਪਰ ਕਦੇ ਥੱਲੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰਾ ਖੇਲ ਅਪਰ ਅਪਾਰਾ । ਸੰਤ ਜਨ
੭੦ ਕੀ ਜਾਣ ਪਛਾਨਣ । ਏਕਾ ਰੱਖਣ ਗੁਰ ਚਰਨ ਧਿਆਨਣ । ਜੋਤ ਨਾ ਜਾਨਣ ਹਰਿ ਭਗਵਾਨਣ । ਜਿਹੜਾ ਦੇਵੇ ਜਗਤ ਗੁਰੂਆਂ ਚਾਨਣ । ਸ੍ਰਿਸ਼ਟ ਸਬਾਈ ੭੦
ਸਦਾ ਸਦਾ ਹਰਿ ਬੰਨ੍ਹੇ ਬਾਨਣ । ਜਾਤ ਪਾਤ ਨਾ ਕੋਈ ਵਖਾਏ, ਨਾ ਕੋਈ ਵੇਖੇ ਗੌੜ ਬ੍ਰਾਹਮਣ । ਜਨ ਭਗਤਾਂ ਹਰਿ ਆਪ ਪਛਾਣੇ, ਧੁਰਦਰਗਾਹੀ ਸੱਚਾ ਜਾਮਨ । ਜਗਤ ਵਿਕਾਰਾ ਆਪੇ ਮਾਰੇ, ਨੇੜ ਨਾ ਆਏ ਕੋਈ ਕਾਮਨੀ ਕਾਮਨ । ਗੁਰਮੁਖ ਸਾਚੇ ਤੇਰੀ ਆਤਮ ਨਾ ਕਦੇ ਹੰਕਾਰੇ, ਫੜਿਆ ਗੁਰ ਪੂਰੇ ਦਾ ਸਾਚਾ ਦਾਮਨ । ਵੱਜੇ ਇਕ ਸ਼ਬਦ ਖੰਡਾ ਦੋ ਧਾਰੇ, ਹੋਏ ਆਰ ਪਾਰੇ, ਵਿਚ ਸੰਸਾਰੇ ਪਹਿਲੀ ਵਾਰੇ, ਗੁਰਮੁਖ ਵਿਰਲੇ ਜਾਨਣ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਜੋਤ ਜਗਾਈ, ਜਨ ਭਗਤਾਂ ਦਏ ਵਧਾਈ, ਘਰ ਸਾਚੇ ਅੰਮ੍ਰਿਤ ਆਤਮ ਸਰ ਕਰਾਏ ਇਸ਼ਨਾਨਣ । ਪੰਚਮ ਪੁਰਖ ਸੁਜਾਨਾ । ਸਾਚਾ ਦੱਸੇ ਇਕ ਬ੍ਰਹਮ, ਜਾਤ ਪਾਤ ਨਾ ਕੋਇ ਵਖਾਨਾ । ਹਰਿ ਚਰਨ ਪ੍ਰੀਤੀ ਸਾਚਾ ਧਰਮ, ਏਕਾ ਚਰਨ ਧਿਆਨਾ । ਆਤਮ ਅਤੀਤੀ ਸਚ ਕਰਮ, ਹਰਿ ਹਿਰਦੇ ਸਦ ਵਸਾਣਾ । ਮਾਨਸ ਦੇਹੀ ਸਚ ਜਨਮ, ਮਿਲੇ ਮੇਲ ਹਰਿ ਭਗਵਾਨਾ । ਜਗਤ ਸਨੇਹੀ ਮਿਟੇ ਭਰਮ, ਦਰਸ ਪਾਏ ਪਦ ਨਿਰਬਾਣਾ । ਦੂਈ ਦਵੈਤੀ ਮਿਟੇ ਵਰਮ, ਸ਼ਬਦ ਧੀਰ ਇਕ ਰਖਾਨਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਏਕਾ ਏਕ ਦਿਸਾਏ ਸਾਚਾ ਘਰ ਸਚ ਟਿਕਾਣਾ । ਛੇਵੇਂ ਛੱਪਰ ਛੰਨ ਨਾ ਕੋਇ । ਜਿਥੇ ਆਪ ਹਰਿ ਜੀ ਸੋਏ । ਏਕਾ ਜੋਤ ਹਰਿ ਬਲੋਏ । ਕਰੇ ਰੁਸ਼ਨਾਏ ਤਿੰਨਾਂ ਲੋਏ । ਗੁਰਮੁਖ ਉਠਾਏ ਮਾਤ ਸੋਏ । ਅਵਰ ਨਾ ਜਾਣੇ ਜੀਵ ਕੋਇ । ਪੁਰਖ ਅਬਿਨਾਸ਼ੀ ਸਚ ਭਤਾਰਾ ਵਿਚ ਸੰਸਾਰਾ, ਕੰਤ ਸੁਹਾਗੀ ਵਡ ਵਡਭਾਗੀ, ਗੁਰਸਿਖ ਨਾਰ ਸਾਚੀ ਹੋਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਧੋਏ ਕਾਇਆ ਦਾਗ਼ੀ, ਸਾਚਾ ਸ਼ਬਦ ਸੁਣਾਏ ਸਾਚਾ ਰਾਗੀ, ਹੰਸ ਬਣਾਏ ਕਾਗੀ ਚਰਨ ਪ੍ਰੀਤੀ ਸਾਚੀ ਲਾਗੀ, ਨਾ ਅੰਤ ਵਿਛੋੜਾ ਹੋਏ । ਸਤਵੇਂ ਸਤਿ ਪੁਰਖ ਕਲ ਧਾਰਾ । ਜੋਤ ਨਿਰੰਜਣ ਅਲਖ ਅਗੰਮ, ਸਰਬ ਘਟਾਂ ਪਸਾਰਾ । ਆਪ ਉਪਜਾਏ ਸ਼ਿਵ ਸ਼ੰਕਰ ਬ੍ਰਹਮਾ ਵਿਸ਼ਨ ਦੇਵੇ ਜੋਤ ਅਕਾਰਾ । ਲੋਕਮਾਤ ਨਾ ਆਏ

ਹੱਥ ਬਿਨ ਪੂਰਬ ਕਰਮਾਂ, ਪਹਿਲੇ ਬਣੇ ਆਪ ਲਿਖਾਰਾ । ਸੁਫ਼ਲ ਕਰਾਏ ਮਾਨਸ ਜਨਮਾ, ਜਿਸ ਜਨ ਦੇਵੇ ਦਰਸ ਦਿਖਾਏ, ਦਰ ਘਰ ਆਏ ਹਰਿ ਗਿਰਧਾਰਾ ।
ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਅੰਤ ਜੁਗਾ ਜੁਗੰਤ ਭਗਤ ਭਗਵੰਤ, ਏਕਾ ਸੇਜਾ ਦੋਵੇ ਸੁੱਤੇ ਰਹਿਣ, ਇਕੱਠੇ ਬਹਿਣ ਹਰਿ
ਸਾਚਾ ਕੰਤ ਭਤਾਰਾ । ਗੁਰਮੁਖ ਸਾਚੀ ਨਾਰਾ । ਅੱਠ ਤੱਤ ਤੱਤ ਵਿਚਾਰੇ । ਕਾਇਆ ਕੋਟ ਪ੍ਰਭ ਉਸਾਰੇ । ਵਿਚੋਂ ਕੱਢਣ ਵਾਲਾ ਖੋਟ, ਨੌਂ ਦਰ ਸੁੱਤਾ ਰਹੇ ਹਰਿ
ਕਰਤਾਰੇ । ਲਗਾਉਂਦਾ ਰਹੇ ਸ਼ਬਦ ਚੋਟ, ਅੱਠੇ ਪਹਿਰ ਆਤਮ ਦਰ ਸੱਚੇ ਦਵਾਰੇ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ੍ਰਿਸ਼ਟ
ਸਬਾਈ ਆਤਮ ਵਸੇ ਨਾ ਹੋਏ ਕਦੇ ਬਾਹਰੇ । ਦਸਵੇਂ ਦਿਸ਼ਾ ਜਿਸ ਵਖਾਨੀ । ਗੁਰਮੁਖ ਪੜ੍ਹੇ ਮਾਤ ਨਾ ਬਾਣੀ । ਏਕਾ ਮਿਲੇ ਜੋਤ ਭਗਵਾਨੀ । ਮਿਟੇ ਦੂਈ ਜਗਤ
ਨਿਸ਼ਾਨੀ । ਏਕਾ ਵੱਜੇ ਸ਼ਬਦ ਕਾਨੀ । ਮਿਲਿਆ ਹਰਿ ਸੱਚਾ ਦਿਲ ਜਾਨੀ । ਲੋਕਮਾਤ ਆਵਣ ਨਾ ਦੇਵੇ ਹਾਨੀ । ਗੁਰ ਪੀਰ ਸਾਧ ਸੰਤ ਔਲੀਏ ਗੌਂਸ ਪੀਰ
ਫ਼ਕੀਰ ਦਸਤਗੀਰ ਅੰਤਮ ਹੋਏ ਖਾਲੀ । ਗੁਰਮੁਖ ਸਾਚੇ ਤੇਰੀ ਜੋਤ ਇਕ ਗੋਤ ਅਟੱਲ ਰਹਿ ਜਾਣੀ । ਜੋਤੀ ਜੋਤ ਸਰੂਪ ਹਰਿ, ਆਤਮ ਸਾਚਾ ਮੇਲ ਮਿਲਾਏ, ਜੋਤ
ਨੂਰ ਹਰਿ ਭਗਵਾਨੀ । ਦਸਵੀਂ ਦਿਸ਼ਾ ਸੱਚਾ ਤਰਾਨਾ । ਨਾ ਕੋਈ ਸ਼ਬਦ ਰਾਗ ਨਾ ਗਾਨਾ । ਏਕਾ ਜੋਤ ਜਗੇ ਭਗਵਾਨਾ । ਝੁਲੇ ਸਚਾ ਇਕ ਨਿਸ਼ਾਨਾ । ਜੋਤ
ਸਰੂਪੀ ਆਪ ਆਪੇ ਵਡ ਪ੍ਰਤਾਪ ਡਗਮਗਾਨਾ । ਆਪੇ ਦੇਵੇ ਗੁਰੂਆਂ ਜਾਪ, ਮਾਤਲੋਕ ਜਨ ਆਏ ਜਪਾਨਾ । ਪਿੱਛੇ ਰੱਖੇ ਵਡ ਪ੍ਰਤਾਪ ਮਾਈ ਬਾਪ, ਸਾਰਿਆਂ ਦੇਵੇ
ਇਕ ਧਿਆਨਾ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਆਪਣੇ ਘਰ, ਏਕਾ ਭਗਤ ਦੇਵੇ ਜਗਤ ਨਾਮ ਧੁਰ ਨਿਸ਼ਾਨਾ । ਭਗਤ ਜਨਾਂ ਦਾ ਉਚ ਟਿਕਾਣਾ । ਆਪੇ
 ਵਸੇ ਹਰਿ ਭਗਵਾਨਾ । ਦੋਏ ਜਹਾਨੀ ਦੇਵੇ ਮਾਣਾ । ਸਚ ਝੁਲਾਏ ਇਕ ਨਿਸ਼ਾਨਾ । ਲੋਕਮਾਤ ਹਰਿ ਆਏ ਮੰਗਣਦਾਨਾ । ਚਰਨ ਪ੍ਰੀਤੀ ਸ੍ਰੀ ਭਗਵਾਨਾ । ਗੁਰਮੁਖਾਂ ੭੧
ਸ੍ਰਿਸ਼ਟ ਸਬਾਈ ਜੀਤੀ, ਏਕਾ ਰੱਖੀ ਕਾਇਆ ਅਤੀਤੀ, ਮਿਲਿਆ ਪੁਰਖ ਸੁਜਾਨਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਜਨ ਭਗਤਾਂ ਹੱਥੀਂ ਬੰਨ੍ਹਣ
ਆਇਆ ਗਾਨਾ । ਸ਼ਬਦ ਗਾਨਾ ਹਰਿ ਸਾਚੀ ਡੋਰੀ । ਆਪਣੇ ਸੰਗ ਪ੍ਰਭ ਜਾਏ ਤੋਰੀ । ਕੋਈ ਨਾ ਜਾਣੇ ਆਤਮ ਘੋਰੀ । ਗੁਰ ਪੂਰੇ ਤੋਂ ਕਰਨ ਚੋਰੀ । ਮਾਨਸ
ਦੇਹੀ ਜੀਵ ਢੋਰੀ । ਪੂਰਾ ਹਰਿ ਨਾ ਪਾਇਆ ਜਾਏ, ਨਾ ਚੜ੍ਹਾਏ ਸ਼ਬਦ ਘੋੜੀ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਆਪ ਬਣਾਏ ਬਣਦੀ ਆਏ
ਭਗਤ ਭਗਵੰਤ ਏਕਾ ਜੋੜੀ । ਹਰਿ ਏਕਾ ਇਕ ਅਕਾਰ ਹੈ । ਦੂਜੀ ਜੋਤ ਵਸਤ ਅਪਾਰ ਹੈ । ਤੀਜੇ ਪਵਣ ਰਹੇ ਅਸਵਾਰ ਹੈ । ਚੌਥੇ ਸ਼ਬਦ ਸਾਚੀ ਧਾਰ
ਹੈ । ਪੰਜਵੇਂ ਸੱਚਾ ਸਿਰ ਸਰਦਾਰ ਹੈ । ਛੇਵੇਂ ਸ਼ਾਸਤਰ ਵਿਦਿਆ ਵਸੇ ਬਾਹਰ ਹੈ । ਸਤਵੇਂ ਸਤਿਵਾਦੀ ਪੁਰਖ ਅਪਾਰ ਹੈ । ਅੱਠਵੇਂ ਅੱਠਾਂ ਤੱਤਾਂ ਦਏ ਅਧਾਰ
ਹੈ । ਨੌਵੇਂ ਨੌਂ ਦਰ ਦੇ ਸਮਝਾਵੇ ਮਤਾਂ, ਭਾਣਾ ਨਾ ਜਾਣੇ ਜੀਵ ਗਵਾਰ ਹੈ । ਦਸਵੇਂ ਘਰ ਵਖਾਏ ਦਇਆ ਕਮਾਏ, ਨੌਂ ਖੰਡਾਂ ਤਿੰਨਾਂ ਲੋਆਂ ਏਕਾ ਏਕ ਸਾਚੀ
ਧਾਰ ਹੈ । ਏਕਾ ਬੈਠਾ ਕਮਲਾਪਤਾ, ਪਰਖੇ ਵੇਖੇ ਲੱਖ ਚੁਰਾਸੀ ਵਿਚ ਮਾਤ ਸੁਹਾਗਣ ਦੁਹਾਗਣ ਨਾਰ ਹੈ । ਸਾਚੇ ਮੰਦਰ ਡੇਰਾ ਲਾਏ, ਨਾ ਕੋਈ ਦਿਸੇ ਉਪਰ
ਧਵਲ ਛੱਤਾ, ਏਕਾ ਮਹੱਲ ਅਪਾਰ ਹੈ । ਜਨ ਭਗਤਾਂ ਨਿਭਾਏ ਚਰਨ ਨਾਤਾ, ਮਾਨਸ ਜਨਮ ਦਏ ਸੁਧਾਰ ਹੈ । ਸਾਚਾ ਸ਼ਬਦ ਦੇਵੇ ਜਗਤ ਸਾਚੀ ਦਾਤਾ, ਭਰਿਆ
ਰਹੇ ਸਦ ਭੰਡਾਰ ਹੈ । ਬੈਠਾ ਰਹੇ ਇਕ ਇਕਾਂਤਾ, ਸ੍ਰਿਸ਼ਟ ਸਬਾਈ ਪਾਉਂਦਾ ਰਹੇ ਸਾਰ ਹੈ । ਨਾ ਕੋਈ ਵੇਖੇ ਜਾਤਾਂ ਪਾਤਾਂ, ਸਰਬ ਜੀਆਂ ਦਾ ਏਕਾ ਹਰਿ ਨਿਰੰਕਾਰ
ਹੈ । ਜਨ ਭਗਤਾਂ ਅੰਤਮ ਪੁੱਛੇ ਵਾਤਾਂ, ਜੋਤ ਸਰੂਪੀ ਜਾਮਾ ਧਾਰ ਹੈ । ਗੁਰਮੁਖ ਸਾਚੇ ਆਪ ਉਠਾਏ ਜਿਉਂ ਬਾਲਕ ਮਾਤਾ, ਅੰਮ੍ਰਿਤ ਸੀਰ ਪਿਆਏ ਕਰ ਪਿਆਰ
ਹੈ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ ਹਰਿ ਭਗਵੰਤ ਪਾਉਂਦਾ ਰਹੇ ਸਾਰ ਹੈ । ਦਸਮ ਦਰ ਸਚ ਦਵਾਰਾ । ਸਾਚਾ ਘਰ ਵਸੇ ਨਿਰੰਕਾਰਾ ।

ਅੰਮ੍ਰਿਤ ਖੋਲ੍ਹੇ ਸਾਚਾ ਸਰ, ਚਲਦੀ ਰਹੇ ਨਾਮ ਫੁਹਾਰਾ । ਗੁਰਮੁਖ ਕਾਇਆ ਆਤਮ ਕਰੇ ਠੰਡੀ ਠਾਰਾ । ਬੇਮੁਖਾਂ ਦਰ ਆਏ ਡਰ, ਪਾਪ ਹੰਕਾਰੀ ਤਨ ਚੜ੍ਹਿਆ ਰਹੇ ਬੁਖ਼ਾਰਾ । ਝੂਠੇ ਭਾਂਡੇ ਪ੍ਰਭ ਅੰਤਮ ਵੇਲੇ ਦੇਵੇ ਭੰਨ, ਨਾ ਹੋਵੇ ਕੋਈ ਸਹਾਰਾ । ਬੇਮੁਖ ਜੀਵ ਆਤਮ ਅੰਧ ਨਾ ਜਾਨਣ ਰੰਗ ਕਰਤਾਰਾ । ਪੰਜੇ ਚੋਰ ਅੱਠੇ ਪਹਿਰ ਲਾਉਂਦੇ ਰਹਿਣ ਸੰਨ੍ਹ, ਖ਼ਾਲੀ ਹੱਥ ਜਾਏ ਕਲਜੁਗ ਜੀਵ ਜਗਤ ਵਣਜਾਰਾ । ਗੁਰਮੁਖਾਂ ਪ੍ਰਭ ਬੇੜਾ ਬੰਨ੍ਹ, ਸਾਚੀ ਦੇਵੇ ਨਾਮ ਦਾਤ ਜਗਤ ਬਣੇ ਵਰਤਾਰਾ । ਏਕਾ ਸ਼ਬਦ ਸੁਣਾਏ ਕੰਨ, ਝੂਠਾ ਕਢਾਏ ਜੰਨ, ਅੰਤਮ ਵੇਲੇ ਉਤਰੇ ਪਾਰਾ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਆਪੇ ਖੋਲੇ ਸਾਚਾ ਸ਼ਬਦ ਪੂਰੇ ਤੋਲ ਤੋਲੇ, ਸਦ ਵਸੇ ਕੋਲੇ, ਨਾ ਦਿਸੇ ਬੰਦ ਕਿਵਾੜਾ । ਖੋਲ੍ਹੇ ਬੰਦ ਕੁਆੜ, ਹਰਿ ਨਿਰੰਕਾਰਿਆ । ਪਰੇ ਹਟਾਏ ਝੂਠੀ ਧਾੜ, ਮਾਰੇ ਸ਼ਬਦ ਖੰਡਾ ਦੋ ਧਾਰਿਆ । ਘਰ ਸਾਚੇ ਦੇਵੇ ਵਾੜ, ਜਨ ਕਰੇ ਚਰਨ ਨਿਮਸਕਾਰਿਆ । ਜੋਤੀ ਜੋਤ ਸਰੂਪ ਹਰਿ, ਦਰਗਾਹ ਸਾਚੀ ਜਨ ਸਾਚੇ ਸੰਤ ਜਨਾਂ ਜਗਤ ਭਗਤਾਂ ਆਪ ਬਣਾਏ ਸਾਚੇ ਲਾੜਿਆ । ਦਸਵੇਂ ਦਰ ਖੇਲ ਰਚਾਇੰਦਾ । ਸ਼ਬਦ ਸਰੂਪੀ ਡੰਕ ਵਜਾਇੰਦਾ । ਪਵਣ ਸਰੂਪੀ ਆਤਮ ਸਵਾਸੀ, ਏਕਾ ਧਾਮ ਵਸਾਇੰਦਾ । ਸਾਚੀ ਜੋਤ ਕਰੇ ਪ੍ਰਕਾਸ਼ੀ, ਅੰਧ ਅੰਧੇਰ ਮਿਟਾਇੰਦਾ । ਜਨ ਭਗਤਾਂ ਮੇਲ ਮਿਲਾਵਾ ਪੁਰਖ ਅਬਿਨਾਸ਼ੀ, ਸਾਚੇ ਧਾਮ ਸੁਹਾਇੰਦਾ । ਕਾਇਆ ਚੋਲੀ ਬਣ ਬੈਠਾ ਦਾਸੀ, ਸਾਚੀ ਸੇਵ ਕਮਾਇੰਦਾ । ਗੁਰਮੁਖ ਸਾਚੇ ਸਦ ਬਲ ਬਲ ਜਾਸੀ, ਸਾਚਾ ਕੰਤ ਮੀਤ ਮੁਰਾਰਾ, ਪੁਰਖ ਅਪਾਰਾ ਹਰਿ ਗਿਰਧਾਰਾ, ਘਰ ਆਪਣੇ ਸਾਚੇ ਪਾਇੰਦਾ । ਦੇਵੇ ਨਾਮ ਸ਼ਬਦ ਉਡਾਰਾ, ਤਿੰਨਾਂ ਲੋਕਾਂ ਕਰੇ ਬਾਹਰਾ, ਪ੍ਰਗਟ ਹੋਵੇ ਗੁਪਤ ਜ਼ਾਹਰਾ, ਸਾਚੇ ਧਾਮ ਆਪ ਬਹਾਇੰਦਾ । ਇਕ ਲਗਾਏ ਸ਼ਬਦ ਨਾਅਰਾ, ਜੋਤੀ ਜੋਤ ਸਰੂਪ ਹਰਿ, ਪੂਰਨ ਕਾਮ ਗੁਰਮੁਖ ਸਾਚੇ ਆਪੇ ਆਪ ਕਰਾਇੰਦਾ । ਸਾਚਾ ਧਾਮ ਹਰਿ ਧਨਵੰਤਿਆ । ਜਨ ਭਗਤਾਂ ਦੇਵੇ ਮਾਣ, ਪੂਰਨ ਭਗਵੰਤਿਆ । ਮਾਰੇ ਆਤਮ ਸ਼ਬਦ ਬਾਣ, ਸਤਿ ਸਤਵੰਤਿਆ । ਅੰਤਮ ਮੇਲ ਮਿਲਾਏ ਆਣ, ਘਰ ਸਾਚੇ ਸਾਚਾ ਕੰਤਿਆ । ਧੁਰ ਫ਼ੁਰਮਾਣ ਨਾ ਕੋਈ ਮੇਟੇ ਮੇਟ ਮਿਟੰਤਿਆ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਸਾਚੇ ਘਰ, ਦਸਮ ਘਰ ਗੁਰਮੁਖ ਵਿਰਲਾ ਖੋਜ ਖੁਜੰਤਿਆ । ਏਕਾ ਏਕ ਦਾਤਾਰ, ਜਗਤ ਭਿਖਾਰ ਹੈ । ਗੁਰਮੁਖ ਵਿਰਲਾ ਕਰੇ ਵਪਾਰ, ਸ਼ਬਦ ਅਪਾਰ ਹੈ । ਜਿਸ ਜਨ ਬਖਸ਼ੇ ਕਿਰਪਾ ਧਾਰ, ਲੱਖ ਚੁਰਾਸੀ ਹੋਏ ਪਾਰ ਹੈ । ਦਰਸ ਦੇਵੇ ਆਪ ਨਿਰੰਕਾਰ, ਹਉਮੇ ਮਾਰੇ ਦਰ ਦੁਆਰੇ ਕਰੇ ਖੁਆਰ ਹੈ । ਸਾਚੀ ਦੇਵੇ ਸ਼ਬਦ ਉਡਾਰ, ਇਕ ਵਖਾਏ ਸੱਚਾ ਦਰਬਾਰ ਹੈ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਸ੍ਰਿਸ਼ਟ ਸਬਾਈ ਰਿਹਾ ਕਰਮ ਵਿਚਾਰ ਹੈ । ਕਰਮ ਵਿਚਾਰ ਸਰਬ ਕਿਛ ਜਾਣੇ । ਮਾਨਸ ਜਨਮ ਜਾਏ ਸਵਾਰ, ਜਨ ਭਗਤਾਂ ਚਲਾਏ ਆਪਣੇ ਭਾਣੇ । ਦੇਵੇ ਦਾਤ ਵਡ ਕਰਾਮਾਤ, ਕਿਰਪਾ ਕਰ ਹਰਿ ਭਗਵਾਨੇ । ਚਰਨ ਪ੍ਰੀਤੀ ਆਪ ਬੰਨ੍ਹਾਏ ਸਾਚਾ ਨਾਤ, ਚਰਨ ਧੂੜ ਕਰੇ ਇਸ਼ਨਾਨੇ । ਅੰਤਮ ਵੇਲੇ ਪੁੱਛੇ ਵਾਤ, ਦਰ ਘਰ ਸਾਚੇ ਮਾਣ ਦਵਾਨੇ । ਜੋਤੀ ਜੋਤ ਸਰੂਪ ਹਰਿ, ਮਾਨਸ ਜਨਮ ਰਿਹਾ ਸਵਾਰ, ਜਨ ਭਗਤ ਚਲਾਏ ਆਪਣੇ ਭਾਣੇ, ਆਪਣਾ ਭੇਵ ਆਪੇ ਜਾਣੇ । ਕਾਇਆ ਕੋਟ ਦਸ ਦਵਾਰ ਹੈ । ਦਸਵੇਂ ਨਿਕਲੇ ਝੂਠਾ ਖੋਟ, ਵਸੇ ਹਰਿ ਨਿਰੰਕਾਰ ਹੈ । ਆਪ ਲਗਾਏ ਸ਼ਬਦ ਚੋਟ, ਉਪਜੇ ਧੁਨ ਸੱਚੀ ਧੁਨਕਾਰ ਹੈ । ਜੋਤੀ ਜੋਤ ਸਰੂਪ ਹਰਿ, ਕਦੇ ਗੁਪਤ ਕਦੇ ਜ਼ਾਹਰ ਹੈ । ਦਸ ਘਰ ਲੋਕਮਾਤ ਵਖਾਣੇ । ਕਾਇਆ ਮੰਦਰ ਵਿਚ ਸੁਹਾਣੇ । ਨੌਵੇਂ ਪ੍ਰਗਟ ਰਸ ਭੋਗ ਲਗਾਣੇ । ਦਸਵੇਂ ਭੇਵ ਹਰਿ ਆਪੇ ਜਾਣੇ । ਜੋ ਜਨ ਕਰੇ ਘਰ ਸਾਚੇ ਸਾਚੀ ਸੇਵ, ਦੇਵੇ ਫ਼ਲ ਸ੍ਰੀ ਭਗਵਾਨੇ । ਪ੍ਰਗਟ ਵਖਾਏ ਵਡ ਦੇਵੀ ਦੇਵ, ਆਤਮ ਜੋਤ ਜਗੇ ਮਹਾਨੇ । ਜੋਤੀ ਜੋਤ ਸਰੂਪ ਹਰਿ, ਕਾਇਆ ਮੰਦਰ ਆਪ ਸੁਹਾਏ, ਝੂਠਾ ਜੰਦਰ ਤੋੜ ਵਖਾਏ, ਕਿਰਪਾ ਕਰ ਗੁਣਵੰਤ ਗੁਣ ਨਿਧਾਨੇ । ਕਾਇਆ ਮੰਦਰ ਜੰਦਰ ਤੋੜੇ । ਹਰਿ ਸਾਚਾ ਵਸੇ ਅੰਦਰ, ਪੰਜਾਂ ਦੂਤਾਂ ਸਦਾ ਹੋੜੇ । ਬੇਮੁਖ ਫਿਰਦੇ ਬਾਹਰ


੭੨

ਬੰਦਰ, ਨੰਗੀ ਪੈਰੀਂ ਫਿਰਨ ਪਾਉਣ ਨਾ ਜੋੜੇ । ਆਪੇ ਵਸੇ ਕਾਇਆ ਅੰਧੇਰੀ ਕੰਦਰ, ਸਾਚੇ ਫਲ ਖਵਾਏ ਵਿਚ ਮਾਤ ਮਿੱਠੇ ਕੌੜੇ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ, ਸਾਚਾ ਦੇਵੇ ਨਾਮ ਧਨ, ਸੱਚਾ ਸ਼ਬਦ ਸੁਣਾਏ ਕੰਨਾਂ, ਅੰਤਮ ਵੇਲੇ ਆਏ ਬਹੁੜੇ । ਸਾਚਾ ਸ਼ਬਦ ਸੁਣ ਕਾਨ । ਮਾਤਲੋਕ ਜਾਏ ਜਾਗ । ਮਿਲਿਆ ਹਰਿ ਸੱਚਾ ਸੁਹੇਲਾ, ਹੋਏ ਵਡ ਵਡਭਾਗ । ਮੇਲ ਮਿਲਾਵੇ ਇਕ ਅਕੇਲਾ, ਆਤਮ ਧੋਏ ਦਾਗ । ਆਪੇ ਗੁਰ ਆਪੇ ਚੇਲਾ, ਹੱਥ ਆਪਣੇ ਪਕੜੇ ਵਾਗ । ਅਚਰਜ ਖੇਲ ਪਾਰਬ੍ਰਹਮ ਖੇਲਾ, ਲੱਖ ਚੁਰਾਸੀ ਆਤਮ ਬੁਝਿਆ ਚਰਾਗ । ਗੁਰਮੁਖ ਸਾਚੇ ਸੰਤ ਜਨਾਂ ਘਰ ਸਾਚੇ ਸਦਾ ਮੇਲਾ, ਹਰਿ ਮਿਲਣਾ ਕੰਤ ਸੁਹਾਗ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਦੇਵੇ ਸਾਚਾ ਵਰ, ਜਨ ਭਗਤਾਂ ਬੁਝਾਏ ਆਤਮ ਤ੍ਰਿਸ਼ਨਾ ਆਗ । ਆਤਮ ਤ੍ਰਿਸ਼ਨਾ ਅਗਨ ਆਪ ਬੁਝਾਇੰਦਾ । ਗੁਰ ਚਰਨ ਸਾਚੀ ਲਗਨ, ਸਾਚਾ ਰਾਹ ਵਖਾਇੰਦਾ । ਆਤਮ ਦੀਪਕ ਜੋਤੀ ਜਗਣ ਗਗਨ, ਅਗਿਆਨ ਅੰਧੇਰ ਮਿਟਾਇੰਦਾ । ਗੁਰਮੁਖ ਕੋਈ ਨਾ ਦਿਸੇ ਨਗਨ, ਸ਼ਬਦ ਚੋਲੀ ਤਨ ਪਹਿਨਾਇੰਦਾ । ਆਪ ਰਖਾਏ ਆਪਣੇ ਅੰਗਣ, ਸਾਚੀ ਡੋਲੀ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਸਚ ਦਵਾਰੇ ਨਰ ਨਿਰੰਕਾਰੇ, ਏਕਾ ਧਾਮ ਵਸਾਇੰਦਾ । ਏਕਾ ਧਾਮ ਅਟੱਲ ਅਸਥੂਲ । ਗੁਰਮੁਖ ਸਾਚੇ ਵਿਚ ਮਾਤ ਨਾ ਜਾਣਾ ਭੂਲ । ਸਾਚਾ ਦੇਵੇ ਸ਼ਬਦ ਪੰਘੂੜਾ, ਘਰ ਸਾਚੇ ਲੈਣਾ ਝੂਲ । ਇਕ ਚੜ੍ਹਾਏ ਨਾਮ ਘੋੜੇ ਸੋਹੰ ਰੰਗ ਚਲੂਲ । ਚਤੁਰ ਸੁਜਾਨ ਬਣਾਏ ਮੂਰਖ ਮੁਗਧ ਦੇਵੇ ਨਾਮ ਨਿਧਾਨ, ਸ੍ਰਿਸ਼ਟ ਸਬਾਈ ਕੂੜੋ ਕੂੜ । ਅੰਤਮ ਅੰਤ ਸਰਬ ਪਛਤਾਣ । ਜੋਤੀ ਜੋਤ ਸਰੂਪ ਹਰਿ, ਆਦਿ ਅੰਤ ਜੁਗਾ ਜੁਗੰਤ, ਸਰਬ ਜੀਆਂ ਏਕਾ ਭਗਵਾਨ । ਸਾਚਾ ਸ਼ਬਦ ਤੀਰ ਗੁਣ ਨਿਧਾਨ ਦਾ । ਬਜ਼ਰ ਕਪਾਟੀ ਜਾਏ ਚੀਰ, ਤੋੜੇ ਕਿਲ੍ਹਾ ਮਾਣ ਹੰਕਾਰ ਦਾ । ਅੰਮ੍ਰਿਤ ਵਹਾਏ ਸੋਮਾ ਸੀਰ, ਮਾਇਆ ਚੀਰ ਤਨ ਲੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਪਹਿਲੀ ਹਾੜ ਦਇਆ ਕਮਾਏ, ਸ਼ਬਦ ਵਾੜ ਦਰ ਭਗਤ ਕਰਾਵੇ, ਕਲਜੁਗ ਤੇਰੀ ਅੰਤਮ ਬੀੜ ਬੰਨ੍ਹਾਇੰਦਾ । ਪਹਿਲੀ ਹਾੜ ਹਰਿ ਨਿਰੰਕਾਰ । ਦੂਜੀ ਵਸਤ ਕਰ ਅਕਾਰ । ਤੀਜੇ ਲੋਇਣ ਪਾਵੇ ਸਾਰ । ਚੌਥਾ ਵਖਾਏ ਇਕ ਦਰਬਾਰ । ਪੰਜਵੇਂ ਮਿਲੇ ਵਿਚ ਸੰਸਾਰ । ਛੇਵੇਂ ਛੱਪਰ ਛਾਏ ਅੰਧ ਅੰਧਿਆਰ । ਸੱਤਵੇਂ ਸਹਿਜ ਸੁਭਾਏ, ਮੇਟ ਮਿਟਾਏ ਔਲੀਏ ਪੀਰ ਗੌਂਸ ਮੁਹੰਮਦੀ ਯਾਰ । ਅੱਠਵੇਂ ਉਠ ਉਠ ਧਾਏ, ਚਾਰ ਕੁੰਟ ਜਾਏ ਮਾਰ ਸ਼ਬਦ ਉਡਾਰ । ਨੌਂਵੇਂ ਨੌਂ ਦਰ ਹਰਿ ਵੇਖੇ, ਜੋਤ ਸਰੂਪੀ ਧਾਰੇ ਭੇਖੇ, ਗੁਰਮੁਖ ਸਾਚੇ ਲਾਏ ਲੇਖੇ, ਕਲਜੁਗ ਅੰਤਮ ਵਾਰ । ਦਸਵੇਂ ਦੀਨ ਰੋਗ ਹਰਿ ਹਰਨਾ, ਚਾਰ ਵਰਨ ਏਕਾ ਕਰਨਾ, ਲੋਕਮਾਤ ਜੋਤ ਧਰਨਾ, ਨਾ ਜਨਮੇ ਨਾ ਕਦੇ ਮਰਨਾ, ਏਕਾ ਰੰਗ ਕਰਤਾਰ । ਗਿਆਰਵੇਂ ਹਾੜ ਵੱਜੀ ਵਧਾਈ । ਬਾਰਵੇਂ ਭੇਵ ਰਿਹਾ ਖੁਲ੍ਹਾਈ । ਤੇਰਵੇਂ ਖ਼ੁਸ਼ੀ ਇਕ ਮਨਾਈ । ਚੌਧਵੇਂ ਚੌਦਾਂ ਲੋਕ ਦਏ ਹਿਲਾਈ । ਪੰਦਰਵੇਂ ਪੰਜਾਂ ਦਸਾਂ ਦਸਾਂ ਪੰਜਾਂ ਸ਼ਬਦ ਡੋਰ ਬੰਨ੍ਹਾਈ । ਦਸ ਛੇ ਸੋਲਾਂ, ਸੋਲਾਂ ਕਲੀਆਂ ਸਾਚੀ ਬਣਤ ਬਣਾਈ । ਪ੍ਰਗਟ ਹੋਏ ਵਲੀਆ ਛਲੀਆ, ਭੇਵ ਨਾ ਜਾਣੇ ਕੋਈ ਰਾਈ । ਲੋਕਮਾਤ ਅਚਲ ਚਾਲ ਹਰਿ ਚਲੀਆ, ਸਤਿਜੁਗ ਤੇਰੀ ਨੀਂਹ ਰਖਾਈ । ਸਤਾਰਾਂ ਹਾੜ ਵਡ ਵਡ ਬਲੀਆ, ਅੰਤਮ ਪੂਰ ਕਰਾਈ । ਜੋਤੀ ਜੋਤ ਸਰੂਪ ਹਰਿ, ਕਲਜੁਗ ਤੇਰੀ ਅੰਤਮ ਵਰ, ਇਕ ਨਿਸ਼ਾਨੀ ਮਾਤ ਟਿਕਾਈ । ਮਾਤ (ਜੋਤ) ਧਰ ਪ੍ਰਭ ਅਬਿਨਾਸ਼ੀ ਦੇਵੇ ਵਰ ਸਰਬ ਘਟ ਵਾਸੀ । ਕਿਰਪਾ ਕਰ ਲੱਖ ਚੁਰਾਸੀ ਹੋਏ ਦਾਸਨ ਦਾਸੀ । ਘਨਕਪੁਰ ਵਾਸੀ ਜਗਤ ਨਿਸ਼ਾਨੀ । ਆਪ ਬਣਾਏ ਸਾਚਾ ਹਰਿ, ਚੜ੍ਹਦੇ ਰਖਿਆ ਸਾਚਾ ਦਰ, ਸੂਰਜ ਦੇਵਤਾ ਮੰਗੇ ਵਰ, ਜਗੇ ਜੋਤ ਆਦਿ ਭਵਾਨੀ । ਦਸ ਅਠ ਅਠਾਰਾਂ । ਪ੍ਰਭ ਅਬਿਨਾਸ਼ੀ ਆਪੇ ਵੇਖੇ ਪੁਰਖਾਂ ਨਾਰਾਂ । ਜਨ ਭਗਤਾਂ ਰਾਹ ਸਾਚਾ ਦੱਸੇ, ਸਾਚਾ ਸ਼ਬਦ ਸਾਚੀ ਧਾਰਾ । ਜੋਤੀ ਜੋਤ ਸਰੂਪ ਹਰਿ, ਸਾਚਾ ਖੇਲ ਆਪੇ ਖੇਲੇ, ਸੰਤਾਂ ਭਗਤਾਂ ਘਰ ਸਚ ਕਰਾਏ ਮੇਲੇ, ਆਪੇ ਬਣੇ ਵਣਜ ਵਪਾਰਾ । ਸੰਤ ਭਗਤ ਆਏ ਦਰ ਦਵਾਰੇ । ਪ੍ਰਭ ਅਬਿਨਾਸ਼ੀ ਕਿਰਪਾ ਧਾਰੇ । ਅਠਾਰਾਂ ਹਾੜ ਦਿਵਸ

੭੩

ਵਿਚਾਰੇ । ਲੱਖ ਚੁਰਾਸੀ ਕਲਜੁਗ ਅਗਨੀ ਰਹੀ ਸਾੜੇ । ਗੁਰਮੁਖਾਂ ਕਾਇਆ ਰੱਖੇ ਠੰਡੀ ਠਾਰੇ । ਸ਼ਬਦ ਡੰਡੇ ਰਿਹਾ ਤਾੜੇ । ਆਪੇ ਪਰਖੇ ਚੰਗੇ ਮਾੜੇ । ਧੁਰਦਰਗਾਹੀ
ਸਾਚੇ ਲਾੜੇ । ਅੰਤ ਬਹਾਏ ਸਾਚੇ ਦਰਬਾਰੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਰੰਗੇ ਸਾਚਾ ਹਰਿ, ਗੁਰਮੁਖ ਸਾਚੇ ਜਾਇਣ
ਚਰਨ ਬਲਿਹਾਰੇ । ਉਨੀਂ ਹਾੜ ਵੱਜੀ ਵਧਾਈ, ਗੀਤ ਸੁਹਾਗੀ ਗੁਰ ਸੰਗਤ ਗਾਈ । ਸੋਈ ਕਿਸਮਤ ਮਾਤ ਜਾਗੀ, ਕਾਇਆ ਹੋਈ ਵਡ ਵਡਭਾਗੀ, ਹਰਿ
ਦੇਵੇ ਸੱਚੀ ਰੁਸ਼ਨਾਈ । ਮੂਰਖ ਮੁਗਧ ਬਾਲ ਅੰਵਾਣੇ, ਆਪ ਬਣਾਏ ਸੁਘੜ ਸਿਆਣੇ, ਇਕ ਸੁਣਾਇਆ ਸਾਚਾ ਰਾਗੀ । ਸਦਾ ਚਲਾਏ ਆਪਣੇ ਭਾਣੇ, ਗੁਰਮੁਖ
ਰੰਗ ਸਾਚਾ ਮਾਣੇ, ਹੱਥ ਨਾ ਆਏ ਕਿਸੇ ਰਾਜੇ ਰਾਣੇ, ਕੋਟਨ ਕੋਟ ਬੈਠੇ ਜਗਤ ਤਿਆਗੀ । ਜੋਤ ਸਰੂਪੀ ਪਹਿਰੇ ਬਾਣਾ, ਨਰ ਹਰਿ ਸ੍ਰੀ ਭਗਵਾਨਾ, ਦਿਸ ਕਿਸੇ
ਨਾ ਆਏ, ਕਲਜੁਗ ਜੀਵ ਬੇਅੰਤ ਬੈਰਾਗੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਲਏ ਜਗਾਏ, ਦਇਆ ਕਮਾਏ ਦਰਸ ਦਿਖਾਏ,
ਨਾ ਕੋਈ ਸੁਣਾਏ ਅਨਹਦ ਰਾਗੀ । ਦੇਵੇ ਦਰਸ ਅਗੰਮ ਅਪਾਰਾ । ਆਤਮ ਮਿਟੇ ਅੰਧ ਅੰਧਿਆਰਾ, ਲੋਕਮਾਤ ਤੋੜੇ ਝੂਠਾ ਬੰਧਨ, ਆਪੇ ਬੰਨ੍ਹੇ ਸ਼ਬਦ ਤੰਦਨ ਰੰਗੇ
ਰੰਗ ਇਕ ਅਪਾਰਾ । ਮਿਲਿਆ ਮੇਲ ਮੁਕੰਦ ਮੁਕੰਦਨ, ਰਸਨਾ ਗਾਇਣ ਬੱਤੀ ਦੰਦਨ, ਆਪ ਉਪਜਾਏ ਆਤਮ ਪਰਮਾਨੰਦਨ, ਅੰਮ੍ਰਿਤ ਦੇਵੇ ਸਾਚੀ ਧਾਰਾ । ਗੁਰਮੁਖ
ਸਾਚੇ ਮਾਤ ਬਣਾਏ ਸਾਚੇ ਚੰਦਨ, ਸੁਹਾਗੀ ਗੀਤ ਇਕ ਸੁਣਾਏ ਸਾਚਾ ਛੰਦਨ, ਲਾਹੇ ਤਨ ਬੁਖ਼ਾਰਾ । ਜੋਤੀ ਜੋਤ ਸਰੂਪ ਹਰਿ, ਜਨ ਭਗਤਾਂ ਦੇਵੇ ਨਾਮ ਭੰਡਾਰਾ ।
ਅਚਰਜ਼ ਖੇਲ ਹਰਿ ਵਰਤਾਇੰਦਾ । ਉਨੀਂ ਹਾੜ ਦਇਆ ਕਮਾਇੰਦਾ । ਗੁਰ ਸੰਗਤ ਸੰਗ ਰਲਾਇੰਦਾ । ਸਾਚੀ ਚੋਲੀ ਚਾੜ੍ਹੇ ਨਾਮ ਰੰਗ, ਆਪਣੇ ਰੰਗ ਰੰਗਾਇੰਦਾ ।
੭੪ ਸ਼ਬਦ ਘੋੜੇ ਕਸ ਤੰਗ, ਸਚ ਅਸਵਾਰਾ ਆਪ ਅਖਵਾਇੰਦਾ । ਸਚ ਦਵਾਰਾ ਲੈਣਾ ਮੰਗ, ਧੁਰਦਰਗਾਹੀ ਇਹ ਫ਼ਰਮਾਇੰਦਾ । ਜਨ ਭਗਤਾਂ ਹੋਏ ਸੰਗ ਅੰਗ ਅੰਗ ੭੪
ਸੰਗ, ਸਾਚੀ ਬਣਤ ਬਣਾਇੰਦਾ । ਸ਼ਬਦ ਸਰੂਪੀ ਕਰਨਾ ਜੰਗ, ਖਾਲੀ ਹੱਥ ਰਖਾਇੰਦਾ । ਲੱਖ ਚੁਰਾਸੀ ਭੰਨੇ ਜਿਉਂ ਕਾਚੀ ਵੰਗ, ਸ਼ਬਦ ਹਥੌੜਾ ਇਕ ਉਠਾਇੰਦਾ ।
ਵਡ ਦਾਤਾ ਸੂਰਾ ਸਰਬੰਗ, ਆਪਣਾ ਭੇਵ ਆਪੇ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਉਨੀਂ ਹਾੜ ਸਾਚਾ ਮਾਣ ਦਵਾਇੰਦਾ । ਉਨੀਂ ਹਾੜ ਮਾਤ ਫੁਲਵਾੜੀ ।
ਗੁਰਮੁਖਾਂ ਲਾਜ ਰਖਾਏ ਚਰਨ ਛੁਹਾਏ ਦਾਹੜੀ । ਸ਼ਬਦ ਸਰੂਪੀ ਅਵਾਜ਼ ਲਗਾਏ, ਫਿਰੇ ਪਿਛੇ ਅਗਾੜੀ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਉਠਾਏ
ਦਇਆ ਕਮਾਏ ਜੋਤ ਜਗਾਏ ਬਹੱਤਰ ਨਾੜੀ । ਜਗਤ ਵੇਖੇ ਹਰਿ ਤਮਾਸ਼ਾ । ਜਨ ਭਗਤਾਂ ਹੋਇਆ ਦਾਸਨ ਦਾਸਾ । ਆਤਮ ਜੋਤੀ ਪਾਵੇ ਰਾਸਾ । ਮਿਲਿਆ
ਮੇਲ ਹਰਿ ਸਾਚੇ ਸ਼ਾਹੋ ਸ਼ਾਬਾਸ਼ਾ । ਜੋਤੀ ਜੋਤ ਸਰੂਪ ਹਰਿ, ਆਪੇ ਕਰੇ ਅੰਤਮ ਬੰਦ ਖੁਲਾਸਾ । ਸਾਚੀ ਕਰ ਹਰਿ ਤਿਆਰੀ । ਲੋਕਮਾਤ ਪਹਿਲੀ ਵਾਰੀ । ਸ਼ਬਦ
ਪਵਣ ਕਰ ਅਸਵਾਰੀ । ਜੋਤ ਨੂਰ ਇਕ ਅਕਾਰੀ । ਆਇਆ ਚਲ ਸਚ ਦਰਬਾਰੀ । ਏਕਾ ਮੰਗੇ ਸਾਚਾ ਵਰ, ਨਾਮ ਵਸਤ ਅਪਰ ਅਪਾਰੀ । ਗੁਰ ਪੂਰਾ
ਦੇਵੇ ਸਾਚੇ ਘਰ, ਕਾਇਆ ਦੁਖੜਾ ਲੱਥੇ ਭਾਰੀ । ਆਪ ਚੁਕਾਏ ਜਮ ਕਾ ਡਰ, ਲੱਖ ਚੁਰਾਸੀ ਰੋਗ ਨਿਵਾਰੀ । ਆਤਮ ਖੋਲ੍ਹੇ ਸਾਚਾ ਸਰ, ਅੰਮ੍ਰਿਤ ਚਲੇ ਸਾਚੀ
ਧਾਰੀ । ਜੋਤੀ ਜੋਤ ਸਰੂਪ ਹਰਿ, ਉਨੀਂ ਹਾੜ ਲੋਕਮਾਤ ਦੇਵੇ ਸੱਚੀ ਸਰਦਾਰੀ । ਉਨੀਂ ਹਾੜ ਦਇਆ ਕਮਾਇਆ । ਜੋਤ ਸਰੂਪੀ ਖੇਲ ਰਚਾਇਆ । ਚਰਨ
ਬਿਆਸਾ ਜਾ ਛੁਹਾਇਆ । ਆਪਣਾ ਭੇਵ ਆਪ ਛੁਪਾਇਆ । ਵਡ ਦੇਵੀ ਦੇਵ ਮਾਇਆ ਪੜਦਾ ਪਾਇਆ । ਜਗਤ ਵਿਹਾਰਾ ਹਰਿ ਦਾਤਾਰਾ, ਆਪੇ ਆਪ ਕਰਦਾ
ਆਇਆ । ਏਕਾ ਸ਼ਬਦ ਚਲਾਇਆ ਧੁਰ ਫ਼ਰਮਾਣਾ । ਗੁਰਮੁਖ ਸਾਚਾ ਕਰੇ ਪਛਾਣਾ । ਆਤਮ ਵੱਜੇ ਬਾਨਾ । ਏਕਾ ਦੇਵੇ ਨਾਮ ਨਿਧਾਨਾ । ਗੁਣਵੰਤ ਗੁਣ
ਨਿਧਾਨਾ । ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਰੰਗਾਏ ਸਾਚਾ ਸੰਗ ਅੰਤ ਨਿਭਾਏ, ਲਿਖਿਆ ਲੇਖ ਨਾ ਕਿਸੇ ਮਿਟਾਨਾ । ਸਾਚਾ ਲੇਖਾ ਆਪ ਲਿਖਾਵਣਾ । ਗੁਰਮੁਖ

ਸਾਚੇ ਸੰਤ ਜਨਾਂ ਦੇ ਮਤ ਆਪ ਸਮਝਾਵਣਾ । ਆਪੇ ਜਾਣੇ ਮਿਤ ਗਤ, ਸਰਬ ਤਤ ਜਗਤ ਜਤ ਜਗਤ ਭੇਖ ਸਰਬ ਮਿਟਾਵਣਾ । ਜੋਤੀ ਜੋਤ ਸਰੂਪ ਹਰਿ, ਏਕਾ ਰੰਗ ਸਾਚਾ ਸੰਗ ਆਪਣਾ ਆਪ ਨਿਭਾਵਣਾ । ਘਰ ਸਾਚੇ ਚਰਨ ਛੁਹਾਇੰਦਾ । ਜਨ ਸੋਏ ਆਪ ਉਠਾਇੰਦਾ । ਦੁਰਮਤ ਮੈਲ ਰਿਹਾ ਧੋਏ, ਅੰਮ੍ਰਿਤ ਜਾਮ ਪਿਆਇੰਦਾ । ਸਾਚਾ ਬੀਜ ਰਿਹਾ ਬੋਏ, ਅੰਮ੍ਰਿਤ ਫਲ ਖਵਾਇੰਦਾ । ਗੁਰਮੁਖ ਵਿਰਲਾ ਜਾਣੇ ਕੋਇ, ਜਿਸ ਜਨ ਦਇਆ ਕਮਾਇੰਦਾ । ਕਲਜੁਗ ਜੀਵ ਰਹੇ ਸੋਏ, ਵੇਲਾ ਗਿਆ ਹੱਥ ਨਾ ਆਇੰਦਾ । ਸ਼ਬਦ ਹਲ ਹਰਿ ਸਾਚਾ ਜੋਏ, ਗੁਰਮੁਖਾਂ ਦਇਆ ਕਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਧਾਮ ਏਕਾ ਕਾਮ ਏਕਾ ਨਾਮ ਰਖਾਇੰਦਾ । ਸਾਚਾ ਧਾਮ ਚਰਨ ਦਵਾਰਾ । ਏਕਾ ਮਿਲੇ ਸਾਚਾ ਜਾਮ, ਲਾਹੇ ਤਨ ਅਫਾਰਾ । ਕੋਇ ਨਾ ਲੱਗੇ ਘਰ ਸਾਚੇ ਦਾਮ, ਮਿਲਦਾ ਰਹੇ ਸ਼ਬਦ ਭੰਡਾਰਾ । ਜੋਤੀ ਜੋਤ ਸਰੂਪ ਹਰਿ, ਸ੍ਰਿਸ਼ਟ ਸਬਾਈ ਬਣੇ ਆਪ ਵਰਤਾਰਾ । ਬਣੇ ਇਕ ਵਰਤਾਰ, ਸ਼ਬਦ ਭੰਡਾਰਿਆ । ਕਲਜੁਗ ਤੇਰੀ ਅੰਤਮ ਵਾਰ, ਹਰਿ ਨਿਰੰਕਾਰਿਆ । ਸਤਿਜੁਗ ਬੰਨ੍ਹੇ ਸਾਚੀ ਧਾਰ, ਕਰੇ ਖੇਲ ਅਪਰ ਅਪਾਰਿਆ । ਗੁਰਮੁਖ ਸਾਚੇ ਲਾਏ ਪਾਰ, ਪੂਰਬ ਕਰਮ ਹਰਿ ਵਿਚਾਰਿਆ । ਮਾਨਸ ਜਨਮ ਰਿਹਾ ਸੁਧਾਰ, ਮਾਤ ਗਰਭ ਨਾ ਆਏ ਦੂਜੀ ਵਾਰਿਆ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਆਪਣੇ ਭਾਣੇ ਸਰਬ ਚਲਾ ਰਿਹਾ । ਸਾਚੀ ਰਚਨਾ ਹਰਿ ਰਚਾਇੰਦਾ । ਪਹਿਲਾ ਫੇਰਾ ਬਿਆਸਾ ਪਾਇੰਦਾ । ਗੁਰਮੁਖਾਂ ਦੇਵੇ ਆਤਮ ਧਰਵਾਸਾ, ਦਰ ਸਾਚਾ ਇਕ ਖੁਲ੍ਹਾਇੰਦਾ । ਬੇਮੁਖਾਂ ਦਰ ਆਵੇ ਹਾਸਾ, ਮੂੜ੍ਹ ਮਤ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪਣਾ ਭੇਵ ਵਡ ਦੇਵੀ ਦੇਵ ਆਪੇ ਆਪ ਖੁਲ੍ਹਾਇੰਦਾ । ਦੂਜੀ ਮਾਰੇ ਸ਼ਬਦ ਉਡਾਰੀ ਦਿੱਲੀ ਜਾਏ ਹਰਿ ਨਿਰੰਕਾਰੀ । ਅੱਸੂ ਤਿੰਨ ਦਿਵਸ ਵਿਚਾਰੀ । ਮਾਤਲੋਕ ਤੇਰਾ ਸਾਚਾ ਚਿੰਨ੍ਹ, ਕਲਜੁਗ ਅੰਤਮ ਵਾਰੀ । ਦਿਨ ਲੰਘਾਏ ਗਿਣ ਗਿਣ, ਜੋਤ ਸਰੂਪੀ ਹਰਿ ਗਿਰਧਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪੇ ਬਣੇ ਲੇਖ ਲਿਖਾਰੀ । ਤਿੰਨ ਅੱਸੂ ਦਿਵਸ ਸੁਹਾਵਣਾ । ਦਿੱਲੀ ਜਾਏ ਚਰਨ ਛੁਹਾਵਣਾ । ਕਿਲ੍ਹਾ ਕੋਟ ਗੜ੍ਹ ਮੰਦਰ ਹਰਿ ਸੁਹਾਵਣਾ । ਸ਼ਬਦ ਘੋੜੇ ਉਪਰ ਚੜ੍ਹ, ਜਮਨ ਕਿਨਾਰਾ ਪਾਰ ਕਰਾਵਣਾ । ਆਪੇ ਵੇਖੇ ਕਿਲ੍ਹੇ ਗੜ੍ਹ, ਸ਼ਬਦ ਸਰੂਪੀ ਡੇਰਾ ਲਾਵਣਾ । ਜੋਤ ਸਰੂਪੀ ਅੰਦਰ ਵੜ, ਪਵਣ ਸਰੂਪੀ ਸ਼ਬਦ ਚਲਾਵਣਾ । ਰਾਜੇ ਰਾਣੇ ਬਾਹੋਂ ਫੜ, ਪੁਰਖ ਅਬਿਨਾਸ਼ੀ ਆਪ ਹਿਲਾਵਣਾ । ਝੂਠੇ ਭਾਂਡੇ ਜੋ ਲਏ ਘੜ, ਆਪੇ ਭੰਨੇ ਭੰਨ੍ਹ ਵਖਾਵਣਾ । ਵਾਲੀ ਹਿੰਦ ਦਰ ਦਵਾਰੇ ਅੱਗੇ ਖੜ੍ਹ, ਜੋਤ ਸਰੂਪੀ ਦਰਸ ਦਿਖਾਵਣਾ । ਨਾ ਕਾਇਆ ਨਾ ਛਾਇਆ ਨਾ ਮਿੱਟੀ ਧੜ, ਨਰ ਨਿਰੰਕਾਰੀ ਨਜ਼ਰੀ ਆਵਣਾ । ਸ਼ਬਦ ਸਰੂਪੀ ਅੰਦਰ ਜਾਏ ਵੜ, ਆਤਮ ਸੇਜਾ ਡੇਰਾ ਲਾਵਣਾ । ਪਹਿਰੇਦਾਰ ਬਾਹਰ ਰਹਿਣ ਖੜ੍ਹ, ਕੁਫ਼ਲ ਦਵਾਰ ਨਾ ਕੋਈ ਖੁਲ੍ਹਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਤ ਮਾਤ ਤੇਰਾ ਸੋਇਆ ਪੂਤ ਬਾਹੋਂ ਪਕੜ ਆਪ ਉਠਾਵਣਾ । ਧਰਤ ਮਾਤ ਦੇ ਸਚ ਦੁਲਾਰੇ । ਪ੍ਰਭ ਅਬਿਨਾਸ਼ੀ ਵਾਜਾਂ ਮਾਰੇ । ਘਨਕਪੁਰ ਵਾਸੀ ਪ੍ਰਗਟ ਹੋਏ, ਅਸਥਿਲ ਸੋਹਣ ਸਚ ਚੁਬਾਰੇ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰੇ । ਅਠਾਰਾਂ ਭਾਦਰੋਂ ਹਰਿ ਭਗਵਾਨਾ । ਲਿਖੇ ਲੇਖ ਇਕ ਮਹਾਨਾ । ਸ਼ਬਦ ਵੱਜੇ ਤੀਰ ਨਿਸ਼ਾਨਾ । ਜੋਤ ਸਰੂਪੀ ਪਹਿਰਿਆ ਬਾਣਾ । ਗੁਰਮੁਖ ਸਾਚੇ ਵਿਚ ਸਮਾਣਾ । ਭਰਮ ਭੁਲੇਖੇ ਜਗਤ ਭੁਲਾਣਾ । ਰਾਜੇ ਰਾਣਿਆਂ ਤੋੜੇ ਮਾਣਾ । ਵਡ ਵਡ ਸੁਘੜ ਸਿਆਣਿਆਂ, ਪ੍ਰਭ ਅਬਿਨਾਸ਼ੀ ਏਕਾ ਆਨ ਰਖਾਣਾ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ ਸਾਚਾ ਰੰਗ ਰੰਗਾਣਾ । ਸਾਚਾ ਸ਼ਬਦ ਸਾਚਾ ਰਾਗ । ਘੱਲੇ ਸੁਨੇਹੜਾ ਦਿਆਲ ਬਾਗ਼ । ਗੁਰ ਗੁਰ ਪੂਰੇ ਉਠ ਉਠ ਜਾਗ । ਪ੍ਰਭ ਪ੍ਰਗਟ ਹੋਇਆ ਹਾਜ਼ਰ ਹਜ਼ੂਰੇ, ਵਰਤੇ ਸਵਾਂਗੀ ਸਵਾਂਗ । ਸਰਬ ਕਲਾ ਭਰਪੂਰੇ, ਸ੍ਰਿਸ਼ਟ ਸਬਾਈ ਹੱਥ ਪਕੜੇ ਵਾਗ । ਜਨ ਭਗਤਾਂ ਦੇਵੇ ਸਾਚਾ ਨੂਰੇ, ਹੰਸ ਬਣਾਏ ਕਾਗ ।

੭੫

ਜੋਤੀ ਜੋਤ ਸਰੂਪ ਹਰਿ, ਇਕ ਖੁਲ੍ਹਾਇਆ ਸਾਚਾ ਦਰ, ਚਾਰ ਵਰਨ ਦਰ ਆਇਣ ਭਾਗ । ਦਿਆਲ ਬਾਗ਼ ਆਗਰਾ ਵਾਸੀ । ਜੋਤ ਜਗਾਏ ਘਨਕਪੁਰ ਵਾਸੀ । ਲੱਖ ਚੁਰਾਸੀ ਜਿਸ ਦੇਣੀ ਫ਼ਾਸੀ । ਮੇਟ ਮਿਟਾਏ ਮਦਿਰਾ ਮਾਸੀ । ਕੋਈ ਨਾ ਪੰਡਤ ਦਿਸੇ ਕਾਸ਼ੀ । ਪ੍ਰਗਟ ਹੋਏ ਪੁਰਖ ਅਬਿਨਾਸ਼ੀ । ਜਨ ਭਗਤਾਂ ਹੋਏ ਦਾਸਨ ਦਾਸੀ । ਆਪੇ ਸਾਚਾ ਜਾਪ ਜਪਾਏ, ਸੋਹੰ ਸਵਾਸ ਸਵਾਸੀ । ਜੋਤੀ ਜੋਤ ਸਰੂਪ ਹਰਿ, ਅੰਤਮ ਅੰਤ ਗੁਰਮੁਖ ਸਾਚੇ ਸੰਤ ਕਰੇ ਬੰਦ ਖ਼ਲਾਸੀ । ਆਗਰਾ ਵਾਸੀ ਗੁਰ ਸਚ ਸਵਾਮੀ । ਸਰਬ ਘਟਾ ਘਟ ਅੰਤਰਜਾਮੀ । ਚਾਰ ਕੁੰਟ ਜਪਾਏ ਨਾਮ ਵਡੀ ਨੇਕਨਾਮੀ । ਅੰਤਰ ਪੂਰਾ ਹੋਇਆ ਤੇਰਾ ਕਾਮ, ਪ੍ਰਗਟ ਹੋਏ ਹਰਿ ਮੁਦਾਮੀ । ਲੇਖੇ ਲਾਏ ਆਪਣਾ ਚਾਮ, ਪੂਰਨ ਹੋਏ ਅੰਤਰ ਕਾਮੀ । ਏਕਾ ਜੋਤ ਘਨਈਆ ਸ਼ਾਮ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨੀ । ਨਾਮ ਸਵਾਮੀ ਸਰਬ ਗੁਣ ਗਿਆਤਾ । ਅੰਤਰ ਯਾਮਤਾ ਵੇਖੇ ਅੰਤਰਜਾਮੀ ਪੁਰਖ ਬਿਧਾਤਾ । ਸਾਧ ਸੰਤ ਔਲੀਏ ਪੀਰ ਕੁਤਬ ਗੌਂਸ ਸ਼ੇਖ਼ ਮੁਸਾਇਕ ਸਭ ਆਤਮ ਵੇਖੇ ਕਰ ਕਰ ਕਰ ਹਰਿ ਮਿਹਰਬਾਨੀ । ਜਗਤ ਭਗਤ ਹਰਿ ਆਪ ਪਛਾਣੇ, ਕਿਰਪਾ ਕਰ ਮਹਾਨੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੱਖ ਚੁਰਾਸੀ ਸ੍ਰਿਸ਼ਟ ਸਬਾਈ ਏਕਾ ਬਣੇ ਵਡਾ ਦਾਨੀ । ਦੇਵੇ ਦਾਨ ਨਾਮ ਦਾਤਾਰਾ । ਸਰਬ ਘਟਾਂ ਘਟ ਜਾਣੀ ਜਾਣ, ਇਕ ਕਰਾਏ ਵਣਜ ਵਪਾਰਾ । ਗੁਰ ਪੀਰਾਂ ਕਰੇ ਆਪ ਪਛਾਣ, ਆਪੇ ਕਰੇ ਲਹਿੰਦੀ ਚੜ੍ਹਦੀ ਧਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪੇ ਵੇਖੇ ਪਵਣ ਅਸਵਾਰਾ । ਸਰਬ ਘਟਾਂ ਘਟ ਜਾਣੀ ਜਾਣ ਕਿਰਪਾ ਆਪਣੀ ਕਰੇ । ਪਵਣ ਅਸਵਾਰੀ ਜੋ ਜਨ ਕਰੇ । ਮਾਤਲੋਕ ਨਾ ਕਾਹੂੰ ਡਰੇ । ਨਾ ਜਨਮੇ ਨਾ ਉਹ ਮਰੇ । ਮੰਗਣ ਨਾ ਜਾਏ ਕਿਸੇ ਦਰੇ । ਏਕਾ ਵਸੇ ਸਾਚੇ ਘਰੇ । ਏਕਾ ਜੋਤੀ ਇਕ ਅਕਾਲ ਦੀਨ ਦਿਆਲ, ਕਰ ਦਰਸ ਕਾਜ ਸਭ ਸਰੇ । ਆਦਿ ਅੰਤ ਸਦਾ ਰਖਵਾਲ, ਪ੍ਰਭ ਅਬਿਨਾਸ਼ੀ ਸਾਚਾ ਹਰੇ । ਜਨ ਭਗਤਾਂ ਕਰੇ ਸਦਾ ਪ੍ਰਿਤਪਾਲ, ਸਾਚਾ ਦੇਵੇ ਨਾਮ ਵਰੇ । ਤਿੰਨ ਨੌਂ ਪੰਜ ਸੱਤ, ਸਰਬ ਜਾਣੇ ਪ੍ਰਭ ਆਪ ਤੱਤ, ਆਤਮ ਤੋੜੇ ਜਗਤ ਜੰਜ਼ਾਲ, ਲੱਖ ਚੁਰਾਸੀ ਪਾਰ ਕਰੇ । ਜੋਤੀ ਜੋਤ ਸਰੂਪ ਹਰਿ, ਨਾ ਜਨਮੇ ਨਾ ਕਦੇ ਮਰੇ । ਇਕ ਦਸ ਬੀਸ ਇਕੀਸ । ਛਤਰ ਝੁੱਲੇ ਹਰਿ ਸਾਚੇ ਜਗਦੀਸ਼ । ਅੱਠ ਦਸ ਦਸ ਅੱਠ ਅਠਾਰਾਂ । ਵੇਖੇ ਵਿਗਸੇ ਕਰ ਵਿਚਾਰਾ । ਨੌਂ ਸੱਤ ਸੱਤ ਨੌਂ ਸੋਲਾਂ, ਜੋਤੀ ਜੋਤ ਸਰੂਪ ਹਰਿ, ਸਦਾ ਸਦਾ ਹਰਿ ਵਸੇ ਕੋਲੇ । ਭਾਰਤ ਖੰਡ ਤੇਰੀ ਸਚ ਕਿਆਰੀ । ਜਨ ਭਗਤਾਂ ਲੱਗੇ ਸਚ ਫੁਲਵਾੜੀ । ਅੰਤਮ ਫਲ ਸਚਾ ਲੱਗੇ, ਗੁਰ ਪੂਰੇ ਦੀ ਪੱਕੀ ਹਾੜੀ । ਸ੍ਰਿਸ਼ਟ ਸਬਾਈ ਵਾ ਤੱਤੀ ਵਗੇ, ਦਰ ਦਰ ਘਰ ਘਰ ਜਾਏ ਵਾੜੀ । ਜੋਤੀ ਜੋਤ ਸਰੂਪ ਹਰਿ, ਸ੍ਰਿਸ਼ਟ ਸਬਾਈ ਅੰਤ ਮਿਟਾਏ ਪਹਿਲੀ ਹਾੜੀ । ਬਣਤ ਬਣਾਏ ਸਤਾਰਾਂ ਹਾੜ । ਵਿਰਲਾ ਗੁਰਮੁਖ ਸਾਚਾ ਸੰਤ ਕੰਤ ਹੰਢਾਏ, ਬੇਮੁਖਾਂ ਕਿਸਮਤ ਹੋਈ ਮਾੜੀ । ਭਾਰਤ ਖੰਡ ਸਤਿ ਸਤਿ ਸਤਿ ਅਸਥਾਨਾ । ਕਲਜੁਗ ਤੇਰੀ ਅੰਤਮ ਆਈ ਵੰਡ, ਧਰੇ ਜੋਤ ਹਰਿ ਭਗਵਾਨਾ । ਆਪੇ ਕਰੇ ਖੰਡ ਖੰਡ, ਨੌਂ ਖੰਡ ਚਤੁਰ ਸੁਜਾਨਾ । ਲੱਖ ਚੁਰਾਸੀ ਦੇਵੇ ਵੰਡ, ਧਰੇ ਜੋਤ ਹਰਿ ਭਗਵਾਨਾ । ਬੇਮੁਖਾਂ ਦੇਵੇ ਦੰਡ, ਇਕ ਚਮਕਾਏ ਚੰਡ ਪ੍ਰਚੰਡ, ਫਲ ਨਾ ਦਿਸੇ ਕਿਸੇ ਡਾਹਨਾ । ਨਾਰ ਦੁਹਾਗਣ ਆਤਮ ਰੰਡ, ਅੰਤਮ ਵੇਲੇ ਆਏ ਕੰਡ, ਭੁੱਲਿਆ ਹਰਿ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਚਲੇ ਚਲਾਏ ਆਪਣੇ ਭਾਣਾ । ਗੁਰਮੁਖ ਪਾਲ ਪ੍ਰਭ ਭਏ ਦਿਆਲ, ਆਪੇ ਵੇਖੇ ਵੇਖ ਸੰਭਾਲੇ ਅਨਮੁੱਲੜੇ ਲਾਲੇ । ਜੁਗਾ ਜੁਗੰਤ ਪ੍ਰਭ ਕਰਦਾ ਆਇਆ ਪ੍ਰਿਤਪਾਲੇ । ਕਲਜੁਗ ਫਲ ਲੱਗੇ ਡਾਲ, ਵੇਲੇ ਅੰਤ ਹੋਇਆ ਰਖਵਾਲ, ਕਲਜੁਗ ਘਟਾ ਦਿਸੇ ਕਾਲੇ । ਆਪੇ ਤੋੜੇ ਜਗਤ ਜੰਜ਼ਾਲ, ਚਰਨ ਪ੍ਰੀਤੀ ਨਿਭੇ ਨਾਲੇ । ਗੁਰਮੁਖ ਆਤਮ ਨਾ ਹੋਏ ਕੰਗਾਲੇ । ਸੱਚਾ ਦੇਵੇ ਨਾਮ ਸ਼ਬਦ ਧਨ ਮਾਲ, ਆਤਮ ਹੋਏ ਮਾਲੋ ਮਾਲੇ । ਮਿਲੇ ਇਕ ਸ਼ਬਦ ਅਨਮੁੱਲੜਾ ਲਾਲ, ਗੁਰਮੁਖ ਵਿਰਲਾ ਮਾਤ ਭਾਲੇ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ

੭੬

ਮਿਲਾਏ ਦਇਆ ਕਮਾਏ ਆਪੇ ਭੇਜੇ ਸ਼ਬਦ ਦਲਾਲੇ । ਸ਼ਬਦ ਦਲਾਲ ਵਿਚ ਵਿਚੋਲਾ । ਆਪ ਵਸਾਏ ਕਾਇਆ ਚੋਲਾ । ਗੁਰਮੁਖ ਬਣਾਏ ਦਰ ਘਰ ਸਾਚੇ ਦਾ ਸਾਚਾ ਗੋਲਾ । ਇਕ ਸੁਣਾਏ ਸ਼ਬਦ ਢੋਲਾ । ਆਤਮ ਦਰ ਪ੍ਰਭ ਪੜਦਾ ਖੋਲ੍ਹਾ । ਇਕ ਵਖਾਣੇ ਸਾਚਾ ਘਰ, ਆਪ ਚੁਕਾਏ ਮਾਇਆ ਉਹਲਾ । ਆਪ ਨੁਹਾਏ ਸਾਚੇ ਸਰ, ਦੁਰਮਤ ਮੈਲ ਪਾਪਾਂ ਧੋ ਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਦੇਵੇ ਜੀਆ ਦਾਨ, ਰਸਨਾ ਸਾਚੀ ਤੀਰ ਕਮਾਨ, ਪਿਛਲਾ ਲਹਿਣਾ ਗੁਰ ਚਰਨ ਬਹਿਣਾ ਦਰਸ਼ਨ ਨੈਣਾਂ ਵਿਚ ਮਾਤ ਪਾ ਲਾ । ਦਰਸ਼ਨ ਨੈਣ ਹਰਿ ਹਰਿ ਹਜ਼ੂਰ । ਅੰਤ ਨਾ ਵਹਿਣਾ ਝੂਠਾ ਵਹਿਣ, ਏਕਾ ਆਪ ਆਪਣਾ ਭਰਨਾ ਸਾਰਾ ਪੂਰ । ਆਪ ਚੁਕਾਏ ਲਹਿਣ ਦੇਣ, ਪੁਰਖ ਅਬਿਨਾਸ਼ੀ ਸਰਬ ਕਲਾ ਭਰਪੂਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਆਤਮ ਬਾਤੀ, ਉੱਤਮ ਜਾਤੀ ਜੋਤੀ ਸਾਚਾ ਨੂਰ । ਆਤਮ ਜੋਤ ਨੂਰ ਨੁਰਾਨੀ । ਉਤਮ ਬੁੱਧੀ ਅੰਮ੍ਰਿਤ ਰਸ ਗੁੱਧੀ, ਸਦਾ ਰਹੇ ਮਸਤਾਨੀ । ਪਾਇਆ ਸ਼ਬਦ ਸੁਹਾਗਾ ਕੀਨੀ ਸੁੱਧੀ, ਸੋਹੰ ਸੁਣਾਈ ਸਾਚੀ ਬਾਣੀ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਆਏ ਦਇਆ ਕਮਾਏ, ਸਚ ਵਸਤ ਹਰਿ ਝੋਲੀ ਪਾਏ, ਆਦਿ ਅੰਤ ਹਰਿ ਵਡ ਵਡਾ ਦਾਨ ਦਾਨੀ । ਦੇਵੇ ਨਾਮ ਨਿਹਕਲੰਕਾ । ਵਜਾਏ ਆਤਮ ਸ਼ਬਦ ਡੰਕਾ । ਸੁਹਾਏ ਦਵਾਰ ਬੰਕਾ । ਆਪ ਫਿਰਾਏ ਮਨ ਕਾ ਮਣਕਾ । ਦਇਆ ਕਮਾਏ ਵਾਸੀ ਪੁਰੀ ਘਨਕਾ । ਸਾਚੀ ਜੋਤ ਜਗਾਏ ਦਇਆ ਕਮਾਏ ਕਰੇ ਰੁਸ਼ਨਾਏ ਜਿਉਂ ਰਾਜਾ ਜਨਕਾ । ਸਚ ਵਸਤ ਹਰਿ ਝੋਲੀ ਪਾਏ, ਨਿਖੁਟ ਨਾ ਜਾਏ ਕਰੇ ਸ਼ਿੰਗਾਰ ਤਨ ਕਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਦਾ ਉਪਜਾਏ, ਲੋਕਮਾਤ ਹਰਿ ਜਾਮਾ ਪਾਏ, ਆਦਿ ਅੰਤ ਜੁਗਾ ਜੁਗੰਤ

 ਵਾਰ ਅਨਕਾ । ਅਨਕ ਬਾਰ ਹਰਿ ਜੋਤ ਜਗਾਏ । ਗੁਰਮੁਖ ਸਾਚੇ ਸੰਤ ਉਪਜਾਏ । ਸਾਚਾ ਕੰਤ ਹਰਿ ਆਪ ਅਖਵਾਏ । ਲੋਕਮਾਤ ਜਾਣੇ ਸਾਚੀ ਬਣਤ, ਜਨ ੭੭

ਭਗਤਾਂ ਦਇਆ ਕਮਾਏ । ਬੇਮੁਖਾਂ ਪਾਏ ਮਾਇਆ ਬੇਅੰਤ, ਦਿਸ ਕਿਸੇ ਨਾ ਆਏ । ਏਕਾ ਜੋਤੀ ਆਦਿ ਅੰਤ, ਸਾਧ ਸੰਤ ਰਿਹਾ ਦਿਸਾਏ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਪਾਲ ਨਾਰ ਸੁਹਾਗਣ ਵਡ ਵਡ ਭਾਗਣ । ਸਾਚਾ ਕੰਤ ਸਦਾ ਹੰਢਾਏ । ਸਾਚਾ ਕੰਤ ਨਰਾਇਣ ਨਰ । ਗੁਰਮੁਖ ਸਾਚੇ ਲਿਆ ਵਰ । ਅੰਤਮ ਆਇਆ ਦਰ ਘਰ । ਸਾਚਾ ਮੇਲ ਮਿਲਾਇਆ ਲੋਕਮਾਤ ਬਾਹੋਂ ਫੜ । ਦਸਵੇਂ ਦਰ ਤੇਲ ਚੁਆਇਆ, ਸ਼ਬਦ ਘੋੜੇ ਉਪਰ ਚੜ੍ਹ । ਅਚਰਜ਼ ਖੇਲ ਆਪ ਵਰਤਾਇਆ । ਜੋਤ ਸਰੂਪੀ ਆਪੇ ਅੰਦਰ ਗਿਆ ਵੜ । ਗੁਰਮੁਖ ਸੋਇਆ ਆਪ ਜਗਾਇਆ, ਆਤਮ ਦਰ ਦਵਾਰੇ ਅੱਗੇ ਖੜ੍ਹ । ਆਪ ਆਪਣੀ ਚਰਨੀ ਲਾਇਆ, ਕਰਮ ਕੁਕਰਮ ਮਾਨਸ ਜਨਮ ਗਏ ਝੜ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਮਾਰਗ ਆਪੇ ਲਾਇਆ, ਕਲਜੁਗ ਅਗਨ ਵਿਚ ਨਾ ਜਾਏ ਸੜ । ਕਲਜੁਗ ਅਗਨ ਨਾ ਲੱਗੇ ਤੱਤੀ । ਪ੍ਰਭ ਦੇ ਸਮਝਾਵੇ ਮਤੀ । ਸਾਚਾ ਸ਼ਬਦ ਜਨ ਰਸਨਾ ਗਾਵੇ ਦੰਦ ਬੱਤੀ । ਪੁਰਖ ਅਬਿਨਾਸ਼ੀ ਸਾਚਾ ਪਾਵੇ, ਸਤਿ ਸਤਵੰਤੀ ਨਾਰ ਸਤੀ । ਚਰਨ ਧੂੜ ਗੁਰ ਸੰਗਤ ਲਾਵੇ, ਧੀਰਜ ਧੀਰਜ ਜਤੀ । ਪੁਰਖ ਅਬਿਨਾਸ਼ੀ ਸਾਚਾ ਪਾਵੇ, ਚਰਨ ਬੰਧਾਵੇ ਸਾਚਾ ਨਤੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦਇਆ ਕਮਾਵੇ, ਆਪੇ ਦੇ ਸਮਝਾਵੇ ਮਤੀ । ਖੰਡ ਮੰਡਲ ਬ੍ਰਹਿਮਾਦ । ਏਕਾ ਸ਼ਬਦ ਸਾਚਾ ਨਾਦ । ਜਨ ਭਗਤਾਂ ਦੇਵੇ ਲੋਕਮਾਤ ਸਾਚੀ ਦਾਦ । ਗੁਰਮੁਖ ਵਿਰਲਾ ਪ੍ਰਭ ਦਰ ਸੇਵੇ, ਸਦ ਰਸਨਾ ਰਿਹਾ ਅਰਾਧ । ਪ੍ਰਭ ਅਬਿਨਾਸ਼ੀ ਅਲਖ ਅਭੇਵੇ, ਸ਼ਬਦ ਲਿਖਾਵੇ ਬੋਧ ਅਗਾਧ । ਗੁਰਮੁਖ ਸਾਚੇ ਪਾਰ ਉਤਾਰੇ, ਕਿਰਪਾ ਧਾਰੇ ਹਰਿ ਨਿਰੰਕਾਰੇ, ਪੈਜ ਸਵਾਰੇ ਦਰ ਦਰਬਾਰੇ, ਆਪ ਮਿਟਾਏ ਕਲਜੁਗ ਮਾਇਆ ਕਲਜੁਗ ਵਿਵਾਦ । ਕਲਜੁਗ ਮਾਇਆ ਮੋਹ ਅੰਧ ਗਵਾਰ ਹੈ । ਗੁਰਮੁਖ ਨਾ ਜਾਏ ਮਰ, ਨਰ ਹਰਿ ਸੱਚੀ ਸਰਕਾਰ ਹੈ । ਅੰਤਮ ਵੇਲਾ ਜਾਣੇ ਕੋ, ਸ੍ਰਿਸ਼ਟ ਸਬਾਈ ਜਾਏ ਹਾਰ ਹੈ । ਗੁਰ ਚਰਨੀ

ਜਾਣਾ ਛੋਹ, ਦੁਰਮਤ ਮੈਲ ਰਿਹਾ ਉਤਾਰ ਹੈ । ਤਨ ਕਾਇਆ ਲੈਣੀ ਧੋ, ਮੈਲ ਲੱਗੇ ਨਾ ਦੂਜੀ ਵਾਰ ਹੈ । ਹਲ ਸਾਚਾ ਲੈਣਾ ਜੋ, ਬੀਜੋ ਬੀਜ ਨਾਮ ਕਰਤਾਰ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਦਰਬਾਰੇ ਪੈਜ ਸਵਾਰੇ, ਲੋਕਮਾਤ ਨਾ ਆਏ ਹਾਰ ਹੈ । ਸ਼ਬਦ ਨਾਮ ਦੇਵੇ ਡੋਲੀ, ਆਪੇ ਰੰਗੇ ਕਾਇਆ ਚੋਲੀ, ਦੂਈ ਦਵੈਤੀ ਪੜਦੇ ਦੇਵੇ ਖੋਲ੍ਹੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਦੁਲਾਰੇ, ਆਪ ਬਣਾਏ ਦਰ ਦਰ ਘਰ ਘਰ, ਦਰ ਸਾਚੇ ਦੀ ਸਾਚੀ ਗੋਲੀ । ਗੁਰਮੁਖ ਨੇਤਰ ਨੀਰ ਵਿਰੋਲੇ । ਦੁਰਜਨਾਂ ਦੇ ਪੜਦੇ ਖੋਲ੍ਹੇ । ਹਰਿ ਜਨਾਂ ਦੇ ਅੰਦਰ ਬੋਲੇ । ਜੋ ਜਨ ਸਰਨੀ ਜਾਇਣ ਪੜ, ਸ਼ਬਦ ਸਰੂਪੀ ਜੰਦੇ ਖੋਲ੍ਹੇ । ਆਪੇ ਤੋੜੇ ਹੰਕਾਰੀ ਕਾਇਆ ਕਿਲ੍ਹਾ ਗੜ੍ਹ, ਵਿਚੋਂ ਕਾਇਆ ਚੋਲੇ । ਪੰਜਾਂ ਚੋਰਾਂ ਲਏ ਫੜ, ਮਾਰੇ ਮਾਰ ਸ਼ਬਦ ਗੋਲੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋ ਜਨ ਚਰਨ ਪ੍ਰੀਤੀ ਘੋਲ ਘੋਲੇ । ਚਰਨ ਪ੍ਰੀਤੀ ਘੋਲ ਆਤਮ ਰੰਗ ਰਤੀਆ । ਪੁਰਖ ਅਬਿਨਾਸ਼ੀ ਸਾਚਾ ਪਾਏ, ਵਾਓ ਨਾ ਲੱਗੇ ਤੱਤੀਆ । ਘਨਕਪੁਰ ਵਾਸੀ ਦਇਆ ਕਮਾਏ, ਆਤਮ ਰੱਖੇ ਜਤੀ ਸਤੀਆ । ਸਾਚੀ ਸੇਵਾ ਆਪੇ ਲਾਏ, ਵਡ ਸਰਬੰਸੀ ਆਪ ਅਖਵਾਏ, ਆਪੇ ਜਾਣੇ ਮਿਤ ਗਤ, ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਰਨ ਪ੍ਰੀਤੀ ਤੋੜ ਨਿਭਾਏ, ਜਨ ਆਪ ਲਗਾਈ ਸਾਚੀ ਨਤੀਆ । ਵੀਹ ਹਾੜ ਜਨ ਭਗਤ ਦਵਾਰਾ । ਗਗਨ ਪਤਾਲੀ ਆਇਆ ਛੱਤਾਂ ਪਾੜ, ਪੁਰਖ ਅਗੰਮੜਾ ਹਰਿ ਨਿਰੰਕਾਰਾ । ਕਲਜੁਗ ਮਾਇਆ ਰਿਹਾ ਸਾੜ, ਆਪ ਹਟਾਏ ਪੰਚਾਂ ਚੋਰਾਂ ਧਾੜਾਂ, ਮਾਰੇ ਸ਼ਬਦ ਕਟਾਰਾ । ਹੋਏ ਸਹਾਈ ਵਿਚ ਜੰਗਲ ਜੂਹ ਉਜਾੜਾਂ, ਰਿਹਾ ਪੈਜ ਸਵਾਰਾ । ਕੰਤ ਸੁਹਾਗੀ ਸਾਚਾ ਪਾਇਆ, ਜਗਤ ਸੁਹਾਗਣ ਨਾਰਾਂ, ਮਿਲਿਆ ਹਰਿ ਭਤਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤ ਸਰੂਪੀ ਜਾਮਾ ਧਰ, ਏਕਾ ਦੇਵੇ ਸਾਚਾ ਵਰ, ਜਨਮ ਮਰਨ ਪ੍ਰਭ ਜਾਏ ਹਰ, ਘਰ ਸਾਚੇ ਦਰ ਸਾਚੇ ਹਰਿ ਦਾਤਾਰਾ । ਗੁਰਮੁਖ ਵਧਾਈ ਭਲਾਈਪੁਰ । ਸਾਚੀ ਖ਼ੁਸ਼ੀ ਮਨਾਈ ਪ੍ਰਭ ਦਇਆ ਕਮਾਈ, ਲਿਖਿਆ ਧੁਰ । ਪੂਰਬ ਲੇਖ ਰਿਹਾ ਜਣਾਈ, ਫੜ ਫੜ ਬਾਹੋਂ ਰਾਹੇ ਪਾਈ, ਨਾ ਕੋਈ ਜਾਣੇ ਜੀਵ ਦਾਨਾਈ, ਆਪ ਬਣਾਏ ਗੁਰਮੁਖ ਸੁਰ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਵਾਸੀ ਘਨਕਪੁਰ । ਦੋ ਦੋ ਚਾਰ ਚਵ੍ਹਾਂ ਸਿਰਾਂ ਹਰਿ ਇਕ ਸੱਚਾ ਸਰਦਾਰ । ਆਪੇ ਵਣਜ ਕਰਾਏ, ਜਗਤ ਸੱਚਾ ਵਪਾਰ । ਸਾਧੂ ਸਿੰਘ ਪਾਲ ਨਾਲ ਰਲਾਏ, ਏਕਾ ਧਾਮ ਬਹਾਏ, ਲਹਿਣਾ ਦੇਣ ਆਪ ਚੁਕਾਏ, ਇਕੱਠੇ ਹੋਏ ਚੂੜ੍ਹੇ ਚਮਿਆਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਵਿਦਾਸ ਤੇਰੀ ਪੂਰ ਕਰਾਏ ਆਸ, ਨਾਲ ਰਲਾਇਆ ਬਾਲਮੀਕ ਬਿਜਵਾੜ । ਸ਼ਤਰੂਗਨ ਧਰਮ ਪੁਜਾਰੀ । ਪਾਰਬ੍ਰਹਮ ਚਰਨ ਸਰਨ ਕਰੇ ਨਿਮਸਕਾਰੀ । ਇਕ ਵਖਾਣੇ ਆਪਣਾ ਕਰਮ, ਲੋਕਮਾਤ ਸਚ ਬ੍ਰਹਮ, ਰਾਮ ਨਾਮ ਨਾਮ ਰਾਮ ਅਵਤਾਰੀ । ਜੋਤੀ ਜੋਤ ਸਰੂਪ ਹਰਿ, ਆਪਣੇ ਭਾਣੇ ਆਪ ਸਮਾਣੇ, ਸਰਬ ਜੀਆਂ ਗਤ ਆਪੇ ਜਾਣੇ, ਆਪਣਾ ਰੰਗ ਰੰਗੇ ਕਰਤਾਰੀ । ਸਚ ਪੁਜਾਰੀ, ਦਰ ਦਵਾਰੇ ਅੱਠੇ ਪਹਿਰ ਕਰਨ ਨਿਮਸਕਾਰੀ । ਚਰਨ ਪੂਜੇ ਗਿਰਵਰ ਗਿਰਧਾਰੀ । ਚੌਦਾਂ ਬਰਸ ਤਨ ਖੁਆਰੀ ਹੋਏ ਵਿਛੋੜਾ ਭਾਰੀ । ਸਾਲ ਪੰਦਰਵੇਂ ਰਾਮ ਰਮਇਆ ਆਏ ਪੈਜ ਸਵਾਰੀ । ਸਾਚਾ ਮੰਗੇ ਇਕ ਵਰ, ਕਿਰਪਾ ਕਰ ਦੇਵੇ ਹਰਿ, ਮਿਲੇ ਮੇਲ ਕਦ ਫਿਰ ਦੂਜੀ ਵਾਰੀ । ਤਰੇਤੇ ਜੁਗ ਭਾਈ ਭਾਈ, ਇਕ ਕੁਸ਼ਲਿਆ ਜੋ ਰਾਮ ਉਪਜਾਈ, ਸਾਚਾ ਦਰ ਦਰਬਾਰਾ ਜਿਸ ਮਾਤ ਮਿਲਿਆ । ਜੋਤੀ ਜੋਤ ਸਰੂਪ ਹਰਿ, ਤਰੇਤੇ ਜੁਗ ਮਾਤ ਆਇਆ ਗੌਤਮ ਰਿਖ ਬਾਣ ਚਲਾਇਆ, ਮਿਲਿਆ ਸਰਾਫ ਅਹਲਿਆ । ਸਮਿਤਰਾ ਜਾਇਆ ਕਰੇ ਪੁਕਾਰ । ਸ਼ਤਰੂਗਨ ਦਰ ਦਾਤਾਰ । ਬੇੜਾ ਮੇਰਾ ਦੇਣਾ ਬੰਨ੍ਹ, ਆਪ ਉਠਾਉਣਾ ਆਪਣਾ ਭਾਰ । ਲਹਿਣਾ ਦੇਣਾ ਆਪ ਚੁਕਾਉਣਾ ਮੇਰੇ ਕੰਨ੍ਹ, ਮਾਤਲੋਕ ਲਏ ਅਵਤਾਰ । ਸਾਚਾ ਸ਼ਬਦ ਸੁਣਾਇਆ ਕੰਨ, ਰਾਮ ਰਘੁਬੰਸੀ ਹਰਿ ਨਿਰੰਕਾਰ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਆਪਣੀ ਸਾਰ । ਛੋਟਾ ਭਾਈ ਕਰ

੭੮

ਪਿਆਰ, ਸਾਚਾ ਬਚਨ ਰਿਹਾ ਸੁਣਾਈ । ਦਸਰਥ ਸੁਤ ਪੂਤ ਦੁਲਾਰਾ, ਕਲਜੁਗ ਅੰਤਮ ਮਿਲੇ ਵਡਿਆਈ । ਨਿਹਕਲੰਕ ਲਏ ਅਵਤਾਰ, ਆਤਮ ਜੋਤੀ ਦਏ ਜਗਾਈ । ਸੁਣੇ ਤੇਰੀ ਪੁਕਾਰ, ਸਾਚੀ ਸੇਵਾ ਲਏ ਲਾਈ । ਆਤਮ ਬੰਨ੍ਹੇ ਇਕ ਪਿਆਰ, ਸਾਚੇ ਘਰ ਮਿਲੇ ਵਡਿਆਈ । ਚਾਰ ਵਰਨ ਦਏ ਸੱਚਾ ਇਕ ਦਰਬਾਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਇਆ, ਜਗਤ ਕਾਇਆ ਦਏ ਤਜਾਏ, ਜੋਤ ਸਰੂਪੀ ਖੇਲ ਰਚਾਈ । ਸ਼ਬਦ ਸਰੂਪੀ ਆਪ ਉਠਾਏ, ਆਪਣੀ ਕਿਰਪਾ ਧਾਰ । ਆਪਣੀ ਕਿਰਪਾ ਧਾਰੇ, ਹਰਿ ਦੀਨ ਦਿਆਲ । ਕਲਜੁਗ ਅੰਤਮ ਪੈਜ ਸਵਾਰੇ, ਆਪ ਬਣਾਏ ਸਾਚੇ ਲਾਲ । ਹਉਮੇ ਹੰਗਤਾ ਰੋਗ ਨਿਵਾਰੇ, ਭਾਗ ਲਗਾਏ ਕਾਇਆ ਸਚ ਚੁਬਾਰੇ, ਇਕ ਵਖਾਏ ਅਨਮੁੱਲੜਾ ਲਾਲ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਅੰਤਮ ਕਲ ਜਾਮਾ ਪਾਇਆ, ਗੁਰਮੁਖ ਸਾਚੇ ਪਾਰ ਉਤਾਰੇ, ਪੂਤ ਉਜਾਗਰ ਸਿੰਘ ਪਾਲ ।

### ❇ ੨੧ ਹਾੜ ੨੦੧੧ ਬਿਕ੍ਰਮੀ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ਗਿਆਨੀ ਗੁਰਮੁਖ ਸਿੰਘ ਦੇ ਗ੍ਰਹਿ ❇

ਹਰਿ ਨਿਰਧਨ ਮਾਣ ਦੇਵੇ ਨਿਰਹਾਰਾ । ਸ਼ਬਦ ਬਬਾਣ ਦੇਵੇ ਕਰਤਾਰਾ । ਆਤਮ ਪਵਣ ਅਸਵਾਰਾ, ਕਰੇ ਖੇਲ ਨਰ ਹਰਿ ਹਰਿ ਨਿਰੰਕਾਰਾ । ਜੋਤੀ ਜੋਤ ਸਰੂਪ ਹਰਿ, ਸਾਚੇ ਭਗਤ ਵਡਿਆਈ ਜਗਤ, ਲੇਖੇ ਲਾਏ ਬੂੰਦ ਰਕਤ, ਮਾਤ ਸੀਰ ਬੱਤੀ ਧਾਰਾ । ਬੱਤੀ ਧਾਰ ਮਾਤ ਪਿਆਰੀ । ਬਾਲ ਅਵਸਥਾ ਮੁਖ ਲਗਾਇਆ, ਆਤਮ ਦਿੱਤੀ ਸਚ ਅਧਾਰੀ । ਜਗਤ ਮਾਇਆ ਤਨ ਦੁੱਖ ਲਗਾਇਆ, ਭੁੱਲਾ ਜੀਵ ਗਵਾਰੀ । ਉਲਟਾ ਮੁਖ ਹਰਿ ਰਖਾਇਆ, ਉਪਰ ਪਸਰ ਪਸਾਰੀ । ਸੁੱਖਣਾ ਸੁੱਖ ਸੁੱਖ ਵਕਤ ਲੰਘਾਇਆ, ਮਿਲਿਆ ਹਰਿ ਨਿਰੰਕਾਰੀ । ਸੁਫ਼ਲ ਕਰਾਏ ਮਾਤ ਕੁੱਖ, ਲੋਕਮਾਤ ਜਨਮ ਦਵਾਇਆ ਕਿਰਪਾ ਧਾਰੀ । ਉਜਲ ਹੋਇਆ ਗੁਰਮੁਖ ਮੁਖ, ਗੁਰ ਪੂਰੇ ਚਰਨ ਕੀਨੀ ਨਿਮਸਕਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਦੇਵੇ ਜੀਆ ਦਾਨ, ਦਰਗਾਹ ਸਚ ਕਰੇ ਪ੍ਰਵਾਨ, ਆਪ ਵਸਾਏ ਦਰ ਘਰ ਸੱਚੇ ਦਰਬਾਰੀ । ਗੁਰਮੁਖ ਗੁਰ ਗੁਰ ਇਕ ਰੰਗ ਰੱਤਾ । ਮਿਲਿਆ ਮੇਲ ਲਿਖਿਆ ਧੁਰ, ਆਪੇ ਦੇਵੇ ਮਾਣ ਜੋਗੀ ਜਟਾ ਜੂਟ ਧਾਰ, ਆਤਮ ਯਤੀ ਸਤਾ । ਸਾਚਾ ਦੇਵੇ ਸ਼ਬਦ ਵੈਰਾਗ, ਜਗਤ ਤਿਆਗ ਅਭਿਆਸ ਜੋਗ, ਸਰਬ ਜਗ ਪਿਤਾ । ਜੋਤੀ ਜੋਤ ਸਰੂਪ ਹਰਿ, ਅੰਮ੍ਰਿਤ ਆਤਮ ਬਰਖ ਕਿਰਪਾ ਕਰ ਤੱਤੀ ਹਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜੋਤੀ ਜੋਤ ਦਏ ਜਗਾਏ, ਅਲਖ ਅਪਾਰ ਨਿਰੰਜਣ, ਸਰਬ ਦੁੱਖ ਭੰਜਨ, ਮੇਲ ਮਿਲਾਏ ਸੰਗ ਏਕਾ ਕਨਕਾ । ਸਾਚੇ ਘਰ ਵਜੀ ਵਧਾਈ । ਗੁਰਮੁਖ ਤੇਰੀ ਆਤਮ ਨਾ ਹੋਏ ਕਦੇ ਜੁਦਾਈ । ਏਕਾ ਮੇਲ ਸੱਚੇ ਹਰਿ ਪਰਮਾਤਮਾ, ਸਾਚਾ ਰਿਸ਼ਤਾ ਆਪ ਬਣਾਈ । ਆਪੇ ਬਣਿਆ ਮਾਤ ਪਿਤ ਸਾਕ ਸੱਜਣ ਭੈਣ ਭਾਈ, ਸਰਬ ਵਥ ਆਤਮ ਜਾਤਮ, ਗੁਰ ਮਤ ਸਾਚੀ ਬਣਤ ਬਣਾਈ । ਆਤਮ ਲਾਇਆ ਸ਼ਬਦ ਘਾਤਮ, ਨਾ ਕੋਈ ਮੇਟੇ ਮੇਟ ਮਿਟਾਈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਗੁਰਸਿਖ ਪਿਆਰਿਆ, ਗੁਰ ਸੰਗਤ ਮੇਲ ਦਏ ਮਿਲਾਈ । ਖਾਣ ਪਕਾਵਣ ਦਰ ਹਰਿ ਭਗਵਾਨ ਹੋਏ ਪ੍ਰਵਾਨ, ਜਮ ਕੀ ਛੁਟਕੀ ਕਾਨ, ਅੰਮ੍ਰਿਤ ਫ਼ਲ ਪ੍ਰਭ ਸਾਚਾ ਦੇਵੇ ਜਗਤ ਨਾਮ ਨਿਸ਼ਾਨ । ਅੰਤਮ ਬਖ਼ਸ਼ੇ ਸਾਚੇ ਮੇਵੇ, ਗੁਰਮੁਖ ਸਾਚੇ ਦਰਗਾਹ ਸਾਚੀ ਖਾਣ । ਅੱਠੇ ਪਹਿਰ ਜਨ ਰਸਨਾ ਸੇਵੇ, ਨਾ ਹੋਏ ਵਿਛੋੜਾ ਸ੍ਰੀ ਭਗਵਾਨ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ ਗੁਰਮੁਖ ਗੁਰ ਸੰਗਤ ਮੇਲ ਮਿਲਾਇਆ ਆਣ । ਮਿਲਿਆ ਮੇਲ ਭਗਤ ਦਵਾਰੇ । ਵਜਦੇ ਰਹਿਣ ਸ਼ਬਦ ਨਗਾਰੇ । ਘਰ ਸਚ ਇਕੱਠੇ ਸਾਰੇ ਬਹਿਣ, ਦਰਸ਼ਨ ਪਾਇਣ ਪੁਰਖ ਅਪਾਰੇ । ਪੜਦੇ ਲਾਹਣ ਤੀਜੇ ਨੈਣ, ਆਤਮ


੭੯

ਜੋਤੀ ਨੂਰ ਅਪਾਰੇ । ਰਸਨਾ ਸਕੇ ਨਾ ਗੁਰਸਿਖ ਕਹਿਣ, ਵੇਖੇ ਰੰਗ ਕਰਤਾਰੇ । ਪ੍ਰਭ ਕਾ ਭਾਣਾ ਸਿਰ ਤੇ ਸਹਿਣ, ਕਾਗ ਵਿਰੋਲੇ ਝੂਠੇ ਗੋਲੇ ਕਲਜੁਗ ਜੀਵ
ਗਵਾਰੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਵਸਤ ਹਰਿ ਝੋਲੀ ਪਾਏ, ਸੋਹੰ ਸ਼ਬਦ ਸਿਰ ਆਪ ਬੰਨ੍ਹਾਏ, ਮਾਤ ਸੱਚੇ ਦਸਤਾਰੇ । ਮਨ ਮਤ ਜਗਤ
ਤਿਆਗ । ਗੁਰ ਦਰ ਜਾਗਣਾ, ਜਨ ਹੋਇਣ ਵਡ ਵਡ ਭਾਗ । ਹਰਿ ਦੇਵੇ ਨਾਮ ਸਾਚਾ ਰਾਗਨਾ, ਹਰਿ ਸਰਨ ਜਨ ਜਾਏ ਲਾਗ । ਮਦਿਰਾ ਮਾਸ ਰਸਨਾ
ਤਿਆਗਣਾ, ਪ੍ਰਭ ਆਪ ਬੁਝਾਏ ਤ੍ਰਿਸ਼ਨਾ ਆਗ । ਹੰਸ ਬਣਾਏ ਕਾਗਣਾ, ਔਖੇ ਵੇਲੇ ਪਕੜੇ ਵਾਗ । ਛੱਡ ਦਰ ਮੂਲ ਨਾ ਭਾਗਣਾ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ
ਭਗਵਾਨ, ਜੋਤ ਸਰੂਪੀ ਜਾਮਾ ਪਾਇਆ ਏਕਾ ਪੁਰਖ ਅਬਿਨਾਸ਼ੀ ਸਾਚਾ ਕੰਤ ਸੁਹਾਗ । ਢੋਲ ਮਰਦੰਗ ਨਾ ਸਾਰੰਗ ਧੁਰ ਅਚੱਲ ਕਰੇ ਖੇਲ ਮਾਤ ਬਹੁ ਰੰਗ, ਅੰਤ
ਨਾ ਪਾਰਾਵਾਰਾ । ਸਦਾ ਸਹਾਈ ਅੰਗ ਸੰਗ, ਜਨ ਭਗਤਾਂ ਮੰਗਿਆ ਸੱਚਾ ਇਕ ਦਵਾਰਾ । ਆਤਮ ਕਟੇ ਭੁੱਖ ਨੰਗ, ਭਰਿਆ ਰਹੇ ਸਦ ਭੰਡਾਰਾ । ਕਾਇਆ
ਝੂਠੀ ਕਾਚੀ ਵੰਗ, ਅੰਤ ਭੰਨੇ ਘੜਨਹਾਰਾ । ਜਨ ਭਗਤਾਂ ਨਿਭਾਏ ਸਾਚਾ ਸੰਗ, ਸਿਰ ਰੱਖੇ ਹੱਥ ਗਿਰਵਰ ਗਿਰਧਾਰਾ । ਕਲਜੁਗ ਅੰਤਮ ਚੜ੍ਹਾਏ ਕਾਂਗ, ਬੇਮੁਖ
ਡੋਬੇ ਅੱਧ ਵਿਚਕਾਰਾ । ਸ਼ਬਦ ਘੋੜੇ ਕਸੇ ਤੰਗ, ਉਤੇ ਹੋਏ ਹਰਿ ਅਸਵਾਰਾ । ਵਡ ਦਾਤਾ ਸੂਰਾ ਸਰਬੰਗ, ਨੀਤ ਅਨੀਤੀ ਪਰਖਣਹਾਰਾ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਸੰਤ ਸਾਧ ਸਦਾ ਸਦਾ ਤਾਰਨਹਾਰਾ । ਸੰਤ ਸਾਧ ਆਤਮ ਸਾਧੇ । ਮਿਟੇ ਜਗਤ ਵਿਵਾਦ, ਸ਼ਬਦ ਵੱਜੇ ਸਾਚਾ ਨਾਦੇ । ਦਰ ਘਰ ਸਾਚੇ ਮਿਲੇ
ਏਕਾ ਦਾਦ, ਸਾਚਾ ਸ਼ਬਦ ਬੋਧ ਅਗਾਧੇ । ਕਿਰਪਾ ਕਰ ਹਰਿ ਮਾਧਵ ਮਾਧ, ਗੁਰਮੁਖ ਸਾਚੇ ਵਿਚ ਮਾਤ ਲਾਧੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ
 ਦੇਵੇ ਨਾਮ ਨਿਧਾਨ, ਪੰਜਾਂ ਚੋਰਾਂ ਆਪੇ ਬਾਂਧੇ । ਪੰਜ ਚੋਰ ਜਗਤ ਗਵਾਰਨ । ਅੱਠੇ ਪਹਿਰ ਪਾਇਣ ਸ਼ੋਰ, ਆਤਮ ਹੰਕਾਰਨ । ਦਿਸ ਨਾ ਆਇਣ ਕਾਇਆ ੮੦
ਘੋਰ, ਵਡ ਵਡ ਪੁਕਾਰਨ । ਜਨ ਗੁਰਮੁਖਾਂ ਭਾਗ ਮਥੌਰ, ਮਿਲਿਆ ਹਰਿ ਭਗਵਾਨਣ । ਚਰਨ ਪ੍ਰੀਤੀ ਲਏ ਜੋੜ, ਆਤਮ ਦੇਵੇ ਬ੍ਰਹਮ ਗਿਆਨਣ । ਏਕਾ
ਸ਼ਬਦ ਚੜ੍ਹਾਏ ਘੋੜ, ਜਗਤ ਘਾਲ ਨਾ ਗੁਰਮੁਖ ਘਾਲਣ । ਏਕਾ ਨਾਮ ਲਗਾਇਆ ਪੌੜ, ਆਪ ਬਿਠਾਏ ਸੱਚੇ ਦਰ ਉਚੇ ਅਸਮਾਨਣ । ਮਹਾਰਾਜ ਸ਼ੇਰ ਸਿੰਘ
ਵਿਸ਼ਨੂੰ ਭਗਵਾਨ, ਜਿਸ ਦਰ ਚਰਨ ਛੁਹਾਇਆ, ਗੁਰ ਸੰਗਤ ਸੰਗ ਰਲਾਇਆ, ਆਪੇ ਬਖ਼ਸ਼ੇ ਪੀਣ ਖਾਨਣ । ਪੀਆ ਖਾਧਾ ਪੁਰਖ ਅਬਿਨਾਸ਼ੀ ਲਾਧਾ । ਆਪੇ
ਮਾਤ ਪਿਤ ਪਿਉ ਦਾਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦਰ ਘਰ ਸਾਚੇ ਕਿਰਪਾ ਧਾਰੀ ਹਰਿ ਬਨਵਾਰੀ, ਜਗੀ ਜੋਤ ਇਕ ਨਿਰੰਕਾਰੀ, ਗੁਰਸਿਖ ਸਾਚਾ
ਸਾਧੂ ਸਿੰਘ ਸ਼ਬਦ ਡੋਰੀ ਬਾਂਧਾ । ਗੁਰਮੁਖ ਬੀਜ ਸੱਚੀ ਫੁਲਵਾੜੀ । ਤਨ ਮਨ ਜਾਏ ਸੀਝ, ਦੂਈ ਦਵੈਤੀ ਪੜਦਾ ਪਾੜੀ । ਪੁਰਖ ਅਬਿਨਾਸ਼ੀ ਆਪ ਕਰਾਏ ਤੇਰੀ
ਰੀਝ, ਜੋਤ ਜਗਾਏ ਬਹੱਤਰ ਨਾੜੀ । ਸਦਾ ਵਸੇ ਆਤਮ ਦਰ ਦਹਿਲੀਜ਼, ਕਦੇ ਅੰਦਰ ਕਦੇ ਬਾਹਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੀ ਦਇਆ
ਕਮਾਏ, ਮਾਨਸ ਜਨਮ ਲੇਖੇ ਲਾਏ, ਘਰ ਲੈਣ ਨਾ ਆਏ ਮੌਤ ਲਾੜੀ । ਲਾੜੀ ਮੌਤ ਦਰ ਨਾ ਲੰਘੇ । ਗੁਰਮੁਖ ਵੇਖ ਦੂਰ ਦੁਰਾਡੀ ਸੰਗੇ । ਅੱਗੇ ਦਿਸੇ ਹਰਿ
ਜੀ ਜੋਤ ਸਰੂਪੀ ਧਾਰੇ ਭੇਖ, ਘਰ ਸਿੱਖਾਂ ਫਿਰੇ ਪੈਰੀਂ ਨੰਗੇ । ਖੁਲ੍ਹੜੇ ਰੱਖੇ ਸਤਿਜੁਗ ਸਾਚੇ ਕੇਸ, ਏਕਾ ਚੋਲੀ ਨਾਮ ਰੰਗੇ । ਬਾਲ ਅਵਸਥਾ ਇਕ ਵਿਛੋੜਾ ਸ੍ਰੀ
ਦਸਮੇਸ਼, ਵੇਲੇ ਅੰਤਮ ਪਾਰ ਲੰਘੇ । ਦਰਸ਼ਨ ਕਰੇ ਸਦਾ ਹਮੇਸ਼, ਪੁਰਖ ਅਬਿਨਾਸ਼ੀ ਹੋਏ ਅੰਗ ਸੰਗੇ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵੇ ਜੀਆ
ਦਾਨ ਬੰਸ ਸਰਬੰਸ ਭਵ ਸਾਗਰ ਪਾਰ ਲੰਘੇ । ਭਵ ਸਾਗਰ ਸਿੰਧ ਦੀ ਧਾਰ । ਗੁਰਮੁਖਾਂ ਉਪਜੇ ਏਕਾ ਬਿੰਦੀ, ਏਕਾ ਇੱਕੀ ਦਏ ਉਧਾਰ । ਹਰਿ ਨਾ ਜਾਣੇ
ਜਗਤ ਪਛਾਣੇ ਜੋ ਕਰਨ ਨਿੰਦੀ, ਜਨ ਭਗਤਾਂ ਰਿਹਾ ਪੈਜ ਸਵਾਰ । ਏਕਾ ਹਰਿ ਸਰਬ ਮਰਗਿੰਦੀ, ਕਦੇ ਨਾ ਆਵੇ ਹਾਰ । ਗੁਣ ਦਾਤਾ ਵਡ ਗੁਣ ਗਹਿੰਦੀ

ਸਦ ਬਖ਼ਸ਼ਿੰਦੀ, ਆਦਿ ਜੁਗਾਦਿ ਬਖ਼ਸ਼ਣਹਾਰ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਦਵਾਰੇ ਭਾਗ ਲਗਾਏ ਦਇਆ ਕਮਾਏ, ਆਤਮ ਦਰ ਸਾਚੇ ਘਰ ਸਦਾ ਭਰੇ ਰਹਿਣ ਭੰਡਾਰ । ਆਤਮ ਘਰ ਭਰੇ ਭੰਡਾਰਾ । ਨਾਮ ਵਸਤ ਦੇਵੇ ਦਸਤ, ਗੁਰਮੁਖ ਸਾਚਾ ਰਹੇ ਮਸਤ, ਸਾਚੀ ਰਹੇ ਨਾਮ ਖੁਮਾਰਾ । ਆਪ ਚੜ੍ਹਾਏ ਸ਼ਬਦ ਸਾਚੇ ਹਸਤ, ਪਵਣ ਸਰੂਪੀ ਕਰ ਅਸਵਾਰਾ । ਚਿੱਟਾ ਪਹਿਨਾਏ ਤਨ ਸ਼ਬਦ ਬਸਤਰ, ਕੋਈ ਰੰਗ ਨਾ ਰੰਗੇ ਦੂਜੀ ਵਾਰਾ । ਜੋਤੀ ਜੋਤ ਸਰੂਪ ਹਰਿ, ਆਪੇ ਜਾਣੇ ਗੁਰਮੁਖ ਸਾਚੇ ਸੰਤ ਜਨਾਂ, ਲੋਕਮਾਤ ਸਾਚੀ ਸਾਰਾ । ਕਾਇਆ ਚੋਲੀ ਤਨ ਰੰਗਾਇਆ । ਸੋਹੰ ਸ਼ਬਦ ਸਾਚੀ ਡੋਲੀ, ਗੁਰਮੁਖ ਸਾਚਾ ਵਿਚ ਬਹਾਇਆ । ਦਰ ਘਰ ਸਾਚੇ ਆਪ ਬਣਾਏ ਸਾਚੀ ਗੋਲੀ, ਚਰਨ ਪ੍ਰੀਤੀ ਇਕ ਲਗਾਇਆ । ਕਲਜੁਗ ਤੇਰੀ ਵਿਆਹੇ ਬੋਲੀ, ਨਿਹਕਲੰਕੀ ਬਾਣਾ ਪਾਇਆ । ਚਰਨ ਪ੍ਰੀਤੀ ਘੋਲ ਘੋਲੀ, ਜੋਤ ਸਰੂਪੀ ਦਰਸ ਦਿਖਾਇਆ । ਆਤਮ ਜਗੇ ਜੋਤ ਅਨਮੋਲੀ , ਮਾਤਲੋਕ ਕਰੇ ਰੁਸ਼ਨਾਇਆ । ਕਲਜੁਗ ਜੀਵ ਕਿਸੇ ਨਾ ਤੋਲੀ, ਸਾਚਾ ਕੰਡਾ ਕਿਸੇ ਹੱਥ ਨਾ ਆਇਆ । ਏਕਾ ਪੁਰਖ ਅਬਿਨਾਸ਼ੀ ਜਨ ਭਗਤਾਂ ਭੇਵ ਰਿਹਾ ਖੋਲ੍ਹੀ, ਸਦ ਭਾਣੇ ਆਪ ਸਮਾਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਏਕ ਜਗਤ ਟੇਕ ਕਰੇ ਬੁਧ ਬਬੇਕ, ਕਲਜੁਗ ਮਾਇਆ ਤਨ ਨਾ ਲਾਏ ਸੇਕ, ਸਾਚੇ ਸ਼ਬਦ ਰੰਗ ਰੰਗਾਇਆ । ਸ਼ਬਦ ਰੰਗ ਸਚ ਰੰਗੀਲਾ । ਗੁਰਮੁਖ ਵਿਰਲਾ ਰੰਗੇ, ਕਾਇਆ ਚੋਲੀ ਮਾਤ ਕਰ ਕਰ ਹੀਲਾ । ਲੋਕ ਲੱਜਿਆ ਜਗਤ ਤਿਆਗੇ ਮੂਲ ਨਾ ਸੰਗੇ, ਏਕਾ ਬਣੇ ਸੁਹੇਲਾ । ਆਪੇ ਹੋਏ ਸਦਾ ਅੰਗ ਸੰਗੇ, ਦਰਸ ਦਿਖਾਏ ਹਰਿ ਦਾਤਾਰ, ਸ਼ਬਦ ਘੋੜ ਵਖਾਏ ਰੰਗ ਨੀਲਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਏ ਚਤੁਰ ਸੁਜਾਨ, ਲੱਖ ਚੁਰਾਸੀ ਬੰਦ ਛੁਡਾਨ,
 ਅੰਤਮ ਵੇਲੇ ਦਰਗਾਹ ਸਾਚੀ, ਸੰਗ ਸ਼ਬਦ ਰਲਾਏ ਦਇਆ ਕਮਾਏ, ਬਣੇ ਸਚ ਵਕੀਲਾ । ਸਚ ਵਕੀਲਾ ਧੁਰ ਦਰਗਾਹ । ਧਰਮ ਰਾਏ ਨਾ ਦੇਵੇ ਫਾਹ । ਅੰਤਮ ੮੧
ਵੇਲੇ ਹੋਏ ਸਹਾਈ, ਆਪਨੀ ਗੋਦ ਹਰਿ ਲਏ ਉਠਾ । ਮਾਤ ਪਿਤ ਨਾ ਕੋਈ ਭੈਣ ਭਰਾਏ, ਜੂਠੇ ਝੂਠੇ ਮਾਨਣ ਠੰਡੀ ਛਾਂ । ਜੋਤੀ ਜੋਤ ਸਰੂਪ ਹਰਿ, ਅੰਤਮ ਅੰਤ ਭਗਤ ਭਗਵੰਤ, ਸਾਚੇ ਸੰਤ ਵਿਚ ਜੀਵ ਜੰਤ, ਆਪੇ ਬਣੇ ਪਿਤਾ ਮਾਂ । ਮਾਤ ਪਿਤਾ ਹਰਿ ਪੂਤ ਦੁਲਾਰਾ । ਗੁਰਮੁਖ ਸਾਚਾ ਸੁਤ ਦੁਲਾਰਾ । ਜਿਸ ਦਰ ਸਾਚਾ ਮੰਗਿਆ ਏਕਾ, ਦੂਜੇ ਦਰ ਨਾ ਹੋਏ ਭਿਖਾਰਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਸੰਗਤ ਦਏ ਵਧਾਈ, ਆਤਮ ਜੋਤੀ ਦੀਪ ਜਗਾਈ, ਵਜਦਾ ਰਹੇ ਸ਼ਬਦ ਨਗਾਰਾ । ਦੁਰਜਨ ਦੁਰਮਤ ਇਕ ਦਵਾਰੇ । ਇਕ ਦੂਜੇ ਦੇ ਮੀਤ ਪਿਆਰੇ । ਤਨ ਮਨ ਕਾਇਆ ਝੂਠੀ ਭੀਜੇ, ਝੂਠਾ ਕਰੇ ਤਨ ਸ਼ਿੰਗਾਰੇ । ਜੋਤੀ ਜੋਤ ਸਰੂਪ ਹਰਿ, ਸਰਬ ਜੀਆਂ ਹਰਿ ਜਾਣੇ ਸਾਰੇ । ਦੁਰਜਨ ਦੁਹਾਗਨ ਨਾਰ ਕੰਤ ਵਿਛੋੜਿਆ । ਨਾ ਮਿਲਿਆ ਮੀਤ ਮੁਰਾਰ, ਘਰ ਸਾਚੇ ਸਚ ਨਾ ਬਹੁੜਿਆ । ਕਲਜੁਗ ਮਾਇਆ ਨਾਰ ਹੰਕਾਰੀ, ਕੰਤ ਝੂਠਾ ਤਨ ਸ਼ਿੰਗਾਰਿਆ । ਝੂਠੀ ਬਣਾਏ ਆਪਨੀ ਬਣਤਰ, ਆਪਣਾ ਆਪ ਨਾ ਜਨ ਵਿਚਾਰਿਆ । ਤੁਟਾ ਨਾਤਾ ਹਰਿ ਭਗਵੰਤ, ਹੋਏ ਨੀਚੋ ਨੀਚ ਸੁਘੜ ਸਿਆਨਿਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿਗੁਰ ਸਾਚਾ, ਜਿਸ ਜਨ ਮਾਤ ਭੁਲਾਨਿਆ । ਭਰਮ ਭੁਲੇਖਾ ਮਾਤ ਝੂਠਾ ਹੱਟ ਵਿਕਾਇੰਦਾ । ਜਨ ਆਪ ਗਵਾਏ ਸਾਚੀ ਦਾਤ, ਖਾਲੀ ਹੱਥ ਪਛਤਾਇੰਦਾ । ਘਰ ਸਾਚੇ ਕੋਈ ਨਾ ਪੁੱਛੇ ਵਾਤ, ਗੁਰ ਸੰਗਤ ਨਾਤਾ ਤੋੜ ਤੁੜਾਇੰਦਾ । ਨਾ ਕੋਈ ਭੈਣ ਭਰਾ ਪਿਤ ਮਾਤ, ਜਾਮਨ ਹੋਏ ਕਿਸੇ ਛੁਡਾਇੰਦਾ । ਆਪੇ ਲੈ ਜਾਏ ਆਪਨੀ ਦਾਤ, ਕਾਇਆ ਥੋਥੀ ਖਾਲੀ ਪਿੰਜਰ ਮਾਤ ਰਹਿ ਜਾਇੰਦਾ । ਹੰਸ ਵਿਚਾਰੀ ਜਾਏ ਰੋਤੀ, ਪ੍ਰਭ ਬਿਰਹੋਂ ਰੋਗ ਸਤਾਇੰਦਾ । ਹੱਥ ਨਾ ਆਇਆ ਮਾਣਕ ਮੋਤੀ, ਮਾਨਸ ਜਨਮ ਗਵਾਇੰਦਾ । ਜੋਤੀ ਜੋਤ ਸਰੂਪ ਹਰਿ, ਸਰਬ ਜੀਆਂ ਆਪੇ ਲੇਖ ਲਿਖਾਇੰਦਾ । ਲੇਖਾ ਚੁੱਕੇ ਵਾਰੋ ਵਾਰੀ । ਭੁੱਲ ਨਾ ਜਾਵੇ ਜੀਵ ਗਵਾਰੀ । ਆਪੇ ਪਿਤਾ ਮਾਤ ਮਹਿਤਾਰੀ । ਧੀਆਂ ਪੁੱਤ ਸਾਚਾ ਸੰਗ ਹਰਿ ਹਰਿ

ਰੰਗ, ਏਕਾ ਪੁਰਖ ਅਬਿਨਾਸ਼ੀ, ਜਨ ਸਾਚੀ ਨਾਰੀ । ਸਾਚੀ ਜੋਤ ਮਾਤ ਪ੍ਰਕਾਸ਼ੀ ਘਨਕਪੁਰ ਵਾਸੀ ਜਨ ਭਗਤਾਂ ਜਾਏ ਤਾਰੀ । ਬੇਮੁਖਾਂ ਮਾਰੇ ਮਾਰ ਕਰੇ ਖ਼ਵਾਰੀ, ਕਲਜੁਗ ਤੇਰੀ ਅੰਤਮ ਵਾਰੀ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖ ਜੀਵ ਦੁਰਜਨਾਂ ਏਕਾ ਦੇਵੇ ਪਾਸਾ ਹਾਰੀ । ਛਡਿਆ ਇਕ ਦਰ ਦਵਾਰਾ । ਕਵਣ ਮਿਟਾਏ ਲਿਖੇ ਲੇਖ, ਅੰਤਮ ਲੇਖਾ ਦੇਣਾ ਭਰ, ਸਰਬ ਘਟਾਂ ਘਟ ਰਿਹਾ ਵੇਖ, ਜੋਤ ਸਰੂਪੀ ਕਰ ਪਸਾਰਾ । ਆਤਮ ਲੱਗੀ ਝੂਠੀ ਮੇਖ, ਹਰਿ ਦੇਵੇ ਕੱਲਰ ਕੰਧ ਉਖਾੜਾ । ਧਰ ਧਰ ਧਰ ਹਰਿ ਸਾਚਾ ਭੇਖ, ਲੋਕਮਾਤ ਇਕ ਸ਼ਬਦ ਲਗਾਏ ਸਾਚਾ ਅਖਾੜਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬੇਮੁਖਾਂ ਦਰ ਦੁਰਕਾਰੇ, ਚਾਰੋਂ ਕੁੰਟ ਪੈਣ ਝਾੜਾਂ । ਗੁਰ ਮਤ ਗੁਰ ਜਾਣ, ਗੁਰ ਗੁਰ ਗੁਰ ਮਿਲ ਏਕ ਹੈ । ਦੂਜੇ ਘਰ ਨਾ ਦਿਸੇ ਧੀਰਜ ਯਤ, ਅਛਲ ਅਛਲ ਜਗਤ ਬੇਈਮਾਨ ਹੈ । ਏਕਾ ਰਹੇ ਹਰਿ ਅਟੱਲ, ਅੰਤਮ ਮਿਟਣੇ ਸਰਬ ਨਿਸ਼ਾਨ ਹੈ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਦਰ ਦਵਾਰੇ ਕਰੇ ਪੁਕਾਰ ਹੈ ।

### ❋ ੧੯ ਮੱਘਰ ੨੦੧੧ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❋

ਹਰਿ ਸ਼ਬਦ ਜਗਤ ਜਗਦੀਸ਼ । ਨੌਂ ਅਠਾਰਾਂ ਬਾਰਾਂ ਤੀਸ । ਚੁੱਕੇ ਭੇਵ ਰਾਗ ਛਤੀਸ । ਕਲਜੁਗ ਵੇਸ ਬੀਸ ਇਕੀਸ । ਛਤਰ ਝੁੱਲੇ ਹਰਿ ਸਾਚੇ ਸੀਸ । ਸਰਨ ਲਗਾਏ ਹਰਿ ਰਘੁਰਾਏ ਮੂਸ ਈਸ । ਕੁਰਾਨ ਅੰਜ਼ੀਲ ਰਹਿਣ ਨਾ ਪਾਏ, ਸੋਹੰ ਸ਼ਬਦ ਸਚ ਹਦੀਸ । ਬਾਣਾ ਤਹਿਸੀਲ ਸਰਬ ਮਿਟ ਜਾਏ, ਮਹਾਰਾਜ
੮੨ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਕਲ ਜਾਮਾ ਪਾਏ, ਨਾ ਕੋਈ ਕਰੇ ਰੀਸ । ਕਲ ਕਲੰਦਰ, ਕਲ ਜਾਮਾ ਪਾਇਆ । ਜਗੀ ਜੋਤ ਅੰਦਰੇ ਅੰਦਰ, ਗੁਰਦਵਾਰੇ ੮੨
ਮੰਦਰ, ਕਿਸੇ ਹੱਥ ਨਾ ਆਇਆ । ਲੱਖ ਚੁਰਾਸੀ ਭੌਂਦੇ ਬੰਦਰ, ਗੋਰਖ ਮਛੰਦਰ, ਉਚੇ ਟਿੱਲੇ ਆਸਣ ਲਾਇਆ । ਆਤਮ ਵੱਜਾ ਹੰਕਾਰੀ ਜੰਦਰ, ਅੰਤਮ ਕਲ ਨਾ ਕੋਇ ਤੁੜਾਇਆ । ਰੈਣ ਅੰਧੇਰੀ ਡੂੰਘੀ ਕੰਦਰ, ਸਾਕ ਸੈਣ ਨਾ ਕੋਈ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਪਕ ਜੋਤੀ ਇਕ ਜਗਾਇਆ । ਦੀਪਕ ਜੋਤੀ ਹਰਿ ਪ੍ਰਕਾਸ਼ । ਗੁਰਮੁਖ ਹਿਰਦੇ ਰੱਖੇ ਵਾਸ । ਅਲਖ ਨਾ ਲਖੇ, ਹਰਿ ਸ਼ਬਦ ਸਵਾਸ । ਪਤਿ ਮਾਤ ਰੱਖੇ ਹੋਇਆ ਦਾਸ । ਚਾਰ ਕੁੰਟ ਭੌਂਦੇ ਵੇਖੇ, ਲੇਖਾ ਦੇਣਾ ਦਸ ਮਾਸ । ਚਾਰੇ ਕੁੰਟਾਂ ਹੋਣ ਸਖੇ, ਉਲਟੇ ਰੁੱਖ ਗਰਭਵਾਸ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਪੀਰ ਔਲੀਏ ਰਾਹ ਸਾਚਾ ਦੱਸੇ, ਮਿਲੇ ਮੇਲ ਹਰਿ ਅਬਿਨਾਸ਼ । ਹਰਿ ਅਬਿਨਾਸ਼ੀ ਮੇਲ ਮਿਲਾਇੰਦਾ । ਪੁਰਖ ਅਬਿਨਾਸ਼ੀ ਜੋਤੀ ਨੂਰ ਇਕ ਕਰਾਇੰਦਾ । ਘਨਕ ਪੁਰ ਵਾਸੀ, ਸ਼ਬਦ ਧਾਰ ਵਿਚ ਸੰਸਾਰ, ਏਕਾ ਏਕ ਰਖਾਇੰਦਾ । ਮੇਟ ਮਿਟਾਏ ਮਦਿਰਾ ਮਾਸੀ, ਸ਼ਬਦ ਸਵਾਸੀ ਚਰਨ ਰਖਾਇੰਦਾ । ਭੁੱਲੇ ਰੁਲੇ ਜੀਵ ਕਰਨ ਹਾਸੀ, ਛੱਬੀ ਪੋਹ ਬਣਤ ਬਣਾਇੰਦਾ । ਚਾਰ ਵਰਨਾਂ ਕਰੇ ਦਾਸੀ, ਰਾਜੇ ਰਾਣਿਆਂ ਨੱਥ ਪਵਾਇੰਦਾ । ਪੰਡਤ ਪਕੜ ਉਠਾਏ ਕਾਸ਼ੀ, ਸ਼ਬਦ ਤੀਰ ਇਕ ਚਲਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਰਾਣਾ ਆਪਣਾ ਭਾਣਾ ਬੇਮੁਹਾਣਾ, ਅੰਤਮ ਕਲ ਆਪਣੇ ਹੱਥ ਰਖਾਇੰਦਾ । ਭਾਣਾ ਰੱਖੇ ਹੱਥ, ਜਗਤ ਭੁਲਾਇਆ । ਸ੍ਰਿਸ਼ਟ ਸਬਾਈ ਰਿਹਾ ਮਥ, ਰੰਕ ਰਾਜਾਨਾ ਸ਼ਾਹ ਸੁਲਤਾਨਾ ਹਰਿ ਮਿਹਰਵਾਨਾ ਖ਼ਾਕ ਰੁਲਾਇਆ । ਜਗਤ ਚਲਾਏ ਸ਼ਬਦ ਅਕੱਥ, ਸੋਹੰ ਨਾਉਂ ਰਖਾਇਆ । ਇਕ ਰਖਾਏ ਸਾਚਾ ਰਥ, ਗੁਰਸਿਖਾਂ ਲਏ ਚੜ੍ਹਾਇਆ । ਬੇਮੁਖਾਂ ਸੀਆਂ ਸਾਢੇ ਤਿੰਨ ਹੱਥ, ਮੰਦਰ ਮਾੜੀ ਕੋਈ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਸੋਲਾਂ ਕਲੀਆਂ ਕਰ ਸ਼ਿੰਗਾਰ, ਨੌਂ ਖੰਡ ਪ੍ਰਿਥਮੀ ਪਾਵੇ ਸਾਰ, ਵੇਖ ਵਖਾਣੇ ਸਰਬ ਕਿਛ ਜਾਣੇ, ਏਕਾ ਸ਼ਬਦ ਮਰਦੰਗ ਵਜਾਇਆ ।

ਸ਼ਬਦ ਮਰਦੰਗ ਹਰਿ ਵਜਾਉਣਾ । ਗੁਰਮੁਖ ਸਾਚੇ ਸਾਚਾ ਸੰਗ, ਤੇਰਾ ਅੰਤਮ ਹਰਿ ਪੂਰੇ ਆਪ ਨਿਭਾਉਣਾ । ਸ਼ਬਦ ਘੋੜੇ ਕਸ ਤੰਗ, ਚਾਰ ਕੁੰਟ ਦਹਿ ਦਿਸ਼ ਪਵਣ ਸਰੂਪੀ ਆਪ ਤਜਾਉਣਾ । ਕਲਜੁਗ ਜੀਵ ਭੰਨੇ ਕਾਚੀ ਵੰਗ, ਹੋਏ ਸੰਗ ਨਾ ਕਿਸੇ ਛੁਡਾਉਣਾ । ਲੱਖ ਚੁਰਾਸੀ ਹੋਣੀ ਭੰਗ, ਸ਼ਬਦ ਪੜਦਾ ਕਿਸੇ ਨਾ ਪਾਉਣਾ । ਪਾਰ ਬਿਆਸੋਂ ਜਾਣਾ ਲੰਘ, ਬੇਮੁਹਾਣਾ ਬੇੜਾ ਅੰਤਮ ਕਲ ਡੁਬਾਉਣਾ । ਇਕ ਚੜ੍ਹਾਏ ਸਾਚਾ ਰੰਗ, ਗੁਰਮੁਖਾਂ ਮੰਗੀ ਸਾਚੀ ਮੰਗ, ਰਾਜ ਰਾਜਾਨ ਕਿਸੇ ਹੱਥ ਨਾ ਆਉਣਾ । ਵਡ ਦਾਤਾ ਸੂਰਾ ਸਰਬੰਗ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖ ਸਾਚੇ ਸੰਤ ਜਨਾਂ, ਸੰਤ ਸੁਹੇਲਾ ਸਾਚਾ ਮੇਲਾ, ਇਕ ਇਕੇਲਾ, ਦਰ ਘਰ ਸਾਚੇ ਆਪਣਾ ਆਪ ਕਰਾਉਣਾ । ਹਰਿ ਸਾਚਾ ਮੇਲ ਮਿਲਾਏ, ਤਨ ਸ਼ਿੰਗਾਰਿਆ । ਏਕਾ ਸ਼ਬਦ ਤੇਲ ਚੜ੍ਹਾਏ, ਕਲਜੁਗ ਤੇਰੀ ਅੰਤਮ ਵਾਰਿਆ । ਏਕਾ ਆਪਣਾ ਖੇਲ ਵਖਾਏ, ਜੋਤ ਜਗਾਏ ਵਿਚ ਸੰਸਾਰਿਆ । ਗੁਰੂਆਂ ਪੀਰਾਂ ਦਏ ਹਿਲਾਏ, ਸ਼ਬਦ ਖੰਡਾ ਇਕ ਉਠਾ ਰਿਹਾ । ਸਾਧਾਂ ਸੰਤਾਂ ਹਰਿ ਜਗਾਏ, ਨਾਮ ਹਲੂਣਾ ਏਕਾ ਮਾਰਿਆ । ਫੜ ਫੜ ਬਾਹੋਂ ਰਾਹੇ ਪਾਏ, ਸ਼ਬਦ ਡੰਡਾ ਹੱਥ ਫੜਾ ਰਿਹਾ । ਇਕ ਵਖਾਏ ਸਾਚਾ ਥਾਏਂ, ਧੁਰ ਦਰਗਾਹੀ ਸਾਚਾ ਮਾਹੀ ਬੇਪ੍ਰਵਾਹੀ, ਲੋਕਮਾਤ ਜੋਤ ਜਗਾ ਰਿਹਾ । ਸ੍ਰਿਸ਼ਟ ਸਬਾਈ ਆਤਮ ਰਥਵਾਹੀ, ਅੱਠੇ ਪਹਿਰ ਦਿਵਸ ਰੈਣ ਕਾਇਆ ਆਪ ਚਲਾ ਰਿਹਾ । ਅੰਤਮ ਲੇਖਾ ਚੁੱਕੇ ਲਹਿਣ ਦੇਣ ਝੂਠੇ ਛੱਡੇ ਭਾਈ ਭੈਣ ਸਾਕ ਸੈਣ ਇਕ ਅਖਵਾ ਰਿਹਾ । ਜਨ ਭਗਤਾਂ ਖੋਲ੍ਹੇ ਸਾਚੇ ਨੈਣ, ਤੀਜਾ ਨੇਤਰ ਕਾਇਆ ਖੇਤਰ, ਆਪਣਾ ਆਪ ਖੁਲ੍ਹਾ ਰਿਹਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਬਣਤ ਬਣਾਏ ਪਹਿਲੀ ਚੇਤਰ, ਫੁੱਲ ਫੁੱਲਵਾੜੀ ਮਾਤ ਲਗਾ ਰਿਹਾ ।





★ ੧੨ ਭਾਦਰੋਂ ੨੦੧੨ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹਿ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ★

ਗੁਰ ਮੰਤਰ ਕਰ ਪਿਆਰ ਮਾਤ ਪਸਾਰਿਆ । ਜਪਿਆ ਜਾਪ ਅਜਾਪਾ ਜਪ ਗੁਰੂ ਗੁਰ ਜਾਪ, ਗੁਰ ਮੰਤਰ ਭੇਵ ਨਿਆਰਿਆ । ਜਾਣੇ ਜਣਾਏ ਆਪੇ ਆਪ, ਅੱਖਰ ਵੱਖਰ ਇਕ ਸਿਖਾ ਰਿਹਾ । ਜੋਤੀ ਜਾਮਾ ਸ਼ਬਦ ਪਰਤਾਪ, ਪਾਪ ਪੁੰਨ ਨਾ ਕੋਈ ਵਖਾ ਰਿਹਾ । ਲੱਖ ਚੁਰਾਸੀ ਰਹੀ ਕਾਂਪ, ਕਲਜੁਗ ਕਾਲਾ ਵੇਸ ਵਟਾ ਰਿਹਾ । ਮਾਇਆ ਰਾਣੀ ਚੜ੍ਹਿਆ ਤੈਨੂੰ ਤਾਪ, ਸਾਚਾ ਜਾਪ ਜਗਤ ਭੁਲਾ ਰਿਹਾ । ਨਾ ਕੋਈ ਮਾਈ ਨਾ ਕੋਈ ਬਾਪ, ਪੁੱਤਰ ਧੀ ਨਾ ਕੋਈ ਅਖਵਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਸਾਧ ਸੰਤ ਹਰਿ ਜਗਾ ਰਿਹਾ । ਸਾਧ ਸੰਤ ਹਰਿ ਜਣਾਈਆ । ਜੋਤੀ ਜਾਮਾ ਭੇਖ ਵਟਾਈਆ । ਨਾ ਕੋਈ ਰੂਪ ਨਾ ਕੋਈ ਰੇਖ, ਦਿਸ ਕਿਸੇ ਨਾ ਆਈਆ । ਲੱਖ ਚੁਰਾਸੀ ਭੁਲੀ ਭਰਮ ਭੁਲੇਖ, ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਗਿਆਨੀ ਧਿਆਨੀ ਪੰਡਤ ਪਾਂਧੇ, ਪ੍ਰਭ ਅਬਿਨਾਸ਼ੀ ਸਾਰ ਨਾ ਪਾਈਆ । ਮਾਇਆ ਰਾਣੀ ਆਤਮ ਅੰਧੇ, ਪੰਜਾਂ ਚੋਰਾਂ ਤਨ ਮਨ ਬਾਂਧੇ, ਸਾਚਾ ਸ਼ਬਦ ਨਾ ਕੋਈ ਜਣਾਈਆ । ਗੁਰ ਗੋਬਿੰਦਾ ਵੇਖ ਵਖਾਂਦੇ, ਕਲਜੁਗ ਅੰਤਮ ਥੱਕੇ ਮਾਂਦੇ, ਆਤਮ ਦਰ ਨਾ ਕੋਈ ਸਹਾਈਆ । ਕਲਜੁਗ ਰੈਣ ਅੰਧੇਰੀ ਛਾਈਆ । ਗੁਰਮੁਖ ਸਾਚੇ ਸੰਤ ਸੁਹੇਲੇ ਇਕ ਇਕੇਲੇ ਨਰ ਨਰਾਇਣ ਦਰ ਦਵਾਰੇ ਸਾਚੇ ਬਹਿਣਾ, ਰਸਨਾ ਗਾਏ ਆਤਮ ਜੋਤੀ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਲੇਖਾ ਰਿਹਾ ਲਿਖਾਈਆ । ਕਲਜੁਗ ਕਾਲੀ ਰੈਣ ਵਕਤ ਦੁਹਾਗਿਆ । ਮਾਇਆ ਰਾਣੀ ਵਡ ਵਡ ਡੈਣ, ਗੁਰਮੁਖ ਵਿਰਲਾ ਸੋਇਆ ਜਾਗਿਆ । ਦਰਸ ਪੇਖੇ ਤੀਜੇ ਨੈਣ, ਆਤਮ ਬੁਝਾਏ ਤ੍ਰਿਸ਼ਨਾ ਆਗਿਆ । ਰਸਨਾ ਕਿਸੇ ਨਾ ਸਕੇ ਕਹਿਣ, ਦਰ ਦਵਾਰਾ ਏਕਾ ਛੁੱਟਾ, ਨੌਂ ਦਵਾਰੇ ਫਿਰੇ ਭਾਗਿਆ । ਆਪ

ਵਹਾਏ ਵਹਿੰਦੇ ਵਹਿਣ, ਚਰਨ ਕਵਲ ਕਵਲ ਚਰਨ ਹਰਿ ਸਰਨ ਨਾ ਕੋਈ ਜਨ ਲਾਗਿਆ । ਨਾ ਕੋਈ ਮਾਤ ਪਿਤ ਨਾ ਭਾਈ ਭੈਣ, ਮਾਇਆ ਨਾਗਨੀ ਡੱਸੇ ਡੈਣ, ਨਾ ਕੋਈ ਮੇਲ ਮਿਲਾਏ ਕੰਤ ਸੁਹਾਗਿਆ । ਕਲਜੁਗ ਅੰਤਮ ਚੁਕਾਏ ਲਹਿਣ ਦੇਣ, ਮੇਟ ਮਿਟਾਏ ਅੰਧੇਰੀ ਰੈਣ, ਧਰਤ ਮਾਤ ਤੇਰਾ ਸਾਚਾ ਪੂਤ ਸਤਿਜੁਗ ਸੋਇਆ ਜਾਗਿਆ । ਪੁਰਖ ਅਬਿਨਾਸ਼ੀ ਆਪ ਪਰੋਏ ਸਾਚੇ ਸੂਤ, ਵੇਖ ਵਖਾਣੇ ਚਾਰੇ ਕੂਟ, ਦਹਿ ਦਿਸ਼ ਸੁਣਾਏ ਏਕਾ ਸੱਚਾ ਰਾਗਿਆ । ਹਰਿਜਨ ਜਨ ਹਰਿ ਲੱਖ ਚੁਰਾਸੀ ਜਾਏ ਛੂਟ, ਪੰਜਾਂ ਚੋਰਾਂ ਕੱਢੇ ਕੂਟ, ਸਰਨ ਸਰਨਾਈ ਇਕ ਰਘੁਰਾਈ, ਆਤਮ ਦਰ ਵੱਜੀ ਵਧਾਈ, ਪਵਣ ਸੁਨੇਹੜਾ ਚਾਈਂ ਚਾਈਂ, ਜੋ ਜਨ ਜਗਤ ਪਿਤ ਜਗਦੀਸ਼ਰ ਸਰਨਾਈ ਲਾਗਿਆ । ਸਤਿਜੁਗ ਸਾਚਾ ਉਠ ਵੇਖ ਵਖਾਨਿਆ । ਪੁਰਖ ਅਬਿਨਾਸ਼ੀ ਪਿਆ ਤੁਠ, ਜਗਾਏ ਗੁਰਮੁਖ ਬਾਲ ਅੰਞਾਨਿਆ । ਲੱਖ ਚੁਰਾਸੀ ਰਿਹਾ ਕੁਠ, ਤਖ਼ਤੋਂ ਲਾਹੇ ਰਾਜੇ ਰਾਣਿਆਂ । ਕਿਸੇ ਹੱਥ ਨਾ ਆਏ ਨਾਮ ਮੁੱਠ, ਮੇਟ ਮਿਟਾਏ ਵੇਦ ਪੁਰਾਨਿਆ । ਬੇਮੁਖ ਜੀਵ ਰਹੇ ਰੁੱਠ, ਏਕਾ ਭੁੱਲਿਆ ਹਰਿ ਭਗਵਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਮੇਟ ਮਿਟਾਏ ਸ਼ਾਹ ਸੁਲਤਾਨ ਵਡ ਬਲਵਾਨ ਵਿਚ ਜਹਾਨ ਵਾਲੀ ਦੋ ਜਹਾਨਿਆ । ਵਾਲੀ ਦੋ ਜਹਾਨ ਖੇਲ ਨਿਰੰਕਾਰਿਆ । ਆਪੇ ਜਾਣੇ ਆਪਣੀ ਆਣ, ਨਾ ਕੋਈ ਸਕੇ ਮਾਤ ਪਛਾਣ, ਆਵਣ ਜਾਵਣ ਖੇਲ ਅਪਾਰਿਆ । ਭੇਖਾਧਾਰੀ ਬਾਵਨ ਬਾਮ, ਜੋਤੀ ਜਾਮਾ ਰਮਈਆ ਰਾਮ, ਪੂਰਨ ਕਰੇ ਆਪਣੇ ਕਾਮ, ਕਲਜੁਗ ਮਿੱਟੇ ਅੰਧੇਰੀ ਸ਼ਾਮ, ਜੋਤੀ ਨੂਰ ਗੁਣ ਨਿਧਾਨਿਆ । ਗੁਰਮੁਖਾਂ ਲੇਖੇ ਲਾਏ ਹੱਡ ਮਾਸ ਨਾੜੀ ਚਾਮ, ਅੰਮ੍ਰਿਤ ਪਿਆਏ ਏਕਾ ਜਾਮ, ਬੇਮੁਖ ਭੁੰਨੇ ਜਿਉਂ ਭਠਿਆਲੇ ਦਾਣਿਆ । ਲੱਖ ਚੁਰਾਸੀ ਲਾੜੀ ਮੌਤ ਏਕਾ ਤਾਮ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਵੇਖ ਰੇਖ ਹਰਿ, ਦਿਸ ਨਾ ਆਏ ਵਡ ਸੁੱਘੜ ਸਿਆਣਿਆ । ਵਡ ਵਡ ਸੁਘੜ ਸਿਆਣੇ ਭਰਮ ਭੁਲਾਇਆ । ਗਿਆਨੀ ਧਿਆਨੀ ਕਰਨ ਧਿਆਨ, ਪੁਰਖ ਅਬਿਨਾਸ਼ੀ ਖ਼ੁਸ਼ੀ ਮਨਾਇਆ । ਮੁੱਲਾਂ ਕਾਜ਼ੀ ਪੜ੍ਹ ਪੜ੍ਹ ਥੱਕੇ ਅੰਜ਼ੀਲ ਕੁਰਾਨ, ਈਸਾ ਮੂਸਾ ਲੇਖ ਲਿਖਾਇਆ । ਖਾਣੀ ਬਾਣੀ ਕਰੇ ਹੈਰਾਨ, ਭਰਮੇ ਭੁੱਲੇ ਮਾਇਆ ਰੁੱਲੇ, ਪਾਣੀ ਪਿਆ ਕਾਇਆ ਚੁਲ੍ਹੇ ਅੰਮ੍ਰਿਤ ਆਤਮ ਸਭ ਦੇ ਡੁਲ੍ਹੇ, ਦਰ ਦਰਵੇਸ਼ਾ ਆਦਿ ਪੁਰਖ ਅਪਰੰਪਰ ਸਵਾਮੀ ਕਾਲ ਕਲੇਸ਼ਾ ਨਜ਼ਰੀ ਆਇਆ । ਸ਼ਬਦ ਰੱਖੇ ਤੀਰ ਨਿਸ਼ਾਨ, ਪਾਵੇ ਸਾਰ ਵੇਦ ਪੁਰਾਨ, ਕਰੇ ਖੇਲ ਦੋ ਜਹਾਨ, ਪੁਰੀਆਂ ਲੋਆਂ ਰਿਹਾ ਹਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣਾ ਕਰੇ ਤੇਜ, ਸ਼ਬਦ ਸੁਨੇਹੜਾ ਰਿਹਾ ਭੇਜ, ਗੁਰਮੁਖ ਆਤਮ ਵਿਛਾਈ ਫੂਲਾਂ ਸੇਜ, ਪੁਰਖ ਅਬਿਨਾਸ਼ੀ ਘਟ ਘਟ ਵਾਸੀ ਜੋਤ ਪਰਕਾਸ਼ੀ ਸਾਚੇ ਧਾਮ ਏਕਾ ਆਸਣ ਸਚ ਸਿੰਘਾਸਣ ਦਾਸ ਦਾਸਣ ਲਾਇਆ । ਦਾਸੀ ਦਾਸ ਦਰਸ ਦਰ ਦਵਾਰਿਆ । ਹਰ ਘਟ ਰਖੇ ਵਾਸ, ਖੇਲ ਅਪਾਰਿਆ । ਨਾ ਕੋਈ ਤੀਰਥ ਨਾ ਕੋਈ ਤਟ, ਅੰਮ੍ਰਿਤ ਧਾਰਾ ਕਾਇਆ ਮਟ, ਦਸਮ ਦਵਾਰੀ ਧਾਮ ਸੁਹਾ ਰਿਹਾ । ਗੁਰਮੁਖ ਵਿਰਲਾ ਰਸਨਾ ਰਸ ਲਏ ਚੱਟ, ਜੋਤੀ ਜਗੇ ਲਟ ਲਟ, ਅਗਿਆਨ ਅੰਧੇਰ ਮਿਟਾ ਰਿਹਾ । ਸ਼ਬਦ ਵਖਾਏ ਸਾਚਾ ਪਟ, ਦੂਈ ਦਵੈਤੀ ਮੇਟੇ ਫਟ, ਅੰਦਰ ਮੰਦਰ ਨਾਮ ਹੱਟ, ਗੁਰਮੁਖ ਵਣਜਾਰਾ ਆਪ ਕਰਾ ਰਿਹਾ । ਲੱਖ ਚੁਰਾਸੀ ਪੈਣੀ ਭੱਠ, ਉਲਟੀ ਗਿੜੀ ਕਲਜੁਗ ਲੱਠ, ਮਿੱਟ ਮਿੱਟ ਜਾਣੇ ਅੱਠ ਸੱਠ, ਗੰਗਾ ਗੋਦਾਵਰੀ ਮਾਣ ਗਵਾ ਰਿਹਾ । ਹਰਿ ਦਵਾਰੇ ਇਕ ਇਕੱਠ, ਪੱਲੇ ਬੰਨ੍ਹੇ ਨਾਮ ਗੱਠ, ਕਲਜੁਗ ਅੰਤਮ ਤੇਰੀ ਚੱਠ, ਸਤਿਜੁਗ ਸਾਚਾ ਮਾਤ ਧਰਾ ਰਿਹਾ । ਗੁਰਮੁਖ ਵਿਰਲੇ ਆਇਣ ਨੱਠ, ਮਿਲੇ ਮੇਲ ਹਰਿ ਸਮਰਥ, ਸਗਲ ਵਸੂਰੇ ਜਾਇਣ ਲੱਥ, ਸ਼ਬਦ ਪਾਏ ਨੱਕ ਸਾਚੀ ਨੱਥ, ਡੋਰੀ ਆਪਣੀ ਹੱਥ ਰਖਾ ਰਿਹਾ । ਜੁਗਾ ਜੁਗੰਤਰ ਬਣਾਏ ਬਣਤਰ, ਮਹਿੰਮਾ ਹਰਿ ਅਕਥ, ਸਰਬ ਜੀਆਂ ਬਿਧ ਜਾਣੇ ਅੰਤਰ, ਜੋਤ ਜਗਾਏ ਇਕ ਬਸਤਰ, ਪ੍ਰਿਥਮੀ ਅਕਾਸ਼ ਗਗਨ ਗਗਨੰਤਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਕਾਲਾ ਵੇਸ ਦਰ ਦਰਵੇਸ਼ ਆਪਣਾ ਆਪ ਵਟਾ


੮੪

੮੫

ਰਿਹਾ । ਕਲਜੁਗ ਕਾਲਾ ਵੇਸ ਕਾਲ ਵਖਾਈਆ । ਜੋਤੀ ਜਾਮਾ ਮਾਝੇ ਦੇਸ, ਵੇਸ ਅਨੇਕਾਂ ਹਰਿ ਰਘੁਰਾਈਆ । ਨਾ ਕੋਈ ਜਾਣੇ ਬ੍ਰਹਮਾ ਵਿਸ਼ਨ ਮਹੇਸ਼, ਸ਼ਿਵ ਸ਼ੰਕਰ ਸੁਰਪਤ ਰਾਜਾ ਇੰਦ ਕਰੋੜ ਤੇਤੀਸਾ ਸਾਰ ਨਾ ਪਾਈਆ । ਆਵੇ ਮਾਤ ਹਮੇਸ਼, ਮੁੱਛ ਦਾਹੜੀ ਨਾ ਰਖੇ ਕੇਸ, ਜੋਤੀ ਨੂਰ ਸ਼ਬਦ ਵਡਿਆਈਆ । ਉਜਲ ਤਨ ਹਰਿ ਪਰਵੇਸ਼, ਮਿਟਦੇ ਜਾਣ ਦਰ ਦਰਵੇਸ਼, ਤਨ ਕਲੰਦਰ ਆਪ ਅਖਵਾਈਆ । ਆਪ ਭੁਲਾਏ ਨਰ ਨਰੇਸ਼, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਭੇਖ ਰਿਹਾ ਵਟਾਈਆ । ਗੁਰ ਗੋਬਿੰਦੇ ਭੇਖ ਵਟਾਇਆ ਏ । ਜਨ ਭਗਤਾਂ ਮਿਟਾਏ ਸਗਲੀ ਚਿੰਦੇ, ਆਤਮ ਜੋਤੀ ਦਰਸ ਦਿਖਾਇਆ ਏ । ਆਪ ਉਪਜਾਏ ਸਾਚੀ ਬਿੰਦੇ, ਰਕਤ ਬੂੰਦ ਤਨ ਲੇਖੇ ਲਾਇਆ ਏ । ਦਰ ਦਰ ਘਰ ਘਰ ਕਰਨ ਨਿੰਦੇ, ਆਤਮ ਵੱਜੇ ਹੰਕਾਰੀ ਜਿੰਦੇ, ਪ੍ਰਭ ਆਪਣਾ ਭੇਵ ਛੁਪਾਇਆ ਏ । ਪਰਗਟ ਹੋਏ ਹਰਿ ਮਰਗਿੰਦੇ, ਭਾਗ ਲਗਾਏ ਭਾਰਤ ਹਿੰਦੇ, ਰਾਜ ਰਾਜਾਨਾਂ ਰਿਹਾ ਸੁਣਾਇਆ ਏ । ਹਰਿ ਭਗਤ ਮਿਟਾਏ ਆਤਮ ਚਿੰਦੇ, ਸਰਬ ਜੀਆਂ ਆਪੇ ਬਖ਼ਸ਼ਿੰਦੇ, ਏਕਾ ਦੂਜਾ ਭੇਵ ਚੁਕਾਇਆ ਏ । ਚਾਰ ਵਰਨ ਰੱਖੇ ਸਰਨ ਵਡ ਦਾਤਾ ਹਰਿ ਗੁਣੀ ਗਹਿੰਦੇ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਰੰਗਣ ਰੰਗ ਨਾਮ ਰੰਗਾਇਆ ਏ । ਰੰਗਣ ਰੰਗ ਅਪਾਰ, ਕਾਇਆ ਚੋਲੀ ਪ੍ਰਭ ਰੰਗਾਈਆ । ਗੁਰਮੁਖਾਂ ਕਰੇ ਪਿਆਰ, ਕਲਜੁਗ ਰੈਣ ਅੰਧੇਰੀ ਛਾਈਆ । ਆਤਮ ਜੋਤੀ ਕਰ ਅਕਾਰ, ਦੂਜੀ ਦੇਵੇ ਸ਼ਬਦ ਧਾਰ, ਤੀਜੇ ਪਵਣ ਸਵਾਸੇ ਰਿਹਾ ਜਪਾਈਆ । ਚੌਥੇ ਵੇਖ ਵਖਾਣੇ ਸਚ ਦਰਬਾਰ, ਸੰਤ ਸੁਹੇਲੇ ਏਕਾ ਵਰ, ਪੰਚਮ ਘਰ ਸੱਚੀ ਸਰਕਾਰ, ਸ਼ਬਦ ਸਿੰਘਾਸਣ ਡੇਰਾ ਲਾਈਆ । ਨਾ ਮਰੇ ਨਾ ਜੰਮੇ ਵਿਚ ਸੰਸਾਰ, ਹੱਡ ਮਾਸ ਨਾੜੀ ਨਾ ਕੋਈ ਚੰਮ, ਨਾ ਕੋਈ ਪਵਣ ਸਵਾਸੀ ਵਸੇ ਬ੍ਰਹਿਮੰਡ, ਖੰਡ ਵਰਭੰਡ ਸ਼ਬਦ ਅਧਾਰਾ ਇਕ ਰਖਾਈਆ । ਲੋਆਂ ਪੁਰੀਆਂ ਪਾਵੇ ਵੰਡੇ, ਕਲਜੁਗ ਅੰਤਮ ਆਇਆ ਕੰਢੇ, ਗੁਰਮੁਖਾਂ ਆਤਮ ਰਖੇ ਠੰਡੇ, ਅੰਮ੍ਰਿਤ ਸਾਚਾ ਜਾਮ ਪਿਆਈਆ । ਧਰਮ ਝੁਲਾਏ ਏਕਾ ਝੰਡੇ, ਮੇਟ ਮਿਟਾਏ ਭੇਖ ਪਖੰਡੇ, ਆਤਮ ਹੰਕਾਰੀ ਜੀਵ ਰੰਡੇ, ਚਾਰੋਂ ਕੁੰਟ ਦਿਸ ਨਾ ਆਈਆ । ਆਪ ਚੜ੍ਹਾਏ ਸਾਚੇ ਡੰਡੇ, ਦਸਮ ਦਵਾਰੀ ਕਾਇਆ ਪਿੰਡ ਸਚ ਬ੍ਰਹਿਮੰਡੇ, ਸਾਚਾ ਧਾਮ ਇਕ ਸੁਹਾਈਆ । ਵੇਖ ਵਖਾਣੇ ਉਤਭੁਜ ਸੇਤਜ ਜੇਰਜ ਅੰਡੇ, ਆਦਿ ਅੰਤ ਹਰਿ ਵਡਿਆਈਆ । ਆਪ ਉਠਾਏ ਸ਼ਬਦ ਖੰਡੇ, ਚਾਰੋਂ ਕੁੰਟ ਚੰਡ ਪਰਚੰਡੇ, ਲਾੜੀ ਮੌਤ ਹਰਿ ਉਠਾਈਆ । ਕਲਜੁਗ ਔਧ ਅੰਤਮ ਹੰਢੇ, ਬੇਮੁਖਾਂ ਭਾਰ ਉਠਾਏ ਪੰਡੇ, ਕਾਮ ਕਰੋਧ ਲੋਭ ਮੋਹ ਹੰਕਾਰ ਚਾਰੋਂ ਕੁੰਟ ਦਏ ਦੁਹਾਈਆ । ਨਾਮ ਨਿਧਾਨਾ ਕੋਈ ਨਾ ਵੰਡੇ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਲੋਕਮਾਤ ਮਾਰ ਝਾਤ ਇਕ ਇਕਾਂਤ ਹਰਿ ਇਕੱਲਾ ਸਚ ਮਹੱਲਾ, ਜੰਗਲ ਜੂਹ ਉਜਾੜ ਪਹਾੜ ਜਲ ਥਲਾ, ਪੁਰੀਆਂ ਲੋਆਂ ਮਾਤ ਪਤਾਲ ਅਕਾਸ਼ ਗਗਨ, ਜੋਤੀ ਨੂਰ ਏਕਾ ਲਗਨ, ਜਨ ਭਗਤਾਂ ਮੁਖ ਲਗਾਏ ਸ਼ਬਦ ਸਗਨ, ਕਲਜੁਗ ਕਾਇਆ ਲਗੀ ਅਗਨ, ਲੱਖ ਚੁਰਾਸੀ ਮਾਤ ਦਗਨ, ਅਚਰਜ ਖੇਲ ਰਿਹਾ ਵਰਤਾਈਆ । ਅਚਰਜ ਖੇਲ ਹਰਿ ਹਰਿ ਅਪਾਰਿਆ । ਗੁਰਮੁਖ ਵਿਰਲੇ ਜੋਤੀ ਮੇਲ, ਆਤਮ ਦਰ ਇਕ ਖੁਲ੍ਹਾ ਰਿਹਾ । ਸ਼ਬਦ ਬਣਾਏ ਸੱਜਣ ਸੁਹੇਲ, ਸਾਚਾ ਵੇਲਾ ਆਪ ਸੁਹਾ ਰਿਹਾ । ਦਰਸ ਦਿਖਾਏ ਇਕ ਅਕੇਲ, ਰੰਗ ਨਵੇਲ ਦਿਸ ਨਾ ਆ ਰਿਹਾ । ਆਪੇ ਗੁਰ ਆਪੇ ਚੇਲ, ਗੁਰ ਗੋਬਿੰਦਾ ਭੇਖ ਵਟਾ ਰਿਹਾ । ਕਲਜੁਗ ਬੇੜਾ ਰਿਹਾ ਠੇਲ, ਸ਼ੌਹ ਦਰਿਆ ਧੱਕਾ ਲਾ ਰਿਹਾ । ਪਾਰਬ੍ਰਹਮ ਪ੍ਰਭ ਅਚਰਜ ਖੇਲ, ਆਪਣੇ ਭਾਣੇ ਆਪ ਸਮਾ ਰਿਹਾ । ਜਨ ਭਗਤਾਂ ਕਟੇ ਧਰਮ ਰਾਏ ਦੀ ਜੇਲ੍ਹ, ਲੱਖ ਚੁਰਾਸੀ ਫੰਦ ਕਟਾ ਰਿਹਾ । ਸ਼ਬਦ ਚੜ੍ਹਾਏ ਸਾਚਾ ਤੇਲ, ਨਾਮ ਵਟਨਾ ਇਕ ਲਗਾ ਰਿਹਾ । ਲਾੜੀ ਜੋਤੀ ਹੋਣਾ ਮੇਲ, ਆਤਮ ਸੇਜਾ ਇਕ ਵਿਛਾ ਰਿਹਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੇ ਭਾਣੇ ਆਪ

੮੬

ਸਮਾ ਰਿਹਾ । ਆਤਮ ਸੇਜਾ ਕਰ ਵਿਚਾਰ, ਪ੍ਰਭ ਸਾਚੇ ਮਾਤ ਵਿਛਾਈਆ । ਗੁਰਮੁਖ ਸਾਚੇ ਹੋ ਤਿਆਰ, ਪ੍ਰਭ ਸਾਚਾ ਰਾਹ ਵਖਾਈਆ । ਅੰਮ੍ਰਿਤ ਬਰਖੇ ਕਿਰਪਾ ਧਾਰ, ਨਿਝਰ ਰਸ ਮੁਖ ਚੁਆਈਆ । ਸ਼ਬਦ ਘੋੜੇ ਹੋ ਅਸਵਾਰ, ਸੁਨ ਅਗੰਮੋ ਬਾਹਰ ਰਖਾਈਆ । ਸ਼ਬਦ ਘੋੜਾ ਪਵਣ ਉਡਾਰ, ਉਨੰਜਾ ਪਵਣ ਸੰਗ ਰਲਾਈਆ । ਪਵਣ ਪਤੀ ਪ੍ਰਭ ਪਾਏ ਸਾਰ, ਸਾਚਾ ਸ਼ਬਦ ਇਕ ਜਣਾਈਆ । ਸਾਚਾ ਸ਼ਬਦ ਅਗੰਮ ਅਪਾਰ, ਦਿਸ ਕਿਸੇ ਨਾ ਆਈਆ । ਕਰਨੀ ਕਰੇ ਕਰਨਹਾਰ ਕਰਤਾਰ, ਦਸਮ ਦਵਾਰੀ ਆਪ ਖੁਲ੍ਹਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਮਿਟਾਏ ਅਗਨੀ ਹਾੜ, ਤੱਤੀ ਵਾ ਨਾ ਕੋਈ ਰਖਾਈਆ । ਪੰਚਾਂ ਚੋਰਾਂ ਦੇਵੇ ਝਾੜ, ਆਪ ਚਬਾਏ ਆਪਣੀ ਦਾੜ੍ਹ, ਨੇੜ ਨਾ ਆਏ ਮੌਤ ਲਾੜ, ਗੁਰਮੁਖ ਸਾਚੇ ਧਾਮ ਸੁਹਾਈਆ । ਆਪ ਫਿਰੇ ਪਿਛੇ ਅਗਾੜ, ਜੋਤ ਜਗਾਏ ਬਹੱਤਰ ਨਾੜ, ਦਰ ਦਵਾਰੇ ਦੇਵੇ ਵਾੜ, ਪਹਿਰੇਦਾਰ ਆਪ ਅਖਵਾਈਆ । ਸਾਚੀ ਸੇਜਾ ਕਰ ਤਿਆਰ, ਪੁਰਖ ਅਬਿਨਾਸ਼ੀ ਅੰਧ ਅੰਧਿਆਰ, ਦੀਪਕ ਜੋਤੀ ਇਕ ਉਜਿਆਰ, ਸ਼ਬਦ ਮੋਤੀ ਫੂਲਨਹਾਰ, ਨਾ ਕੋਈ ਵਰਨ ਨਾ ਕੋਈ ਗੋਤੀ, ਮਿਲੇ ਮੇਲ ਹਰਿ ਮੀਤ ਮੁਰਾਰ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਸੰਤ ਜਨਾਂ, ਆਤਮ ਸੇਜਾ ਸ਼ਬਦ ਸਿੰਘਾਸਣ ਆਪੇ ਰਿਹਾ ਸਵਾਈਆ । ਸ਼ਬਦ ਸਿੰਘਾਸਣ ਦੇਵੇ ਲੋਰੀ । ਸਾਧ ਸੰਤ ਜੀਵ ਜੰਤ ਨਾ ਕੋਈ ਜਾਣੇ ਅੰਧ ਘੋਰੀ । ਮਾਇਆ ਪਾਏ ਹਰਿ ਬੇਅੰਤ, ਕਿਸੇ ਦਿਸ ਨਾ ਆਏ ਸਾਚਾ ਕੰਤ, ਤਨ ਮਨ ਸੁਰਤ ਨਾ ਬੰਨ੍ਹੇ ਸ਼ਬਦ ਡੋਰੀ । ਆਪੇ ਜਾਣੇ ਆਦਿ ਅੰਤ ਜੁਗਾ ਜੁਗੰਤ ਭਗਤ ਭਗਵੰਤ ਸਾਜਨ ਸਾਜ ਦੇਸ ਮਾਝ ਆਪ ਕਰੇ ਆਪਣਾ ਕਾਜ, ਬੇਮੁਖਾਂ ਕੋਲੋਂ ਕਰੇ ਚੋਰੀ । ਬੇਮੁਖ ਨਿੰਦਕ ਦੁਸ਼ਟ ਦੁਰਾਚਾਰ, ਆਤਮ ਹੰਕਾਰਿਆ । ਜੋਤ ਨਿਰੰਜਣ ਨਾ ਪਾਏ ਸਾਰ, ਕਵਣ ਜੋਤੀ ਕਵਣ ਗੋਤੀ ਕਵਣ ਵਸੇ ਦਰ ਦਵਾਰਿਆ । ਵੇਖ ਵਖਾਣੇ ਪ੍ਰਿਥਮੀ ਅਕਾਸ਼, ਜੰਗਲ ਜੂਹ ਉਜਾੜ ਪਹਾੜ ਪ੍ਰਭਾਸਿਆ । ਨਿਜ ਘਰ ਰੱਖੇ ਵਾਸ, ਭਗਤ ਜਨਾਂ ਹਰਿ ਦਾਸਨ ਦਾਸ, ਆਦਿ ਅੰਤ ਨਾ ਹੋਏ ਵਿਨਾਸ, ਸਾਚਾ ਕਰਮ ਮਾਤ ਧਰਮ ਜਗਤ ਭਰਮ ਮਾਇਆ ਵਰਮ ਤਨ ਏਕਾ ਏਕ ਲਗਾ ਰਿਹਾ । ਗੁਰਮੁਖਾਂ ਖੋਲ੍ਹੇ ਹਰਨ ਫਰਨ, ਇਕ ਰਖਾਏ ਸਾਚੀ ਸਰਨ, ਪੁਰਖ ਅਬਿਨਾਸ਼ੀ ਤਰਨੀ ਤਰਨ, ਆਪ ਚੁਕਾਏ ਮਰਨ ਡਰਨ, ਨਰ ਨਰਾਇਣ ਦਰਸ ਦਿਖਾਏ ਤੀਜੇ ਨੈਣਾਂ, ਸਵੱਛ ਸਰੂਪਾ ਵਡ ਵਡ ਭੂਪਾ, ਕਰੇ ਪਰਕਾਸ਼ ਅੰਧ ਅੰਧਕੂਪਾ, ਨਿਰਮਲ ਜੋਤੀ ਇਕ ਇਕਲੌਤੀ ਆਪਣੀ ਆਪ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਸਿੰਘਾਸਣ ਜੋਤ ਬਿਰਾਜੇ, ਚੜ੍ਹਿਆ ਰਹੇ ਸ਼ਬਦ ਘੋੜੇ ਚਿੱਟੇ ਅਸਵ ਚਿੱਟੇ ਤਾਜੇ, ਰਾਜਨ ਰਾਜ ਆਪੇ ਆਪ ਅਖਵਾ ਰਿਹਾ । ਚਾਰ ਵਰਨ ਦਰ ਯਾਤਰਾ, ਹਰਿ ਹਰਿ ਚਰਨ ਦਵਾਰ । ਸ਼ਬਦ ਪਾਏ ਤਨ ਸਾਚਾ ਗਾਤਰਾ, ਅੱਠੇ ਪਹਿਰ ਪਹਿਰੇਦਾਰ । ਨਾਮ ਲਾਏ ਸਾਚੀ ਮਾਤਰਾ, ਮੀਤ ਮੁਰਾਰਾ ਆਪ ਸੱਚੀ ਸਰਕਾਰ । ਵਸੇ ਬਾਹਰ ਵੇਦ ਸ਼ਾਸਤਰਾਂ, ਕਥਨੀ ਕਥ ਨਾ ਸਕੇ ਵਿਚ ਸੰਸਾਰ । ਕਰੇ ਖੇਲ ਬਹੁ ਬਹੁ ਭਾਤਰਾਂ, ਰਥ ਸਮਰਥ ਅਪਰ ਅਪਾਰ । ਹਰਿ ਜਨ ਜਨ ਹਰਿ ਇਕ ਬੰਨ੍ਹਾਏ ਚਰਨੀ ਨਾਤਰਾ, ਆਦਿ ਆਦਿ ਆਦਿ ਪੁਰਖ ਅੰਤ ਅੰਤ ਅੰਤ ਸਹਾਰ । ਚਾਰ ਵਰਨ ਗਲਵਕੜੀ, ਚਰਨ ਕਵਲ ਹਰਿ ਮੀਤ । ਸ਼ਬਦ ਫੜੇ ਹੱਥ ਤੱਕੜੀ, ਸਦੀ ਬੀਸਵੀਂ ਰਹੀ ਬੀਤ । ਬੇਮੁਖ ਜੀਵਾਂ ਕਾਇਆ ਆਤਮ ਅਕੜੀ, ਅੱਠੇ ਪਹਿਰ ਅਪੁਠੀ ਨੀਤ । ਮਾਇਆ ਰਾਣੀ ਸ਼ਬਦ ਜੰਜੀਰੀ ਜਕੜੀ, ਨਾ ਕੋਈ ਜਾਣੇ ਵੇਲਾ ਪਰਭਾਤ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਨ ਭਗਤਾਂ ਵੇਖੇ ਮਾਰ ਝਾਤ । ਚਾਰ ਵਰਨ ਜਗ ਮੀਤ, ਨਰ ਨਿਰੰਕਾਰਿਆ । ਸਤਿਜੁਗ ਅਵੱਲੜੀ ਰੀਤ, ਨਾ ਕੋਈ ਮੰਦਰ ਨਾ ਕੋਈ ਮਸੀਤ ਨਾ ਗੁਰੂਦਵਾਰਿਆ । ਨਰ ਨਰਾਇਣ ਆਤਮ ਚੀਤ, ਸਚ ਲਹਿਣਾ ਮੇਲ ਭਤਾਰਿਆ । ਸਦਾ ਸੁਹੇਲਾ ਕਾਇਆ ਰੱਖੇ ਠੰਡੀ ਸੀਤ, ਕਾਇਆ ਸੋਹੇ ਅਸਥਿਲ ਇਕ ਚੁਬਾਰਿਆ । ਮਾਨਸ ਦੇਹੀ ਲੈਣੀ ਜੀਤ, ਰਸਨਾ ਨਾਓ ਹਰਿ

 ੮੭

ਹਰਿ ਉਚਾਰਿਆ । ਏਕਾ ਗਾਏ ਸੁਹਾਗੀ ਗੀਤ, ਸੋਹੰ ਅੱਖਰ ਭਗਤ ਉਧਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜਨ ਭਗਤਾਂ ਵੇਖੇ ਸਾਚੇ ਘਰ ਦਰ ਦਵਾਰਿਆ । ਚਾਰ ਵਰਨ ਚਾਰ ਕੁੰਟ ਚਾਰ ਚੁਫੇਰਿਆ । ਪ੍ਰਭ ਅਬਿਨਾਸ਼ੀ ਉਠ ਉਠ ਰਿਹਾ ਵੇਖ, ਜੋਤੀ ਜਾਮਾ ਧਰਿਆ ਭੇਖ, ਆਪੇ ਲੇਖ ਮਾਤ ਲਿਖਾਰਾ ਆਪ ਆਪ ਅਖਵਾ ਰਿਹਾ । ਨਾ ਕੋਈ ਜਾਣੇ ਔਲੀਆ ਪੀਰ ਸ਼ੇਖ਼, ਸਾਧ ਸੰਤ ਰਹੇ ਵੇਖ, ਕਵਣ ਕੂਟੇ ਪੁਰਖ ਅਬਿਨਾਸ਼ੀ ਜੋਤ ਜਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਾਲਾ ਵੇਸ ਕਰ, ਕਾਲੀ ਸ਼ਾਹੀ ਮਸਤਕ ਟਿੱਕਾ ਬੇਮੁਖਾਂ ਤਨ ਲਾ ਰਿਹਾ । ਮਸਤਕ ਟਿੱਕਾ ਕਾਲੀ ਰੇਖ, ਹਰਿ ਸਾਚੇ ਆਪ ਲਗਾਈਆ । ਆਤਮ ਦਰ ਕੋਈ ਨਾ ਸਕੇ ਵੇਖ, ਹਉਮੇ ਹੰਗਤਾ ਅਗਨ ਤਨ ਜਲਾਈਆ । ਨਾ ਕੋਈ ਵੇਖੇ ਆਪਣਾ ਲੇਖ, ਪੂਰਨ ਬੂਝ ਨਾ ਕੋਈ ਬੁਝਾਈਆ । ਗੁਰਮੁਖ ਸਾਚੇ ਸੰਤ ਜਨਾਂ ਆਪ ਲਿਖਾਈ ਧੁਰ ਦਰਗਾਹੀ ਏਕਾ ਰੇਖ, ਵੇਲੇ ਅੰਤਮ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੇ ਹੱਥ ਰੱਖੀ ਵਡਿਆਈਆ । ਏਕਾ ਇਕ ਭਗਵਾਨ, ਦੋ ਜਹਾਨਿਆ । ਏਕਾ ਏਕ ਨਿਸ਼ਾਨਾ ਖੇਲ ਮਹਾਨਿਆ । ਏਕਾ ਏਕ ਬੀਨਾ ਦਾਨਾ, ਵਡ ਵਡ ਦਾਨਿਆ । ਏਕਾ ਏਕ ਪੀਣਾ ਖਾਣਾ, ਰਸਨਾ ਰਸ ਇਕ ਵਖਾਨਿਆ । ਏਕਾ ਏਕ ਆਦਿ ਅੰਤ ਟੇਕ, ਆਪੇ ਰਹੇ ਸਦਾ ਬੁਧ ਬਿਬੇਕ, ਜੀਵ ਜੰਤ ਨਾ ਦਿਸੇ ਕੋਈ ਨਿਸ਼ਾਨਿਆ । ਏਕਾ ਏਕ ਇਕ ਨਿਸ਼ਾਨੀ । ਏਕਾ ਏਕ ਵਡ ਵਿਦਵਾਨੀ । ਏਕਾ ਏਕ ਚਤੁਰਭੁਜ ਆਤਮ ਦਾਤਾ ਸ਼ਬਦ ਗਿਆਨੀ । ਏਕਾ ਏਕ ਭੇਵ ਰਖਾਏ ਗੁਝ, ਜੁਗਾ ਜੁਗੰਤਰ ਖੇਲ ਨੂਰਾਨੀ । ਏਕਾ ਏਕ ਲੱਖ ਚੁਰਾਸੀ ਰਿਹਾ ਬੁੱਝ, ਪਾਰਬ੍ਰਹਮ ਪੁਰਖ ਸੁਲਤਾਨੀ । ਜੋਤੀ ਜੋਤ ਸਰੂਪ ਹਰਿ, ਏਕਾ ਨਾਉਂ ਸਰਬ ਥਾਉਂ ਜਾਣੇ ਬੂਝ ਬ੍ਰਹਮ ਗਿਆਨੀ । ਏਕਾ ਏਕ ਇਕ ਅਕਾਰਾ । ਸ਼ਬਦ ਟੇਕ ਜਗਤ ਜੈਕਾਰਾ । ਸ੍ਰਿਸ਼ਟ ਸਬਾਈ ਰਿਹਾ ਵੇਖ, ਆਪੇ ਵਸੇ ਧੁੰਦੂਕਾਰਾ । ਲੱਖ ਚੁਰਾਸੀ ਲਿਖੇ ਰੇਖ, ਨਾ ਕੋਈ ਜਾਣੇ ਲੇਖ ਲਿਖਾਰਾ । ਮਸਤਕ ਸਾਚੀ ਲਾਏ ਮੇਖ, ਦੀਪਕ ਜੋਤੀ ਕਰ ਉਜਿਆਰਾ । ਜੋਤੀ ਜੋਤ ਸਰੂਪ ਹਰਿ, ਆਪੇ ਵਸੇ ਧਾਮ ਨਿਆਰਾ । ਏਕਾ ਏਕ ਇਕ ਹਰਿ ਦਵਾਰਿਆ । ਸ੍ਰਿਸ਼ਟ ਸਬਾਈ ਮੰਗੇ ਭਿਖ, ਫੂਲਨਹਾਰ ਸਰਬ ਸੰਸਾਰਿਆ । ਨਾ ਕੋਈ ਜਾਣੇ ਮੁਨ ਰਿਖ, ਬ੍ਰਹਮਾ ਵੇਦ ਨਾ ਪਾਏ ਭੇਦ, ਪਾਰਬ੍ਰਹਮ ਬ੍ਰਹਮ ਪਾਰ ਨਾ ਪਾਏ ਸਾਰਿਆ । ਆਪੇ ਲੇਖ ਰਿਹਾ ਲਿਖ, ਅੱਖਰ ਵੱਖਰ ਨਾ ਕੋਈ ਜਾਣੇ, ਖਾਣੀ ਬਾਣੀ ਦੋ ਜਹਾਨੀ ਜੁਗੋ ਜੁਗ ਆਪਣੀ ਆਪ ਸੁਣਾ ਰਿਹਾ । ਹਰਿ ਸ਼ਬਦ ਬੁਝਾਏ ਆਤਮ ਤ੍ਰਿਖ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਏਕ ਰੰਗ ਅਨੇਕ ਕਰ ਕਰ ਭੇਸ ਆਪ ਵਖਾ ਰਿਹਾ । ਏਕਾ ਏਕ ਆਤਮ ਧਾਰ, ਸ਼ਬਦ ਜੈਕਾਰ ਹਰਿ ਜਣਾਈਆ । ਜੋਤੀ ਨੂਰ ਕਰ ਅਕਾਰ, ਖੁੱਲ੍ਹੇ ਭੇਵ ਦਸਮ ਦਵਾਰ, ਦਰ ਦਵਾਰਾ ਇਕ ਵਖਾਈਆ । ਨਿਰਮਲ ਨੀਰ ਅੰਮ੍ਰਿਤ ਧਾਰ, ਸਾਚਾ ਸ਼ਬਦ ਕਰ ਪਿਆਰ, ਗੁਰਮੁਖਾਂ ਮੁਖ ਚੁਆਈਆ । ਪੰਜਾਂ ਤੱਤਾਂ ਵਸੇ ਬਾਹਰ, ਧੀਰਜ ਜਤਾ ਸਤਿ ਸੰਤੋਖ ਆਤਮ ਮੋਖ ਧਰਮ ਗਾਣਾ ਜਗਤ ਨਿਸ਼ਾਨਾ ਏਕਾ ਹੱਥ ਬੰਨ੍ਹਾਈਆ । ਆਪੇ ਆਪ ਮਿਹਰਬਾਨਾ, ਕਰੇ ਖੇਲ ਦੋ ਜਹਾਨਾ, ਤਿੰਨਾਂ ਲੋਆਂ ਏਕਾ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਆਪੇ ਰਿਹਾ ਭਵਾਈਆ । ਇਕ ਇਕੱਲਾ ਬਹੁ ਰੰਗ ਰੂਪਿਆ । ਲੱਖ ਚੁਰਾਸੀ ਵਸੇ ਸੰਗ, ਦਿਸ ਨਾ ਆਏ ਸ਼ਾਹੋ ਭੂਪਿਆ । ਸ਼ਬਦ ਸਰੂਪੀ ਜੀਵ ਜੰਤ ਪਤੰਗ, ਰੱਖੇ ਹੱਥ ਵਿਚ ਅੰਧ ਕੂਪਿਆ । ਮਾਇਆ ਰਾਣੀ ਕਰੇ ਮੰਗ, ਘਰ ਘਰ ਧੁਖਦੇ ਪਏ ਧੂਪਿਆ । ਗੁਰਮੁਖ ਵਿਰਲੇ ਆਤਮ ਦਰ ਵੱਜੇ ਮਰਦੰਗ, ਮਿਲੇ ਮੇਲ ਸ਼ਬਦ ਸਤਿ ਸਰੂਪਿਆ । ਸਾਧ ਸੰਤ ਹੋਏ ਨੰਗ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਏਕਾ ਧਾਗਾ ਜਗਤ ਪਰੋਏ, ਨਾ ਕੋਈ ਵੇਖੇ ਸਾਚਾ ਸੂਤਿਆ । ਸਾਚਾ ਸੂਤਰ ਤਨ ਮਨ ਵੱਟ । ਸਾਧ ਸੰਤ ਜੀਵ ਜੰਤ ਹਰ ਹਰ ਜਾਣੇ ਘਟ ਘਟ । ਕਵਣ ਦਵਾਰੇ ਕੰਤ, ਕਵਣ ਜਿਹਵਾ ਮਣੀਆ ਮੰਤ, ਕਵਣ ਤਨ ਰੰਗ ਬਸੰਤ, ਜੋਤੀ

ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਸ ਕਰ, ਲੱਖ ਚੁਰਾਸੀ ਧਰਮ ਰਾਏ ਦੀ ਦੇਵੇ ਫਾਸੀ, ਮੇਟ ਮਿਟਾਏ ਮਦਿਰਾ ਮਾਸੀ, ਚਾਰ ਕੁੰਟ ਦਹਿ ਦਿਸ਼ਾ ਇਕ ਚਲਾਏ ਸੋਹੰ ਸ਼ਬਦ ਸੁਹਾਗੀ ਗੀਤ । ਸੋਹੰ ਸੁਹਾਗੀ ਛੰਤ ਆਪ ਜਣਾਇਆ । ਸਤਿਜੁਗ ਬਣਾਏ ਸਾਚੀ ਬਣਤ, ਭੇਖ ਵਟਾਇਆ । ਕਲਜੁਗ ਤੇਰਾ ਆਪ ਕਰਾਏ ਅੰਤ, ਸ਼ਾਹ ਸੁਲਤਾਨਾ ਰਿਹਾ ਭੁਲਾਇਆ । ਹਰਿਜਨ ਮਿਲਾਏ ਸਾਚੇ ਕੰਤ, ਆਪ ਆਪਣਾ ਮੇਲ ਰਿਹਾ ਕਰਾਇਆ । ਕਾਇਆ ਖਿੜੇ ਸੱਚੀ ਬਸੰਤ, ਸਾਚੀ ਰੁੱਤੜੀ ਆਪ ਸੁਹਾਇਆ । ਮਹਿੰਮਾ ਜਗਤ ਗਣਤ ਅਗਣਤ, ਭੇਵ ਕਿਸੇ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਸਾਧ ਸੰਤ ਰਿਹਾ ਜਗਾਇਆ । ਸਾਧ ਸੰਤ ਕਲ ਜਾਣਾ ਜਾਗ । ਏਕਾ ਵੱਜਾ ਹੰਕਾਰੀ ਜੰਦਰ, ਆਤਮ ਜੋਤੀ ਬੁਝੀ ਚਿਰਾਗ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਕਲਜੁਗ ਕਾਲੇ ਲਾਹੁਣ ਆਇਆ ਦਾਗ । ਸਾਚੇ ਸੰਤ ਸ਼ਬਦ ਜਣਾਈਆ । ਕਲ ਮਾਇਆ ਪਾਈ ਬੇਅੰਤ, ਵਾਗ ਪੰਜਾਂ ਹੱਥ ਫੜਾਈਆ । ਵੇਲਾ ਨੇੜੇ ਆਇਆ ਅੰਤ, ਕਿਉਂ ਮਸਤਕ ਲਾਈ ਛਾਹੀਆ । ਅੰਤ ਵਿਛੋੜਾ ਇਕ ਭਗਵੰਤ, ਯੁਗ ਚੌਥੇ ਰਹੇ ਜੁਦਾਈਆ । ਨਾ ਕੋਈ ਬਣਾਏ ਮਾਤ ਬਣਤ, ਸੁਰਤੀ ਘੋੜੇ ਰਿਹਾ ਦੁੜਾਈਆ । ਭਰਮ ਭੁਲਾਇਆ ਜੀਵ ਜੰਤ, ਕਥਨੀ ਕਥਾ ਕਥ ਕਥ ਰਿਹਾ ਸੁਣਾਈਆ । ਕਵਣ ਦਵਾਰੇ ਵਸੇ ਸਾਚਾ ਸੰਤ, ਕਵਣ ਦਵਾਰੇ ਮੇਲ ਅੰਤ, ਹਰਿ ਜੋਤੀ ਜੋਤ ਰਿਹਾ ਮੇਲ ਮਿਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸ਼ਬਦ ਹਲੂਣਾ ਇਕੋ ਮਾਰ, ਸੰਤ ਸੁਹੇਲੇ ਰਿਹਾ ਜਗਾਈਆ । ਹਰਿ ਸ਼ਬਦ ਅਡੋਲ, ਗੁਰ ਜਣਾਈਆ । ਗੁਰ ਸ਼ਬਦ ਅਨਮੋਲ, ਸ੍ਰਿਸ਼ਟ ਸਬਾਈਆ ।

ਸ੍ਰਿਸ਼ਟ ਸਬਾਈ ਰਿਹਾ ਤੋਲ, ਵਡੀ ਵਡਿਆਈਆ । ਗੁਰਮੁਖਾਂ ਸਦ ਵਸੇ ਕੋਲ, ਬੇਮੁਖਾਂ ਦਿਸ ਨਾ ਆਈਆ । ਭਾਗ ਲਗਾਏ ਕਾਇਆ ਚੋਲ, ਧੁਨੀ ਨਾਦ ਇਕ ਵਜਾਈਆ । ਨਾਮ ਮਰਦੰਗਾ ਸਾਚਾ ਢੋਲ, ਨਾਦ ਅਨਾਹਤ ਆਪ ਵਜਾਈਆ । ਬਜਰ ਕਪਾਟੀ ਪੜਦਾ ਖੋਲ੍ਹ, ਸੁਨ ਮੁਨ ਆਪ ਤੁੜਾਈਆ । ਦਸਮ ਦਵਾਰੀ ਪੜਦੇ ਖੋਲ੍ਹ, ਅੰਧ ਅੰਧਿਆਰੀ ਮੇਟ ਮਿਟਾਈਆ । ਹਰਿਜਨ ਮਿਲੇ ਨਾਮ ਹਰਿ ਅਨਮੋਲ, ਵਸਤ ਦਸਤ ਇਕ ਰਘੁਰਾਈਆ । ਗੁਰਮੁਖ ਸਾਚੇ ਲਾਲ ਵਿਰੋਲ, ਹਰਿ ਸਾਚਾ ਵਣਜ ਕਰਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਸ਼ਬਦ ਮੇਲ ਕਰ, ਭੁਗਤ ਭਗਤ ਆਪ ਜਣਾਈਆ । ਹਰਿ ਸ਼ਬਦ ਅਥਾਹ ਬੇਪਰਵਾਹੀਆ । ਗੁਰ ਸ਼ਬਦ ਜਗਤ ਮਲਾਹ, ਭੇਵ ਨਾ ਰਾਈਆ । ਹੋਏ ਸਹਾਈ ਸਭਨੀ ਥਾਂ, ਏਕਾ ਧਾਰ ਆਪ ਵਹਾਈਆ । ਨਾ ਕੋਈ ਜਾਣੇ ਪਿਤਾ ਮਾਂ, ਪੁੱਤਰ ਧੀਆਂ ਨਾ ਕੋਈ ਜਣਾਈਆ । ਗੁਰਮੁਖਾਂ ਰੱਖੇ ਠੰਡੀ ਛਾਂ, ਦਿਵਸ ਰੈਣ ਅੰਮ੍ਰਿਤ ਧਾਰ ਪਿਆਈਆ । ਅੰਮ੍ਰਿਤ ਦਰ ਦਵਾਰਾ ਸਾਚੇ ਥਾਂ, ਬਜਰ ਕਪਾਟੀ ਪਾੜ ਵਖਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਸ਼ਬਦ ਮੇਲ ਕਰ, ਭਗਤ ਭਗਵੰਤ ਸੰਤ ਅਸੰਤ ਜੀਵ ਜੰਤ ਬਾਹਰ ਰਖਾਈਆ । ਹਰਿ ਸ਼ਬਦ ਅਲੱਖ, ਅਲੱਖਨਾ ਲਖਿਆ । ਗੁਰ ਕਾ ਸ਼ਬਦ ਪਰਤਖ, ਗੁਰਮੁਖ ਸਾਚੇ ਰਸਨਾ ਚੱਖਿਆ । ਵੇਲੇ ਅੰਤਮ ਲਏ ਰੱਖ, ਦੇਵੇ ਹੱਥ ਸਿਰ ਸਮਰਥਿਆ । ਪੰਚਮ ਚੋਰਾਂ ਪਾਏ ਨੱਥ, ਅੰਦਰੇ ਅੰਦਰ ਆਪੇ ਆਪ ਮੱਥਿਆ । ਪੁਰਖ ਅਬਿਨਾਸ਼ੀ ਮਹਿੰਮਾ ਅਕਥ, ਕਥਨੀ ਕਥ ਨਾ ਕਿਸੇ ਕਥਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੋਤੀ ਸ਼ਬਦ ਮੇਲ ਹਰਿ, ਜਗਤ ਚਲਾਏ ਏਕਾ ਰਥਿਆ । ਹਰਿ ਸ਼ਬਦ ਅਪਾਰ ਗੁਰਦਵਾਰਿਆ । ਗੁਰ ਸ਼ਬਦ ਅਪਾਰ, ਜਗਤ ਅਧਾਰਿਆ । ਗੁਰਮੁਖ ਉਧਰੇ ਪਾਰ, ਜਿਸ ਰਸਨਾ ਨਾਉਂ ਉਚਾਰਿਆ । ਜੁਗਾ ਜੁਗੰਤਰ ਸਾਚੀ ਕਾਰ, ਆਦਿ ਅੰਤ ਨਾ ਪਾਰਾਵਾਰਿਆ । ਆਪੇ ਬੰਨ੍ਹੇ ਆਪਣੀ ਧਾਰ, ਨਾ ਕੋਈ ਮੰਗੇ ਹੋਰ ਸਹਾਰਿਆ । ਆਪੇ ਪੁਰਖ ਆਪੇ ਨਾਰ, ਆਪੇ ਜੋਤੀ ਸ਼ਬਦ ਅਧਾਰ, ਆਪੇ ਪਵਣ ਸਵਾਸੀ ਹੋਈ ਉਡਾਰਿਆ । ਆਪੇ ਲੱਖ ਚੁਰਾਸੀ ਜਨਮ ਰਹਿਰਾਸੀ ਕਰੇ ਬੰਦ ਖੁਲਾਸੀ, ਕਾਲ ਮਹਾਂਕਾਲ ਨਾ ਆਏ ਦਰ ਦਵਾਰਿਆ । ਜਗੇ

ਜੋਤ ਪ੍ਰਿਥਮੀ ਅਕਾਸ਼ੀ, ਚੌਦਾਂ ਹੱਟਾਂ ਤੀਰਥ ਤੱਟਾਂ ਕਰ ਵਣਜਾਰਿਆ । ਭਗਤ ਜਨਾਂ ਹਰਿ ਦਾਸਨ ਦਾਸੀ, ਚਾਰ ਕੁੰਟ ਦਹਿ ਦਿਸ਼ ਹਰਿ ਰਸਨ ਸਵਾਸੀ, ਜੋਤੀ ਨੂਰ ਅਪਰ ਅਪਾਰਿਆ । ਕਿਸੇ ਹੱਥ ਨਾ ਆਏ ਪੰਡਤ ਕਾਂਸ਼ੀ, ਫਿਰ ਫਿਰ ਥੱਕੇ ਮੰਦਰ ਅੰਦਰ ਡੂੰਘੀ ਕੰਦਰ ਵੇਖ ਵਿਚਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੋਤੀ ਸ਼ਬਦ ਮੇਲ ਹਰਿ, ਆਪੇ ਵਣਜ ਆਪੇ ਵਣਜਾਰਿਆ । ਹਰਿ ਸ਼ਬਦ ਅਪਾਰ ਰੂਪ ਅਗੰਮੜਾ । ਨਾ ਕੋਈ ਜਾਣੇ ਜੰਤ ਗਵਾਰ, ਕਲਜੁਗ ਤੇਰੀ ਅੰਤਮ ਵਾਰ, ਸਾਧਾਂ ਸੰਤਾਂ ਆਈ ਹਾਰ, ਮਾਇਆ ਰਾਣੀ ਹੋਈ ਤਿਆਰ, ਚਾਰੋਂ ਕੁੰਟ ਫਿਰ ਫਿਰ ਥੱਕੇ ਨਾ ਕੋਈ ਸੱਜਣ ਮੀਤ ਮੁਰਾਰ । ਵੇਦ ਪੁਰਾਨ ਪੜ੍ਹ ਪੜ੍ਹ ਥੱਕੇ, ਮੁੱਲਾ ਕਾਜੀ ਵਿਚ ਮੱਕੇ ਅੰਜੀਲ ਕੁਰਾਨਾਂ ਪੈਂਦੀ ਮਾਰ । ਧਰਤ ਮਾਤ ਦਿਵਸ ਰੈਣ ਦੂਰ ਦੁਰਾਡਾ ਏਕਾ ਰਾਹ ਪੁਰਖ ਅਬਿਨਾਸ਼ੀ ਤੱਕੇ ਜੋਤ ਨਿਰੰਜਣ ਤੇਰਾ ਅੰਜਨ ਸ਼ਬਦ ਸੁਨੇਹੜਾ ਆਪੇ ਕਟੇ ਕਲਜੁਗ ਜੇੜਾ, ਵੇਲੇ ਅੰਤਮ ਕਿਰਪਾ ਧਾਰ । ਹੱਕੋ ਹੱਕ ਨਿਬੇੜਾ, ਲੱਖ ਚੁਰਾਸੀ ਚੁੱਕੇ ਝੇੜਾ, ਜੂਠਾ ਝੂਠਾ ਕਾਇਆ ਨਗਰ ਖੇੜਾ, ਨਾ ਕੋਈ ਕਰੇ ਜੀਵ ਗਵਾਰ । ਦਿਵਸ ਰੈਣ ਏਕਾ ਝੇੜਾ ਦੰਦ ਬਤੀਸਾ ਭੇੜ ਭੇੜਾ, ਰਾਗ ਛਤੀਸਾ ਲਾਏ ਉਖੇੜਾ, ਬੀਸ ਇਕੀਸ ਖੁਲ੍ਹਾ ਵਿਹੜਾ, ਕਰੇ ਖੇਲ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੋਤੀ ਸ਼ਬਦ ਮੇਲ ਕਰ, ਸ਼ਬਦ ਘੋੜਾ ਕਰ ਤਿਆਰ । ਸ਼ਬਦ ਘੋੜਾ ਹਰਿ ਰਖਾਇੰਦਾ । ਚਿੱਟਾ ਅਸਵ ਚਿੱਟਾ ਘੋੜਾ ਚਿੱਟਾ ਜੋੜਾ, ਧੁਰ ਦਰਗਾਹੀ ਆਇਆ ਦੌੜਾ, ਵੇਖ ਵਖਾਣੇ ਮਿਠਾ ਕੌੜਾ, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਵਿਚ ਜਹਾਨ ਬੇਈਮਾਨ, ਪਹਿਲਾ ਪੌੜਾ ਆਪ ਉਠਾਇੰਦਾ । ਕਰੇ ਖੇਲ ਅੰਤ ਮਹਾਨ, ਮਿਟਦੇ ਜਾਣ ਕਲ ਨਿਸ਼ਾਨ, ਨਾ ਕੋਈ ਪੜ੍ਹੇ ਹਦੀਸ ਕੁਰਾਨ, ਵੇਦ ਪੁਰਾਨ ਨਾ ਕੋਈ ਰਸਨਾ ਗਾਇੰਦਾ । ਖਾਣੀ ਬਾਣੀ ਹੋਈ ਹੈਰਾਨ, ਚਾਰੋਂ ਕੁੰਟ ਮਾਰੇ ਧਿਆਨ, ਗੁਰ ਗੋਬਿੰਦਾ ਜੋਤ ਮਹਾਨ, ਆਤਮ ਸ਼ਕਤੀ ਖੇਲ ਮਹਾਨ, ਪੂਰਨ ਭਗਤੀ ਗੁਰਮੁਖ ਵਿਰਲਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਜੋਤੀ ਸ਼ਬਦ ਮੇਲ ਹਰਿ, ਸਾਚੀ ਬਣਤ ਬਣਾਇੰਦਾ । ਗੁਰ ਗੋਬਿੰਦੇ ਭੇਖ ਵਟਾਇਆ ਏ । ਪਰਗਟ ਹੋਏ ਹਰਿ ਮਰਗਿੰਦੇ, ਦਿਸ ਕਿਸੇ ਨਾ ਆਇਆ ਏ । ਆਤਮ ਵੱਜੇ ਘਰ ਘਰ ਜਿੰਦੇ, ਨਾ ਕਿਸੇ ਦਰ ਖੁਲ੍ਹਾਇਆ ਏ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣਾ ਵੇਸ ਕਰ, ਸੰਬਲ ਦੇਸ ਵਸਾਇਆ ਏ । ਸੰਬਲ ਦੇਸ ਨਗਰ ਅਪਾਰਾ ਏ । ਸਾਚਾ ਵਜੇ ਸ਼ਬਦ ਨਗਾਰਾ ਏ । ਦਿਵਸ ਰੈਣ ਜੋਤੀ ਨੂਰ ਕਰ ਉਜਿਆਰ, ਭਰਿਆ ਸ਼ਬਦ ਭੰਡਾਰਾ ਏ । ਅੱਠੇ ਪਹਿਰ ਪਵਣ ਘੋੜੇ ਚਿੱਟੇ ਅਸਵ ਹਰਿ ਅਸਵਾਰ, ਚਾਰ ਕੁੰਟ ਦਹਿ ਦਿਸ਼ੇ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਪਰਗਟ ਹੋਏ ਦਰਸ ਦਿਖਾਏ । ਸਾਚੀ ਨਗਰੀ ਡੇਰਾ ਲਾਇਆ, ਹਰਿ ਸਾਚੀ ਰਚਨ ਰਚਾਈਆ । ਗੁਰ ਗੋਬਿੰਦੇ ਲੇਖ ਲਿਖਾਇਆ, ਗੌੜ ਬ੍ਰਾਹਮਣ ਦਿਸ ਨਾ ਆਇਆ, ਵੇਦ ਵਿਆਸਾ ਗਿਆ ਲਿਖਾਈਆ । ਧੁਰ ਦਰਗਾਹੀ ਆਇਆ ਜਾਮਨ, ਸ਼ਬਦ ਡੋਰੀ ਹੱਥ ਰਖਾਈਆ । ਨੇੜ ਨਾ ਆਏ ਕਾਮਨੀ ਕਾਮਨ, ਜਿਸ ਜਨ ਦਇਆ ਕਮਾਈਆ । ਕਲਜੁਗ ਮਿਟੇ ਅੰਧੇਰੀ ਸ਼ਾਮਨ, ਸਤਿਜੁਗ ਸਾਚਾ ਚੰਦ ਚੜ੍ਹਾਇਆ ਏ । ਬੇਮੁਖਾਂ ਵੱਢੇ ਨੱਕ ਗੁਤ, ਪੁਰਖ ਅਬਿਨਾਸ਼ੀ ਜਾਮਾ ਪਾਇਆ ਏ । ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਧਰ, ਸੰਬਲ ਦੇਸ ਹਰਿ ਆਪਣਾ ਆਪ ਕਰਾਇਆ ਏ । ਸੰਬਲ ਦੇਸ ਹਰਿ ਉਜਿਆਰਾ ਏ । ਛੇਵੇਂ ਜੋ ਜਨ ਪਾਰ ਕਿਨਾਰਾ ਏ । ਆਪੇ ਖਾਏ ਕਾਇਆ ਭੋਜਨ, ਆਪੇ ਦੇਵੇ ਸ਼ਬਦ ਅਧਾਰਾ ਹੈ । ਜੋਤੀ ਜੋਤ ਸਰੂਪ ਹਰਿ, ਗੁਰਮੁਖ ਸਾਚੇ ਸੰਤ ਜਨਾਂ ਇਕ ਵਖਾਏ ਸਾਚਾ ਸਚ ਦਵਾਰਾ ਹੈ । ਸਚ ਦਵਾਰ ਵਖਾਇੰਦਾ । ਨਾਵੇਂ ਦਰ ਬੰਦ ਕਰਾਇੰਦਾ । ਪਰਗਟ ਹੋਏ ਸਾਚੇ ਘਰ, ਜੋਤੀ ਨੂਰ ਇਕ ਕਰ, ਨਾ ਜਨਮੇ ਨਾ ਜਾਏ ਮਰ, ਆਪ ਆਪਣੇ ਵਿਚ ਸਮਾਇੰਦਾ । ਲੱਖ ਚੁਰਾਸੀ ਗਈ ਹਰ, ਨਾ ਕੋਈ ਨਾਰੀ ਨਾ ਕੋਈ ਨਰ, ਬੇਮੁਖ ਭੌਂਦੇ ਘਰ ਘਰ ਬੰਦਰ, ਦਿਸ ਕਿਸੇ ਨਾ ਆਇੰਦਾ ।


੮੯

ਜਨ ਭਗਤਾਂ ਚੁਕਾਏ ਜਮ ਕਾ ਡਰ, ਚਰਨ ਸਰਨ ਜਨ ਜਾਏ ਤਰ, ਏਕਾ ਏਕ ਰਿਹਾ ਕਰ, ਚਾਰ ਵਰਨ ਅਠਾਰਾਂ ਬਰਨ, ਵਰਨ ਅਵਰਨਾਂ ਏਕਾ ਰੰਗ ਰੰਗਾਇੰਦਾ । ਗੁਰ ਮੰਤਰ ਅਮੋਲ ਸ਼ਬਦ ਜਣਾਈਆ । ਗੁਰ ਮੰਤਰ ਅਤੋਲ, ਨਾ ਸਕੇ ਕੋਈ ਤੁਲਾਈਆ । ਗੁਰ ਮੰਤਰ ਅਡੋਲ, ਨਾ ਕੋਇ ਮਾਤ ਡੁਲਾਈਆ । ਗੁਰ ਮੰਤਰ ਅਨਭੋਲ, ਅਸੁੱਤੇ ਪਰਕਾਸ਼ ਕਰਾਈਆ । ਗੁਰ ਮੰਤਰ ਸਦ ਵਸੇ ਕੋਲ, ਅਸਤਰ ਸ਼ਸਤਰ ਨਾ ਕੋਈ ਰਖਾਈਆ । ਗੁਰ ਮੰਤਰ ਦਿਵਸ ਰੈਣ ਵਜਾਏ ਸੱਚਾ ਢੋਲ, ਜਗਤ ਮਰਦੰਗ ਨਾ ਕੋਈ ਰਖਾਈਆ । ਗੁਰ ਸ਼ਬਦ ਸੱਦ ਵਸੇ ਕੋਲ, ਸਾਚਾ ਰਾਹ ਵਖਾਈਆ । ਗੁਰ ਮੰਤਰ ਵਖਾਏ ਕਾਇਆ ਚੋਲ੍ਹ, ਰੰਗਣ ਇਕ ਮਜੀਠ ਚੜ੍ਹਾਈਆ । ਗੁਰ ਮੰਤਰ ਬਹੱਤਰ ਨਾੜੀ ਤਿੰਨ ਸੌ ਸੱਠ ਹਾਡੀ ਰਿਹਾ ਵਿਰੋਲ, ਗੁਰਮੁਖ ਸਾਚੇ ਮਾਣਕ ਮੋਤੀ ਆਤਮ ਸੋਈ ਉਠਾਈਆ । ਗੁਰ ਮੰਤਰ ਦਵਾਰਾ ਦੂਈ ਦਵੈਤੀ ਦੇਵੇ ਪੜਦੇ ਖੋਲ੍ਹ, ਏਕਾ ਦਰ ਰਿਹਾ ਵਖਾਈਆ । ਗੁਰ ਮੰਤਰ ਬਣਾਏ ਬਣਤਰ ਜੁਗਾ ਜੁਗੰਤਰ ਗੁਰਮੁਖ ਸਾਚੇ ਸੰਤ ਜਨਾਂ ਜੋਤੀ ਮੇਲ ਮਿਲਾਈਆ । ਗੁਰ ਮੰਤਰ ਅਪਾਰ, ਸਰਬ ਘਟ ਵਾਸਿਆ । ਗੁਰ ਮੰਤਰ ਅਪਾਰ, ਗੁਰਮੁਖ ਚਲਾਏ ਰਸਨਾ ਰਸਨ ਸਵਾਸ ਸਵਾਸਿਆ । ਗੁਰ ਮੰਤਰ ਗੁਰ ਕੀਰਤ ਧਾਰ, ਆਤਮ ਲਾਹੇ ਜਗਤ ਉਦਾਸੀਆ । ਗੁਰ ਮੰਤਰ ਆਤਮ ਸੀਰਤ ਇਕ ਅਪਾਰ ਮਾਨਸ ਜਨਮ ਕਰੇ ਰਹਿਰਾਸੀਆ । ਗੁਰ ਮੰਤਰ ਕੱਢੇ ਹਉਮੇ ਪੀੜਤ, ਉਡੇ ਉਡਾਏ ਵਿਚ ਅਕਾਸਿਆ । ਗੁਰ ਮੰਤਰ ਗੁਰ ਸ਼ਬਦ ਅਧਾਰ, ਜੋਤੀ ਮੇਲ ਹਰਿ ਕਰਤਾਰ, ਲੱਖ ਚੁਰਾਸੀ ਕਟੇ ਫਾਸੀ, ਫੰਦ ਕਟਾਏ ਗਰਭ ਵਾਸੀਆ । ਗੁਰ ਮੰਤਰ ਗੁਰ ਧਾਰ ਆਪ ਜਣਾਇੰਦਾ । ਗੁਰਮੁਖਾਂ ਕਰਮ ਵਿਚਾਰ, ਹਰਿ ਆਪੇ ਚਰਨੀ ਲਾਇੰਦਾ । ਮਾਨਸ ਦੇਹੀ ਪੈਜ ਸਵਾਰ, ਸ਼ਬਦ ਤੀਰ ਬਜਰ ਕਪਾਟੀ ਚੀਰ, ਏਕਾ ਵਾਰ ਪਾਰ ਕਰਾਇੰਦਾ । ਅੰਮ੍ਰਿਤ ਆਤਮ

੯੦ ਦੇਵੇ ਸਾਚਾ ਨੀਰ, ਆਪ ਚੜ੍ਹਾਏ ਏਕਾ ਚੋਟੀ ਸਿਖਰ ਅਖ਼ੀਰ, ਪੱਲੂ ਨਾਮ ਇਕ ਫੜਾਇੰਦਾ । ਅੰਦਰ ਮੰਦਰ ਕਟੇ ਭੀੜ, ਆਪੇ ਆਪ ਬੰਨ੍ਹੇ ਬੀੜ, ਸ਼ਬਦ ਘੋੜੇ ੯੦

ਆਪ ਚੜ੍ਹਾਇੰਦਾ । ਨਾ ਕੋਈ ਜਾਣੇ ਹਸਤ ਕੀੜ, ਸ਼ਬਦ ਵੇਲਣੇ ਰਿਹਾ ਪੀੜ, ਪੰਚਮ ਪੰਜਾਂ ਨਸ਼ਟ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਕਿਰਿਆ ਕਰਮ ਕਮਾਇੰਦਾ । ਗੁਰ ਮੰਤਰ ਗੁਰ ਦੀਨ ਘਟ ਘਟ ਵਾਸਿਆ । ਚਾਰ ਵਰਨ ਏਕਾ ਈਣ, ਸਾਂਤਕ ਸਾਂਤ ਠਾਂਡਾ ਸੀਨ, ਮੇਲ ਮਿਲਾਏ ਪੁਰਖ ਅਬਿਨਾਸ਼ਿਆ । ਗੁਰ ਮੰਤਰ ਚਲੇ ਰੂਸਾ ਚੀਨ, ਗਗਨ ਪਤਾਲੀ ਭੰਨੇ ਹੰਕਾਰੀ ਬੀਨ, ਵੇਖ ਵਖਾਣੇ ਪ੍ਰਿਥਮੀ ਅਕਾਸਿਆ । ਗੁਰ ਮੰਤਰ ਲੱਖ ਚੁਰਾਸੀ ਸਦਾ ਅਧੀਨ, ਗੁਰਮੁਖ ਵਿਰੋਲੇ ਆਤਮ ਰਸ ਰਸਨਾ ਪੀਣ, ਬੇਮੁਖਾਂ ਦਰ ਦਰ ਘਰ ਘਰ ਹੋਏ ਹਾਸਿਆ । ਮਨਮੁਖ ਹੋਏ ਨੇਤਰ ਹੀਣ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪੇ ਜਾਣੇ ਸਗਲੀ ਰਾਸਿਆ । ਗੁਰ ਮੰਤਰ ਗੁਰ ਜੋਤ ਜਗਤ ਧਰਾਈਆ । ਮੇਟ ਮਿਟਾਏ ਵਰਨ ਗੋਤ, ਚਾਰੇ ਵਰਨਾਂ ਰਿਹਾ ਸੁਣਾਈਆ । ਦੁਰਮਤ ਮੈਲ ਰਿਹਾ ਧੋਤ, ਕਾਇਆ ਮੰਦਰ ਇਕ ਸੁਹਾਈਆ । ਸ਼ਬਦ ਭੰਡਾਰਾ ਰਖੇ ਅਤੋਟ, ਦਿਵਸ ਰੈਣ ਰਿਹਾ ਵਰਤਾਈਆ । ਤਨ ਨਗਾਰੇ ਵਜੇ ਚੋਟ, ਸ਼ਬਦ ਡੰਡਾ ਰਿਹਾ ਉਠਾਈਆ । ਹਉਮੇ ਕਢੇ ਕਾਇਆ ਖੋਟ, ਭਾਂਡਾ ਭਰਮ ਰਿਹਾ ਭੰਨਾਈਆ । ਕਲਜੁਗ ਜੀਵ ਆਲ੍ਹਣਿਓਂ ਡਿੱਗੇ ਬੋਟ, ਵੇਲੇ ਅੰਤ ਨਾ ਕੋਈ ਸਹਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਤੇਰੀ ਅੰਤਮ ਵਰ, ਕਲ ਕਲੰਦਰ ਆਪ ਅਖਵਾਈਆ । ਕਲਜੁਗ ਕਾਲਾ ਰੰਗ ਕਾਲਾ ਸੂਸਿਆ । ਚਾਰੋਂ ਕੁੰਟ ਭੁੱਖ ਨੰਗ, ਮੇਟ ਮਿਟਾਏ ਈਸਾ ਮੂਸਿਆ । ਸ਼ਬਦ ਡੋਰੀ ਲੱਖ ਚੁਰਾਸੀ ਚੜ੍ਹੀ ਪਤੰਗ, ਵੇਖ ਵਖਾਣੇ ਅੰਧ ਕੂਪਿਆ । ਦਹਿ ਦਿਸ਼ ਕਰਾਏ ਅੰਤਮ ਭੰਗ, ਮੇਲ ਮਿਲਾਏ ਚੀਨਾ ਰੂਸਿਆ । ਮਾਇਆ ਰਾਣੀ ਵੇਖੇ ਜੰਗ, ਅਸ਼ਟਭੁਜ ਫੁਰਕੇ ਅੰਗ, ਆਪ ਉਠਾਏ ਸ਼ਾਹ ਅਬਨੂਸਿਆ । ਸ਼ਬਦ ਘੋੜੇ ਕਸ ਤੰਗ, ਸੋਹੰ ਵਜਾਏ ਇਕ ਮਰਦੰਗ, ਉਲਟੀ ਵਹੇ ਮਾਤ ਗੰਗ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਕਾਲਾ ਵੇਸ ਹਰਿ, ਤਨ ਛੁਹਾਏ ਕਾਲਾ ਸੂਸਿਆ । ਕਲਜੁਗ

ਕਾਲੀ ਰੈਣ ਦਏ ਦੁਹਾਈਆ । ਮਾਇਆ ਰਾਣੀ ਖਾਏ ਡੈਣ, ਸਾਧਾਂ ਸੰਤਾਂ ਜੀਆਂ ਜੰਤਾਂ ਸਾਰ ਨਾ ਪਾਈਆ । ਨਾਤਾ ਤੁੱਟੇ ਭਾਈ ਭੈਣ, ਨਾ ਕੋਈ ਸਾਕ ਸੱਜਣ ਸੈਣ, ਵੇਲੇ ਅੰਤ ਨਾ ਕੋਈ ਸਹਾਈਆ । ਜਨ ਭਗਤ ਚੁਕਾਏ ਲਹਿਣ ਦੇਣ, ਦਰਸ ਦਿਖਾਏ ਤੀਜੇ ਨੈਣ, ਸਵੱਛ ਸਰੂਪੀ ਹਰਿ ਰਘੁਰਾਈਆ । ਬੇਮੁਖ ਵਹਾਏ ਵਹਿੰਦੇ ਵਹਿਣ, ਏਕਾ ਧੱਕਾ ਰਿਹਾ ਲਗਾਈਆ । ਰਸਨਾ ਕਿਸੇ ਨਾ ਸਕੇ ਕਹਿਣ, ਮਦੀਨਾ ਮੱਕਾ ਪਹਿਲੇ ਢਾਹੀਆ । ਚਾਰੋਂ ਕੁੰਟ ਪੈਣ ਵੈਣ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਕਾਲਾ ਵੇਸ ਹਰਿ, ਕਾਲਖ ਟਿੱਕਾ ਰਿਹਾ ਲਗਾਈਆ । ਕਲਜੁਗ ਕਾਲੀ ਧਾਰ, ਕਲ ਕੁਲਵੰਤਿਆ । ਚਾਰੋਂ ਕੁੰਟ ਹਾਹਾਕਾਰ, ਨਾ ਕੋਈ ਪਾਵੇ ਕਿਸੇ ਸਾਰ, ਮਾਇਆ ਭੁੱਲੇ ਜੀਵ ਜੰਤਿਆ । ਵੇਲੇ ਅੰਤਮ ਪਾਵੇ ਸਾਰ, ਨਾ ਕੋਈ ਪਤੀ ਨਾ ਕੋਈ ਨਾਰ, ਨਾ ਕੋਈ ਦਿਸੇ ਸਾਚਾ ਕੰਤਿਆ । ਲੱਖ ਚੁਰਾਸੀ ਹੋਈ ਵਿਭਚਾਰ, ਨੌਂ ਦਵਾਰੇ ਰਹੀ ਝੱਖ ਮਾਰ, ਦਸਮ ਪਰਤਖ ਹਰਿ ਨਿਰੰਕਾਰ, ਨਾ ਜਾਣੇ ਕੋਈ ਪਰੀਖਿਆ । ਕਵਣ ਜੋਤੀ ਸ਼ਬਦ ਸ਼ਿੰਗਾਰ, ਗੁਰਮੁਖ ਸਾਚੇ ਮਾਣਕ ਮੋਤੀ ਹਰਿ ਦਵਾਰ, ਹਰਿ ਸ਼ਬਦ ਸੁਣਾਏ ਸਾਚੀ ਸੀਖਿਆ । ਮਿਲੇ ਮੇਲ ਕੰਤ ਭਤਾਰ, ਆਤਮ ਸੇਜਾ ਪੈਰ ਪਸਾਰ, ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਆਪ ਆਪਣੇ ਰੰਗ ਰਗੰਤਿਆ । ਕਲਜੁਗ ਕਾਲਾ ਰੰਗ, ਕਰਮ ਵਿਚਾਰਿਆ । ਅੰਤਮ ਵੇਲੇ ਹੋਏ ਨੰਗ, ਨਾ ਕੋਈ ਧਰਮ ਸੁਹਾ ਰਿਹਾ । ਜੂਠਾ ਝੂਠਾ ਮਾਤ ਕੁਟੰਬ, ਭਰਮੇ ਭੁਲੇ ਮਾਇਆ ਰੁਲੇ, ਆਤਮ ਦਰ ਸਾਚਾ ਹਰਿ ਨਾ ਕਿਸੇ ਵਿਚਾਰਿਆ । ਸ਼ਬਦ ਭੰਡਾਰੇ ਹਰਿ ਦਰ ਖੁਲ੍ਹੇ, ਗੁਰਮੁਖ ਵਿਰਲੇ ਲੈਣ ਅਨਮੁਲੇ, ਕਰੇ ਕਰਾਏ ਵਣਜ ਸੱਚਾ ਵਪਾਰਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਵੇਖੇ ਰੇਖ ਹਰਿ, ਕਵਣ ਦਵਾਰੇ ਸ਼ਬਦ ਜੈਕਾਰਿਆ ।
 ਸ਼ਬਦ ਜੈਕਾਰਾ ਕਵਣ ਦਵਾਰ । ਕਵਣ ਦਵਾਰਾ ਸ਼ਬਦ ਅਧਾਰ । ਕਵਣ ਘਰ ਬਾਹਰਾ ਵਿਚ ਸੰਸਾਰ । ਅੰਮ੍ਰਿਤ ਮੇਘ ਬਰਸੇ ਸਵਣ, ਪਵਣ ਚਲੇ ਠੰਡੀ ਠਾਰ । ੯੧
ਭੇਖਾਧਾਰੀ ਭੇਖ ਬਵਨ, ਵਲ ਛਲ ਅਪਰ ਅਪਾਰ । ਨਾ ਕੋਈ ਜਾਣੇ ਦੇਵ ਯਮਨ, ਸ਼ਬਦ ਖੰਡਾ ਹੱਥ ਦਾਤਾਰ । ਨਾਮ ਦਾਮਨੀ ਚਮਕੇ ਦਮਨ, ਕਲਜੁਗ ਤੇਰੀ ਅੰਤਮ ਵਾਰ । ਮੇਟ ਮਿਟਾਏ ਕਾਮਨੀ ਕਾਮਨ, ਸ਼ਬਦ ਕਰਾਏ ਤਨ ਸ਼ਿੰਗਾਰ । ਦੁਸ਼ਟ ਸੰਘਾਰੇ ਜਿਉਂ ਰਾਮਾ ਰਾਵਣ, ਆਪ ਆਪਣੀ ਕਰ ਵਿਚਾਰ । ਕਰੇ ਖੇਲ ਘਨਈਆ ਸ਼ਾਮਨ, ਦੋ ਦੋ ਧਾਰ ਵਹਿੰਦੀ ਧਾਰ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਜੋਤੀ ਨੂਰ ਕਰ ਅਕਾਰ । ਜੋਤੀ ਨੂਰ ਹਰਿ ਨਿਰੰਕਾਰ, ਕਲਜੁਗ ਵੇਖ ਵਖਾਣਿਆ । ਸ਼ਬਦ ਘੋੜਾ ਕਰ ਤਿਆਰ, ਪਕੜ ਉਠਾਏ ਰਾਜੇ ਰਾਣਿਆ । ਸੋਹੰ ਡੰਡਾ ਹਰਿ ਦਾਤਾਰ, ਪਾਏ ਵੰਡਾ ਵਿਚ ਸੰਸਾਰ ਵਡ ਜਰਵਾਣਿਆ । ਕਲਜੁਗ ਤੇਰਾ ਅੰਤਮ ਕੰਢਾ, ਵੇਖ ਵਖਾਣੇ ਨੌਂ ਨੌਂ ਖੰਡਾਂ, ਬ੍ਰਹਿਮੰਡਾਂ ਜਾਣ ਪਛਾਣਿਆ । ਪਾਏ ਵੰਡਾਂ ਵਿਚ ਵਰਭੰਡਾਂ, ਸੱਤਾਂ ਦੀਪਾਂ ਵੰਡ ਵੰਡਾਣਿਆ । ਨਾ ਕੋਈ ਪੂਜੇ ਕਰੀਰ ਜੰਡਾ, ਮੇਟ ਮਿਟਾਏ ਭੇਖ ਪਖੰਡਾ, ਏਕਾ ਏਕ ਸ੍ਰੀ ਭਗਵਾਨਿਆ । ਆਪੇ ਜਾਣੇ ਜੇਰਜ ਅੰਡਾ, ਸੇਤਜ ਉਤਭੁਜ ਖਾਣੀ ਬਾਣੀਆ । ਚਾਰ ਕੁੰਟ ਚਲਾਏ ਚੰਡ ਪਰਚੰਡਾ, ਬੇਮੁਖਾਂ ਵੱਢੇ ਅੰਤਮ ਗੰਢਾ, ਸਾਚਾ ਰਾਹ ਕੋਈ ਨਾ ਵੇਖੇ ਮੁਗਲ ਪਠਾਣੀਆ । ਲੱਖ ਚੁਰਾਸੀ ਦੇਵਣ ਆਇਆ ਦੰਡਾ, ਮੇਟ ਮਿਟਾਏ ਅੰਜੀਲ ਕੁਰਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਅੰਤਮ ਵੇਖ ਹਰਿ, ਆਪੇ ਜਾਣੇ ਆਪਣੀ ਬਾਣੀਆ । ਨੌਂ ਖੰਡ ਪਾਏ ਵੰਡ, ਹਰਿ ਭਗਵਾਨਿਅ । ਸ਼ਬਦ ਉਠਾਏ ਚੰਡ ਪਰਚੰਡ, ਦੋ ਜਹਾਨਿਆ । ਬੇਮੁਖ ਜੀਵ ਨਾਰ ਰੰਡ, ਕੰਤ ਸੁਹਾਗ ਨਾ ਕੋਈ ਹੰਢਾਨਿਆ । ਆਤਮ ਭਰਿਆ ਇਕ ਘਮੰਡ, ਪੰਜ ਲੱਗੇ ਮਗਰ ਸ਼ੈਤਾਨਿਆ । ਗੁਰਮੁਖ ਵਿਰਲੇ ਆਤਮ ਠੰਡ, ਕੋਟਨ ਇਕ ਵਿਚ ਬ੍ਰਹਿਮੰਡ, ਜਿਸ ਆਪਣਾ ਆਪ ਪਛਾਨਿਆ । ਕਲਜੁਗ ਔਧ ਗਈ ਹੰਢ, ਨਾ ਕੋਈ ਪਾਵੇ ਭੇਦ ਵੇਦ ਪੁਰਾਨੀ ਜਗਤ ਗਿਆਨੀਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਵੇਖ ਵਖਾਣੇ ਰਾਜ ਰਾਜਾਨ ਵਿਚ

ਜਹਾਨ, ਮੇਟ ਮਿਟਾਏ ਸ਼ਾਹ ਸੁਲਤਾਨਿਆ । ਨਾ ਕੋਈ ਸ਼ਾਹ ਨਾ ਸੁਲਤਾਨ, ਤਖ਼ਤ ਤਾਜ ਨਾ ਕੋਈ ਰਖਾਇੰਦਾ । ਵੇਖ ਵਖਾਣੇ ਵਾਲੀ ਦੋ ਜਹਾਨ, ਸ਼ਬਦ ਬਾਜ ਇਕ ਉਡਾਇੰਦਾ । ਕਲਜੁਗ ਤੇਰੀ ਕੋਈ ਨਾ ਰੱਖੇ ਲਾਜ, ਲੂਲ੍ਹਾ ਲੰਗੜਾ ਅੰਤ ਅਪਾਹਜ, ਸ਼ਬਦ ਡੰਡਾ ਨਾ ਕੋਇ ਹੱਥ ਫੜਾਇੰਦਾ । ਲੱਖ ਚੁਰਾਸੀ ਪੈਣੀ ਭਾਜ, ਰਾਜ ਰਾਜਾਨਾਂ ਲਥੇ ਤਾਜ, ਕਰੇ ਖੇਲ ਦੇਸ ਮਾਝ, ਦਿਸ ਕਿਸੇ ਨਾ ਆਇੰਦਾ । ਆਪੇ ਸਾਜਨ ਰਿਹਾ ਸਾਜ, ਸ਼ਬਦ ਸਰੂਪੀ ਮਾਰੇ ਅਵਾਜ਼, ਗੁਰਮੁਖਾਂ ਅੰਤਮ ਰਖੇ ਲਾਜ, ਸ਼ਬਦ ਪੱਲਾ ਹੱਥ ਫੜਾਇੰਦਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਆਪ ਆਪਣਾ ਕਾਜ ਰਚਾਇੰਦਾ । ਕਲਜੁਗ ਰਚਿਆ ਕਾਜ, ਹਰਿ ਰਚਾਇਆ । ਵੇਖੇ ਖੇਲ ਕਲ ਕਿ ਆਜ, ਲਾੜੀ ਮੌਤ ਰਿਹਾ ਉਠਾਇਆ । ਸ਼ਬਦ ਸਿਹਰਾ ਰੱਖੇ ਸੀਸ ਤਾਜ, ਸਾਚਾ ਹੁਕਮ ਰਿਹਾ ਸੁਣਾਇਆ । ਗੁਰਮੁਖਾਂ ਰੱਖਣੀ ਮਾਤ ਲਾਜ, ਦਰ ਦਵਾਰਾ ਇਕ ਵਖਾਇਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਵੇਖ ਰੇਖ ਹਰਿ, ਕਲਜੁਗ ਬੇੜਾ ਆਪਣੇ ਹੱਥ ਰਖਾਇਆ । ਕਲਜੁਗ ਰਚਿਆ ਕਾਜ, ਲਾੜੀ ਮੌਤ ਨਾਲ ਕੁੜਮਾਈਆ । ਰਾਜ ਰਾਜਾਨਾਂ ਲਾਹੇ ਤਾਜ, ਛਤਰ ਸੀਸ ਨਾ ਕੋਈ ਝੁਲਾਈਆ । ਨਾ ਕੋਈ ਪਕੜੇ ਕਿਸੇ ਵਾਗ, ਚਾਰ ਵਰਨ ਰਹੇ ਕੁਰਲਾਈਆ । ਮਾਇਆ ਰਾਣੀ ਲੱਗੇ ਦਾਗ, ਵੇਲੇ ਅੰਤ ਨਾ ਕੋਈ ਧਵਾਈਆ । ਹੋਏ ਵਿਛੋੜਾ ਕੰਤ ਸੁਹਾਗ, ਰੰਡਪ ਰੰਡ ਸਰਬ ਅਖਵਾਈਆ । ਅੱਠੇ ਪਹਿਰ ਮਮਤਾ ਆਗ, ਦਿਵਸ ਰੈਣ ਰਹੀ ਸਤਾਈਆ । ਆਤਮ ਜੋਤੀ ਬੁਝੇ ਚਿਰਾਗ, ਕਲਜੁਗ ਰੈਣ ਅੰਧੇਰੀ ਛਾਈਆ । ਗੁਰਮੁਖ ਵਿਰਲਾ ਜਾਏ ਜਾਗ, ਪ੍ਰਭ ਅਬਿਨਾਸ਼ੀ ਪਕੜੇ ਵਾਗ, ਸਾਚਾ ਮੰਤਰ ਸ਼ਬਦ ਜਣਾਈਆ । ਹੰਸ ਬਣਾਏ ਹਰਿ ਹਰਿ ਕਾਗ, ਆਪੇ ਧੋਏ ਪਿਛਲੇ ਦਾਗ, ਇਕ ਉਪਜਾਏ ਸਾਚਾ ਰਾਗ, ਧੁਨੀ ਨਾਦ ਅਨਹਦ ਰਿਹਾ ਵਜਾਈਆ । ਭਗਤ ਵਣਜਾਰਾ ਹਰਿ ਨਿਰੰਕਾਰਾ ਸਚ ਪੁਕਾਰ ਰਿਹਾ ਸੁਣ, ਲੱਖ ਚੁਰਾਸੀ ਵਿੱਚੋਂ ਚੁਣ, ਗੁਣ ਅਵਗੁਣ ਆਪਣੀ ਬਣਤ ਬਣਾਈਆ । ਆਪੇ ਕਰੇ ਛਾਣ ਪੁਣ, ਸਾਚੇ ਕੰਡੇ ਰਿਹਾ ਚੜ੍ਹਾਈਆ । ਕਵਣ ਜਾਣੇ ਪ੍ਰਭ ਤੇਰੇ ਗੁਣ, ਕਲਜੁਗ ਅੰਤਮ ਪਾਵੇ ਵੰਡੇ, ਗੁਰਮੁਖ ਵਿਰਲਾ ਚੌਥੇ ਡੰਡੇ ਨੌਂ ਨਿਧਾਂ ਅਠਾਰਾਂ ਸਿਧਾਂ ਭਰਮੇ ਰਹੀ ਭੁਲਾਈਆ । ਮਾਇਆਧਾਰੀ ਭੇਖ ਪਖੰਡੇ, ਹੋਏ ਵਿਚਾਰੀ ਜੇਰਜ ਅੰਡੇ, ਪਿੰਡ ਬ੍ਰਹਿਮੰਡੇ ਖੋਜ ਨਾ ਰਾਈਆ । ਸ਼ਬਦ ਭੰਡਾਰਾ ਨਾ ਕੋਈ ਵੰਡੇ, ਜੋਤੀ ਜੋਤ ਸਰੂਪ ਹਰਿ, ਲੋਕਮਾਤ ਹਰਿ ਜੋਤ ਧਰ, ਕਲਜੁਗ ਰੇਖ ਵੇਖ ਹਰਿ, ਸਚ ਦਵਾਰਾ ਇਕ ਖੁਲ੍ਹਾਈਆ । ਕਲਜੁਗ ਕਲ ਕੁੜਮਾਈ, ਅੰਤ ਕਰਨਿਆ । ਲੱਖ ਚੁਰਾਸੀ ਮਿਲੇ ਵਧਾਈ, ਬੇਮੁਖ ਆਤਮ ਅੰਨ੍ਹਿਆ । ਧਰਮ ਰਾਏ ਦਰ ਜਾਣਾ ਚਾਈਂ ਚਾਈਂ, ਹੋਏ ਵਸੇਰਾ ਛੱਪਰ ਛੰਨਿਆ । ਯਮਰਾਜ ਉਠਾਏ ਫੜ ਫੜ ਬਾਹੀਂ, ਕੋਈ ਨਾ ਦੇਵੇ ਠੰਡੀਆਂ ਛਾਈਂ, ਧਰਮ ਰਾਏ ਅੰਤਮ ਡੰਨਿਆ । ਨਾਤਾ ਤੁੱਟਾ ਭੈਣਾਂ ਭਾਈ, ਪਿਤਾ ਮਾਤ ਨਾ ਕੋਈ ਸਹਾਈ, ਆਪੇ ਪੀੜੇ ਹਸਤ ਕੀੜੇ, ਮਿਲੇ ਨਾਮ ਨਾ ਕੋਈ ਧਨ ਧਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਵੇਖ ਰੇਖ ਹਰਿ, ਗੁਰਮੁਖਾਂ ਕੰਨ ਸੁਣਾਏ, ਏਕਾ ਸਚਾ ਸ਼ਬਦ ਹਰਿਜਨ ਆਤਮ ਮੰਨਿਆ । ਧਰਮ ਰਾਏ ਦਰ ਸਚ ਪੁਕਾਰ, ਲੱਖ ਚੁਰਾਸੀ ਤੇਰੀ ਅੰਤਮ ਵਾਰ, ਆਪ ਭੁਲਾਏ ਕਰ ਕਰ ਵਲ ਛਲਿਆ । ਪਰਗਟ ਹੋਏ ਵਿਚ ਸੰਸਾਰ । ਵੇਖ ਵਖਾਣੇ ਜਲ ਥਲ, ਜੰਗਲ ਜੂਹ ਉਜਾੜ ਪਹਾੜ । ਗੁਰਮੁਖਾਂ ਦਵਾਰਾ ਲਿਆ ਮਲ, ਜੋਤ ਜਗਾਏ ਬਹੱਤਰ ਨਾੜ, ਬੇਮੁਖਾਂ ਮਨ ਰਿਹਾ ਸਾੜ । ਲੱਗੀ ਅੱਗ ਤੱਤੀ ਹਾੜ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਦਏ ਦਿਲਾਸਾ ਮੌਤ ਲਾੜ । ਮੌਤ ਲਾੜੀ ਦਏ ਦਿਲਾਸਾ । ਪੁਰਖ ਅਬਿਨਾਸ਼ੀ ਵੇਖ ਤਮਾਸ਼ਾ । ਦਰ ਦਵਾਰਾ ਇਕ ਸੁਹਾਉਣਾ । ਲੱਖ ਚੁਰਾਸੀ ਭੇਵ ਚੁਕਾਉਣਾ । ਮਦਿਰਾ ਮਾਸੀ ਮੇਟ ਮਿਟਾਉਣਾ । ਸਾਚਾ ਦੇਵੇ ਧੁਰ ਫ਼ਰਮਾਣਾ । ਰਾਜਾ ਰਾਣਾ ਤਖ਼ਤੋਂ ਲਾਹੁਣਾ । ਸੁਘੜ ਸਿਆਣਾ ਬੇਮੁਹਾਣਾ ਮੂੰਹ ਦੇ ਭਾਰ ਸੁਟਾਉਣਾ । ਮਾਇਆ ਰਾਣੀ ਤਣਿਆ ਤਾਣਾ । ਭਰਮੇ ਭੁੱਲਿਆ ਜੀਵ ਨਾਦਾਨਾ । ਏਕਾ

੯੨

ਭੁੱਲਿਆ ਹਰਿ ਭਗਵਾਨਾ । ਵੇਲੇ ਅੰਤ ਨਾ ਕਿਸੇ ਛੁਡਾਣਾ । ਗੁਰਮੁਖ ਸਾਚਾ ਜੋਤ ਜਗਾਣਾ । ਹੱਥੀਂ ਬੰਨ੍ਹੇ ਨਾਮ ਗਾਨਾ । ਮਿਲੇ ਮੇਲ ਸ੍ਰੀ ਭਗਵਾਨਾ । ਸਾਚਾ
ਹੁਕਮ ਇਕ ਸੁਣਾਉਣਾ । ਝੁੱਲਦਾ ਰਹੇ ਨਾਮ ਨਿਸ਼ਾਨਾ । ਸੋਹੰ ਝੰਡਾ ਵਿਚ ਜਹਾਨਾ । ਵਿਚ ਨਵਖੰਡਾ ਇਕ ਤਰਾਨਾ । ਸਾਚਾ ਗੀਤ ਰਸਨਾ ਗਾਣਾ । ਦਰ
ਦਰ ਘਰ ਘਰ ਪਾਏ ਵੰਡਾਂ, ਆਪੇ ਕਰੇ ਖੰਡ ਖੰਡਾ, ਸਚ ਸਮਗਰੀ ਵਿਚ ਬ੍ਰਹਿਮੰਡਾਂ, ਨਾਮ ਅਧਾਰੀ ਵੰਡ ਵੰਡਾਨਾ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ
ਧਰ, ਕਲਜੁਗ ਰੇਖ ਵੇਖ ਹਰਿ, ਅੰਤਮ ਅੰਤ ਸਾਚਾ ਸਗਨ ਇਕ ਮਨਾਉਣਾ । ਕਲਜੁਗ ਕਾਲ ਕੁੜਮਾਈ, ਖ਼ੁਸ਼ੀ ਮਨਾਈਆ । ਕਰੇ ਖੇਲ ਹਰਿ ਰਘੁਰਾਈ, ਲਾੜੀ
ਮੌਤ ਨਾਲ ਰਲਾਈਆ । ਆਪ ਉਠਾਏ ਫੜ ਫੜ ਬਾਂਹੀਂ, ਲੋਕਮਾਤੀ ਰਾਹ ਵਖਾਈਆ । ਵੇਖ ਵਖਾਏ ਥਾਉਂ ਥਾਈਂ, ਏਕਾ ਝਾਤੀ ਰਿਹਾ ਲਗਾਈਆ । ਦੂਸਰ
ਕਿਸੇ ਦਿਸੇ ਨਾਹੀ, ਬੈਠ ਇਕਾਂਤੀ ਲੱਖ ਚੁਰਾਸੀ ਰਿਹਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਦਰ ਦਵਾਰੇ
ਖ਼ੁਸ਼ੀ ਮਨਾਈਆ । ਕਲਜੁਗ ਕਾਲੇ ਚੜ੍ਹਿਆ ਚਾਅ । ਪ੍ਰਭ ਅਬਿਨਾਸ਼ੀ ਕਿਰਪਾ ਕਰ, ਫੜ ਕੇ ਬਾਂਹੋਂ ਰਾਹੇ ਪਾ । ਆਪ ਚੁਕਾਈਂ ਆਪਣਾ ਡਰ, ਸਦਾ ਸੁਹੇਲਾ
ਇਕ ਇਕੇਲਾ ਸੱਦ ਰੱਖੇ ਠੰਡੀ ਛਾਂ । ਧਰਮ ਰਾਏ ਦਰ ਲੱਗੇ ਮੇਲਾ, ਲੱਖ ਚੁਰਾਸੀ ਬਣੇ ਚੇਲਾ, ਨਾ ਕੋਈ ਹੋਵੇ ਜਗਤ ਮਲਾਹ । ਗੁਰਮੁਖ ਸਾਚਾ ਸੱਜਣ ਸੁਹੇਲਾ,
ਦਰ ਘਰ ਵਸੇ ਇਕ ਇਕੇਲਾ, ਸ਼ਬਦ ਪੱਲੂ ਦਏ ਫੜਾ । ਧਰਮ ਰਾਏ ਦੀ ਕਟੇ ਜੇਲਾ, ਅੱਠਾਂ ਤੱਤਾਂ ਮੇਲੀ ਮੇਲਾ, ਆਪ ਆਪਣੇ ਵਿਚ ਸਮਾ । ਬੇਮੁੱਖਾਂ ਹੋਏ
ਵਕਤ ਦੁਹੇਲਾ, ਨਾ ਕੋਈ ਗੁਰ ਨਾ ਕੋਈ ਚੇਲਾ, ਕਵਣ ਪਕੜੇ ਆਪਣੀ ਬਾਂਹ । ਅਚਰਜ ਖੇਲ ਹਰਿ ਜੀ ਖੇਲਾ, ਜੋਤੀ ਜੋਤ ਸਰੂਪ ਹਰਿ, ਕਲਜੁਗ ਰੇਖ ਵੇਖ
ਹਰਿ, ਆਪ ਚੜ੍ਹਾਏ ਅੰਤਮ ਤੇਲਾ । ਕਲਜੁਗ ਚੜ੍ਹਿਆ ਤੇਲ, ਹੱਥ ਬੰਨ੍ਹ ਗਾਨਿਆ । ਧਰਮ ਰਾਏ ਦੀ ਕਟੇ ਜੇਲ੍ਹ, ਪਕੜ ਉਠਾਏ ਰਾਜੇ ਰਾਣਿਆਂ । ਬੇਮੁਖਾਂ
ਬੇੜਾ ਰਿਹਾ ਠੇਲ, ਨਾ ਸਕੇ ਕੋਈ ਛੁਡਾਨਿਆ । ਜੋਤੀ ਜੋਤ ਸਰੂਪ ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਰੇਖ ਵੇਖ ਹਰਿ, ਏਕਾ ਦੇਵੇ ਮਾਤ ਨਿਸ਼ਾਨਿਆ ।
ਕਲਜੁਗ ਕਲ ਨਿਸ਼ਾਨ ਹਰਿ ਰਖਾਇੰਦਾ । ਨਾ ਕੋਈ ਦੀਸੇ ਵਿਚ ਜਹਾਨ, ਬੇਈਮਾਨ ਸਰਬ ਮਿਟਾਇੰਦਾ । ਪੂਰਨ ਜੋਤ ਜਗੇ ਭਗਵਾਨ, ਪਕੜ ਉਠਾਏ ਰਾਜ ਰਾਜਾਨ,
ਅੱਠੇ ਪਹਿਰ ਨੌਜਵਾਨ, ਸ਼ਬਦ ਖੰਡਾ ਤੀਰ ਕਮਾਨ, ਰਸਨਾ ਚਿਲੇ ਆਪ ਚੜ੍ਹਾਇੰਦਾ । ਕਰੇ ਖੇਲ ਵਿਚ ਵਰਭੰਡਾਂ, ਬੂਰੇ ਕੱਕੇ ਬਿੱਲੇ ਆਪੇ ਆਪ ਮੇਟ ਮਿਟਾਇੰਦਾ ।
ਗਗਨ ਪਤਾਲ ਥੰਮ੍ਹ ਅਗੰਮੜੇ, ਕੋਈ ਨਾ ਦੀਸੇ ਚਿੱਟੇ ਚੰਮੜੇ, ਮਦੀਨੇ ਮੱਕੇ ਆਪੇ ਢਾਹਿੰਦਾ । ਕਰੇ ਖੇਲ ਅਗੰਮ ਅਗੰਮੜੇ, ਨਾ ਕੋਈ ਪਿਤ ਮਾਤ ਨਾ ਅੰਬੜੇ,
ਪੂਤ ਪਿਤ ਨਾ ਕੋਈ ਅਖਵਾਇੰਦਾ । ਪੱਲੇ ਕੋਈ ਨਾ ਰੱਖੇ ਦਮੜੇ, ਨਿੱਤ ਨਵਿੱਤ ਕਰੇ ਹਿੱਤ, ਚਿੱਤ ਵਿੱਤ ਕਾਇਆ ਮਿਤ ਭਗਤ ਅਖਵਾਇੰਦਾ । ਨਾ ਕੋਈ ਜਾਣੇ
ਵਾਰ ਥਿਤ, ਮਾਨਸ ਦੇਹੀ ਗੁਰਮੁਖ ਵਿਰਲਾ ਰਿਹਾ ਜਿਤ, ਮਨਮੁਖ ਭਰਮੇ ਆਪ ਭੁਲਾਇੰਦਾ । ਕਲਜੁਗ ਵੇਖੇ ਹੱਡ ਮਾਸ ਨਾੜੀ ਰਿਤ, ਬੂੰਦ ਰਕਤ ਭਗਤ ਸ਼ਕਤ
ਜੋਗ ਜਗਤ ਜੁਗਤ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਕਲਜੁਗ ਰੇਖ ਵੇਖ ਹਰਿ, ਕਾਲ ਜਾਲ ਕਲਜੁਗ ਹੱਥ ਫੜਾਇੰਦਾ । ਕਲਜੁਗ ਫੜਿਆ ਕਾਲ,
ਕਲ ਕਲੰਦਰਾ । ਪਹਿਲੀ ਮਾਰੇ ਇਕੋ ਛਾਲ, ਬੇਮੁਖ ਫੜੇ ਜੀਵ ਬੰਦਰਾ । ਦੂਜੀ ਵਸਤ ਨਾਮ ਉਛਾਲ, ਗੁਰਮੁਖਾਂ ਤੋੜੇ ਜਗਤ ਜੰਜਾਲ ਆਤਮ ਜੰਦਰਾ । ਗੁਰਮੁਖ
ਵੇਖ ਅਨਮੁਲੜੇ ਲਾਲ । ਮਿਲੇ ਮਿਲਾਏ ਅੰਦਰੇ ਅੰਦਰ ਸਾਚਾ ਸ਼ਬਦ ਜਗਤ ਦਲਾਲ, ਜੋਤ ਜਗਾਏ ਕਾਇਆ ਮੰਦਰ ਡੂੰਘੀ ਕੰਦਰਾ । ਹਰਿ ਜਨ ਸਾਚੀ ਘਾਲਨ
ਰਿਹਾ ਘਾਲ, ਭਗਤ ਅਵੱਲੜੀ ਚਲੇ ਚਾਲ, ਫਲ ਲੱਗੇ ਕਾਇਆ ਡਾਲ੍ਹ, ਮਿਲੇ ਮੇਲ ਦੀਨ ਦਿਆਲ, ਹੱਥ ਨਾ ਆਇਆ ਗੋਰਖ ਮਛੰਦਰਾ । ਜੋਤੀ ਜੋਤ ਸਰੂਪ
ਹਰਿ, ਜੋਤੀ ਜਾਮਾ ਭੇਖ ਧਰ, ਕਲਜੁਗ ਵੇਖ ਰੇਖ ਹਰਿ, ਆਪ ਮਿਟਾਏ ਸ਼ਬਦ ਸਾਰੇ ਢਾਹੇ ਉਚੇ ਸੁੱਚੇ ਮੰਦਰਾਂ । ਮੰਦਰ ਮਸੀਤਾਂ ਜਾਣੇ ਢਹਿ । ਏਕਾ ਚਲੇ

੯੩

ਸਾਚੀ ਰੀਤਾ, ਪੁਰਖ ਅਬਿਨਾਸ਼ੀ ਜਾਏ ਰਹਿ । ਮਾਣ ਚੁਕਾਏ ਅਠਾਰਾਂ ਧਿਆਏ ਗੀਤਾ, ਕਲਜੁਗ ਬੇੜਾ ਰਿਹਾ ਵਹਿ । ਖਾਣੀ ਬਾਣੀ ਸੀਤਲ ਸੀਤਾ, ਸ਼ਬਦ ਚਲੇ ਸਾਚੀ ਨੈ । ਅੰਜੀਲਾਂ ਕੁਰਾਨਾਂ ਵਕਤ ਬੀਤਾ, ਈਸਾ ਮੂਸਾ ਹੋਣੇ ਖੈ । ਕਲਜੁਗ ਤੇਰੀ ਵੇਖੇ ਨੀਤਾ, ਪੁਰਖ ਅਬਿਨਾਸ਼ੀ ਸਾਚੇ ਮੰਦਰ ਬਹਿ । ਲੱਖ ਚੁਰਾਸੀ ਪਰਖੇ ਨੀਤਾ । ਕਵਣ ਰਸਨਾ ਹਰਿ ਗੁਣ ਕਹਿ । ਗੁਰਮੁਖ ਵਿਰਲੇ ਮਾਨਸ ਦੇਹੀ ਜਨਮ ਜੀਤਾ, ਨਾਮ ਨਿਧਾਨ ਅੰਮ੍ਰਿਤ ਪੀਤਾ, ਚਰਨ ਕਵਲ ਹਰਿ ਏਕਾ ਰਹਿ । ਸਤਿਜੁਗ ਤੇਰੀ ਚਲੇ ਸਾਚੀ ਰੀਤਾ, ਵਰਨ ਚਾਰ ਏਕਾ ਕੀਤਾ, ਗੁਰ ਗੋਬਿੰਦ ਲੇਖ ਲਿਖਾਰਾ, ਕਲਜੁਗ ਤੇਰੀ ਅੰਤਮ ਵਾਰਾ, ਲਿਖ ਲਿਖ ਸਾਚੇ ਕਹਿ । ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸੰਬਲ ਨਗਰ ਦੇਸ ਮਝਾਰਾ, ਭੇਵ ਚੁਕਾਏ ਤੂੰ ਤੂੰ ਮੈਂ । ਦੀਪਕ ਜੋਤੀ ਕਰ ਉਜਿਆਰਾ, ਸ਼ਬਦ ਰੱਖੇ ਤਿਖੀ ਧਾਰਾ, ਚਾਰੋਂ ਕੁੰਟ ਇਕ ਉਡਾਰਾ, ਰਾਜ ਰਾਜਾਨਾਂ ਕਰੇ ਖਹਿ । ਜਗਤ ਜਗਦੀਸ ਆਪ ਅਖਵਾਨਾ । ਲੱਖ ਚੁਰਾਸੀ ਜਾਏ ਪੀਸ, ਨਾ ਕੋਈ ਰਾਗ ਛਤੀਸ, ਨਾਰਦ ਮੁਨ ਮੁਖ ਸੁਹਾਨਾ । ਚਾਰ ਮੁਖ ਦੰਦ ਬਤੀਸ, ਬ੍ਰਹਮਾ ਵੇਦ ਜਗਤ ਹਦੀਸ, ਚਾਰੇ ਜੁਗ ਸਾਇਆ ਸੀਸ, ਕਲਜੁਗ ਅੰਤਮ ਅੰਤ ਕਰਾਨਾ । ਏਕਾ ਝੁੱਲੇ ਛਤਰ ਹਰਿ ਨਰ ਸਾਚੇ ਸੀਸ, ਜੋਤੀ ਜੋਤ ਸਰੂਪ ਹਰਿ, ਸ਼ਬਦ ਝੰਡਾ ਵਿਚ ਨਵ ਖੰਡਾ, ਏਕਾ ਨਾਮ ਧੁਰ ਗੁਰ ਕਾਮ ਆਪਣਾ ਆਪ ਝੁਲਾਉਣਾ ।

### ✻ ੨੪ ਫੱਗਣ ੨੦੧੩ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✻

੯੪ ਆਦਿ ਪੁਰਖ ਅਕਾਲ ਦੀਨ ਦਿਆਲਿਆ । ਗੁਰਮੁਖ ਵੇਖੇ ਸਾਚੇ ਲਾਲ, ਜੁਗ ਜੁਗ ਕਰੇ ਪ੍ਰਿਤਪਾਲਿਆ । ਫਲ ਲਗਾਏ ਕਾਇਆ ਡਾਲ੍ਹ, ਕਰੇ ਕਰਾਏ ੯੪
ਆਪ ਰਖਵਾਲਿਆ । ਦੀਪਕ ਜੋਤੀ ਮਸਤਕ ਥਾਲ, ਅੰਮ੍ਰਿਤ ਆਤਮ ਸਰ ਸਰੋਵਰ ਦਰ ਦਰਬਾਰੇ ਇਕ ਰਖਾ ਲਿਆ । ਨੇੜ ਨਾ ਆਏ ਕਾਲ ਮਹਾਂਕਾਲ, ਜੋਤੀ ਅਗਨੀ ਸੇਵਾਦਾਰ ਜਗਤ ਜਵਾਲਿਆ । ਭਾਗ ਲਗਾਏ ਕਾਇਆ ਖਾਲ, ਕਾਇਆ ਮੰਦਰ ਅੰਦਰ ਚਲੇ ਨਾਲ ਨਾਲਿਆ । ਤੋੜਨਹਾਰਾ ਜਗਤ ਜੰਜਾਲ, ਇਕ ਵਖਾਏ ਸੱਚੀ ਧਰਮਸਾਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਹੋਏ ਮਾਤ ਦਲਾਲਿਆ । ਜਗਤ ਦਲਾਲੀ ਆਪ ਕਰ, ਕਲਜੁਗ ਰਚਨ ਰਚਾਇੰਦਾ । ਭਗਤ ਰਖਵਾਲੀ ਆਪ ਕਰ, ਗੁਰਮੁਖ ਬਚਨ ਨਿਭਾਇੰਦਾ । ਸਾਚਾ ਮਾਲੀ ਆਪ ਬਣ, ਫੁਲ ਫੁਲਵਾੜੀ ਮਾਤ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਬਣਤ ਬਣਾਇੰਦਾ । ਜੁਗ ਜੁਗ ਬਣਤ ਬਣਾਵਣਹਾਰਾ, ਏਕਾ ਏਕ ਏਕੰਕਾਰਾ । ਆਪ ਆਪਣਾ ਰੂਪ ਵਟਾਵਣਹਾਰਾ । ਲੋਆਂ ਪੁਰੀਆਂ ਪਾਵੇ ਸਾਰਾ । ਹਰਿਜਨ ਸੋਏ ਮਾਤ ਜਗਾਵਣਹਾਰਾ । ਨਿਰਮਲ ਨੂਰ ਕਰੇ ਉਜਿਆਰਾ । ਨਾਦ ਅਨਾਦੀ ਅਨਹਦ ਤਾਲ ਵਜਾਵਣਹਾਰਾ । ਪੰਚਮ ਲਾਇਆ ਸੇਵਾਦਾਰਾ । ਦਸਮ ਦਵਾਰੀ ਮੇਲ ਮਿਲਾਵਣਹਾਰਾ, ਖੋਲ੍ਹੇ ਬੰਦ ਕਿਵਾੜਾ । ਆਤਮ ਸੇਜਾ ਇਕ ਵਿਛਾਵਣਹਾਰਾ, ਮੇਟ ਮਿਟਾਏ ਪੰਚਮ ਧਾੜਾ । ਨਾਰੀ ਕੰਤਾ ਸੰਤਾ ਰੁੱਤ ਬਸੰਤਾ ਪੁਰਖ ਅਬਿਨਾਸ਼ੀ ਆਪਣੇ ਅੰਕ ਲਗਾਵਣਹਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖੇ ਖੇਲ ਬਹੱਤਰ ਨਾੜਾ । ਆਪ ਆਪਣਾ ਮੇਲ ਮਿਲਾਏ, ਗੁਰਮੁਖ ਸਾਚੀ ਨਾਰੀ । ਸਾਚੀ ਨਾਰੀ ਬੰਕ ਦਵਾਰ ਸੁਹਾਏ, ਪ੍ਰਭ ਪਾਇਆ ਪੁਰਖ ਅਪਾਰੀ । ਸਈਆਂ ਮੰਗਲ ਸਾਚਾ ਗਾਏ, ਫੂਲਣ ਬਰਖਾ ਅਪਰ ਅਪਾਰੀ । ਪੰਚਮ ਮੀਤਾ ਵਜਾਏ, ਮਰਦੰਗਾ ਸਹਿਜ ਧੁਨਕਾਰੀ । ਆਪ ਅਪਰੰਪਰ ਬੋਲ ਸੁਣਾਏ, ਛੰਦ ਸੁਹਾਗੀ ਰਾਮ ਮੁਰਾਰੀ । ਰਾਗ ਰਾਗਣੀ ਭੇਵ ਨਾ ਪਾਏ, ਛੱਤੀ ਰਾਗਾਂ ਵਸੇ ਬਾਹਰੀ । ਨਾਨਕ ਨਿਰਗੁਣ ਰਿਹਾ ਧਿਆਏ, ਮੰਗੇ ਮੰਗ ਦਰ ਭਿਖਾਰੀ । ਸਰਗੁਣ ਜੀਵ ਭੇਵ ਨਾ ਰਾਏ, ਭੁੱਲੇ ਭਰਮ ਗਵਾਰੀ । ਪੁਰਖ

ਅਬਿਨਾਸ਼ੀ ਖੇਲ ਰਚਾਏ, ਵਡ ਦਾਤਾ ਹਰਿ ਸੰਸਾਰੀ । ਜੁਗ ਜੁਗ ਆਪਣਾ ਮੇਲ ਮਿਲਾਏ, ਭਗਤ ਭਗਵੰਤਾ ਜੋਤ ਅਧਾਰੀ । ਗੁਰੂ ਚੇਲੇ ਆਪ ਬਣਾਏ, ਆਪੇ ਵਸਿਆ ਸਭ ਤੋਂ ਬਾਹਰੀ । ਸੱਜਣ ਸੁਹੇਲ ਸਰਬ ਅਖਵਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪੇ ਜਾਣੇ ਆਪਣੀ ਧਾਰੀ । ਆਪਣੀ ਧਾਰ ਚਲਾਵਣਹਾਰਾ, ਹਰਿ ਸਾਜਣ ਮੀਤ ਮੁਰਾਰਾ । ਕਲਜੁਗ ਰੇਖ ਮਿਟਾਵਣਹਾਰਾ, ਜੋਤੀ ਨੂਰ ਕਰੇ ਉਜਿਆਰਾ । ਨਿਰਗੁਣ ਸਰਗੁਣ ਸਰਗੁਣ ਨਿਰਗੁਣ ਏਕਾ ਰੂਪ ਸਮਾਵਣਹਾਰਾ, ਖੇਲੇ ਖੇਲ ਅਪਾਰੀ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਤੇਰੀ ਅੰਤਮ ਵਾਰੀ । ਅੰਤਮ ਵਾਰੀ ਕਲਜੁਗ ਦਾਤ, ਹਰਿ ਸਾਚਾ ਵੇਖ ਵਖਾਇੰਦਾ । ਲੋਆਂ ਪੁਰੀਆਂ ਵੇਖੇ ਮਾਰ ਝਾਤ, ਲੱਖ ਚੁਰਾਸੀ ਦਿਸ ਨਾ ਆਇੰਦਾ । ਜਨ ਭਗਤਾਂ ਦੇਵੇ ਸਾਚੀ ਦਾਤ, ਆਤਮ ਬ੍ਰਹਮ ਜਣਾਇੰਦਾ । ਆਪੇ ਬੈਠਾ ਇਕ ਇਕਾਂਤ, ਸਚ ਕਿਰਿਆ ਕਰਮ ਕਮਾਇੰਦਾ । ਜੁਗ ਜੁਗ ਬੰਨ੍ਹੇ ਆਪਣਾ ਨਾਤ, ਕਰਮ ਧਰਮ ਆਪਣੇ ਹੱਥ ਰਖਾਇੰਦਾ । ਲੱਖ ਚੁਰਾਸੀ ਦੇਵੇ ਜਰਮ, ਆਪੇ ਮੇਟ ਮਿਟਾਇੰਦਾ । ਆਪ ਮਿਟਾਏ ਵਰਨ ਬਰਨ, ਏਕਾ ਸਰਨ ਜਣਾਇੰਦਾ । ਅਗੰਮ ਅਗੰਮਾ ਧਰਨੀ ਧਰਨ, ਧਰਤ ਧਵਲ ਆਕਾਸ਼ ਸਮਾਇੰਦਾ । ਆਪੇ ਹੋਇਆ ਕਰਨੀ ਕਰਨ, ਕਰਨ ਕਰਾਵਣਹਾਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਅੰਤਮ ਮੂਲ, ਲਹਿਣਾ ਦੇਣਾ ਮਾਤ ਚੁਕਾਇੰਦਾ । ਲਹਿਣਾ ਦੇਣਾ ਅੰਤਮ ਵਾਰ, ਹਰਿ ਸਾਚਾ ਆਪ ਚੁਕਾਇੰਦਾ । ਨਾਨਕ ਨਿਰਗੁਣ ਕਰੇ ਪੁਕਾਰ, ਸਰਗੁਣ ਝੋਲੀ ਪਾਇੰਦਾ । ਗੁਰ ਚੇਲਾ ਇਕ ਦਵਾਰ, ਸਾਚਾ ਚੇਲਾ ਆਪ ਬਣਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਨੀਲਾ ਨੀਲੀ ਛੱਤੋਂ ਕਰੇ ਬਾਹਰ, ਕਲਗੀ ਤੋੜਾ
੯੫ ਸੀਸ ਟਿਕਾਇੰਦਾ । ਜੋਤੀ ਜੋੜਾ ਹਰਿ ਨਿਰੰਕਾਰ, ਸ਼ਬਦੀ ਡੰਕ ਵਜਾਇੰਦਾ । ਲੋਆਂ ਪੁਰੀਆਂ ਕਰੇ ਖ਼ਬਰਦਾਰ, ਬ੍ਰਹਮਾ ਸ਼ਿਵ ਆਪ ਉਠਾਇੰਦਾ । ਕਰੋੜ ਤੇਤੀਸਾ ੯੫
ਹਾਹਾਕਾਰ, ਸੁਰਪਤ ਰਾਜਾ ਇੰਦ ਕੁਰਲਾਇੰਦਾ । ਲੋਕਮਾਤ ਪ੍ਰਭ ਰਿਹਾ ਵਿਚਾਰ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਏਕਾ ਪੌੜਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਦਰ ਦਰਵਾਜ਼ਾ ਇਕ ਖੁਲ੍ਹਾਇੰਦਾ । ਕਲਜੁਗ ਤੇਰਾ ਅੰਤਮ ਰੰਗ, ਲੱਖ ਚੁਰਾਸੀ ਆਪ ਚੜ੍ਹੰਨਿਆ । ਜੂਠਾ ਝੂਠਾ ਬਣਿਆ ਸੰਗ, ਮਾਇਆ ਮਮਤਾ ਮੋਹ ਹੰਕਾਰ ਆਪਣਾ ਭਾਰ ਬੰਨ੍ਹਿਆ । ਸਾਧ ਸੰਤ ਜੀਵ ਜੰਤ ਹੋਇਣ ਨੰਗ, ਮਿਲੇ ਨਾਮ ਨਾ ਕੋਈ ਧੰਨ ਧੰਨਿਆ । ਗੁਰ ਦਰ ਮੰਦਰ ਅੰਦਰ ਹੋਵੇ ਜੰਗ, ਨਾ ਕਿਸੇ ਵਸੇਰਾ ਛੱਪਰ ਛੰਨਿਆ । ਲਾੜੀ ਮੌਤ ਵਜਾਏ ਮਰਦੰਗ, ਧਰਮ ਰਾਏ ਦੇਵੇ ਡੰਨਿਆ । ਚਾਰੋਂ ਕੁੰਟ ਦਿਸੇ ਨੰਗ, ਸੰਗ ਮੁਹੰਮਦ ਚਾਰ ਯਾਰ, ਅੰਤਮ ਵੇਖੇ ਹੋਏ ਖੁਆਰ, ਨਾ ਕੋਈ ਬੇੜਾ ਬੰਨ੍ਹਿਆ । ਈਸਾ ਮੂਸਾ ਆਈ ਹਾਰ, ਜਗਤ ਜਗਦੀਸਾ ਮਾਰੇ ਮਾਰ, ਸ਼ਬਦ ਸਰੂਪੀ ਤੇਜ ਕਟਾਰ, ਗੁਰ ਗੋਬਿੰਦਾ ਰਿਹਾ ਚਲਾਏ ਵਾਲੀ ਹਿੰਦਾ ਖ਼ਬਰਦਾਰ, ਜੋ ਘੜਿਆ ਸੋ ਭੰਨਿਆ । ਲੱਖ ਚੁਰਾਸੀ ਕਰੇ ਨਿੰਦਾ, ਗੁਰਮੁਖ ਦਰ ਘਰ ਸਾਚੀ ਬਿੰਦਾ, ਪਾਰਬ੍ਰਹਮ ਆਤਮ ਤੋੜੇ ਵੱਜਾ ਜਿੰਦਾ, ਆਤਮ ਧਾਰ ਵਹਾਏ ਸਾਗਰ ਸਿੰਧਾ, ਸਾਚਾ ਰਾਗ ਸੁਣਾਏ ਕੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਖ ਘਰ, ਸ਼ਬਦ ਸਰੂਪੀ ਲਾਏ ਸਨ੍ਹਿਆ । ਕਲਜੁਗ ਤੇਰਾ ਬੰਕ ਦਵਾਰਾ, ਚਾਰੋਂ ਕੁੰਟ ਦਵਾਰਿਆ । ਨਾ ਕੋਈ ਜਾਣੇ ਜੀਵ ਗਵਾਰਾ, ਪਾਰਬ੍ਰਹਮ ਪ੍ਰਭ ਪਾਵੇ ਸਾਰਾ, ਦਿਵਸ ਰੈਣ ਕਰੇ ਵਿਚਾਰਿਆ । ਲੋਆਂ ਪੁਰੀਆਂ ਮਾਰੇ ਮਾਰਾ, ਨਿਹਕਲੰਕ ਨਰਾਇਣ ਨਰ ਅਵਤਾਰਾ, ਸਚ ਧਰਮ ਨਾ ਕੋਈ ਵਿਚਾਰਾ, ਮਿਲੇ ਮੇਲ ਨਾ ਹਰਿ ਨਿਰੰਕਾਰਿਆ । ਗੁਰਮੁਖ ਵਿਰਲੇ ਮੇਲਾ ਮੇਲਣਹਾਰ ਆਪ ਕਰਤਾਰਾ, ਜੁਗ ਜੁਗ ਮੇਲ ਮਿਲਾ ਰਿਹਾ । ਵੇਖਣ ਆਇਆ ਜਗਤ ਦਵਾਰਾ, ਆਪ ਆਪਣੀ ਬਣਤ ਬਣਾ ਰਿਹਾ । ਨੀਲਾ ਕਰੇ ਚਰਨ ਨਿਮਸਕਾਰਾ, ਦਿਸ ਕਿਸੇ ਨਾ ਆ ਰਿਹਾ । ਗੋਬਿੰਦ ਕਾਇਆ ਖੇਲ ਅਪਾਰਾ, ਸੰਬਲ ਨਗਰੀ ਧਾਮ ਸੁਹਾ ਰਿਹਾ । ਲੇਖਾ ਲਿਖੇ ਦਸਮ ਦਵਾਰਾ, ਗੁਰ

ਦਸਵੇਂ ਜੋਤ ਜਗਾ ਰਿਹਾ । ਆਪੇ ਘਾੜਨ ਘੜਨੇਹਾਰਾ, ਆਪੇ ਮੇਟ ਮਿਟਾ ਰਿਹਾ । ਸਾਚੇ ਪੌੜੇ ਚੜ੍ਹਨੇਹਾਰਾ, ਸੋਹੰ ਪੌੜਾ ਇਕ ਲਗਾ ਰਿਹਾ । ਅੰਦਰ ਮੰਦਰ ਆਪੇ ਵੜਨੇਹਾਰਾ, ਸਾਚਾ ਮੰਦਰ ਇਕ ਸੁਹਾ ਰਿਹਾ । ਗੁਰਮੁਖ ਸਾਚੇ ਫੜਨੇਹਾਰਾ, ਦਿਵਸ ਰੈਣ ਜਗਾ ਰਿਹਾ । ਲੱਖ ਚੁਰਾਸੀ ਨਾਲ ਲੜਨੇਹਾਰਾ, ਦਿਸ ਕਿਸੇ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਦਰ, ਬੇਮੁਖਾਂ ਗੂੜ੍ਹੀ ਨੀਂਦ ਸਵਾ ਰਿਹਾ । ਬੇਮੁਖ ਸੋਏ ਗੂੜ੍ਹੀ ਨੀਂਦ, ਕਲਜੁਗ ਆਪ ਸਵਾਇੰਦਾ । ਕਲਜੁਗ ਤੇਰੀ ਅੰਧੇਰੀ ਰਾਤ, ਮਾਤ ਪਿਤ ਨਾ ਕੋਈ ਉਠਾਇੰਦਾ । ਰਸਨ ਵਿਕਾਰਾ ਸਾਚਾ ਨਾਤ, ਗੁਰ ਮੰਤਰ ਨਾ ਕੋਈ ਜਣਾਇੰਦਾ । ਵੇਲੇ ਅੰਤ ਨਾ ਕੋਈ ਪੁੱਛੇ ਵਾਤ, ਰਾਏ ਧਰਮ ਵੇਖ ਵਖਾਇੰਦਾ । ਅੰਤਮ ਲਹਿਣਾ ਦੇਣਾ ਚੁੱਕਣਾ ਦਿਵਸ ਰਾਤ, ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਉਚੇ ਮੰਦਰ ਗੁਰ ਦਰ ਮਸਜਿਦ ਫੋਲ ਫੁਲਾਇੰਦਾ । ਲੁਕਿਆ ਰਹਿਣ ਨਾ ਦੇਵੇ ਕੋਈ ਫੋਲ ਫੁਲਾਵੇ ਚਾਰੇ ਕੂਟਾਂ, ਰਸਨਾ ਤੀਰ ਏਕਾ ਛੂਟਾ, ਨਾ ਕੋਈ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਾਇਆ ਰਹਿਣ ਨਾ ਦੇਵੇ ਕੋਈ ਬੂਟਾ, ਆਪਣੀ ਹੱਥੀਂ ਜੜ੍ਹ ਪੁਟਾਇੰਦਾ । ਪੰਜ ਤਤ ਤਨ ਸਾਜਿਆ, ਜਗਤ ਜੁਗਤ ਅਪਾਰ । ਬਣਤ ਬਣਾਏ ਗਰੀਬ ਨਿਵਾਜਿਆ, ਖੋਲ੍ਹੇ ਨੌ ਦਵਾਰ । ਮਨ ਮਤ ਬੁੱਧ ਰੱਖੇ ਲਾਜਿਆ, ਪੰਚਮ ਤਤ ਕਰਾਏ ਪਿਆਰ । ਆਪੇ ਮਾਰਨਹਾਰਾ ਆਵਾਜਿਆ, ਕਰੇ ਕਰਾਏ ਖ਼ਬਰਦਾਰ । ਆਪ ਚੜ੍ਹਾਏ ਸ਼ਬਦ ਘੋੜੇ ਸਾਚੇ ਤਾਜਿਆ, ਆਪੇ ਹੋਣਾ ਪਹਿਰੇਦਾਰ । ਆਪੇ ਨੰਗੀ ਪੈਰੀਂ ਫਿਰੇ ਭਾਜਿਆ, ਗੁਰਮੁਖਾਂ ਦਰ ਦਵਾਰ । ਆਪੇ ਰੱਖਣਹਾਰਾ ਲਾਜਿਆ, ਜੁਗ ਜੁਗ ਰਿਹਾ ਪੈਜ ਸਵਾਰ । ਚਰਨ ਕਵਲਾਂ ਏਕਾ ਲਾਗਿਆ, ਸੁਰਤ ਸਵਾਣੀ ਹੋਈ ਉਜਿਆਰ । ਗੁਰ ਸ਼ਬਦ ਦਰ ਪੰਚਮ ਦੇਵੇ ਆਵਾਜ਼ਿਆ, ਨੇਤਰ ਨੈਣ ਦਏ ਉਘਾੜ । ਮੇਲ ਮਿਲਾਏ ਰਾਜਨ ਰਾਜਿਆ ਸਾਚੇ ਸਚ ਦਵਾਰ । ਆਪੇ ਪਰਦਾ ਰਿਹਾ ਕਾਜਿਆ, ਆਪੇ ਖੋਲ੍ਹੇ ਬੰਦ ਕਿਵਾੜ । ਜੋਤੀ ਜੋਤ ਸਰੂਪ ਹਰਿ, ਜਿਸ ਜਨ ਕਿਰਪਾ ਦੇਵੇ ਕਰ, ਸਾਚਾ ਮੇਲੇ ਸਾਜਨ ਸਾਜਿਆ । ਗੁਰ ਗੋਬਿੰਦ ਹਰਿ ਸ਼ਬਦ ਹੈ, ਸ਼ਬਦ ਰੂਪ ਸਮਾਏ । ਕਿਆ ਕੋਈ ਕਰੇ ਨਿੰਦ ਹੈ, ਨਿੰਦਕ ਨਿੰਦਿਆ ਮੁੱਖ ਫਿਰਾਏ । ਹਰਿਜਨ ਆਪ ਬਣਾਏ ਸਾਚੀ ਬਿੰਦ ਹੈ, ਜੁਗ ਜੁਗ ਆਪੇ ਰਿਹਾ ਮਿਲਾਏ । ਮੇਟ ਮਿਟਾਵਣਹਾਰਾ ਸਗਲੀ ਚਿੰਦ ਹੈ, ਆਤਮ ਦਰਸੀ ਦਰਸ ਦਿਖਾਏ । ਜੋਧਾ ਸੂਰਾ ਹਰਿ ਮਰਗਿੰਦ ਹੈ, ਜਨ ਭਗਤਾਂ ਰਿਹਾ ਤਰਸ ਕਮਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਸੰਤ ਦੁਲਾਰ ਦੇ ਮਤ ਰਿਹਾ ਸਮਝਾਏ । ਗੁਰ ਗੋਬਿੰਦੇ ਬਣਤ ਬਣਾਈ, ਮਿਲਿਆ ਮੇਲ ਹਰਿ ਨਿਰੰਕਾਰਿਆ । ਸਾਧ ਸੰਤ ਕਰੇ ਜਣਾਈ, ਸ਼ਬਦ ਸਰੂਪੀ ਵਾਰੋ ਵਾਰਿਆ । ਰੂਪ ਅਨੂਪਾ ਆਪ ਵਟਾਈ, ਸ਼ਾਹੋ ਭੂਪਾ ਆਪ ਅਖਵਾ ਰਿਹਾ । ਸਤਿ ਸਰੂਪਾ ਸੋ ਧੁਨ ਉਪਜਾਈ, ਆਤਮ ਸੁਨ ਤੁੜਾ ਰਿਹਾ । ਗੁਣ ਅਵਗੁਣ ਵੇਖ ਵਖਾਈ, ਪੂਰਬ ਲਹਿਣਾ ਆਪ ਚੁਕਾ ਰਿਹਾ । ਸਰਗੁਣ ਨਿਰਗੁਣ ਖੇਲ ਰਚਾਈ, ਰਚਣਹਾਰਾ ਆਪ ਅਖਵਾ ਰਿਹਾ । ਕਾਇਆ ਕੋਟ ਗੜ੍ਹ ਬਣਾਈ, ਨਿਰਮਲ ਜੋਤੀ ਆਪ ਟਿਕਾ ਰਿਹਾ । ਸੀਸ ਧੜ ਨਾ ਵੇਖ ਵਖਾਈ, ਕਲਗੀ ਤੋੜਾ ਆਪ ਲਗਾ ਰਿਹਾ । ਜੋਤੀ ਜੋੜਾ ਹਰਿ ਰਘੁਰਾਈ, ਗੁਰ ਸ਼ਬਦੀ ਵੇਖ ਵਖਾ ਰਿਹਾ । ਇੱਕੀ ਜੇਠ ਦਏ ਵਡਿਆਈ, ਵਿਛੜੇ ਫੇਰ ਮਿਲਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਭਗਤ ਵਰ, ਜਗਤ ਵਿਦਿਆ ਮੂਲ ਚੁਕਾ ਰਿਹਾ । ਦਾਨੀ ਦਾਤਾ ਆਪ ਪ੍ਰਭ, ਦੇਵਣਹਾਰ ਦਾਤਾਰ । ਸਰਬ ਗਿਆਤਾ ਆਪ ਪ੍ਰਭ, ਭਰੇ ਸ਼ਬਦ ਭੰਡਾਰ । ਨਾਤਾ ਬਿਧਾਤਾ ਆਪ ਪ੍ਰਭ, ਚਰਨ ਕਵਲ ਪਿਆਰ । ਪਿਤਾ ਮਾਤਾ ਆਪ ਪ੍ਰਭ, ਪੂਤ ਸਪੂਤਾ ਕਰੇ ਪਿਆਰ । ਅੰਧ ਅੰਧੇਰ ਆਪ ਪ੍ਰਭ, ਨੂਰੋ ਨੂਰ ਹੋਏ ਉਜਿਆਰ । ਹਰ ਘਟ ਪਸਾਰਾ ਆਪ ਪ੍ਰਭ, ਆਪੇ ਵਸਿਆ ਸਭ ਤੋਂ ਬਾਹਰ । ਤੀਰਥ ਤਟ ਕਿਨਾਰਾ ਆਪ ਪ੍ਰਭ, ਆਪੇ ਢਾਹੇ ਲਏ ਉਸਾਰ । ਸਾਚਾ ਹੱਟ ਵਣਜਾਰਾ ਆਪ ਪ੍ਰਭ, ਆਪੇ


੯੬

ਵਣਜ ਕਰੇ ਵਪਾਰ । ਖੇਲੇ ਖੇਲ ਬਾਜੀਗਰ ਨਟ ਆਪ ਪ੍ਰਭ, ਸਵਾਂਗੀ ਸਵਾਂਗ ਕਰੇ ਵਰਤਾਰ । ਆਪੇ ਗੇੜਨਹਾਰਾ ਉਲਟੀ ਲੱਠ ਆਪ ਪ੍ਰਭ, ਜੁਗ ਜੁਗ ਮਾਤ ਲਏ ਅਵਤਾਰ । ਲੱਖ ਚੁਰਾਸੀ ਕਰੇ ਭੱਠ ਆਪ ਪ੍ਰਭ, ਗੁਰਮੁਖ ਸਾਚੇ ਲਏ ਉਭਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਵੇਖੇ ਆਤਮ ਘਰ, ਪਹਿਲੀ ਚੇਤਰ ਦਿਵਸ ਵਿਚਾਰ । ਆਤਮ ਘਰ ਸਚ ਅਸਥਾਨ, ਹਰਿ ਸਾਚੇ ਆਪ ਸੁਹਾਇਆ । ਆਪੇ ਜਾਣੇ ਜਾਣੀ ਜਾਣ, ਦੂਸਰ ਕੋਇ ਭੇਵ ਨਾ ਰਾਇਆ । ਪੰਚਮ ਬਹਿ ਬਹਿ ਸਾਰੇ ਗਾਣ, ਤਾਲ ਤਲਵਾੜਾ ਰਿਹਾ ਵਜਾਇਆ । ਪਵਣ ਪਵਣੀ ਸੇਵ ਕਮਾਣ, ਤਾਲ ਸੁਹਾਵਾ ਰਿਹਾ ਸੁਹਾਇਆ । ਚਾਰੇ ਕੁੰਟਾਂ ਵੇਖ ਵਖਾਨ, ਦਹਿ ਦਿਸ਼ਾ ਫੇਰਾ ਪਾਇਆ । ਕਾਇਆ ਮੰਦਰ ਅੰਦਰ ਸਚ ਮਕਾਨ, ਹਰਿ ਮੰਦਰ ਆਪ ਸੁਹਾਇਆ । ਦਰ ਦਰਵਾਜ਼ੇ ਦਰ ਦਰਬਾਨ, ਹਰਿ ਸਾਚਾ ਆਪ ਅਖਵਾਇਆ । ਅੱਠੇ ਪਹਿਰ ਨਿਗਾਹਬਾਨ, ਸੇਵਕ ਸੇਵਾ ਰਿਹਾ ਕਮਾਇਆ । ਗੁਰਮੁਖਾਂ ਵੇਖੇ ਮਾਰ ਧਿਆਨ, ਸਾਚੀ ਕੂਟ ਫੋਲ ਫੁਲਾਇਆ । ਨਿਸ਼ਅੱਖਰ ਵੱਖਰ ਸਾਰੇ ਗਾਣ, ਰਸਨਾ ਰਸਕ ਰਸ ਨਾ ਆਇਆ । ਆਪੇ ਹੋਏ ਮਿਹਰਵਾਨ, ਜਨ ਭਗਤਾਂ ਲਏ ਜਗਾਇਆ । ਧੁਰਦਰਗਾਹੀ ਦੇਵੇ ਇਕ ਨਿਸ਼ਾਨ, ਆਪ ਆਪਣਾ ਨਾਉਂ ਜਪਾਇਆ । ਕਲਜੁਗ ਅੰਤਮ ਮੇਟ ਮਿਟਾਨ, ਸਤਿਜੁਗ ਸਾਚਾ ਦਏ ਝੁਲਾਇਆ । ਸੋਹੰ ਸੋ ਬ੍ਰਹਮ ਗਿਆਨ, ਧੁਰ ਫ਼ਰਮਾਣ ਰਹੇ ਜਣਾਇਆ । ਤੀਰ ਨਿਰਾਲਾ ਵੱਜੇ ਬਾਣ, ਬਜਰ ਕਪਾਟੀ ਪਾਰ ਕਰਾਇਆ । ਪੰਚਾਂ ਕਰੇ ਪੁਣ ਛਾਣ, ਪੰਚਮ ਮੇਲ ਮਿਲਾਇਆ । ਏਕਾ ਦੇਵੇ ਨਾਮ ਬਿਬਾਣ, ਹਰਿਜਨ ਸਾਚੇ ਲਏ ਚੜ੍ਹਾਇਆ । ਪਹਿਲੀ ਚੇਤਰ ਕਰ ਪਛਾਣ, ਭਾਂਡੇ ਕਾਚੇ ਦਏ ਭੰਨਾਇਆ । ਸਾਚਾ ਮੰਦਰ ਉਚ ਮਹਾਨ, ਦਸਮ ਦਵਾਰੀ ਦਏ ਵਖਾਇਆ । ਆਤਮ ਸੇਜਾ ਇਕ ਮਹਾਨ, ਸ਼ਬਦ ਰੰਗੀਲਾ ਪਲੰਘ ਵਿਛਾਇਆ । ਜੋਤ ਸਰੂਪੀ ਹਰਿ ਭਗਵਾਨ, ਆਪੇ ਬੈਠ ਡਗਮਗਾਇਆ । ਗੁਰਮੁਖ ਨਾਰੀ ਬਾਲ ਨਾਦਾਨ, ਸਾਚਾ ਪੱਲੂ ਨਾਮ ਫੜਾਇਆ । ਆਪ ਰਖਾਏ ਚਰਨ ਧਿਆਨ, ਸਾਚਾ ਮਾਰਗ ਇਕ ਰਖਾਇਆ । ਸਾਚਾ ਮੇਲਾ ਮੇਲ ਮਿਲਾਨ, ਘਰ ਸਾਚੇ ਮੇਲ ਮਿਲਾਇਆ । ਦਰ ਘਰ ਪਾਇਆ ਸ਼ਬਦ ਜਵਾਨ, ਨਾ ਮਰੇ ਨਾ ਜਾਇਆ । ਨਾਰੀ ਕੰਤਾ ਏਕਾ ਥਾਨ, ਏਕਾ ਰੰਗ ਰੰਗਾਇਆ । ਸਈਆਂ ਮੰਗਲ ਸਾਚਾ ਗਾਣ, ਪੰਚਮ ਰਾਗ ਅਲਾਇਆ । ਵਿਛੜ ਕਦੇ ਨਾ ਜਾਣ, ਸਾਚਾ ਮੇਲਾ ਮੇਲ ਮਿਲਾਇਆ । ਦਸਮ ਦਵਾਰੀ ਭੂਮਿਕਾ ਅਸਥਾਨ, ਹਰਿ ਸਾਚੇ ਸ਼ਾਹੋ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਨੁਹਾਏ ਸਾਚੇ ਸਰ, ਚਰਨ ਧੂੜ ਇਕ ਇਸ਼ਨਾਨ ਕਰਾਇਆ । ਚਰਨ ਧੂੜ ਸਚ ਇਸ਼ਨਾਨਾ, ਜੁਗ ਜੁਗ ਆਪ ਕਰਾਇੰਦਾ । ਆਤਮ ਦੇਵੇ ਬ੍ਰਹਮ ਗਿਆਨਾ, ਬ੍ਰਹਮ ਵਿਦਿਆ ਇਕ ਪੜ੍ਹਾਇੰਦਾ । ਸੋਹੰ ਮਾਰੇ ਤੀਰ ਨਿਸ਼ਾਨਾ, ਦੂਈ ਦਵੈਤੀ ਮੇਟ ਮਿਟਾਇੰਦਾ । ਹੱਥੀਂ ਬੰਨ੍ਹੇ ਗਾਨਾ, ਸ਼ਰਅ ਸ਼ਰਾਇਤੀ ਵੇਖ ਵਖਾਇੰਦਾ । ਰਾਗ ਸੁਣਾਏ ਏਕਾ ਗਾਣਾ, ਸੁਨ ਮੁਨ ਤੁੜਾਇੰਦਾ । ਆਪਣੀ ਕਰਾਏ ਆਪ ਪਛਾਣਾ, ਗੁਰਮੁਖ ਚੁਣ ਚੁਣ ਆਪ ਜਗਾਇੰਦਾ । ਦਰ ਦਵਾਰੇ ਦੇਵੇ ਮਾਣਾ, ਹਉਮੇ ਹੰਗਤਾ ਰੋਗ ਮਿਟਾਇੰਦਾ । ਚਰਨ ਪ੍ਰੀਤੀ ਸਚ ਧਿਆਨਾ, ਅੱਠ ਸੱਠ ਡੇਰਾ ਢਾਹਿੰਦਾ । ਅੰਤਮ ਵੇਲਾ ਵੇਦ ਪੁਰਾਨਾਂ, ਅੰਜੀਲ ਕੁਰਾਨਾਂ ਵਕਤ ਚੁਕਾਇੰਦਾ । ਰਾਗ ਛਤੀਸਾ ਗਾਇਣ ਗਾਣਾ, ਗੋਬਿੰਦ ਰੂਪ ਵਟਾਇੰਦਾ । ਖਾਣੀ ਬਾਣੀ ਹੋਏ ਹੈਰਾਨਾ, ਸਾਗਰ ਸਿੰਧ ਵਹਾਇੰਦਾ । ਧਰਮ ਝੁਲਾਏ ਇਕ ਨਿਸ਼ਾਨਾ, ਰੰਗ ਸਤ ਰੰਗਾਇੰਦਾ । ਲਿਖੇ ਲੇਖ ਆਪ ਮਹਾਨਾ, ਅੱਖਰ ਵੱਖਰ ਵੇਖ ਵਖਾਇੰਦਾ । ਪਰਗਟ ਹੋਏ ਵਾਲੀ ਦੋ ਜਹਾਨਾਂ, ਰੋੜੀ ਸੱਖਰ ਚਰਨ ਛੁਹਾਇੰਦਾ । ਮੁਹੰਮਦ ਮੁਹੰਮਦੀ ਮੇਲ ਮਿਲਾਨਾ, ਚਾਰ ਯਾਰਾਂ ਭੇਵ ਖੁਲ੍ਹਾਇੰਦਾ । ਹੱਥੀਂ ਮਹਿੰਦੀ ਮੌਲੀ ਗਾਨਾ, ਨੀਲਾ ਚੋਲਾ ਤਨ ਛੁਹਾਇੰਦਾ । ਅਮਾਮ ਮਹਿੰਦੀ ਸਚ ਸੁਲਤਾਨਾਂ, ਖ਼ੈਬਰ ਪਾਰ ਕਰਾਇੰਦਾ । ਐਲੀ ਸ਼ਾਹ ਹੋਏ ਹੈਰਾਨਾ, ਮੱਕਾ ਕਾਅਬਾ ਵੇਖ ਵਖਾਇੰਦਾ । ਚਰਨ ਲਗਾਏ ਸ਼ਾਹ ਅਰਬਾਨਾ, ਇਰਾਕ ਇਰਾਨਾ ਡੇਰਾ ਢਾਹਿੰਦਾ । ਮੁਖ

ਨਕਾਬ ਇਕ ਰਖਾਨਾ, ਨੇਤਰ ਨੈਣ ਛੁਪਾਇੰਦਾ । ਸੋਹੰ ਮਾਰੇ ਤੀਰ ਨਿਸ਼ਾਨਾ, ਪੀਰਨ ਪੀਰ ਮਿਟਾਇੰਦਾ । ਦਸਤਗੀਰ ਹੋਏ ਹੈਰਾਨਾ, ਹਕੀਰ ਸ਼ਾਹ ਫਕੀਰ ਫੜਾਇੰਦਾ । ਆਪੇ ਹੋਏ ਬੇਪਛਾਨਾ, ਬੇਐਬ ਪਰਵਰਦਿਗਾਰ ਅਖਵਾਇੰਦਾ । ਮਹਿਬਾਨ ਬੀਦੋ ਰਹਿਮਾਨ ਰਹਿਮਾਨਾ, ਰਹਿਮਤ ਰਸੂਲ ਨਾ ਕੋਈ ਜਣਾਇੰਦਾ । ਅਲ੍ਹਾ ਰਾਣੀ ਵੇਖੇ ਮਾਰ ਧਿਆਨਾ, ਹੱਜ ਕਬੂਲ ਨਾ ਕੋਈ ਕਰਾਇੰਦਾ । ਪੰਚਮ ਰੋਵਣ ਜਗਤ ਸ਼ੈਤਾਨਾ, ਧੀਰਜ ਧੀਰਜ ਨਾ ਕੋਈ ਧਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੁਹਾਏ ਇਕ ਦਰ, ਦਰ ਦਰਬਾਨਾ ਆਪ ਅਖਵਾਇੰਦਾ । ਅੱਲਾ ਰਾਣੀ ਤਨ ਸ਼ਿੰਗਾਰ, ਕਲਜੁਗ ਅੰਤ ਸ਼ਿੰਗਾਰਿਆ । ਮਨਮਤ ਨਾਲ ਹੰਕਾਰ, ਕਰੇ ਇਕ ਪਿਆਰਿਆ । ਸੰਗ ਮੁਹੰਮਦ ਚਾਰ ਯਾਰ, ਈਸਾ ਮੂਸਾ ਵੇਖ ਵਿਚਾਰਿਆ । ਕਲਜੁਗ ਹੋਇਆ ਪਹਿਰੇਦਾਰ, ਆਪ ਉਠਾਏ ਕਰੇ ਖ਼ਬਰਦਾਰਿਆ । ਧਰਤਮਾਤ ਰਹੀ ਵਿਚਾਰ, ਘਰ ਸਾਚੇ ਕਰੇ ਪੁਕਾਰਿਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਕਲਜੁਗ ਰੈਣ ਹੋਈ ਅੰਧਿਆਰਿਆ । ਜੂਠਾ ਝੂਠਾ ਪਸਰ ਪਸਾਰ, ਨਾ ਕੋਈ ਦੀਸੇ ਸਚ ਦਵਾਰਿਆ । ਪੀਰ ਫ਼ਕੀਰਾਂ ਆਈ ਹਾਰ, ਅਹਿਨਲ ਹੱਕ ਨਾ ਕੋਈ ਵਿਚਾਰਿਆ । ਮੁੱਲਾ ਸ਼ੇਖ਼ ਕਾਜ਼ੀ ਰੋਵਣ ਧਾਹਾਂ ਮਾਰ, ਅੱਲਾ ਹੂ ਹੂ ਏਕਾ ਨਾਰਿਆ । ਪੀਰ ਦਸਤਗੀਰ ਸੁੱਤੇ ਪੈਰ ਪਸਾਰ, ਤੂੰ ਤੂੰ ਮਨੋਂ ਵਿਸਾਰਿਆ । ਚੁੱਕਿਆ ਨਾ ਜਾਏ ਮੈਥੋਂ ਭਾਰ, ਲੱਖ ਚੁਰਾਸੀ ਜੀਵ ਗਵਾਰਿਆ । ਪਰਗਟ ਹੋ ਵਿਚ ਸੰਸਾਰ, ਨਾਨਕ ਗੋਬਿੰਦ ਲੇਖ ਲਿਖਾ ਰਿਹਾ । ਸ਼ਬਦ ਖੰਡਾ ਤੇਜ਼ ਕਟਾਰ, ਆਪ ਆਪਣਾ ਲਏ ਸਵਾਰਿਆ । ਬ੍ਰਹਿਮੰਡ ਖੰਡ ਜੇਰਜ ਅੰਡ ਪਾਇਣ ਸਾਰ, ਉਤਭੁਜ ਸੇਤਜ ਪਾਰ ਕਿਨਾਰ, ਨਾਰ ਦੁਹਾਗਣ ਦੀਸੇ ਰੰਡ, ਲੱਖ ਚੁਰਾਸੀ ਸੰਤ ਕੰਤ ਨਾ ਕੋਈ ਹੰਢਾ ਰਿਹਾ । ਕੂੜ ਕੁੜਿਆਰਾ ਭੇਖ ਪਖੰਡ, ਘਰ ਘਰ ਬੈਠਾ ਕਰ ਪਸਾਰਿਆ । ਨਿਹਕਲੰਕਾ ਤੇਰੀ ਵੰਡ, ਸਾਚਾ ਲੇਖਾ ਆਪ ਲਿਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਨਿਹਕਲੰਕ ਨਰਾਇਣ ਨਰ, ਪਹਿਲੀ ਚੇਤਰ ਨੌ ਖੰਡ ਪ੍ਰਿਥਮੀ ਵੇਖੇ ਖੇਤਰ, ਲੇਖਾ ਆਪਣੇ ਹੱਥ ਰਖਾ ਰਿਹਾ । ਨਾ ਕੋਈ ਜਾਣੇ ਧਾਰੀ ਕੇਸਾ, ਮੁੰਡ ਮੁੰਡਾਏ ਦਿਸ ਨਾ ਆਇੰਦਾ । ਕਲਜੁਗ ਤੇਰਾ ਅੰਤਮ ਵੇਸਾ, ਨਰ ਨਰੇਸ਼ਾ ਆਪ ਕਰਾਇੰਦਾ । ਮੇਲ ਮਿਲਾਇਆ ਦਸ ਦਸਮੇਸ਼ਾ, ਦਹਿ ਦਿਸ਼ਾ ਵੇਖ ਵਖਾਇੰਦਾ । ਭੇਵ ਨਾ ਪਾਇਣ ਬ੍ਰਹਮਾ ਸ਼ਿਵ ਗਣੇਸ਼ਾ, ਦਰ ਦਰਵੇਸ਼ਾ ਸੀਸ ਝੁਕਾਇੰਦਾ । ਜੋਤ ਸਰੂਪੀ ਹਰਿ ਪਰਵੇਸ਼ਾ, ਆਪ ਆਪਣੀ ਕਲ ਵਰਤਾਇੰਦਾ । ਦੋ ਜਹਾਨਾਂ ਨਰ ਨਰੇਸ਼ਾ, ਸ੍ਰਿਸ਼ਟ ਸਬਾਈ ਮੂਲ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਦੇਵੇ ਭਗਤੀ ਵਰ, ਦੇ ਮਤ ਪੰਜ ਤਤ ਆਪ ਸਮਝਾਇੰਦਾ ।

### ✻ ੨੪ ਫੱਗਣ ੨੦੧੩ ਡਾ੦ ਪਾਲ ਸਿੰਘ ਦੇ ਗ੍ਰਿਹਿ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✻

ਧਨ ਪਾਇਆ ਨਾਮ ਸੰਤੋਖ, ਗੁਰ ਪੂਰੇ ਚਰਨ ਦਵਾਰਿਆ । ਜਗਤ ਮਿਟੇ ਤ੍ਰਿਸ਼ਨਾ ਭੁੱਖ, ਮਿਲੇ ਨਾਮ ਅਧਾਰਿਆ । ਸੁਫਲ ਕਰਾਏ ਮਾਤ ਕੁੱਖ, ਆਵਣ ਜਾਵਣ ਪਾਰ ਕਰਾ ਰਿਹਾ । ਅੰਤਮ ਵੇਲਾ ਅੰਤਮ ਮੋਖ, ਨਰ ਹਰਿ ਆਪਣੀ ਗੋਦ ਉਠਾ ਰਿਹਾ । ਮੇਟ ਮਿਟਾਏ ਹਰਖ ਸੋਗ, ਅੱਠੇ ਪਹਿਰ ਏਕਾ ਰੰਗ ਰੰਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰ ਕਿਰਪਾ ਮੇਲ ਮਿਲਾ ਰਿਹਾ । ਮਿਲਿਆ ਮੇਲ ਹਰਿ ਨਿਰੰਕਾਰ, ਘਰ ਸਾਚੇ ਵੱਜੇ ਵਧਾਈਆ । ਸੋਹੰ ਡੰਕ ਅਪਰ ਅਪਾਰ, ਦਿਵਸ ਰੈਣ ਰਿਹਾ ਵਜਾਈਆ । ਸੁਣੇ ਸੁਣਾਏ ਸੁਣਨੇਹਾਰ, ਜੀਵਾਂ ਜੰਤਾਂ ਦਿਸ ਨਾ ਆਈਆ । ਕਾਮ ਕਰੋਧ ਲੋਭ ਮੋਹ ਹੰਕਾਰ, ਪੰਜ ਤਤ ਮਿਟਾਈਆ । ਸ਼ਬਦ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਈਆ । ਪੰਚਮ ਸੋਹਣਾ ਕਰ ਸ਼ਿੰਗਾਰ, ਸ਼ਸਤਰ ਬਸਤਰ ਇਕ ਸਜਾਈਆ । ਸਾਚੇ

੯੯

ਘੋੜੇ ਕਰ ਅਸਵਾਰ, ਚੌਥੇ ਪੌੜੇ ਆਪ ਚੜ੍ਹਾਈਆ । ਜਗਤ ਵਿਚੋਲਾ ਹਰਿ ਦਾਤਾਰ, ਆਪਣਾ ਮੇਲ ਮਿਲਾਈਆ । ਉਚੋ ਨੀਚ ਨੀਚੋ ਉਚ ਖੇਲ ਅਪਾਰ, ਜੁਗ ਜੁਗ ਰਿਹਾ ਕਰਾਈਆ । ਰਵੀਦਾਸਾ ਦਰਸ ਭਿਖਾਰ, ਦਰਸੀ ਦਰਸ ਦਿਖਾਈਆ । ਬਾਲਮੀਕ ਤੇਰਾ ਕਰਜ਼ ਉਤਾਰ, ਰਾਮ ਰਾਮਾ ਰੂਪ ਵਟਾਈਆ । ਕਲਜੁਗ ਮੇਲਾ ਵਿਚ ਸੰਸਾਰ, ਗੁਰ ਚੇਲਾ ਜੋੜ ਜੁੜਾਈਆ । ਅਚਰਜ ਖੇਲਾ ਅਪਰ ਅਪਾਰ, ਸੱਜਣ ਸੁਹੇਲਾ ਸਦ ਅਖਵਾਈਆ । ਫੜ ਫੜ ਬਾਹੋਂ ਲਾਏ ਪਾਰ, ਸਾਚੇ ਬੇੜੇ ਰਿਹਾ ਚੜ੍ਹਾਈਆ । ਆਪੇ ਬਣਿਆ ਸੇਵਾਦਾਰ, ਸੇਵਕ ਸੇਵਾ ਰਿਹਾ ਕਮਾਈਆ । ਸ਼ਬਦ ਅਧਾਰੀ ਇਕ ਅਹਾਰ, ਤ੍ਰਿਸ਼ਨਾ ਭੁੱਖ ਮਿਟਾਈਆ । ਮੇਲ ਮਿਲਾਏ ਨਿੰਦਕ ਦੁਸ਼ਟ ਦੁਰਾਚਾਰ, ਪੰਚਮ ਤੰਦ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਸੁਣਾਏ ਸੁਹਾਗੀ ਛੰਦ, ਸੋਹੰ ਢੋਲਾ ਸੱਚਾ ਬੋਲਾ ਰਸਨਾ ਹਰਿਜਨ ਗਾਈਆ ।

### ❊ ੧੫ ਚੇਤਰ ੨੦੧੪ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹਿ ਇੱਕੀ ਪਰਿਵਾਰਾਂ ਦਾ ਇਕੱਠ ਹੋਇਆ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❊

ਪਾਰਬ੍ਰਹਮ ਪ੍ਰਭ ਏਕ ਹੈ, ਏਕ ਏਕ ਸਰਨਾਏ । ਸ੍ਰਿਸ਼ਟ ਸਬਾਈ ਏਕਾ ਟੇਕ ਹੈ, ਏਕਾ ਓਟ ਰਖਾਏ । ਗੁਰਮੁਖ ਵਿਰਲੇ ਬੁੱਧ ਬਿਬੇਕ ਹੈ, ਪ੍ਰਭ ਸਾਚਾ ਹਰਿ ਘਰ ਪਾਏ । ਜੀਵ ਜੰਤ ਰਹੇ ਵੇਖੀ ਵੇਖ ਹੈ, ਵੇਖਣਹਾਰ ਦਿਸ ਨਾ ਆਏ । ਆਪੇ ਲਿਖਣਹਾਰਾ ਲੇਖ ਹੈ, ਆਪੇ ਦੇਵੇ ਅੰਤ ਮਿਟਾਏ । ਆਪ ਉਪਾਏ ਮੁੱਲਾ ਸ਼ੇਖ਼ ਹੈ, ਗੁਰ ਪੀਰ ਮਾਤ ਉਪਾਏ । ਆਪੇ ਵੇਖੇ ਧਾਰੀ ਕੇਸ ਹੈ, ਵੇਖਣਹਾਰ ਮੁੰਡ ਮੁੰਡਾਏ । ਆਪੇ ਦਾਤਾ ਦਸ ਦਸਮੇਸ਼ ਹੈ, ਗੋਬਿੰਦ ਰੂਪ ਵਟਾਏ । ਆਪੇ ਨਾਨਕ ਨਰ ਨਰੇਸ਼ ਹੈ, ਨਿਰਗੁਣ ਮੇਲ ਮਿਲਾਏ । ਆਪੇ ਵੇਖੇ ਬ੍ਰਹਮਾ ਵਿਸ਼ਨ ਮਹੇਸ਼ ਹੈ, ਆਪ ਆਪਣੀ ਸੇਵਾ ਲਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਲਏ ਜਗਾਏ । ਹਰਿਜਨ ਸਾਚੇ ਮਾਤ ਵਡਿਆਈ, ਅੰਤਮ ਮਾਤ ਸਖਾਈਆ । ਗੁਰ ਸ਼ਬਦ ਹੋਈ ਕੁੜਮਾਈ, ਮਿਲਿਆ ਮੇਲ ਸਾਚੇ ਮਾਹੀਆ । ਆਤਮ ਦਰ ਵੱਜੀ ਵਧਾਈ, ਪੰਚਮ ਗਾਇਣ ਚਾਈਂ ਚਾਈਂਆ । ਜੋਤ ਨਿਰੰਜਣ ਏਕਾ ਪਾਈ, ਅੰਧ ਅੰਧੇਰ ਮਿਟਾਈਆ । ਸਾਕ ਸੱਜਣ ਸੈਣ ਬਣ ਰਘੁਰਾਈ, ਨਾਤਾ ਤੁੱਟੇ ਜੂਠੇ ਝੂਠੇ ਭੈਣ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੀ ਅੰਤਮ ਵਰ, ਵਰ ਦਾਤਾ ਆਪ ਅਖਵਾਈਆ । ਗੁਰਮੁਖ ਤੇਰੀ ਵਡ ਵਡਿਆਈ, ਪਾਇਆ ਏਕੰਕਾਰਿਆ । ਆਦਿ ਅੰਤ ਨਾ ਹੋਏ ਜੁਦਾਈ, ਦੋ ਜਹਾਨੀ ਪਾਵੇ ਸਾਰਿਆ । ਏਕਾ ਨਾਮ ਮਿਲੀ ਵਡਿਆਈ, ਘਰ ਸਾਚੇ ਸੇਵ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾ ਰਿਹਾ । ਜੋਤੀ ਜਾਮਾ ਹਰਿ ਨਿਰੰਕਾਰ, ਕਲਜੁਗ ਅੰਤਮ ਪਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਆਪਣੇ ਹੱਥ ਉਠਾਇੰਦਾ । ਗੁਰਮੁਖਾਂ ਕਰਾਏ ਚਰਨ ਪਿਆਰ, ਸਾਚੀ ਰੀਤੀ ਆਪ ਵਖਾਇੰਦਾ । ਭਰਮੇ ਭੁੱਲੇ ਭਰਮ ਸੰਸਾਰ, ਮੰਦਰ ਮਸੀਤੀ ਡੇਰੇ ਲਾਇੰਦਾ । ਮਾਨਸ ਦੇਹੀ ਕਿਸੇ ਨਾ ਜੀਤੀ, ਰੋ ਰੋ ਦਰ ਦਰ ਘਰ ਘਰ ਨੇਤਰ ਨੀਰ ਵਹਾਇੰਦਾ । ਆਤਮ ਮਦਿ ਹਰਿ ਕਾ ਨਾਉਂ ਕਿਸੇ ਨਾ ਪੀਤੀ, ਨਾਮ ਖੁਮਾਰੀ ਨਾ ਕੋਈ ਚੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸੁਹਾਏ ਸਾਚਾ ਦਰ, ਦਰ ਦਵਾਰਾ ਆਪ ਸੁਹਾਇੰਦਾ । ਗੁਰਮੁਖ ਸਾਚੇ ਦਰ ਦਵਾਰ, ਏਕਾ ਏਕ ਵਿਖਾਇਆ । ਨਿਰਮਲ ਜੋਤੀ ਕਰ ਆਕਾਰ, ਆਕਾਸ਼ਾ ਪਰਕਾਸ਼ ਸਮਾਇਆ । ਸ਼ਬਦ ਸੁਰਤ ਸੱਚੀ ਧੁਨਕਾਰ, ਅਨਹਦ

ਰਿਹਾ ਨਾਦ ਵਜਾਇਆ । ਸੁਣੇ ਸੁਣਾਏ ਸੁਣਨੇਹਾਰ, ਦਿਸ ਕਿਸੇ ਨਾ ਆਇਆ । ਲੱਖ ਚੁਰਾਸੀ ਰਹੀ ਪੁਕਾਰ, ਸਾਧ ਸੰਤ ਰਹੇ ਕੁਰਲਾਇਆ । ਪੜ੍ਹ ਪੜ੍ਹ ਥੱਕੇ ਵੇਦ ਪੁਰਾਨ, ਪਾਰਬ੍ਰਹਮ ਭੇਵ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਗੰਮ ਅਗੰਮੜਾ ਅਗੰਮੜੇ ਧਾਮ ਸੁਹਾਇਆ । ਗੁਰਮੁਖ ਤੇਰੀ ਆਤਮ ਸੇਜ, ਹਰਿ ਏਕਾ ਏਕ ਵਿਛਾਈਆ । ਸ਼ਬਦ ਸੰਦੇਸਾ ਰਿਹਾ ਭੇਜ, ਦਿਵਸ ਰੈਣ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਵੇਖੇ ਤੇਰਾ ਸਾਚਾ ਘਰ, ਪੰਦਰਾਂ ਚੇਤ ਕਾਇਆ ਖੇਤ, ਪੁਰ ਭਲਾਈ ਵੱਜੀ ਵਧਾਈਆ । ਵੱਜੇ ਵਧਾਈ ਡੰਕ ਅਪਾਰ, ਹਰਿ ਸਾਚਾ ਆਪ ਵਜਾਇੰਦਾ । ਬੇਮੁਖ ਜੀਵਾਂ ਕਰੇ ਖ਼ਬਰਦਾਰ, ਅੰਤਮ ਵੇਲਾ ਆਇੰਦਾ । ਸਾਧ ਸੰਤ ਕਰਨ ਹਾਹਾਕਾਰ, ਨਾ ਕੋਈ ਕਿਸੇ ਬਚਾਇੰਦਾ । ਨਿਹਕਲੰਕਾ ਲਏ ਅਵਤਾਰ, ਗੁਰ ਗੋਬਿੰਦੇ ਸੰਗ ਰਲਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਦੋ ਜਹਾਨਾਂ ਆਪ ਵਖਾਇੰਦਾ । ਬ੍ਰਹਮਾ ਸ਼ਿਵ ਦੇਵਤ ਸੁਰ ਰੋਵਣ ਧਾਹਾਂ ਮਾਰ, ਹਰਿ ਸਾਚਾ ਭੇਖ ਵਟਾਇੰਦਾ । ਨੌ ਖੰਡ ਪ੍ਰਿਥਮੀ ਮਾਰੇ ਮਾਰ, ਸੱਤਾਂ ਦੀਪਾਂ ਆਪ ਹਿਲਾਇੰਦਾ । ਲੱਖ ਚੁਰਾਸੀ ਵੇਖ ਵਿਚਾਰ, ਕਲਜੁਗ ਤੇਰੀ ਅੰਤਮ ਵਾਰ, ਏਕਾ ਧਾਰ ਵਹਾਇੰਦਾ । ਜਨ ਭਗਤਾਂ ਕਰੇ ਪਿਆਰ, ਜੋਤੀ ਨੂਰ ਕਰੇ ਉਜਿਆਰ, ਆਤਮ ਬ੍ਰਹਮ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਅੰਕ ਸਮਾਇੰਦਾ । ਆਤਮ ਜੋਤੀ ਨੂਰ ਆਕਾਰ, ਏਕਾ ਏਕ ਜਗਾਈਆ । ਗੁਰਮੁਖ ਸਾਚੇ ਮੇਟੇ ਧੁੰਦੂਕਾਰ, ਦੀਪਕ ਇਕ ਕਰੇ ਰੁਸ਼ਨਾਈਆ । ਸ਼ਬਦ ਆਪਣਾ ਹਰਿ ਸੁਣਾਏ ਸਾਚੀ ਧਾਰ, ਅੰਦਰ ਮੰਦਰ ਕਾਇਆ ਇਕ ਬਣਾਈਆ । ਮਿਲੇ ਮੇਲ ਮੋਹਣ ਮਾਧਵ ਮਾਧ, ਜੁਗ ਜੁਗ ਵਿਛੜੇ ਰਿਹਾ ਮਿਲਾਈਆ । ਪਰਗਟ ਹੋਵੇ ਆਦਿ ਜੁਗਾਦਿ, ਜੁਗ ਜੁਗ ਭੇਖਾਧਰੀ ਭੇਖ ਵਟਾਈਆ । ਸੰਤ ਸੁਹੇਲੇ ਲਏ ਲਾਧ, ਪੂਰਬ ਲਹਿਣਾ ਝੋਲੀ ਪਾਈਆ । ਰਸਨਾ ਰਸ ਜੋ ਜਨ ਰਹੇ ਅਰਾਧ, ਹਰਿ ਗੋਬਿੰਦ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਆਪੇ ਆਈਆ । ਗੋਬਿੰਦ ਤੇਰਾ ਸਚ ਦਰਬਾਰ, ਹਰਿ ਸਾਚੇ ਆਪ ਪਛਾਨਿਆ । ਪਰਗਟ ਹੋ ਵਿਚ ਸੰਸਾਰ, ਜੋਤੀ ਜਾਮਾ ਭੇਖ ਵਟਾਨਿਆ । ਕਲਗੀ ਤੋੜਾ ਸੀਸ ਦਸਤਾਰ, ਜੋਤੀ ਜੋੜਾ ਮੇਲ ਮਿਲਾਨਿਆ । ਸ਼ਬਦ ਘੋੜਾ ਇਕ ਅਪਾਰ, ਨੀਲੀ ਛੱਤੋਂ ਪਾਰ ਕਰਾਨਿਆ । ਵੇਖੇ ਪਰਖੇ ਮਿੱਠਾ ਕੌੜਾ, ਹਰਿ ਵਾਲੀ ਦੋ ਜਹਾਨਿਆ । ਕਲਜੁਗ ਤੇਰਾ ਦੂਰ ਕਿਨਾਰ ਆਪੇ ਵੇਖੇ ਲੰਬਾ ਚੌੜਾ, ਖੇਲੇ ਖੇਲ ਸ੍ਰੀ ਭਗਵਾਨਿਆ । ਪੂਤ ਸਪੂਤਾ ਬ੍ਰਹਿਮਣ ਗੌੜਾ, ਵੇਦ ਵਿਆਸਾ ਕਰ ਪਰਵਾਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸੰਬਲ ਨਗਰੀ ਆਪ ਸੁਹਾਨਿਆ । ਸੰਬਲ ਨਗਰੀ ਧਾਮ ਅਵੱਲਾ, ਹਰਿ ਸਾਚੇ ਜੋਤ ਜਗਾਈਆ । ਗੋਬਿੰਦ ਜੋਤੀ ਇਕ ਇਕੱਲਾ, ਨਿਰਗੁਣ ਖੇਲ ਖਿਲਾਈਆ । ਜਨ ਭਗਤਾਂ ਮੇਟੇ ਦੂਈ ਦਵੈਤੀ ਸੱਲਾ, ਮਨਮੁਖਾਂ ਅਗਨੀ ਰਿਹਾ ਲਗਾਈਆ । ਸੋਹੰ ਫੜਿਆ ਹੱਥ ਵਿਚ ਭੱਲਾ, ਚਾਰੇ ਕੁੰਟਾਂ ਰਿਹਾ ਵਿਖਾਈਆ । ਮੇਲ ਮਿਲਾਏ ਗੋਬਿੰਦ ਡੱਲਾ, ਇੱਕੀ ਜੇਠ ਰੁੱਤ ਸੁਹਾਈਆ । ਲੱਖ ਚੁਰਾਸੀ ਆਪ ਭੁਲਾਏ ਕਰ ਕਰ ਵਲ ਛਲਾ, ਅਛਲ ਅਛੱਲ ਆਪ ਕਰਾਈਆ । ਆਪੇ ਵਸੇ ਨਿਹਚਲ ਧਾਮ ਅਟੱਲਾ, ਉਚ ਮਹੱਲਾ ਡੇਰਾ ਲਾਈਆ । ਕਲਜੁਗ ਤੇਰੀ ਮਿਟੇ ਕਲ, ਸੋਲਾ ਕਲ ਮਾਤ ਵਰਤਾਈਆ । ਆਪੇ ਵੇਖੇ ਜਲ ਥਲਾ, ਉਚੇ ਪਰਬਤ ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਫੋਲ ਫੁਲਾਈਆ । ਗੁਰਮੁਖ ਸਾਚਾ ਸੰਤ ਦੁਲਾਰ ਪ੍ਰਭ ਚਰਨ ਦਵਾਰਾ ਬੈਠਾ ਮੱਲਾ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਜ ਘਰ ਆਤਮ ਬੈਠਾ ਆਸਣ ਲਾਈਆ । ਨਿਜ ਘਰ ਆਸਣ ਸਚ ਟਿਕਾਣਾ, ਹਰਿ ਸਾਚੀ ਜੋਤ ਜਗਾਈਆ । ਸ਼ਬਦ ਸਰੂਪੀ ਇਕ ਬਿਬਾਣਾ, ਗੁਰਮੁਖਾਂ ਰਿਹਾ ਚੜ੍ਹਾਈਆ । ਭਰਮੇ ਭੁੱਲੇ ਰਾਜਾ ਰਾਣਾ, ਰਾਜ ਰਾਜਾਨਾਂ ਹੱਥ ਨਾ ਆਈਆ ।


੧੦੦

ਲੱਖ ਚੁਰਾਸੀ ਅੰਤ ਕੁਰਲਾਣਾ, ਕਲਜੁਗ ਦੇਵੇ ਮਾਤ ਦੁਹਾਈਆ । ਸੰਮਤ ਚੌਦਾਂ ਧੁਰ ਫ਼ਰਮਾਣਾ, ਪ੍ਰਭ ਸਾਚਾ ਰਿਹਾ ਜਣਾਈਆ । ਨੌ ਖੰਡ ਪ੍ਰਿਥਮੀ ਇਕ ਮੈਦਾਨਾ, ਪੰਚਮ ਜੇਠੀ ਰਿਹਾ ਬਣਾਈਆ । ਏਕਾ ਰਸਨਾ ਤੀਰ ਕਮਾਨਾ, ਗੋਬਿੰਦ ਚਿੱਲੇ ਰਿਹਾ ਚੜ੍ਹਾਈਆ । ਆਪੇ ਵੇਖੇ ਦੋ ਜਹਾਨਾਂ, ਲੋਕਮਾਤ ਫੇਰਾ ਪਾਈਆ । ਲਾੜੀ ਮੌਤ ਬੰਨ੍ਹੇ ਗਾਨਾ, ਵੇਲੇ ਅੰਤਮ ਖ਼ੁਸ਼ੀ ਮਨਾਈਆ । ਗੁਰਮੁਖ ਵਿਰਲੇ ਚਤਰ ਸੁਜਾਨਾ, ਪ੍ਰਭ ਆਤਮ ਬੂਝ ਬੁਝਾਈਆ । ਏਕਾ ਦੇਵੇ ਜੀਆ ਦਾਨਾ, ਦਾਤਾ ਦਾਨੀ ਆਪ ਅਖਵਾਈਆ । ਮਿਲੇ ਮੇਲ ਸ੍ਰੀ ਭਗਵਾਨਾ, ਗੁਰ ਪੂਰੇ ਵੱਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਸਾਚੇ ਰਿਹਾ ਤਰਾਈਆ । ਹਰਿਜਨ ਸਾਚੇ ਤੇਰਾ ਸਚ ਦਵਾਰ, ਹਰਿ ਸਾਚਾ ਆਪ ਸੁਹਾਇੰਦਾ । ਆਪੇ ਖੋਲ੍ਹੇ ਬੰਦ ਕਿਵਾੜ, ਬਜਰ ਕਪਾਟੀ ਪਾਰ ਕਰਾਇੰਦਾ । ਸਾਚੀ ਹਾਟੀ ਇਕ ਵਣਜਾਰ, ਸਾਚਾ ਵਣਜ ਕਰਾਇੰਦਾ । ਸ੍ਰਿਸ਼ਟ ਸਬਾਈ ਹੋਏ ਖੁਆਰ, ਅੱਠ ਸੱਠ ਮੂਲ ਚੁਕਾਇੰਦਾ । ਤ੍ਰੈਗੁਣ ਮਾਇਆ ਤਪੀ ਭੱਠੀ, ਅੰਤਮ ਆਪ ਜਲਾਇੰਦਾ । ਨਾ ਕੋਈ ਜਾਣੇ ਪੂਜਾ ਪਾਠੀ, ਆਤਮ ਅਗਿਆਨ ਨਾ ਕੋਇ ਮਿਟਾਇੰਦਾ । ਗੁਰਮੁਖ ਵਿਰਲਾ ਸਾਚਾ ਹਾਠੀ, ਪ੍ਰਭ ਚਰਨ ਧਿਆਨ ਲਗਾਇੰਦਾ । ਦੁਰਮਤ ਮੈਲ ਦਰ ਤੋਂ ਜਾਏ ਨਾਠੀ, ਅੰਮ੍ਰਿਤ ਆਤਮ ਸਰ ਸਰੋਵਰ ਜਿਸ ਜਨ ਇਸ਼ਨਾਨ ਕਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਸਾਚੇ ਪਾਰ ਕਰਾਇੰਦਾ । ਹਰਿਜਨ ਸਾਚੇ ਬੇੜਾ ਬੰਨ੍ਹ, ਆਪੇ ਆਪ ਚਲਾਇਆ । ਏਕਾ ਰਾਗ ਸੁਣਾਏ ਕੰਨ, ਰਾਗ ਰਾਗਣੀ ਭੇਵ ਨਾ ਪਾਇਆ । ਆਤਮ ਚੜ੍ਹਿਆ ਸਾਚਾ ਚੰਨ, ਗੁਰ ਸ਼ਬਦੀ ਆਪ ਚੜ੍ਹਾਇਆ । ਪੰਜਾਂ ਚੋਰਾਂ ਦੇਵੇ ਡੰਨ, ਭਾਂਡਾ ਭਰਮ ਦਏ ਭੰਨਾਇਆ । ਆਪੇ ਬਖ਼ਸ਼ੇ ਚਰਨ ਧਿਆਨ, ਨਾਮ ਧਨ, ਚੋਰ ਯਾਰ ਲੁੱਟ ਕੋਇ ਨਾ ਲੈ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇਆ । ਹਰਿਜਨ ਸਾਚੇ ਆਤਮ ਵੇਖ, ਆਪਣੀ ਬੂਝ ਬੁਝਾਈਆ । ਆਪੇ ਲਿਖਣਹਾਰਾ ਲੇਖ, ਮਸਤਕ ਮੇਖ ਲਗਾਈਆ । ਨੇਤਰ ਲੋਚਨ ਸਾਚੇ ਪੇਖ, ਸੋਏ ਸੁਤ ਰਿਹਾ ਜਗਾਈਆ । ਗੋਬਿੰਦ ਕਾਇਆ ਧਾਰੀ ਕੇਸ, ਸਚ ਧਰਮ ਇਕ ਵਖਾਈਆ । ਸਾਚਾ ਮੇਲਾ ਦਸ ਦਸਮੇਸ਼, ਦਸਮ ਦਵਾਰੀ ਆਪ ਕਰਾਈਆ । ਆਪੇ ਧਾਰੇ ਆਪਣਾ ਭੇਸ, ਭੇਖਾਧਾਰੀ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਤਮ ਸੇਜਾ ਨਰ ਨਰੇਸ਼ ਬੈਠਾ ਆਸਣ ਲਾਈਆ । ਆਤਮ ਸੇਜਾ ਸਚ ਦਵਾਰ, ਬੈਠਾ ਆਸਣ ਲਾਈਆ । ਨਾ ਕੋਈ ਦਿਸੇ ਅੰਧ ਅੰਧਿਆਰ, ਜੂਠ ਝੂਠ ਦਿਸ ਨਾ ਆਈਆ । ਕੂੜ ਕੂੜਾ ਨਾ ਕੋਈ ਪਸਾਰ, ਨਾ ਕੋਈ ਦਿਸੇ ਭੈਣ ਭਾਈਆ । ਏਕਾ ਸ਼ਬਦ ਸੱਚੀ ਧੁਨਕਾਰ, ਅਨਹਦ ਰਿਹਾ ਸੁਣਾਈਆ । ਅੰਮ੍ਰਿਤ ਆਤਮ ਠੰਢੀ ਠਾਰ, ਨਿਝਰ ਧਾਰਾ ਰਿਹਾ ਵਹਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਦਰ ਦਵਾਰਾ ਆਪ ਖੁਲ੍ਹਾਈਆ । ਗੁਰਸਿਖ ਸਾਜਣ ਸਾਚਾ ਲਾੜ, ਸ਼ਬਦ ਘੋੜੇ ਆਪ ਚੜ੍ਹਾਈਆ । ਦਸਮ ਦਵਾਰੀ ਦੇਵੇ ਵਾੜ, ਆਪ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਘਰ ਮੇਲਾ ਸਹਿਜ ਸੁਭਾਈਆ । ਦਸਮ ਦਵਾਰੀ ਸਾਚਾ ਮੇਲਾ, ਹਰਿ ਆਪਣਾ ਆਪ ਕਰਾਇਆ । ਚੁੱਕਿਆ ਭੇਵ ਗੁਰੂ ਗੁਰ ਚੇਲਾ, ਚੇਲਾ ਗੁਰ ਏਕਾ ਰੂਪ ਸਮਾਇਆ । ਗੋਬਿੰਦ ਗੁਰ ਸੱਜਣ ਸੁਹੇਲਾ, ਘਰ ਸਾਚੇ ਵੇਖ ਵਖਾਇਆ । ਜੋਤ ਨਿਰੰਜਣ ਚਾੜ੍ਹੇ ਤੇਲਾ, ਪੰਚਮ ਮੰਗਲ ਸਾਚਾ ਗਾਇਆ । ਮਿਲ ਮਿਲ ਸਖੀਆਂ ਪਾਵਣ ਵੇਲਾ, ਸੰਤ ਸੁਹੇਲੇ ਸੰਗ ਰਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰ ਸ਼ਬਦੀ ਸ਼ਬਦ ਜਣਾਇਆ । ਸ਼ਬਦ ਗੁਰ ਵਡ ਭੰਡਾਰ, ਏਕਾ ਏਕ ਵਰਤਾਇੰਦਾ । ਕੋਟਨ ਕੋਟ ਖੜ੍ਹੇ ਦਵਾਰ, ਦੇਵਣਹਾਰ ਆਪ ਅਖਵਾਇੰਦਾ । ਮਨਮੁਖ ਭੁੱਲੇ ਜੀਵ ਗਵਾਰ, ਗੂੜ੍ਹੀ ਨੀਂਦ ਸਵਾਇੰਦਾ । ਮਦਿਰਾ ਮਾਸ ਰਸਨ ਅਹਾਰ, ਆਪ ਆਪਣਾ ਮੂਲ ਗਵਾਇੰਦਾ । ਨਾਨਕ ਨਿਰਗੁਣ ਖੇਲ ਅਪਾਰ, ਸਤਿ

੧੦੧

ਪੁਰਖ ਨਿਰੰਜਣ ਸੰਗ ਸੁਹਾਇੰਦਾ । ਏਕਾ ਅੰਜਨ ਵਿਚ ਸੰਸਾਰ, ਸਤਿਨਾਮ ਨੇਤਰ ਪਾਇੰਦਾ । ਚਰਨ ਧੂੜ ਮਜਨ ਹਰਿ ਦਾਤਾਰ, ਤੀਰਥ ਤੱਟ ਆਪ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਨ ਭਗਤਾਂ ਦੁਰਮਤ ਮੈਲ ਦੇਵੇ ਕੱਟ, ਆਪ ਆਪਣੀ ਦਇਆ ਕਮਾਇੰਦਾ । ਦੁਰਮਤ ਮੈਲ ਹਰਿਜਨ ਕੱਟ, ਆਤਮ ਜੋਤ ਜਗਾਈਆ । ਮੇਲ ਮਿਲਾਏ ਕਾਇਆ ਮੱਟ, ਆਪ ਆਪਣੀ ਬੂਝ ਬੁਝਾਈਆ । ਲੇਖਾ ਚੁੱਕੇ ਤੀਰਥ ਤਟ, ਜਿਸ ਜਨ ਆਤਮ ਅੰਮ੍ਰਿਤ ਸਰ ਸਰੋਵਰ ਇਕ ਇਸ਼ਨਾਨ ਕਰਾਈਆ । ਏਕਾ ਸੌਦਾ ਏਕਾ ਹੱਟ, ਇਕ ਵਣਜਾਰਾ ਰਾਮ ਕਰਾਈਆ । ਆਪੇ ਵਸਿਆ ਘਟ ਘਟ, ਹਰ ਘਟ ਬੈਠਾ ਆਸਣ ਲਾਈਆ । ਜੁਗ ਜੁਗ ਖੇਲੇ ਖੇਲ ਬਾਜ਼ੀਗਰ ਨਟ, ਆਵੇ ਜਾਵੇ ਫੇਰੀ ਪਾਈਆ । ਜੋਤ ਅਕਾਲਾ ਲਟ ਲਟ, ਆਦਿ ਜੁਗਾਦਾ ਇਕ ਰਹਾਈਆ । ਨਾ ਜਨਮੇ ਨਾ ਮਰੇ ਨਾ ਉਸਰੇ ਨਾ ਜਾਏ ਢੱਠ, ਨਾ ਕੋਈ ਬਣਤ ਬਣਾਈਆ । ਨਾ ਕੋਈ ਗੁਰਦਰ ਮੰਦਰ ਮਸਜਿਦ ਮੱਠ, ਪ੍ਰਭ ਬੈਠਾ ਆਸਣ ਲਾਈਆ । ਸ਼ਬਦ ਸਰੂਪੀ ਇਕ ਇਕੱਠ, ਹਰਿ ਸ਼ਬਦੀ ਧੁਨ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਘਰ ਸਾਚਾ ਇਕ ਸੁਹਾਈਆ । ਸਾਚਾ ਘਰ ਹਰਿ ਨਿਰੰਕਾਰ, ਆਪਣਾ ਆਪ ਸੁਹਾਇਆ । ਆਪੇ ਬੈਠ ਸੱਚੀ ਸਰਕਾਰ, ਆਪਣਾ ਰੰਗ ਵਟਾਇਆ । ਨਾ ਕੋਈ ਸਾਜਣ ਮੀਤ ਮੁਰਾਰ, ਗੁਰ ਪੀਰ ਨਾ ਕੋਈ ਅਖਵਾਇਆ । ਸੰਤ ਸੁਹੇਲਾ ਨਾ ਕੋਈ ਅਧਾਰ, ਗੁਰ ਚੇਲਾ ਕੋਈ ਦਿਸ ਨਾ ਆਇਆ । ਇਕ ਇਕੱਲਾ ਜੋਤ ਅਕਾਰ, ਆਪ ਆਪਣੀ ਰਿਹਾ ਕਰਾਇਆ । ਸ਼ਬਦ ਸਰੂਪੀ ਪਹਿਰੇਦਾਰ, ਆਪ ਆਪਣੀ ਸੇਵ ਕਮਾਇਆ । ਆਪੇ ਹੋਇਆ ਖ਼ਬਰਦਾਰ, ਜਨ ਭਗਤਾਂ ਰਿਹਾ ਜਗਾਇਆ । ਭਗਤ ਸੁਹੇਲਾ ਮੀਤ ਮੁਰਾਰ, ਜੁਗ ਜੁਗ ਪੈਜ ਰੱਖਦਾ ਆਇਆ ।
 ਪਰਗਟ ਹੋਏ ਵਿਚ ਸੰਸਾਰ, ਆਪ ਆਪਣੀ ਕਲ ਵਰਤਾਇਆ । ਸਤਿਜੁਗ ਤ੍ਰੇਤਾ ਉਤਰੇ ਪਾਰ, ਦੁਆਪਰ ਖੇਲ ਖਿਲਾਇਆ । ਕਲਜੁਗ ਤੇਰੀ ਅੰਤਮ ਵਾਰ, ਪ੍ਰਭ ੧੦੨
ਸਾਚਾ ਵੇਖਣ ਆਇਆ । ਨਿਹਕਲੰਕ ਲਏ ਅਵਤਾਰ, ਗੋਬਿੰਦ ਸੰਗ ਰਖਾਇਆ । ਗੋਬਿੰਦ ਖੇਲੇ ਖੇਲ ਅਪਾਰ, ਗੁਰ ਚੇਲਾ ਆਪ ਅਖਵਾਇਆ । ਸੱਜਣ ਸੁਹੇਲਾ ਮੀਤ ਮੁਰਾਰ, ਸ਼ਬਦ ਖੰਡਾ ਰਿਹਾ ਉਠਾਇਆ । ਪਾਏ ਵੰਡਾਂ ਵਿਚ ਸੰਸਾਰ, ਨੌ ਖੰਡਾਂ ਰਿਹਾ ਹਿਲਾਇਆ । ਜੇਰਜ ਅੰਡਾਂ ਮਾਰੇ ਮਾਰ, ਉਤਭੁਜ ਸੇਤਜ ਦਏ ਹਿਲਾਇਆ । ਵਿਚ ਬ੍ਰਹਿਮੰਡਾਂ ਹਾਹਾਕਾਰ, ਲੋਆਂ ਪੁਰੀਆਂ ਦਏ ਸਜ਼ਾਇਆ । ਗੁਰਮੁਖ ਸਾਚੇ ਸੰਤ ਸੁਹੇਲੇ ਲਏ ਉਭਾਰ, ਸੰਮਤ ਚੌਦਾਂ ਮੇਲ ਮਿਲਾਇਆ । ਸੰਮਤ ਪੰਦਰਾਂ ਹਾਹਾਕਾਰ, ਦਰ ਦਰ ਘਰ ਘਰ ਦਏ ਕਰਾਇਆ । ਸੰਮਤ ਸੋਲਾਂ ਲਾੜੀ ਮੌਤ ਕਰ ਸ਼ਿੰਗਾਰ, ਮਨਮੁਖ ਜੀਵ ਫਿਰੇ ਹਲਕਾਇਆ । ਸੰਮਤ ਸਤਾਰਾਂ ਛੱਡਣਾ ਘਰ ਬਾਹਰ, ਛੱਪਰ ਛੰਨ ਨਾ ਕੋਈ ਵਸਾਇਆ । ਅੱਠ ਅਠਾਰਾਂ ਏਕਾ ਧਾਰ, ਹਰਿ ਸਾਚਾ ਜਲ ਵਹਾਇਆ । ਉਨੀ ਉਨੀਸਾ ਮੇਟ ਮਿਟਾਏ ਹਰਿ ਈਸਾ ਮੂਸਾ, ਅੱਲਾ ਰਾਣੀ ਲਾਹੇ ਕਾਲੀ ਚੁੰਨੀ ਮੁਖ ਆਪਣਾ ਰਹੀ ਵਖਾਇਆ । ਬੀਸ ਬੀਸਾ ਹਰਿ ਜਗਦੀਸਾ, ਏਕਾ ਛਤਰ ਝੁਲਾਏ ਸੀਸਾ, ਆਪ ਆਪਣਾ ਭੇਖ ਵਟਾਇਆ । ਇਕ ਇਕੱਲਾ ਇਕ ਇਕੀਸਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਸਰਗੁਣ ਦੋਵੇਂ ਖੇਲ ਖਲਾਇਆ । ਨਿਰਗੁਣ ਰੂਪ ਅਪਾਰ, ਦਿਸ ਕਿਸੇ ਨਾ ਆਇਆ । ਸਰਗੁਣ ਸ਼ਬਦ ਅਧਾਰ, ਸਾਚਾ ਸ਼ਬਦ ਸੁਣਾਇਆ । ਦੋਹਾਂ ਮੇਲਾ ਵਿਚ ਸੰਸਾਰ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਸਰਗੁਣ ਆਪ ਅਖਵਾਇਆ । ਨਿਰਗੁਣ ਖੇਲ ਅਪਾਰ, ਜਗਤ ਅਮੋਲਿਆ । ਸਰਗੁਣ ਸ਼ਬਦ ਅਧਾਰ, ਪੂਰੇ ਤੋਲ ਤੋਲਿਆ । ਆਪੇ ਬੈਠਾ ਅੱਧਵਿਚਕਾਰ, ਆਦਿ ਅੰਤ ਕਦੇ ਨਾ ਡੋਲਿਆ । ਨਿਰਗੁਣ ਰੂਪ ਹਰਿ ਨਿਰੰਕਾਰ, ਏਕਾ ਏਕ ਅਖਵਾਇਆ । ਸਰਗੁਣ ਮੇਲਾ ਵਿਚ ਸੰਸਾਰ, ਗੁਰ ਪੀਰ ਲਏ ਉਪਾਇਆ । ਆਪੇ ਦੇਵੇ ਸ਼ਬਦ ਅਧਾਰ, ਆਪੇ ਜੋਤੀ ਨੂਰ ਸਵਾਇਆ । ਈਸਾ ਮੂਸਾ ਲਾਏ ਪਾਰ, ਵੇਲੇ ਅੰਤ ਸੁਹਾਇਆ । ਸੰਗ

ਮੁਹੰਮਦ ਚਾਰ ਯਾਰ, ਆਪ ਆਪਣੇ ਰੰਗ ਰੰਗਾਇਆ । ਅੱਲਾ ਰਾਣੀ ਤੇਰੀ ਸੁਣ ਪੁਕਾਰ, ਹਰਿ ਗੋਬਿੰਦ ਭੇਖ ਵਟਾਇਆ । ਚਾਰੋਂ ਕੁੰਟ ਹਾਹਾਕਾਰ, ਜੀਵ ਜੰਤ ਰਿਹਾ ਕੁਰਲਾਇਆ । ਨਾਨਕ ਗਾਇਆ ਅਪਰ ਅਪਾਰ, ਦਰ ਦਵਾਰਾ ਵੇਖ ਵਖਾਇਆ । ਏਕਾ ਮੇਲਾ ਸਚ ਦਰਬਾਰ, ਸਾਚੀ ਭਿਛਿਆ ਪੂਰਨ ਇਛਿਆ ਮੰਗਣ ਮੰਗ ਮੰਗਾਇਆ । ਮੰਗਣਹਾਰਾ ਕਿਸੇ ਨਾ ਦਿਸਿਆ, ਗੁਰੂਆਂ ਪੀਰਾਂ ਦੇਵੇ ਸਿਖਿਆ, ਸਾਚਾ ਸ਼ਬਦ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਲੋਕਮਾਤ ਆਪਣਾ ਖੇਲ ਵੇਖਣ ਆਇਆ । ਜੁਗ ਜੁਗ ਖੇਲੇ ਖੇਲ ਵਡ ਸੰਸਾਰਿਆ । ਕਲਜੁਗ ਅੰਤਮ ਵੇਲ, ਲੱਖ ਚੁਰਾਸੀ ਪਾਸਾ ਹਾਰਿਆ । ਨਾ ਕੋਈ ਦੀਸੇ ਸੱਜਣ ਸੁਹੇਲ, ਨਾ ਕੋਈ ਮੀਤ ਮੁਰਾਰਿਆ । ਨਾ ਕੋਈ ਗੁਰੂ ਨਾ ਕੋਈ ਚੇਲ, ਨਾ ਕੋਈ ਸੇਵਕ ਸੇਵ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਨਾਉਂ ਉਪਾ ਲਿਆ । ਗੁਰ ਚੇਲਾ ਨਾ ਕੋਈ ਸਦਾਏ, ਕਲਜੁਗ ਕਲਾ ਵਰਤਾਈਆ । ਭੁੱਲ ਭੁੱਲ ਮਾਇਆ ਭਰਮ ਭੁਲਾਏ, ਝੂਠੇ ਵਹਿਣ ਵਹਾਈਆ । ਕਾਇਆ ਡਾਲ੍ਹ ਨਾ ਫਲ ਕੋਈ ਲਗਾਏ, ਅੰਮ੍ਰਿਤ ਫਲ ਨਾ ਕੋਇ ਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਲੱਖ ਚੁਰਾਸੀ ਵੇਖ ਵਖਾਈਆ । ਲੱਖ ਚੁਰਾਸੀ ਤੇਰਾ ਮੁੱਲ, ਪ੍ਰਭ ਸਾਚੇ ਅੰਤਮ ਪਾਵਣਾ । ਕਲਜੁਗ ਬੂਟਾ ਰਿਹਾ ਹੁੱਲ, ਫਲ ਕਿਸੇ ਨਾ ਖਾਵਣਾ । ਮਾਇਆ ਮਮਤਾ ਸਾਧ ਸੰਤ ਰਹੇ ਰੁੱਲ, ਹਰਿ ਹਰਿ ਨਾਉਂ ਨਾ ਕਿਸੇ ਧਿਆਵਣਾ । ਕਲਜੁਗ ਅੰਧੇਰ ਰਿਹਾ ਝੁੱਲ, ਗੜ੍ਹ ਹੰਕਾਰੀ ਆਪ ਡੁਬਾਵਣਾ । ਮਦਿਰਾ ਮਾਸ ਨਾ ਕੋਈ ਲਾਏ ਬੁੱਲ੍ਹ, ਪ੍ਰਭ ਸਾਚਾ ਸਮਾਂ ਸੁਹਾਵਣਾ । ਧਰਤ ਮਾਤ ਤੇਰਾ ਵਿਹੜਾ ਜਾਏ ਖੁੱਲ੍ਹ, ਨੌ ਖੰਡ ਪ੍ਰਿਥਮੀ ਏਕਾ ਰੰਗ ਰੰਗਾਵਣਾ ।

 ਗੁਰਮੁਖ ਵਿਰਲਾ ਉਪਜੇ ਸਾਚੀ ਕੁੱਲ, ਜਿਸ ਜਨ ਪ੍ਰਭ ਆਪਣਾ ਮੇਲ ਮਿਲਾਵਣਾ । ਗੁਰਮੁਖ ਨਾਉਂ ਕੋਇ ਨਾ ਤੇਰੇ ਤੁੱਲ, ਰਾਏ ਧਰਮ ਮੁਖ ਭਵਾਵਣਾ । ਜੋਤੀ ੧੦੩

ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਰਸਨਾ ਕਰਾਵਣਾ । ਕਲਜੁਗ ਤੇਰਾ ਅੰਤ ਕਰਾ, ਹਰਿ ਸਾਚੇ ਭੇਵ ਚੁਕਾਵਣਾ । ਜੂਠੇ ਝੂਠੇ ਮੇਟ ਮਿਟਾ, ਸਚ ਸੁੱਚ ਵਰਤਾਵਣਾ । ਗੋਬਿੰਦ ਖੰਡਾ ਹੱਥ ਫੜਾ, ਲੱਖ ਚੁਰਾਸੀ ਮੇਟ ਮਿਟਾਵਣਾ । ਧਰਮ ਝੰਡਾ ਇਕ ਚੜ੍ਹਾ, ਸਚ ਨਿਸ਼ਾਨ ਵਖਾਵਣਾ । ਬ੍ਰਹਿਮੰਡਾਂ ਸ਼ਬਦ ਦਏ ਜਣਾ, ਹਰਿ ਰਸਨਾ ਆਪ ਅਲ੍ਹਾਵਣਾ । ਜੇਰਜ ਅੰਡਾ ਰਾਹੇ ਪਾ, ਸਾਚਾ ਮਾਰਗ ਇਕ ਵਖਾਵਣਾ । ਭੇਖ ਪਖੰਡਾ ਦਏ ਮਿਟਾ, ਭੇਖਾਧਾਰੀ ਕੋਈ ਦਿਸ ਨਾ ਆਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰਾ ਅੰਤ ਕਰਾਵਣਾ । ਕਲਜੁਗ ਤੇਰੀ ਅੰਤਮ ਧਾਰ, ਹਰਿ ਸਾਚਾ ਰਿਹਾ ਮਿਟਾਈਆ । ਖੇਲੇ ਖੇਲ ਅਪਰ ਅਪਾਰ, ਜੋਤੀ ਜਾਮਾ ਭੇਖ ਵਟਾਈਆ । ਗੋਬਿੰਦ ਚੇਲਾ ਇਕ ਦਵਾਰ, ਸੱਜਣ ਸੁਹੇਲਾ ਵੇਖ ਵਖਾਈਆ । ਆਦਿ ਪੁਰਖ ਏਕੰਕਾਰ, ਓਅੰਕਾਰਾ ਰੂਪ ਸੁਹਾਈਆ । ਨਾਮ ਸਤਿ ਜਗਤ ਵਰਤਾਰ, ਸਤਿ ਸੰਤੋਖ ਧੀਰਜ ਮਤ ਰਿਹਾ ਦਵਾਈਆ । ਕਲਜੁਗ ਭੁੱਲੇ ਭਰਮ ਗਵਾਰ, ਮਾਇਆ ਪੜਦਾ ਰਹੀ ਪਾਈਆ । ਜੂਠੇ ਝੂਠੇ ਤੋਲ ਤੁਲੇ ਵਿਚ ਸੰਸਾਰ, ਸਾਚਾ ਤੋਲ ਨਾ ਕੋਈ ਤੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਾਨਕ ਦਰ ਦਵਾਰ ਪੁਕਾਰ, ਸ੍ਰਿਸ਼ਟ ਸਬਾਈ ਰਿਹਾ ਤੁਲਾਈਆ । ਕਲਜੁਗ ਤੇਰਾ ਅੰਤਮ ਰਾਹ, ਹਰਿ ਸਾਚੇ ਵੇਖ ਵਖਾਵਣਾ । ਲੱਖ ਚੁਰਾਸੀ ਦਏ ਫਾਹ, ਧਰਮ ਰਾਏ ਅੰਤ ਵਿਖਾਵਣਾ । ਗੁਰਸਿਖ ਵਿਰਲੇ ਮਿਲਿਆ ਸਾਚਾ ਨਾਂ, ਗੋਬਿੰਦ ਗੁਰ ਮਿਲਾਵਣਾ । ਆਪੇ ਪਕੜੇ ਹਰਿ ਜੀ ਬਾਂਹ, ਆਪ ਆਪਣਾ ਭੇਖ ਵਟਾਵਣਾ । ਆਪੇ ਪਿਤਾ ਆਪੇ ਮਾਂ, ਆਪ ਆਪਣੀ ਗੋਦ ਉਠਾਵਣਾ । ਦੇਵਣਹਾਰਾ ਜੁਗ ਜੁਗ ਠੰਢੀ ਛਾਂ, ਜਨ ਭਗਤਾਂ ਸਿਰ ਹੱਥ ਟਿਕਾਵਣਾ । ਮਨਮੁਖ ਜੀਵ ਕਾਗ ਰਹੇ ਕੁਰਲਾ, ਜੂਠਾ ਝੂਠਾ ਵਿਸ਼ਟਾ ਮੁਖ ਰਖਾਵਣਾ । ਗੁਰਮੁਖ ਸੰਤ ਸੁਹੇਲੇ ਸਚ ਸਰੋਵਰ ਸਾਚੇ ਹੰਸ

ਦਏ ਨੁਹਾ, ਆਤਮ ਸਾਚੇ ਮੋਤੀ ਚੋਗ ਚੁਗਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਲਹਿਣਾ ਦੇਣਾ ਮੂਲ ਚੁਕਾਵਣਾ ।
ਕਲਜੁਗ ਤੇਰਾ ਵੇਖ ਦਵਾਰ, ਪ੍ਰਭ ਸਾਚਾ ਖ਼ੁਸ਼ੀ ਮਨਾਇੰਦਾ । ਕੂੜ ਕੁੜਿਆਰੇ ਮੀਤ ਮੁਰਾਰ, ਕੂੜਾ ਡੰਕ ਵਜਾਇੰਦਾ । ਕੂੜ ਕੁੜਿਆਰਾ ਕਰ ਪਸਾਰ, ਰਾਓ ਰੰਕ
ਪਿਸਾਇੰਦਾ । ਕੂੜ ਕੁੜਿਆਰਾ ਬੱਧੀ ਧਾਰ, ਕੂੜੇ ਮੋਹ ਚਲਾਇੰਦਾ । ਗੁਰਮੁਖ ਵਿਰਲਾ ਮੰਗੇ ਭਿੱਖ ਪ੍ਰਭ ਚਰਨ ਦਵਾਰ, ਦੋਏ ਜੋੜ ਸੀਸ ਝੁਕਾਇੰਦਾ । ਜੀਵ
ਜੰਤ ਤਾਅਨਾ ਰਹੇ ਮਾਰ, ਨਿੰਦਕ ਨਿੰਦਿਆ ਮੁਖ ਰਖਾਇੰਦਾ । ਭਗਤਨ ਮੇਲਾ ਹਰਿ ਦਵਾਰ, ਹਰਿ ਸਾਚਾ ਆਪ ਮਿਲਾਇੰਦਾ । ਨਿਰਮਲ ਜੋਤੀ ਕਰ ਆਕਾਰ,
ਦੀਪਕ ਜੋਤ ਜਗਾਇੰਦਾ । ਨਾਮ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਲਟਕਾਇੰਦਾ । ਆਪੇ ਹੋਇਆ ਪਹਿਰੇਦਾਰ, ਦਿਵਸ ਰੈਣ ਸੇਵ ਕਮਾਇੰਦਾ । ਗੁਰ
ਗੋਬਿੰਦਾ ਖ਼ਬਰਦਾਰ, ਸੰਬਲ ਨਗਰੀ ਵੇਖ ਵਖਾਇੰਦਾ । ਸਰ ਸਰੋਵਰ ਅਪਰ ਅਪਾਰ, ਚਾਰੋਂ ਕੁੰਟ ਵਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ
ਧਰ, ਗੁਰਮੁਖ ਸਾਚੇ ਸੰਤ ਦੁਲਾਰ, ਕਲਜੁਗ ਤੇਰੀ ਅੰਤਮ ਵਾਰ, ਫੜ ਬਾਹੋਂ ਪਕੜ ਉਠਾਇੰਦਾ । ਕਲਜੁਗ ਤੇਰੀ ਅੰਧੇਰੀ ਰਾਤ, ਚਾਰੋਂ ਕੁੰਟ ਛਾਈਆ । ਲੱਖ
ਚੁਰਾਸੀ ਭਰਮੇ ਭੁੱਲੀ ਜ਼ਾਤ ਪਾਤ, ਵਰਨ ਬਰਨ ਰੱਖੇ ਮੁਖ ਵਖਾਈਆ । ਪਾਰਬ੍ਰਹਮ ਤੇਰਾ ਏਕਾ ਨਾਤ, ਨਾ ਕੋਈ ਭੇਵ ਜਣਾਈਆ । ਸ੍ਰਿਸ਼ਟ ਸਬਾਈ ਦੇਵੇ ਦਾਤ,
ਦੇਵਣਹਾਰਾ ਹਰਿ ਰਘੁਰਾਈਆ । ਇਕ ਇਕੱਲਾ ਬੈਠ ਇਕਾਂਤ, ਜੀਵਾਂ ਜੰਤਾਂ ਜੋਤੀ ਦੇਵੇ ਨੂਰ ਸਬਾਈਆ । ਜਨ ਭਗਤਾਂ ਦੇਵੇ ਅੰਮ੍ਰਿਤ ਆਤਮ ਬੂੰਦ ਸਵਾਂਤ, ਤ੍ਰਿਸ਼ਨਾ
ਭੁੱਖ ਮਿਟਾਈਆ । ਵੇਲੇ ਅੰਤਮ ਪੁੱਛੇ ਵਾਤ, ਲੋਕਮਾਤ ਨਾ ਹੋਏ ਜੁਦਾਈਆ । ਆਪ ਚੜ੍ਹਾਏ ਔਖੇ ਘਾਟ, ਵੰਞ ਮੁਹਾਣਾ ਇਕ ਚਲਾਈਆ । ਸ਼ਬਦ ਚੜ੍ਹਾਏ ਸਾਚੇ
੧੦੪ ਰਾਥ, ਰਥ ਰਥਵਾਹੀ ਆਪ ਅਖਵਾਈਆ । ਪਰਗਟ ਹੋਏ ਤ੍ਰੈਲੋਕੀ ਨਾਥ, ਤ੍ਰੈ ਲੋਆਂ ਰਚਨ ਰਚਾਈਆ । ਕਲਜੁਗ ਤੇਰਾ ਲਹਿਣਾ ਚੁਕਾਏ ਸਾਢੇ ਤਿੰਨ ਹਾਥ, ਮਨਮੁਖ ੧੦੪
ਜੀਵਾਂ ਸੀਆਂ ਵੰਡ ਵੰਡਾਈਆ । ਜਨ ਭਗਤਾਂ ਸਗਲ ਵਸੂਰੇ ਜਾਣ ਲੱਥ, ਪ੍ਰਭ ਨੇਤਰ ਦਰਸ਼ਨ ਪਾਈਆ । ਸ਼ਬਦ ਜਣਾਏ ਅਕਥਨਾ ਅਕੱਥ, ਕਥਨੀ ਕੱਥ ਨਾ ਸਕੇ
ਰਾਈਆ । ਜਿਸ ਜਨ ਦੇਵੇ ਸਾਚੀ ਵੱਥ, ਆਤਮ ਦਰ ਦਏ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਾਰ, ਗੁਰਮੁਖ
ਸਾਚੇ ਪਾਰ ਕਰਾਈਆ । ਗੁਰਮੁਖ ਸਾਚੇ ਸ਼ਬਦ ਅਧਾਰ, ਏਕਾ ਸ਼ਬਦ ਜਣਾਈਆ । ਆਦਿ ਅੰਤ ਏਕੰਕਾਰ, ਏਕਾ ਰੰਗ ਰੰਗਾਈਆ । ਜੂਠੀ ਝੂਠੀ ਮਿਟੇ ਪੰਚਮ
ਧਾੜ, ਨੇੜ ਰਹਿਣ ਨਾ ਪਾਈਆ । ਇਕ ਵਖਾਏ ਧਰਮ ਅਖਾੜ, ਪੰਚਮ ਸ਼ਬਦ ਤਾਲ ਵਜਾਈਆ । ਜੋਤ ਜਗਾਏ ਬਹੱਤਰ ਨਾੜ, ਅੰਧ ਅੰਧੇਰ ਮਿਟਾਈਆ ।
ਆਪੇ ਹੋਏ ਪਿੱਛੇ ਅਗਾੜ, ਜਨ ਭਗਤਾਂ ਸੇਵ ਕਮਾਈਆ । ਮਨਮੁਖ ਚਬਾਏ ਆਪਣੀ ਦਾੜ੍ਹ, ਬਚਿਆ ਕੋਈ ਰਹਿਣ ਨਾ ਪਾਈਆ । ਕਲਜੁਗ ਅਗਨੀ ਤਤੀ ਹਾੜ,
ਜੀਵਾਂ ਜੰਤਾਂ ਰਹੀ ਜਲਾਈਆ । ਕਾਮ ਕਰੋਧ ਲੋਭ ਮੋਹ ਹੰਕਾਰ, ਤਨ ਬੈਠੇ ਘਰ ਬਣਾਈਆ । ਗੁਰ ਸ਼ਬਦ ਨਾ ਕਰੇ ਕੋਈ ਪਿਆਰ, ਨਾਨਕ ਗੋਬਿੰਦ ਗਿਆ
ਸਮਝਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਰਸਨਾ ਹੋਈ ਹਲਕਾਈਆ । ਮਿਲਿਆ ਮੇਲ ਨਾ ਕੰਤ ਭਤਾਰ, ਆਤਮ ਸੇਜ ਨਾ ਕਿਸੇ ਹੰਢਾਈਆ । ਨਾ ਕੋਈ
ਸ਼ਬਦ ਕਰੇ ਤਨ ਸ਼ਿੰਗਾਰ, ਸੋਹਣੀ ਸੂਰਤ ਅਕਾਲ ਮੂਰਤ ਕਿਸੇ ਦਿਸ ਨਾ ਆਈਆ । ਨਾ ਕੋਈ ਵਜਾਏ ਨਾਦ ਤੂਰਤ, ਝੂਠੇ ਸੰਖ ਰਹੇ ਵਜਾਈਆ । ਜਗਤ ਜੁਗਤ
ਨਾਤਾ ਕੂੜੇ ਕੂੜਤ, ਅੰਤ ਰਹਿਣ ਨਾ ਪਾਈਆ । ਗੁਰਮੁਖ ਵਿਰਲਾ ਮੰਗੇ ਚਰਨ ਧੂੜਤ, ਹਰਿ ਬਖ਼ਸ਼ੇ ਸਚ ਸਰਨਾਈਆ । ਕਾਇਆ ਚੋਲੀ ਰੰਗ ਚਾੜ੍ਹੇ ਗੂੜ੍ਹਤ,
ਉਤਰ ਕਦੇ ਨਾ ਜਾਈਆ । ਚਤਰ ਸੁਘੜ ਬਣਾਏ ਮੂਰਖ ਮੂੜ੍ਹਤ, ਸਿਰ ਆਪਣਾ ਹੱਥ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ
ਨਰਾਇਣ ਨਰ, ਕਲਜੁਗ ਤੇਰਾ ਅੰਤਮ ਦਰ, ਆਪੇ ਵੇਖ ਵਖਾਈਆ । ਕਲਜੁਗ ਤੇਰਾ ਕਾਲਾ ਰੰਗ, ਚਾਰੋਂ ਕੁੰਟ ਹੋਏ ਪ੍ਰਧਾਨਿਆ । ਜੂਠ ਝੂਠ ਵਜਾਏ ਮਰਦੰਗ,

ਭੱਜੇ ਫਿਰਨ ਪੰਜ ਸ਼ੈਤਾਨਿਆ । ਜੀਵ ਜੰਤ ਹੋਏ ਨੰਗ, ਕੋਈ ਨਾ ਪਾਏ ਪਦ ਨਿਰਬਾਨਿਆ । ਸਾਧਾਂ ਸੰਤਾਂ ਕਾਇਆ ਭੰਗ, ਤਨ ਵਸਿਆ ਮਾਣ ਅਭਿਮਾਨਿਆ । ਗੁਰਮੁਖ ਵਿਰਲਾ ਨੌ ਦਵਾਰੇ ਜਾਏ ਲੰਘ, ਪ੍ਰਭ ਰੱਖੇ ਚਰਨ ਧਿਆਨਿਆ । ਦਸਮ ਦਵਾਰੀ ਵੇਖ ਪਲੰਘ, ਸਾਚੀ ਖ਼ੁਸ਼ੀ ਮਨਾਨਿਆ । ਸਤਿਗੁਰ ਪੂਰਾ ਹੋਏ ਸੰਗ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਬਖ਼ਸ਼ੇ ਚਰਨ ਧਿਆਨਿਆ ।

ਹਰਿ ਗੋਬਿੰਦ ਗੋਬਿੰਦ ਗੁਰ ਗੁਰ ਗੋਬਿੰਦ ਉਪਾਇਆ । ਆਪ ਮਿਟਾਈ ਸਗਲੀ ਚਿੰਦ, ਆਤਮ ਤ੍ਰਿਪਤ ਕਰਾਇਆ । ਮਿਲਿਆ ਮੇਲ ਹਰਿ ਮਰਗਿੰਦ, ਹਰਿ ਹਰਿ ਮੰਗਲ ਗਾਇਆ । ਅੰਮ੍ਰਿਤ ਆਤਮ ਧਾਰਾ ਸਾਗਰ ਸਿੰਧ, ਆਪੇ ਮੁਖ ਚੁਆਇਆ । ਮਨਮੁਖ ਜੀਵ ਕਰਨ ਨਿੰਦ, ਗੁਰ ਸਾਚਾ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਰੂਪ ਵਟਾਇਆ । ਗੋਬਿੰਦ ਰੂਪ ਹਰਿ ਨਿਰੰਕਾਰ, ਆਪਣਾ ਆਪ ਵਟਾਇਆ । ਜੋਤ ਸਰੂਪੀ ਕਰ ਅਕਾਰ, ਸ਼ਬਦੀ ਬਣਤ ਬਣਾਇਆ । ਪੰਜ ਤਤ ਤਨ ਕਰ ਪਿਆਰ, ਨੂਰੋ ਨੂਰ ਦਰਸਾਇਆ । ਆਪੇ ਗੁਪਤ ਆਪੇ ਜ਼ਾਹਿਰ, ਅੰਦਰ ਬਾਹਰ ਆਪ ਹੋ ਆਇਆ । ਕਾਇਆ ਮੰਦਰ ਕਰ ਤਿਆਰ, ਸਾਚਾ ਆਸਣ ਲਾਇਆ । ਗੁਰ ਗੋਬਿੰਦਾ ਸਚ ਦੁਲਾਰ, ਪੂਤ ਸਪੂਤਾ ਆਪ ਉਪਾਇਆ । ਦੋ ਜਹਾਨਾਂ ਪਾਵੇ ਸਾਰ, ਚਾਰੇ ਕੁੰਟਾਂ ਵੇਖ ਵਖਾਇਆ । ਨਾਮ ਖੰਡਾ ਤੇਜ ਕਟਾਰ, ਤਨ ਸ਼ਿੰਗਾਰ ਕਰਾਇਆ । ਬਸਤਰ ਸ਼ਸਤਰ ਅਪਰ ਅਪਾਰ, ਏਕਾ ਏਕ ਤਨ ਪਹਿਨਾਇਆ । ਪੰਚਮ ਮੀਤਾ ਪੰਚਮ ਪਿਆਰ, ਪੰਚਮ ਰੱਖਦਾ ਆਇਆ । ਪੰਚਮ ਮੇਲਾ ਕੰਤ ਭਤਾਰ, ਪੰਚਮ ਰੂਪ ਵਟਾਇਆ । ਪੰਚਮ ਚਿੰਤਾ ਵਿਚ ਸੰਸਾਰ, ਪੰਚਮ ਮੋਹ ਚੁਕਾਇਆ । ਪੰਚਮ ਰੀਤਾ ਅਪਰ ਅਪਾਰ, ਪੰਚਮ ਸੋ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਕਾਇਆ ਵਿਚ ਸਮਾਇਆ । ਗੋਬਿੰਦ ਕਾਇਆ ਸ਼ਬਦ ਧਾਰ, ਹਰਿ ਏਕਾ ਏਕ ਰਖਾਈਆ । ਚਰਨ ਕਵਲ ਬਖ਼ਸ਼ੇ ਪਿਆਰ, ਲੋਕਮਾਤ ਪਾਵੇ ਸਾਰ, ਹਰਿ ਨੈਣਾ ਦਰਸ ਦਿਖਾਈਆ । ਹਰਿ ਹਰਿ ਰੂਪ ਅਗੰਮ ਅਪਾਰ, ਲੇਖਾ ਲੇਖ ਨਾ ਲਿਖਿਆ ਜਾਈਆ । ਆਵੇ ਜਾਵੇ ਵਾਰੋ ਵਾਰ, ਜੁਗ ਜੁਗ ਆਪਣੀ ਖੇਲ ਰਚਾਈਆ । ਲੱਖ ਚੁਰਾਸੀ ਵਸੇ ਬਾਹਰ, ਲੇਖ ਲਿਖਤ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰੀ ਪੂਰਨ ਆਸ ਅੰਤਮ ਕਲ ਕਰਾਈਆ । ਗੋਬਿੰਦ ਆਸਣ ਪ੍ਰਭ ਚਰਨ ਦਵਾਰ, ਕਰੇ ਸਦ ਬੇਨੰਤੀਆ । ਸੁਣੇ ਸੁਣਾਏ ਹਰਿ ਪੁਕਾਰ, ਕਾਇਆ ਚੋਲੀ ਚਾੜ੍ਹੇ ਰੰਗ ਬਸੰਤੀਆ । ਏਕਾ ਦੇਵੇ ਸ਼ਬਦ ਅਧਾਰ, ਮੇਲ ਮਿਲਾਏ ਸਾਚੇ ਕੰਤਿਆ । ਪਰਗਟ ਹੋਏ ਨਰ ਅਵਤਾਰ, ਨਿਹਕਲੰਕ ਜੁਗ ਜੁਗ ਬਣਾਏ ਬਣਤਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਵਸਿਆ ਕਾਇਆ ਘਰ, ਸਾਚਾ ਧਾਮ ਸੁਹੰਤਿਆ । ਗੋਬਿੰਦ ਮੰਗੀ ਸਾਚੀ ਭਿਖ, ਪ੍ਰਭ ਸਾਚੇ ਝੋਲੀ ਪਾਈਆ । ਸਾਚੀ ਸਿਖਿਆ ਏਕਾ ਸਿਖ, ਚਰਨ ਕਵਲ ਧਿਆਨ ਰਖਾਈਆ । ਆਪੇ ਲੇਖਾ ਰਿਹਾ ਲਿਖ, ਆਪੇ ਮੇਟ ਮਿਟਾਈਆ । ਨੇਤਰ ਲੋਚਨ ਆਪੇ ਪੇਖ, ਗੁਰਮੁਖ ਸਾਚੇ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸਾਚਾ ਮੇਲ ਮਿਲਾਈਆ । ਗੋਬਿੰਦ ਗੁਰਦਵਾਰ ਇੱਕ, ਏਕਾ ਧਾਮ ਸੁਹਾਇਆ । ਭੇਵ ਨਾ ਪਾਇਣ ਮੁਨ ਰਿਖ, ਸਾਧ ਸੰਤ ਦਿਸ ਨਾ ਆਇਆ । ਦੂਈ ਦਵੈਤੀ ਜਗਤ ਲੱਗੀ ਤ੍ਰਿਖ, ਆਤਮ ਅੰਧ ਅੰਧੇਰ ਕਰਾਇਆ । ਮਾਇਆ ਮਮਤਾ ਮੰਗਣ ਭਿਖ, ਸਚ ਵਸਤ ਨਾਮ ਨਾ ਕੋਈ ਝੋਲੀ ਪਾਇਆ । ਹਰਿ ਕਾ ਨਾਉਂ ਸ਼ਬਦ ਅਨਡਿਠ, ਗੁਰਮੁਖ ਵਿਰਲੇ ਵੇਖ ਵਖਾਇਆ । ਮਨਮੁਖਾਂ ਸੁੱਤਾ ਦੇ ਕਰ ਪਿਠ, ਅੰਤਮ ਭੰਨੇ ਕੌੜੇ ਰੇਠ, ਕਲਜੁਗ ਦਏ ਦੁਹਾਇਆ । ਮਾਇਆਧਾਰੀ ਕੋਈ ਰਹਿਣ ਨਾ ਪਾਇਆ ।

ਵੇਖ ਵਖਾਏ ਪੰਚਮ ਜੇਠ, ਸੰਮਤ ਚੌਦਾਂ ਰੁੱਤ ਸੁਹਾਇਆ । ਜਨ ਭਗਤਾਂ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਇਆ । ਨੇਤਰ ਲੋਚਨ ਲੈਣਾ ਵੇਖ, ਗੋਬਿੰਦ ਗੋਬਿੰਦ ਰੂਪ ਵਟਾਇਆ । ਧੁਰ ਮਸਤਕ ਲਾਵਣ ਆਇਆ ਮੇਖ, ਜੁਗ ਜੁਗ ਵਿਛੜੇ ਲਏ ਮਿਲਾਇਆ । ਜੋਤੀ ਜਾਮਾ ਧਰਿਆ ਮਾਝੇ ਦੇਸ, ਸਾਚਾ ਧਾਮ ਸੁਹਾਇਆ । ਪਕੜ ਉਠਾਏ ਨਰ ਨਰੇਸ਼, ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਰਿਹਾ ਹਿਲਾਇਆ । ਪਰਗਟ ਹੋਏ ਦਸ ਦਸਮੇਸ਼, ਪੰਥ ਖਾਲਸਾ ਰਿਹਾ ਜਗਾਇਆ । ਇੱਕੀ ਚੇਤਰ ਜਾਏ ਲੇਖ, ਹਰਿਮੰਦਰ ਆਪ ਪੁਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸਾਚਾ ਵੇਖ ਵਖਾਇਆ । ਗੋਬਿੰਦ ਜੋਧਾ ਸੂਰ ਬਲਵਾਨ, ਏਕਾ ਏਕ ਰਖਾਇਆ । ਸੰਗ ਰਖਾਇਆ ਸ੍ਰੀ ਭਗਵਾਨ, ਸ਼ਬਦ ਘੋੜੇ ਤੰਗ ਕਸਾਇਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨ, ਆਪ ਆਪਣਾ ਪੰਧ ਮੁਕਾਇਆ । ਲੋਕਮਾਤ ਆਵੇ ਵਿਚ ਬਿਬਾਣ, ਸ਼ਬਦ ਖੰਡਾ ਹੱਥ ਉਠਾਇਆ । ਜਨ ਭਗਤਾਂ ਕਰੇ ਆਪ ਪਛਾਣ, ਲਹਿਣਾ ਦੇਣਾ ਮੂਲ ਚੁਕਾਇਆ । ਸਰਸਾ ਤੇਰਾ ਰੱਖੇ ਮਾਣ, ਪੁਰੀ ਅਨੰਦ ਆਪ ਤਜਾਇਆ । ਲੱਖ ਚੁਰਾਸੀ ਜੂਠਾ ਝੂਠਾ ਪੀਣ ਖਾਣ, ਅੰਮ੍ਰਿਤ ਆਤਮ ਕਿਸੇ ਹੱਥ ਨਾ ਆਇਆ । ਖਾਣੀ ਬਾਣੀ ਹੋਈ ਹੈਰਾਨ, ਹਰਿ ਕਾ ਭੇਵ ਕਿਸੇ ਨਾ ਪਾਇਆ । ਨਾ ਕੋਈ ਕਰੇ ਜਾਣ ਪਛਾਣ, ਗ੍ਰੰਥੀ ਪੰਥੀ ਪੜ੍ਹ ਪੜ੍ਹ ਵਾਦ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਵੇਖੇ ਸਾਚਾ ਘਰ, ਕਾਇਆ ਸੇਜ ਇਕ ਬਣਾਇਆ । ਗੋਬਿੰਦ ਗੁਰ ਸ਼ਬਦ ਸੁਲਤਾਨ, ਲੋਕਮਾਤ ਲਏ ਅਵਤਾਰਾ । ਮੇਟ ਮਿਟਾਏ ਜੀਵ ਨਾਦਾਨ, ਜੂਠ ਝੂਠ ਪਸਰ ਪਸਾਰਾ । ਨਾ ਕੋਈ ਦਿਸੇ ਬੇਈਮਾਨ, ਨਾ ਕੋਈ ਮਦਿਰਾ ਮਾਸ ਰਸਨਾ ਕਰੇ ਅਹਾਰਾ । ਏਕਾ ਦੇਵੇ ਨਾਮ ਨਿਧਾਨ, ਸੋਹੰ ਸ਼ਬਦ ਜੈ ਜੈ ਕਾਰਾ । ਚਾਰ ਵਰਨ
 ਰਸਨਾ ਗਾਨ, ਊਚ ਨੀਚ ਪਾਰ ਕਿਨਾਰਾ । ਏਕਾ ਏਕ ਚਰਨ ਧਿਆਨ, ਪੁਰਖ ਅਬਿਨਾਸ਼ੀ ਏਕੰਕਾਰਾ । ਨਾ ਕੋਈ ਪੂਜੇ ਸ਼ਿਵ ਸ਼ੰਕਰ ੧੦੬
ਬ੍ਰਹਮਾ ਕਰੋੜ ਤੇਤੀਸਾ ਅੰਤ ਵਿਚਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰਾ ਸਚ ਵਰਤਾਰਾ । ਗੋਬਿੰਦ ਤੇਰੀ ਸਾਚੀ ਧਾਰ, ਪਾਰਬ੍ਰਹਮ ਕਰਾਇੰਦਾ । ਅੰਮ੍ਰਿਤ ਆਤਮ ਅਪਰ ਅਪਾਰ, ਗੁਰਮੁਖਾਂ ਆਪ ਪਿਆਇੰਦਾ । ਨਾਮ ਖੰਡਾ ਤੇਜ ਕਟਾਰ, ਤਨ ਗਾਤਰੇ ਆਪ ਪਹਿਨਾਇੰਦਾ । ਸੀਸ ਜਗਦੀਸ ਸ਼ਬਦ ਦਸਤਾਰ, ਆਪਣੀ ਹੱਥੀਂ ਆਪ ਪਹਿਨਾਇੰਦਾ । ਚਾਰ ਵਰਨਾਂ ਇਕ ਵਿਹਾਰ, ਏਕਾ ਧਾਰ ਬੰਧਾਇੰਦਾ । ਰਾਓ ਰੰਕ ਕਰਾਏ ਖ਼ਬਰਦਾਰ, ਸਾਚਾ ਸੰਗ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰ ਗੋਬਿੰਦੇ ਤੇਰਾ ਵਰ, ਅੰਤਮ ਪੂਰ ਕਰਾਇੰਦਾ । ਗੁਰ ਗੋਬਿੰਦ ਚੜ੍ਹਿਆ ਚਾਅ, ਘਰ ਸਾਚੇ ਖ਼ੁਸ਼ੀ ਮਨਾਈਆ । ਪੁਰਖ ਅਬਿਨਾਸ਼ੀ ਮਿਲਿਆ ਇਕ ਮਲਾਹ, ਲੋਕਮਾਤ ਬੇੜਾ ਬੰਨੇ ਲਾਈਆ । ਹਰਿ ਸ਼ਬਦੀ ਦੇਵੇ ਸਚ ਸਲਾਹ, ਸੁੱਤਾ ਕੋਈ ਰਹਿਣ ਨਾ ਪਾਈਆ । ਏਕਾ ਅੱਖਰ ਏਕਾ ਨਾਂ, ਏਕਾ ਗੁਰ ਏਕਾ ਗੋਬਿੰਦ ਏਕਾ ਰਸਨਾ ਗਾਈਆ । ਏਕਾ ਪਿਤਾ ਏਕਾ ਮਾਂ, ਪੂਤ ਸਪੂਤਾ ਏਕਾ ਜਾਈਆ । ਇਕ ਵਖਾਏ ਸੱਚਾ ਥਾਂ, ਚਰਨ ਦਵਾਰ ਸੱਚੀ ਸਰਨਾਈਆ । ਚਾਰ ਵਰਨਾਂ ਫੜਾਏ ਬਾਂਹ, ਵਰਨ ਬਰਨ ਭੇਵ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਤੇਰੀ ਖੇਲ ਲੋਕਮਾਤ ਵਰਤਾਈਆ । ਗੋਬਿੰਦ ਤੇਰਾ ਸਾਚਾ ਖੇਲ, ਲੋਕਮਾਤ ਵਰਤਾਇਆ । ਗੁਰਮੁਖ ਸਾਚੇ ਸਾਜਣ ਮੇਲ, ਸਾਚਾ ਮੇਲ ਮਿਲਾਇਆ । ਆਪੇ ਵਸਿਆ ਰੰਗ ਨਵੇਲ, ਗੁਰ ਚੇਲ ਰੂਪ ਵਟਾਇਆ । ਆਪੇ ਹੋਇਆ ਸੱਜਣ ਸੁਹੇਲ, ਸਖਾ ਸਹਾਈ ਆਪ ਅਖਵਾਇਆ । ਕੱਟਣਹਾਰਾ ਧਰਮ ਰਾਏ ਦੀ ਜੇਲ, ਲੱਖ ਚੁਰਾਸੀ ਫੰਦ ਕਟਾਇਆ । ਕਲਜੁਗ ਤੇਰੀ ਅੰਤਮ ਵੇਲ, ਜਨ ਭਗਤਾਂ ਹੋਏ ਸਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਸਾਚਾ ਵੇਖ ਵਖਾਇਆ । ਗੋਬਿੰਦ ਗੁਰ ਹਰਿ ਸਰਨਾਈ, ਦੋਏ ਜੋੜ ਕਰੇ ਨਿਮਸਕਾਰਿਆ । ਪ੍ਰਭ ਅਬਿਨਾਸ਼ੀ ਦਇਆ ਕਮਾਈ, ਮਿਲਿਆ ਮੇਲ ਵਿਚ ਸੰਸਾਰਿਆ । ਸਾਚੇ ਘਰ ਵੱਜੇ ਵਧਾਈ, ਨੌਂ

ਖੰਡ ਹਾਹਾਕਾਰਿਆ । ਗੋਬਿੰਦ ਕਰੇ ਗੁਰਸਿਖ ਕੁੜਮਾਈ, ਸਾਚਾ ਸਗਨ ਮੁਖ ਲਗਾ ਰਿਹਾ । ਪੰਚਮ ਮੇਲਾ ਸਹਿਜ ਸੁਭਾਈ, ਸਤਿਗੁਰ ਪੂਰਾ ਆਪ ਕਰਾ ਰਿਹਾ । ਮਨਮੁਖ ਭੁੱਲੇ ਕੋਈ ਪਾਏ ਨਾ ਥਾਈਂ, ਚਾਰੋਂ ਕੁੰਟ ਫਿਰਾ ਰਿਹਾ । ਜਨ ਭਗਤ ਉਠਾਏ ਫੜ ਫੜ ਬਾਂਹੀ, ਸੇਵਕ ਸੇਵਾ ਆਪ ਕਮਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵੀ ਦੇਵਾ ਨਾ ਕੋਈ ਰਖਾ ਰਿਹਾ । ਦੇਵੀ ਦੇਵ ਨਾ ਕੋਹਤੂਰ, ਨਾ ਪਰਬਤ ਵੇਖ ਵਖਾਈਆ । ਗੁਰ ਗੋਬਿੰਦਾ ਆਸਾ ਮਨਸਾ ਪੂਰ, ਪੂਰਨ ਪੂਰ ਕਰਾਈਆ । ਸ਼ਬਦ ਅਨਾਦੀ ਵੱਜੇ ਤੂਰ, ਅਨਹਦ ਧਾਰ ਚਲਾਈਆ । ਆਪੇ ਵਸੇ ਨੇੜੇ ਦੂਰ, ਦੂਰ ਨੇੜੇ ਆਪ ਹੋ ਜਾਈਆ । ਸਦਾ ਸੁਹੇਲਾ ਹਾਜ਼ਰ ਹਜ਼ੂਰ, ਅੱਠੇ ਪਹਿਰ ਨੇਤਰ ਨੈਣ ਰਿਹਾ ਦਰਸ ਦਿਖਾਈਆ । ਮਨਮੁਖ ਜੀਵਾਂ ਨਾਤਾ ਕੂੜ, ਅੰਤਮ ਰਿਹਾ ਤੁੜਾਈਆ । ਗੁਰਮੁਖਾਂ ਬਖ਼ਸ਼ੇ ਚਰਨ ਧੂੜ, ਬੈਠੇ ਮਸਤਕ ਲਾਈਆ । ਕਾਇਆ ਚੋਲੀ ਰੰਗ ਚੜ੍ਹਿਆ ਗੂੜ੍ਹ, ਨਾ ਕੋਈ ਸਕੇ ਲਾਹੀਆ । ਭਰਮੇ ਭੁੱਲੇ ਮੂਰਖ ਮੂੜ੍ਹ, ਗੁਰ ਗੋਬਿੰਦਾ ਦਿਸ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਜਾਮਾ ਭੇਖ ਵਟਾਈਆ । ਗੁਰ ਗੋਬਿੰਦ ਚੜ੍ਹਿਆ ਘੋੜ, ਵਾਗ ਆਪਣੇ ਹੱਥ ਰਖਾਈਆ । ਧੁਰਦਰਗਾਹੀ ਆਇਆ ਦੌੜ, ਲੋਕਮਾਤ ਜੋਤ ਜਗਾਈਆ । ਉਚੇ ਪਰਬਤ ਲੱਭਦੇ ਪੂਤ ਸਪੂਤਾ ਬ੍ਰਹਿਮਣ ਗੌੜ, ਦਿਸ ਕਿਸੇ ਨਾ ਆਈਆ । ਸੰਬਲ ਨਗਰੀ ਨਾ ਕੋਈ ਜਾਣੇ ਲੰਮਾ ਚੌੜ, ਗੁਰ ਬੈਠਾ ਆਸਣ ਲਾਈਆ । ਵੇਖੇ ਪਰਖੇ ਮਿੱਠੇ ਕੌੜ, ਲੱਖ ਚੁਰਾਸੀ ਵੇਖ ਵਖਾਈਆ । ਸ਼ਬਦ ਖੰਡਾ ਰਿਹਾ ਦੌੜ, ਆਪਣੇ ਹੱਥ ਉਠਾਈਆ । ਨੀਲਾ ਮਾਰੇ ਪਹਿਲਾ ਪੌੜ, ਸੰਮਤ ਚੌਦਾਂ ਪੰਚਮ ਜੇਠੀ ਰੁੱਤ ਸੁਹਾਈਆ । ਜਨ ਭਗਤਾਂ ਅੰਮ੍ਰਿਤ ਆਤਮ ਲੱਗੀ ਔੜ, ਨਿਝਰ ਧਾਰਾ ਮੁਖ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਅਪਣੀ ਗੋਦ ਉਠਾਈਆ । ਗੋਬਿੰਦ ਸਚ ਸਪੂਤ, ਪ੍ਰਭ ਆਪਣੀ ਗੋਦ ਉਠਾਇਆ । ਵੇਖ ਵਖਾਣੇ ਚਾਰੇ ਕੂਟ, ਦਹਿ ਦਿਸ਼ਾ ਉਠ ਉਠ ਧਾਹਿਆ । ਸੰਤ ਸੁਹੇਲੇ ਜੁਗ ਜੁਗ ਵਿਛੜੇ ਗਏ ਰੂਠ, ਵੇਲੇ ਅੰਤਮ ਲਏ ਮਨਾਇਆ । ਮਨਮੁਖ ਜੀਵ ਹੱਥ ਖਾਲੀ ਠੂਠ, ਦਰ ਦਰ ਫਿਰਨ ਹਲਕਾਇਆ । ਤੀਰ ਨਿਰਾਲਾ ਰਿਹਾ ਛੂਟ, ਰਸਨਾ ਚਿਲ੍ਹਾ ਸੋਹੰ ਏਕਾ ਨਾਮ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੂਤ ਸਪੂਤਾ ਸਾਚੇ ਧਾਮ ਬਹਾਇਆ । ਪੂਤ ਸਪੂਤਾ ਜੋਧਾ ਬੀਰ, ਹਰਿ ਹਰਿ ਏਕਾ ਏਕ ਰਖਾਇਆ । ਸੋਹੰ ਬਖ਼ਸ਼ੇ ਸਾਚਾ ਤੀਰ, ਰਸਨਾ ਚਿਲ੍ਹੇ ਆਪ ਚੜ੍ਹਾਇਆ । ਮੇਟ ਮਿਟਾਏ ਪੀਰ ਫ਼ਕੀਰ, ਔਲੀਆ ਸ਼ੇਖ਼ ਕੋਈ ਰਹਿਣ ਨਾ ਪਾਇਆ । ਕਾਇਆ ਲੱਥੇ ਚੀਰ, ਚਾਰੋਂ ਕੁੰਟ ਦਏ ਦੁਹਾਇਆ । ਸਾਧਾਂ ਸੰਤਾਂ ਹੋਈ ਅਖ਼ੀਰ, ਮਾਇਆ ਮਮਤਾ ਮਨ ਹਲਕਾਇਆ । ਦੂਈ ਦਵੈਤੀ ਨਾ ਕੋਈ ਕੱਢੇ ਪੀੜ, ਸਾਂਤਕ ਸਤਿ ਨਾ ਕੋਈ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੇਖ ਵਖਾਣੇ ਪੰਚਮ ਤਤ, ਤ੍ਰੈਗੁਣ ਮਾਇਆ ਫੋਲ ਫੁਲਾਇਆ । ਗੁਰ ਗੋਬਿੰਦ ਸਾਚਾ ਚੀਰਾ, ਆਪਣੇ ਸੀਸ ਟਿਕਾਇਆ । ਨਾਮ ਰਖਾਇਆ ਸਾਚਾ ਹੀਰਾ, ਮਸਤਕ ਵੇਖ ਵਖਾਇਆ । ਮਿਲਿਆ ਮੇਲ ਗੁਣੀ ਗਹੀਰਾ, ਏਕਾ ਦੂਜਾ ਭਉ ਚੁਕਾਇਆ । ਇਕ ਰਖਾਇਆ ਸਾਚਾ ਤੀਰਾ, ਤਿੱਖੀ ਧਾਰ ਬਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚੀ ਸਿਖਿਆ ਸਿੱਖੀ ਦੇ ਮਤ ਰਿਹਾ ਸਮਝਾਇਆ । ਗੁਰ ਗੋਬਿੰਦੇ ਦੇ ਮਤ, ਪ੍ਰਭ ਸਾਚਾ ਆਪ ਸਮਝਾਇੰਦਾ । ਸ੍ਰਿਸ਼ਟ ਸਬਾਈ ਏਕਾ ਤਤ, ਚਾਰ ਵਰਨਾਂ ਮਾਤ ਧਰਾਇੰਦਾ । ਸਤਿ ਸੰਤੋਖੀ ਧੀਰਜ ਯਤ, ਸਾਚੀ ਕੱਛ ਪਵਾਇੰਦਾ । ਸਚ ਧਰਮ ਹਰਿ ਸਮਰਥ, ਏਕਾ ਏਕ ਵਿਖਾਇੰਦਾ । ਪੰਜਾਂ ਚੋਰਾਂ ਪਾਈ ਨੱਥ, ਆਤਮ ਬ੍ਰਹਮ ਗਿਆਨ ਜਣਾਇੰਦਾ । ਜਨ ਭਗਤੀ ਦੇਵੇ ਸਾਚੀ ਵੱਥ, ਸੋਹੰ ਝੋਲੀ ਪਾਇੰਦਾ । ਕਲਜੁਗ ਅੰਤਮ ਗੁਰਦਰ ਮੰਦਰ ਮਸਜਿਦ ਜਾਣੇ ਢੱਠ, ਉਚਾ ਟਿੱਲਾ ਕੋਈ ਰਹਿਣ ਨਾ ਪਾਇੰਦਾ । ਗੇੜਨਹਾਰਾ ਉਲਟੀ ਲੱਠ, ਆਪੇ ਵੇਖ ਵਖਾਇੰਦਾ । ਨਾਤਾ ਤੁੱਟੇ ਤੀਰਥ ਅੱਠ ਸੱਠ, ਗੰਗਾ ਗੋਦਾਵਰੀ

੧੦੭

ਨੀਰ ਸੁਕਾਇੰਦਾ । ਨਾ ਕੋਈ ਸ਼ਿਵਦਵਾਲਾ ਦਿਸੇ ਮੱਠ, ਗਣਪਤ ਗਣੇਸ਼ ਨਾ ਕੋਈ ਮਨਾਇੰਦਾ । ਪ੍ਰਭ ਚਰਨ ਦਵਾਰੇ ਜੋ ਜਨ ਜਾਏ ਢੱਠ, ਆਪ ਆਪਣੀ ਸਰਨ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੋਬਿੰਦ ਗੁਰ ਗੁਰ ਗੋਬਿੰਦ ਸਗਲੀ ਚਿੰਦ ਮਿਟਾਇੰਦਾ । ਗੋਬਿੰਦ ਆਸਾ ਹਰਿ ਹਰਿ ਪੂਰ, ਆਤਮ ਤ੍ਰਿਪਤ ਕਰਾਈਆ । ਸਰਬ ਕਲਾ ਆਪੇ ਭਰਪੂਰ, ਆਪ ਆਪਣਾ ਰਿਹਾ ਵਖਾਈਆ । ਨਾਦ ਅਨਾਦੀ ਬਖ਼ਸ਼ੇ ਸਾਚੀ ਤੂਰ, ਧੁਰ ਫ਼ਰਮਾਣ ਜਣਾਈਆ । ਲੱਖ ਚੁਰਾਸੀ ਜੂਠ ਝੂਠ ਕਰਨੀ ਚੂਰ, ਕੂੜ ਕੁੜਿਆਰਾ ਦਏ ਮਿਟਾਈਆ । ਜਨ ਭਗਤਾਂ ਬਖ਼ਸ਼ੇ ਚਰਨ ਧੂੜ, ਨੇਤਰ ਨੈਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਆਪਣਾ ਭੇਖ ਵਟਾਈਆ । ਭੇਖ ਵਟਾਇਆ ਹਰਿ ਅਵੱਲਾ, ਅਵੱਲੜੀ ਕਾਰ ਕਮਾਈਆ । ਗੁਰ ਗੋਬਿੰਦੇ ਵਸਾਇਆ ਇਕ ਮਹੱਲਾ, ਸਾਚਾ ਧਾਮ ਸੁਹਾਈਆ । ਆਪੇ ਹੋਇਆ ਅਛਲ ਅਛੱਲਾ, ਦਿਸ ਕਿਸੇ ਨਾ ਆਈਆ । ਸ਼ਬਦ ਜੋਤੀ ਆਪੇ ਰਲਾ, ਪਵਣ ਪਵਣੀ ਰਿਹਾ ਸਮਾਈਆ । ਆਪੇ ਵਸਿਆ ਜਲ ਥਲਾ, ਡੂੰਘੀ ਕੰਦਰ ਡੇਰਾ ਲਾਈਆ । ਸ਼ਬਦ ਸੁਨੇਹੜਾ ਆਪ ਆਪਣਾ ਘੱਲਾ, ਗੁਰ ਗੋਬਿੰਦ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਏਕਾ ਡੰਕਾ ਰਿਹਾ ਵਜਾਈਆ । ਏਕਾ ਡੰਕਾ ਹਰਿ ਵਜਾਏ, ਚਾਰੋਂ ਕੁੰਟ ਜੈ ਜੈ ਜੈ ਕਾਰਿਆ । ਰਾਓ ਰੰਕ ਰਿਹਾ ਉਠਾਏ, ਚਾਰ ਵਰਨਾਂ ਆਪ ਉਠਾ ਰਿਹਾ । ਸ੍ਰਿਸ਼ਟ ਸਬਾਈ ਦੇ ਮਤ ਸਮਝਾਏ, ਸੋਹੰ ਖੰਡਾ ਤੇਜ ਕਟਾਰਿਆ । ਗਤ ਮਿਤ ਆਪਣੇ ਹੱਥ ਰਖਾਏ, ਵਡ ਦਾਤਾ ਜੋਧਾ ਸੂਰ ਬਲੀ ਬਲਕਾਰਿਆ । ਬੁਧ ਮਤ ਕੋਈ ਭੇਵ ਨਾ ਪਾਏ, ਪੜ੍ਹ ਪੜ੍ਹ ਥੱਕੇ ਜੀਵ ਗਵਾਰਿਆ ।

੧੦੮ ਦੇਵੀ ਦੇਵ ਰਹੇ ਮਨਾਏ, ਕਰੋੜ ਤੇਤੀਸਾ ਸੇਵ ਕਮਾ ਰਿਹਾ । ਸ਼ਿਵ ਸ਼ੰਕਰ ਬੈਠੇ ਸੀਸ ਝੁਕਾਏ, ਨਾਮ ਤ੍ਰਿਸੂਲ ਨਾ ਕੋਈ ਚਲਾ ਰਿਹਾ । ਬ੍ਰਹਮਾ ਬ੍ਰਹਮ ਰੂਪ ਸਮਾਏ, ੧੦੮

ਅੱਠੇ ਨੇਤਰ ਵੇਖ ਵਖਾ ਰਿਹਾ । ਚਾਰੇ ਮੁਖ ਰਸਨਾ ਗਾਏ, ਪ੍ਰਭ ਚਰਨ ਧਿਆਨ ਲਗਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਰੂਪ ਸਮਾ ਰਿਹਾ । ਨਿਰਗੁਣ ਨਿਰੰਕਾਰ, ਨਿਰਾਹਾਰ ਅਖਵਾਇਆ । ਕਲਜੁਗ ਅੰਤਮ ਲਏ ਅਵਤਾਰ, ਨਿਹਕਲੰਕਾ ਨਾਉਂ ਰਖਾਇਆ । ਨਿਹਕਲੰਕਾ ਡੰਕ ਅਪਾਰ, ਏਕਾ ਏਕ ਵਜਾਇਆ । ਆਪ ਉਠਾਏ ਰਾਓ ਰੰਕਾਂ, ਰੰਕ ਰਾਜਾਨਾਂ ਰਿਹਾ ਜਗਾਇਆ । ਸ੍ਰਿਸ਼ਟ ਸਬਾਈ ਗਿਆਨੀਆਂ ਧਿਆਨੀਆਂ ਵਡ ਵਿਦਵਾਨੀਆਂ ਵੇਦ ਪੁਰਾਨੀਆਂ ਅੰਜੀਲ ਕੁਰਾਨੀਆਂ ਕੱਢੇ ਸ਼ੰਕਾ, ਜੋ ਜਨ ਚਲ ਦਵਾਰੇ ਆਏ । ਪਰਗਟ ਹੋਏ ਵਾਸੀ ਪੁਰੀ ਘਨਕਾ, ਸੰਬਲ ਨਗਰੀ ਧਾਮ ਸੁਹਾਏ । ਖੇਲੇ ਖੇਲ ਜੁਗ ਜੁਗ ਬਾਰ ਅਨਕਾ, ਅਨਕ ਕਲ ਵਰਤਾਏ । ਜਨ ਭਗਤਾਂ ਜੋਤੀ ਲਾਏ ਤਨਕਾ, ਆਤਮ ਬੂਝ ਬੁਝਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਵਨ ਰੂਪ ਵਟਾਏ । ਹਰਿ ਭਗਵਾਨਾ ਤੀਰ ਨਿਸ਼ਾਨਾ, ਏਕਾ ਏਕ ਉਠਾਇਆ । ਖੇਲੇ ਖੇਲ ਵਾਲੀ ਦੋ ਜਹਾਨਾਂ, ਮੇਟ ਮਿਟਾਏ ਪੰਜ ਸ਼ੈਤਾਨਾ, ਲੋਕਮਾਤ ਡੇਰਾ ਲਾਇਆ । ਗੁਰਮੁਖਾਂ ਬੰਨ੍ਹੇ ਹੱਥੀਂ ਗਾਨਾ, ਆਪੇ ਦੇਵੇ ਨਾਮ ਦਾਨਾ, ਧੁਰਦਰਗਾਹੀ ਲੈ ਕੇ ਆਇਆ । ਆਪੇ ਗੋਪੀ ਆਪੇ ਕਾਹਨਾ, ਰਾਸ ਮੰਡਲ ਆਪ ਸੁਹਾਇਆ । ਸਚ ਸਮਗਰੀ ਇਕ ਰਖਾਇਆ । ਆਪੇ ਰਾਗ ਆਪ ਤਰਾਨਾ, ਆਪੇ ਰਿਹਾ ਨਾਦ ਵਜਾਇਆ । ਆਪੇ ਗੁਰ ਜੋਧਾ ਸੂਰ ਬਲੀ ਬਲਵਾਨਾ, ਸ਼ਸਤਰ ਧਾਰੀ ਆਪ ਅਖਵਾਇਆ । ਆਪੇ ਖੰਡਾ ਰੱਖ ਮਿਆਨਾ, ਆਪੇ ਲੋਕਮਾਤ ਰਿਹਾ ਚਮਕਾਇਆ । ਆਪੇ ਜਾਣੇ ਵੇਦ ਪੁਰਾਨਾਂ, ਆਪੇ ਆਪ ਰਿਹਾ ਉਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਜ ਘਰ ਬੈਠਾ ਆਸਣ ਲਾਇਆ । ਨਿਜ ਘਰ ਆਸਣ ਹਰਿ ਹਰਿ ਲਾਏ, ਹਰਿ ਹਰਿ ਰੂਪ ਸਮਾਇਆ । ਥਿਰ ਘਰ ਕੋਈ ਨਾ ਵੇਖਣ ਜਾਏ,

ਦਿਸ ਕਿਸੇ ਨਾ ਆਇਆ । ਲੋਕਮਾਤ ਪ੍ਰਭ ਫੇਰਾ ਪਾਏ, ਜੁਗ ਜੁਗ ਭੇਖ ਵਟਾਇਆ । ਨਾਨਕ ਗੋਬਿੰਦ ਗਿਆ ਗਾਏ, ਗੋਬਿੰਦ ਗੋਬਿੰਦ ਰੂਪ ਸਮਾਇਆ । ਦਰ ਦਰਵੇਸ਼ਾ ਆਪ ਹੋ ਜਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਸਿਖ ਸਾਚੇ ਲਏ ਮਿਲਾਏ । ਗੁਰਮੁਖ ਮੇਲਾ ਸਚ ਦਵਾਰ, ਆਪਣਾ ਆਪ ਕਰਾਇਆ । ਪਾਰਬ੍ਰਹਮ ਬ੍ਰਹਮ ਪਾਏ ਸਾਰ, ਏਕਾ ਦੂਜਾ ਭਉ ਚੁਕਾਇਆ । ਤੀਜੇ ਨੇਤਰ ਦਰਸ ਅਪਾਰ, ਚੌਥਾ ਘਰ ਚੌਥਾ ਪਦ ਹਰਿ ਦਰ ਸਚ ਸੁਹਾਇਆ । ਪੰਚਮ ਸੁਹਾਏ ਸੁਹਾਗੀ ਛੰਦ, ਏਕਾ ਰਾਗ ਅਲਾਇਆ । ਛੇਵੇਂ ਖ਼ੁਸ਼ੀ ਕਰਾਏ ਬੰਦ ਬੰਦ, ਹਉਮੇ ਦੁਖੜਾ ਮੇਟ ਮਿਟਾਇਆ । ਸਤਵੇਂ ਸਤਿ ਪੁਰਖ ਉਪਜਾਏ ਪਰਮਾਨੰਦ, ਨਿਜ਼ਾਨੰਦ ਵੇਖ ਵਖਾਇਆ । ਅੱਠਾਂ ਤਤਾਂ ਦੂਈ ਦਵੈਤੀ ਢਾਹੇ ਕੰਧ, ਆਪਣਾ ਪੜਦਾ ਲਾਹਿਆ । ਨੌਂ ਦਵਾਰੇ ਕਰੇ ਬੰਦ, ਦਸਵੇਂ ਮੇਲ ਮਿਲਾਇਆ । ਇਕ ਗਿਆਰਾਂ ਪੁਰੀ ਅਨੰਦ, ਹਰਿ ਸਾਚਾ ਵੇਖ ਵਖਾਇਆ । ਦੋ ਬਾਰਾਂ ਚੜ੍ਹੇ ਚੰਦ, ਸਤਿਗੁਰ ਸਾਚਾ ਵੇਖਣ ਆਇਆ । ਤ੍ਰੈ ਤੇਰਾਂ ਤ੍ਰੈਗੁਣ ਬੰਧਾ ਤੰਦ, ਤੇਰਾਂ ਤੇਰਾਂ ਗਿਆ ਨਾਨਕ ਗਾਇਆ । ਸੰਮਤ ਚੌਦਾਂ ਪ੍ਰਭ ਭਏ ਅਨੰਦ, ਗੁਰਮੁਖ ਸੋਏ ਮਾਤ ਜਗਾਇਆ । ਸੋਹੰ ਸ਼ਬਦ ਸੁਣਾਏ ਸੁਹਾਗੀ ਛੰਦ, ਚੌਦਾਂ ਲੋਕਾਂ ਆਪ ਜਣਾਇਆ । ਜੋ ਜਨ ਰਸਨਾ ਲਗਾਏ ਮਦਿਰਾ ਮਾਸ ਗੰਦ, ਰਾਏ ਧਰਮ ਦਏ ਸਜ਼ਾਇਆ । ਪੰਚਮ ਪੰਦਰਾਂ ਚੜ੍ਹਿਆ ਚੰਦ, ਗੁਰਮੁਖ ਗੁਰਸਿਖ ਸਾਚਾ ਧਾਮ ਸੁਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਹਕਲੰਕ ਨਰਾਇਣ ਨਰ, ਸਤਿਗੁਰ ਸਾਚਾ ਇਕ ਅਖਵਾਇਆ ।


੧੦੯

ਜਾਣਨਹਾਰ ਸਰਬ ਕੁਛ ਦਾਤਾ, ਅਗੰਮ ਅਥਾਹ ਬੇਪਰਵਾਹੀਆ । ਭਗਤ ਜਨਾਂ ਦੀ ਉਤਮ ਜ਼ਾਤਾ, ਏਕਾ ਏਕ ਰਖਾਈਆ । ਮੇਟਣ ਆਇਆ ਅੰਧੇਰੀ ਰਾਤਾ, ਸਾਚਾ ਚੰਦ ਚੜ੍ਹਾਈਆ । ਮਿਲਿਆ ਮੇਲ ਪੁਰਖ ਬਿਧਾਤਾ, ਵਿਛੜ ਕਦੇ ਨਾ ਜਾਈਆ । ਚਰਨ ਕਵਲ ਹਰਿ ਬੱਧਾ ਨਾਤਾ, ਜੋੜੀ ਜੋੜ ਜੁੜਾਈਆ । ਲੇਖ ਚੁਕਾਏ ਆਨ ਬਾਟਾ, ਗਰਭ ਵਾਸ ਫੇਰ ਨਾ ਆਈਆ । ਨਾਮ ਵਣਜਾਰਾ ਸਾਚਾ ਹਾਟਾ, ਏਕਾ ਏਕ ਕਰਾਈਆ । ਅੰਮ੍ਰਿਤ ਜਾਮ ਪਿਆਏ ਸੋਹੰ ਬਾਟਾ, ਦਿਵਸ ਰੈਣ ਖ਼ੁਮਾਰ ਰਖਾਈਆ । ਦੀਪਕ ਜੋਤੀ ਜਗੇ ਲਿਲਾਟਾ, ਜੋਤ ਨਿਰੰਜਣ ਡਗਮਗਾਈਆ । ਆਪੇ ਕਰੇ ਨੇੜ ਵਾਟਾ, ਸਿੰਘ ਪਾਲ ਗਲੇ ਲਗਾਈਆ । ਭਾਗ ਲਗਾਏ ਕਾਇਆ ਵਾਤਾ, ਨੇਤਰ ਨੀਰ ਰਿਹਾ ਵਹਾਈਆ । ਇਕ ਵਖਾਏ ਤੀਰਥ ਤਾਟਾ, ਚਰਨ ਧੂੜ ਇਸ਼ਨਾਨ ਕਰਾਈਆ । ਕਰਨਹਾਰਾ ਪੂਰਾ ਘਾਟਾ, ਜੁਗ ਜੁਗ ਵਿਛੜੇ ਰਿਹਾ ਮਿਲਾਈਆ । ਧੁਰਦਰਗਾਹੀ ਆਇਆ ਨਾਠਾ, ਲੋਕਮਾਤ ਫੇਰਾ ਪਾਈਆ । ਗੁਰਮੁਖ ਤੇਰਾ ਸਾਚਾ ਹਾਠਾ, ਅੰਤਮ ਤੋੜ ਨਿਭਾਈਆ । ਨਾ ਕੋਈ ਪੂਜਾ ਨਾ ਕੋਈ ਪਾਠਾ, ਸਿਰ ਆਪਣਾ ਹੱਥ ਟਿਕਾਈਆ । ਅੰਮ੍ਰਿਤ ਆਤਮ ਮਾਰੇ ਠਾਠਾਂ, ਗੁਰਸਿਖ ਸਾਚਾ ਰਿਹਾ ਤਾਰੀਆਂ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਝੋਲੀ ਪਾਈਆ । ਗੁਰਸਿਖ ਨਾਰੀ ਕੰਤ ਭਤਾਰ, ਰੋ ਰੋ ਕਰੇ ਪੁਕਾਰਿਆ । ਪੁਰਖ ਅਗੰਮਾ ਪਾਵੇ ਸਾਰ, ਆਏ ਚਲ ਦਵਾਰਿਆ । ਲੇਖੇ ਲਾਏ ਦਮ ਦਮਾ, ਰਸਨਾ ਜਿਹਵਾ ਨਾਮ ਉਚਾਰਿਆ । ਨੇਤਰ ਨੀਰ ਵਹਾਏ ਛੰਮ ਛੰਮਾ, ਰੋਵੇ ਜ਼ਾਰੋ ਜ਼ਾਰਿਆ । ਪਾਰਬ੍ਰਹਮ ਪ੍ਰਭ ਆਪਣਾ ਜਾਣੇ ਆਪੇ ਕੰਮਾ, ਗੁਰਮੁਖ ਸਾਚੇ ਗੋਦ ਉਠਾ ਰਿਹਾ । ਨਾ ਮਰੇ ਨਾ ਕਦੇ ਜੰਮਾ, ਆਵਣ ਜਾਵਣ ਖੇਲ ਬਣਾ ਲਿਆ । ਏਕਾ ਦੇਵੇ ਨਾਮ ਤਮਾ, ਆਤਮ ਤ੍ਰਿਪਤ ਕਰਾ ਰਿਹਾ । ਸਰ ਸਰੋਵਰ ਏਕਾ ਜਾਮਾ, ਆਪਣੀ ਹੱਥੀਂ ਆਪ ਪਿਲਾ ਰਿਹਾ । ਮੇਟੇ ਤਨ ਅੰਧੇਰੀ ਸ਼ਾਮਾ, ਅੰਧ ਅੰਧੇਰ ਗਵਾ ਰਿਹਾ । ਸ਼ਬਦ ਵਜਾਏ ਸਚ ਦਮਾਮਾ, ਆਪਣਾ

ਤਾਲ ਵਜਾ ਰਿਹਾ । ਆਪੇ ਹੋਇਆ ਅੰਤਰ ਜਾਮਾ, ਅੰਦਰ ਮੰਦਰ ਵੇਖ ਵਖਾ ਰਿਹਾ । ਇਕ ਜਪਾਏ ਸਾਚਾ ਨਾਮਾ, ਸੋਹੰ ਨਾਉਂ ਰਖਾ ਲਿਆ । ਆਪੇ ਦਾਤਾ ਹੋਏ ਦਾਨੀ ਦਾਨਾ, ਦੇਵਣਹਾਰ ਆਪ ਅਖਵਾ ਲਿਆ । ਆਪ ਬਿਠਾਏ ਸ਼ਬਦ ਬਿਬਾਣਾ, ਨੌਂ ਦਵਾਰੇ ਪਾਰ ਕਰਾ ਰਿਹਾ । ਸਾਚਾ ਹਵਨ ਇਕ ਕਰਾਨਾ, ਇਕ ਸਮਗਰੀ ਪਾ ਰਿਹਾ । ਤ੍ਰੈਗੁਣ ਮਾਇਆ ਤੇਰਾ ਅੰਤ ਵਖਾਨਾ, ਕਲਜੁਗ ਮੋਹ ਚੁਕਾ ਰਿਹਾ । ਜਨ ਭਗਤਾਂ ਬੰਨ੍ਹੇ ਹੱਥੀਂ ਗਾਨਾ, ਏਕਾ ਤੰਦ ਰਖਾ ਰਿਹਾ । ਏਕਾ ਦੇਵੇ ਧੁਰ ਫ਼ਰਮਾਨਾ, ਬੋਧ ਅਗਾਧ ਸ਼ਬਦ ਜਣਾ ਰਿਹਾ । ਪਰਗਟ ਹੋ ਸ੍ਰੀ ਭਗਵਾਨਾ, ਗੁਰਮੁਖ ਸਾਚੇ ਮੇਲ ਮਿਲਾ ਰਿਹਾ । ਏਕਾ ਤੀਰ ਇਕ ਨਿਸ਼ਾਨਾ, ਏਕਾ ਚਿੱਲੇ ਆਪ ਚੜ੍ਹਾ ਰਿਹਾ । ਏਕਾ ਗੋਬਿੰਦ ਮਿਹਰਵਾਨਾ, ਗੁਰਸਿਖ ਰੂਪ ਸਮਾ ਰਿਹਾ । ਏਕਾ ਰਾਗ ਏਕਾ ਗਾਨਾ, ਏਕਾ ਨਾਦ ਵਜਾ ਰਿਹਾ । ਏਕਾ ਗੋਤ ਏਕਾ ਵਰਨ ਜ਼ਾਤ ਪਾਤ ਨਾ ਕੋਈ ਰਾਖਾਨਾ, ਏਕਾ ਧਾਮ ਸੁਹਾ ਰਿਹਾ । ਰਾਓ ਰੰਕ ਨਾ ਕੋਇ ਰਾਜਾਨਾ, ਸ਼ਾਹ ਸੁਲਤਾਨ ਨਾ ਕੋਇ ਵੇਖ ਵਖਾ ਲਿਆ । ਨਾ ਕੋਈ ਪਵਣ ਨਾ ਕੋਈ ਮਸਾਣਾ, ਰੂਪ ਰੰਗ ਕਿਸੇ ਦਿਸ ਨਾ ਆ ਰਿਹਾ । ਨਾ ਕੋਈ ਵੇਦ ਨਾ ਕੋਈ ਪੁਰਾਨਾ, ਨਾ ਕੋਈ ਬ੍ਰਹਮ ਬ੍ਰਹਮਾ ਰਸਨਾ ਗਾ ਰਿਹਾ । ਨਾ ਕੋਈ ਅੰਜੀਲ ਨਾ ਕੁਰਾਨਾ, ਈਸਾ ਮੂਸਾ ਦਿਸ ਨਾ ਆ ਰਿਹਾ । ਨਾ ਕੋਈ ਖਾਣੀ ਬਾਣੀ ਗਾਏ ਗੁਣ ਨਿਧਾਨਾ, ਭੇਖਾਧਾਰੀ ਭੇਖ ਵਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਬਹਾਏ ਸਾਚੇ ਘਰ, ਏਕਾ ਧਾਮ ਸੁਹਾ ਲਿਆ । ਗੁਰਸਿਖ ਆਤਮ ਰਹੀ ਰੋ, ਹਰਿ ਸਾਚੇ ਸੁਣ ਪੁਕਾਰਿਆ । ਦੁਰਮਤ ਮੈਲ ਕਾਇਆ ਧੋ, ਕਲਜੁਗ ਅੰਤਮ ਪਾਸਾ ਦਿਸੇ ਹਾਰਿਆ । ਮਨਮਤ ਤਨ ਨਾ ਜਾਏ ਛੋਹ, ਏਕਾ ਦੇਵੇ ਨਾਮ ਭੰਡਾਰਿਆ । ਮੇਲ ਮਿਲਾਵਾ ਘਰ ਸਾਚੇ ਹੋ, ਬਜਰ ਕਪਾਟੀ ਕੁੰਡਾ
੧੧੦ ਲਾਹ ਰਿਹਾ । ਆਪ ਚੁਕਾਏ ਜਗਤ ਨਾਤਾ ਝੂਠਾ ਮੋਹ, ਸਚ ਵਸਤ ਇਕ ਵਿਖਾ ਰਿਹਾ । ਤੀਜੇ ਨੇਤਰ ਕਰੇ ਲੋਅ, ਆਤਮ ਦਰਸੀ ਦਰਸ ਦਿਖਾ ਰਿਹਾ । ਸੋਹੰ ੧੧੦
ਬੀਜ ਸਾਚਾ ਬੋ, ਏਕਾ ਫਲ ਲਗਾ ਰਿਹਾ । ਸੱਸੇ ਹੋੜਾ ਏਕਾ ਹੋ, ਸੋਹੰ ਨਾਮ ਜਪਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਆਪ ਸਮਝਾ ਰਿਹਾ । ਗੁਰਸਿਖ ਬਾਲ ਨਾਦਾਨ, ਢਹਿ ਪਿਆ ਦਵਾਰਿਆ । ਪੁਰਖ ਅਬਿਨਾਸ਼ੀ ਕਰ ਪਛਾਨ, ਦੇਵੇ ਮਾਤ ਸਹਾਰਿਆ । ਅੰਤਮ ਮੇਲਾ ਵਿਚ ਜਹਾਨ, ਮਿਲਿਆ ਕੰਤ ਭਤਾਰਿਆ । ਨਾ ਕੋਈ ਜਾਣੇ ਜੀਵ ਨਾਦਾਨ, ਲਹਿਣਾ ਦੇਣਾ ਮੂਲ ਚੁਕਾ ਰਿਹਾ । ਤ੍ਰੇਤਾ ਤੇਰਾ ਚੁਕਿਆ ਕਾਣ, ਕਲਜੁਗ ਅੰਤਮ ਵੇਖ ਵਖਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾ ਰਿਹਾ । ਹਰਿਜਨ ਸਾਚਾ ਆਪੇ ਵੇਖ, ਆਪੇ ਰਿਹਾ ਜਗਾਈਆ । ਲਿਖਣਹਾਰਾ ਜੁਗ ਜੁਗ ਲੇਖ, ਲੇਖਾ ਆਪਣੇ ਹੱਥ ਰਖਾਈਆ । ਧੁਰ ਮਸਤਕ ਲਾਏ ਆਪੇ ਮੇਖ, ਆਪੇ ਮੇਟ ਮਿਟਾਈਆ । ਆਪੇ ਦਾਤਾ ਨਰ ਨਰੇਸ਼, ਨਿਜ ਘਰ ਬੈਠਾ ਆਸਣ ਲਾਈਆ । ਜੋਤੀ ਜਾਮਾ ਦਸ ਦਸਮੇਸ਼, ਗੋਬਿੰਦ ਗੋਬਿੰਦ ਨਾਉਂ ਰਖਾਈਆ । ਆਪੇ ਜਾਣੇ ਆਪਣਾ ਵੇਸ, ਜੁਗ ਜੁਗ ਰਿਹਾ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸੰਤ ਜਨਾਂ ਦੇਵੇ ਨਾਮ ਵਡਿਆਈਆ । ਮਾਣ ਵਡਿਆਈ ਭਗਤੀ ਭਗਤ, ਏਕਾ ਏਕ ਰਖਾਈਆ । ਸੋਹੰ ਸ਼ਬਦ ਜੁਗਤੀ ਜੁਗਤ, ਸਾਚਾ ਜਾਪ ਜਪਾਈਆ । ਦਰ ਦਵਾਰੇ ਮੁਕਤੀ ਮੁਕਤ, ਦਿਵਸ ਰੈਣ ਫਿਰੇ ਹਲਕਾਈਆ । ਇਕ ਵਖਾਏ ਆਤਮ ਸ਼ਕਤ, ਨੂਰੋ ਨੂਰ ਜੋਤ ਸਵਾਈਆ । ਲੇਖੇ ਲਾਏ ਬੂੰਦ ਰਕਤ, ਮਾਨਸ ਦੇਹੀ ਆਪਣੀ ਝੋਲੀ ਪਾਈਆ । ਆਪੇ ਜਾਣੇ ਆਪਣਾ ਵਕਤ, ਕਵਣ ਦਵਾਰੇ ਆਵੇ ਜਾਵੇ ਫੇਰੀ ਪਾਈਆ । ਪੰਚਮ ਧਾੜ ਮਿਟਾਵੇ ਕਟਕ, ਸ਼ਬਦ ਖੰਡਾ ਰਿਹਾ ਉਠਾਈਆ । ਮਨਮਤ ਬੁਧ ਹੰਕਾਰ ਦੇਵੇ ਝਟਕ, ਪੰਚਮ ਮੀਤਾ ਪੰਚਮ ਰਿਹਾ ਉਠਾਈਆ । ਮਨਮੁਖ ਜੀਵ ਅੱਧ ਵਿਚਕਾਰੇ ਰਹੇ ਲਟਕ, ਪਾਰ ਕਿਨਾਰ ਨਾ ਕੋਈ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਆਪ ਆਪਣੀ ਗੋਦ ਉਠਾਈਆ । ਗੁਰਮੁਖ ਦਰ ਭਿਖਾਰ,

ਏਕਾ ਮੰਗ ਮੰਗਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਅੰਦਰ ਮੰਦਰ ਕੁੰਡਾ ਲਾਹੀਆ । ਸਚ ਘਰ ਦੇਵੇ ਵਾੜ, ਬਜਰ ਕਪਾਟੀ ਜੰਦਰ ਰਿਹਾ ਤੁੜਾਈਆ । ਦੁਰਮਤ ਮੈਲ ਦੇਵੇ ਸਾੜ, ਅਗਨੀ ਜੋਤੀ ਲਾਈਆ । ਵਾ ਨਾ ਲੱਗੇ ਤਤੀ ਹਾੜ, ਸਾਂਤਕ ਸਤਿ ਵਰਤਾਈਆ । ਆਪੇ ਹੋਇਆ ਪਿੱਛੇ ਅਗਾੜ, ਗੁਰ ਸੇਵਕ ਸੇਵਾ ਰਿਹਾ ਕਮਾਈਆ । ਗੁਰਮੁਖ ਸਾਜਣ ਸਾਚੇ ਲਾੜ, ਸ਼ਬਦ ਘੋੜੇ ਆਪ ਚੜ੍ਹਾਈਆ । ਆਪੇ ਹੋਏ ਪਿੱਛੇ ਅਗਾੜ, ਚਾਰੇ ਕੁੰਟਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਤਰਾਈਆ । ਹਰਿਜਨ ਸਾਚੇ ਏਕਾ ਓਟ, ਪ੍ਰਭ ਚਰਨ ਦੁਆਰਿਆ । ਪੁਰਖ ਅਬਿਨਾਸ਼ੀ ਲਾਏ ਚੋਟ, ਸੋਹੰ ਸ਼ਬਦ ਜੈ ਜੈ ਜੈਕਾਰਿਆ । ਭਰਮੇ ਭੁੱਲੇ ਕੋਟੀ ਕੋਟ, ਹਰਿ ਦਿਸ ਕਿਸੇ ਨਾ ਆ ਰਿਹਾ । ਮਾਇਆ ਮਮਤਾ ਅਜੇ ਨਾ ਭਰੀ ਪੋਟ, ਗੁਰ ਦਰ ਮੰਦਰ ਡੇਰਾ ਲਾ ਲਿਆ । ਪ੍ਰਭ ਕੱਢਣ ਆਇਆ ਖੋਟ, ਸੰਮਤ ਚੌਦਾਂ ਲੇਖ ਲਿਖਾ ਲਿਆ । ਸੰਮਤ ਪੰਦਰਾਂ ਆਲ੍ਹਣਿਉਂ ਡਿੱਗੇ ਬੋਟ, ਨਾ ਕੋਈ ਕਿਸੇ ਬਚਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਸਾਚੇ ਸਚ ਦੁਲਾਰ, ਆਪੇ ਵੇਖ ਵਖਾ ਲਿਆ । ਗੁਰਮੁਖ ਤੇਰੀ ਸੁਣ ਪੁਕਾਰ, ਹਰਿ ਸਾਚਾ ਵੇਖ ਵਖਾਇੰਦਾ । ਆਦਿ ਅੰਤਾ ਏਕੰਕਾਰ, ਏਕਾ ਰੂਪ ਸਮਾਇੰਦਾ । ਸ਼ਬਦ ਸਰੂਪੀ ਕਰ ਜੈਕਾਰ, ਲੋਆਂ ਪੁਰੀਆਂ ਆਪ ਜਗਾਇੰਦਾ । ਨਾਮ ਤਰਾਨਾ ਅਪਰ ਅਪਾਰ, ਚਾਰ ਵਰਨਾਂ ਆਪ ਸੁਣਾਇੰਦਾ । ਧੁਰ ਫ਼ਰਮਾਣਾ ਵਿਚ ਸੰਸਾਰ, ਆਪਣੀ ਰਸਨਾ ਆਪ ਅਲਾਇੰਦਾ । ਸ਼ਬਦ ਗਾਨਾ ਅਪਰ ਅਪਾਰ, ਜਨ ਭਗਤਾਂ ਹੱਥ ਆਪ ਬੰਨ੍ਹਾਇੰਦਾ । ਦੋ ਜਹਾਨੀ ਕਰ ਪਿਆਰ, ਸਮਰਥ ਸੰਗ ਮਿਲਾਇੰਦਾ । ਫੜ ਫੜ ਬਾਹੋਂ ਲਾਏ ਪਾਰ, ਅਕੱਥ ਕਥਾ ਇਕ ਸੁਣਾਇੰਦਾ । ਜੀਵ ਜੰਤ ਹੋਏ ਗਵਾਰ, ਗਾਵਣਹਾਰਾ ਦਿਸ ਨਾ ਆਇੰਦਾ । ਪਰਗਟ
੧੧੧ ਹੋ ਨਿਹਕਲੰਕ ਨਰਾਇਣ ਨਰ ਅਵਤਾਰ, ਏਕਾ ਡੰਕ ਵਜਾਇੰਦਾ । ਲੱਖ ਚੁਰਾਸੀ ਸੁੱਤੀ ਪੈਰ ਪਸਾਰ, ਮਾਇਆ ਪੜਦਾ ਪਾਇੰਦਾ । ਜੂਠਾ ਝੂਠਾ ਤਨ ਸ਼ਿੰਗਾਰ, ਮਾਇਆ ੧੧੧
ਮਮਤਾ ਵੇਸ ਕਰਾਇੰਦਾ । ਅੰਤਮ ਹੋਣਾ ਮਾਤ ਖੁਆਰ, ਨਾ ਕੋਈ ਕਿਸੇ ਬਚਾਇੰਦਾ । ਸੰਤ ਸੁਹੇਲੇ ਲਏ ਉਭਾਰ, ਆਪ ਆਪਣੀ ਦਇਆ ਕਮਾਇੰਦਾ । ਜੋ ਜਨ ਡੁੱਬੇ ਸਰਸਾ ਤੇਰੇ ਅੱਧਵਿਚਕਾਰ, ਲੋਕਮਾਤ ਜਨਮ ਦਵਾਇੰਦਾ । ਖਾਣੀ ਬਾਣੀ ਕਰ ਪਿਆਰ, ਗੁਰ ਗੋਬਿੰਦ ਸੰਗ ਰਲਾਇੰਦਾ । ਮਾਣਕ ਮੋਤੀ ਅਪਰ ਅਪਾਰ, ਸੋਹੰ ਤਨ ਪਹਿਨਾਇੰਦਾ । ਸ਼ਬਦ ਸੁਹਾਗੀ ਛੰਦੇ ਹਰਿ ਨਿਰੰਕਾਰ, ਆਪਣਾ ਆਪ ਅਲਾਇੰਦਾ । ਵਾਕ ਭਵਿਖਤ ਕੋਈ ਨਾ ਪਾਵੇ ਸਾਰ, ਗੁਰ ਸਰਸੇ ਭੇਟ ਚੜ੍ਹਾਇੰਦਾ । ਆਪੇ ਕੱਢਣਹਾਰ ਪਾਰ, ਸੰਮਤ ਚੌਦਾਂ ਵੇਖ ਵਖਾਇੰਦਾ । ਜੂਠੇ ਝੂਠੇ ਮੀਤ ਮੁਰਾਰ, ਚਾਰੋ ਕੁੰਟ ਆਪ ਦੁਰਕਾਇੰਦਾ । ਸੰਤ ਸੁਹੇਲੇ ਕਰ ਤਿਆਰ, ਗੁਰਮੁਖ ਨਾਉਂ ਰਖਾਇੰਦਾ । ਕਲਜੁਗ ਤੇਰੀ ਅੰਤਮ ਵਾਰ, ਏਕਾ ਇੱਕੀ ਮਾਤ ਉਪਾਇੰਦਾ । ਸਾਚੀ ਸਿੱਖੀ ਕਰ ਤਿਆਰ, ਗੋਬਿੰਦ ਰੰਗ ਚੜ੍ਹਾਇੰਦਾ । ਗੋਬਿੰਦ ਗੁਰ ਅਪਰ ਅਪਾਰ, ਧਾਰ ਤਿੱਖੀ ਇਕ ਵਿਖਾਇੰਦਾ । ਸ਼ਬਦ ਖੰਡਾ ਤੇਜ ਕਟਾਰ, ਦੋ ਧਾਰਾ ਨਾਉਂ ਰਖਾਇੰਦਾ । ਜਨ ਭਗਤਾਂ ਕਰ ਪਿਆਰ, ਤਨ ਸ਼ਿੰਗਾਰ ਆਪ ਕਰਾਇੰਦਾ । ਆਪੇ ਵੇਖਣ ਆਇਆ ਵਿਚ ਸੰਸਾਰ, ਸੰਬਲ ਨਗਰੀ ਜੋਤ ਜਗਾਇੰਦਾ । ਪੰਚਮ ਮੀਤਾ ਕਰ ਤਿਆਰ, ਸਿੰਘ ਪ੍ਰੀਤਮ ਪਹਿਰੇਦਾਰ, ਹਰਿ ਸਾਚਾ ਆਪ ਅਖਵਾਇੰਦਾ । ਸਿੰਘ ਬਿਸ਼ਨ ਹਰਿ ਸੇਵਾਦਾਰ, ਦਿਵਸ ਰੈਣ ਦਰਸ ਦਿਖਾਇੰਦਾ । ਇੰਦਰ ਇੰਦਰਾਸਣ ਕਰ ਪਿਆਰ, ਆਤਮ ਸੇਜਾ ਇਕ ਹੰਢਾਇੰਦਾ । ਗੁਰਮੁਖ ਪਾਲ ਸਾਚੇ ਲਾਲ, ਕੰਤਾ ਨਾਰੀ ਆਪ ਅਖਵਾਇੰਦਾ । ਵਿਛੜ ਨਾ ਜਾਇਣ ਵਿਚ ਸੰਸਾਰ, ਸਾਚਾ ਜੋੜਾ ਜੋੜ ਜੁੜਾਇੰਦਾ । ਏਕਾ ਰੱਖੇ ਸਾਂਝਾ ਪਿਆਰ, ਏਕਾ ਦੂਜਾ ਭੇਵ ਚੁਕਾਇੰਦਾ । ਹੀਰ ਰਾਂਝਾ ਸੁਰਤ ਸ਼ਬਦ ਪਿਆਰ, ਨਾਮ ਵੰਝਲੀ ਇਕ ਵਜਾਇੰਦਾ । ਨਾਰ ਬਾਂਝ ਸਰਬ ਸੰਸਾਰ, ਪੂਤ ਸਪੂਤਾ ਨਾ ਕੋਈ ਗੋਦ ਉਠਾਇੰਦਾ । ਪਰਗਟ ਦੇਸ ਵਿਚ ਮਾਝਾ, ਜਨ ਭਗਤਾਂ ਰਚਿਆ ਸਾਚਾ ਕਾਜਾ, ਕਲਜੁਗ ਅੰਤਮ ਵੰਡ ਵੰਡਾਇੰਦਾ । ਚਿੱਟੇ ਅਸਵ ਚੜ੍ਹਿਆ ਤਾਜਾ, ਧੁਰਦਰਗਾਹੀ ਆਇਆ ਭਾਜਾ, ਨਾਲ ਰਖਾਇਆ

ਅਨਹਦ ਵਾਜਾ, ਸੋਹੰ ਸੇਵਾ ਲਾਇੰਦਾ । ਭਗਤ ਜਨਾਂ ਦੀ ਰੱਖੇ ਲਾਜਾ, ਦਰ ਦਰ ਘਰ ਘਰ ਮਾਰੇ ਆਵਾਜਾ, ਏਕਾ ਧਾਮ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਸਾਜਣ ਸਾਚੇ ਮੀਤ, ਆਪ ਆਪਣੇ ਅੰਗ ਲਗਾਇੰਦਾ । ਗੁਰਮੁਖ ਤੇਰੀ ਅੰਤਮ ਧਾਰ, ਪ੍ਰਭ ਸਾਚੇ ਆਪ ਚਲਾਈਆ । ਪਰਗਟ ਹੋਇਆ ਬੇਪਰਵਾਹ, ਲੋਕਮਾਤ ਜੋਤ ਜਗਾਈਆ । ਇਕ ਜਪਾਏ ਸਾਚਾ ਨਾਂ, ਚਾਰ ਵਰਨ ਇਕ ਸਰਨਾਈਆ । ਸੰਤ ਸੁਹੇਲੇ ਆਪੇ ਫੜੇ ਬਾਂਹ, ਆਪ ਆਪਣਾ ਮੇਲ ਮਿਲਾਈਆ । ਲੱਖ ਚੁਰਾਸੀ ਦਰ ਦਰ ਘਰ ਘਰ ਉਡਦੇ ਕਾਂ, ਖਾਲੀ ਮੰਦਰ ਰਿਹਾ ਵਖਾਈਆ । ਕੋਇ ਨਾ ਦੇਵੇ ਕਿਸੇ ਠੰਢੀ ਛਾਂ, ਕਲਜੁਗ ਅਗਨੀ ਇਕ ਲਗਾਈਆ । ਨਾਤਾ ਤੁੱਟੇ ਪੁੱਤਰਾਂ ਮਾਂ, ਨਾ ਕੋਈ ਵੇਖੇ ਧੀ ਜਵਾਈਆ । ਗੁਰਮੁਖ ਸਾਚੇ ਸਦ ਬਲ ਬਲ ਜਾਂ, ਆਏ ਹਰਿ ਸ਼ਰਨਾਈਆ । ਫੜ ਫੜ ਹੰਸ ਬਣਾਏ ਕਾਂ, ਸੋਹੰ ਚੋਗ ਚੁਗਾਈਆ । ਏਕਾ ਏਕ ਗੁਰ ਚਰਨ ਟੇਕ, ਪ੍ਰਭ ਸਾਚਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਰਿਹਾ ਉਠਾਈਆ । ਹਰਿਜਨ ਸਾਜਣ ਸਾਚਾ ਮੀਤ, ਏਕਾ ਏਕ ਅਖਵਾਇਆ । ਆਪ ਚਲਾਏ ਅਚਰਜ ਰੀਤ, ਸਾਚਾ ਰਾਹ ਵਿਖਾਇਆ । ਨਾ ਕੋਈ ਦਿਹੁਰਾ ਗੁਰਦਵਾਰਾ ਮੰਦਰ ਮਸੀਤ, ਚਰਨ ਦਵਾਰ ਇਕ ਰਖਾਇਆ । ਨਾ ਕੋਈ ਹਸਤ ਨਾ ਕੋਈ ਕੀਟ, ਊਚ ਨੀਚ ਨਾ ਕੋਈ ਰਖਾਇਆ । ਨਾ ਕੋਈ ਜੂਠ ਝੂਠ ਬੀਸਨ ਬੀਸ, ਮਾਇਆ ਮਮਤਾ ਲੋਭ ਨਾ ਕੋਈ ਹਲਕਾਇਆ । ਰਹਿਣ ਨਾ ਦੇਵੇ ਕੂੜਾ ਪਖੰਡ, ਸ਼ਬਦ ਖੰਡਾ ਹੱਥ ਉਠਾਇਆ । ਏਕਾ ਸ਼ਬਦ ਜਣਾਏ ਤਰਾਨਾ ਬ੍ਰਹਿਮੰਡ, ਖਾਣੀ ਬਾਣੀ ਹੱਥ ਨਾ ਆਇਆ । ਭਗਤ ਜਨਾਂ ਹਰਿ ਕਰ ਪ੍ਰੀਖ, ਵੇਲੇ ਅੰਤਮ ਵੇਖਣ ਆਇਆ । ਪਹਿਲੀ ਚੇਤਰ ਸਚ ਤਾਰੀਖ,
੧੧੨ ਸੰਮਤ ਚੌਦਾਂ ਆਪ ਪਵਾਇਆ । ਆਪੇ ਮੰਗਣ ਆਇਆ ਭੀਖ, ਆਪਣੀ ਝੋਲੀ ਅੱਗੇ ਡਾਹਿਆ । ਸਾਚੀ ਸਿਖਿਆ ਲੈਣੀ ਸੀਖ, ਦੇ ਮਤ ਰਿਹਾ ਸਮਝਾਇਆ । ੧੧੨
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਤੇਰੀ ਅੰਤਮ ਵਰ, ਤੇਰੀ ਆਤਮ ਅੰਤਰ ਹਰਿ ਵਸੇਰਾ, ਆਤਮ ਜੋਤ ਜਗਾਇਆ । ਆਤਮ ਅੰਤਰ ਹਰਿ ਵਸੇਰਾ, ਰਿਹਾ ਜੋਤ ਜਗਾਈਆ । ਆਪੇ ਕਰੇ ਸਚ ਨਿਬੇੜਾ, ਦਿਵਸ ਰੈਣ ਵੇਖ ਵਖਾਈਆ । ਭਾਗ ਲੱਗੇ ਕਾਇਆ ਖੇੜਾ, ਸਿੰਘ ਪਾਲ ਨਾ ਹੋਏ ਜੁਦਾਈਆ । ਆਪ ਚੁਕਾਵਣਹਾਰਾ ਝੇੜਾ, ਹੋਏ ਅੰਤ ਸਹਾਈਆ । ਆਤਮ ਵਖਾਏ ਖੁੱਲ੍ਹਾ ਵਿਹੜਾ, ਆਤਮ ਸੇਜਾ ਇਕ ਵਿਛਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਤੇਰੀ ਕਾਇਆ ਬੈਠਾ ਆਸਣ ਲਾਈਆ । ਕਾਇਆ ਮੰਦਰ ਆਤਮ ਸੇਜ, ਹਰਿ ਬੈਠਾ ਆਪ ਨਿਰੰਕਾਰਿਆ । ਆਪੇ ਨੇਤਰ ਰਿਹਾ ਵੇਖ, ਦਿਸ ਨਾ ਆਏ ਜੀਵ ਸੰਸਾਰਿਆ । ਆਪੇ ਲਿਖਣਹਾਰਾ ਲੇਖ, ਲੇਖ ਲਿਖਾਰਾ ਆਪ ਅਖਵਾ ਰਿਹਾ । ਆਪੇ ਹੋਇਆ ਧਾਰੀ ਕੇਸ, ਦਸ ਦਸਮੇਸ਼ਾ ਰੂਪ ਵਟਾ ਰਿਹਾ । ਕਿਸੇ ਨਾ ਚਲਣੀ ਮਾਤ ਪੇਸ਼, ਨੌ ਖੰਡਾਂ ਆਪ ਉਠਾ ਰਿਹਾ । ਮਨਮੁਖ ਜੀਵ ਰਹੇ ਵੇਖੀ ਵੇਖ, ਵੇਲਾ ਗਿਆ ਹੱਥ ਨਾ ਆ ਰਿਹਾ । ਅੰਤਮ ਮਿਟਣੀ ਸਭ ਦੀ ਰੇਖ, ਲੋਕਮਾਤ ਦਿਸ ਕੋਈ ਨਾ ਆ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿਜਨ ਮੀਤ ਆਪਣੇ ਆਪ ਬਣਾ ਰਿਹਾ । ਮੀਤ ਮੁਰਾਰਾ ਸਾਚਾ ਸੱਜਣ, ਗੋਬਿੰਦ ਰੂਪ ਸਮਾਇਆ । ਚਰਨ ਧੂੜ ਕਰਾਏ ਸਾਚਾ ਮਜਨ, ਸ਼ਾਹੋ ਭੂਪ ਅਖਵਾਇਆ । ਆਪੇ ਹੋਇਆ ਪੜਦੇ ਕੱਜਨ, ਸ਼ਬਦ ਦੁਸ਼ਾਲਾ ਹੱਥ ਉਠਾਇਆ । ਤਾਲ ਤਲਵਾੜੇ ਸਾਚੇ ਵੱਜਣ, ਅਨਹਦ ਸੇਵਾ ਲਾਇਆ । ਗੜ੍ਹ ਹੰਕਾਰੀ ਝੂਠੇ ਭੱਜਣ, ਪ੍ਰਭ ਸਾਚਾ ਦਏ ਭੰਨਾਇਆ । ਮਦਿਰਾ ਮਾਸ ਜੋ ਜਨ ਤਜਣ, ਆਪ ਆਪਣੀ ਗੋਦ ਉਠਾਇਆ । ਅੰਮ੍ਰਿਤ ਆਤਮ ਪੀ ਪੀ ਰੱਜਣ, ਸਰ ਸਰੋਵਰ ਇਕ ਵਖਾਇਆ । ਇਕ ਵਖਾਏ ਮੱਕਾ ਕਾਅਬਾ ਹਾਜੀ ਹਜਨ, ਸਾਚਾ ਦਰ ਖੁਲ੍ਹਾਇਆ । ਗ੍ਰੰਥੀ ਪੰਥੀ ਗੁਰ ਦਰ ਮੰਦਰ ਛਡ ਛਡ ਭੱਜਣ, ਸੰਮਤ ਚੌਦਾਂ ਨੇੜੇ ਆਇਆ । ਮਹੱਲ ਅਟਾਰੀ

ਸਾਰੇ ਛੱਡਣ, ਉਚ ਨਿਸ਼ਾਨ ਨਾ ਕੋਈ ਚੜ੍ਹਾਇਆ । ਗੁਰਮੁਖ ਸਾਚੇ ਸਾਚੇ ਰਾਜਨ, ਸੋਹੰ ਜੈ ਜੈ ਜੈਕਾਰ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਨ ਭਗਤਾਂ ਸੇਵਕ ਸੇਵਾ ਕਰਨੇ ਆਇਆ । ਸੇਵਕ ਸੇਵਾ ਹਰਿ ਨਿਰੰਕਾਰ ਹੈ, ਦਿਵਸ ਰੈਣ ਕਮਾਏ । ਅੱਠੇ ਪਹਿਰ ਖ਼ਬਰਦਾਰ ਹੈ, ਹਰਿਜਨ ਸੋਏ ਰਿਹਾ ਜਗਾਏ । ਚਾਰੋਂ ਕੁੰਟ ਵੇਖ ਵਿਚਾਰ ਹੈ, ਦਹਿ ਦਿਸ਼ਾ ਫੇਰੀ ਪਾਏ । ਨਾਮ ਖੰਡਾ ਅਪਰ ਅਪਾਰ ਹੈ, ਹੱਥ ਆਪਣੇ ਰਿਹਾ ਰਖਾਏ । ਬ੍ਰਹਿਮੰਡਾਂ ਪਾਵੇ ਸਾਰ ਹੈ, ਜੇਰਜ ਅੰਡਾਂ ਵੇਖ ਵਖਾਏ । ਉਤਭੁਜ ਸੇਤਜ ਬੰਨ੍ਹੇ ਧਾਰ ਹੈ, ਆਪ ਆਪਣੀ ਕਲ ਵਰਤਾਏ । ਨੌ ਖੰਡ ਪ੍ਰਿਥਮੀ ਮਾਰੇ ਮਾਰ ਹੈ, ਸੱਤਾਂ ਦੀਪਾਂ ਦਏ ਸਜਾਏ । ਜਨ ਭਗਤਾਂ ਕਰੇ ਪਿਆਰ ਹੈ, ਆਪ ਆਪਣਾ ਮੇਲ ਮਿਲਾਏ । ਸਾਚੀ ਨਾਰੀ ਕੰਤ ਭਤਾਰ ਹੈ, ਆਤਮ ਸੇਜ ਹੰਢਾਏ । ਰੰਗ ਬਸੰਤੀ ਏਕਾ ਧਾਰ ਹੈ, ਏਕਾ ਰੰਗ ਰੰਗਾਏ । ਜੀਵ ਜੰਤ ਨਾ ਪਾਇਣ ਸਾਰ ਹੈ, ਮਦਿਰਾ ਮਾਸ ਹੋਏ ਹਲਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸੇਵਾ ਰਿਹਾ ਕਮਾਏ । ਸੇਵਕ ਆਇਆ ਚਰਨ ਭਿਖਾਰ, ਗੁਰ ਸੰਗਤ ਸੰਗ ਰਲਾਈਆ । ਮੰਗੇ ਮੰਗ ਅਪਰ ਅਪਾਰ, ਵਿਚ ਸੰਸਾਰ ਏਕਾ ਮੰਗ ਮੰਗਾਈਆ । ਜੂਠਾ ਝੂਠਾ ਛੱਡ ਵਿਹਾਰ, ਸਚ ਸੁੱਚ ਵਰਤਾਈਆ । ਮਾਇਆ ਲੂਠਾ ਹੋਏ ਖੁਆਰ, ਜਗਤ ਰਹਿਣ ਨਾ ਪਾਈਆ । ਖਾਲੀ ਠੂਠਾ ਫਿਰੇ ਦਰ ਦਵਾਰ, ਭਿਛਿਆ ਕੋਇ ਨਾ ਪਾਈਆ । ਗੁਰਮੁਖ ਸਾਜਣ ਹੋਏ ਤਿਆਰ, ਪ੍ਰਭ ਸ਼ਬਦ ਰਿਹਾ ਜਣਾਈਆ । ਵੇਖ ਵਖਾਏ ਚਾਰੇ ਕੂਟਾਂ, ਸੇਵਕ ਸਾਚੀ ਸੇਵ ਕਮਾਈਆ । ਜਨ ਭਗਤਾਂ ਦੇਵੇ ਨਾਮ ਹੂਟਾ, ਇਕ ਹੁਲਾਰ ਵਖਾਈਆ । ਜੋਤੀ ਜੋਤ ਸਰੂਪ ਹਰਿ,
 ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਧਨ ਆਪ ਅਖਵਾਈਆ । ਨਿਰਧਨ ਹਰਿ ਨਿਰੰਕਾਰ, ਹੈ, ਨਿਰਗੁਣ ਰੂਪ ਸਮਾਇਆ । ਨਿਰਧਨ ੧੧੩
ਹਰ ਘਟ ਪਸਰ ਪਸਾਰ ਹੈ, ਨਿਰਗੁਣ ਸੇਵਾ ਰਿਹਾ ਕਮਾਇਆ । ਨਿਰਗੁਣ ਦਿਸ ਨਾ ਆਏ ਵਿਚ ਸੰਸਾਰ ਹੈ, ਆਪ ਆਪਣਾ ਕਾਜ ਰਚਾਇਆ । ਗੁਰਮੁਖ ਸਾਜਣ ਲਏ ਉਭਾਰ ਹੈ, ਹਰਿ ਸਰਗੁਣ ਵੇਖ ਵਖਾਇਆ । ਚਰਨ ਪ੍ਰੀਤੀ ਇਕ ਪਿਆਰ ਹੈ, ਗੁਰ ਗੋਬਿੰਦਾ ਮੇਲ ਮਿਲਾਇਆ । ਸਾਗਰ ਸਿੰਧ ਏਕਾ ਅੰਮ੍ਰਿਤ ਧਾਰ ਹੈ, ਪੰਚਮ ਮੀਤਾ ਰਿਹਾ ਪਿਆਇਆ । ਆਪੇ ਹੋਇਆ ਸੱਚਾ ਸਿਕਦਾਰ ਹੈ, ਸਾਚੀ ਸਿਖਿਆ ਰਿਹਾ ਸਮਝਾਇਆ । ਸ੍ਰਿਸ਼ਟ ਸਬਾਈ ਵਿਚ ਮੰਝਧਾਰ ਹੈ, ਕਲਜੁਗ ਬੇੜਾ ਰਿਹਾ ਡੁਬਾਇਆ । ਜਿਸ ਜਨ ਅੰਤਮ ਉਤਾਰਨਾ ਪਾਰ ਹੈ, ਸੋਹੰ ਚਪੂ ਲਏ ਲਗਾਇਆ । ਆਪ ਵਖਾਏ ਪਾਰ ਕਿਨਾਰ ਹੈ, ਵੰਞ ਮੁਹਾਣਾ ਰਿਹਾ ਚਲਾਇਆ । ਨਿਹਕਲੰਕਾ ਨਰ ਅਵਤਾਰ ਹੈ, ਜਨ ਭਗਤ ਦਵਾਰੇ ਆਪ ਆਪਣੀ ਸੇਵ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗਤ ਜੋਗ ਏਕਾ ਏਕ ਵਖਾਇਆ । ਜੋਗ ਜਗਤ ਸ਼ਬਦ ਅਭਿਆਸ, ਏਕਾ ਏਕ ਵਖਾਈਆ । ਏਕਾ ਜਪੁ ਜੀ ਏਕਾ ਰਹਿਰਾਸ, ਏਕਾ ਨਾਮ ਧਿਆਈਆ । ਏਕਾ ਮੰਦਰ ਏਕਾ ਅੰਦਰ ਏਕਾ ਵਾਸ, ਏਕਾ ਰੰਗ ਰੰਗਾਈਆ । ਏਕਾ ਸੰਗ ਰੱਖ ਪੁਰਖ ਅਬਿਨਾਸ਼, ਵਿਛੜ ਕਦੇ ਨਾ ਜਾਈਆ । ਏਕਾ ਆਸ ਏਕਾ ਪਿਆਸ, ਤ੍ਰਿਸਨਾ ਰਿਹਾ ਮਿਟਾਈਆ । ਏਕਾ ਰਾਮ ਇਕ ਸਵਾਸ, ਏਕਾ ਕ੍ਰਿਸ਼ਨ ਰਸਨ ਅਲਾਈਆ । ਏਕਾ ਅੱਲਾ ਵਿਚ ਪਰਭਾਸ, ਹੂ ਹੂ ਨਾਅਰਾ ਲਾਈਆ । ਜਨ ਭਗਤਾਂ ਹਰਿ ਸਦਾ ਵਸੇ ਪਾਸ, ਜ਼ਾਤ ਪਾਤ ਨਾ ਵੇਖ ਵਖਾਈਆ । ਵੇਖ ਵਖਾਣੇ ਪ੍ਰਿਥਮੀ ਆਕਾਸ਼, ਗਊ ਗਰੀਬਾਂ ਗਲੇ ਲਗਾਈਆ । ਜਿਸ ਜਨ ਮਿਲੇ ਮੇਲ ਸਰਬ ਗੁਣਤਾਸ, ਲੱਖ ਚੁਰਾਸੀ ਫੰਦ ਕਟਾਈਆ । ਜੋ ਦੀਸੇ ਸੋ ਅੰਤ ਵਿਨਾਸ, ਥਿਰ ਰਹਿਣ ਨਾ ਪਾਈਆ । ਪਾਰਬ੍ਰਹਮ ਹਰਿ ਜੋਤ ਪਰਕਾਸ਼, ਆਦਿ ਅੰਤ ਇਕ ਅਖਵਾਈਆ । ਆਪੇ ਵੇਖੇ ਮੰਡਲ ਰਾਸ, ਸਾਚੀ ਰਸਨਾ ਰਾਸ ਰਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਭਗਤਨ ਕਰੇ ਪੂਰੀ ਆਸ, ਪੂਰਨ ਬ੍ਰਹਮ ਰਿਹਾ ਜਣਾਈਆ ।

ਪੂਰਨ ਬ੍ਰਹਮ ਪਾਰਬ੍ਰਹਮ ਜਣਾਈ, ਆਤਮ ਜੋਤ ਜਗਾਈਆ । ਜਨਮ ਕਰਮ ਹਰਿ ਵੇਖ ਵਿਖਾਈ, ਪੂਰਬ ਲਹਿਣਾ ਝੋਲੀ ਪਾਈਆ । ਸਾਚਾ ਧਰਮ ਇਕ ਜਣਾਈ, ਗੁਰ ਸੰਗਤ ਸੰਗ ਪਿਆਰਿਆ । ਗੁਰ ਸ਼ਬਦ ਹੋਏ ਨਾਮ ਕੁੜਮਾਈ, ਦਿਵਸ ਰੈਣ ਇਕ ਪਿਆਰਿਆ । ਆਤਮ ਘਰ ਵੱਜੇ ਵਧਾਈ, ਪੰਚਮ ਸਈਆਂ ਮੰਗਲ ਗਾ ਲਿਆ । ਪਾਰਬ੍ਰਹਮ ਤੇਰੀ ਇਕ ਸਰਨਾਈ, ਦੂਸਰ ਕੋਇ ਨਾ ਓਟ ਰਖਾ ਲਿਆ । ਗੁਰਮੁਖ ਸਾਚੇ ਰਿਹਾ ਤਰਾਈ, ਏਕਾ ਪਲੂ ਨਾਮ ਫੜਾ ਲਿਆ । ਪਾਰ ਕਿਨਾਰਾ ਇਕ ਵਖਾਈ, ਬੀਸ ਬੀਸਾ ਹੁਕਮ ਸੁਣਾ ਲਿਆ । ਇਕ ਇਕੀਸਾ ਛਤਰ ਝੁਲਾਈ, ਹਰਿ ਸੰਗਤ ਸੰਗ ਰਲਾ ਲਿਆ । ਚਾਰ ਵਰਨ ਹਦੀਸਾ ਆਪੇ ਪਾਈ, ਸਤਿਜੁਗ ਸਾਚਾ ਮਾਰਗ ਲਾ ਰਿਹਾ । ਵਰਨ ਅਵਰਨ ਆਪ ਅਖਵਾਈ, ਵਰਨ ਬਰਨ ਮੇਟ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਨਰਾਇਣ ਰੂਪ ਵਟਾ ਲਿਆ । ਨਰ ਨਰਾਇਣ ਰੂਪ ਵੈਰਾਟ, ਆਪਣਾ ਆਪ ਵਟਾਇਆ । ਲੋਆਂ ਪੁਰੀਆਂ ਵੇਖੇ ਏਕਾ ਘਾਟ, ਪਾਰ ਕਿਨਾਰਾ ਕੋਈ ਰਹਿਣ ਨਾ ਪਾਇਆ । ਚੌਦਾਂ ਲੋਕ ਵਖਾਏ ਏਕਾ ਹਾਟ, ਵਣਜ ਵਣਜਾਰਾ ਆਪ ਹੋ ਆਇਆ । ਆਪੇ ਵੇਖੇ ਤੀਰਥ ਤਾਟ, ਗੁਰਦਰ ਮੰਦਰ ਅੰਦਰ ਫੋਲ ਫੁਲਾਇਆ । ਆਪੇ ਜਾਣੇ ਪੂਜਾ ਪਾਠ, ਗਾਇਤਰੀ ਮੰਤਰ ਰਿਹਾ ਉਪਜਾਇਆ । ਆਪੇ ਗੇੜਨਹਾਰਾ ਉਲਟੀ ਲਾਠ, ਆਪ ਆਪਣੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਅੰਤਮ ਪਰਗਟ, ਜਨ ਭਗਤਾਂ ਦਰਸ ਦਿਖਾਇਆ ।

੧੧੪ ਹਰਿ ਸੰਗਤ ਹਰਿ ਚਰਨ ਧਿਆਨ, ਏਕਾ ਲਿਵ ਲਾਈਆ । ਏਕਾ ਸ਼ਬਦ ਬ੍ਰਹਮ ਗਿਆਨ, ਪੂਜਾ ਪਾਠ ਨਾ ਕੋਈ ਕਰਾਈਆ । ਏਕਾ ਨਾਮ ਧਰਮ ਨਿਸ਼ਾਨ, ੧੧੪ ਸੋਹੰ ਰਿਹਾ ਚੜ੍ਹਾਈਆ । ਏਕਾ ਜਾਮ ਪੀਣ ਖਾਣ, ਅੰਮ੍ਰਿਤ ਆਤਮ ਰਿਹਾ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਿਰ ਹੱਥ ਰਿਹਾ ਟਿਕਾਈਆ । ਸਿਰ ਹੱਥ ਸਮਰਥ, ਸਗਲ ਭਉ ਵਿਨਾਸਿਆ । ਆਦਿ ਅੰਤ ਲਏ ਰੱਖ, ਪਾਰਬ੍ਰਹਮ ਪੁਰਖ ਅਬਿਨਾਸ਼ਿਆ । ਜੋ ਜਨ ਚੜ੍ਹਾਏ ਸੋਹੰ ਰਥ, ਘਰ ਸਚ ਕਰਾਏ ਵਾਸਿਆ । ਸਗਲ ਵਸੂਰੇ ਗਏ ਲੱਥ, ਜਿਸ ਜਨ ਮਿਲਿਆ ਹਰਿ ਸ਼ਾਹੋ ਸ਼ਾਬਾਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਰਿ ਸੰਗਤ ਦੇਵੇ ਚਰਨ ਕਵਲ ਧਰਵਾਸਿਆ । ਗੁਰਮੁਖ ਮੰਗ ਹੈ ਮੰਗਦਾ, ਪ੍ਰਭ ਅੱਗੇ ਰਸਨਾ ਬੋਲ । ਲੋਕ ਲਾਜੋਂ ਮੂਲ ਨਾ ਸੰਗਦਾ, ਰਸਨਾ ਕਹਿ ਕਹਿ ਗਜਾਏ ਢੋਲ । ਹਰਿ ਏਕਾ ਚੋਲੀ ਰੰਗਦਾ, ਏਕਾ ਨਾਮ ਵਸਤ ਅਨਮੋਲ । ਚਿੱਟੇ ਅਸਵ ਤੰਗ ਕਸਦਾ, ਜਨ ਭਗਤਾਂ ਵਸੇ ਸਦ ਕੋਲ । ਨੌ ਦਵਾਰੇ ਆਪੇ ਲੰਘਦਾ, ਦਸਵੇਂ ਕੁੰਡਾਂ ਲੈਣਾ ਖੋਲ੍ਹ । ਲੇਖਾ ਚੁੱਕੇ ਕਾਇਆ ਕਾਚੀ ਵੰਗ ਦਾ, ਏਕਾ ਸ਼ਬਦ ਸੁਣਾਏ ਸੋਹੰ ਸੱਚਾ ਬੋਲ । ਪੁਰੀਆਂ ਲੋਆਂ ਆਪੇ ਲੰਘਦਾ, ਜ਼ਿਮੀ ਅਸਮਾਨਾ ਰਿਹਾ ਫੋਲ । ਗੁਰ ਸਾਜਣ ਸਾਚੀ ਮੰਗ ਏਕਾ ਮੰਗਦਾ, ਜੋਤੀ ਜੋਤ ਮੇਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਦਾ ਸਦਾ ਸਦ ਰਖੇ ਆਪਣੇ ਕੋਲ ।

## ❊ ੨੫ ਵਿਸਾਖ ੨੦੧੪ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੀ ਮਾਤਾ ਤਾਬੋ ਦੇ ਅੰਤਮ ਸੰਸਕਾਰ ਸਮੇਂ ਵਿਹਾਰ ਹੋਇਆ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❊

ਜਗਤ ਨਾਤਾ ਤੱਜ, ਤੱਜ ਸੰਸਾਰਿਆ । ਹਰਿ ਮੰਦਰ ਬਹਿਣ ਭੱਜ, ਹੋਏ ਪਾਰ ਕਿਨਾਰਿਆ । ਪ੍ਰਭ ਚਰਨ ਦਵਾਰੇ ਜਾਣਾ ਸਜ, ਦਰ ਦਵਾਰਾ ਇਕ ਵਖਾ ਰਿਹਾ । ਲੋਕਮਾਤ ਪੜਦਾ ਲਿਆ ਕੱਜ, ਸਿੰਘ ਗੁਰਮੁਖ ਪੂਤ ਸਪੂਤਾ ਚਿੱਟੀ ਚਾਦਰ ਉਤੇ ਪਾ ਰਿਹਾ । ਬੰਸ ਸਰਬੰਸਾ ਰੱਖੀ ਲਜ, ਲਜ ਪਤ ਦਾਤਾ ਆਪ ਅਖਵਾ ਰਿਹਾ । ਕਾਲ ਨਗਾਰਾ ਲੱਖ ਚੁਰਾਸੀ ਸਿਰ ਤੇ ਰਿਹਾ ਵੱਜ, ਨਾ ਕੋਈ ਕਿਸੇ ਛੁਡਾ ਰਿਹਾ । ਜੋ ਘੜਿਆ ਸੋ ਗਿਆ ਭੱਜ, ਘੜਨ ਭੰਨਣਹਾਰ ਆਪ ਅਖਵਾ ਰਿਹਾ । ਨੇਤਰ ਦਰਸ ਅੰਮ੍ਰਿਤ ਆਤਮ ਪੀਆ ਰੱਜ, ਦੋ ਜਹਾਨੀ ਤ੍ਰਿਸ਼ਨ ਮਿਟਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਲਹਿਣਾ ਦੇਣਾ ਮੂਲ ਚੁਕਾ ਰਿਹਾ । ਲਹਿਣਾ ਦੇਣਾ ਪ੍ਰਭ ਚਰਨ ਦਵਾਰ, ਆਦਿ ਅੰਤ ਰਖਾਇੰਦਾ । ਕੋਟਨ ਕੋਟੀ ਕੋਟ ਰਹੇ ਉਚਾਰ ਵਿਚਾਰ, ਪ੍ਰਭ ਦਰਸ਼ਨ ਕੋਇ ਨਾ ਪਾਇੰਦਾ । ਗੁਰਮੁਖ ਗੁਰਸਿਖ ਵਿਰਲਾ ਪਰਾਨੀ ਪਰਾਨ ਅਧਾਰ, ਪਰਮ ਪੁਰਖ ਪਦ ਸਾਚਾ ਪਾਇੰਦਾ । ਆਪੇ ਬਖ਼ਸ਼ੇ ਬਖ਼ਸ਼ਣਹਾਰ, ਜੁਗ ਜੁਗ ਭੇਖ ਵਟਾਇੰਦਾ । ਕਾਇਆ ਕੂੜ ਕੁੜਿਆਰਾ ਕਪੜ ਤਨ ਉਤਾਰ, ਬ੍ਰਹਮ ਪਾਰਬ੍ਰਹਮ ਮੇਲ ਮਿਲਾਇੰਦਾ । ਦੂਸਰ ਕੋਈ ਨਾ ਸਕੇ ਅੱਪੜ ਵਿਚ ਸੰਸਾਰ, ਗੁਰ ਗੋਬਿੰਦ ਹੱਥ ਨਾ ਆਇੰਦਾ । ਮਨਮੁਖ ਰੋਵਣ ਧਾਹਾਂ ਮਾਰ, ਨੇਤਰ ਨੀਰ ਵਹਾਇੰਦਾ । ਪ੍ਰਭ ਚਰਨ ਛੁਹਾਏ ਸੀਸ ਸ਼ਿੰਗਾਰ, ਜੋਤੀ ਲੰਬੂ ਏਕਾ ਲਾਇੰਦਾ । ਅਗਨ ਸਗਨ ਕਲ ਏਕਾ ਵਾਰ, ਇਕ ਇਕੱਲਾ
 ਆਪ ਮਨਾਇੰਦਾ । ਭੇਖਾਧਾਰੀ ਭੇਖ ਅਪਾਰ, ਭਗਤ ਵਛਲ ਸਦਾ ਅਖਵਾਇੰਦਾ । ਲੇਖਾ ਲਿਖੇ ਵਿਚ ਸੰਸਾਰ, ਲਿਖਤ ਲੇਖ ਆਪਣੇ ਹੱਥ ਰਖਾਇੰਦਾ । ਹਰਿਜਨ ੧੧੫
ਸਾਚੇ ਆਪੇ ਵੇਖ, ਆਪ ਆਪਣੇ ਦਰ ਬਹਾਇੰਦਾ । ਦਾਤਾ ਦਾਨੀ ਦਸ ਦਸਮੇਸ਼, ਦਹਿ ਦਿਸ਼ਾ ਵੇਖ ਵਖਾਇੰਦਾ । ਥਿਰ ਘਰ ਬੈਠ ਨਰ ਨਰੇਸ਼, ਨਿਰਗੁਣ ਖੇਲ ਖਿਲਾਇੰਦਾ । ਸਰਗੁਣ ਮੇਲ ਸਦਾ ਹਮੇਸ਼, ਵਿਛੜ ਕਦੇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅੰਤਮ ਅੰਤ ਨਾਰੀ ਕੰਤ ਸਾਜਨ ਸੰਤ ਸਤਿ ਪੁਰਖ ਨਿਰੰਜਣ ਆਦਿ ਅਬਿਨਾਸ਼ੀ ਜੋਤ ਸਰੂਪ ਘਨਕਪੁਰ ਵਾਸੀ ਦਰ ਘਰ ਵਰ ਹਰਿ ਏਕਾ ਏਕ ਸੁਹਾਇੰਦਾ । ਸੁਲਖਣੀ ਮਾਤ ਪੂਤ ਸਪੂਤਾ ਜਾਇਆ, ਮਿਲੇ ਮੇਲ ਹਰਿ ਪੁਰਖ ਬਿਧਾਤ । ਚਾਰੇ ਕੁੰਟਾਂ ਵੇਖ ਵਖਾਇਆ, ਲੱਖ ਚੁਰਾਸੀ ਰੈਣ ਅੰਧੇਰੀ ਰਾਤ । ਹਰਿ ਦਰਸੀ ਦਰਸ ਦਿਖਾਇਆ, ਜਨ ਹਰਿ ਬਣਾਏ ਪਾਰਜ਼ਾਤ । ਮਾਨਸ ਮਾਨੁਖ ਲੇਖੇ ਲਾਇਆ, ਅੰਤਮ ਵੇਲੇ ਪੁੱਛੇ ਬਾਤ । ਉਲਟਾ ਬਿਰਖ ਗਰਭ ਟਿਕਾਇਆ, ਲੇਖੇ ਲਾਏ ਦਸ ਦਸ ਮਾਸ । ਸਾਸ ਗਰਾਸ ਜੋ ਪੀਆ ਖਾਇਆ, ਨਿਜ ਘਰ ਆਪਣੇ ਕੀਆ ਵਾਸ । ਨਾ ਮਰੇ ਨਾ ਆਇਆ ਜਾਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪਰਾਨੀ ਪਰਾਨ ਪਤ ਅਧਾਰ, ਪਰਮ ਪੁਰਖ ਪਦ ਪਾਇਆ ।

## ❊ ੧੧ ਮੱਘਰ ੨੦੧੪ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❊

ਜੁਗ ਕਰਤਾ ਜਗ ਆਪ ਹਰਿ, ਹਰਿ ਹਰਿ ਰਚਨ ਰਚਾਈਆ । ਸ੍ਰਿਸ਼ਟ ਸਬਾਈ ਖੋਲ੍ਹ ਦਰ, ਲੱਖ ਚੁਰਾਸੀ ਡੇਰਾ ਲਾਈਆ । ਵੇਖ ਵਖਾਏ ਨਾਰੀ ਨਰ, ਨਰ ਨਰਾਇਣ ਰੂਪ ਸਮਾਈਆ । ਆਪ ਆਪਣੀ ਕਰਨੀ ਰਿਹਾ ਕਰ, ਭੇਵ ਕੋਈ ਨਾ ਪਾਈਆ । ਬ੍ਰਹਮਾ ਵਿਸ਼ਨ ਸ਼ਿਵ ਮੰਗਣ ਦਰ, ਦੋਏ ਜੋੜ ਸੀਸ ਝੁਕਾਈਆ ।

ਅਬਿਨਾਸ਼ੀ ਕਰਤਾ ਨਾ ਜਨਮੇ ਨਾ ਜਾਏ ਮਰ, ਖੇਲੇ ਖੇਲ ਹਰ ਘਟ ਥਾਈਆ । ਜਗਤ ਜੋਗ ਜੁਗ ਆਪਣਾ ਕਰ, ਜਗ ਵਿਦਿਆ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਖ ਵਟਾਈਆ । ਜੁਗ ਦਾਤਾ ਹਰਿ ਨਿਰੰਕਾਰ, ਜੁਗ ਜੁਗ ਵੇਸ ਵਟਾਇਆ । ਲੋਕਮਾਤ ਲੈ ਅਵਤਾਰ, ਆਪ ਆਪਣਾ ਕਰਮ ਕਮਾਇਆ । ਖੇਲੇ ਖੇਲ ਵਿਚ ਸੰਸਾਰ, ਖੇਲਣਹਾਰ ਦਿਸ ਨਾ ਆਇਆ । ਜੋਤ ਨਿਰੰਜਣ ਕਰ ਉਜਿਆਰ, ਅੰਦਰ ਮੰਦਰ ਡੇਰਾ ਲਾਇਆ । ਆਪੇ ਕਰੇ ਬੰਦ ਕਿਵਾੜ, ਖੋਲ੍ਹਣਹਾਰ ਆਪ ਹੋ ਆਇਆ । ਵੇਖ ਵਖਾਏ ਜੰਗਲ ਜੂਹ ਉਜਾੜ ਪਹਾੜ, ਉਚੇ ਟਿੱਲੇ ਫੋਲ ਫੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਖੇਲਣਹਾਰ, ਜਗ ਆਪਣਾ ਖੇਲ ਖਲਾਇਆ । ਜਗ ਖੇਲਣਹਾਰ ਹਰਿ ਸਮਰਥਾ, ਸਰਬ ਕਲਾ ਸਮਾਈਆ । ਆਪ ਚਲਾਏ ਆਪਣਾ ਰਥਾ, ਰਥ ਰਥਵਾਹੀ ਹਰਿ ਰਘੁਰਾਈਆ । ਆਪੇ ਜਾਣੇ ਆਪਣੀ ਕਥਾ, ਵੇਦ ਕਿਤੇਬ ਖਾਣੀ ਬਾਣੀ ਸੇਵਾ ਲਾਈਆ । ਜੁਗ ਜੁਗ ਜਗਤ ਚਲਾਏ ਸਾਚੀ ਗਾਥਾ, ਨਾਮ ਵਿਦਿਆ ਇਕ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਮੇਲਾ ਜਗ ਮੇਲ ਮਿਲਾਈਆ । ਮੇਲਣਹਾਰ ਹਰਿ ਨਿਹਕਰਮਾ, ਕਰਮੀ ਕਰਮ ਕਮਾਇਆ । ਜਾਣੇ ਜਣਾਏ ਧਰਮੀ ਧਰਮਾ, ਧਰਮ ਕਰਮ ਆਪਣੇ ਹੱਥ ਰਖਾਇਆ । ਆਪ ਵਟਾਏ ਵਰਨੀ ਵਰਨਾ, ਜ਼ਾਤ ਪਾਤ ਭੇਵ ਨਾ ਰਾਇਆ । ਲੱਖ ਚੁਰਾਸੀ ਏਕਾ ਸਰਨਾ, ਹਰਿ ਹਰਿ ਰੂਪ ਸਮਾਇਆ । ਇਕ ਖੁਲ੍ਹਾਏ ਸਾਚਾ ਦਰਨਾ, ਦੀਪ ਲੋਅ ਪਾਤਾਲ ਆਕਾਸ਼ ਏਕਾ ਰੰਗ ਰੰਗਾਇਆ । ਕਰੋੜ ਤੇਤੀਸਾ ਦਰ ਦਵਾਰੇ ਢਹਿ ਪਏ ਪ੍ਰਭ ਸਾਚੀ ਸਰਨਾ, ਨੇਤਰ ਨੈਣੀ ਨੀਰ ਵਹਾਇਆ । ਪੰਖੀ ਪੰਛੀ ਤਰਵਰ ਸਰਵਰ ਹਰਿ ਹਰਿ ਭਾਣਾ ਸਿਰ ਤੇ ਜਰਨਾ, ਹਰਿਜਨ ਭਾਣੇ ਵਿਚ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਜਗ ਆਪ ਪ੍ਰਭ, ਆਪ ਆਪਣਾ ਖੇਲ ਖਿਲਾਇਆ । ਜਗ ਜੀਵਣ ਜਗ ਜਾਗਿਆ, ਜਾਗਰਤ ਜੋਤ ਜਗਾਈਆ । ਨਾਮ ਸ਼ਬਦ ਇਕ ਅਨਰਾਗਿਆ, ਰਾਗ ਰਾਗਨੀ ਭੇਵ ਨਾ ਪਾਈਆ । ਏਕਾ ਮੰਦਰ ਏਕਾ ਅੰਦਰ ਏਕਾ ਧੁਨ ਏਕਾ ਸ਼ਬਦ ਵਜਾਏ ਸਾਚਾ ਵਾਜਿਆ, ਤਾਲ ਆਪਣੇ ਹੱਥ ਰਖਾਈਆ । ਏਕਾ ਨਾਦ ਇਕ ਬ੍ਰਹਿਮਾਦ ਏਕਾ ਹਰਿ ਹਰਿ ਗਾਜਿਆ, ਤ੍ਰੈਲੋਕ ਕਰੇ ਜਣਾਈਆ । ਦੋ ਜਹਾਨੀ ਦਰ ਦਰਵੇਸ਼ਾ ਦਿਵਸ ਰੈਣ ਫਿਰੇ ਭਾਜਿਆ, ਪਾਰਬ੍ਰਹਮ ਵਡ ਵਡਿਆਈਆ । ਚਾਰ ਜੁਗ ਤੇਰਾ ਰਚਿਆ ਕਾਜਿਆ, ਕਲਜੁਗ ਅੰਤ ਕਰੇ ਕੁੜਮਾਈਆ । ਲੱਖ ਚੁਰਾਸੀ ਦੇਵੇ ਦਾਜਿਆ, ਨੌਂ ਖੰਡ ਪ੍ਰਿਥਮੀ ਸਗਨ ਮਨਾਈਆ । ਬ੍ਰਹਮਾ ਵਿਸ਼ਨ ਸ਼ਿਵ ਮਾਰੇ ਆਵਾਜ਼ਿਆ, ਧਰਤ ਮਾਤ ਵੇਖ ਵਖਾਈਆ । ਕਰੋੜ ਤੇਤੀਸਾ ਬੈਠਾ ਇਕ ਜਹਾਜਿਆ, ਆਪ ਚਲਾਏ ਬੇਪਰਵਾਹੀਆ । ਭਗਤ ਜਨਾਂ ਹਰਿ ਰੱਖੇ ਲਾਜਿਆ, ਏਕਾ ਵਿਦਿਆ ਨਾਮ ਪੜ੍ਹਾਈਆ । ਆਪੇ ਸੋਇਆ ਆਪੇ ਜਾਗਿਆ, ਆਲਸ ਨਿੰਦਰਾ ਵਿਚ ਨਾ ਆਈਆ । ਹਰਿਜਨ ਹੰਸ ਬਣਾਏ ਕਾਗਿਆ, ਏਕਾ ਸਾਚੀ ਚੋਗ ਚੁਗਾਈਆ । ਮੇਟ ਮਿਟਾਏ ਰਾਜਨ ਰਾਜਿਆ, ਸ਼ਾਹ ਸੁਲਤਾਨ ਆਪ ਅਖਵਾਈਆ । ਭੇਖ ਵਟਾਏ ਦੇਸਨ ਮਾੜਿਆ, ਸੂਰਬੀਰ ਆਪ ਹੋ ਜਾਈਆ । ਕਲਜੁਗ ਤੇਰੀ ਅੰਤਮ ਰੱਖੇ ਲਾਜਿਆ, ਨਿਹਕਲੰਕਾ ਨਾਉਂ ਰਖਾਈਆ । ਗੁਰ ਗੋਬਿੰਦੇ ਪੜਦਾ ਕਾਜਿਆ, ਗੋਬਿੰਦ ਗੜ੍ਹ ਸੁਹਾਈਆ । ਸੰਗ ਮੁਹੰਮਦ ਚਾਰ ਯਾਰ ਕਰੇ ਏਕਾ ਹਾਜਿਆ, ਮੱਕਾ ਕਾਅਬਾ ਦਏ ਦੁਹਾਈਆ । ਅੰਦਰ ਮੰਦਰ ਫਿਰੇ ਭਾਜਿਆ, ਮਠ ਸ਼ਿਵਦਵਾਲਾ ਦਏ ਦੁਹਾਈਆ । ਵਰਨ ਬਰਨ ਹਰਿ ਸਾਚੇ ਸਾਜਨ ਸਾਜਿਆ, ਕਲਜੁਗ ਅੰਤਮ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਰਚਨਾ ਜਗ ਆਪ ਕਰ, ਵੇਖਣਹਾਰ ਆਪ ਅਖਵਾਈਆ । ਵੇਖਣਹਾਰ ਹਰਿ ਕਰਤਾਰ, ਹਰਿ ਹਰਿ ਰੰਗ ਸਮਾਇਆ । ਕਲਜੁਗ ਅੰਤਮ ਲਏ ਅਵਤਾਰ, ਵਰਨਾਂ ਬਰਨਾਂ ਮੇਟ ਮਿਟਾਇਆ । ਰਾਓ ਰੰਕਾਂ ਇਕ ਪਿਆਰ, ਏਕਾ ਨਾਮ ਜਪਾਇਆ । ਏਕਾ ਖੰਡਾ ਤੇਜ ਕਟਾਰ, ਏਕਾ ਤਨ ਪਹਿਨਾਇਆ । ਏਕਾ ਅੰਮ੍ਰਿਤ ਆਤਮ

ਧਾਰ, ਨਿਝਰ ਰਸ ਮੁਖ ਚੁਆਇਆ । ਏਕਾ ਰੂਪ ਅਗੰਮ ਅਪਾਰ, ਏਕਾ ਰਾਮ ਅਖਵਾਇਆ । ਏਕਾ ਸ਼ਬਦ ਕਰ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਕਰਤਾ ਜਗ ਵੇਸ ਹਰਿ, ਹਰਿ ਹਰਿ ਆਪ ਕਰਾਇਆ । ਹਰਿ ਨਾਮਾ ਜਗ ਰੱਤੜਾ, ਜੁਗ ਜੁਗ ਖੇਲ ਖਿਲਾਏ । ਆਪੇ ਦੇ ਸਮਝਾਏ ਮਤੜਾ, ਗੁਰ ਸ਼ਬਦੀ ਸ਼ਬਦ ਜਣਾਏ । ਸਤਿਗੁਰ ਸਾਜਣ ਮੀਤ ਸਰਨ ਸਰਨਾਈ ਹਰਿ ਪ੍ਰਭ ਢੱਠੜਾ, ਮਾਰਗ ਏਕਾ ਏਕ ਵਖਾਏ । ਲੇਖਾ ਲੇਖ ਵਖਾਏ ਅੱਠ ਸਠੜਾ, ਲਹਿਣਾ ਦੇਣਾ ਮੂਲ ਚੁਕਾਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਨੈਣਾ ਜਗ ਮੁਖੜਾ ਰਸਨਾ ਹਰਿ ਹਰਿ ਨਾਮ ਧਿਆਏ । ਨਾਮ ਰਸ ਹਰਿ ਹਰਿ ਮੀਠਾ, ਏਕਾ ਏਕ ਰਖਾਇਆ । ਜਨ ਭਗਤਾਂ ਦੇਵੇ ਜਗਤ ਜੁਗ ਅਨਡੀਠਾ, ਦਿਸ ਕਿਸੇ ਨਾ ਆਇਆ । ਤ੍ਰੈਗੁਣ ਮਾਇਆ ਤਪੇ ਅੰਗੀਠਾ, ਪ੍ਰਭ ਸਾਚੇ ਆਪ ਤਪਾਇਆ । ਮਨਮੁਖ ਜੀਵ ਕੌੜਾ ਰੀਠਾ, ਅੰਤਮ ਭੰਨ ਵਖਾਇਆ । ਹਰਿਜਨ ਮੇਲਾ ਸਾਚੇ ਮੀਤਾ, ਮੇਲਣਹਾਰ ਆਪ ਅਖਵਾਇਆ । ਵੇਖ ਵਖਾਏ ਵੇਦੀ ਬੇਦੀ ਅਠਾਰਾਂ ਧਿਆਏ ਗੀਤਾ, ਨੇਤਨ ਨੇਤਾ ਭੇਵ ਵਟਾਇਆ । ਗਾਵਤ ਗਾਏ ਰਾਮ ਸੀਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੋਤੀ ਜਗ ਕਰ ਪਰਕਾਸ਼, ਅਗਿਆਨ ਅੰਧੇਰ ਮਿਟਾਇਆ । ਹਰਿ ਜੋਤੀ ਨੂਰ ਹਰਿ ਪਰਕਾਸ਼, ਹਰਿ ਹਰਿ ਜੋਤ ਜਗਾਈਆ । ਆਦਿ ਪੁਰਖ ਸਦਾ ਅਬਿਨਾਸ਼, ਪ੍ਰਭ ਆਪ ਅਖਵਾਈਆ । ਜੁਗ ਜੁਗ ਹੋਇਆ ਜਨ ਦਾਸ, ਦਾਸਨ ਦਾਸੀ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਰੱਖਿਆ ਵਾਸ, ਵਾਸ ਨਿਵਾਸਾ ਸਹਿਜ ਸੁਖਦਾਈਆ । ਰਾਮਾ ਰਾਮ ਵਿਚ ਪਰਭਾਸ, ਬੈਠਾ ਆਸਣ ਲਾਈਆ । ਕਾਹਨਾ ਕ੍ਰਿਸ਼ਨਾ ਪ੍ਰਿਥਮੀ ਆਕਾਸ਼, ਏਕਾ ਰੰਗ ਰੰਗਾਈਆ । ਕਲਜੁਗ ਅੰਤਮ ਕਰ ਪਰਕਾਸ਼, ਪਾਰਬ੍ਰਹਮ ਅਖਵਾਈਆ । ਲੱਖ ਚੁਰਾਸੀ ਵੇਖੇ ਸਾਸ ਗਰਾਸ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੋਗ ਆਪ ਧਰ, ਆਪੇ ਮੇਟ ਮਿਟਾਈਆ । ਜਗ ਜਨਣੀ ਜਗ ਜਾਣ, ਹਰਿ ਹਰਿ ਹਰਿ ਆਪ ਉਪਾਇਆ । ਆਪੇ ਘੜੇ ਆਪੇ ਦਏ ਭੰਨ, ਘੜਨ ਭੰਨਣਹਾਰ ਆਪ ਅਖਵਾਇਆ । ਜੁਗ ਜੁਗ ਦੇਵਣਹਾਰਾ ਡੰਨ, ਲੇਖਾ ਲੇਖ ਵੇਖ ਵਖਾਇਆ । ਵੇਖ ਵਖਾਏ ਬੁਧ ਮਤ ਮਨ, ਬ੍ਰਹਮ ਪਾਰਬ੍ਰਹਮ ਭੇਵ ਨਾ ਰਾਇਆ । ਸੁਣੇ ਸੁਣਾਏ ਰਾਗ ਕੰਨ, ਰਾਗ ਅਨਾਦੀ ਭੇਵ ਛੁਪਾਇਆ । ਤਾਰਾ ਮੰਡਲ ਵੇਖੇ ਰਵ ਸਸ ਸੂਰਜ ਚੰਨ, ਧਰਤ ਧਵਲ ਸੁਹਾਇਆ । ਪੰਚ ਵਿਕਾਰਾ ਜਗਤ ਮਾਲ ਧੰਨ, ਜੂਠ ਝੂਠ ਭੰਡਾਰ ਭਰਾਇਆ । ਕਾਇਆ ਝੂਠੀ ਛਪਰੀ ਛੰਨ, ਥਿਰ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਇਆ । ਕਲਜੁਗ ਅੰਤਮ ਹਰਿ ਨਿਰੰਕਾਰ, ਹਰਿ ਹਰਿ ਜੋਤ ਜਗਾਈਆ । ਹਰਿ ਹਰਿ ਜੋਤੀ ਰੂਪ ਅਪਾਰ, ਹਰਿ ਹਰਿ ਵੇਖ ਵਖਾਈਆ । ਸ਼ਬਦੀ ਸ਼ਬਦ ਜੈ ਜੈ ਜੈਕਾਰ, ਨਾਦੀ ਧੁਨ ਵਜਾਈਆ । ਆਦਿ ਜੁਗਾਦੀ ਏਕਾ ਕਾਰ, ਕਰਤਾ ਪੁਰਖ ਕਰਾਈਆ । ਬ੍ਰਹਮ ਬ੍ਰਹਿਮਾਦੀ ਵੇਖ ਵਿਚਾਰ, ਮੋਹਣ ਮਾਧਵ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਆਪਣਾ ਵੇਖ ਵਖਾਈਆ । ਜੁਗ ਵੇਖਣਹਾਰਾ ਹਰਿ ਦਾਤਾਰਾ, ਹਰਿ ਹਰਿ ਰੰਗ ਸਮਾਇਆ । ਪਰਗਟ ਹੋਏ ਵਿਚ ਸੰਸਾਰਾ, ਆਪ ਆਪਣਾ ਨਾਉਂ ਉਪਾਇਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਕਲਜੁਗ ਵੇਲਾ ਅੰਤਮ ਆਇਆ । ਨਿਹਕਲੰਕ ਲਏ ਅਵਤਾਰਾ, ਗੁਰ ਗੋਬਿੰਦ ਸੰਗ ਨਿਭਾਇਆ । ਨਾਮ ਖੰਡਾ ਤੇਜ ਕਟਾਰਾ, ਤਨ ਗਾਤਰੇ ਆਪ ਲਟਕਾਇਆ । ਅਸਵ ਘੋੜੇ ਹੋ ਅਸਵਾਰਾ, ਪਹਿਲਾ ਪੌੜਾ ਰਿਹਾ ਉਠਾਇਆ । ਵਰਨਾਂ ਬਰਨਾਂ ਮਾਰੇ ਮਾਰਾ, ਊਚ ਨੀਚ ਰਹਿਣ ਨਾ ਪਾਇਆ । ਸਾਚੀ ਸਰਨਾ ਇਕ ਨਿਰੰਕਾਰਾ, ਲੱਖ ਚੁਰਾਸੀ ਰਿਹਾ ਸਮਝਾਇਆ । ਚੌਦਾਂ ਲੋਕਾਂ ਇਕ ਹੁਲਾਰਾ, ਏਕਾ ਨਾਮ ਦ੍ਰਿੜਾਇਆ । ਲੋਕ ਪਰਲੋਕ ਦਏ ਸਹਾਰਾ, ਏਕਾ ਤਾਲ ਵਜਾਇਆ । ਇਕ ਇਕੱਲਾ ਏਕੰਕਾਰਾ, ਏਕਾ ਰੰਗਣ ਰੰਗ ਰੰਗਾਇਆ । ਜੂਠਾ ਝੂਠਾ ਮੇਟ ਪਸਾਰਾ,

੧੧੭

੧੧੮

ਸਚ ਸੁੱਚ ਵਰਤਾਇਆ । ਚਾਰੇ ਵੇਦ ਕਰਨ ਪੁਕਾਰਾ, ਬ੍ਰਹਮਾ ਨੇਤਰ ਨੀਰ ਵਹਾਇਆ । ਵੇਦ ਵਿਆਸਾ ਬਣ ਲਿਖਾਰਾ, ਪੁਰਾਨ ਅਠਾਰਾਂ ਗਿਆ ਜਣਾਇਆ । ਅੰਜੀਲ ਕੁਰਾਨ ਹਾਹਾਕਾਰਾ, ਨਾ ਕੋਈ ਹੋਏ ਸਹਾਇਆ । ਖਾਣੀ ਬਾਣੀ ਕਰੇ ਵਿਚਾਰਾ, ਵਿਚ ਵਿਚੋਲਾ ਹਰਿ ਹਰਿ ਰਾਇਆ । ਕਲਜੁਗ ਅੰਤਮ ਲਏ ਅਵਤਾਰਾ, ਨਿਹਕਲੰਕਾ ਡੰਕ ਵਜਾਇਆ । ਰਾਓ ਰੰਕਾਂ ਕਰੇ ਖ਼ਬਰਦਾਰਾ, ਏਕਾ ਏਕ ਸ਼ਬਦ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਦਾਤਾ ਆਪ ਅਖਵਾਇਆ । ਜੁਗ ਦਾਤਾ ਹਰਿ ਦਾਤਾਰ, ਜੁਗ ਜੁਗ ਬਣਤ ਬਣਾਈਆ । ਸਤਿਜੁਗ ਤ੍ਰੇਤਾ ਸਚ ਵਰਤਾਰ, ਸਮਰਥ ਹੱਥ ਵਡਿਆਈਆ । ਏਕਾ ਮਾਰਗ ਏਕਾ ਧਾਰ, ਏਕਾ ਰਾਹ ਚਲਾਈਆ । ਏਕਾ ਸ਼ਬਦ ਇਕ ਜੈਕਾਰ, ਏਕਾ ਨਾਅਰਾ ਲਾਈਆ । ਏਕਾ ਦਰਸ ਇਕ ਪਿਆਰ, ਏਕਾ ਅੰਗ ਸਮਾਈਆ । ਏਕਾ ਮੇਘ ਬਰਸ ਵਿਚ ਸੰਸਾਰ, ਸੀਤਲ ਸਾਂਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜਗ ਜੀਵਣ ਦਾਤਾ ਜੁਗ ਆਪ ਅਖਵਾਈਆ । ਅੰਮ੍ਰਿਤ ਮੇਘ ਬੂੰਦ ਸਵਾਂਤ, ਹਰਿ ਆਪਣੀ ਆਪ ਵਰਤਾਇੰਦਾ । ਖੇਲੇ ਖੇਲ ਇਕ ਇਕਾਂਤ, ਅਕਲ ਕਲਾ ਵਰਤਾਇੰਦਾ । ਕਲਜੁਗ ਅੰਤਮ ਮੇਟੇ ਰੈਣ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚੜ੍ਹਾਇੰਦਾ । ਗੁਰਮੁਖਾਂ ਬਣਾਏ ਸਚ ਬਰਾਤ, ਸਾਚਾ ਸਿਹਰਾ ਸੀਸ ਗੁੰਦਾਇੰਦਾ । ਲਹਿਣਾ ਦੇਣਾ ਚੁੱਕੇ ਜ਼ਾਤ ਪਾਤ, ਊਚਾਂ ਨੀਚਾਂ ਮੇਟ ਮਿਟਾਇੰਦਾ । ਆਤਮ ਅੰਤਰ ਵੇਖੇ ਮਾਰ ਝਾਤ, ਸਾਚਾ ਮੰਦਰ ਇਕ ਸੁਹਾਇੰਦਾ । ਆਪੇ ਪੁੱਛਣਹਾਰਾ ਵਾਤ, ਹਰਿਜਨ ਮੇਲ ਮਿਲਾਇੰਦਾ । ਆਪੇ ਦੇਵਣਹਾਰਾ ਦਾਤ, ਹਰਿਜਨ ਝੋਲੀ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਰੰਗ ਰੰਗਾਇੰਦਾ । ਰੰਗ ਰੱਤੜਾ ਹਰਿ ਚਲੂਲ, ਕਾਇਆ ਚੋਲੀ ਰਤੀਆ । ਗੁਰਮੁਖ ਆਤਮ ਸੇਜਾ ਬਰਖੇ ਫੂਲ, ਹਰਿ ਮੇਲਾ ਕਮਲਾਪਤੀਆ । ਸ਼ਬਦ ਸਿੰਘਾਸਣ ਨਾ ਕੋਈ ਪਾਵਾ ਦਿਸੇ ਚੂਲ, ਹਰਿ ਬੈਠਾ ਸ਼ਾਹੋ ਰੰਗ ਰਤੀਆ । ਨਾਰੀ ਮੇਲਾ ਕੰਤ ਕੰਤੂਹਲ, ਦਰ ਦਵਾਰੇ ਸਾਜਣ ਸਤੀਆ । ਜੁਗ ਜੁਗ ਜਾਣੇ ਲਹਿਣਾ ਦੇਣਾ ਪਿਛਲਾ ਮੂਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਵੇਖੇ ਤੇਰੀ ਹੱਟੀਆ । ਕਲਜੁਗ ਤੇਰਾ ਹੱਟ ਪਸਾਰ, ਚਾਰੋਂ ਕੁੰਟ ਕਰੇ ਰੁਸ਼ਨਾਈਆ । ਜੂਠ ਝੂਠ ਵਣਜ ਵਪਾਰ, ਲੱਖ ਚੁਰਾਸੀ ਰਿਹਾ ਕਰਾਈਆ । ਮਾਇਆ ਮਮਤਾ ਮੋਹ ਵਿਕਾਰ, ਹਉਮੇ ਹੰਗਤਾ ਸੰਗ ਰਖਾਈਆ । ਕੂੜ ਕੁੜਿਆਰਾ ਤਨ ਸ਼ਿੰਗਾਰ, ਕਾਇਆ ਕੱਪੜ ਤਨ ਹੰਢਾਈਆ । ਮਿਲੇ ਮੇਲ ਨਾ ਕੰਤ ਭਤਾਰ, ਜਗਤ ਦੁਹਾਗਣ ਰਹੀ ਕੁਰਲਾਈਆ । ਗੁਰਮੁਖ ਨਾਰੀ ਰੋਵੇ ਜ਼ਾਰੋ ਜ਼ਾਰ, ਨੇਤਰ ਨੈਣਾਂ ਨੀਰ ਵਹਾਈਆ । ਪ੍ਰਭ ਅਬਿਨਾਸ਼ੀ ਕਿਰਪਾ ਧਾਰ, ਦੇ ਮਤ ਰਿਹਾ ਸਮਝਾਈਆ । ਨੇਤਰ ਨੈਣਾਂ ਕੱਜਲ ਅਪਾਰ, ਨਾਮ ਨਾਮਾ ਰਿਹਾ ਪਾਈਆ । ਸ਼ਬਦ ਚੂੜਾ ਤਨ ਸ਼ਿੰਗਾਰ, ਗੂੜ੍ਹਾ ਰੰਗ ਲਾਲ ਰੰਗਾਈਆ । ਬਸਤਰ ਭੂਸ਼ਨ ਅਪਰ ਅਪਾਰ, ਕਾਇਆ ਚੋਲੀ ਆਪ ਸਜਾਈਆ । ਚਰਨ ਕਵਲ ਹਰਿ ਦੋਏ ਜੋੜ ਕਰੇ ਨਿਮਸਕਾਰ, ਨੇਤਰ ਨੈਣਾ ਦਰਸ਼ਨ ਪਾਈਆ । ਮਿਲੇ ਮੇਲ ਹਰਿ ਮੀਤ ਮੁਰਾਰ, ਜਗ ਜੋਬਨ ਲੇਖੇ ਲਾਈਆ । ਏਕਾ ਮੇਲਾ ਇਕ ਪਿਆਰ, ਏਕਾ ਅੰਕ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਰੀ ਨਰ ਵੇਖ ਵਖਾਈਆ । ਨਾਰੀ ਨਰ ਹਰਿ ਨਰਾਇਣ, ਨਿਜ ਘਰ ਆਤਮ ਵਸਿਆ । ਜਨ ਭਗਤਾਂ ਦਰਸ਼ਨ ਲੋਚਨ ਨੈਣ, ਮੇਟੇ ਰੈਣ ਅੰਧੇਰੀ ਮੱਸਿਆ । ਰਸਨਾ ਕਿਸੇ ਨਾ ਸਕੇ ਕਹਿਣ, ਜਿਸ ਜਨ ਹਿਰਦੇ ਹਰਿ ਰੰਗ ਵਸਿਆ । ਨਾਤਾ ਤੁੱਟੇ ਮਾਤ ਪਿਤ ਭਾਈ ਭੈਣ, ਪ੍ਰਭ ਚਰਨ ਦਵਾਰੇ ਆਏ ਨੱਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦੇਵੇ ਵਰ, ਦਰ ਦਵਾਰਾ ਏਕਾ ਵਸਿਆ । ਦਰ ਦਵਾਰਾ ਖੋਲ੍ਹ ਦਰ ਦਰਵਾਜ਼ਾ, ਸਾਚੀ ਜੋਤ ਜਗਾਈਆ । ਦੇਵੇ ਦਰਸ ਗ਼ਰੀਬ ਨਿਵਾਜਾ, ਅਨਹਦ ਤਾਲ ਵਜਾਈਆ । ਆਪ ਰਚਾਇਆ ਹਰਿਜਨ ਕਾਜਾ, ਸਚ ਸਖੀਆਂ ਮੰਗਲ ਗਾਈਆ । ਸ਼ਬਦ ਘੋੜੇ ਚਾੜ੍ਹੇ ਸਾਚੇ ਤਾਜਾ, ਹਰਿ ਸਾਚੀ ਵਾਗ ਗੁੰਦਾਈਆ ।

ਸ਼ਬਦ ਵਿਚੋਲਾ ਫਿਰੇ ਭਾਜਾ, ਆਵੇ ਜਾਵੇ ਫੇਰਾ ਪਾਈਆ । ਹਰਿਜਨ ਸਾਜਨ ਸਾਚਾ ਰਾਜਨ ਰਾਜਾ, ਤਖ਼ਤ ਸੁਲਤਾਨ ਬੈਠਾ ਬੇਪਰਵਾਹੀਆ । ਜੁਗ ਜੁਗ ਰਚਣਹਾਰ ਕਾਜਾ, ਆਪ ਆਪਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰੀ ਸਾਚੀ ਰੀਤੀ, ਨਾ ਕੋਈ ਜਾਣੇ ਮੰਦਰ ਮਸੀਤੀ, ਗੁਰ ਮੰਦਰ ਗੁਰ ਦਰ ਬੈਠੇ ਨਾ ਆਸਣ ਲਾਈਆ । ਸਤਿਜੁਗ ਤੇਰੀ ਸਾਚੀ ਰੀਤ, ਪ੍ਰਭ ਸਾਚਾ ਆਪ ਚਲਾਇੰਦਾ । ਨਾ ਕੋਈ ਦਿਹੁਰਾ ਮੰਦਰ ਮਸੀਤ, ਗੁਰੂਦਵਾਰਾ ਨਾ ਕੋਈ ਰਖਾਇੰਦਾ । ਛੱਤੀ ਰਾਗ ਨਾ ਗਾਏ ਗੀਤ, ਅੱਲਾ ਹੂ ਨਾ ਨਾਅਰਾ ਲਾਇੰਦਾ । ਰਾਧਾ ਕ੍ਰਿਸ਼ਨ ਨਾ ਰਾਮਾ ਸੀਤ, ਦੇਵ ਜਵਾਲਾ ਨਾ ਕੋਈ ਮਨਾਇੰਦਾ । ਆਪੇ ਜਾਣੇ ਆਪਣਾ ਮਾਰਗ ਹਰਿ ਮਿਹਰਵਾਨ ਅਨਡੀਠ, ਆਪ ਆਪਣੀ ਰਚਨ ਰਚਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਬੀਠਲਾ ਬੀਠ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰਾ ਸਾਚਾ ਰਾਹ, ਗੁਰ ਗੋਬਿੰਦ ਬਣ ਮਲਾਹ ਸ਼ਬਦੀ ਸ਼ਬਦ ਦਏ ਸਲਾਹ, ਜੋਤੀ ਜੋਤ ਜਗਾਇੰਦਾ । ਸ਼ਬਦੀ ਸ਼ਬਦ ਹਰਿ ਬਲਵਾਨਾ, ਏਕਾ ਕਲ ਵਰਤਾਇੰਦਾ । ਸੁਰਤ ਸਵਾਣੀ ਬੰਨ੍ਹੇ ਗਾਨਾ, ਏਕਾ ਸਗਨ ਮਨਾਇੰਦਾ । ਪਾਏ ਵਰ ਗੁਣ ਨਿਧਾਨਾ, ਵਿਛੜ ਕਦੇ ਨਾ ਜਾਇੰਦਾ । ਆਦਿ ਜੁਗਾਦੀ ਨੌਜਵਾਨਾ, ਬਿਰਧ ਬਾਲ ਨਾ ਕੋਈ ਉਪਾਇੰਦਾ । ਏਕਾ ਚਿੱਲਾ ਤੀਰ ਕਮਾਨਾ, ਜੋਧਾ ਸੂਰਬੀਰ ਆਪ ਅਖਵਾਇੰਦਾ । ਏਕਾ ਸ਼ਸਤਰ ਤਨ ਸਜਾਨਾ, ਏਕਾ ਬਸਤਰ ਆਪ ਹੰਢਾਇੰਦਾ । ਲੱਖ ਚੁਰਾਸੀ ਤੋੜੇ ਮਾਣ ਅਭਿਮਾਨਾ, ਗੜ੍ਹ ਹੰਕਾਰੀ ਰਹਿਣ ਨਾ ਪਾਇੰਦਾ । ਏਕਾ ਮਾਰੇ ਸਚ ਨਿਸ਼ਾਨਾ, ਤੀਰ ਨਿਰਾਲਾ ਆਪ ਚਲਾਇੰਦਾ । ਖੇਲੇ ਖੇਲ ਗੋਪੀ ਕਾਹਨਾ, ਰਾਮ ਰਮਈਆ ਆਪ ਹੋ ਜਾਇੰਦਾ । ਪੁਰਖ ਅਕਾਲਾ ਹਰਿ ਸੁਲਤਾਨਾ, ਸਾਚੇ ਤਖ਼ਤ ਸੁਹਾਇੰਦਾ । ਗੁਰਮੁਖਾਂ ਦੇਵੇ ਧੁਰ ਫ਼ਰਮਾਨਾ, ਬੋਧ ਅਗਾਧੀ ਸ਼ਬਦ ਜਣਾਇੰਦਾ । ਏਕਾ ਰਾਗ ਇਕ ਤਰਾਨਾ, ਏਕਾ ਨਾਦ ਵਜਾਇੰਦਾ । ਸਾਚਾ ਮੰਗਲ ਵਰ ਘਰ ਸਾਚੇ ਗਾਣਾ, ਹਰਿ ਸਾਚਾ ਆਪ ਸੁਣਾਇੰਦਾ । ਉਠੇ ਮਰਦ ਜਨ ਮਰਦਾਨਾ, ਗੋਬਿੰਦ ਮੇਲਾ ਮੇਲ ਮਿਲਾਇੰਦਾ । ਕਲਜੁਗ ਤੇਰਾ ਵਰਤੇ ਭਾਣਾ, ਲੋਕਮਾਤ ਨਾ ਕੋਈ ਸੁਣਾਇੰਦਾ । ਸਤਿਜੁਗ ਪਰਖੇ ਵਿਚ ਜਹਾਨਾਂ, ਹਰਿ ਸਾਚਾ ਮਾਤ ਧਰਾਇੰਦਾ । ਏਕਾ ਦੇਵੇ ਗੁਣ ਨਿਧਾਨਾ, ਗੁਣਵੰਤਾ ਝੋਲੀ ਪਾਇੰਦਾ । ਚਾਰ ਵਰਨ ਇਕ ਦਰ ਬਹਾਨਾ, ਏਕਾ ਰਾਹ ਵਖਾਇੰਦਾ । ਮੁੱਲਾ ਸ਼ੇਖ਼ ਮੁਸਾਇਕ ਪੀਰ ਦਸਤਗੀਰ ਕੋਈ ਦਿਸ ਨਾ ਆਣਾ, ਹੱਕ ਹਕੀਕਤ ਇਕ ਜਣਾਇੰਦਾ । ਰੋਜ਼ਾ ਬਾਂਗ ਨਾ ਕੋਈ ਅਲ੍ਹਾਣਾ, ਹੱਥ ਮੁਸੱਲਾ ਨਾ ਕੋਈ ਉਠਾਇੰਦਾ । ਜਗਤ ਨਕਾਹ ਨਾ ਕਿਸੇ ਕਰਾਣਾ, ਸ਼ਰਅ ਸ਼ਰਾਇਤ ਨਾ ਕੋਈ ਜਣਾਇੰਦਾ । ਪੰਡਤ ਪਾਧਾਂ ਵੇਖੇ ਮਾਰ ਧਿਆਨਾ, ਮੱਥੇ ਤਿਲਕ ਨਾ ਲਗਾਨਾ, ਵੇਦੀ ਨਾ ਗੱਡੇ ਕੋਈ ਕਾਨਾ, ਨਾ ਕੋਈ ਚਾਰ ਕੁੰਟ ਜਣਾਇੰਦਾ । ਖੇਲੇ ਖੇਲ ਸ੍ਰੀ ਭਗਵਾਨਾ, ਜੁਗ ਜੁਗ ਆਪਣੀ ਬਣਤ ਬਣਾਇੰਦਾ । ਆਪੇ ਜਾਣੇ ਆਪਣਾ ਭਾਣਾ, ਹਰਿ ਭਾਣੇ ਵਿਚ ਸਮਾਇੰਦਾ । ਗੁੰਬੀ ਪੰਬੀ ਹੋਏ ਹੈਰਾਨਾ, ਹਰਿ ਏਕਾ ਬਾਣ ਚਲਾਇੰਦਾ । ਚਾਰ ਕੁੰਟ ਚਾਰ ਚੌਫੇਰ ਨਾ ਕਿਸੇ ਫਿਰਾਨਾ, ਨਾ ਕੋਈ ਸੀਸ ਝੁਕਾਇੰਦਾ । ਚੌਥੇ ਘਰ ਪਾਇਆ ਪਦ ਨਿਰਬਾਨਾ, ਪੁਰਖ ਅਬਿਨਾਸ਼ੀ ਮੇਲ ਮਿਲਾਇੰਦਾ । ਸਾਚੀ ਲਾਂਵ ਕਰ ਪਰਵਾਨਾ, ਸਾਚੇ ਲੜ ਬੰਧਾਇੰਦਾ । ਮਨਮੁਖ ਭੁੱਲੇ ਜੀਵ ਨਾਦਾਨਾ, ਭੇਵ ਕੋਈ ਨਾ ਪਾਇੰਦਾ । ਮਿਲਿਆ ਪੁਰਖ ਨਾ ਹਰਿ ਸੁਲਤਾਨਾ, ਥਿਰ ਘਰ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਖੋਲ੍ਹੇ ਸਾਚਾ ਦਰ, ਸੋਲਾਂ ਸੋਲਾਂ ਸੋਲਾਂ ਧਾਰ ਵਹਾਇੰਦਾ । ਹਾੜ ਸਤਾਰਾਂ ਬੰਨ੍ਹੇ ਧਾਰ, ਸੰਮਤ ਸੋਲਾਂ ਹਰਿ ਰਘੁਨਾਥਿਆ । ਗੋਬਿੰਦ ਗੁਰਸਿਖ ਕਰਮ ਵਿਚਾਰ, ਆਪ ਨਿਭਾਏ ਸਗਲਾ ਸਾਥਿਆ । ਕਿਰਿਆ ਕਰਮ ਕਿਰਤ ਜਗ ਦਏ ਨਿਵਾਰ, ਸਾਚਾ ਤਿਲਕ ਲਗਾਏ ਮਸਤਕ ਮਾਥਿਆ । ਜੋੜੀ ਜੋੜ ਵਿਚ ਸੰਸਾਰ, ਨਾਮ ਚੜ੍ਹਾਏ ਸਾਚੇ ਰਾਥਿਆ । ਮਰੇ ਨਾ ਡੁੱਬੇ ਕਲਜੁਗ ਧਾਰ, ਪਾਰ ਕਰਾਏ ਹਰਿ ਰਘੁਨਾਥਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਬਦ ਜਣਾਈ ਅਕਥਨਾ ਅਕਾਥਿਆ । ਅਕੱਥ ਕਥਾ ਕਰਤਾਰ, ਜੁਗ ਜੁਗ ਆਪ ਕਰਾਈਆ । ਸਤਿਜੁਗ ਸਾਚੀ ਬੰਨ੍ਹੇ ਧਾਰ, ਕਲਜੁਗ ਮੇਟ ਮਿਟਾਈਆ । ਏਕਾ ਸ਼ਬਦ ਧੁਨ ਜੈ ਜੈ ਜੈਕਾਰ, ਨਾਦੀ ਕੰਤ ਸੁਣਾਈਆ । ਨਾਰੀ ਕੰਤਾ ਇਕ ਪਿਆਰ, ਕਾਇਆ ਚੋਲੀ ਰੰਗ ਬਸੰਤਾ ਇਕ ਚੜ੍ਹਾਈਆ । ਜੀਵ ਜੰਤਾਂ ਹੋਏ ਉਧਾਰ, ਜਗਤ ਵਿਛੋੜਾ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਵਿਛੜੇ ਜਗ ਜੋੜੇ ਨਾਤਾ, ਬਿਧਾਤਾ ਕਰਮ ਧਰਮ ਜਰਮ ਆਪਣੇ ਲੇਖੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਕਰੇ ਸਚ ਕੁੜਮਾਈਆ ।

### ❊ ੧੧ ਮੱਘਰ ੨੦੧੪ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਗ੍ਰਹਿ ਗੁਰਬਖ਼ਸ਼ ਸਿੰਘ ਦੀ ਸ਼ਾਦੀ ਦੇ ਵਿਹਾਰ ਵਾਸਤੇ ਸ਼ਬਦ ਲਿਖਾਏ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❊

ਸਤਿ ਪੁਰਖ ਨਿਰੰਜਣ ਆਪਣੀ ਧਾਰ, ਬ੍ਰਹਿਮੰਡ ਖੰਡ ਚਲਾਇੰਦਾ । ਜੋਤ ਸਰੂਪੀ ਕਰ ਆਕਾਰ, ਸ਼ਬਦੀ ਵੰਡ ਵੰਡਾਇੰਦਾ । ਨਿਰਗੁਣ ਸਰਗੁਣ ਖੇਲ ਅਪਾਰ, ਭੇਵ ਕੋਈ ਨਾ ਪਾਇੰਦਾ । ਲੋਆਂ ਪੁਰੀਆਂ ਪਸਰ ਪਸਾਰ, ਧਰਤ ਧਵਲ ਸੁਹਾਇੰਦਾ । ਆਕਾਸ਼ ਪਰਕਾਸ਼ ਕਰ ਵਿਹਾਰ, ਗਗਨ ਪਾਤਾਲ ਰਹਾਇੰਦਾ । ਬ੍ਰਹਮਾ

ਵਿਸ਼ਨ ਸ਼ਿਵ ਦੇਵਤ ਸੁਰ ਲਏ ਉਭਾਰ, ਰੂਪ ਅਨੂਪ ਵਖਾਇੰਦਾ । ਕਰੋੜ ਤੇਤੀਸਾ ਕਰ ਪੁਕਾਰ, ਸੁਰਪਤ ਸੰਗ ਰਲਾਇੰਦਾ । ਤ੍ਰੈਗੁਣ ਮਾਇਆ ਤਤ ਅਪਾਰ, ਬ੍ਰਹਮੇ ਝੋਲੀ ਪਾਇੰਦਾ । ਪੰਜ ਤਤ ਹਰਿ ਦੇ ਉਧਾਰ, ਰਕਤ ਬੂੰਦ ਅਖਵਾਇੰਦਾ । ਹੱਡ ਮਾਸ ਨਾੜੀ ਰੱਤ ਤਨ ਹਾਡੀ ਜੋੜ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਰਗੁਣ ਮੇਲ ਮਿਲਾਇੰਦਾ । ਮਨ ਮਤ ਬੁਧ ਦੇਵੇ ਵਰ, ਘਰ ਸਾਚਾ ਇਕ ਵਖਾਇੰਦਾ । ਲੋਕਮਾਤੀ ਨੌਂ ਦਰ, ਗ਼ਰੀਬ ਨਿਵਾਜਾ ਆਪ ਅਖਵਾਇੰਦਾ । ਦਸਵੇਂ ਬੈਠਾ ਹਰੀ ਹਰਿ, ਨਰ ਨਰਾਇਣ ਅਖਵਾਇੰਦਾ । ਆਪਣੀ ਕਰਨੀ ਰਿਹਾ ਕਰ, ਕਰਨਹਾਰ ਅਖਵਾਇੰਦਾ । ਸ਼ਬਦ ਗਿਆਨੀ ਸਾਚਾ ਵਰ, ਬ੍ਰਹਮੇ ਝੋਲੀ ਪਾਇੰਦਾ । ਨਾਮ ਜਣਾਈ ਆਪਣੀ ਕਰ, ਚਾਰੇ ਵੇਦ ਲਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬ੍ਰਹਿਮੰਡ ਖੰਡ ਵੇਖ ਵਖਾਇੰਦਾ । ਬ੍ਰਹਿਮੰਡ ਖੰਡ ਹਰਿ ਵੰਡ ਵੰਡਾ, ਆਪਣੀ ਕਲ ਵਰਤਾਈਆ । ਉਤਭੁਜ ਸੇਤਜ ਜੇਰਜ ਅੰਡ ਲਏ ਉਪਾ, ਆਪ ਆਪਣਾ ਵਿਚ ਟਿਕਾਈਆ । ਪਰਮਾਨੰਦ ਜਾਏ ਸਮਾ, ਨਿਜਾਨੰਦ ਦਰਸਾਈਆ । ਮਹੱਲ ਅਟੱਲ ਇਕ ਵਸਾ, ਥਿਰ ਘਰ ਨਾਉਂ ਵਸਾਈਆ । ਆਪੇ ਜਾਣੇ ਆਪਣਾ ਨਾਂ, ਆਪ ਆਪਣਾ ਨਾਉਂ ਉਪਾਈਆ । ਨਿਰਗੁਣ ਨਿਰਵੈਰ ਹਰਿ ਆਪ ਅਖਵਾ, ਨਰ ਹਰਿ ਦਇਆ ਕਮਾਈਆ । ਸਾਚੀ ਰਚਨਾ ਰਿਹਾ ਰਚਾ, ਰਚਨਹਾਰ ਆਪ ਹੋ ਜਾਈਆ । ਲੋਕਮਾਤੀ ਬਣਤ ਬਣਾ, ਵਰਭੰਡੀ ਦਏ ਵਡਿਆਈਆ । ਵਰਭੰਡੀ ਹਰਿ ਜੋਤ ਜਗਾ, ਲੱਖ ਚੁਰਾਸੀ ਦਏ ਵਧਾਈਆ । ਲੱਖ ਚੁਰਾਸੀ ਖੇਲ ਖਿਲਾ, ਹਰਿ ਬੈਠਾ ਭੇਵ ਛੁਪਾਈਆ । ਆਪ ਉਪਾਏ ਆਪੇ ਦਏ ਮਿਟਾ, ਹੱਥ ਕਿਸੇ ਨਾ ਆਈਆ । ਆਪੇ ਕਾਰਜ ਦਏ ਰਚਾ, ਸੰਞ ਸਵੇਰਾ ਇਕ ਬਣਾਈਆ । ਆਪੇ ਹਵਨੀ ਹਵਨ ਦਏ ਕਰਾ, ਆਪੇ ਵੇਦੀ ਰਿਹਾ ਗਡਾਈਆ । ਆਪੇ ਖਾਣੀ ਬਾਣੀ ਦਏ ਸੁਣਾ, ਗ੍ਰੰਥ ਪੰਥ ਰਚਾਈਆ । ਸਾਧ ਸੰਤ ਆਪੇ ਰਿਹਾ ਜਣਾ, ਆਤਮ ਸ਼ਬਦੀ ਵੱਜੇ ਵਧਾਈਆ । ਭੇਖ ਪਖੰਡਾ ਦਏ ਮਿਟਾ, ਜੁਗ ਜੁਗ ਹੱਥ ਰੱਖੇ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਵੇਖੇ ਥਾਉਂ ਥਾਂ, ਆਪ ਆਪਣੀ ਕਰ ਰੁਸ਼ਨਾਈਆ । ਕਲਜੁਗ ਵੇਲਾ ਅੰਤਮ ਗਿਆ

ਆ, ਹਰਿ ਸ਼ਬਦ ਵੱਜੇ ਵਧਾਈਆ । ਨਾਨਕ ਗੋਬਿੰਦ ਗਿਆ ਲਿਖਾ, ਪ੍ਰਭ ਅੱਗੇ ਸੀਸ ਝੁਕਾਈਆ । ਪੁਰਖ ਅਬਿਨਾਸ਼ੀ ਵੇਖੇ ਰਾਹ, ਲੋਕਮਾਤੀ ਫੇਰਾ ਪਾਈਆ । ਸ਼ਬਦ ਸਰੂਪੀ ਬਣ ਮਲਾਹ, ਨਿਰਗੁਣ ਖੇਲ ਕਰੇ ਰਘੁਰਾਈਆ । ਸੰਬਲ ਨਗਰੀ ਭਾਗ ਲਗਾ, ਆਪ ਆਪਣੀ ਧਰਤ ਸੁਹਾਈਆ । ਚਾਰ ਵਰਨਾਂ ਰਿਹਾ ਜਣਾ, ਊਚਾਂ ਨੀਚਾਂ ਇਕ ਸਰਨਾਈਆ । ਰਾਜ ਰਾਜਾਨਾਂ ਗਲ ਪਾਏ ਫਾਹ, ਸ਼ਬਦੀ ਧਾਰੀ ਇਕ ਬੰਧਾਈਆ । ਮੁਸਲਿਮ ਹਿੰਦੂ ਸਿੱਖ ਈਸਾਈ ਏਕਾ ਧਾਮ ਦਏ ਬਹਾ, ਸ਼ਰਅ ਸ਼ਰਾਇਤ ਇਕ ਸੁਣਾਈਆ । ਕਲਮਾ ਨਬੀ ਨਾ ਦੇਵੇ ਕੋਈ ਸੁਣਾ, ਸ਼ਰਅ ਸ਼ਰਾਇਤ ਨਾ ਕੋਈ ਜਣਾਈਆ । ਹੱਕ ਹਕੀਕਤ ਇਕ ਵਖਾ, ਏਕਾ ਨਾਮ ਸੱਚੀ ਪੜ੍ਹਾਈਆ । ਪੰਡਤ ਪਾਂਧਾ ਮਸਤਕ ਤਿਲਕ ਨਾ ਸਕੇ ਕੋਈ ਲਗਾ, ਨਾ ਕੋਈ ਵਿਦਿਆ ਚਲੇ ਚਤੁਰਾਈਆ । ਗੁਣ ਅਵਗੁਣ ਹਰਿ ਜਾਣੇ ਥਾਂ ਥਾਂ, ਨੌਂ ਖੰਡ ਸੱਤ ਦੀਪ ਆਪ ਆਪਣੀ ਕਲ ਵਰਤਾਈਆ । ਬੇਦੀ ਵੇਦੀ ਆਪ ਸਮਝਾ, ਆਪ ਆਪਣਾ ਮਾਰਗ ਲਾਈਆ । ਨੇਤੀ ਧੋਤੀ ਦਏ ਖੁਲ੍ਹਾ, ਜੰਞੂ ਗਲ ਰਹਿਣ ਨਾ ਪਾਈਆ । ਪੰਥ ਖਾਲਸਾ ਦਏ ਹਿਲਾ, ਹਰਿ ਸਾਚੇ ਹੱਥ ਵਡਿਆਈਆ । ਗੁਰ ਗੋਬਿੰਦਾ ਸੰਗ ਰਲਾ, ਚਾਰੋਂ ਕੁੰਟ ਕਰੇ ਕੁੜਮਾਈਆ । ਏਕਾ ਸ਼ਬਦ ਦਏ ਜਣਾ, ਲੋਆਂ ਪੁਰੀਆਂ ਇਕ ਸੁਹਾਈਆ । ਏਕਾ ਡੰਕਾ ਰਿਹਾ ਵਜਾ, ਅਠਾਰਾਂ ਬਰਨਾਂ ਰਿਹਾ ਉਠਾਈਆ । ਘਰ ਮੰਦਰ ਅੰਦਰ ਇਕ ਸੁਹਾ, ਏਕਾ ਦੀਪ ਕਰੇ ਰੁਸ਼ਨਾਈਆ । ਆਤਮਕ ਧੁਨ ਇਕ ਵਜਾ, ਅਨਹਦ ਤਾਲ ਵਜਾਈਆ । ਆਤਮ ਸੇਜਾ ਰਿਹਾ ਵਿਛਾ, ਹਰਿ ਸਾਚੇ ਆਪ ਵਿਛਾਈਆ । ਸਚ ਸੁੱਚ ਫੂਲਨ ਬਰਖਾ ਰਿਹਾ ਲਗਾ, ਅੱਠੇ ਪਹਿਰ ਸੇਵਕ ਸੇਵ ਕਮਾਈਆ । ਗੁਰਮੁਖ ਨਾਰੀ ਰਿਹਾ ਜਗਾ, ਆਪ ਆਪਣੀ ਦਇਆ ਕਮਾਈਆ । ਪੰਜ ਤਤ ਤਨ ਅੱਗ ਬੁਝਾ, ਸਾਂਤਕ ਸਤਿ ਵਰਤਾਈਆ । ਸਰ ਸਰੋਵਰ ਅੰਮ੍ਰਿਤ ਆਤਮ ਦਏ
੧੨੧ ਨੁਹਾ, ਦੁਰਮਤ ਮੈਲ ਗਵਾਈਆ । ਆਪ ਆਪਣਾ ਲੜ ਦਏ ਫੜਾ, ਦਿਸ ਕਿਸੇ ਨਾ ਆਈਆ । ਸਾਚਾ ਮਾਰਗ ਇਕ ਲਗਾ, ਚਾਰ ਵਰਨ ਸੱਚੀ ਸਰਨਾਈਆ । ੧੨੧
ਅਕਾਲ ਪੁਰਖ ਤੇਰਾ ਏਕਾ ਨਾਂ, ਜੁਗ ਜੁਗ ਵੇਖ ਵਖਾਈਆ । ਸੰਤ ਸੁਹੇਲੇ ਜੁਗ ਜੁਗ ਮੇਲੇ ਆਪੇ ਹੋਏ ਪਿਤਾ ਮਾਂ, ਆਪ ਆਪਣੀ ਗੋਦ ਉਠਾਈਆ । ਦੋ ਜਹਾਨੀ ਪਕੜੇ ਬਾਂਹ, ਜਗਤ ਵਿਛੋੜਾ ਫੰਦ ਕਟਾਈਆ । ਚਰਨ ਕਵਲ ਹਰਿ ਸਾਚਾ ਥਾਂ, ਗੁਰ ਗੋਬਿੰਦਾ ਓਟ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਧਾਰ ਵਿਚ ਸੰਸਾਰ, ਏਕੰਕਾਰ ਆਪ ਆਪਣੀ ਰਿਹਾ ਚਲਾਈਆ । ਏਕਾ ਧਾਰ ਹਰਿ ਨਿਰੰਜਣ, ਆਦਿ ਪੁਰਖ ਚਲਾਈਆ । ਚਰਨ ਧੂੜ ਹਰਿ ਸਾਚਾ ਮਜਨ, ਤੀਰਥ ਤਟ ਨਾ ਕੋਈ ਵਖਾਈਆ । ਨੇਤਰ ਨੈਣ ਨਾਮ ਪਾਏ ਸਾਚਾ ਅੰਜਨ, ਅਗਿਆਨ ਅੰਧੇਰ ਮਿਟਾਈਆ । ਤਾਲ ਨਗਾਰੇ ਸਾਚੇ ਵੱਜਣ, ਮਰਦੰਗਾ ਆਪਣਾ ਆਪ ਹਿਲਾਈਆ । ਭਗਤ ਜਨਾਂ ਹਰਿ ਆਇਆ ਪੜਦੇ ਕੱਜਣ, ਨਾਮ ਦੋਸ਼ਾਲਾ ਇਕ ਰਖਾਈਆ । ਦੋ ਜਹਾਨੀ ਸਾਚਾ ਸੱਜਣ, ਵਿਛੜ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲਿਖਿਆ ਲੇਖ ਧੁਰ ਦਰਗਾਹੀ ਵੇਖ ਲੋਕਮਾਤ ਪੂਰ ਕਰਾਈਆ । ਲੋਕਮਾਤ ਹਰਿ ਨਿਰੰਕਾਰ, ਆਪਣੀ ਕਲ ਵਰਤਾਈਆ । ਮੰਗਣ ਮੰਗ ਚਰਨ ਦਵਾਰ, ਗੋਬਿੰਦ ਝੋਲੀ ਡਾਹੀਆ । ਏਕਾ ਇੱਕੀ ਏਕਾ ਵਾਰ, ਸਾਚੀ ਸਿੱਖੀ ਰਿਹਾ ਉਪਾਈਆ । ਧਾਰੋਂ ਤਿੱਖੀ ਵਿਚ ਸੰਸਾਰ, ਕੋਈ ਭੇਵ ਨਾ ਪਾਵੇ ਰਾਈਆ । ਨੇਤਰ ਪੇਖੀ ਹਰਿ ਨਿਰੰਕਾਰ, ਵੀਹ ਸੌ ਚੌਦਾਂ ਬਿਕ੍ਰਮੀ ਲੇਖ ਲਿਖਾਈਆ । ਸਤਿਜੁਗ ਸਾਚੀ ਬੰਨ੍ਹੇ ਤੇਰੀ ਧਾਰ, ਸਿੰਘ ਗੁਰਮੁਖ ਹੱਥ ਵਡਿਆਈਆ । ਗੋਬਿੰਦ ਪਾਇਆ ਪੁਰਖ ਅਪਾਰ, ਅਕਾਲ ਮੂਰਤ ਨਜ਼ਰੀ ਆਈਆ । ਏਕਾ ਨਾਰੀ ਏਕਾ ਮੇਲਾ ਕੰਤ ਭਤਾਰ, ਏਕਾ ਸੇਜ ਰਿਹਾ ਹੰਢਾਈਆ । ਮਰੇ ਨਾ ਜੰਮੇ ਵਿਚ ਸੰਸਾਰ, ਆਵਣ ਜਾਵਣ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਵਰਨਾਂ ਏਕਾ ਸਰਨਾ ਏਕਾ ਨਾਮ ਏਕਾ ਸ਼ਬਦ ਏਕਾ ਧੁਨ ਇਕ ਜੈਕਾਰ, ਏਕਾ ਵੱਜੇ ਵਧਾਈਆ । ਚਾਰ ਵਰਨ ਇਕ ਜੈਕਾਰਾ, ਹਰਿ ਸਾਚਾ

ਆਪ ਕਰਾਇੰਦਾ । ਕਲਜੁਗ ਤੇਰਾ ਮੇਟ ਪਸਾਰਾ, ਸਤਿਜੁਗ ਸਾਚਾ ਮਾਰਗ ਲਾਇੰਦਾ । ਸ਼ਬਦ ਵਿਚੋਲਾ ਵਿਚ ਸੰਸਾਰਾ, ਸੋਹੰ ਸੋ ਕਰਾਇੰਦਾ । ਵੇਖ ਵਖਾਣੇ ਸੱਚਾ ਘਰ ਬਾਹਰਾ, ਥਿਰ ਘਰ ਫੇਰਾ ਪਾਇੰਦਾ । ਦਿਸ ਨਾ ਆਏ ਜੀਵ ਗਵਾਰਾ, ਮਨ ਮਤ ਭਰਮ ਭੁਲਾਇੰਦਾ । ਜਨ ਭਗਤਾਂ ਖੋਲ੍ਹ ਕਿਵਾੜਾ, ਆਤਮ ਦਰਸੀ ਦਰਸ ਦਿਖਾਇੰਦਾ । ਸਚ ਮੰਦਰ ਦਿਸੇ ਸਚ ਅਖਾੜਾ, ਪ੍ਰਭ ਸਾਚਾ ਆਪ ਲਗਾਇੰਦਾ । ਰਾਗ ਅਨਾਦੀ ਤਾਲ ਵੱਜੇ ਬਹੱਤਰ ਨਾੜਾ, ਅਨਹਦ ਸੁਰ ਹਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਸਿਖਿਆ ਸਿੱਖ ਵਿਚਾਰ, ਗੁਰ ਮੰਤਰ ਅੰਤਰ ਇਕ ਅਧਾਰ, ਏਕਾ ਰਾਗ ਅਲਾਇੰਦਾ । ਆਤਮ ਅੰਤਰ ਸ਼ਬਦ ਗਿਆਨਾ, ਘਰ ਸਾਚੇ ਵੱਜੇ ਵਧਾਈਆ । ਮਿਲਿਆ ਘਰ ਹਰਿ ਪਦ ਨਿਰਬਾਨਾ, ਏਕਾ ਦੂਜਾ ਭੌ ਚੁਕਾਈਆ । ਤੀਜੇ ਮੇਲ ਸ੍ਰੀ ਭਗਵਾਨਾ, ਨੇਤਰ ਨੈਣ ਖੁਲ੍ਹਾਈਆ । ਚੌਥੇ ਘਰ ਕਰ ਪਰਵਾਨਾ, ਗੁਰਮੁਖ ਸਾਚੇ ਦਏ ਜਣਾਈਆ । ਸ਼ਬਦ ਬੰਨ੍ਹੇ ਹਰਿ ਹੱਥੀਂ ਗਾਨਾ, ਨਾ ਕੋਈ ਤੋੜੇ ਤੋੜ ਤੁੜਾਈਆ । ਤਨ ਸ਼ਿੰਗਾਰ ਇਕ ਵਖਾਨਾ, ਨਾਮ ਬਸਤਰ ਇਕ ਪਹਿਨਾਈਆ । ਦੇਵੇ ਮਾਣ ਦੋ ਜਹਾਨਾ, ਲਜ ਪਤ ਆਪਣੇ ਹੱਥ ਰਖਾਈਆ । ਸ਼ਬਦ ਜਣਾਈ ਧੁਰ ਫ਼ਰਮਾਨਾ, ਪਾਰਬ੍ਰਹਮ ਸੱਚੀ ਸਰਨਾਈਆ । ਅੰਮ੍ਰਿਤ ਆਤਮ ਪੀਣਾ ਖਾਣਾ, ਤ੍ਰਿਸਨਾ ਭੁੱਖ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਰਚਨਾ ਜਗ ਆਪ ਕਰ, ਆਪਣੀ ਬਣਤ ਬਣਾਈਆ । ਗੁਰ ਨਾਮ ਜਗਤ ਉਜਾਗਰ, ਹਰਿ ਸਾਚਾ ਆਪ ਕਰਾਇੰਦਾ । ਭਾਗ ਲਗਾਏ ਕਾਇਆ ਗਾਗਰ, ਦੀਪਕ ਜੋਤ ਜਗਾਇੰਦਾ । ਦੇਵੇ ਨਾਮ ਰੱਤੀ ਰਤਨਾਗਰ, ਆਕਾਸ਼ ਪਰਕਾਸ਼ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ
 ਮਾਰਗ ਲਾਇੰਦਾ । ਸ੍ਰਿਸ਼ਟ ਸਬਾਈ ਮਾਰਗ ਲਾਉਣਾ, ਹਰਿਜਨ ਵੱਡੀ ਵਡਿਆਈਆ । ਪੁਰਖ ਅਬਿਨਾਸ਼ੀ ਲੇਖ ਲਿਖਾਉਣਾ, ਨਾ ਕੋਈ ਮੇਟੇ ਮੇਟ ਮਿਟਾਈਆ । ੧੨੨
ਅਕਾਲ ਪੁਰਖ ਅਬਿਨਾਸ਼ੀ ਕਰਤਾ ਏਕਾ ਨਜ਼ਰੀ ਆਉਣਾ, ਨਾ ਕੋਈ ਦੂਸਰ ਸੀਸ ਝੁਕਾਈਆ । ਰਾਗ ਛਤੀਸ ਭੇਵ ਨਾ ਪਾਉਣਾ, ਪੁਰਾਨ ਅਠਾਰਾਂ ਹੋਏ ਜੁਦਾਈਆ । ਈਸਾ ਮੂਸਾ ਅੱਲਾ ਹੂ ਹੂ ਨਾਅਰਾ ਕਿਸੇ ਨਾ ਲਾਉਣਾ, ਕੁਰਾਨ ਅੰਜੀਲਾਂ ਕਰੇ ਸਫ਼ਾਈਆ । ਸੋਹੰ ਸ਼ਬਦ ਹਰਿ ਸਾਚੀ ਜੈ ਜੈ ਜੈਕਾਰ ਕਰਾਉਣਾ, ਲੋਆਂ ਪੁਰੀਆਂ ਗਗਨ ਪਾਤਾਲਾਂ ਏਕਾ ਸ਼ਬਦ ਪੜ੍ਹਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਹਰਿ ਸੇਵਾ ਲਾਉਣਾ, ਬ੍ਰਹਿਮੰਡ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਕਾਰਜ ਰਚਿਆ ਆਪ ਜਨ ਭਗਤ ਕਰੇ ਕੁੜਮਾਈਆ ।

ਥਿਰ ਘਰ ਬੈਠ ਹਰਿ ਸਮਰਥ, ਹਰਿਜਨ ਜੋੜ ਜੁੜਾਇਆ । ਸ਼ਬਦ ਚੜ੍ਹਾਏ ਸਾਚੇ ਰਥ, ਰਥ ਰਥਵਾਹੀ ਆਪ ਅਖਵਾਇਆ । ਨਾਮ ਦਵਾਰੇ ਕਰ ਇਕੱਠ, ਸਾਚਾ ਮੇਲ ਮਿਲਾਇਆ । ਧੁਰ ਦਰਗਾਹੀ ਦੇਵੇ ਸਾਚੀ ਵੱਥ, ਆਸਾ ਮਨਸਾ ਪੂਰ ਕਰਾਇਆ । ਪੰਚ ਵਿਕਾਰਾ ਦੇਵੇ ਮੱਥ, ਹਾਜ਼ਰ ਹਜ਼ੂਰ ਦਰਸਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਮਾਰਗ ਲਾਇਆ । ਥਿਰ ਘਰ ਬੈਠ ਸ਼ਬਦ ਸਿੰਘਾਸਣ, ਗੁਰਮੁਖ ਮੇਲ ਮਿਲਾਇੰਦਾ । ਦੇਵੇ ਨਾਮ ਸਰਬ ਗੁਣ ਤਾਸਨ, ਆਤਮ ਝੋਲੀ ਪਾਇੰਦਾ । ਨਿਜ ਘਰ ਆਤਮ ਰੱਖੇ ਵਾਸਨ, ਪਰਮਾਨੰਦ ਸਮਾਇੰਦਾ । ਕਾਇਆ ਵੇਖ ਪ੍ਰਿਥਮੀ ਆਕਾਸ਼ਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਦਾਤਾ ਆਪ ਅਖਵਾਇੰਦਾ । ਥਿਰ ਘਰ ਬੈਠ ਹਰਿ ਭਗਵੰਤਾ, ਗੁਰਮੁਖ ਜੋੜ ਜੁੜਾਇੰਦਾ । ਗੁਰਮੁਖ ਨਾਰੀ ਸਾਚਾ ਕੰਤਾ, ਸਤਿਗੁਰ ਮੇਲ ਮਿਲਾਇੰਦਾ । ਦੇਵੇ ਨਾਮ ਜਿਹਵਾ ਮਣੀਆ ਮੰਤਾ, ਆਤਮ ਬ੍ਰਹਮ ਜਣਾਇੰਦਾ । ਕਾਇਆ ਚੋਲੀ ਚਾੜ੍ਹੇ ਰੰਗ ਬਸੰਤਾ, ਉਤਰ ਕਦੇ ਨਾ

ਜਾਇੰਦਾ । ਇਕ ਸੁਣਾਏ ਸੁਹਾਗੀ ਛੰਤਾ, ਸੋਹੰ ਸੋ ਜਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਜ ਘਰ ਆਤਮ ਵੇਖ ਵਖਾਇੰਦਾ । ਥਿਰ ਘਰ ਬੈਠ ਹਰਿ ਸੁਲਤਾਨ, ਹਰਿ ਸ਼ਬਦ ਕਰੇ ਕੁੜਮਾਈਆ । ਗੁਰਮੁਖ ਸਾਚਾ ਬਾਲ ਅੰਵਾਣ, ਦੇ ਮਤ ਰਿਹਾ ਸਮਝਾਈਆ । ਏਕਾ ਸ਼ਬਦ ਇਕ ਗਿਆਨ, ਏਕਾ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਜੀਆ ਦਾਨ, ਏਕਾ ਭਿਛਿਆ ਝੋਲੀ ਪਾਈਆ । ਥਿਰ ਘਰ ਬੈਠ ਹਰਿ ਨਿਰੰਕਾਰ, ਨਿਜ ਘਰ ਆਤਮ ਵਸਿਆ । ਗੁਰਮੁਖ ਸਾਜਣ ਮੀਤ ਮੁਰਾਰ, ਰਾਹ ਸਾਚਾ ਸਤਿਜੁਗ ਦੱਸਿਆ । ਖੇਲੇ ਖੇਲ ਸਰਬ ਸੰਸਾਰ, ਕਲਜੁਗ ਮਿਟੇ ਰੈਣ ਅੰਧੇਰੀ ਮੱਸਿਆ । ਸੋਹੰ ਪਾਏ ਗਲ ਫੂਲਨ ਹਾਰ, ਭਗਤ ਦਵਾਰੇ ਫਿਰੇ ਨੱਸਿਆ । ਮੇਲ ਮਿਲਾਏ ਪੁਰਖਾ ਨਾਰੀ ਕੰਤ ਭਤਾਰ, ਘਰ ਮੰਦਰ ਬਹਿ ਬਹਿ ਹੱਸਿਆ । ਨਿਰਮਲ ਜੋਤੀ ਨੂਰ ਕਰ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਜਨ ਏਕਾ ਵਰ ਏਕਾ ਮਾਰਗ ਦੱਸਿਆ ।

### ✻ ੧੧ ਮੱਘਰ ੨੦੧੪ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੀ ਸਪੁੱਤਰੀ ਜਗੀਰ ਕੌਰ ਦੀ ਗੁਰਬਖ਼ਸ਼ ਸਿੰਘ ਨਾਲ ਸ਼ਾਦੀ ਸਮੇਂ ਸ਼ਬਦ ਉਚਾਰਿਆ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✻

ਹਰਿ ਮਾਰਗ ਸ਼ਬਦ ਸਲਾਹ, ਜੋਤੀ ਜੋਤ ਜਗਾਈਆ । ਪੁਰਖ ਅਬਿਨਾਸ਼ੀ ਏਕਾ ਥਾਂ, ਹਰਿ ਸਾਜਨ ਮੇਲ ਮਿਲਾਈਆ । ਫੜ ਫੜ ਹੰਸ ਬਣਾਏ ਕਾਂ, ਦੁਰਮਤ ਮੈਲ ਗਵਾਈਆ । ਇਕ ਜਪਾਏ ਸਾਚਾ ਨਾਂ, ਚਾਰ ਵਰਨ ਕਰੇ ਕੁੜਮਾਈਆ । ਆਪੇ ਪਿਤਾ ਆਪੇ ਮਾਂ, ਪੁੱਤਰ ਧੀਆਂ ਆਪ ਉਪਾਈਆ । ਨਿਰਮਲ ਜੀਆ ਦੇਵੇ ਥਾਂ, ਨਿਰਗੁਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸਾਚਾ ਰਿਹਾ ਸਮਝਾਈਆ । ਸ਼ਬਦ ਵਿਚੋਲਾ ਸਚ ਵਿਹਾਰਾ, ਹਰਿ ਸਾਚਾ ਮਾਤ ਕਰਾਇੰਦਾ । ਨਾਰੀ ਕੰਤਾ ਇਕ ਪਿਆਰਾ, ਏਕਾ ਥਾਨ ਸੁਹਾਇੰਦਾ । ਇਕ ਸ਼ਬਦ ਇਕ ਜੈਕਾਰਾ, ਏਕਾ ਕਾਰ ਕਰਾਇੰਦਾ । ਇਕ ਇਕੱਲਾ ਏਕੰਕਾਰਾ, ਜੁਗ ਜੁਗ ਵੇਸ ਵਟਾਇੰਦਾ । ਕਲਜੁਗ ਮੇਟੇ ਕੂੜ ਪਸਾਰਾ, ਸਤਿਜੁਗ ਸਾਚਾ ਲਾਇੰਦਾ । ਗੁਰਮੁਖ ਸੋਹੇ ਬੰਕ ਦਵਾਰਾ, ਹਰਿ ਜੋੜੀ ਜੋੜ ਜੁੜਾਇੰਦਾ । ਵਰ ਘਰ ਪਾਇਆ ਇਕ ਅਪਾਰਾ, ਨਿਰਗੁਣ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿ ਸਾਜਨ ਵੇਖ ਵਖਾਇੰਦਾ । ਸ਼ਬਦ ਵਿਚੋਲਾ ਆਦਿ ਜੁਗਾਦਿ, ਪ੍ਰਭ ਸਾਚੇ ਆਪ ਰਖਾਇਆ । ਜਨ ਭਗਤਾਂ ਦੇਵੇ ਨਾਮ ਦਾਦ, ਕਾਇਆ ਝੋਲੀ ਦਏ ਟਿਕਾਇਆ । ਸ਼ਬਦ ਜਣਾਈ ਧੁਨ ਬ੍ਰਹਿਮਾਦ, ਏਕਾ ਤਾਲ ਵਜਾਇਆ । ਪਾਇਆ ਪੁਰਖ ਹਰਿ ਮਾਧਵ ਮਾਧ, ਵਿਛੜ ਕਦੇ ਨਾ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਚਾਰ ਵਰਨ ਇਕ ਵਿਚੋਲਾ, ਹਰਿ ਸ਼ਬਦੀ ਸ਼ਬਦ ਜਣਾਇਆ । ਨਾਮ ਵਿਚੋਲਾ ਨੌਂ ਖੰਡ, ਸੱਤ ਦੀਪ ਵੱਜੇ ਵਧਾਈਆ । ਖੇਲੇ ਖੇਲ ਵਿਚ ਬ੍ਰਹਿਮੰਡ, ਹਰਿ ਜੋਤੀ ਜੋਤ ਜਗਾਈਆ । ਕਲਜੁਗ ਸੁੱਤਾ ਦੇ ਕਰ ਕੰਡ, ਸਤਿਜੁਗ ਸਾਚਾ ਰਿਹਾ ਜਗਾਈਆ । ਭਗਤ ਜਨਾਂ ਵੰਡੇ ਸਾਚੀ ਵੰਡ, ਹਰਿ ਸਾਚਾ ਰਿਹਾ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਸੁਰਤੀ ਰਿਹਾ ਜਗਾਈਆ । ਸਤਿਜੁਗ ਸੁਰਤੀ ਆਪ ਜਗਾ, ਗੁਰ ਸ਼ਬਦੀ ਮੇਲ ਮਿਲਾਈਆ । ਨਾਰੀ ਕੰਤਾ ਏਕਾ ਥਾਂ ਬਹਾ, ਸਤਿਗੁਰ ਦਇਆ ਕਮਾਈਆ । ਸੋਹੰ ਪੱਲਾ ਦਏ ਫੜਾ, ਨਾ ਕੋਈ ਛੋੜੇ ਛੋੜ ਛੁੜਾਈਆ । ਨਿਹਚਲ ਧਾਮ ਅਟੱਲਾ ਇਕ ਵਖਾ, ਹਰਿ ਸਰਨ ਸੱਚੀ ਸਰਨਾਈਆ । ਰਾਗ ਮਹੱਲਾ ਗੌੜੀ ਨਾ ਕੋਈ ਲਿਆ ਅਲ੍ਹਾ, ਨਾ ਕੋਈ ਵੇਖ ਵਖਾਈਆ । ਸੋਹੰ ਮੰਤਰ ਜਗਤ ਗਿਆਨ ਇਕ ਦ੍ਰਿੜਾ, ਹਰਿ ਭਗਤ ਕਰੇ ਕੁੜਮਾਈਆ । ਅੰਮ੍ਰਿਤ

ਆਤਮ ਇਕ ਪਿਆ, ਅਮਰਾ ਪਦ ਸਮਾਈਆ । ਪੰਚਮ ਮੇਲਾ ਸਹਿਜ ਸੁਭਾ, ਮਿਲ ਸਖੀਆਂ ਮੰਗਲ ਗਾਈਆ । ਅਨੰਦ ਕਾਰਜ ਪ੍ਰਭ ਦਏ ਕਰਾ, ਬਖ਼ਸ਼ੇ ਸਚ ਸੱਚੀ ਸਰਨਾਈਆ । ਗੁਰਮੁਖ ਨਾਰੀ ਮੰਗਲ ਗਾ, ਥਿਰ ਘਰ ਵੱਜੇ ਵਧਾਈਆ । ਸਾਚੀ ਡੋਲੀ ਲਏ ਬਹਾ, ਆਪ ਆਪਣਾ ਪੜਦਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਹਿਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰ ਗੋਬਿੰਦ ਤੇਰੀ ਧਾਰ ਏਕਾ ਇੱਕੀ ਏਕਾ ਵਾਰ, ਸਤਿਜੁਗ ਸਾਚਾ ਵੇਖ ਵਖਾਈਆ ।

ਹਰਿ ਸ਼ਬਦ ਧੁਰ ਸੰਦੇਸਾ, ਨਾਮੋ ਨਾਮ ਦ੍ਰਿੜਾਇਆ । ਲੇਖਾ ਚੁੱਕੇ ਸ਼ਿਵ ਸ਼ੰਕਰ ਗਨੇਸ਼ਾ, ਪੂਜਸ ਸਿਲਾ ਨਾ ਕੋਈ ਮਨਾਈਆ । ਜੋਗ ਜੁਗਤ ਜਗ ਦੇਸ਼ ਪਰਦੇਸ਼ਾ, ਇਕ ਸੰਦੇਸ਼ ਸੁਣਾਇਆ । ਵਰਨੀ ਬਰਨੀ ਆਪੇ ਵੇਸਾ, ਭੇਖੀ ਭੇਖ ਵਟਾਇਆ । ਨਰ ਨਰਾਇਣ ਹਰਿ ਨਰ ਨਰੇਸ਼ਾ, ਨਿਸ਼ ਅੱਖਰ ਵੱਖਰ ਹਰਿ ਗੁਣ ਗਾਇਆ । ਦੇ ਮਤ ਸਮਝਾਵੇ ਧਾਰੀ ਕੇਸਾ, ਮੁੰਡ ਮੁੰਡਾਏ ਭੇਵ ਚੁਕਾਇਆ । ਦਰ ਦਵਾਰ ਕੁਰਲਾਇਣ ਬ੍ਰਹਮਾ ਵਿਸ਼ਨ ਮਹੇਸ਼ਾ, ਕਲ ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਨਾਮ ਸ਼ਬਦ ਗੁਰ ਮੰਤਰ ਇਕ ਗਿਆਨ ਵਖਾਇਆ । ਇਕ ਗਿਆਨ ਇਕ ਸੰਦੇਸ਼, ਇਕ ਧਿਆਨ ਜਣਾਈਆ । ਏਕਾ ਬ੍ਰਹਮ ਪਾਰਬ੍ਰਹਮ ਪਰਮੇਸ਼, ਪਰਮ ਪੁਰਖ ਅਖਵਾਈਆ । ਏਕਾ ਚਰਨ ਏਕਾ ਧੂੜ ਇਕ ਇਸ਼ਨਾਨ ਇਕ ਨਰੇਸ਼, ਏਕਾ ਏਕ ਸੱਚੀ ਸਰਨਾਈਆ ।
੧੨੪ ਏਕਾ ਗੋਪੀ ਏਕਾ ਕਾਹਨ ਏਕਾ ਗੋਬਿੰਦ ਦਸ ਦਸਮੇਸ਼, ਏਕਾ ਨਾਨਕ ਰਸਨਾ ਗਾਈਆ । ਏਕਾ ਏਕ ਇਕ ਇਕੱਲਾ ਇਕ ਓਅੰਕਾਰ ਕਰੇ ਵੇਸ, ਅਕਲ ਕਲਾ ਵਰਤਾਈਆ । ੧੨੪
ਆਦਿ ਸ਼ਕਤ ਜੋਤ ਨਿਰੰਜਣ ਸੰਬਲ ਨਗਰ ਮਾਝੇ ਦੇਸ, ਚਾਰ ਕੁੰਟ ਦਹਿ ਦਿਸ਼ਾ ਕਰੇ ਰੁਸ਼ਨਾਈਆ । ਗੋਬਿੰਦ ਕਾਇਆ ਹਰਿ ਪਰਵੇਸ਼, ਜੋਤੀ ਜੋੜਾ ਸ਼ਬਦ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਰਿਹਾ ਜਗਾਈਆ । ਹਰਿਜਨ ਸਾਚੇ ਆਪ ਜਗਾ, ਆਤਮ ਬ੍ਰਹਮ ਜਣਾਇਆ । ਏਕਾ ਅੱਖਰ ਨਾਮ ਪੜ੍ਹਾ, ਨਿਹਕਰਮੀ ਕਰਮ ਕਮਾਇਆ । ਸਾਚੇ ਪੌੜੇ ਆਪੇ ਆਪ ਚੜ੍ਹਾ, ਰਵ ਸਸ ਚਰਨਾ ਹੇਠ ਦਬਾਇਆ । ਥਿਰ ਘਰ ਵਖਾਣੇ ਸਾਚਾ ਥਾਂ, ਹਰਿਜਨ ਸਾਚੇ ਮੇਲ ਮਿਲਾਇਆ । ਪੁਰਖ ਅਗੰਮੜੇ ਕਰੇ ਸਚ ਨਿਆਂ, ਲੱਖ ਚੁਰਾਸੀ ਵੇਖ ਵਖਾਇਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਪਕੜੇ ਬਾਂਹ, ਆਪ ਆਪਣੀ ਦਇਆ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਕਾਮਨ ਕਰਿਆ ਵੇਸ, ਰੂਪ ਰੰਗ ਦਿਸ ਕਿਸੇ ਨਾ ਆਇਆ । ਨਿਹਕਲੰਕ ਨਰਾਇਣ ਨਰ, ਜਗਤ ਨਿਰੰਜਣ ਆਦਿ ਪੁਰਖ ਪੁਰਖ ਪਰਖੋਤਮ ਦਇਆ ਨਿਧ ਦੀਨ ਦਿਆਲਾ ਗੋਬਿੰਦ ਲਾਲਾ ਸੰਗ ਰਲਾਇਆ । ਗੋਬਿੰਦ ਲਾਲ ਸ਼ਬਦ ਦੁਲਾਰ, ਹਰਿ ਸਾਚਾ ਸੰਗ ਰਲਾਇੰਦਾ । ਆਪ ਆਪਣੀ ਕਿਰਪਾ ਧਾਰ, ਆਪਣੇ ਰੰਗ ਸਮਾਇੰਦਾ । ਅੱਠੇ ਪਹਿਰ ਇਕ ਪਿਆਰ, ਏਕਾ ਧਾਰ ਵਹਾਇੰਦਾ । ਇਕ ਸੁਹਾਏ ਬੰਕ ਦਵਾਰ, ਥਿਰ ਘਰ ਨਾਉਂ ਧਰਾਇੰਦਾ । ਚਰਨ ਕਵਲ ਜਨ ਸਚ ਪਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਮੇਲਾ ਸਚ ਘਰ, ਮੰਦਰ ਮਸੀਤੀ ਗੁਰ ਦਰ ਮੱਠ ਸ਼ਿਵਦਵਾਲਾ ਨਾ ਕੋਈ ਵਖਾਇੰਦਾ ।

## * ੧੮ ਸਾਵਣ ੨੦੧੫ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਘਰ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ *

ਹਰਿ ਠਾਕਰ ਅਬਿਨਾਸ਼, ਹਰਿ ਹਰਿ ਨਾਮ ਧਿਆਇਆ । ਆਦਿ ਅੰਤ ਨਾ ਜਾਏ ਵਿਨਾਸ, ਏਕਾ ਰੰਗ ਸਮਾਇਆ । ਆਪ ਆਪਣੇ ਵਸਿਆ ਪਾਸ, ਨਾ ਕੋਈ ਦੂਸਰ ਸੰਗ ਰਖਾਇਆ । ਆਪ ਆਪਣੀ ਵੇਖੇ ਰਾਸ, ਆਪ ਆਪਣਾ ਮੰਡਲ ਅੱਗੇ ਟਿਕਾਇਆ । ਆਪ ਆਪਣੇ ਘਰ ਕਰਿਆ ਵਾਸ, ਸ਼ਾਹੋ ਭੂਪ ਨਾਮ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਜੋਤੀ ਨੂਰ ਜਗਾਇਆ । ਜੋਤੀ ਨੂਰ ਹਰਿ ਕਰਤਾਰ, ਅਕਲ ਕਲਾ ਸਮਾਇੰਦਾ । ਖੇਲੇ ਖੇਲ ਅਗੰਮ ਅਪਾਰ, ਅਭੇਵ ਅਭੇਦਾ ਭੇਵ ਛੁਪਾਇੰਦਾ । ਆਦਿ ਨਿਰੰਜਣ ਨਰ ਨਿਰੰਕਾਰ, ਵੇਸ ਅਵੇਸਾ ਵੇਸ ਵਟਾਇੰਦਾ । ਪਾਰਬ੍ਰਹਮ ਖੇਲ ਅਪਾਰ, ਖੇਲਣਹਾਰ ਦਿਸ ਨਾ ਆਇੰਦਾ । ਜੁਗ ਜੁਗ ਜਾਣੇ ਆਪਣੀ ਧਾਰ, ਧਰਨੀ ਧਾਰ ਆਪ ਚਲਾਇੰਦਾ । ਇਕ ਅਕੱਲਾ ਏਕੰਕਾਰ, ਆਪਣੀ ਕਲ ਵਰਤਾਇੰਦਾ । ਸਚ ਘਰ ਹੋ ਤਿਆਰ, ਸਚ ਸਿੰਘਾਸਣ ਆਸਣ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਦਰ ਆਪਣਾ ਮੰਗਲ ਆਪਣੀ ਰਸਨਾ ਆਪੇ ਗਾਇੰਦਾ । ਆਪਣਾ ਦਰ ਹਰਿ ਆਪ ਸੁਹਾ, ਆਪ ਆਪਣੀ ਜੋਤ ਜਗਾਈਆ । ਆਪਣਾ ਦਰਸ ਆਪੇ ਪਾ, ਆਪੇ ਕਰੇ ਸਿਫ਼ਤ ਸਲਾਹੀਆ । ਆਪਣਾ ਤਖ਼ਤ ਆਪਣਾ ਚਰਨ ਟਿਕਾ, ਆਪੇ ਬੈਠੇ ਬੇਪਰਵਾਹੀਆ । ਆਪਣਾ ਬਚਨ ਆਪੇ ਦਏ ਸੁਣਾ, ਸ਼ਬਦ ਸ਼ਬਦੀ ਨਾਉਂ ਧਰਾਈਆ । ਏਕਾ ਗੜ੍ਹ ਲਏ ਰਚਾ, ਥਿਰ ਘਰ ਵੇਖ ਵਖਾਈਆ । ਰੂਪ ਰੰਗ ਕੋਈ ਜਾਣੇ ਨਾ, ਲੇਖਾ ਲਿਖਤ ਵਿਚ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਖੇਲੇ ਖੇਲ ਖੇਲਣਹਾਰ ਆਪ ਅਖਵਾਈਆ । ਖੇਲਣਹਾਰ ਸਰਬ ਹਰਿ ਠਾਕਰ, ਏਕਾ ਏਕ ਅਖਵਾਇਆ । ਆਪਣਾ ਕਰਮ ਆਪੇ ਕਰੇ ਉਜਾਗਰ, ਨਾ ਕੋਈ ਦੂਸਰ ਲੇਖ ਲਿਖਾਇਆ । ਆਪਣੇ ਬਣੇ ਆਪ ਸੁਦਾਗਰ, ਆਪ ਆਪਣਾ ਵਣਜ ਰਖਾਇਆ । ਆਪਣੀ ਜੋਤ ਆਪ ਜਗਾਏ ਆਪਣੀ ਗਾਗਰ, ਆਪਣਾ ਦੀਪਕ ਆਪੇ ਵੇਖ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਆਪ ਆਪਣਾ ਰੂਪ ਦਰਸਾਇਆ । ਨਿਰਗੁਣ ਹਰਿ ਆਪ ਆਦਿ ਨਿਰੰਜਣ, ਆਦਿ ਪੁਰਖ ਅਕਾਲਾ । ਆਪ ਆਪਣਾ ਬਣਿਆ ਦਰਦ ਦੁੱਖ ਭੈ ਭੰਜਣ, ਕਰੇ ਕਰਾਏ ਸਦਾ ਰਖਵਾਲਾ । ਆਪ ਆਪਣਾ ਹੋਇਆ ਸੱਜਣ, ਪਾਰਬ੍ਰਹਮ ਪ੍ਰਭ ਦੀਨ ਦਿਆਲਾ । ਆਪਣੇ ਘਰ ਆਪੇ ਆਇਆ ਪੜਦੇ ਕੱਜਣ, ਆਪ ਸੁਹਾਏ ਸੱਚੀ ਧਰਮਸਾਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਚਲੇ ਅਵੱਲੜੀ ਚਾਲਾ । ਜੁਗ ਜੁਗ ਚਾਲ ਚਲਣੇਹਾਰਾ, ਹਰਿ ਹਰਿ ਆਪ ਅਖਵਾਇਆ । ਲੋਕਮਾਤ ਲੈ ਅਵਤਾਰਾ, ਭੇਖਾ ਧਾਰੀ ਭੇਖ ਵਟਾਇਆ । ਖੇਲੇ ਖੇਲ ਅਗੰਮ ਅਪਾਰਾ, ਲੇਖੇ ਲੇਖ ਨਾ ਕੋਈ ਲਿਖਾਇਆ । ਸਤਿਜੁਗ ਤ੍ਰੇਤਾ ਦੁਆਪਰ ਪਾਰ ਕਿਨਾਰਾ, ਕਲਜੁਗ ਵੇਲਾ ਅੰਤਮ ਆਇਆ । ਨਾਨਕ ਗੋਬਿੰਦ ਬਣ ਲਿਖਾਰਾ, ਏਕਾ ਮੰਗ ਮੰਗਾਇਆ । ਮੰਗੀ ਮੰਗ ਧੁਰ ਦਰਬਾਰਾ, ਦੇਵਣਹਾਰ ਹਰਿ ਰਘੁਰਾਇਆ । ਆਦਿ ਜੁਗਾਦੀ ਸ਼ਬਦ ਬ੍ਰਹਿਮਾਦੀ ਪਾਵੇ ਸਾਰਾ, ਧੁਨ ਅਨਾਦੀ ਤਾਲ ਵਜਾਇਆ । ਬੋਧ ਅਗਾਧੀ ਇਕ ਜੈਕਾਰਾ, ਆਪਣਾ ਨਾਮ ਸੁਣਾਇਆ । ਸਤਿਨਾਮ ਕਰ ਪਿਆਰਾ, ਲੋਕਮਾਤ ਵਰਤਾਇਆ । ਏਕਾ ਸ਼ਬਦ ਏਕਾ ਧਾਰਾ, ਏਕਾ ਮਾਰਗ ਪਾਇਆ । ਭਰਮੇ ਭੁੱਲਾ ਸਰਬ ਸੰਸਾਰਾ, ਹਰਿ ਕਾ ਭੇਵ ਦਿਸ ਨਾ ਆਇਆ । ਮਾਇਆ ਮਮਤਾ ਮੋਹ ਕਰ ਪਿਆਰਾ, ਹਉਮੇ ਹੰਗਤਾ ਰੋਗ ਵਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਵੇਸ ਆਪੇ ਕਰ, ਆਪ ਆਪਣਾ ਨਾਉਂ ਧਰਾਇਆ । ਆਪ ਆਪਣਾ ਰੱਖਿਆ ਨਾਉਂ, ਆਪਣੀ ਕਲ ਵਰਤਾਈਆ । ਆਪੇ ਵਸਿਆ ਆਪਣੇ ਨਗਰ ਗਰਾਉਂ, ਥਿਰ ਘਰ ਸਾਚਾ ਥਾਨ ਸੁਹਾਈਆ । ਆਪ ਆਪਣੀ ਦੇਵੇ ਠੰਡੀ ਛਾਉਂ, ਛੱਪਰ ਛੰਨ ਨਾ ਕੋਈ ਜਣਾਈਆ । ਆਪ ਆਪਣਾ

੧੨੫

ਕਰੇ ਨਿਆਉਂ, ਲੋਕਮਾਤ ਫੇਰਾ ਪਾਈਆ । ਫੜ ਵਰੋਲੇ ਹੰਸ ਕਾਉਂ, ਆਪਣੇ ਹੱਥ ਰੱਖੀ ਵਡਿਆਈਆ । ਗੁਰ ਪੂਰੇ ਬਲਹਾਰ ਬਲਹਾਰ ਸਦ ਬਲ ਬਲ ਜਾਉਂ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਖੇਲੇ ਖੇਲ ਸੱਜਣ ਸੁਹੇਲ, ਇਕ ਅਕੇਲ ਬੇਪਰਵਾਹੀਆ । ਖੇਲਣਹਾਰ ਜਗਤ ਖਿਲਾਰੀ, ਪਾਰਬ੍ਰਹਮ ਅਖਵਾਇਆ । ਕਲਜੁਗ ਅੰਤਮ ਲੈ ਅਵਤਾਰੀ, ਆਪਣਾ ਨਾਉਂ ਧਰਾਇਆ । ਸ਼ਬਦ ਡੰਕਾ ਵਡ ਸੰਸਾਰੀ, ਏਕਾ ਰਿਹਾ ਵਜਾਇਆ । ਜੋਤੀ ਨੂਰ ਕਰ ਉਜਿਆਰੀ, ਅੰਧ ਅੰਧੇਰ ਦਏ ਮਿਟਾਇਆ । ਚਾਰ ਵਰਨ ਅਠਾਰਾਂ ਬਰਨ ਉਠਾਏ ਵਾਰੋ ਵਾਰੀ, ਸੋਇਆ ਕੋਈ ਰਹਿਣ ਨਾ ਪਾਇਆ । ਮੰਦਰ ਮਸਜਿਦ ਗੁਰੂਦਵਾਰ ਬੋਲੇ ਇਕ ਜੈਕਾਰੀ, ਆਪਣਾ ਨਾਅਰਾ ਲਾਇਆ । ਪੁਰਖ ਅਕਾਲਾ ਦੀਨ ਦਿਆਲਾ ਕਰ ਤਿਆਰੀ, ਜੋਤੀ ਜਾਮਾ ਫੇਰਾ ਪਾਇਆ । ਨੌਂ ਖੰਡ ਸੱਤ ਦੀਪ ਕਰੇ ਸੱਚੀ ਸਿਕਦਾਰੀ, ਸਾਚਾ ਤਖ਼ਤ ਸੁਹਾਇਆ । ਬ੍ਰਹਮਾ ਵਿਸ਼ਨ ਸ਼ਿਵ ਹੋਏ ਸੇਵਾਦਾਰੀ, ਸੇਵਕ ਸੇਵਾ ਇਕ ਰਖਾਇਆ । ਕਰੋੜ ਤੇਤੀਸਾ ਕਰ ਪਨਹਾਰੀ, ਆਪ ਆਪਣਾ ਲਏ ਸੁਹਾਇਆ । ਆਪਣੇ ਤਨ ਕਰ ਸਿੰਗਾਰੀ, ਆਪਣਾ ਬਸਤਰ ਲਏ ਸਜਾਇਆ । ਏਕਾ ਖੰਡਾ ਨਾਉਂ ਨਿਰੰਕਾਰੀ, ਹਰਿ ਆਪਣੇ ਹੱਥ ਉਠਾਇਆ । ਲੋਆਂ ਪੁਰੀਆਂ ਪਾਵੇ ਸਾਰੀ, ਲੋਕਮਾਤੀ ਉਠ ਉਠ ਧਾਇਆ । ਕਲਜੁਗ ਅੰਤਮ ਕਰ ਖੁਆਰੀ, ਲੱਖ ਚੁਰਾਸੀ ਦਏ ਸਜ਼ਾਇਆ । ਗੁਰਮੁਖ ਸਾਚੇ ਲਏ ਉਭਾਰੀ, ਜਿਸ ਜਨ ਏਕਾ ਬੂਝ ਬੁਝਾਇਆ । ਹਉਮੇ ਹੰਗਤਾ ਰੋਗ ਦਏ ਨਿਵਾਰੀ, ਏਕਾ ਮੰਤਰ ਨਾਮ ਦ੍ਰਿੜਾਇਆ । ਅੰਮ੍ਰਿਤ ਆਤਮ ਦੇਵੇ ਠੰਡਾ ਠਾਰੀ, ਸੀਤਲ ਸਤਿ ਸੰਤੋਖ ਵਰਤਾਇਆ । ਕਾਮ ਕਰੋਧ ਲੋਭ ਮੋਹ ਨੇੜ ਨਾ ਆਏ ਹੰਕਾਰੀ, ਜੂਠ ਝੂਠ ਮੇਟ ਮਿਟਾਇਆ । ਸਚਖੰਡ ਦੇਵੇ ਸਚ ਸੱਚੀ ਸਿਕਦਾਰੀ, ਹਰਿ ਸੱਚਾ ਸ਼ਾਹ ਹੋ ਆਇਆ । ਖੇਲੇ ਖੇਲ ਵਾਰੋ ਵਾਰੀ, ਜੁਗ ਜੁਗ ਆਪਣਾ ਵੇਸ ਵਟਾਇਆ । ਰਾਮ ਕ੍ਰਿਸ਼ਨ ਜੋਤ ਉਜਿਆਰੀ, ਕਲਜੁਗ ਰੰਗ ਰੰਗਾਇਆ । ਵੇਦ ਵਿਆਸਾ ਬਣ ਲਿਖਾਰੀ, ਆਪ ਆਪਣਾ ਮੂਲ ਚੁਕਾਇਆ । ਉਚਾ ਟਿੱਲਾ ਗੜ੍ਹ ਅਪਾਰੀ, ਪੂਤ ਸਪੂਤਾ ਬ੍ਰਹਿਮਣ ਗੌੜਾ ਡੇਰਾ ਲਾਇਆ । ਸੰਬਲ ਨਗਰੀ ਖੇਲ ਨਿਆਰੀ, ਸ਼ਬਦ ਸਿੰਘਾਸਣ ਆਸਣ ਡਾਹਿਆ । ਜਗੇ ਜੋਤ ਏਕ ਏਕੰਕਾਰੀ, ਏਕਾ ਰੂਪ ਦਰਸਾਇਆ । ਚਾਰ ਕੁੰਟ ਦਹਿ ਦਿਸ਼ਾ ਪਾਵੇ ਸਾਰੀ, ਰਵ ਸਸ ਹੋਏ ਸਰਨਾਇਆ । ਪ੍ਰਿਥਮੀ ਅਕਾਸ਼ ਕਰੇ ਨਿਮਸਕਾਰੀ, ਮੰਡਲ ਮੰਡਪ ਸੀਸ ਝੁਕਾਇਆ । ਗੁਰ ਪੀਰ ਅਵਤਾਰ ਸਾਧ ਸੰਤ ਢਹਿ ਪਏ ਦਵਾਰੀ, ਚਰਨ ਧੂੜ ਮਸਤਕ ਲਾਇਆ । ਪਾਰਬ੍ਰਹਮ ਬੇਐਬ ਪਰਵਰਦਿਗਾਰੀ, ਔਲੀਆ ਪੀਰ ਸ਼ੇਖ਼ ਮੁਸਾਇਕ ਲੇਖਾ ਲਿਖ ਸਕੇ ਨਾ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਖੇਲੇ ਖੇਲ ਜੋਤ ਨਿਰੰਕਾਰੀਆ । ਜੋਤ ਨਿਰੰਕਾਰੀ ਜੋਤ ਉਜਾਲਾ, ਜੋਤੀ ਜੋਤ ਜਗਾਈਆ । ਪਰਗਟ ਹੋਇਆ ਦੀਨ ਦਿਆਲਾ, ਦਇਆਨਿਧ ਅਖਵਾਈਆ । ਸਰਬ ਜੀਆਂ ਕਰੇ ਪ੍ਰਿਤਪਾਲਾ, ਘਟ ਘਟ ਬੈਠਾ ਆਸਣ ਲਾਈਆ । ਆਪੇ ਆਦਿ ਸ਼ਕਤ ਜੋਤੀ ਨੂਰ ਉਜਾਲਾ, ਆਪੇ ਆਪ ਡਗਮਗਾਈਆ । ਆਪੇ ਨਾਉਂ ਧਰਾਏ ਪੁਰਖ ਅਕਾਲਾ, ਪੁਰਖ ਅਕਾਲ ਨਾਉਂ ਧਰਾਈਆ । ਆਪੇ ਬੈਠਾ ਆਪਣੀ ਧਰਮ ਸੱਚੀ ਧਰਮਸਾਲਾ, ਚਾਰ ਦਿਵਾਰ ਨਾ ਕੋਈ ਰਖਾਈਆ । ਜੁਗ ਜੁਗ ਆਦਿ ਜੁਗਾਦਿ ਜਨ ਭਗਤਾਂ ਦੱਸੇ ਰਾਹ ਸੁਖਾਲਾ, ਜਗਤ ਵਿਦਿਆ ਨਾ ਕੋਈ ਪੜ੍ਹਾਈਆ । ਨਾਮ ਪਹਿਨਾਏ ਤਨ ਸਾਚੀ ਮਾਲਾ, ਅਠ ਅਠੋਤਰ ਪਾਰ ਕਰਾਈਆ । ਅਜੱਪਾ ਜਾਪ ਰਸਨ ਸੁਖਾਲਾ, ਸੋਹੰ ਰਸਨਾ ਗਾਈਆ । ਕਲਜੁਗ ਆਇਆ ਤੋੜਨ ਜਗਤ ਜੰਜਾਲਾ, ਲੱਖ ਚੁਰਾਸੀ ਫੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿਜਨ ਲਹਿਣਾ ਦੇਣਾ ਮੂਲ ਚੁਕਾਈਆ । ਹਰਿਜਨ ਲਹਿਣਾ ਹਰਿ ਦਰ ਲੈਣਾ, ਹਰਿ ਸਾਚਾ ਆਪ ਚੁਕਾਇੰਦਾ । ਤਨ ਪਹਿਨਾਏ ਬਸਤਰ ਗਹਿਣਾ, ਏਕਾ ਕੱਪੜ ਵੇਖ ਵਖਾਇੰਦਾ । ਹਰਿ ਹਰਿ ਭਾਣਾ ਲੱਖ ਚੁਰਾਸੀ ਸਿਰ ਤੇ ਸਹਿਣਾ ਪੈਣਾ, ਨਾ

੧੨੬

੧੨੭

ਕੋਈ ਮੇਟੇ ਮੇਟ ਮਿਟਾਇੰਦਾ । ਘਰ ਘਰ ਮੰਦਰ ਮਸਜਿਦ ਗੁਰਦਰ ਬਹਿ ਬਹਿ ਸਭ ਨੇ ਕਹਿਣਾ, ਪਾਰਬ੍ਰਹਮ ਦਿਸ ਨਾ ਆਇੰਦਾ । ਗੁਰਮੁਖ ਵਿਰਲਾ ਨੇਤਰ ਲੋਇਣ ਨੈਣ ਦਰਸ਼ਨ ਪੇਖੇ ਨੈਣਾ, ਜਿਸ ਜਨ ਆਪਣੀ ਦਇਆ ਕਮਾਇੰਦਾ । ਮਨਮੁਖਾਂ ਖਾਏ ਲਾੜੀ ਮੌਤ ਡੈਣਾ, ਧਰਮ ਰਾਏ ਹੁਕਮ ਚਲਾਇੰਦਾ । ਗੁਰਸਿਖ ਗੁਰਮੁਖ ਧਾਮ ਅਵੱਲੇ ਏਕਾ ਬਹਿਣਾ, ਹਰਿ ਸਾਚਾ ਧਾਮ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਇੰਦਾ । ਜੋਤੀ ਜਾਮਾ ਹਰਿ ਨਿਰੰਕਾਰ, ਗੋਬਿੰਦ ਸੇਵਾ ਲਾਈਆ । ਸ਼ਬਦ ਖੰਡਾ ਤੇਜ਼ ਕਟਾਰ, ਏਕਾ ਹੱਥ ਫੜਾਈਆ । ਲੋਆਂ ਪੁਰੀਆਂ ਮਾਰੇ ਮਾਰ, ਨਾ ਸਕੇ ਕੋਈ ਬਚਾਈਆ । ਬ੍ਰਹਮਾ ਵਿਸ਼ਨੂੰ ਸ਼ਿਵ ਦੇਵਤ ਸੁਰ ਕਰੋੜ ਤੇਤੀਸਾ ਰੋਵਣ ਜ਼ਾਰੋ ਜ਼ਾਰ, ਨਾ ਦਿਸੇ ਕੋਈ ਸਹਾਈਆ । ਨੌਂ ਖੰਡ ਹਾਹਾਕਾਰ, ਸੱਤ ਦੀਪ ਰਹੇ ਕੁਰਲਾਈਆ । ਤ੍ਰੈਗੁਣ ਮਾਇਆ ਕਰ ਸ਼ੰਗਾਰ, ਬੈਠੀ ਕਜਲਾ ਪਾਈਆ । ਪੰਜ ਤਤ ਕਰੇ ਪਿਆਰ, ਜੂਠ ਝੂਠ ਕੁੜਮਾਈਆ । ਮਾਇਆ ਮਮਤਾ ਕਰ ਪਿਆਰ, ਹਉਮੇ ਰੋਗ ਗੋਦ ਉਠਾਈਆ । ਕਲਜੁਗ ਕੂੜੇ ਮਾਰੇ ਮਾਰ, ਚਾਰੋਂ ਕੁੰਟ ਡੰਕ ਵਜਾਈਆ । ਸਾਧ ਸੰਤ ਹੋਏ ਵਿਭਚਾਰ, ਹਰਿ ਹਰਿ ਦਰਸ ਕੋਈ ਨਾ ਪਾਈਆ । ਤੀਰਥ ਤੱਟਾਂ ਕਰ ਵਿਚਾਰ, ਸਾਚਾ ਹੱਟ ਨਾ ਕੋਈ ਜਣਾਈਆ । ਹਰਿ ਕਾ ਸ਼ਬਦ ਨਾ ਕਰੇ ਕੋਈ ਵਿਚਾਰ, ਘਰ ਘਰ ਬੈਠੇ ਕਰਨ ਪੜ੍ਹਾਈਆ । ਗ੍ਰੰਥੀ ਪੰਥੀ ਗਏ ਹਾਰ, ਨਾਨਕ ਗੋਬਿੰਦ ਦਰਸ ਨਾ ਪਾਈਆ । ਇਕ ਅਕੱਲਾ ਏਕੰਕਾਰ, ਅੱਠੇ ਪਹਿਰ ਜੋਤੀ ਜੋਤ ਡਗਮਗਾਈਆ । ਮਰੇ ਨਾ ਜੰਮੇ ਵਿਚ ਸੰਸਾਰ, ਮੜ੍ਹੀ ਗੋਰ ਨਾ ਕੋਈ ਦਬਾਈਆ । ਸ਼ਬਦ ਅਨਾਦ ਸੱਚੀ ਧੁਨਕਾਰ, ਧੁਰ ਦਰਬਾਰੇ ਰਿਹਾ ਵਜਾਈਆ । ਸੁਣੇ ਸੁਣਾਏ ਸੁਨਣੇਹਾਰ, ਸਮਰਥ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਥਨੀ ਅਕਥ ਕਥਾ ਆਪਣੀ ਆਪ ਕਰੇ ਜਣਾਈਆ । ਕਥਨੀ ਅਕਥ ਕਥਾ ਹਰਿ ਜਣਾਏ, ਭੇਵ ਕੋਈ ਨਾ ਪਾਈਆ । ਸਰਬ ਕਲਾ ਸਮਰਥ ਆਪ ਅਖਵਾਏ, ਦੇਵੀ ਦੇਵ ਨਾ ਕੋਈ ਮਨਾਈਆ । ਸ੍ਰਿਸ਼ਟ ਸਬਾਈ ਮਥ ਵਖਾਏ, ਆਪਣੀ ਕਲ ਵਰਤਾਈਆ । ਸੀਆਂ ਸਾਢੇ ਤਿੰਨ ਹੱਥ ਵਕਤ ਚੁਕਾਏ, ਰਵਦਾਸੇ ਵੰਡ ਵੰਡਾਈਆ । ਲੱਖ ਚੁਰਾਸੀ ਭੱਠ ਕਰਾਏ, ਗੁਰਮੁਖ ਸਾਚੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਜੋਤੀ ਜਾਮਾ ਭੇਖ ਵਟਾਈਆ । ਜੋਤੀ ਜਾਮਾ ਹਰਿ ਨਿਰੰਕਾਰ, ਨਿਰਗੁਣ ਜੋਤ ਜਗਾਈਆ । ਨਿਹਕਲੰਕਾ ਲੈ ਅਵਤਾਰ, ਸ਼ਬਦੀ ਡੰਕ ਵਜਾਈਆ । ਸ਼ਬਦ ਡੰਕ ਅਪਰ ਅਪਾਰ, ਜੀਵਾਂ ਜੰਤਾਂ ਰਿਹਾ ਜਗਾਈਆ । ਸਾਧਾਂ ਸੰਤਾਂ ਦਏ ਹੁਲਾਰ, ਸੋਇਆ ਕੋਈ ਰਹਿਣ ਨਾ ਪਾਈਆ । ਤੀਰਥ ਤੱਟਾਂ ਪਾਵੇ ਸਾਰ, ਸਰ ਸਰੋਵਰ ਵੇਖ ਵਖਾਈਆ । ਮਨਮੁਖ ਜੀਵਾਂ ਵੇਖੇ ਨੌਂ ਦਵਾਰ, ਗੁਰਮੁਖਾਂ ਆਤਮ ਬੂਝ ਬੁਝਾਈਆ । ਆਪੇ ਖੋਲ੍ਹੇ ਬੰਦ ਕਿਵਾੜ, ਆਪਣੀ ਹੱਥੀਂ ਕੁੰਡਾ ਲਾਹੀਆ । ਮੇਟ ਮਿਟਾਏ ਪੰਚਮ ਧਾੜ, ਆਪਣੀ ਹੱਥੀਂ ਜੋਤ ਜਗਾਈਆ । ਜੋਤ ਜਗਾਏ ਨਾੜ ਨਾੜ, ਅਗਿਆਨ ਅੰਧੇਰ ਮਿਟਾਈਆ । ਦਰ ਘਰ ਸਾਚੇ ਦੇਵੇ ਵਾੜ, ਗੁਰ ਪੂਰੇ ਹੱਥ ਵਡਿਆਈਆ । ਦਸਮ ਦਵਾਰੀ ਮਹੱਲ ਅਟੱਲ ਉਚ ਮੁਨਾਰ, ਜੋਤੀ ਜੋਤ ਡਗਮਗਾਈਆ । ਪੰਚਮ ਗਾਇਣ ਵਾਰੋ ਵਾਰ, ਸਾਚੀ ਸਖੀਆਂ ਏਕਾ ਮੰਗਲ ਸੁਣਾਈਆ । ਸਾਚੀ ਸੇਜਾ ਕਰ ਪਿਆਰ, ਹਰਿ ਬੈਠਾ ਬੇਪਰਵਾਹੀਆ । ਗੁਰਮੁਖ ਸਾਜਨ ਲਏ ਉਭਾਰ, ਘਰ ਸਾਚੇ ਮੇਲ ਮਿਲਾਈਆ । ਵਿਛੜ ਨਾ ਜਾਏ ਸੰਸਾਰ, ਮੇਲ ਵਿਛੋੜਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਗੁਰਮੁਖ ਮੇਲਾ ਸਚ ਘਰ, ਮਨਮੁਖਾਂ ਦਏ ਸਜ਼ਾਈਆ । ਗੁਰਮੁਖ ਸਤਿਗੁਰ ਪਾਇਆ, ਆਤਮ ਵੱਜੀ ਵਧਾਈਆ । ਮਾਨਸ ਮਾਨੁਖ ਲੇਖੇ ਲਾਇਆ, ਸੁਰਤੀ ਸੁਰਤ ਪਰਨਾਈਆ । ਭਰਮ ਭੁਲੇਖਾ ਦੂਰ ਕਰਾਇਆ, ਜੋ ਜਨ ਆਏ ਸਰਨਾਈਆ । ਮਨਮੁਖ ਵੇਖਾ ਵੇਖੀ ਵਕਤ ਲੰਘਾਇਆ, ਵੇਲਾ ਗਿਆ ਹੱਥ ਨਾ

ਆਈਆ । ਔਲੀਆ ਪੀਰ ਸ਼ੇਖ਼ ਕੁਤਬ ਗੌਂਸ ਰਿਹਾ ਕੁਰਲਾਇਆ, ਪੀਰ ਦਸਤਗੀਰ ਪਈ ਲੜਾਈਆ । ਪੰਡਤ ਪਾਂਧੇ ਗ੍ਰੰਥੀ ਪੰਥੀ ਮਸਤਕ ਮੇਖ ਨਾ ਕੋਈ ਲਗਾਇਆ, ਆਤਮ ਬ੍ਰਹਮ ਨਾ ਕੋਈ ਜਣਾਈਆ । ਗੁਰ ਦਸਮੇਸੇ ਜੋਤ ਜਗਾਇਆ, ਲੋਕਮਾਤ ਹੋਏ ਰੁਸ਼ਨਾਈਆ । ਬ੍ਰਹਮਾ ਵਿਸ਼ਨ ਸ਼ਿਵ ਰਹੇ ਸਰਨਾਇਆ, ਜੁਗ ਜੁਗ ਖੇਲ ਰਚਾਈਆ । ਨਿਰਗੁਣ ਜੋਤ ਕਰੀ ਕੁੜਮਾਇਆ, ਵਾਹ ਵਾਹ ਸਾਚਾ ਸਗਨ ਮਨਾਈਆ । ਸੰਬਲ ਨਗਰੀ ਰੁੱਤ ਸੁਹਾਇਆ, ਸਚ ਸਿੰਘਾਸਣ ਆਸਣ ਡਾਹੀਆ । ਉਤੇ ਬੈਠਾ ਬੇਪਰਵਾਹਿਆ, ਦਿਸ ਕਿਸੇ ਨਾ ਆਈਆ । ਗੁਰ ਅਰਜਨ ਦਏ ਗਵਾਹਿਆ, ਹਰਿ ਪੂਰਾ ਹਰਿ ਹਰਿਜਨ ਹਰਿ ਮੰਦਰ ਏਕਾ ਏਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਸਾਚੇ ਲਏ ਜਗਾਈਆ । ਗੁਰਮੁਖ ਸਾਚੇ ਉਠ ਉਠ ਜਾਗ, ਹਰਿ ਸਾਚੇ ਜੋਤ ਜਗਾਈਆ । ਸੰਬਲ ਨਗਰੀ ਲੱਗਾ ਭਾਗ, ਗੁਰ ਗੋਬਿੰਦ ਮੇਲ ਮਿਲਾਈਆ । ਆਪਣੀ ਹੱਥੀਂ ਪਕੜੇ ਵਾਗ, ਗੁਰ ਚੇਲਾ ਰੂਪ ਦਰਸਾਈਆ । ਸਾਚੇ ਚੇਲਾ ਨਾਰੀ ਕੰਤ ਸੁਹਾਗ, ਆਤਮ ਸੇਜਾ ਇਕ ਵਿਛਾਈਆ । ਸੋ ਪੁਰਖ ਨਿਰੰਜਣ ਦਏ ਵੈਰਾਗ, ਹੰਗਤਾ ਹੰ ਮੇਟ ਮਿਟਾਈਆ । ਪੰਜ ਤਤ ਵਿਕਾਰਾ ਬੁਝੇ ਆਗ, ਜੋ ਰਸਨਾ ਹਰਿ ਹਰਿ ਗਾਈਆ । ਫੜ ਫੜ ਹੰਸ ਬਣਾਏ ਕਾਗ, ਕਾਗੋਂ ਹੰਸ ਬਣਾਈਆ । ਦੀਪਕ ਜੋਤੀ ਜਗੇ ਚਿਰਾਗ਼, ਅੰਧ ਅੰਧੇਰ ਮਿਟਾਈਆ । ਆਪ ਜਣਾਏ ਆਪਣਾ ਭਵਿਖਤ ਵਾਕ, ਵੇਦ ਕਤੇਬ ਨਾ ਕੋਈ ਜਣਾਈਆ । ਸ਼ਬਦ ਘੋੜੇ ਚੜ੍ਹਿਆ ਸਾਚੇ ਰਾਕ, ਸ਼ਾਹ ਅਸਵਾਰ ਨਾਉਂ ਧਰਾਈਆ । ਵੇਖ ਵਖਾਏ ਖ਼ਾਕੀ ਖ਼ਾਕ, ਚੌਦਾਂ ਲੋਕਾਂ ਫੇਰਾ ਪਾਈਆ । ਚੌਦਾਂ ਤਬਕਾਂ ਪਾਕੀ ਪਾਕ, ਨਬੀ ਰਸੂਲਾਂ ਦਏ ਉਠਾਈਆ । ਦਰ ਦਵਾਰੇ ਬੈਠਾ ਰਿਹਾ ਝਾਕ, ਦਿਸ ਕਿਸੇ ਨਾ ਆਈਆ । ਲੋਕਮਾਤ ਕਲਜੁਗ ਅੰਤਮ ਖੋਲ੍ਹਿਆ ਆਪਣਾ ਤਾਕ, ਆਪਣੇ ਘਰ ਕਰੇ ਰੁਸ਼ਨਾਈਆ । ਤ੍ਰੈਗੁਣ ਤੇਰਾ ਚੁੱਕੇ ਬਾਕੀ ਬਾਕ, ਪਿਛਲਾ ਮੂਲ ਚੁਕਾਈਆ । ਕਲਜੁਗ ਤੇਰਾ ਨਾਤਾ ਤੋੜੇ ਜੂਠਾ ਝੂਠਾ ਸਾਕ, ਕੂੜੀ ਕਿਰਿਆ ਦਏ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਵੇਖੇ ਅੰਤਮ ਰਾਹ, ਕਵਣ ਦਵਾਰੇ ਹਰਿ ਬੇਪਰਵਾਹ ਬੈਠਾ ਆਸਣ ਲਾਈਆ । ਕਵਣ ਦਵਾਰੇ ਹਰਿ ਹਰਿ ਬੈਠ, ਆਪਣਾ ਰੰਗ ਰੰਗਾਇਆ । ਵੇਖ ਵਖਾਣੇ ਰਾਜ ਰਾਜਾਨ ਸ਼ਾਹ ਸੇਠ, ਲੇਖਾ ਕੋਇ ਰਹਿਣ ਨਾ ਪਾਇਆ । ਅੰਤਮ ਭੰਨੇ ਕੌੜੇ ਰੇਠ, ਸ਼ਬਦ ਹਥੌੜਾ ਏਕਾ ਲਾਇਆ । ਜਨ ਭਗਤਾਂ ਰੱਖੇ ਸਾਇਆ ਹੇਠ, ਸਿਰ ਆਪਣਾ ਹੱਥ ਟਿਕਾਇਆ । ਮਨਮੁਖ ਜੀਵਾਂ ਵੇਖੇ ਕਾਇਆ ਖੇਤ, ਅੰਮ੍ਰਿਤ ਫਲ ਨਾ ਕੋਈ ਖਵਾਇਆ । ਘਰ ਘਰ ਰੋਣਾ ਪਏ ਪੰਚਮ ਜੇਠ, ਲਿਖਿਆ ਲੇਖ ਨਾ ਕੋਈ ਮਿਟਾਇਆ । ਉਠ ਉਠ ਵੇਖਣ ਧਾਰੀ ਕੇਸ, ਗੁਰ ਗੋਬਿੰਦਾ ਕਵਣ ਕੂਟੇ ਬੈਠਾ ਡੇਰਾ ਲਾਇਆ । ਜੋਧਾ ਸੂਰਬੀਰ ਬੀਰਾ ਗੁਰ ਦਸਮੇਸ, ਨੀਲਾ ਨੀਲੀ ਧਾਰੋਂ ਪਾਰ ਲਏ ਕਰਾਇਆ । ਬਸਤਰ ਸ਼ਸਤਰ ਕਰਿਆ ਵੇਸ, ਆਪ ਆਪਣਾ ਰੂਪ ਵਟਾਇਆ । ਕਲਜੁਗ ਮਾਇਆ ਤੇਰੀ ਕੋਈ ਨਾ ਚਲੇ ਪੇਸ਼, ਸ਼ਬਦ ਖੰਡਾ ਹੱਥ ਉਠਾਇਆ । ਤਖ਼ਤ ਤਾਜ ਨਾ ਬੈਠੇ ਕੋਈ ਨਰੇਸ਼, ਸੀਸ ਮੁਕਟ ਨਾ ਕੋਈ ਸੁਹਾਇਆ । ਆਪਣੇ ਨੇਤਰ ਆਪਣੀ ਅੱਖੀਂ ਲੈਣਾ ਵੇਖ, ਪ੍ਰਭ ਸਾਚਾ ਦਏ ਵਖਾਇਆ । ਭੇਖ ਪਖੰਡਾ ਮਿਟੇ ਭੇਖ, ਭੇਖਾਧਾਰੀ ਕੋਈ ਦਿਸ ਨਾ ਆਇਆ । ਪੁਰਖ ਅਕਾਲ ਤੇਰੀ ਏਕਾ ਰੇਖ, ਲੱਖ ਚੁਰਾਸੀ ਦਏ ਪੜ੍ਹਾਇਆ । ਗੁਰਮੁਖਾਂ ਮਸਤਕ ਲਾਏ ਮੇਖ, ਜੋਤ ਲਲਾਟ ਕਰੇ ਰੁਸ਼ਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲਹਿਣਾ ਬਸਤਰ ਗਹਿਣਾ ਤੇਰੀ ਝੋਲੀ ਪਾਇਆ । ਕਲਜੁਗ ਤੇਰਾ ਲਹਿਣ ਚੁਕੌਣਾ, ਹਰਿ ਸਾਚੇ ਹੱਥ ਵਡਿਆਈਆ । ਸਤਿਜੁਗ ਸੋਇਆ ਪੁੱਤ ਉਠੌਣਾ, ਦੇ ਮਤ ਰਿਹਾ ਸਮਝਾਈਆ । ਕਲਜੁਗ ਤੇਰਾ ਰੰਗ ਮਿਟੌਣਾ, ਕਾਲੀ ਰੇਖ ਰਹਿਣ ਨਾ ਪਾਈਆ । ਸਤਿਜੁਗ ਤੇਰਾ ਸਾਚਾ ਚੰਦ ਚੜ੍ਹੌਣਾ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਦੋਹਾਂ ਵਿਚੋਲਾ ਸ਼ਬਦ ਬਣੌਣਾ, ਹਰਿ ਸ਼ਬਦੀ ਦਏ ਗਵਾਹੀਆ ।

੧੨੮

ਕਲਜੁਗ ਤੇਰਾ ਭੇਖ ਪਖੰਡਾ, ਚਾਰੋਂ ਕੁੰਟ ਪਸਾਰਿਆ । ਸਾਧ ਸੰਤ ਆਤਮ ਰੰਡਾ, ਤੀਰਥ ਤਟ ਫਿਰੇ ਹੰਕਾਰਿਆ । ਗਿਆਨੀ ਧਿਆਨੀ ਹੋਏ ਘਮੰਡਾ, ਜਗੀ ਜੋਤ ਨਾ ਆਤਮ ਅਪਾਰਿਆ । ਨਜ਼ਰ ਨਾ ਆਇਆ ਪਾਰ ਕੰਢਾ, ਡੁੱਬੇ ਵਿਚ ਮੰਝਧਾਰਿਆ । ਚੌਥੇ ਪਦ ਨਾ ਮਿਲਿਆ ਡੰਡਾ, ਨਾ ਚੜ੍ਹੇ ਸਿਖਰ ਮੁਨਾਰਿਆ । ਪਾਰਬ੍ਰਹਮ ਪ੍ਰਭ ਲੈ ਕੇ ਖੰਡਾ, ਲੋਕਮਾਤ ਲਏ ਅਵਤਾਰਿਆ । ਲੱਖ ਚੁਰਾਸੀ ਵੱਢੇ ਕੰਢਾਂ, ਜੋ ਅੜਿਆ ਸੋ ਕਰਿਆ ਪਾਰ ਕਿਨਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਵੇਸ ਤੇਰੇ ਦਰ ਸੁਹਾ ਰਿਹਾ । ਸਤਿਜੁਗ ਸਾਚੇ ਉਠ ਬਲ ਧਾਰ, ਹਰਿ ਸਾਚਾ ਆਪ ਜਗਾਇੰਦਾ । ਧਰਤ ਮਾਤ ਦੀ ਸੁਣੀ ਪੁਕਾਰ, ਤੇਰਾ ਰਾਹ ਵਖਾਇੰਦਾ । ਭਗਤਾਂ ਮੇਲਾ ਵਿਚ ਸੰਸਾਰ, ਸਾਚਾ ਸੰਗ ਨਿਭਾਇੰਦਾ । ਇਕ ਅਕੇਲਾ ਪਾਵੇ ਸਾਰ, ਨਾਮ ਮਰਦੰਗ ਵਜਾਇੰਦਾ । ਗੁਰ ਚੇਲਾ ਸੋਹੇ ਇਕ ਦਵਾਰ, ਗੁਰ ਗੋਬਿੰਦ ਲੇਖ ਲਿਖਾਇੰਦਾ । ਸਦਾ ਸੁਹੇਲਾ ਹਰਿ ਨਿਰੰਕਾਰ, ਵਿਛੜ ਕਦੇ ਨਾ ਜਾਇੰਦਾ । ਸਾਚਾ ਮੇਲਾ ਅਪਰ ਅਪਾਰ, ਜੋਤੀ ਸ਼ਬਦੀ ਆਪ ਜੁੜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਵੇਖੇ ਤੇਰਾ ਦਰ, ਸਤਿਜੁਗ ਉਠਾਏ ਸਾਚੇ ਘਰ, ਦਰ ਸਾਚਾ ਆਪ ਸੁਹਾਇੰਦਾ । ਸਤਿਜੁਗ ਸਾਚੇ ਲੈ ਅੰਗੜਾਈ, ਦੋਏ ਜੋੜ ਕਰੇ ਨਿਮਸਕਾਰਾ । ਪਾਰਬ੍ਰਹਮ ਤੇਰੇ ਘਰ ਵੱਜਦੀ ਰਹੇ ਵਧਾਈ, ਤੇਰਾ ਅੰਤ ਨਾ ਪਾਰਾਵਾਰਾ । ਜਨ ਭਗਤਾਂ ਸੰਗ ਕਰੇ ਕੁੜਮਾਈ, ਏਕਾ ਸੋਹੇ ਬੰਕ ਦਵਾਰਾ । ਏਕਾ ਘਰ ਵਸੇ ਧੀ ਜਵਾਈ, ਸੁਰਤੀ ਸ਼ਬਦੀ ਕਰ ਪਿਆਰਾ । ਕਲਜੁਗ ਅੰਤਮ ਨੇਤਰ ਰੋ, ਆਪਣਾ ਨੀਰ ਵਹਾਇਆ । ਦੁਰਮਤ ਮੈਲ ਕੋਈ ਨਾ ਸਕੇ ਧੋ, ਚਾਰੋਂ ਕੁੰਟ ਉਠ ਉਠ ਧਾਇਆ । ਚਾਰ ਯਾਰੀ ਸੰਗ ਮੁਹੰਮਦ ਅੱਗੇ ਹੋ, ਆਪਣਾ ਦੁਖੜਾ ਰਿਹਾ ਸੁਣਾਇਆ । ਅੰਜੀਲ ਕੁਰਾਨਾ ਤੁਟਾ ਮੋਹ, ਅੱਲਾ ਰਾਣੀ ਨੈਣ ਸ਼ਰਮਾਇਆ । ਜੂਠਾ ਝੂਠਾ ਕਰਿਆ ਧਰੋ, ਤੇਰਾ ਸੰਗ ਨਾ ਕੋਈ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਮੂਲ ਤੇਰੀ ਝੋਲੀ ਪਾਇਆ । ਸਤਿਜੁਗ ਸਾਚਾ ਕਰ ਸ਼ੰਗਾਰ, ਆਪਣਾ ਘਰ ਸੁਹਾਇੰਦਾ । ਬਸਤਰ ਪਾਏ ਅਪਰ ਅਪਾਰ, ਸਚ ਸੁੱਚ ਨਾਉਂ ਧਰਾਇੰਦਾ । ਸਤਿ ਸੰਤੋਖ ਕਰ ਪਿਆਰ, ਧੀਰਜ ਯਤ ਸਮਾਇੰਦਾ । ਅੰਤਮ ਮੋਖ ਇਕ ਕਰਤਾਰ, ਤੇਰਾ ਨਾਮ ਜਪਾਇੰਦਾ । ਹਰਖ਼ ਸੋਗ ਤੋਂ ਵਸਿਆ ਬਾਹਰ, ਸੋ ਪੁਰਖ ਮਨਾਇੰਦਾ । ਸੋ ਪੁਰਖ ਗੁਪਤ ਜ਼ਾਹਰ, ਦਿਸ ਕਿਸੇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਦਰ ਸਾਚਾ ਇਕ ਵਖਾਇੰਦਾ । ਕਲਜੁਗ ਤੇਰੀ ਕੂੜੀ ਰਾਸ, ਹਰਿ ਸਾਚਾ ਮੇਟ ਮਿਟਾਇੰਦਾ । ਸਚ ਵਸਤ ਨਾ ਤੇਰੇ ਪਾਸ, ਨਾ ਕੋਈ ਤੱਕੜ ਤੋਲ ਤੁਲਾਇੰਦਾ । ਤੇਰਾ ਸੰਗ ਤੇਰੇ ਸੰਗ ਹੋਣਾ ਨਾਸ, ਨਾ ਕੋਈ ਧੀਰ ਧਰਾਇੰਦਾ । ਕੂੜ ਕੁੜਿਆਰਾ ਬਣ ਮਲੰਗ, ਚਾਰੋਂ ਕੁੰਟ ਨਚਾਇੰਦਾ । ਮਾਇਆ ਮਮਤਾ ਮਦਿ ਪੀਤੀ ਭੰਗ, ਅੰਮ੍ਰਿਤ ਰਸ ਨਾ ਕੋਈ ਚਖਾਇੰਦਾ । ਝੂਠਾ ਨੁਹਾਵਣ ਨੁਹਾਇਆ ਗੋਦਾਵਰੀ ਗੰਗ, ਸਰ ਸਰੋਵਰ ਨਾ ਕੋਈ ਵਖਾਇੰਦਾ । ਗੁਰਦਰ ਮੰਦਰ ਮਸਜਿਦ ਵਜਾਏ ਝੂਠੇ ਮਰਦੰਗ, ਅਨਹਦ ਤਾਲ ਨਾ ਕੋਈ ਵਜਾਇੰਦਾ । ਤਤ ਰੱਤ ਕਪੜੇ ਰੰਗੇ ਆਪਣੇ ਰੰਗ, ਰੰਗ ਮਜੀਠੀ ਨਾ ਕੋਇ ਚੜ੍ਹਾਇੰਦਾ । ਮਾਇਆ ਮਮਤਾ ਪੁੱਤਰ ਧੀਆਂ ਮੰਗੀ ਮੰਗ, ਹਰਿ ਕਾ ਨਾਮ ਕੋਈ ਨਾ ਝੋਲੀ ਪਾਇੰਦਾ । ਸਦਾ ਸੁਹਾਗੀ ਮੰਗੀ ਸਚ ਮੰਗ, ਕਾਮਨੀ ਨਾਰ ਇਕ ਹੰਢਾਇੰਦਾ । ਆਤਮ ਸੇਜ ਨਾ ਚੜ੍ਹਿਆ ਸਚ ਪਲੰਘ, ਸਾਚਾ ਸੱਜਣ ਨਾ ਕੋਈ ਵਖਾਇੰਦਾ । ਆਪਣਾ ਅੰਦਰ ਨਾ ਆਪੇ ਵੇਖਿਆ ਲੰਘ, ਕੋਟਨ ਕੋਟ ਗੁਰਦਵਾਰੇ ਚਾਰ ਦਵਾਰੀ ਵੇਖ ਵਖਾਇੰਦਾ । ਸ਼ਬਦ ਘੋੜੇ ਨਾ ਕਸਿਆ ਤੰਗ, ਸ਼ਾਹ ਅਸਵਾਰ ਨਾਉਂ ਧਰਾਇੰਦਾ । ਇਕ ਅਕੱਲਾ ਨਾ ਲਾਇਆ ਆਪਣੇ ਅੰਗ, ਲੱਖ ਚੁਰਾਸੀ ਵੇਸ ਹੰਢਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਤੋੜੇ ਗੜ੍ਹ, ਪੁਰਖ ਅਬਿਨਾਸ਼ੀ ਉਪਰ ਚੜ੍ਹ, ਸੋਹੰ ਖੰਡਾ ਹੱਥ ਫੜ, ਨਾ ਕੋਈ ਮੇਟ ਮਿਟਾਇੰਦਾ । ਸੋਹੰ

ਖੰਡਾ ਹੱਥ ਪ੍ਰਭ ਫੜਿਆ, ਤਿੱਖੀ ਧਾਰ ਰਖਾਈਆ । ਲੋਆਂ ਪੁਰੀਆਂ ਆਪੇ ਚੜ੍ਹਿਆ, ਬ੍ਰਹਿਮੰਡ ਖੰਡ ਵੇਖ ਵਖਾਈਆ । ਜੇਰਜ ਅੰਡ ਅੰਦਰ ਵੜਿਆ, ਉਤਭੁਜ ਸੇਤਜ ਵਿਚ ਸਮਾਈਆ । ਖੰਡ ਖੰਡ ਪ੍ਰਭ ਆਪੇ ਕਰਿਆ, ਖੰਡਣਹਾਰ ਆਪ ਹੋ ਜਾਈਆ । ਸ੍ਰਿਸ਼ਟ ਸਬਾਈ ਰੰਡ ਕਰਿਆ, ਕੰਤ ਸੁਹਾਗੀ ਨਾ ਕੋਈ ਹੰਢਾਈਆ । ਗੁਰਮੁਖ ਸਾਜਨ ਆਪੇ ਫੜਿਆ, ਆਪ ਆਪਣਾ ਮੇਲ ਮਿਲਾਈਆ । ਵੱਖ ਕਰਾਏ ਸੀਸ ਧੜਿਆ, ਪੰਜ ਤਤ ਨਾ ਕੋਈ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਘਰ ਵੇਖੇ ਥਾਉਂ ਥਾਈਂਆ । ਸਤਿਜੁਗ ਸਾਚਾ ਸੁਤ ਦੁਲਾਰਾ, ਹਰਿ ਸਾਚੇ ਆਪ ਉਠਾਇਆ । ਏਕਾ ਦਿਸੇ ਰਾਹ ਨਿਆਰਾ, ਏਕਾ ਮੰਤਰ ਨਾਮ ਦ੍ਰਿੜਾਇਆ । ਚਾਰ ਵਰਨਾਂ ਕਰ ਇਕ ਪਿਆਰਾ, ਊਚਾਂ ਨੀਚਾਂ ਭੇਵ ਨਾ ਰਾਇਆ । ਇਕ ਸੁਹੇਣਾ ਬੰਕ ਦਵਾਰਾ, ਏਕਾ ਦਰ ਸੁਹਾਇਆ । ਰਾਓ ਰੰਕ ਰਾਜ ਰਾਜਾਨ ਸ਼ਾਹ ਸੁਲਤਾਨ ਨਾ ਕਰੇ ਕੋਈ ਵਿਚਾਰਾ, ਏਕਾ ਮਾਣ ਜਣਾਇਆ । ਏਕਾ ਸ਼ਬਦ ਇਕ ਜੈਕਾਰਾ, ਏਕਾ ਨਾਅਰਾ ਲਾਇਆ । ਏਕਾ ਬਸਤਰ ਕਰ ਪਿਆਰਾ, ਏਕਾ ਤਨ ਸਜਾਇਆ । ਏਕਾ ਕੱਜਲ ਪਾਏ ਧਾਰਾ, ਨੇਤਰ ਨੈਣਾਂ ਨੂਰ ਸਵਾਇਆ । ਏਕਾ ਕਰੇ ਸਚ ਸ਼ੰਗਾਰਾ, ਸੋਲਾਂ ਕਲੀਆਂ ਵੇਸ ਵਟਾਇਆ । ਏਕਾ ਘਰ ਏਕਾ ਵਰ ਮਿਲੇ ਕੰਤ ਭਤਾਰਾ, ਸਾਚੀ ਸਖੀਆਂ ਮੇਲ ਮਿਲਾਇਆ । ਛੁਟਿਆ ਜਗ ਵਿਛੜਿਆ ਸੰਸਾਰਾ, ਘਰ ਸਾਚਾ ਇਕ ਸੁਹਾਇਆ । ਸਤਿਜੁਗ ਸਾਚੇ ਤੇਰੀ ਪਾਵੇ ਸਾਰਾ, ਪਤਤ ਪਾਵਣ ਨਾਮ ਧਰਾਇਆ । ਲੋਕਮਾਤ ਕਰ ਉਜਿਆਰਾ, ਤੇਰਾ ਰੂਪ ਤੇਰੀ ਦ੍ਰਿਸ਼ਟ ਤੇਰਾ ਇਸ਼ਟ ਸ੍ਰਿਸ਼ਟ ਸਬਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਸ਼ਬਦ ਸੁਣਾਇਆ । ਸਤਿਜੁਗ ਸਾਚਾ ਸੁਣ ਸਲਾਹ,
 ਚਰਨ ਕਵਲ ਬਲਹਾਰਿਆ । ਪ੍ਰਭ ਅਬਿਨਾਸ਼ੀ ਬਣ ਮਲਾਹ, ਬੇੜਾ ਲੋਕਮਾਤ ਵਿਚ ਤਾਰਿਆ । ਇਕ ਜਪੌਣਾ ਆਪਣਾ ਨਾਂ, ਦੇਣਾ ਸਚ ਸਹਾਰਿਆ । ਵੇਲੇ ਅੰਤਮ ੧੩੦
ਪਕੜੇ ਬਾਂਹ, ਲਾਈਂ ਪਾਰ ਕਿਨਾਰਿਆ । ਤੂਹੀ ਪਿਤਾ ਤੂਹੀ ਮਾਂ, ਹਉਂ ਬਾਲਕ ਸੁਤ ਦੁਲਾਰਿਆ । ਤੇਰੀ ਮਾਣੀ ਠੰਡੀ ਛਾਂ, ਸਮਰਥ ਪੁਰਖ ਕਰਤਾਰਿਆ । ਬਿਨ ਤੇਰੇ ਚਰਨ ਨਾ ਦਿਸੇ ਕੋਈ ਥਾਂ, ਢਹਿ ਪਏ ਤੇਰੇ ਦਵਾਰਿਆ । ਦੀਨ ਦਿਆਲ ਸਦਾ ਕਿਰਪਾਲ ਕਦੀ ਕਰੀਂ ਨਾ ਨਾਹ, ਤੇਰਾ ਤੱਕਿਆ ਇਕ ਸਹਾਰਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਸਾਚੇ ਦੇਵੇ ਵਰ, ਆਪ ਆਪਣੀ ਕਿਰਪਾ ਧਾਰਿਆ । ਸਤਿਜੁਗ ਸਾਚੇ ਦੇਵੇ ਮਤ, ਪ੍ਰਭ ਸਾਚੇ ਹੱਥ ਵਡਿਆਈਆ । ਏਕਾ ਨਾਮ ਏਕਾ ਜਪ, ਏਕਾ ਪੂਜਾ ਪਾਠ ਸਖਾਈਆ । ਏਕਾ ਤੱਤਵ ਏਕਾ ਤੱਤ, ਏਕਾ ਅਗਨ ਸਮਾਈਆ । ਏਕਾ ਰੱਖਣਹਾਰਾ ਪਤ, ਪਤਿਪਰਮੇਸ਼ਵਰ ਨਾਉਂ ਧਰਾਈਆ । ਏਕਾ ਵਸੇ ਘਟ ਘਟ, ਬੈਠਾ ਆਸਣ ਲਾਈਆ । ਏਕਾ ਖੋਲ੍ਹੇ ਚੌਦਾਂ ਹੱਟ, ਚੌਦਾਂ ਲੋਕ ਖੁਲ੍ਹਾਈਆ । ਏਕਾ ਵਸਿਆ ਤੀਰਥ ਘਟ, ਏਕਾ ਘਾਟ ਨੁਹਾਈਆ । ਏਕਾ ਖੇਲੇ ਖੇਲ ਹਰਿ ਨਟੂਆ ਨਟ, ਸਵਾਂਗੀ ਸਵਾਂਗ ਵਰਤਾਈਆ । ਏਕਾ ਮੰਦਰ ਏਕਾ ਮੱਠ, ਏਕਾ ਮਸਜਿਦ ਰਿਹਾ ਉਪਾਈਆ । ਹਰਿ ਕਾ ਮੰਦਰ ਕਦੇ ਨਾ ਜਾਏ ਢੱਠ, ਇੱਟ ਗਾਰਾ ਨਾ ਕੋਈ ਲਗਾਈਆ । ਜੋਤੀ ਜੋਤ ਜਗੇ ਲਟ ਲਟ, ਤੇਲ ਬਾਤੀ ਨਾ ਕੋਈ ਰਖਾਈਆ । ਢੋਲਕ ਢੋਲ ਨਾ ਮਾਰੇ ਕੋਈ ਸੱਟ, ਅਨਹਦ ਵੱਜੇ ਵਾਹੋ ਦਾਹੀਆ । ਗੁਰਮੁਖ ਵਿਰਲੇ ਲਾਹਾ ਲੈਣ ਖੱਟ, ਸਤਿਜੁਗ ਤੇਰਾ ਸੰਗ ਨਿਭਾਈਆ । ਤੇਰਾ ਨਾਤਾ ਜੋੜੇ ਦੁਰਮਤ ਮੈਲ ਪਹਿਲੋਂ ਕੱਟ, ਸੋਹੰ ਸਾਚਾ ਜਾਪ ਜਪਾਈਆ । ਇਕ ਰਖਾਏ ਸਾਚਾ ਹੱਠ, ਮਦਿਰਾ ਮਾਸ ਰਸਨ ਤਜਾਈਆ । ਕੋਟਨ ਕੋਟ ਕੋਟ ਜਨਮ ਜਨਮ ਕਰੇ ਪੂਜਾ ਪਾਠ, ਹਰਿ ਹਰਿ ਕੋਇ ਨਾ ਮੇਲ ਮਿਲਾਈਆ । ਸਤਿਜੁਗ ਏਕਾ ਕੰਢਾ ਏਕਾ ਘਾਟ, ਏਕਾ ਰਿਹਾ ਚੜ੍ਹਾਈਆ । ਅੱਗੇ ਨੇੜੇ ਦਿਸੇ ਵਾਟ, ਹਰਿ ਦਿਵਸ ਰੈਣ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਜਨ ਭਗਤਾਂ ਬਜਰ ਕਪਾਟੀ ਜਾਏ ਪਾੜ, ਅੱਠੇ ਪਹਿਰ

ਸਵੱਛ ਸਰੂਪ ਜੋਤੀ ਨੂਰ ਕਰੇ ਰੁਸ਼ਨਾਈਆ । ਕਲਜੁਗ ਅੰਤਮ ਕਾਲਾ ਕਾਲਾ ਸੂਸਾ, ਆਪਣੇ ਹੱਥ ਉਠਾਇੰਦਾ । ਦਰ ਘਰ ਵੇਖੇ ਈਸਾ ਮੂਸਾ, ਕਾਲੀ ਕਫਨੀ ਨਾ ਕੋਈ ਸਿਰ ਟਿਕਾਇੰਦਾ । ਚੌਦਾਂ ਤਬਕਾਂ ਫਿਰਿਆ ਰੁੱਸਾ, ਸੰਗ ਮੁਹੰਮਦ ਚਾਰ ਯਾਰ ਨਾ ਕੋਈ ਮਨਾਇੰਦਾ । ਅੱਲਾ ਰਾਣੀ ਚੜ੍ਹਿਆ ਗੁੱਸਾ, ਮੁਖ ਘੁੰਘਟ ਨੈਣ ਸ਼ਰਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਭਾਰ ਤੇਰੇ ਸੀਸ ਆਪ ਚੁਕਾਇੰਦਾ । ਕਲਜੁਗ ਭਾਰ ਲੈਣਾ ਚੁੱਕ, ਅੰਤਮ ਵਾਰ ਆਈਆ । ਚਾਰੋਂ ਕੁੰਟ ਪਿਆ ਮੁਖ ਥੁੱਕ, ਨਾ ਦੀਸੇ ਕੋਈ ਸਹਾਈਆ । ਸ੍ਰਿਸ਼ਟ ਸਬਾਈ ਬੂਟਾ ਰਿਹਾ ਸੁੱਕ, ਨਾ ਹਰਿਆ ਕੋਈ ਕਰਾਈਆ । ਕਾਮ ਕਰੋਧ ਰਿਹਾ ਬੁੱਕ, ਘਰ ਘਰ ਪਈ ਲੜਾਈਆ । ਗੁਰਮੁਖ ਕੋਈ ਘਰ ਸਾਚੇ ਨਾ ਝੁਕ, ਜਗਤ ਵਿਦਿਆ ਕਰੇ ਪੜ੍ਹਾਈਆ । ਸਾਧ ਸੰਤ ਜੂਠੇ ਝੂਠੇ ਬੈਠੇ ਲੁਕ, ਮਾਇਆ ਪੜਦਾ ਉਪਰ ਪਾਈਆ । ਹਰਿ ਕਾ ਭਾਣਾ ਕਦੇ ਨਾ ਜਾਏ ਰੁਕ, ਨਾਨਕ ਗੋਬਿੰਦ ਲੇਖ ਲਿਖਾਈਆ । ਪ੍ਰਭ ਵੇਖਣਹਾਰਾ ਮਾਤ ਗਰਭ ਅੰਦਰ ਕੁੱਖ, ਨਾ ਕੋਈ ਸਕੇ ਭੇਵ ਛੁਪਾਈਆ । ਨਿੰਦਕਾਂ ਅੰਤ ਕਰੇ ਕਾਲੇ ਮੁੱਖ, ਮੁਖ ਕਾਲੀ ਸ਼ਾਹੀ ਲਾਈਆ । ਗੁਰਮੁਖ ਗੁਰਸਿਖ ਜਨਮ ਜਨਮ ਸੁਖਣਾ ਰਹੇ ਸੁਖ, ਮਿਲੇ ਦਾਤਾ ਬੇਪਰਵਾਹੀਆ । ਬੂਟਾ ਹਰਿਆ ਕਰੇ ਉਲਟਾ ਰੁਖ, ਲੇਖਾ ਲੇਖੇ ਲਏ ਲਾਈਆ । ਸਿੰਘ ਗੁਰਮੁਖ ਦਵਾਰੇ ਗਿਆ ਝੁਕ, ਹਰਿ ਸਚ ਸੱਚੀ ਸਰਨਾਈਆ । ਚਤੁਰਭੁਜ ਆਪਣੀ ਭੁਜਾਂ ਲਏ ਚੁੱਕ, ਲੋਆਂ ਪੁਰੀਆਂ ਪਾਰ ਕਰਾਈਆ । ਨਾ ਇਹ ਮਾਨਸ ਨਾ ਇਹ ਮਨੁਖ, ਨਾ ਕੋਈ ਮਾਤਾ ਪਿਤਾ ਜਨਮੇ ਕੁੱਖ, ਨਾ ਕੋਈ ਤ੍ਰਿਸਨਾ ਨਾ ਕੋਈ ਭੁੱਖ, ਨਾ ਕਿਸੇ ਮੰਦਰ ਗੁਰਦਵਾਰੇ ਬੈਠਾ ਲੁਕ, ਗੁਰਮੁਖ ਸਾਚੇ ਤੇਰੇ ਸਾਚੇ ਅੰਦਰ, ਆਪੇ ਤੋੜਿਆ ਆਪਣਾ ਜੰਦਰ, ਕਿਸੇ ਹੱਥ ਨਾ ਆਏ ਮੁਨੀ ਮਛੰਦਰ,
 ਦਰ ਸਾਚਾ ਇਕ ਸੁਹਾਇਆ । ਸਾਚਾ ਘਰ ਇਕ ਮਹੱਲਾ, ਸਤਿਜੁਗ ਰੰਗ ਰੰਗਾਇਆ । ਪਾਰਬ੍ਰਹਮ ਚੜ੍ਹਿਆ ਇਕ ਅਕੱਲਾ, ਏਕਾ ਆਸਣ ਲਾਇਆ । ਆਪੇ ੧੩੧
ਵਸਿਆ ਜਲਾ ਥਲਾ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਸਮੁੰਦ ਸਾਗਰ ਡੇਰਾ ਲਾਇਆ । ਜੋਤ ਜਗਾਏ ਘੜੀ ਘੜੀ ਪਲ ਪਲਾ, ਬ੍ਰਹਮਾ ਵਿਸ਼ਨ ਸ਼ਿਵ ਇੰਦ ਇੰਦਰਾਸਨ ਵੇਖ ਵਖਾਇਆ । ਕਲਜੁਗ ਅੰਤਮ ਤੇਰਾ ਵੇਖੇ ਖਾਲੀ ਪੱਲਾ, ਸਚ ਵਸਤ ਨਾ ਕੋਈ ਗੰਢ ਬੰਧਾਇਆ । ਪੰਜ ਤਤ ਵਿਕਾਰਾ ਕਰੇ ਹੱਲਾ, ਹਰਿ ਸਾਚਾ ਰਿਹਾ ਉਠਾਇਆ । ਨਾ ਕੋਈ ਤੀਰ ਕਮਾਨ ਨਾ ਸ਼ਸਤਰ ਫੜਿਆ ਭੱਲਾ, ਏਕਾ ਖੰਡਾ ਨਾਮ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਮਨਮੁਖ ਜੀਵਾਂ ਦਏ ਸਮਝਾਇਆ । ਮਨਮੁਖ ਜੀਵ ਜਨਮ ਅਮੋਲਾ, ਮਾਨਸ ਮਾਤ ਗਵਾਇਆ । ਗੁਰ ਨਾਨਕ ਬਣਿਆ ਸਾਚਾ ਤੋਲਾ, ਨਾਮ ਕੰਡਾ ਇਕ ਲਗਾਇਆ । ਸੋਹੰ ਰੱਖਿਆ ਸਾਚਾ ਬੋਲਾ, ਨਾਮ ਸਤਿ ਮੰਤਰ ਦ੍ਰਿੜਾਇਆ । ਮਨਮੁਖ ਜੀਵਾਂ ਕਾਇਆ ਮੰਦਰ ਹੋਇਆ ਪੋਲਾ, ਹਰਿ ਕਾ ਨਾਮ ਨਾ ਕਿਸੇ ਵਸਾਇਆ । ਕੂੜੀ ਕਿਰਿਆ ਖੇਲਿਆ ਹੋਲਾ, ਕਾਇਆ ਕਪਟੀ ਰੰਗ ਚੜ੍ਹਾਇਆ । ਅੰਤਮ ਲਾੜੀ ਮੌਤ ਚੁੱਕੇ ਡੋਲਾ, ਘਰ ਘਰ ਫੇਰੀ ਪਾਇਆ । ਪਾਰਬ੍ਰਹਮ ਪ੍ਰਭ ਬਦਲਿਆ ਚੋਲਾ, ਜੋਤੀ ਜਾਮਾ ਭੇਖ ਵਟਾਇਆ । ਪਰਗਟ ਹੋਏ ਸੰਮਤ ਸੋਲਾਂ, ਸ੍ਰਿਸ਼ਟ ਸਬਾਈ ਦਏ ਉਠਾਇਆ । ਆਪੇ ਹਟਾਏ ਆਪਣਾ ਪੜਦਾ ਓਹਲਾ, ਏਕਾ ਸ਼ਬਦੀ ਡੰਕ ਵਜਾਇਆ । ਮਨਮੁਖ ਜੀਵ ਘਰ ਘਰ ਪਾਵਣ ਰੌਲਾ, ਅੱਗੇ ਕੋਈ ਦਿਸ ਨਾ ਆਇਆ । ਹਰਿ ਕਾ ਸ਼ਬਦ ਝੂਠ ਨਾ ਹੋਏ ਰੱਤੀ ਚੌਲਾ, ਨਾ ਕੋਈ ਤੋਲਾ ਤੋਲ ਤੁਲਾਇਆ । ਰਾਏ ਧਰਮ ਚਿਤਰ ਗੁਪਤ ਹੋਇਆ ਗੋਲਾ, ਦਿਵਸ ਰੈਣ ਸੀਸ ਝੁਕਾਇਆ । ਜਨ ਭਗਤਾਂ ਅੰਦਰ ਜੋਤ ਸਰੂਪੀ ਆਪੇ ਮੌਲਾ, ਆਪ ਆਪਣੀ ਬੂਝ ਬੁਝਾਇਆ । ਅੰਮ੍ਰਿਤ ਭਰੇ ਨਾਭ ਕਵਲਾ, ਉਲਟਾ ਕਵਲਾ ਮੁਖ ਭਵਾਇਆ । ਦੇਵੇ ਵਡਿਆਈ ਉਪਰ ਧਵਲਾ, ਗੁਰਮੁਖ ਪਾਲ ਨਾਮ ਧਰਾਇਆ । ਪਰਗਟ ਹੋਇਆ ਸਾਵਲ ਸਵਲਾ, ਕਾਹਨਾ ਕ੍ਰਿਸ਼ਨਾ ਰੂਪ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ

ਵਰ, ਤੇਰਾ ਲੇਖਾ ਤੇਰੇ ਦਰ ਤੇਰਾ ਪੂਰ ਕਰਾਇਆ । ਕਲਜੁਗ ਕੂੜਾ ਕਰ ਨਿਮਸਕਾਰ, ਢਹਿ ਪਏ ਸਰਨਾਈਆ । ਝੂਠੇ ਦਿਸੇ ਮੀਤ ਮੁਰਾਰ, ਨਾ ਸਕੇ ਕੋਈ ਬਚਾਈਆ । ਵੇਦ ਕਤੇਬ ਰਹੇ ਵਿਚਾਰ, ਮਸਤਕ ਤਿਲਕ ਲਗਾਈਆ । ਥੱਕੇ ਮਾਂਦੇ ਵਿਚ ਸੰਸਾਰ, ਅਗਲਾ ਪੰਧ ਨਾ ਕੋਈ ਮੁਕਾਈਆ । ਅੰਜੀਲ ਕੁਰਾਨਾ ਆਈ ਹਾਰ, ਸਚ ਮਸੱਲਾ ਨਾ ਕੋਈ ਵਿਛਾਈਆ । ਅੱਲਾ ਰਾਣੀ ਕਰੇ ਪੁਕਾਰ, ਨੇਤਰ ਰੋਵੇ ਨੀਰ ਵਹਾਈਆ । ਸੰਗ ਮੁਹੰਮਦ ਚਾਰ ਯਾਰ, ਚੌਦਾਂ ਤਬਕਾਂ ਕਰੇ ਦੁਹਾਈਆ । ਅਜਰਾਈਲ ਜਬਰਾਈਲ ਪਾਵੇ ਸਾਰ, ਮੇਕਾਈਲ ਅਸਰਾਫੀਲ ਵੇਖ ਵਖਾਈਆ । ਹੱਕ ਹਕੀਕਤ ਨਾ ਕੋਈ ਵਿਚਾਰ, ਸ਼ਰਅ ਸ਼ਰੀਅਤ ਨਾ ਕੋਈ ਸਮਝਾਈਆ । ਮੁਕਾਮੇ ਹੱਕ ਜਗਤ ਦਲੀਲ ਨਾ ਬੁੱਝੇ ਗਵਾਰ, ਐਨਲਹਕ ਨਾਅਰਾ ਕੋਈ ਨਾ ਲਾਈਆ । ਸਦੀ ਚੌਧਵੀਂ ਉਮਤ ਰਸੂਲ ਗਈ ਥੱਕ, ਨਾ ਸਕੇ ਕਦਮ ਉਠਾਈਆ । ਮਨਮੁਖਤਾ ਫਲ ਗਿਆ ਪੱਕ, ਪ੍ਰਭ ਸਾਚਾ ਝਾੜਨ ਆਈਆ । ਸਿੰਘ ਸ਼ੇਰ ਸ਼ੇਰ ਦਲੇਰ ਬੁੱਕੇ ਵਿਚ ਲੋਕਮਾਤ ਢਕ, ਚਾਰੋਂ ਕੁੰਟ ਰਿਹਾ ਕੁਰਲਾਈਆ । ਜਪ ਤਪ ਕੋਈ ਨਾ ਸਕੇ ਕਿਸੇ ਰੱਖ, ਕਲਜੁਗ ਕੂਕੇ ਦਏ ਦੁਹਾਈਆ । ਨੌਂ ਖੰਡ ਪ੍ਰਿਥਮੀ ਉਡਨੇ ਕੱਖ, ਜੋਤੀ ਅਗਨੀ ਅੱਗ ਲਗਾਈਆ । ਜੋਤ ਅਕਾਲ ਸਰਬ ਪ੍ਰਿਤਪਾਲਣ ਪਰਗਟ ਹੋਏ ਪਰਤੱਖ, ਗੋਬਿੰਦ ਸੰਗ ਰਖਾਈਆ । ਗੁਰਸਿਖਾਂ ਗੁਰਮੁਖਾਂ ਜਨ ਭਗਤਾਂ ਰੱਖੇ ਦੇ ਕਰ ਹੱਥ, ਸਮਰਥ ਪੁਰਖ ਹੱਥ ਵਡਿਆਈਆ । ਸੰਮਤ ਵੀਹ ਸੌ ਪੰਦਰਾਂ ਕਰਨ ਆਇਆ ਵੱਖ, ਗੁਰ ਗੋਬਿੰਦ ਜੋੜ ਜੁੜਾਈਆ । ਕੀਮਤ ਕਰਤਾ ਕੋਈ ਨਾ ਪਾਏ ਤੇਰੀ ਕਰੋੜੀ ਲੱਖ, ਨਾ ਕੋਈ ਲੋਕਮਾਤ ਚੁਕਾਈਆ । ਰਾਜ ਰਾਜਾਨਾ ਸ਼ਾਹ ਸੁਲਤਾਨਾ ਘਰ ਘਰ ਭਾਂਡੇ ਦਿਸਣ ਸੱਖ, ਤ੍ਰਿਸਨਾ ਭੁੱਖ ਨਾ ਕੋਈ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਨਾਤਾ ਪੁਰਖ ਬਿਧਾਤਾ ਆਪੇ ਜੋੜੇ ਆਪੇ ਤੋੜੇ ਆਪੇ ਬੰਧਨ ਲਾਹੀਆ । ਕਲਜੁਗ ਤੇਰਾ ਬੰਧਨ ਤੋੜ, ਹਰਿ ਸਾਚਾ ਆਪ ਅਖਵਾਇਆ । ਪੰਥ ਖਾਲਸਾ ਹਿਲੇ ਜੋੜ, ਜੋੜ ਨਾ ਕੋਈ ਜੁੜਾਇਆ । ਨੀਲੇ ਵਾਲਾ ਚੜ੍ਹਿਆ ਨੀਲੇ ਘੋੜ, ਦਿਸ ਕਿਸੇ ਨਾ ਆਇਆ । ਆਪੇ ਮਾਰੇ ਪਹਿਲਾ ਪੌੜ, ਲਹਿੰਦੀ ਦਿਸ਼ਾ ਵੇਖ ਵਖਾਇਆ । ਸੰਬਲ ਨਗਰੀ ਵੇਖੇ ਪਰਖੇ ਮਿੱਠਾ ਕੌੜ, ਦੋ ਜਹਾਨ ਵੇਖ ਵਖਾਇਆ । ਸ਼ਬਦੀ ਦਾਤਾ ਧੁਰਦਰਗਾਹੀ ਆਇਆ ਦੌੜ, ਔਦਾਂ ਜਾਂਦਾ ਦਿਸ ਨਾ ਆਇਆ । ਗੁਰਮੁਖਾਂ ਅੰਦਰ ਆਪੇ ਬੌਹੜ, ਆਪ ਆਪਣਾ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਤੇਰੀ ਅੰਤਮ ਵਰ, ਤੇਰੀ ਰਾਸ ਤੇਰੇ ਰੱਖੇ ਪਾਸ, ਨਾ ਦੂਸਰ ਕੋਈ ਚੁਰਾਇਆ । ਕਲਜੁਗ ਤੇਰੀ ਝੂਠੀ ਰਾਸ, ਤੇਰੀ ਝੋਲੀ ਪਾਈਆ । ਜਿਸ ਜਨ ਖਾਇਆ ਮਦਿਰਾ ਮਾਸ, ਲੋਕਮਾਤ ਰਹਿਣ ਨਾ ਪਾਈਆ । ਨਾਨਕ ਗੁਰ ਨਾ ਪੁੱਛੇ ਵਾਤ, ਦਰ ਦਵਾਰ ਦਏ ਦੁਰਕਾਈਆ । ਗੁਰ ਅਰਜਨ ਨਾ ਵੇਖੇ ਮਾਰ ਝਾਤ, ਹਰਿ ਮੰਦਰ ਜੋ ਬੈਠੇ ਸੇਜ ਵਿਛਾਈਆ । ਗੁਰ ਗੋਬਿੰਦ ਨਾ ਮੇਲਾ ਹੋਏ ਨੀਲੇ ਰਾਕ, ਜੋ ਖੰਡੇ ਰਿਹਾ ਚਮਕਾਈਆ । ਸੋ ਜਨ ਮਿਲੇ ਜਿਸ ਮੇਲੇ ਆਪ, ਮੇਲ ਵਿਛੋੜਾ ਆਪਣੇ ਹੱਥ ਰਖਾਈਆ । ਰਾਮ ਦਾਸ ਤੇਰਾ ਘਰ ਜੋਤ ਬਾਕੀ ਬਾਕ, ਪਤਤ ਪਾਵਨ ਆਪ ਕਰਾਈਆ । ਸੰਮਤ ਸਤਰਾਂ ਸਿਖ ਸਿਖਾਇਆ ਨਾਤਾ ਤੋੜੇ ਸਾਕ, ਰਾਵਣ ਹੰਕਾਰੀ ਦਏ ਮਿਟਾਈਆ । ਗੁਰ ਗੋਬਿੰਦ ਤੇਰਾ ਪੂਰ ਕਰਾਏ ਭਵਿਖਤ ਵਾਕ, ਆਪ ਆਪਣਾ ਸੰਗ ਨਿਭਾਈਆ । ਜਿਸ ਜਨ ਖੋਲ੍ਹੇ ਆਪਣਾ ਤਾਕ, ਧਾਰੀ ਕੇਸ ਸੇਵ ਕਮਾਈਆ । ਪੰਜ ਤਤ ਮਲੌਣਾ ਖ਼ਾਕੀ ਖ਼ਾਕ, ਸ਼ਬਦ ਸ਼ਹੀਦੀ ਕੋਈ ਨਾ ਪਾਈਆ । ਕਲਜੁਗ ਤੇਰਾ ਲਹਿਣਾ ਦੇਣਾ ਚੁਕਿਆ ਬਾਕੀ ਬਾਕ, ਪ੍ਰਭ ਸਾਚਾ ਆਪ ਚੁਕਾਈਆ । ਸਤਿਜੁਗ ਸਾਚਾ ਸੁਤ ਦੁਲਾਰਾ, ਘਰ ਸਾਚੇ ਆਪੇ ਵਸਿਆ । ਏਕਾ ਮੰਗੇ ਮੰਗ ਭਿਖਾਰਾ, ਦਰ ਦਵਾਰੇ ਫਿਰੇ ਨੱਸਿਆ । ਮਿਲੇ ਮੇਲ ਵਿਚ ਸੰਸਾਰਾ, ਗੁਰਮੁਖ ਸਾਚੇ ਕਿਲੇ ਸਸਿਆ । ਹੰ ਹੰਗਤਾ ਤੋੜੇ ਗੜ੍ਹ ਹੰਕਾਰਾ, ਤੀਰ ਨਿਰਾਲਾ ਏਕਾ ਕਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ,

ਤੇਰੇ ਅੰਦਰ ਤੇਰਾ ਰੂਪ ਆਪੇ ਹਰਿ ਹਰਿ ਵਸਿਆ । ਸਤਿਜੁਗ ਸਾਚੇ ਮਿਲਿਆ ਵਰ, ਲੋਕਮਾਤ ਵੱਜੀ ਵਧਾਈਆ । ਧਰਤ ਮਾਤ ਤੇਰਾ ਸੁਹਾਏ ਸਾਚਾ ਘਰ, ਨੌਂ ਨੰਖ ਇਕ ਰਖਾਈਆ । ਸੱਤ ਸਰੋਵਰ ਮਿਟਾਏ ਏਕਾ ਗੜ੍ਹ, ਸਮੁੰਦ ਸਾਗਰ ਆਪ ਪਰਨਾਈਆ । ਆਪੇ ਅੰਦਰ ਬੈਠੇ ਵੜ, ਵੇਖੇ ਸ੍ਰਿਸ਼ਟ ਸਬਾਈਆ । ਆਪਣੀ ਚੋਟੀ ਆਪੇ ਚੜ੍ਹ, ਆਪੇ ਅਧਵਿਚਕਾਰ ਟਿਕਾਈਆ । ਆਪੇ ਬਣਿਆ ਬਹੱਤਰ ਨੜ, ਤਿੰਨ ਸੌ ਸੱਠ ਹਾਡੀ ਜੋੜ ਜੁੜਾਈਆ । ਰਕਤ ਬੂੰਦ ਹੱਡ ਮਾਸ ਨਾੜੀ ਘਾੜਨ ਘੜ, ਅਪ ਤੇਜ਼ ਵਾਏ ਪ੍ਰਿਥਮੀ ਅਕਾਸ਼ ਪੰਜ ਤਤ ਰਖਾਈਆ । ਅਗਨੀ ਪਵਨ ਨਾ ਜਾਏ ਸੜ, ਮੜੀ ਗੋਰ ਨਾ ਕੋਈ ਦਬਾਈਆ । ਆਪਣਾ ਅੱਖਰ ਆਪੇ ਪੜ੍ਹ, ਆਪਣੀ ਮੋਖ ਮੁਕਤ ਰਖਾਈਆ । ਆਪਣੇ ਦਵਾਰੇ ਆਪੇ ਚੜ੍ਹ, ਆਪਣਾ ਬੰਕ ਸੁਹਾਈਆ । ਨਾ ਕੋਈ ਸੀਸ ਨਾ ਕੋਈ ਧੜ, ਨਿਰਗੁਣ ਜੋਤ ਵੱਡੀ ਵਡਿਆਈਆ । ਸਤਿਜੁਗ ਫੜਿਆ ਆਪਣਾ ਲੜ, ਨਾ ਕੋਈ ਤੋੜੇ ਤੋੜ ਤੁੜਾਈਆ । ਸੋਹੰ ਸ਼ਬਦ ਸ੍ਰਿਸ਼ਟ ਸਬਾਈ ਜਾਏ ਪੜ੍ਹ, ਵੀਹ ਸੌ ਵੀਹ ਬਿਕ੍ਰਮੀ ਪੰਦਰਾਂ ਕੱਤਕ ਦਏ ਵਡਿਆਈਆ । ਨਾ ਕੋਈ ਪੀਵੇ ਹੁੱਕਾ ਨੜ, ਮਦਿਰਾ ਮਾਸ ਨਾ ਰਸਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਸਾਚੇ ਦੇਵੇ ਵਰ, ਸ਼ਬਦ ਵਿਚੋਲਾ ਵਿਚ ਰਖਾਈਆ । ਹਰਿ ਕਾ ਸ਼ਬਦ ਬਣ ਵਿਚੋਲਾ, ਲੋਕਮਾਤ ਉਠ ਧਾਇਆ । ਕਲਜੁਗ ਸਤਿਜੁਗ ਸੁਣਾਏ ਆਪਣਾ ਢੋਲਾ, ਆਪਣਾ ਰਾਗ ਅਲਾਇਆ । ਇਕ ਜੈਕਾਰਾ ਏਕਾ ਬੋਲਾ, ਦੋ ਜਹਾਨਾਂ ਰਿਹਾ ਸੁਣਾਇਆ । ਦੋਹਾਂ ਬਣਿਆ ਆਪੇ ਤੋਲਾ, ਏਕਾ ਖੰਡਾ ਹੱਥ ਉਠਾਇਆ । ਕਲਜੁਗ ਕੂੜਾ ਹੋਇਆ ਪੋਲਾ, ਹੌਲੇ ਭਾਰ ਤੁਲਾਇਆ । ਸਤਿਜੁਗ ਸਾਚਾ ਉਤਰਿਆ ਕਲਾ ਸੋਲਾ, ਸੋਲਾਂ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਸਤਿਜੁਗ ਵੇਖੇ ਦਰ, ਦਰ ਆਪਣਾ ਇਕ ਸੁਹਾਇਆ । ਸਾਚੇ ਕੰਡੇ ਤੋਲੇ ਤੋਲ, ਕਲਜੁਗ ਆਪ ਤੁਲਾਇਆ । ਚੌਥੇ ਜੁਗ ਚਾਰੇ ਅੱਖਰ ਏਕਾ ਰਸਨਾ ਬੋਲ, ਵਾਹਿਗੁਰੂ ਜਾਪ ਜਪਾਇਆ । ਵਾਹ ਵਾਹ ਗੁਰ ਦੇਵੇ ਸਾਚੀ ਪੌਲ੍ਹ, ਪੁਰਖ ਅਕਾਲ ਮਨਾਇਆ । ਆਦਿ ਅੰਤ ਨਾ ਜਾਏ ਡੋਲ, ਅਡੋਲ ਅਡੁਲ ਨਾਮ ਧਰਾਇਆ । ਆਪੇ ਆਪਣਾ ਪੂਰਾ ਕਰੇ ਕੌਲ, ਕੀਤਾ ਕੌਲ ਪੂਰ ਕਰਾਇਆ । ਕਲਜੁਗ ਅੰਤਮ ਚਾਰ ਅੱਖਰ ਗੁਰਸਿਖ ਹਿਰਦੇ ਗਿਆ ਮੌਲ, ਅੰਤਮ ਲਹਿਣ ਲਹਿਣ ਚੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰਾ ਗੇੜਾ ਲੋਕਮਾਤ ਚੁਕੇ ਝੇੜਾ, ਲੱਖ ਚੁਰਾਸੀ ਹੋਏ ਨਿਬੇੜਾ, ਆਪਣੀ ਹੱਥੀਂ ਰਿਹਾ ਕਰਾਇਆ । ਸਤਿਜੁਗ ਸਾਚਾ ਸਾਚੀ ਧਾਰ, ਏਕਾ ਰਿਹਾ ਚਲਾਈਆ । ਦੂਜੀ ਰੱਖੀ ਸ਼ਬਦ ਕਟਾਰ, ਆਪਣੇ ਤਨ ਸਜ਼ਾਈਆ । ਆਪੇ ਵੇਖੇ ਵੇਖਣਹਾਰ, ਆਪਣੀ ਦਇਆ ਕਮਾਈਆ । ਲੇਖੇ ਲਾਏ ਵਿਚ ਸੰਸਾਰ, ਵਡ ਦਾਤੇ ਵੱਡੀ ਵਡਿਆਈਆ । ਬੇਐਬ ਹੋਇਆ ਪਰਵਰਦਿਗਾਰ, ਖ਼ੁਦੀ ਖ਼ੁਦਾਈ ਨੇੜ ਨਾ ਆਈਆ । ਸ੍ਰਿਸ਼ਟ ਸਬਾਈ ਸਾਂਝਾ ਯਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਰਾਮ ਕ੍ਰਿਸ਼ਨ ਨਾਨਕ ਗੋਬਿੰਦ ਵਾਹਿਗੁਰੂ ਅੱਲਾ ਕਰ ਪਿਆਰ, ਏਕਾ ਧਾਮ ਬਹਾਈਆ । ਚੌਥੇ ਜੁਗ ਤੇਰਾ ਲਹਿਣਾ ਕਰਜ਼ ਦਏ ਉਤਾਰ, ਚੌਥੇ ਅੱਖਰ ਵਿਚ ਟਿਕਾਈਆ । ਪਰਗਟ ਹੋਏ ਹਰਿ ਕਰਤਾਰ, ਆਪਣੀ ਖੇਲ ਖਿਲਾਈਆ । ਪਹਿਲੇ ਪੰਜ ਤਤ ਕਰ ਪਿਆਰ, ਸਿੰਘ ਸ਼ੇਰ ਨਾਉਂ ਧਰਾਈਆ । ਦੂਜੀ ਵਾਰੀ ਜੋਤ ਨਿਰੰਕਾਰ, ਆਪਣਾ ਵੇਸ ਵਟਾਈਆ । ਗੁਰ ਚੇਲੇ ਕਰ ਇਕ ਪਿਆਰ, ਏਕਾ ਰੰਗ ਰੰਗਾਈਆ । ਆਪੇ ਅੰਦਰ ਆਪੇ ਬਾਹਰ, ਸ੍ਰਿਸ਼ਟ ਸਬਾਈ ਰਿਹਾ ਭੁਲਾਈਆ । ਨਿਰਮਲ ਜੋਤੀ ਨੂਰ ਉਜਿਆਰ, ਦਿਵਸ ਰੈਣ ਡਗਮਗਾਈਆ । ਸਤਿਜੁਗ ਸਾਚੀ ਕਰੇ ਵਿਚਾਰ, ਸਾਚੀ ਧਾਰ ਚਲਾਈਆ । ਦੋਏ ਰੂਪ ਆਪ ਕਰਤਾਰ, ਦੋਏ ਅੱਖਰ ਲਏ ਉਪਜਾਈਆ । ਸੋ ਪੁਰਖ ਨਿਰੰਜਣ ਕਿਰਪਾ ਧਾਰ, ਅਕਾਲ ਪੁਰਖ ਆਪ ਅਖਵਾਈਆ । ਅਕਾਲ ਮੂਰਤ ਨਿਰਾਕਾਰ, ਨਿਰਵੈਰ ਆਪ ਹੋ ਜਾਈਆ । ਅਜੂਨੀ ਰਹਿਤ ਸਿਰਜਣਹਾਰ, ਵਰਨ ਗੋਤ ਨਾ ਕੋਈ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਅੱਖਰ ਲਏ ਉਪਾਈਆ ।

੧੩੩

ਏਕਾ ਅੱਖਰ ਸ਼ਬਦ ਉਜਾਲਾ, ਹਰਿ ਸਾਚੇ ਆਪ ਕਰਾਇਆ । ਸੇਵਾ ਲਾਈ ਜੋਤ ਜਵਾਲਾ, ਆਦਿ ਸ਼ਕਤ ਨਾਲ ਰਲਾਇਆ । ਓਅੰਕਾਰਾ ਗਲ ਪਾਏ ਮਾਲਾ, ਏਕੰਕਾਰਾ ਵੇਖ ਵਖਾਇਆ । ਪਾਰਬ੍ਰਹਮ ਪ੍ਰਭ ਲੈ ਅਵਤਾਰ, ਨਿਰਗੁਣ ਵੇਸ ਵਟਾਇਆ । ਨਿਰਗੁਣ ਵੇਸ ਹਰਿ ਕਰਤਾਰ, ਕਰਨੀ ਰਿਹਾ ਕਮਾਇਆ । ਆਦਿ ਨਿਰੰਜਣ ਭੇਵ ਨਿਆਰ, ਜੋਤ ਨਿਰੰਜਣ ਜੋਤ ਜਗਾਇਆ । ਸੱਜਣ ਮੀਤ ਮੁਰਾਰ, ਥਿਰ ਘਰ ਸਾਚੇ ਵੇਖ ਵਖਾਇਆ । ਏਕਾ ਜੋਧਾ ਸੂਰਬੀਰ ਬਲੀ ਬਲਕਾਰ, ਲੋਕਮਾਤ ਉਠ ਧਾਇਆ । ਏਕਾ ਰੰਗ ਰੰਗਾਏ ਸਚਖੰਡ ਸੱਚੀ ਸਰਕਾਰ, ਪੂਰਨ ਪੂਰਨ ਤਤ ਸਮਾਇਆ । ਪੰਚ ਤਤ ਕਰ ਪਿਆਰ, ਗੁਰ ਗੋਬਿੰਦ ਵੇਸ ਵਟਾਇਆ । ਮਾਝਾ ਦੇਸ ਕਰੇ ਖ਼ਬਰਦਾਰ, ਕਲਜੁਗ ਵੇਲਾ ਅੰਤਮ ਆਇਆ । ਜੋਤ ਸਰੂਪੀ ਕਰ ਪਰਵੇਸ਼, ਸੋਹੰ ਸਾਚਾ ਡੰਕ ਵਜਾਇਆ । ਸਤਿ ਪੁਰਖ ਕੋ ਸਦਾ ਆਦੇਸ, ਨਾਨਕ ਨਿਰਗੁਣ ਆਪ ਕਰਾਇਆ । ਆਦਿ ਜੁਗਾਦਿ ਖੇਲੇ ਖੇਲ ਭੇਸ, ਨਾ ਕੋਈ ਬੰਧਨ ਬੰਧ ਬੰਧਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੋ ਅੱਖਰ ਦੋਆ ਜਾਪ, ਮੇਟ ਮਿਟਾਏ ਤੀਨੋ ਤਾਪ, ਗੁਰਮੁਖ ਪਛਾਣੇ ਆਪਣਾ ਆਪ, ਏਕਾ ਦੂਜਾ ਭੇਵ ਚੁਕਾਇਆ । ਏਕਾ ਦੂਜਾ ਭੌ ਚੁਕੌਣਾ, ਹਰਿ ਸਾਚੇ ਹੱਥ ਵਡਿਆਈਆ । ਗੁਰਮੁਖ ਸਾਜਣ ਮੇਲ ਮਿਲੌਣਾ, ਜੁਗ ਵਿਛੜੇ ਮੇਲ ਮਿਲਾਈਆ । ਜਨਮ ਜਨਮ ਦਾ ਲੇਖਾ ਲੇਖੇ ਪੌਣਾ, ਭੁੱਲ ਰਹੇ ਨਾ ਰਾਈਆ । ਸ਼ਾਹ ਸੁਲਤਾਨਾ ਘਰ ਦਰ ਮੰਦਰ ਕਿਸੇ ਨਾ ਮਿਲੇ ਸੌਣਾ, ਜੰਗਲ ਜੂਹ ਨਾ ਲੇਫ ਤਲਾਈਆ । ਗੁਰਮੁਖਾਂ ਮੇਟੇ ਅਵਣਾ ਗਵਣਾ, ਪੂਰੀ ਭਵਨਾ ਆਪ ਕਰਾਈਆ । ਅੰਮ੍ਰਿਤ ਆਤਮ ਮੇਘ ਬਰਸੇ ਸਵਨਾ, ਸਾਂਤਕ ਸਤਿ ਕਰਾਈਆ । ਕਲਜੁਗ ਦੁਸ਼ਟ ਹੰਕਾਰੀ ਮਾਰੇ ਰਾਵਨਾ, ਏਕਾ ਚਿੱਲਾ ਨਾਮ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ,

ਗੁਰਮੁਖਾਂ ਵਖਾਏ ਸਾਚਾ ਕਿਲਾ ਸੱਸਾ ਸਤਿਗੁਰ ਨਾਮ ਧਰਾਈਆ । ਊੜਾ, ਏਕੰਕਾਰਾ ਤ੍ਰੈ ਭਵਨੀ, ਤ੍ਰੈਭਵਨ ਤ੍ਰੈਭਵਨ ਸੁਹਾਇਆ । ਐੜਾ ਆਪਣੀ ਅੱਖ ਆਪ ਉਘਾੜ,
੧੩੪
ਆਪ ਆਪਣਾ ਵੇਖ ਵਖਾਇਆ । ਈੜੀ ਇਸ਼ਟ ਰੂਪ ਕਰਤਾਰ, ਨਿਰਗੁਣ ਜੋਤ ਕਰੇ ਰੁਸ਼ਨਾਇਆ । ਸੱਸਾ, ਸਤਿਗੁਰ ਹੋ ਤਿਆਰ, ਚਾਰ ਦਿਵਾਰੀ ਕਿਲਾ ਇਕ ਬਣਾਇਆ । ਸ਼ਬਦ ਗੁਰ ਪਹਿਰੇਦਾਰ, ਚੌਥੇ ਘਰ ਵੇਖ ਵਖਾਇਆ । ਚੌਥਾ ਅੱਖਰ ਹਰਿ ਨਿਰੰਕਾਰ, ਥਿਰ ਘਰ ਨਾਮ ਧਰਾਇਆ । ਹਾਹਾ, ਹਰਿ ਹਰਿ ਵਿਚ ਸੰਸਾਰ, ਪੰਚਮ ਅੱਖਰ ਪੰਚਮ ਮੀਤਾ ਪੰਚਮ ਮੇਲ ਮਿਲਾਇਆ । ਨਿਰਗੁਣ ਰੂਪ ਹਰਿ ਦਾਤਾਰ, ਤ੍ਰੈਗੁਣ ਮਾਇਆ ਵਿਚ ਟਿਕਾਇਆ । ਲੱਖ ਚੁਰਾਸੀ ਕਰ ਪਸਾਰ, ਜੋਤੀ ਜੋਤ ਕਰੇ ਰੁਸ਼ਨਾਇਆ । ਆਪ ਉਪਾਏ ਆਪ ਖਪਾਏ ਆਪੇ ਪਾਵਣਹਾਰਾ ਸਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਕਲਜੁਗ ਵੇਖੇ ਸਾਚਾ ਘਰ, ਅੰਤਮ ਚੁਕਿਆ ਜਗਤ ਡਰ, ਜਗ ਨਾਤਾ ਤੋੜ ਤੁੜਾਇਆ । ਜਗਤ ਨਾਤਾ ਜਾਏ ਤੁੱਟ, ਸੰਮਤੀ ਸੰਮਤ ਨੇੜੇ ਆਇਆ । ਦੀਨਾਂ ਮਜ਼੍ਹਬਾਂ ਬੰਧਨ ਜਾਏ ਛੁੱਟ ਅੱਲਾ ਵਾਹਿਗੁਰੂ ਰਾਮ ਕ੍ਰਿਸ਼ਨ ਨਾ ਕੋਈ ਧਿਆਇਆ । ਸਤਿਜੁਗ ਸਾਚਾ ਲੱਖ ਚੁਰਾਸੀ ਚਾਰ ਵਰਨ ਅਠਾਰਾਂ ਬਰਨ ਏਕਾ ਲਾਹਾ ਲੈਣ ਲੁੱਟ, ਸੋਹੰ ਜਾਪ ਜਪਾਇਆ । ਪੰਜਾਂ ਚੋਰਾਂ ਅੰਦਰੋਂ ਕੱਢੇ ਕੁੱਟ, ਮਨਮਤ ਰਹਿਣ ਨਾ ਪਾਇਆ । ਅੰਮ੍ਰਿਤ ਸੋਮਾ ਪਿਆ ਫੁੱਟ, ਨਿਝਰ ਧਾਰ ਵਹਾਇਆ । ਭਰ ਪਿਆਲਾ ਪੀਣਾ ਘੁੱਟ, ਗੁਰ ਪੂਰੇ ਹੱਥ ਫੜਾਇਆ । ਮਨਮੁਖ ਜੀਵਾਂ ਭਾਗ ਗਏ ਨਖੁਟ, ਵੇਲਾ ਗਿਆ ਹੱਥ ਨਾ ਆਇਆ । ਪੰਜਾਂ ਚੋਰਾਂ ਪੌਣੀ ਲੁੱਟ, ਬੰਦ ਕੋਠੜੀ ਵੇਖ ਵਖਾਇਆ । ਅੰਤਮ ਸ਼ੌਹ ਦਰਯਾਏ ਦੇਵੇ ਸੁਟ, ਬੇੜਾ ਕੋਈ ਨਾ ਬੰਨੇ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚੇ ਵਸਿਆ ਘਰ, ਗੁਰਮੁਖ ਸਾਚੇ ਲਏ ਜਗਾਇਆ । ਗੁਰਮੁਖ ਸਾਚੇ ਨੇਤਰ ਖੋਲ੍ਹ, ਜਗਤ ਅੰਧੇਰਾ ਛਾਇਆ । ਅਗੰਮ ਅਗੰਮੜਾ ਰਿਹਾ ਬੋਲ, ਅਗੰਮੜਾ ਧਾਮ ਸੁਹਾਇਆ । ਹੱਡ ਮਾਸ ਨਾੜੀ ਅੰਦਰ ਵੱਜੇ ਢੋਲ, ਅਨਹਦ ਮਰਦੰਗ ਸੁਣਾਇਆ । ਆਪਣਾ ਪੜਦਾ ਆਪਣੇ ਮੰਦਰ ਅੰਦਰ ਆਪੇ

ਖੋਲ੍ਹ, ਕਿਉਂ ਬੈਠਾ ਨੈਣ ਸ਼ਰਮਾਇਆ । ਸਚ ਵਸਤ ਹਰਿ ਸਾਚੇ ਕੋਲ, ਆਦਿ ਜੁਗਾਦੀ ਜਨ ਭਗਤਾਂ ਦੇਂਦਾ ਆਇਆ । ਜੋ ਜਨ ਮੰਗੇ ਰਸਨਾ ਬੋਲ, ਰਸ ਰਸਨਾ ਦਏ ਚਖਾਇਆ । ਪੁਰੀ ਅਨੰਦ ਕੀਤਾ ਕੌਲ, ਸੰਬਲ ਨਗਰੀ ਪੂਰ ਕਰਾਇਆ । ਸ਼ਬਦੀ ਗੁਰ ਗੁਰਮੁਖਾਂ ਅੰਦਰ ਆਪੇ ਗਿਆ ਮੌਲ, ਜੋਤੀ ਨੂਰ ਦਰਸਾਇਆ । ਭੇਵ ਨਾ ਪਾਏ ਕੋਈ ਪੰਡਤ ਪਾਂਧਾ ਰੌਲ, ਗਿਆਨੀ ਧਿਆਨੀ ਵਡ ਵਿਦਵਾਨੀ ਵੇਖ ਨਾ ਸਕੇ ਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਕਾਇਆ ਗੁਰਮੁਖਾਂ ਉਤੋਂ ਆਪੇ ਘੋਲ, ਘੋਲੀ ਘੋਲ ਘੁਮਾਇਆ । ਮਨਮੁਖ ਜੀਵਾਂ ਕਲਜੁਗ ਅੰਤਮ ਵਿਆਵਣ ਆਇਆ ਬੋਲੀ, ਜੋ ਬੈਠੇ ਹਰਿ ਭੁਲਾਈਆ । ਨਾਲ ਰਲਾਏ ਲਾੜੀ ਮੌਤ ਗੋਲੀ, ਫੜ ਉਂਗਲੀ ਰਾਹ ਵਖਾਈਆ । ਲਾਲ ਰੰਗਾਏ ਹੱਥ ਬੰਧੇ ਸਿਰ ਅੱਟੀ ਮੌਲੀ, ਸੋਹਣਾ ਸੀਸ ਗੁੰਦਾਈਆ । ਰਾਹ ਵਖਾਏ ਹੌਲੀ ਹੌਲੀ, ਆਪਣਾ ਪੜਦਾ ਆਪੇ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਕਰਿਆ ਵੇਸ, ਪਾਰਬ੍ਰਹਮ ਦਰ ਦਰਵੇਸ਼, ਗੁਰਮੁਖ ਸਾਚਾ ਨਰ ਨਰੇਸ਼, ਜਿਸ ਦਰ ਬੈਠਾ ਆਸਣ ਲਾਈਆ । ਗੁਰਮੁਖ ਤੇਰਾ ਸਚ ਦਵਾਰਾ, ਹਰਿ ਹਰਿ ਸਾਚਾ ਵਸਿਆ । ਭਰਿਆ ਰਹੇ ਸ਼ਬਦ ਭੰਡਾਰਾ, ਕਲਜੁਗ ਮਿਟੇ ਰੈਣ ਅੰਧੇਰੀ ਮੱਸਿਆ । ਨਿਰਗੁਣ ਰੂਪ ਬਣ ਵਰਤਾਰਾ, ਲੋਕਮਾਤ ਆਵੇ ਨੱਸਿਆ । ਕਰੇ ਕਰਾਏ ਕਰਨੇਹਾਰਾ, ਜੁਗ ਜੁਗ ਰਾਹ ਸਾਚਾ ਆਪੇ ਦੱਸਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਹਰਿਜਨ ਸਾਚੇ ਲਏ ਵਰ, ਹਰਿ ਹਿਰਦੇ ਅੰਦਰ ਵਸਿਆ । ਕਾਇਆ ਮੰਦਰ ਹਰਿ ਵਸੇਰਾ, ਗੁਰਮੁਖ ਖੋਜ ਖੋਜਾਇਆ । ਜੂਠਾ ਝੂਠਾ ਢਾਹਿਆ ਭਰਮਾ ਡੇਰਾ, ਸਚ ਸੁੱਚ ਸਮਾਇਆ । ਦਰਸ਼ਨ ਪਾਇਆ ਨੇਰਨ ਨੇਰਾ, ਨਿਝ ਘਰ ਵੇਖ ਵਖਾਇਆ ।
 ਹਰਿਸੰਗਤ ਚੜ੍ਹਿਆ ਚਾਓ ਘਨੇਰਾ, ਪ੍ਰਭ ਅਬਿਨਾਸ਼ੀ ਫੇਰਾ ਪਾਇਆ । ਆਪ ਚੁਕਾਏ ਮੇਰਾ ਤੇਰਾ, ਤੇਰਾ ਮੇਰਾ ਰਹਿਣ ਨਾ ਪਾਇਆ । ਗੁਰਮੁਖ ਤੇਰਾ ਵਸਦਾ ੧੩੫
ਰਹੇ ਸਾਚਾ ਖੇੜਾ, ਹਰਿ ਸਾਚੇ ਆਪ ਤਰਾਇਆ । ਆਪਣਾ ਬੱਧਾ ਆਪੇ ਬੇੜਾ, ਸਗਲਾ ਭਾਰ ਉਠਾਇਆ । ਕਰੇ ਕਰਾਏ ਹੱਕ ਨਿਬੇੜਾ, ਦਾਤਾ ਦਾਨੀ ਏਕਾ ਆਇਆ । ਕਲਜੁਗ ਅੰਤਮ ਦੇਵੇ ਗੇੜਾ, ਚਰਨ ਧੂੜ ਅਸ਼ਨਾਨੀ ਲਏ ਬਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸ੍ਰਿਸ਼ਟ ਸਬਾਈ ਚੁਕਾਏ ਡਰ, ਨਿਰਭੌ ਨਿਰਵੈਰ ਰੂਪ ਆਪ ਹੋ ਆਇਆ । ਨਿਰਵੈਰ ਪੁਰਖ ਅਕਾਲ, ਅਕਾਲ ਪੁਰਖ ਅਖਵਾਇਆ । ਗੁਰਮੁਖ ਬਿਠਾਏ ਸਚ ਧਰਮ ਸੱਚੀ ਧਰਮਸਾਲ, ਦੂਜਾ ਤਤ ਨਾ ਕੋਈ ਵਖਾਇਆ । ਨੇੜ ਨਾ ਆਏ ਕਾਲ ਮਹਾਂਕਾਲ, ਆਪ ਆਪਣੀ ਗੋਦ ਰਖਾਇਆ । ਸਰਬ ਸੁਖ ਦਾਤਾ ਸਦਾ ਸਦਾ ਕਰੇ ਪ੍ਰਿਤਪਾਲ, ਪ੍ਰਿਤਪਾਲਕ ਨਾਮ ਧਰਾਇਆ । ਗੁਰਸਿਖ ਦੁਲਾਰੇ ਸਾਚੇ ਲਾਲ, ਮਾਣਕ ਮੋਤੀ ਆਪ ਉਪਾਇਆ । ਆਪੇ ਰੱਖੇ ਆਪਣੇ ਥਾਲ, ਗਗਨ ਗਗਨੰਤਰ ਉਪਰ ਟਿਕਾਇਆ । ਰਵ ਸਸ ਸੂਰਜ ਚੰਨ ਕਰਨ ਨਿਮਸਕਾਰ, ਤਾਰਾ ਮੰਡਲ ਸੀਸ ਝੁਕਾਇਆ । ਬ੍ਰਹਮਾ ਵੇਖੇ ਨੇਤਰ ਨੈਣ ਉਘਾੜ, ਗੁਰਸਿਖ ਤੇਰਾ ਰਾਹ ਤਕਾਇਆ । ਵਿਸ਼ਨੂੰ ਹੋਵੇ ਸੇਵਾਦਾਰ, ਤੇਰੀ ਸੇਵਾ ਰਿਹਾ ਕਮਾਇਆ । ਸ਼ਿਵ ਸ਼ੰਕਰ ਤੇਰਾ ਕਰ ਪਿਆਰ, ਬਾਸਕ ਤਸ਼ਕਾ ਗਲੋਂ ਦੇਵੇ ਲਾਹਿਆ । ਕਰੋੜ ਤੇਤੀਸਾ ਕਰੇ ਨਿਮਸਕਾਰ, ਸੁਰਪਤ ਰਾਜਾ ਇੰਦ ਨਾਲ ਰਲਾਇਆ । ਨੌਂ ਖੰਡ ਤੇਰੇ ਨਾਮ ਜੈਕਾਰ, ਭਗਤ ਭਗਵੰਤੀ ਮੇਲ ਮਿਲਾਇਆ । ਸੱਤਾਂ ਦੀਪਾਂ ਏਕਾ ਧਾਰ, ਸਾਧ ਸੰਤ ਵੇਖ ਵਖਾਇਆ । ਗੁਰਮੁਖ ਤੇਰਾ ਇਕ ਪਿਆਰ, ਬ੍ਰਹਿਮੰਡ ਵਿਚ ਹੋਰ ਨਾ ਕੋਈ ਰਖਾਇਆ । ਜੇਰਜ ਅੰਡ ਉਤਭੁਜ ਸੇਤਜ ਨਾ ਕੋਈ ਪਾਏ ਵੰਡ, ਖਾਣੀ ਬਾਣੀ ਨਾ ਲੇਖ ਲਿਖਾਇਆ । ਗੁਰਮੁਖ ਬ੍ਰਹਮ ਗਿਆਨ ਗਿਆਨ ਬ੍ਰਹਮ ਬੱਧੀ ਪੰਡ, ਪਾਰਬ੍ਰਹਮ ਰਿਹਾ ਉਠਾਇਆ । ਸਤਿਗੁਰ ਪੂਰਾ ਨਿਰਗੁਣ ਰੂਪ ਸੁੱਤਾ ਦੇ ਕਰ ਨਾ ਕਦੀ ਕੰਡ, ਹਾਜ਼ਰ ਹਜ਼ੂਰ ਆਪ ਅਖਵਾਇਆ । ਸਦਾ ਸੁਹਾਗਣ ਸ਼ਬਦ ਵੈਰਾਗਣ ਗੁਰਮੁਖ ਨਾਰੀ ਹੋਏ ਕਦੇ ਨਾ ਰੰਡ, ਕੰਤ ਕੰਤੂਹਲਾ ਸਚ

ਸੁਹਾਗ ਹੰਢਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਹਰਿ ਹਰਿ ਸੁਹਾਏ ਸਾਚਾ ਦਰ, ਦਰ ਦਰਵਾਜ਼ਾ ਵੇਖ ਵਖਾਇਆ । ਦਰ ਦਰਵਾਜ਼ਾ ਗ਼ਰੀਬ ਨਿਵਾਜ਼ਾ, ਗੁਰਮੁਖ ਵੇਖ ਵਖਾਇੰਦਾ । ਆਪ ਆਪਣਾ ਸਾਜਨ ਸਾਜਾ, ਸਾਜਣਹਾਰ ਨਾਮ ਧਰਾਇੰਦਾ । ਜੁਗ ਜੁਗ ਰੱਖਣ ਆਇਆ ਲਾਜਾ, ਬਾਲ ਅਵਾਣੇ ਗੋਦ ਉਠਾਇੰਦਾ । ਪੁਰਖ ਅਗੰਮੜਾ ਧੁਨ ਅਨਾਦੀ ਸ਼ਬਦ ਸ਼ਬਦੀ ਮਾਰੇ ਵਾਜਾ, ਜੋਤੀ ਜੋਤ ਜਗਾਇੰਦਾ । ਨਾਮ ਜਣਾਈ ਬੋਧ ਅਗਾਧਾ, ਸਚ ਵਸਤ ਝੋਲੀ ਪਾਇੰਦਾ । ਗੁਰਮੁਖ ਦਰ ਦਵਾਰੇ ਬਣਿਆ ਪਾਂਧਾ, ਦੋ ਜਹਾਨਾਂ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਗੁਰਮੁਖ ਨਾਉਂ ਸੁਹਾਗੀ ਛੰਤ, ਗੀਤ ਗੋਬਿੰਦ ਏਕਾ ਗਾਇੰਦਾ ।

✪ ੫ ਜੇਠ ੨੦੧੯ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਘਰ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਹਰਿ ਹਰਿ ਹਰਿ ਹਰਿ ਹਰਿ ਹਰੇ, ਹਰਿ ਹਰਿ ਨਾਮ ਧਰਾਇਆ । ਹਰਿ ਹਰਿ ਕਰਤਾ ਪੁਰਖ ਕਾਰਜ ਆਪ ਕਰੇ, ਕਰਨਹਾਰ ਸਰਬ ਸੁਖਦਾਇਆ । ਹਰਿ ਹਰਿ ਅਬਿਨਾਸ਼ੀ ਪੁਰਖ ਜੋਤ ਆਪ ਧਰੇ, ਨਿਰਗੁਣ ਨੂਰ ਜੋਤ ਰੁਸ਼ਨਾਇਆ । ਹਰਿ ਹਰਿ ਪਾਰਬ੍ਰਹਮ ਨਿਰਗੁਣ ਖੇਲ ਆਪ ਕਰੇ, ਖੇਲਣਹਾਰ ਭੇਵ ਨਾ ਰਾਇਆ । ਹਰਿ ਹਰਿ ਆਦਿ ਨਿਰੰਜਣ ਨਰ ਨਰੇ, ਨਰ ਨਰਾਇਣ ਭੇਵ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਉਂਕਾਰਾ ਨਿਰਾਕਾਰ ਅਖਵਾਇਆ । ਨਿਰਾਕਾਰ ਨਿਰੰਕਾਰ, ਸਤਿਗੁਰ ਪੁਰਖ ਅਖਵਾਇੰਦਾ । ਜੋਤੀ ਜੋਤ ਜੋਤ ਉਜਿਆਰ, ਨੂਰੋ ਨੂਰ ਡਗਮਗਾਇੰਦਾ । ਅਕਲ ਕਲਾ ਕਲ ਆਪੇ ਧਾਰ, ਆਪਣੀ ਕਲ ਵਰਤਾਇੰਦਾ । ਆਪਣਾ ਸੁਹਾਏ ਸਚ ਦਵਾਰ, ਦਰ ਦਵਾਰੀ ਆਪ ਅਖਵਾਇੰਦਾ । ਆਪਣਾ ਘਰ ਕਰ ਤਿਆਰ, ਆਪੇ ਆਸਣ ਲਾਇੰਦਾ । ਆਪੇ ਅੰਦਰੋਂ ਆਏ ਬਾਹਰ, ਦਿਸ ਕਿਸੇ ਨਾ ਆਇੰਦਾ । ਦੂਜਾ ਖੋਲ੍ਹ ਬੰਦ ਕਿਵਾੜ, ਅਲੱਖ ਅਲੱਖਣਾ ਅਲੱਖ ਜਗਾਇੰਦਾ । ਵੇਖਣਹਾਰਾ ਸਚਖੰਡ ਦਵਾਰ, ਤ੍ਰੈ ਤ੍ਰੈ ਲੋਕ ਨਾ ਕੋਇ ਉਪਾਇੰਦਾ । ਚੌਥੇ ਘਰ ਖ਼ਬਰਦਾਰ, ਘਰ ਸਾਚਾ ਆਪ ਸਲਾਹਿੰਦਾ । ਪੰਚਮ ਪੰਚਮ ਹੋ ਉਜਿਆਰ, ਪੰਚਮ ਵੇਸ ਵਟਾਇੰਦਾ । ਨਿਰਗੁਣ ਨਿਰਗੁਣ ਨਿਰਗੁਣ ਕਾਰ, ਨਿਰਗੁਣ ਧਾਰ ਬੰਧਾਇੰਦਾ । ਪੁਰਖ ਅਕਾਲ ਕਰ ਉਜਿਆਰ, ਆਪਣਾ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਵਟਾਇੰਦਾ । ਇਕ ਅਕੱਲਾ ਕਰ ਪਸਾਰਾ, ਪੰਚਮ ਰੂਪ ਸਮਾਇਆ । ਪੰਚਮ ਮੇਲਾ ਦਰ ਦਰਬਾਰਾ, ਏਕਾ ਦਰ ਖੁਲ੍ਹਾਇਆ । ਇਕ ਅਕੱਲਾ ਹਰਿ ਨਿਰੰਕਾਰਾ, ਦਿਸ ਕਿਸੇ ਨਾ ਆਇਆ । ਪੰਚਮ ਮੀਤਾ ਕੰਤ ਭਤਾਰਾ, ਘਰ ਘਰ ਸਗਨ ਮਨਾਇਆ । ਇਕ ਅਕੱਲਾ ਖ਼ਬਰਦਾਰਾ, ਆਲਸ ਨਿੰਦਰਾ ਨਾ ਕੋਇ ਜਣਾਇਆ । ਪੰਚਮ ਮੀਤਾ ਸਾਂਝਾ ਯਾਰਾ, ਸਚ ਘਰ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਨੂਰ ਕਰੇ ਰੁਸ਼ਨਾਇਆ । ਪੰਚਮ ਆਪਣਾ ਆਪ ਨਿਸ਼ਾਨ, ਆਪੇ ਆਪ ਝੁਲਾਇੰਦਾ । ਆਪੇ ਵਸੇ ਸਚ ਮਕਾਨ, ਦਰ ਦਵਾਰਾ ਇਕ ਸੁਹਾਇੰਦਾ । ਛੇਵਾਂ ਛੱਪਰ ਛੰਨ ਨਾ ਕੋਇ ਨਿਸ਼ਾਨ, ਦਿਸ ਕਿਸੇ ਨਾ ਆਇੰਦਾ । ਛੇਵੇਂ ਘਰ ਹੋ ਪਰਧਾਨ, ਘਰ ਸਾਚਾ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਆਪਣਾ ਖੇਲ ਖਿਲਾਇੰਦਾ । ਨਿਰਗੁਣ ਖੇਲ ਇਕ ਇਕਾਂਤ, ਆਪਣੀ ਆਪ ਕਰਾਈਆ । ਛੇਵੇਂ ਘਰ ਮਾਰੇ ਝਾਤ, ਵਡ ਦਾਤਾ ਬੇਪਰਵਾਹੀਆ । ਇਕ ਇਕੱਲਾ ਪਿਤਾ ਮਾਤ, ਹਰਿ ਹਰਿ ਆਪ ਅਖਵਾਈਆ । ਛੇਵੇਂ ਘਰ ਦੇਵੇ ਦਾਤ, ਸਾਚੀ ਵਸਤ ਰਖਾਈਆ । ਇਕ ਅਕੱਲਾ ਉਤਮ ਜ਼ਾਤ, ਜ਼ਾਤ ਅਜ਼ਾਤੀ ਵੇਸ ਵਟਾਈਆ । ਛੇਵੇਂ ਘਰ

ਸਾਚਾ ਨਾਤ, ਆਪਣਾ ਜੋੜ ਜੁੜਾਈਆ । ਪੰਚਮ ਮੀਤਾ ਲੈ ਬਰਾਤ, ਸਾਚਾ ਸਗਨ ਮਨਾਈਆ । ਖੇਲੇ ਖੇਲ ਦਿਵਸ ਰਾਤ, ਦਾਈ ਦਾਇਆ ਨਾਉਂ ਧਰਾਈਆ ।
ਆਦਿ ਜੁਗਾਦੀ ਵੇਖੇ ਮਾਰ ਝਾਤ, ਨੇਤਰ ਲੋਚਣ ਨੈਣ ਨਾ ਕੋਇ ਰਖਾਈਆ । ਆਪੇ ਹੋਏ ਕਮਲਾਪਾਤ, ਆਪੇ ਨਾਰੀ ਵੇਸ ਵਟਾਈਆ । ਆਪ ਨਿਭਾਏ ਆਪਣਾ
ਸਾਥ, ਸਾਚਾ ਸੰਗ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੇਲਾ ਖੇਲ ਖਿਲਾਈਆ । ਇਕ ਅਕੱਲਾ ਜੋਤ ਰੱਖ, ਜੋਤੀ ਜੋਤ
ਜਗਾਇੰਦਾ । ਪੰਚਮ ਪੰਚਮ ਹੋ ਪਰਤੱਖ, ਪੰਚਮ ਵੇਸ ਵਟਾਇੰਦਾ । ਛੇਵੇਂ ਘਰ ਜਗਾਏ ਅਲੱਖ, ਆਪ ਆਪਣਾ ਨਾਅਰਾ ਲਾਇੰਦਾ । ਆਪੇ ਆਪਣਾ ਆਪ ਕਰੇ
ਵੱਖ, ਆਪੇ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਖੇਲੇ ਖੇਲ ਏਕਉਂਕਾਰਾ, ਅਕਾਲ ਮੂਰਤ
ਅਜੂਨੀਆ । ਆਪ ਆਪਣਾ ਕਰ ਪਸਾਰਾ, ਆਪੇ ਦੇਵੇ ਜੋਤੀ ਨੂਰ ਨੁਰਾਨੀਆ । ਆਪ ਆਪਣਾ ਭਰ ਭੰਡਾਰਾ, ਆਪੇ ਹੋਏ ਸ਼ਾਹ ਸੁਲਤਾਨੀਆ । ਆਪ ਆਪਣਾ
ਬਣ ਵਣਜਾਰਾ, ਕਰੇ ਵਣਜ ਦੋ ਜਹਾਨੀਆ । ਆਪ ਆਪਣੀ ਬੰਨੇ ਧਾਰਾ, ਤ੍ਰੈ ਲੋਕਾਂ ਖੇਲ ਮਹਾਨੀਆ । ਆਪ ਆਪਣਾ ਕਰ ਪਸਾਰਾ, ਚੌਦਾਂ ਹੱਟਾਂ ਖੋਲ੍ਹ ਦੁਕਾਨੀਆ ।
ਆਪ ਆਪਣਾ ਰੰਗ ਰੰਗੇ ਕਰਤਾਰਾ, ਰਵ ਸਸ ਸੂਰਜ ਚੰਨ ਨਿਸ਼ਾਨੀਆ । ਆਪ ਆਪਣਾ ਦਏ ਆਧਾਰਾ, ਮਾਤ ਪਾਤਾਲ ਆਕਾਸ਼ ਖੇਲ ਮਹਾਨੀਆ । ਆਪ ਆਪਣਾ
ਕਰੇ ਖ਼ਬਰਦਾਰਾ, ਬ੍ਰਹਮਾ ਵਿਸ਼ਨ ਸ਼ਿਵ ਸੀਸ ਝੁਕਾਨੀਆ । ਆਪ ਆਪਣਾ ਨੂਰੀ ਜੋਤ ਕਰੇ ਉਜਿਆਰਾ, ਪੰਜ ਤੱਤ ਹੋਏ ਪਰਧਾਨੀਆ । ਛੇਵੇਂ ਘਰ ਮੀਤ ਮੁਰਾਰਾ,
ਦੇਵੇ ਦਰਸ ਹਰਿ ਭਗਵਾਨੀਆ । ਅਕਲ ਕਲਾ ਕਲ ਆਪੇ ਧਾਰਾ, ਜੁਗ ਜੁਗ ਵੇਸ ਵਟਾਨੀਆ । ਕਲਜੁਗ ਅੰਤਮ ਪਾਵੇ ਸਾਰਾ, ਨਿਹਕਲੰਕ ਬਲੀ ਬਲਵਾਨੀਆ ।
੧੩੭ ਗੋਬਿੰਦ ਲੇਖਾ ਲਿਖ ਲਿਖਾਰਾ, ਸਾਚੀ ਸੇਵ ਕਮਾਨੀਆ । ਨਾਨਕ ਮੰਗੀ ਮੰਗ ਭਿਖਾਰਾ, ਦੋਏ ਜੋੜ ਸੀਸ ਝੁਕਾਨੀਆ । ਰਾਹ ਤੱਕਣ ਰਾਮ ਕ੍ਰਿਸ਼ਨ ਅਵਤਾਰਾ, ੧੩੭
ਏਕਾ ਅੱਖ ਖੁਲ੍ਹਾਨੀਆ । ਕਰੋੜ ਤੇਤੀਸਾ ਧੂੜੀ ਖ਼ਾਕ ਮੰਗੇ ਢਹਿ ਢਹਿ ਪਏ ਦਵਾਰਾ, ਹਰਿ ਕਾ ਰੂਪ ਦਿਸ ਨਾ ਆਨੀਆ । ਜੁਗਾ ਜੁਗੰਤਰ ਖੇਲ ਨਿਆਰਾ, ਭੇਵ
ਕੋਇ ਨਾ ਪਾਨੀਆ । ਕਲਜੁਗ ਜੋਧਾ ਸੂਰਬੀਰ ਬਲੀ ਬਲਕਾਰਾ, ਏਕਾ ਖੰਡਾ ਹੱਥ ਉਠਾਨੀਆ । ਚਾਰ ਵਰਨਾਂ ਕਰੇ ਖ਼ਵਾਰਾ, ਦਹਿ ਦਿਸ਼ਾ ਕਰੇ ਵੈਰਾਨੀਆ ।
ਘਟ ਘਟ ਅੰਦਰ ਹਾਹਾਕਾਰਾ, ਨਿਰਭੈ ਰੂਪ ਨਾ ਕੋਇ ਵਖਾਨੀਆ । ਸਾਧ ਸੰਤ ਦਰ ਦਰ ਖਵਾਰਾ, ਜੋਤ ਨਿਰੰਜਣ ਆਦਿ ਨਿਰੰਜਣ ਨਾ ਮੇਲ ਮਿਲਾਨੀਆ । ਪੰਚਮ
ਨਾਤਾ ਤੁਟਾ ਸ਼ਬਦ ਧੁਨਕਾਰਾ, ਧੁਨੀ ਨਾਦ ਨਾ ਕੋਇ ਵਜਾਨੀਆ । ਜੋਗ ਅਭਿਆਸ ਨਾ ਬੰਨ੍ਹੇ ਧਾਰਾ, ਨੇਤਰ ਨੈਨ ਨਾ ਕੋਇ ਖੁਲ੍ਹਾਨੀਆ । ਦੁਰਮਤ ਮੈਲ ਨਾ
ਲਾਹੇ ਜਲ ਧਾਰਾ, ਨਿਰਮਲ ਨੀਰ ਨਾ ਕੋਇ ਵਖਾਨੀਆ । ਵੇਦ ਕਤੇਬ ਨਾ ਪਾਇਨ ਸਾਰਾ, ਪੜ੍ਹ ਪੜ੍ਹ ਥੱਕੇ ਮਨਮਤ ਬਾਣੀਆ । ਗੁਰ ਪੀਰ ਨਾ ਦਏ ਕੋਈ ਸਹਾਰਾ,
ਸਾਚਾ ਲੜ ਨਾ ਕੋਇ ਫੜਾਨੀਆ । ਨਾ ਕੋਈ ਮੀਤ ਰਾਮ ਅਵਤਾਰਾ, ਕਾਹਨਾ ਕ੍ਰਿਸ਼ਨ ਨਾ ਸੰਗ ਵਖਾਨੀਆ । ਨਾਨਕ ਗੋਬਿੰਦ ਨਾ ਮਿਲੇ ਕਿਸੇ ਦਵਾਰਾ, ਨਾਰ
ਦੁਹਾਗਣ ਸਰਬ ਕੁਰਲਾਨੀਆ । ਕਲਜੁਗ ਅੰਤਮ ਪਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ, ਸਾਚੀ ਰੁੱਤ ਸੁਹਾਨੀਆ । ਜੁਗ ਜੁਗ ਦੇਵੇ ਨਾਮ ਭੰਡਾਰਾ,
ਭਗਤ ਭਗਤੀ ਵੰਡ ਵੰਡਾਨੀਆ । ਸਤਿਜੁਗ ਤ੍ਰੇਤੇ ਦੁਆਪਰ ਕੀਆ ਆਧਾਰਾ, ਕਲਜੁਗ ਅੰਤਮ ਵੇਖ ਵਖਾਨੀਆ । ਨਿਰਗੁਣ ਬਾਤੀ ਕਰ ਉਜਿਆਰਾ, ਕਲਜੁਗ
ਅੰਧੇਰੀ ਰਾਤੀ ਗੁਰਮੁਖਾਂ ਕਰੇ ਆਪ ਪਛਾਨੀਆ । ਸਚਖੰਡ ਦਵਾਰੇ ਦਾ ਸੱਚਾ ਜਮਾਤੀ, ਪੜ੍ਹੌਣ ਆਇਆ ਸਾਚੀ ਬਾਣੀਆ । ਚਰਨ ਕਵਲ ਬਹਾਏ ਕੋਟਨ ਕੋਟ ਤ੍ਰਿਲੋਕੀ
ਨਾਥੀ, ਆਦਿ ਅੰਤ ਨਾ ਕਿਸੇ ਵਖਾਨੀਆ । ਜੁਗਾ ਜੁਗੰਤਰ ਸਗਲਾ ਸਾਥੀ, ਗੁਰਸਿਖਾਂ ਦਰ ਦਵਾਰੇ ਬਣਿਆ ਦਰ ਦਰਬਾਨੀਆ । ਹੱਥ ਲੈ ਕੇ ਆਇਆ ਧੁਰ
ਦਰਗਾਹ ਦੀ ਸਾਚੀ ਲਾਠੀ, ਨਾ ਕੋਈ ਬਾਢੀ ਹੱਥ ਟਿਕਾਨੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਕਰੇ ਵਡ ਕੁਰਬਾਨੀਆ । ਨਿਰਗੁਣ

ਸ਼ਾਹ ਸ਼ਬਦ ਸੁਲਤਾਨ, ਸਤਿਗੁਰ ਤਖ਼ਤ ਬਹਾਇਆ । ਹਰਿ ਕਾ ਰੂਪ ਸਾਚਾ ਕਾਹਨ, ਏਕਾ ਬੰਸਰੀ ਨਾਮ ਵਜਾਇਆ । ਨਿਰਗੁਣ ਰੂਪ ਰਮੱਯਾ ਰਾਮ, ਹਰ ਘਟ ਆਸਣ ਲਾਇਆ । ਹਰਿ ਚਰਨ ਸਰੋਵਰ ਅੰਮ੍ਰਿਤ ਜਾਮ, ਜਨ ਭਗਤਾਂ ਜੁਗਾ ਜੁਗੰਤਰ ਆਪ ਪਿਆਇਆ । ਆਪੇ ਪਕੜੇ ਆਪਣਾ ਦਾਮ, ਆਪਣਾ ਪੱਲਾ ਆਪ ਫੜਾਇਆ । ਆਪੇ ਵਸੇ ਨਗਰ ਗਰਾਮ, ਨਗਰ ਖੇੜਾ ਆਪ ਵਸਾਇਆ । ਆਪ ਜਪਾਏ ਆਪਣਾ ਨਾਮ, ਆਪੇ ਆਪਣੀ ਭਿਛਿਆ ਪਾਇਆ । ਕਲਜੁਗ ਝੇੜਾ ਮੁੱਕੇ ਤਮਾਮ, ਹਰਿ ਸਾਚਾ ਮੇਟਨ ਆਇਆ । ਕੋਈ ਨਾ ਦੀਸੇ ਅੰਧੇਰੀ ਸ਼ਾਮ, ਗੁਰਸਿਖ ਸਾਚਾ ਚੰਨ ਚੜ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਦੀਪਕ ਇਕ ਜਗਾਇਆ । ਨਿਰਗੁਣ ਦੀਪਕ ਕਰ ਉਜਿਆਰ, ਪੰਚਮ ਮੇਲ ਮਿਲਾਇਆ । ਪੰਚਮ ਕਰ ਪੰਚ ਤਿਆਰ, ਪੰਚਮ ਆਪ ਸਮਾਇਆ । ਪੰਚਮ ਕਰਿਆ ਅੰਧ ਅੰਧਿਆਰ, ਪੰਚਮ ਪਰਕਾਸ਼ ਪਰਕਾਸ਼ ਉਪਾਇਆ । ਪੰਚ ਡੁਬਾਇਆ ਡੂੰਘੀ ਗਾਰ, ਪੰਚ ਤਾਜ ਸੀਸ ਰਖਾਇਆ । ਪੰਚਮ ਦੇਵੇ ਪੰਚ ਧੁਨਕਾਰ, ਪੰਚਮ ਵਾਜਾ ਆਪ ਵਜਾਇਆ । ਪੰਚਮ ਮਾਰੇ ਸਾਚੀ ਮਾਰ, ਪੰਚਮ ਖੰਡਾ ਇਕ ਚਮਕਾਇਆ । ਪੰਚਮ ਰੋਵੇ ਜ਼ਾਰੋ ਜ਼ਾਰ, ਪੰਚਮ ਘਰ ਵਿਚ ਸਗਨ ਮਨਾਇਆ । ਪੰਚਮ ਮੀਤਾ ਖ਼ਬਰਦਾਰ, ਛੇਵਾਂ ਘਰ ਵਸਾਇਆ । ਛੇਵਾਂ ਦਰ ਨਿਰਗੁਣ ਧਾਰ, ਚੌਥੇ ਮੂਲ ਚੁਕਾਇਆ । ਨੈਣ ਨੇਤਰ ਇਕ ਉਘਾੜ, ਦੂਜਾ ਰੰਗ ਵਟਾਇਆ । ਇਕ ਇਕੱਲਾ ਨਿਰਾਕਾਰ, ਸਾਕਾਰ ਆਪ ਅਖਵਾਇਆ । ਨਿਰਗੁਣ ਜੋਤੀ ਕਰ ਉਜਿਆਰ, ਸਰਗੁਣ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇਆ । ਖੇਲੇ ਖੇਲ ਹਰਿ ਹਰਿ ਮੀਤਾ, ਆਪਣਾ ਖੇਲ ਖਿਲਾਇੰਦਾ । ਆਪ ਚਲਾਈ ਆਪਣੀ ਰੀਤਾ, ਆਪ ਆਪਣਾ ਦਰ

 ਸੁਹਾਇੰਦਾ । ਨਾ ਕੋਈ ਮੰਦਰ ਗੁਰਦਵਾਰ ਮਸੀਤਾ, ਕਾਇਆ ਖੇੜਾ ਇਕ ਵਸਾਇੰਦਾ । ਅੰਦਰ ਵੜਿਆ ਹਰਿ ਅਨਡੀਠਾ, ਦਿਸ ਕਿਸੇ ਨਾ ਆਇੰਦਾ । ਦਸ ੧੩੮

ਦਸ ਮਾਸ ਨਾ ਪੀਸਨ ਪੀਠਾ, ਮਾਤ ਗਰਭ ਨਾ ਕੋਇ ਲਟਕਾਇੰਦਾ । ਜਨਮਿਆ ਸੁੱਤ ਪਤਤ ਪੁਨੀਤਾ, ਪਰਮ ਪੁਰਖ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਖੇਲ ਖਿਲਾਇੰਦਾ । ਜਨਮਿਆ ਪੁੱਤ ਸਾਚਾ ਜੇਠਾ, ਪੰਚਮ ਜੋੜ ਜੁੜਾਇਆ । ਮਾਤ ਪਿਤ ਆਪੇ ਹੋ ਆਪੇ ਜਾਣੇ ਆਪਣਾ ਲੇਖਾ, ਆਪ ਆਪਣੀ ਗੋਦ ਸੁਹਾਇਆ । ਪੰਜ ਤੱਤ ਕਰ ਭੇਖਾ, ਹੱਡ ਮਾਸ ਨਾੜੀ ਚੰਮ ਰੰਗ ਰੰਗਾਇਆ । ਹਰਿ ਕਾ ਰੂਪ ਨਾ ਮੁੱਛ ਦਾੜ੍ਹੀ ਨਾ ਦਿਸੇ ਕੇਸਾ, ਨਾ ਕੋਈ ਚੋਟੀ ਮੂੰਡ ਮੁੰਡਾਇਆ । ਭੇਵ ਨਾ ਪਾਏ ਬ੍ਰਹਮਾ ਵਿਸ਼ਨ ਮਹੇਸ਼ਾ, ਲੇਖਾ ਲੇਖ ਨਾ ਕੋਇ ਜਣਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਨਾਉਂ ਧਰਾਇਆ । ਆਪਣੇ ਘਰ ਆਪੇ ਜੰਮ, ਆਪਣੀ ਬਣਤ ਬਣਾਈਆ । ਆਪ ਸਵਾਰੇ ਆਪਣਾ ਕੰਮ, ਨਾ ਦੂਸਰ ਸੰਗ ਰਖਾਈਆ । ਆਪਣੀ ਤ੍ਰਿਸਨਾ ਮੇਟੇ ਤਮ, ਆਪ ਆਪਣਾ ਜੋਗ ਕਮਾਈਆ । ਆਪਣੇ ਲੇਖੇ ਲਾਏ ਆਪਣਾ ਚੰਮ, ਤੱਤਵ ਤੱਤ ਨਾ ਕੋਇ ਜਣਾਈਆ । ਆਪੇ ਗਿਣੇ ਆਪਣੇ ਦਮ, ਆਪੇ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਮਾਤਲੋਕ ਵਸਿਆ ਘਰ, ਆਪ ਆਪਣੀ ਖੇਲ ਖਿਲਾਈਆ । ਰਕਤ ਬੂੰਦ ਮੇਲ ਮਿਲਾਇਆ, ਕਰਨੀ ਕਰਤਾ ਆਪ ਕਮਾਇੰਦਾ । ਮਾਤ ਪਿਤ ਬਣਤ ਬਣਾਇਆ, ਭੇਵ ਕੋਇ ਨਾ ਪਾਇੰਦਾ । ਪੰਜ ਤੱਤ ਅੰਦਰ ਪੰਜ ਤੱਤ ਉਪਾਇਆ, ਪੰਜ ਤੱਤ ਵਿਚ ਆਪ ਨਾ ਆਇੰਦਾ । ਪੰਜ ਤੱਤ ਅੰਦਰ ਬ੍ਰਹਮ ਟਿਕਾਇਆ, ਪਾਰਬ੍ਰਹਮ ਮੁਖ ਛੁਪਾਇੰਦਾ । ਪੰਜ ਤੱਤ ਨਿਰਗੁਣ ਸ਼ਬਦ ਇਕ ਜਣਾਇਆ, ਆਪਣੇ ਰਸ ਆਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਸਵੇਂ ਮਾਸ ਖੇਲ ਖਿਲਾਇੰਦਾ । ਦਸਵੇਂ ਮਾਸ ਮਾਤ ਪਿਆਰੀ, ਸਫ਼ਲ ਕੁੱਖ ਕਰਾਈਆ । ਜਗਤ ਪਿਤਾ ਨਾ ਪਾਏ ਸਾਰੀ, ਭੇਵ ਕੋਇ ਨਾ ਰਾਈਆ । ਆਪੇ ਅੰਦਰ ਆਪੇ ਬਾਹਰੀ, ਗੁਪਤ ਜ਼ਾਹਰ ਆਪ ਅਖਵਾਈਆ । ਆਪਣੀ ਕਲ ਆਪੇ ਧਾਰੀ, ਆਪ ਆਪਣਾ

ਨਾਉਂ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਦਏ ਵਧਾਈਆ । ਪੰਚਮ ਜੇਠ ਚੜ੍ਹਿਆ ਚਾ, ਲੋਕਮਾਤ ਸਗਨ ਮਨਾਇੰਦਾ । ਪੁਰਖ ਅਬਿਨਾਸ਼ੀ ਮਿਲਿਆ ਸਚ ਮਲਾਹ, ਜਨ ਭਗਤਾਂ ਵੇਖ ਵਖਾਇੰਦਾ । ਜੁਗ ਜੁਗ ਵਿਛੜੇ ਲਏ ਉਠਾ, ਚਾਰੋਂ ਕੁੰਟ ਫੇਰਾ ਪਾਇੰਦਾ । ਲੱਖ ਚੁਰਾਸੀ ਕਾਇਆ ਮੰਦਰ ਵੇਖੇ ਜਗਤ ਗਰਾਂ, ਆਪ ਆਪਣਾ ਭੇਵ ਖੁਲ੍ਹਾਇੰਦਾ । ਕਰਨਹਾਰਾ ਸਚ ਨਿਆਂ, ਸਾਚਾ ਮਾਰਗ ਲਾਇੰਦਾ । ਸ਼ੇਰ ਸਿੰਘ ਹਰਿ ਨਾਉਂ ਧਰਾ, ਸਿੰਘ ਸ਼ੇਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਪੰਚਮ ਤੱਤ ਉਪਾਇੰਦਾ । ਪੰਚਮ ਜੇਠ ਹਰਿ ਵਧਾਈ, ਆਪਣੇ ਘਰ ਵਜਾਈਆ । ਜਨ ਭਗਤਾਂ ਕਰਨ ਆਇਆ ਕੁੜਮਾਈ, ਪੂਰਬ ਲਹਿਣਾ ਦਏ ਚੁਕਾਈਆ । ਆਪੇ ਲਾਗੀ ਬਣੇ ਛੀਂਬਾ ਨਾਈ, ਆਪੇ ਘਰ ਘਰ ਦਏ ਸੁਣਾਈਆ । ਆਪੇ ਪਾਂਧੀ ਬਣੇ ਜਾਏ ਰਾਹੀ, ਆਪੇ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਅੱਖਰ ਰੱਖਿਆ ਵੱਖਰ, ਆਪਣੇ ਨੇਤਰ ਆਪੇ ਵੇਖ ਵਖਾਈਆ । ਆਪਣਾ ਅੱਖਰ ਸ਼ਬਦ ਧਾਰ, ਹਰਿ ਸਾਚੇ ਆਪ ਉਪਜਾਈਆ । ਲੇਖਾ ਲਿਖ ਨਾ ਸਕੇ ਕੋਈ ਵਿਚ ਸੰਸਾਰ, ਭੇਵ ਅਭੇਦਾ ਭੇਵ ਛੁਪਾਈਆ । ਚਾਰ ਯੁਗ ਖੇਲ ਨਿਆਰ, ਰੂਪ ਅਨੂਪ ਵਟਾਈਆ । ਕੋਈ ਨਾ ਜਾਣੇ ਬਵੰਜਾ ਧਾਰ, ਬਾਵਨ ਅੱਖਰ ਰਹੇ ਸਲਾਹੀਆ । ਪੈਂਤੀਸ ਅੱਖਰ ਕਰ ਤਿਆਰ, ਜਗਤ ਵਿਦਿਆ ਕਰੇ ਪੜ੍ਹਾਈਆ । ਸਤਾਰਾਂ ਅੱਖਰ ਹਰਿ ਨਿਰੰਕਾਰ, ਆਪਣੇ ਅੰਦਰ ਬੈਠਾ ਬੰਦ ਕਰਾਈਆ । ਗੁਰ ਪੀਰ ਨਾ ਜਾਣੇ ਕੋਈ ਅਵਤਾਰ, ਨਾ ਸਕੇ ਕੋਇ ਜਣਾਈਆ । ਗਾ ਗਾ ਥੱਕੇ ਊਚ ਅਗੰਮ ਅਪਾਰ, ਨਿਉਂ ਨਿਉਂ ਸੀਸ ਝੁਕਾਈਆ । ਨਾਨਕ ਦਰਸ ਇਕ ਨਿਰੰਕਾਰ, ਏਕਾ ਦੂਜਾ ਭੌ ਚੁਕਾਈਆ । ਆਪ ਢਹਿ ਢਹਿ ਪਏ ਦਵਾਰ, ਆਪੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਧਾਰ ਬੰਧਾਈਆ । ਬਵੰਜਾ ਅੱਖਰ ਤੇਰੀ ਧਾਰ, ਛੇਵੇਂ ਘਰ ਵਸਾਈਆ । ਪੰਚਮ ਗੁਰ ਪੰਚ ਸ਼ਬਦ ਧੁਨਕਾਰ, ਪੰਚਮ ਰਿਹਾ ਗਾਈਆ । ਨਾਨਕ ਖੋਲ੍ਹੇ ਇਕ ਕਿਵਾੜ, ਰਾਮ ਰਾਮਾ ਰੂਪ ਦਰਸਾਈਆ । ਅਛਲ ਅਛੱਲ ਖੇਲ ਕਰਤਾਰ, ਗੋਪੀ ਕਾਹਨ ਆਪ ਨਚਾਈਆ । ਆਪੇ ਜੋਤੀ ਨੂਰ ਕਰ ਉਜਿਆਰ, ਲੱਖ ਚੁਰਾਸੀ ਰਿਹਾ ਸਮਾਈਆ । ਆਪੇ ਸੰਤ ਭਗਤ ਦਏ ਆਧਾਰ, ਨਾਮ ਨਾਮਾ ਆਪ ਅਖਵਾਈਆ । ਆਪੇ ਆਦਿ ਸ਼ਕਤ ਕਰ ਉਜਿਆਰ, ਨਮੋ ਸਤਿ ਆਪ ਵਡਿਆਈਆ । ਆਪੇ ਬ੍ਰਹਮ ਮਤ ਦਏ ਆਧਾਰ, ਪਾਰਬ੍ਰਹਮ ਭੇਵ ਨਾ ਰਾਈਆ । ਆਪੇ ਉਤਪਤ ਕਰੇ ਸਰਬ ਸੰਸਾਰ, ਆਪੇ ਮੇਟ ਮਿਟਾਈਆ । ਆਪੇ ਬੀਜ ਬੀਜੇ ਸਾਚੇ ਵਤ ਬ੍ਰਹਮਾ ਵਿਸ਼ਨ ਸ਼ਿਵ ਲਏ ਉਭਾਰ, ਆਪੇ ਆਪਣੇ ਵਿਚ ਸਮਾਈਆ । ਆਪੇ ਕਲਜੁਗ ਅੰਤਮ ਲੈ ਅਵਤਾਰ, ਖੇਲੇ ਖੇਲ ਬੇਪਰਵਾਹੀਆ । ਛੇਵੇਂ ਘਰ ਬੰਨ੍ਹੀ ਧਾਰ, ਬਵੰਜਾ ਭੇਵ ਨਾ ਰਿਹਾ ਖੁਲ੍ਹਾਈਆ । ਬਵੰਜਾ ਕਲੀਆਂ ਤਨ ਸ਼ੰਗਾਰ, ਬੰਦੀ ਛੋੜ ਬੰਦ ਕਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੇ ਅੱਖਰ ਆਪ ਦਬਾਏ ਆਪਣੇ ਪੱਥਰ, ਨਾ ਕੋਈ ਸਕੇ ਭਾਰ ਉਠਾਈਆ । ਪੰਜ ਤੱਤ ਕਰ ਉਜਿਆਰ, ਪੈਂਤੀ ਅੱਖਰ ਕਰੇ ਪੜ੍ਹਾਈਆ । ਸਰਗੁਣ ਰੂਪ ਹੋ ਉਜਿਆਰ, ਨਿਰਗੁਣ ਪੜਦਾ ਆਪਣੇ ਉਪਰ ਪਾਈਆ । ਆਪਣਾ ਖੋਲ੍ਹ ਆਪ ਕਿਵਾੜ, ਆਪੇ ਬੈਠਾ ਬੰਦ ਕਰਾਈਆ । ਚੌਥੇ ਯੁਗ ਚੌਥੀ ਧਾਰ, ਕਰੇ ਖੇਲ ਆਪ ਨਿਰੰਕਾਰ, ਨਾ ਕੋਈ ਦੂਸਰ ਬਣੇ ਲਿਖਾਰ, ਨਾ ਧਿਆਨ ਕੋਈ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਰਚਨ ਰਚਾਈਆ । ਕਲਜੁਗ ਅੰਤਮ ਖੇਲ ਅਪਾਰਾ, ਹਰਿ ਜੋਤੀ ਜੋਤ ਜਗਾਇੰਦਾ । ਬਣਵਾਸ ਨਾ ਫਿਰੇ ਬਣ ਰਾਮ ਅਵਤਾਰਾ, ਤੀਰ ਕਮਾਨ ਨਾ ਕੋਇ ਉਠਾਇੰਦਾ । ਰਥ ਰਥਵਾਹੀ ਨਾ ਕ੍ਰਿਸ਼ਨ ਮੁਰਾਰਾ, ਗੀਤਾ ਗਿਆਨ ਨਾ ਕੋਇ ਦ੍ਰਿੜਾਇੰਦਾ । ਨਾਨਕ ਗੁਰ ਨਾ ਬਣ ਭਿਖਾਰਾ, ਚਾਰੋਂ ਕੁੰਟ ਫੇਰੀ ਪਾਇੰਦਾ । ਅਰਜਣ ਗੁਰ ਨਾ ਕਰੇ ਵਿਚਾਰਾ, ਅਗਾਧ ਬੋਧ ਨਾ ਕੋਇ ਦ੍ਰਿੜਾਇੰਦਾ ।


੧੩੯

ਗੁਰ ਗੋਬਿੰਦ ਨਾ ਖੰਡਾ ਤੇਜ਼ ਕਟਾਰਾ, ਸੀਸ ਦਸਤਾਰ ਨਾ ਕੋਇ ਬੰਧਾਇੰਦਾ । ਬਸਤਰ ਸ਼ਸਤਰ ਨਾ ਤਨ ਸ਼ੰਗਾਰਾ, ਨਾ ਕੋਈ ਅਸਵ ਘੋੜਾ ਦੌੜਾਇੰਦਾ । ਪੈਂਤੀਸ ਅੱਖਰ ਨਾ ਕੋਇ ਪਿਆਰਾ, ਨਾ ਕੋਈ ਲੇਖ ਲਿਖਾਇੰਦਾ । ਮਾਤ ਪਿਤ ਨਾ ਸੁੱਤ ਦੁਲਾਰਾ, ਭੈਣ ਭਾਈ ਨਾ ਕੋਇ ਜਣਾਇੰਦਾ । ਬਵੰਜਾ ਅੱਖਰ ਅੰਦਰ ਆਪਣਾ ਆਪ ਕਰ ਬੰਦ ਕਿਵਾੜਾ, ਬਵੰਜਾ ਸਾਲ ਛੁਪਾਇੰਦਾ । ਜਗਤ ਵੇਖੇ ਪੰਜ ਤੱਤ ਹੱਡ ਮਾਸ ਚੰਮ ਨਾੜਾ, ਹਰਿ ਕਾ ਰੂਪ ਦਿਸ ਨਾ ਆਇੰਦਾ । ਪੰਚਮ ਜੇਠ ਸਭਾਗੀ ਦਿਹਾੜਾ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ । ਪੁਰਖ ਅਕਾਲ ਸਚ ਅਖਾੜਾ, ਲੋਕਮਾਤ ਲਗਾਇੰਦਾ । ਨਰ ਨਿਰੰਕਾਰ ਧੁਰ ਦਰਗਾਹੀ ਲਾੜਾ, ਏਕਉਂਕਾਰਾ ਆਪ ਅਖਵਾਇੰਦਾ । ਨਾਮ ਰੱਤ ਲਹੂ ਰੱਖੇ ਗਾੜ੍ਹਾ, ਗੁਰਮੁਖ ਸਾਚੇ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਵੰਜਾ ਬਵੰਜਾ ਬਵੰਜਾ ਵੇਖ ਵਖਾਇੰਦਾ । ਬਵੰਜਾ ਅੱਖਰ ਹਰਿ ਕਾ ਲੇਖ, ਹਰਿ ਹਰਿ ਭੇਵ ਛੁਪਾਇਆ । ਗੁਰ ਅਰਜਨ ਆਪਣੇ ਨੇਤਰ ਪੇਖ, ਬਿਨ ਹੁਕਮ ਲਿਖ ਨਾ ਪਾਇਆ । ਆਪਣੀ ਕਰੇ ਆਪ ਆਦੇਸ, ਨਾਨਕ ਨੂਰ ਨਜ਼ਰੀ ਆਇਆ । ਅਗੰਮ ਅਗੰਮੜਾ ਵਸਿਆ ਅਗੰਮੜੇ ਦੇਸ, ਲੋਕਮਾਤ ਵੇਖਣ ਆਇਆ । ਹੱਥ ਖੂੰਡੀ ਨਾ ਭੂਰੀ ਖੇਸ, ਖ਼ਾਲੀ ਹੱਥ ਵਖਾਇਆ । ਹਰਿ ਹਰਿ ਮੀਤਾ ਨਰ ਨਰੇਸ਼, ਨਰ ਨਰਾਇਣ ਨਾਉਂ ਧਰਾਇਆ । ਜੁਗ ਜੁਗ ਵਿਛੜੇ ਆਪੇ ਰਿਹਾ ਵੇਖ, ਮੇਲ ਵਿਛੋੜਾ ਆਪਣੇ ਹੱਥ ਰਖਾਇਆ । ਸ਼ਾਹ ਸੁਲਤਾਨਾ ਵਡ ਨਰੇਸ਼, ਮਰਗੇਸ਼ ਨਾਮ ਧਰਾਇਆ । ਕਿਸੇ ਨਾ ਚਲੇ ਅੱਗੇ ਕੋਈ ਪੇਸ਼, ਦੋ ਜਹਾਨਾਂ ਤਿੰਨਾਂ ਲੋਕਾਂ ਚੌਦਾਂ ਹੱਟਾਂ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ, ਉਤਭੁਜ ਸੇਤਜ ਖਾਣੀ ਬਾਣੀ ਅੱਲਾ ਰਾਣੀ ਅੰਜੀਲ ਕੁਰਾਨੀ ਵੇਦ ਪੁਰਾਨੀ ਕੋਟਨ ਬ੍ਰਹਮਾ ਵਿਸ਼ਨ ਮਹੇਸ਼, ਕੋਟੀ ਕੋਟ ਬੈਠੇ ਸੀਸ ਝੁਕਾਇਆ । ਕਲਜੁਗ ਤੇਰੀ ਅੰਤਮ ਧਾਰ, ਹਰਿ ਹਰਿ ਜੋਤ ਹਰਿ ਨਿਰੰਕਾਰ, ਆਪ ਆਪਣਾ ਲੈ ਅਵਤਾਰ, ਆਪ ਸੁਹਾਏ ਬੰਕ ਦਵਾਰ, ਆਪੇ ਮਾਤਾ ਪਿਤਾ ਸੁੱਤ ਦੁਲਾਰ, ਆਪੇ ਵਰਨ ਗੋਤੀ ਵਸਿਆ ਬਾਹਰ, ਅੰਦਰ ਬਾਹਰ ਆਪ ਅਖਵਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਵੰਜਾ ਅੱਖਰ ਆਪਣੇ ਹੱਥ ਰਖਾਇੰਦਾ । ਆਪਣੀ ਵਸਤ ਆਪਣੇ ਹੱਥ, ਹਰਿ ਸਾਚੇ ਆਪ ਰਖਾਈਆ । ਸਰਬ ਕਲਾ ਆਪੇ ਸਮਰਥ, ਅਕਲ ਕਲ ਹੋ ਜਾਈਆ । ਆਪ ਚਲਾਇਆ ਆਪਣਾ ਰਥ, ਆਪੇ ਰਿਹਾ ਭਵਾਈਆ । ਬਵੰਜਾ ਸਾਲ ਨੱਠ ਨੱਠ, ਕਾਇਆ ਚੋਲਾ ਇਕ ਹੰਡਾਈਆ । ਹਰਿਜਨ ਸਾਚੇ ਦਿਤੀ ਵੱਥ, ਸੰਤ ਮਨੀ ਸਿੰਘ ਇਕ ਪੜ੍ਹਾਈਆ । ਗੁਰਮੁਖ ਚਰਨ ਦਵਾਰੇ ਗਿਆ ਢੱਠ, ਪੂਰਬ ਲਹਿਣਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਲ ਬਵੰਜਾ ਬਾਵਨ ਰੂਪ ਵਟਾਈਆ । ਸਾਲ ਬਵੰਜਾ ਬਾਵਨ ਧਾਰ, ਭੇਖੀ ਭੇਖ ਵਟਾਇਆ । ਪੰਚਮ ਮੀਤਾ ਪੰਚਮ ਜੇਠਾ ਪੰਚਮ ਹੋਇਆ ਖ਼ਬਰਦਾਰ, ਪੰਚਮ ਗਿਆ ਮੁਖ ਛੁਪਾਇਆ । ਕੌੜਾ ਰੀਠਾ ਬਣ ਸੰਸਾਰ, ਆਪਣਾ ਰਸ ਨਾ ਕਿਸੇ ਚਖਾਇਆ । ਗੁਰਮੁਖ ਵਿਰਲੇ ਲਾਗਾ ਮੀਠਾ, ਜਿਸ ਜਨ ਆਪਣੀ ਦਇਆ ਕਮਾਇਆ । ਆਪੇ ਠੰਡਾ ਆਪੇ ਸੀਤਾ, ਅਗਨੀ ਤੱਤ ਆਪ ਜਲਾਇਆ । ਆਪੇ ਜਾਣੇ ਆਪਣੀ ਰੀਤਾ, ਆਪਣਾ ਤਨ ਸਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੂਪ ਵਟਾਇਆ । ਪਹਿਲਾ ਰੂਪ ਨਿਰੰਕਾਰ ਨਿਰਾਕਾਰ, ਦੂਜੇ ਸਰਗੁਣ ਵੇਸ ਵਟਾਇਆ । ਦੋਹਾਂ ਵਿਚੋਂ ਵਸਿਆ ਬਾਹਰ, ਦੋਆਂ ਲਏ ਉਪਜਾਇਆ । ਤਿੰਨੇ ਸਿਫ਼ਰੇ ਕਰ ਤਿਆਰ, ਤਿੰਨਾਂ ਲੋਕਾਂ ਖ਼ਾਕ ਮਿਲਾਇਆ । ਲੋਕਮਾਤ ਦਸ ਦਵਾਰ, ਦਸ ਦਵਾਰ ਆਪਣੇ ਹੱਥ ਰਖਾਇਆ । ਦੋਹਾਂ ਜੋੜ ਕਰੇ ਸੰਸਾਰ, ਬੀਸ ਬੀਸ ਨਾਮ ਧਰਾਇਆ । ਬੀਸ ਸੌ ਹੋ ਤਿਆਰ, ਸੋਹਣਾ ਰੰਗ ਰੰਗਾਇਆ । ਬਵੰਜਾ ਧਾਰੀ ਚੋਲਾ ਪਾੜ, ਆਪਣਾ ਖੇਲ ਖਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇਆ । ਸਾਲ ਬਵੰਜਾ ਤੁਟਾ ਨਾਤਾ, ਘਰ ਸਾਚੇ ਮੇਲ ਮਿਲਾਇਆ । ਆਪੇ ਮੇਲਾ ਪੁਰਖ ਬਿਧਾਤਾ, ਆਪੇ ਖੇਲ ਖਿਲਾਇਆ । ਆਪਣਾ ਖੇਲ

ਆਪੇ ਜਾਤਾ, ਲੇਖਾ ਲੇਖ ਨਾ ਕੋਇ ਲਿਖਾਇਆ । ਆਪਣਾ ਜਾਣੇ ਆਪੇ ਬਾਕਾ, ਲਹਿਣਾ ਦੇਣਾ ਰਿਹਾ ਚੁਕਾਇਆ । ਆਪਣਾ ਪੜਦਾ ਆਪੇ ਢਾਕਾ, ਆਪੇ ਮੁਖ
ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੰਚਮ ਜੇਠ ਦਿਤਾ ਵਰ, ਲੋਕਮਾਤ ਦਏ ਵਡਿਆਇਆ । ਬੀਸ ਸਹੰਸਰ ਹੋ ਤਿਆਰ, ਬੀਸ
ਸਦ ਜੋੜ ਜੁੜਾਇਆ । ਕਰਿਆ ਖੇਲ ਪੁਰਖ ਕਰਤਾਰ, ਲੋਕਮਾਤ ਦਏ ਤਜਾਇਆ । ਆਪੇ ਜਾਣੇ ਆਪਣਾ ਕੌਲ ਇਕਰਾਰ, ਆਪੇ ਪੂਰ ਕਰਾਇਆ । ਨਿਰਗੁਣ
ਜੋਤੀ ਹੋ ਉਜਿਆਰ, ਸਰਗੁਣ ਡੇਰਾ ਲਾਇਆ । ਨਾ ਮਰੇ ਨਾ ਜੰਮੇ ਵਿਚ ਸੰਸਾਰ, ਹੱਥ ਕਿਸੇ ਨਾ ਆਇਆ । ਸੁਹਾਏ ਸਾਚਾ ਧਾਮ ਬੰਕ ਦਵਾਰ, ਘਰ ਘਰ
ਵਿਚ ਆਪ ਟਿਕਾਇਆ । ਉਪਰ ਚੜ੍ਹ ਸੱਚੀ ਸਰਕਾਰ, ਸਚ ਤਖ਼ਤ ਸੁਲਤਾਨ ਆਸਣ ਲਾਇਆ । ਸਾਚਾ ਭੂਪ ਬਣਿਆ ਸਚ ਸਿਕਦਾਰ, ਸਾਚਾ ਹੁਕਮ ਸੁਣਾਇਆ ।
ਏਕਾ ਬੋਲਾ ਇਕ ਜੈਕਾਰ, ਏਕਾ ਢੋਲਾ ਗਾਇਆ । ਖੋਲ੍ਹੇ ਬੰਦ ਬੰਦ ਕਿਵਾੜ, ਸੋਇਮ ਰੂਪ ਆਪ ਹੋ ਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ
ਧਰ, ਕਲਜੁਗ ਤੇਰੀ ਅੰਤਮ ਵਰ, ਏਕਾ ਸ਼ਬਦ ਸੁਣਾਇਆ । ਏਕਾ ਸ਼ਬਦ ਬ੍ਰਹਮ ਪਾਰਬ੍ਰਹਮ, ਆਪਣਾ ਆਪ ਸੁਣਾਇੰਦਾ । ਵੀਹ ਸੌ ਬਿਕ੍ਰਮੀ ਪੁਰਖ ਅਕਾਲ
ਆਪਣੇ ਘਰ ਆਪ ਪਿਆ ਜੰਮ, ਮਾਤ ਪਿਤ ਨਾ ਕੋਇ ਰਖਾਇੰਦਾ । ਆਪੇ ਘੜੇ ਆਪੇ ਦਏ ਭੰਨ, ਆਪੇ ਆਪ ਉਪਜਾਇੰਦਾ । ਆਪੇ ਬੇੜਾ ਰਿਹਾ ਬੰਨ, ਬੇੜਾ
ਆਪਣਾ ਆਪ ਰੁੜ੍ਹਾਇੰਦਾ । ਆਪੇ ਭਾਰ ਉਠਾਏ ਕੰਨ੍ਹ, ਆਪੇ ਪੈਰਾਂ ਹੇਠ ਦਬਾਇੰਦਾ । ਆਪੇ ਜਨਨੀ ਜਨੇ ਜਨ, ਆਪੇ ਗਿਆਨ ਦ੍ਰਿੜਾਇੰਦਾ । ਆਪੇ ਵਸੇ ਪੰਜ
ਤੱਤ ਤਨ, ਆਪੇ ਖ਼ਾਕੀ ਖ਼ਾਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਨਾਮ ਆਪ ਦ੍ਰਿੜਾਇੰਦਾ । ਆਪਣਾ ਨਾਮ ਆਪੇ ਧਰ,
੧੪੧ ਆਪਣੀ ਕਲ ਵਰਤਾਈਆ । ਆਪਣੀ ਮਰਨੀ ਆਪੇ ਮਰ, ਆਪਣੇ ਵਿਚ ਗਿਆ ਸਮਾਈਆ । ਆਪਣੀ ਅਗਨੀ ਆਪੇ ਸੜ, ਆਪਣਾ ਤੱਤ ਗਵਾਈਆ । ਜੋਤੀ ੧੪੧
ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਬਾਵਨ ਬਾਵਨ ਖੇਲ ਖਿਲਾਈਆ । ਪੰਜ ਤੱਤ ਛੱਡਿਆ ਚੋਲਾ, ਪਾਰਬ੍ਰਹਮ ਖੇਲ ਖਿਲਾਇਆ । ਏਕਾ ਗਾਇਆ
ਸਾਚਾ ਢੋਲਾ, ਢੋਲਕ ਛੈਣਾ ਨਾ ਕੋਇ ਵਜਾਇਆ । ਏਕਾ ਕੰਡੇ ਤੋਲਿਆ ਤੋਲਾ, ਨਾਨਕ ਤੋਲਾ ਇਕ ਰਖਾਇਆ । ਇਕ ਦਵਾਰੇ ਹੋਇਆ ਗੋਲਾ, ਗੁਰਸਿਖ
ਸਾਚਾ ਇਕ ਬਣਾਇਆ । ਸੋਹੰ ਸ਼ਬਦ ਗਾਏ ਬੋਲਾ, ਮੈਂ ਤੂੰ ਰਹੇ ਨਾ ਰਾਇਆ । ਸਤਿਗੁਰ ਪੂਰਾ ਵਸਿਆ ਕੋਲਾ, ਵਿਛੜ ਕਦੇ ਨਾ ਜਾਇਆ । ਕਲਜੁਗ ਅੰਤਮ
ਮਾਰਿਆ ਰੌਲਾ, ਚਾਰੇ ਵਰਨਾਂ ਦਏ ਭੁਲਾਇਆ । ਗੋਬਿੰਦ ਤੇਰਾ ਕੀਤਾ ਪੂਰਾ ਕੌਲਾ, ਸੰਬਲ ਨਗਰੀ ਡੇਰਾ ਲਾਇਆ । ਗੁਰਮੁਖਾਂ ਅੰਮ੍ਰਿਤ ਪੌਹਲ ਦੇਵੇ ਪੌਹਲਾ,
ਆਤਮ ਜਾਮ ਪਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣੀ ਵੰਡ ਵੰਡਾਇਆ । ਪਹਿਲੇ ਸਾਲ ਵੰਡੀ ਵੰਡ, ਬੀਸ ਇਕ
ਵਡਿਆਇਆ । ਖੇਲੇ ਖੇਲ ਵਿਚ ਬ੍ਰਹਿਮੰਡ, ਗੁਰਮੁਖ ਸਾਜਣ ਮੇਲ ਮਿਲਾਇਆ । ਆਪੇ ਢਕੀ ਨੰਗੀ ਕੰਡ, ਸਤਿ ਸਰੂਪੀ ਪੜਦਾ ਪਾਇਆ । ਜੋਤੀ ਜੋਤ ਸਰੂਪ
ਹਰਿ, ਆਪ ਆਪਣੀ ਕਿਰਪਾ ਕਰ, ਦੋਏ ਰੂਪ ਆਪ ਹੋ ਜਾਇਆ । ਦੂਜਾ ਤੀਜਾ ਏਕਾ ਰੰਗ, ਏਕਾ ਨੈਣ ਦਰਸਾਇਆ । ਚੌਥੇ ਪਦ ਮੰਗੀ ਮੰਗ, ਹਰਿਜਨ
ਡੇਰਾ ਲਾਇਆ । ਪੰਚਮ ਕਰੇ ਖੰਡ ਖੰਡ, ਪੰਚਮ ਦਰ ਸੁਹਾਇਆ । ਛੇਵੇਂ ਘਰ ਹਰਿ ਨਰ ਆਪੇ ਪਾਏ ਆਪਣੀ ਵੰਡ, ਆਪਣਾ ਦਰ ਸੁਹਾਇਆ । ਸੱਤਵੇਂ ਸਤਿਵਾਦ
ਹਰਿ ਬ੍ਰਹਿਮਾਦਿ, ਆਦਿ ਜੁਗਾਦਿ ਸਤਿ ਸਰੂਪ ਸਮਾਇਆ । ਅੱਠਵੇਂ ਅੱਠਾਂ ਤੱਤਾਂ ਵੱਜੇ ਨਾਦ, ਏਕਾ ਰਾਗ ਸੁਣਾਇਆ । ਨੌਂ ਦਰ ਫੀਕੇ ਹੋਇਣ ਵਿਸਮਾਦ, ਨੌਂ
ਦਰ ਪੰਧ ਚੁਕਾਇਆ । ਦਸਵਾਂ ਸਾਜਣ ਆਪੇ ਸਾਜ, ਲੋਕਮਾਤ ਵੇਖ ਵਖਾਇਆ । ਇਕ ਦਸ ਯਾਰਾਂ ਕਰੇ ਕਾਜ, ਸਾਢੇ ਤਿੰਨ ਹੱਥ ਬਣਤ ਬਣਾਇਆ । ਨੌਂ
ਦਵਾਰ ਮਾਰੇ ਵਾਜ, ਦਸਵਾਂ ਦਰ ਸੁਹਾਇਆ । ਵੀਹ ਸਦ ਬਾਰਾਂ ਹਰਿ ਨਿਰੰਕਾਰਾ ਹੱਥ ਵਿਚ ਲੈ ਕੇ ਸਾਚਾ ਤਾਜ, ਗੁਰਸਿਖਾਂ ਸੀਸ ਪਹਿਨਾਇਆ । ਸਤਾਰਾਂ

ਹਾੜੀ ਧੁਰ ਦਰਗਾਹੀ ਦਏ ਸਾਚਾ ਰਾਜ, ਦਰਗਾਹ ਸਾਚੀ ਧਾਮ ਸੁਹਾਇਆ । ਸਾਚਾ ਕਰਿਆ ਆਪੇ ਕਾਜ, ਆਪ ਆਪਣਾ ਖੇਲ ਖਿਲਾਇਆ । ਪਰਗਟ ਜੋਤ ਦੇਸ ਮਾਝ, ਪੁਰੀ ਘਨਕ ਨਾਮ ਧਰਾਇਆ । ਸੰਮਤ ਤੇਰਾਂ ਖੋਲ੍ਹਿਆ ਪਾਜ, ਸਾਧਾਂ ਸੰਤਾਂ ਦਏ ਹਿਲਾਇਆ । ਸ਼ਾਹ ਸੁਲਤਾਨਾਂ ਡੁੱਬਾ ਜਹਾਜ਼, ਨਾ ਕੋਈ ਬੇੜਾ ਰਿਹਾ ਚਲਾਇਆ । ਸੰਮਤ ਚੌਦਾਂ ਏਕਾ ਇਕੀ ਦਿਤਾ ਦਾਜ, ਗੁਰਮੁਖ ਸਾਚੇ ਲਏ ਪਰਨਾਇਆ । ਆਪ ਤਜਾਈ ਲੋਕ ਲਾਜ, ਚਾਰੇ ਵਰਨਾਂ ਮੇਲ ਮਿਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੰਚਮ ਜੇਠ ਦਏ ਵਡਿਆਇਆ । ਪੰਚਮ ਜੇਠ ਸਿੰਘ ਸ਼ੇਰ, ਸ਼ੇਰ ਸਿੰਘ ਅਖਵਾਇੰਦਾ । ਬਵੰਜਾ ਸਾਲ ਨਾ ਬੁੱਕਿਆ ਰਿਹਾ ਘੁੱਪ ਘੇਰ, ਅੰਧ ਅੰਧੇਰ ਮੁਖ ਛੁਪਾਇੰਦਾ । ਬਾਵਨ ਬਾਵਨ ਕਰਿਆ ਹੇਰ ਫੇਰ, ਭੇਵ ਕੋਇ ਨਾ ਪਾਇੰਦਾ । ਆਪੇ ਪਰਗਟਿਆ ਦੂਜੀ ਵੇਰ, ਨਿਹਕਲੰਕ ਨਾਉਂ ਰਖਾਇੰਦਾ । ਨਾ ਕੋਈ ਤੱਕੜ ਚੜ੍ਹਾਏ ਵੱਟਾ ਸੇਰ, ਗੁਣ ਅਵਗੁਣ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਡਗਮਗਾਇੰਦਾ । ਜੋਤੀ ਨੂਰ ਹਰਿ ਉਜਿਆਰਾ, ਆਪਣਾ ਰੂਪ ਵਟਾਇਆ । ਨਾਮ ਖੰਡਾ ਲੈ ਕਟਾਰਾ, ਲੋਕਮਾਤ ਉਠ ਧਾਇਆ । ਆਪੇ ਵੇਖੇ ਧਾਮ ਨਿਆਰਾ, ਆਪੇ ਮੇਲ ਮਿਲਾਇਆ । ਆਪੇ ਕਰੇ ਪਿਆਰ ਸੁੱਤ ਦੁਲਾਰਾ, ਗੋਬਿੰਦ ਸ਼ਬਦੀ ਵੇਖ ਵਖਾਇਆ । ਆਪੇ ਆਪਣਾ ਕਰ ਜੈਕਾਰਾ, ਆਪਣਾ ਨਾਉਂ ਧਰਾਇਆ । ਸੋ ਪੁਰਖ ਨਿਰੰਜਣ ਹਰਿ ਨਿਰੰਕਾਰਾ, ਹੰ ਬ੍ਰਹਮ ਪੰਜ ਤੱਤ ਨਾਉਂ ਧਰਾਇਆ । ਸ਼ੇਰ ਸਿੰਘ ਸ਼ੇਰ ਮਾਰ ਲਲਕਾਰਾ, ਸ਼ਾਹ ਸ਼ੇਰ ਆਪ ਹੋ ਆਇਆ । ਵਿਸ਼ਨੂੰ ਰੂਪ ਕਰ ਸਾਕਾਰਾ, ਭਗਵਨ ਨਿਰਗੁਣ ਜੋਤ ਵਿਚ ਜਗਾਇਆ । ਤਿੰਨਾਂ ਲੋਕਾਂ ਵਸਿਆ ਬਾਹਰਾ, ਜੈ ਜੈ ਜੈਕਾਰ ਆਪਣੀ ਆਪੇ ਗਾਇਆ । ਨਾ ਕੋਈ ਓਟ ਰੱਖੀ ਵਿਚ ਸੰਸਾਰ, ਨਾ ਇਸ਼ਟ ਕੋਈ ਮਨਾਇਆ । ਆਪੇ ਗੁਰੂ ਪੀਰ ਅਵਤਾਰ, ਪਾਰਬ੍ਰਹਮ ਆਪ ਅਖਵਾਇਆ । ਆਪੇ ਨਿਰਗੁਣ ਜੋਤ ਉਜਿਆਰ, ਆਪੇ ਹਰ ਘਟ ਜੋਤ ਨਿਰੰਜਣ ਦੀਪਕ ਰਿਹਾ ਜਗਾਇਆ । ਆਪੇ ਸ਼ਬਦ ਸੱਚੀ ਧੁਨਕਾਰ, ਧੁਨ ਅਨਾਦ ਰਿਹਾ ਵਜਾਇਆ । ਆਪੇ ਸਰ ਸਰੋਵਰ ਅੰਮ੍ਰਿਤ ਭਰੇ ਭੰਡਾਰ, ਆਪੇ ਰਿਹਾ ਵਰਤਾਇਆ । ਆਪੇ ਸਰਬ ਬਣ ਸਿਕਦਾਰ, ਆਪਣਾ ਹੁਕਮ ਚਲਾਇਆ । ਆਪੇ ਕਲਜੁਗ ਅੰਤਮ ਲੈ ਅਵਤਾਰ, ਨਿਹਕਲੰਕਾ ਨਾਉਂ ਰਖਾਇਆ । ਸੰਤ ਭਗਤ ਜੁਗ ਜੁਗ ਵਿਛੜੇ ਜਾਏ ਤਾਰ, ਪਿਛਲਾ ਕੀਤਾ ਪੂਰ ਕਰਾਇਆ । ਗੁਰਸਿਖ ਨਾਰ ਨੌਜਵਾਨ ਸਦਾ ਮੁਟਿਆਰ, ਗੁਰ ਕਾ ਜੋਬਨ ਰਹੀ ਹੰਢਾਇਆ । ਸਤਿਗੁਰ ਪੂਰਾ ਕਰੇ ਸ਼ਿੰਗਾਰ, ਸੋਲਾਂ ਸ਼ਿੰਗਾਰ ਇਕ ਵਖਾਇਆ । ਸੀਸ ਗੁੰਦੇ ਪਹਿਲੀ ਵਾਰ, ਕਲਜੁਗ ਵੇਲਾ ਅੰਤਮ ਆਇਆ । ਨਾਮ ਪਾਇਆ ਕਜਲਾ ਧਾਰ, ਨਿਕਲ ਕਦੇ ਨਾ ਜਾਇਆ । ਹੱਥੀਂ ਮੈਂਹਦੀ ਲਾਲ ਗੁਲਾਲ, ਆਪਣਾ ਰੰਗ ਚੜ੍ਹਾਇਆ । ਅਨਹਦ ਢੋਲਕ ਵਜਾਏ ਤਾਲ, ਸਾਚਾ ਤਾਲ ਸੁਣਾਇਆ । ਸਾਚੀ ਸਖੀਆਂ ਫੜਿਆ ਥਾਲ, ਗਗਨ ਮੰਡਲ ਇਕ ਵਖਾਇਆ । ਰਵ ਸਸ ਦੀਪਕ ਬਾਲ, ਆਪਣੀ ਹੱਥੀਂ ਟਿਕਾਇਆ । ਆਪਣੇ ਹੱਥ ਫੜ ਮਸਾਲ, ਆਦਿ ਨਿਰੰਜਣ ਲੋਕਮਾਤ ਆਪ ਆਇਆ । ਪਿਛਲਾ ਕੌਲ ਰਿਹਾ ਪਾਲ, ਆਪਣਾ ਮੇਲਾ ਆਪ ਮਿਲਾਇਆ । ਪੁਰਖ ਅਕਾਲ ਮਾਰੀ ਆਪਣੀ ਛਾਲ, ਏਕਾ ਚਰਨ ਉਠਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਮਤ ਚੌਦਾਂ ਤੇਰਾ ਰੰਗ, ਦਾਤਾ ਦਾਨੀ ਸੂਰਾ ਸਰਬੰਗ, ਗੁਰਮੁਖਾਂ ਰਿਹਾ ਚੜ੍ਹਾਇਆ । ਸੰਮਤ ਚੌਦਾਂ ਘਰ ਘਰ ਫੇਰਾ, ਏਕਾ ਇਕਾ ਜੋੜ ਜੁੜਾਇਆ । ਪਿਛਲਾ ਕੀਆ ਹੱਕ ਨਿਬੇੜਾ, ਅੱਗੇ ਮਾਰਗ ਪਾਇਆ । ਵਸਦਾ ਰਹੇ ਕਾਇਆ ਖੇੜਾ, ਜਿਸ ਜਨ ਦਰਸ਼ਨ ਪਾਇਆ । ਦੋ ਜਹਾਨੀ ਬੰਨੇ ਬੇੜਾ, ਰਾਏ ਧਰਮ ਨਾ ਦਏ ਸਜ਼ਾਇਆ । ਚਰਨ ਦਵਾਰ ਵਖਾਏ ਖੁਲ੍ਹਾ ਵਿਹੜਾ, ਹਰਿ ਸਾਚੇ ਆਪ ਖੁਲ੍ਹਾਇਆ । ਗੇੜਨਹਾਰਾ ਉਲਟਾ ਗੇੜਾ, ਆਪਣਾ ਗੇੜਾ ਰਿਹਾ ਚਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਨਾਰ ਕਰ ਪਿਆਰ, ਘਰ ਸਾਚੇ ਰਿਹਾ ਸੁਹਾਇਆ । ਗੁਰਮੁਖ

੧੪੨

ਨਾਰੀ ਸਚ ਸਵਾਣੀ, ਘਰ ਸਾਚੇ ਆਪ ਸੁਹਾਈਆ । ਦਰ ਘਰ ਬਣੀ ਸਾਚੀ ਰਾਣੀ, ਸਾਚੇ ਸ਼ਾਹੋ ਨਾਲ ਪਰਨਾਈਆ । ਮਿਲਿਆ ਮੇਲ ਹਾਣੀਆਂ ਹਾਣੀ, ਲੋਕਮਾਤ ਵੱਜੀ ਵਧਾਈਆ । ਲੱਖ ਚੁਰਾਸੀ ਸਰਬ ਕੁਰਲਾਣੀ, ਬਿਰਹੋਂ ਪੀੜ ਲਗਾਈਆ । ਭਰਮੇ ਭੁਲੀ ਚਾਰੇ ਖਾਣੀ, ਚਾਰੇ ਬਾਣੀ ਨਾ ਕੋਇ ਪੜ੍ਹਾਈਆ । ਨਾਤਾ ਤੁਟਾ ਪਦ ਨਿਰਬਾਣੀ, ਪਰਮ ਪੁਰਖ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਚੇ ਲਏ ਵਰ, ਸੋਭਾਵੰਤੀ ਨਾਰ ਇਕ ਵਖਾਈਆ । ਸੋਭਾਵੰਤੀ ਨਾਰ ਸੁਹਾਗਣ, ਹਰਿ ਹਰਿ ਕੰਤ ਹੰਢਾਇਆ । ਪੁਰਖ ਅਬਿਨਾਸ਼ੀ ਬਣ ਵੈਰਾਗਣ, ਆਪੇ ਵੇਖਣ ਆਇਆ । ਗੁਰਮੁਖ ਵਿਰਲੇ ਸੰਤ ਜਾਗਣ, ਸ੍ਰਿਸ਼ਟ ਸਬਾਈ ਰਿਹਾ ਸਵਾਇਆ । ਨਾ ਕੋਈ ਦਿਸੇ ਨਾਲ ਲਾਗਣ, ਨਾ ਕੋਈ ਰੱਖਿਆ ਰਹੀ ਕਰਾਇਆ । ਨਾ ਕੋਈ ਪੱਲੇ ਬੱਧਾ ਦਾਜਨ, ਨਾ ਕੋਈ ਭਾਰ ਉਠਾਇਆ । ਦੇਸ ਮਾਝ ਮਾਰੇ ਵਾਜਣ, ਅੰਕ ਸਹੇਲੜੀਆਂ ਲਏ ਜਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਣ ਕਰ ਪਿਆਰ, ਸਾਚਾ ਸਗਨ ਮਨਾਇਆ । ਉਠ ਸਵਾਣੀ ਜਗਤ ਅਨਭੋਲ, ਹਰਿ ਸਤਿਗੁਰ ਆਪ ਉਠਾਇੰਦਾ । ਕਲਜੁਗ ਲੈਣ ਆਇਆ ਤੈਨੂੰ ਤੇਰਾ ਤੇਰੇ ਕੋਲ, ਤੇਰਾ ਅੰਗ ਰਖਾਇੰਦਾ । ਤ੍ਰਿਲੋਕੀ ਆਪੇ ਰਿਹਾ ਫੋਲ, ਆਪ ਆਪਣਾ ਪੜਦਾ ਲਾਹਿੰਦਾ । ਤੇਰੇ ਮੰਦਰ ਵਜਾਏ ਢੋਲ, ਸੋਹੰ ਡੱਗਾ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਚੇ ਆਪ ਸੁਣਾਇੰਦਾ । ਗੁਰਸਿਖ ਨਾਰੀ ਲੈ ਅੰਗੜਾਈ, ਰੋ ਰੋ ਨੀਰ ਵਹਾਇਆ । ਇਕੀ ਸਿਖ ਰਹੇ ਕੁਰਲਾਈ, ਚਰਨ ਧਿਆਨ ਲਗਾਇਆ । ਕਲਜੁਗ ਅਗਨੀ ਇਕ ਤਪਾਈ, ਪੰਜ ਤੱਤ ਲੰਬੂ ਲਾਇਆ । ਠੰਡਾ ਠਾਰ ਨਾ ਕੋਇ ਕਰਾਈ, ਧੀਰਜ ਧੀਰ ਨਾ ਕੋਇ ਧਰਾਇਆ । ਮਾਇਆ ਮਮਤਾ ਮੋਹ ਰਹੇ ਸਤਾਈ, ਕਾਮ ਕਰੋਧ ਹਲਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਦੇਵੇ ਸਾਚਾ ਵਰ, ਏਕਾ ਸ਼ਬਦ ਸੁਣਾਇਆ । ਏਕਾ ਸ਼ਬਦ ਹਰਿ ਜਣਾ, ਆਪਣੀ ਦਇਆ ਕਮਾਇੰਦਾ । ਤੇਰੀ ਪਿਆਸ ਦਏ ਬੁਝਾ, ਤੇਰੀ ਤ੍ਰਿਖਾ ਮਿਟਾਇੰਦਾ । ਤੇਰਾ ਰੰਗ ਦਏ ਵਖਾ, ਤੇਰੇ ਰੰਗ ਰੰਗਾਇੰਦਾ । ਤੇਰਾ ਸੰਗ ਦਏ ਨਿਭਾ, ਸਗਲਾ ਸੰਗ ਤਜਾਇੰਦਾ । ਤੇਰੇ ਬਸਤਰ ਤਨ ਦਏ ਸਜਾ, ਲੱਖ ਚੁਰਾਸੀ ਖ਼ਾਕ ਰੁਲਾਇੰਦਾ । ਤੇਰੀ ਅਲਫ਼ੀ ਤੇਰੇ ਗਲ ਦਏ ਪਾ, ਏਕਾ ਚੋਲੀ ਰੰਗ ਰੰਗਾਇੰਦਾ । ਤੇਰਾ ਹਲਫ਼ ਆਪ ਰਿਹਾ ਉਠਾ, ਆਪ ਆਪਣੀ ਬਣਤ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਨਾਰੀ ਬੁਝਾਏ ਪਿਆਸ, ਆਪੇ ਹੋਏ ਦਾਸੀ ਦਾਸ, ਸੇਵਕ ਸੇਵਾ ਆਪ ਕਮਾਇੰਦਾ । ਗੁਰਸਿਖ ਤੇਰੀ ਪਿਆਸ ਬੁਝੌਣੀ, ਹਰਿ ਸਾਚੇ ਰਚਨ ਰਚਾਈਆ । ਵੀਹ ਸਦ ਪੰਦਰਾਂ ਖੇਲ ਖਲੌਣੀ, ਗੁਰਮੁਖਾਂ ਦਏ ਵਡਿਆਈਆ । ਨਿਰਗੁਣ ਜੋਤ ਇਕ ਜਗੌਣੀ, ਸਚਖੰਡ ਵੱਜੇ ਵਧਾਈਆ । ਬ੍ਰਹਮ ਪੁਰੀ ਹਰਿ ਖੇਲ ਖਿਲੌਣੀ, ਸ਼ਿਵ ਪੁਰ ਰਚਨ ਰਚਾਈਆ । ਕਰੋੜ ਤੇਤੀਸ ਇਕ ਸੁਣੌਣੀ, ਸੁਰਪਤ ਰਾਜਾ ਇੰਦ ਜਗਾਈਆ । ਚੌਦਾਂ ਲੋਕ ਚੋਗ ਚੁਗੌਣੀ, ਆਪਣੇ ਹੱਥ ਰੱਖੇ ਵਡਿਆਈਆ । ਨੌ ਖੰਡ ਰਚਨ ਰਚੌਣੀ, ਆਪ ਆਪਣੀ ਕਰੇ ਕਿਰਤ ਕਮਾਈਆ । ਸੱਤਾਂ ਦੀਪਾਂ ਏਕਾ ਧਾਰ ਬਨ੍ਹੌਣੀ, ਏਕਾ ਸ਼ਬਦ ਕਰੇ ਕੁੜਮਾਈਆ । ਦੋ ਸੱਤ ਛੇ ਏਕਾ ਤੰਦ ਬੰਧੌਣੀ, ਵੀਹ ਸਦ ਪੰਦਰਾਂ ਵਡ ਵਡਿਆਈਆ । ਇਕੀ ਸਿਖਾਂ ਹਰਿ ਸਾਚੀ ਜੰਞ ਚੜ੍ਹੌਣੀ, ਸਾਚਾ ਸਗਨ ਮਨਾਈਆ । ਅਠ ਸਠ ਤੀਰਥ ਫੇਰੀ ਪੌਣੀ, ਅਠਸਠ ਦਿਵਸ ਕਰੇ ਕੁੜਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਅਠਸਠ ਤੀਰਥ ਫੇਰਾ ਪਾਇਆ, ਅਠਸਠ ਖੇਲ ਖਿਲਾਇੰਦਾ । ਮੰਦਰ ਮੱਠ ਵੇਖ ਵਖਾਇਆ, ਗੁਰੂਦਵਾਰੇ ਸੰਗ ਰਲਾਇੰਦਾ । ਪਿਛਲਾ ਲੇਖਾ ਆਪਣੀ ਝੋਲੀ ਪਾਇਆ, ਲਹਿਣਾ ਮੂਲ ਨਾ ਕੋਈ ਵਖਾਇੰਦਾ । ਗੰਗਾ ਜਮਨਾ ਸੁਰਸਤੀ ਚਰਨਾਂ ਵਿਚ ਰਖਾਇਆ, ਆਪੇ ਆਪਣੀ ਸੇਵਾ ਲਾਇੰਦਾ । ਰਵਦਾਸ ਚੁਮਾਰਾ ਇਕ ਉਠਾਇਆ, ਸੱਜਾ ਹੱਥ

੧੪੩

ਉਠਾਇੰਦਾ । ਤਿੰਨਾਂ ਗਾਨਾ ਆਪ ਬੰਨਾਇਆ, ਆਪਣਾ ਬੰਧਨ ਪਾਇੰਦਾ । ਗੁਰਮੁਖ ਵਿਚੋਲਾ ਇਕ ਰਖਾਇਆ, ਦੋ ਜਹਾਨਾਂ ਫੇਰੀ ਪਾਇੰਦਾ । ਉਚੇ ਘਾਟ ਸੋਹਲਾ ਗਾਇਆ, ਸੋਹੰ ਸ਼ਬਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਗਤ ਨੀਰ ਜਗਤ ਸੀਰ ਆਪੇ ਖਿਚ ਵਖਾਇੰਦਾ । ਰਵਦਾਸ ਖਿਚੀ ਡੋਰ, ਗੁਰਮੁਖ ਵਡ ਵਡਿਆਈਆ । ਗੰਗਾ ਸੁਰਸਤੀ ਜਮਨਾ ਤਿੰਨੇ ਅੱਗੇ ਲਈਆਂ ਤੋਰ, ਪ੍ਰਭ ਚਰਨ ਦਵਾਰ ਬਹਾਈਆ । ਰੋ ਰੋ ਨੇਤਰ ਪਾਇਣ ਸ਼ੋਰ, ਦਿਨ ਦਿਹਾੜੇ ਰਹੀ ਕੁਰਲਾਈਆ । ਇਕੀ ਸਿਖਾਂ ਵਖਾਇਆ ਆਪਣਾ ਜ਼ੋਰ, ਆਪਣੇ ਅੰਗ ਰਹੇ ਹਲਾਈਆ । ਚੌਥੇ ਜੁਗ ਜਗਤ ਰਾਣੀ ਫੜ ਬਾਂਹੋਂ ਅੱਗੇ ਲਾਈ ਤੋਰ, ਨਾ ਸਕੇ ਕੋਇ ਛੁਡਾਈਆ । ਪੁਰਖ ਅਬਿਨਾਸ਼ੀ ਚੜ੍ਹਿਆ ਸਾਚੇ ਘੋੜ, ਵਾਗ ਸਿਖਾਂ ਹੱਥ ਫੜਾਈਆ । ਨੌਂ ਖੰਡ ਪ੍ਰਿਥਮੀ ਰਿਹਾ ਹੋੜ, ਏਕਾ ਘੋੜਾ ਆਪ ਦੌੜਾਈਆ । ਬਿਨ ਹਰਿ ਲੱਗੀ ਨਾ ਨਿਭੇ ਕਿਸੇ ਤੋੜ, ਕਲਜੁਗ ਨਾਤਾ ਦਏ ਤੁੜਾਈਆ । ਜੂਠ ਝੂਠ ਆਪੇ ਦੇਵੇ ਰੋੜ੍ਹ, ਗੁਰਮੁਖ ਰਹੇ ਧੱਕਾ ਲਾਈਆ । ਇਕੀ ਸਿਖਾਂ ਫੜੇ ਅਠਸਠ ਚੋਰ, ਤਿੰਨ ਤਿੰਨ ਇਕ ਇਕ ਹੱਥ ਫੜਾਈਆ । ਪੰਜਾਂ ਆਪੇ ਰਿਹਾ ਮਰੋੜ, ਏਕਾ ਵਟਣਾ ਆਪਣੇ ਹੱਥੀਂ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੀਹ ਸਦ ਪੰਦਰਾਂ ਖੇਲ ਕਰ, ਖੇਲਣਹਾਰ ਭੇਵ ਨਾ ਆਈਆ । ਜਮਨਾ ਸੁਰਸਤੀ ਇਕ ਦਵਾਰਾ, ਏਕਾ ਦਰ ਸੁਹਾਇਆ । ਧੁਰਦਰਗਾਹੀ ਸਾਚਾ ਲਾੜਾ, ਆਪੇ ਲੈ ਕੇ ਆਇਆ । ਇਕੀ ਸਿਖਾਂ ਲਾ ਅਖਾੜਾ, ਸੋਹੰ ਮੰਗਲ ਗਾਇਆ । ਸਗਨ ਮਨਾਏ ਰਵਦਾਸ ਚੁਮਾਰਾ, ਗੁਰਮੁਖ ਵਡ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਸਗਨ ਮਨਾਇਆ । ਸਾਚਾ ਹੁਕਮ ਹਰਿ ਨਿਰੰਕਾਰ, ਤਿੰਨਾਂ ਰਿਹਾ ਸੁਣਾਈਆ । ਗੰਗਾ ਆਪਣੀ
੧੪੪ ਕੱਢ ਧਾਰ, ਰੱਤੀ ਰੱਤ ਰਹਿਣ ਨਾ ਪਾਈਆ । ਸੁਰਸਤੀ ਅੰਦਰੋਂ ਔਣਾ ਬਾਹਰ, ਤੇਰਾ ਪੜਦਾ ਦਏ ਚੁਕਾਈਆ । ਜਮਨਾ ਖਿਲੌਣਾ ਅਧਵਿਚਕਾਰ, ਹੱਥ ਕਟੋਰਾ ੧੪੪
ਇਕ ਵਖਾਈਆ । ਤਿੰਨਾਂ ਪਿਆਲਾ ਭਰ ਭੰਡਾਰ, ਆਪਣੀ ਮੰਗ ਮੰਗਾਈਆ । ਕਲਜੁਗ ਲਹਿਣਾ ਉਤਰਿਆ ਪਾਰ, ਆਪਣੇ ਹੱਥ ਰੱਖੀ ਵਡਿਆਈਆ । ਗੁਰਸਿਖ ਨਾਰ ਰਹੀ ਪੁਕਾਰ, ਦਿਵਸ ਰੈਣ ਬਿਲਲਾਈਆ । ਜਗਤ ਤ੍ਰਿਸਨਾ ਕਰੇ ਖੁਵਾਰ, ਨਾ ਸਕੇ ਕੋਈ ਬੁਝਾਈਆ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਗੰਗਾ ਜਮਨਾ ਸੁਰਸਤੀ ਖਿਚੇ ਪਿਆਰ, ਗੁਰਮੁਖ ਤੇਰੇ ਆਤਮ ਅੰਤਰ ਏਕਾ ਰਸ ਚੁਆਈਆ । ਗੰਗਾ ਸੁਰਸਤੀ ਜਮਨਾ ਧਾਰ, ਗੁਰਸਿਖ ਤੇਰੇ ਹਿਰਦੇ ਆਪ ਟਿਕਾਈਆ । ਲੱਖ ਚੁਰਾਸੀ ਹੋਏ ਖੁਵਾਰ, ਸਾਚਾ ਸੀਰ ਨਾ ਕੋਇ ਪਿਆਈਆ । ਕਰਨੀ ਕਰਤਾ ਕਰੇ ਵਿਚਾਰ, ਪੂਰਬ ਲਹਿਣਾ ਰਿਹਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੋਦਾਵਰੀ ਚਰਨਾਂ ਹੇਠ ਦਬਾਈਆ । ਗੋਦਾਵਰੀ ਤੇਰਾ ਸਚ ਮਲਾਹ, ਹਰਿ ਸਾਚਾ ਆਪ ਅਖਵਾਇਆ । ਗੁਰਮੁਖਾਂ ਪਿਆਇਆ ਏਕਾ ਜਾਮ ਬੇਪਰਵਾਹ, ਤੇਰਾ ਰੂਪ ਵਟਾਇਆ । ਤੇਰਾ ਲਹਿਣਾ ਦਿਤਾ ਚੁਕਾ, ਗੁਰਮੁਖਾਂ ਝੋਲੀ ਪਾਇਆ । ਅੰਤਮ ਕੰਢਾ ਵੇਖਿਆ ਆ, ਹਰੀ ਦਵਾਰ ਚਰਨ ਛੁਹਾਇਆ । ਹਰਿ ਦਵਾਰ ਹਰਿ ਜੋਤ ਜਗਾ, ਸਾਚੀ ਸੰਗਤ ਲਏ ਤਰਾਇਆ । ਅੱਧਾ ਚਰਨ ਵਿਚ ਟਿਕਾ, ਅੱਧਾ ਬਾਹਰ ਰਖਾਇਆ । ਰਵਦਾਸ ਚੁਮਾਰਾ ਨੇਤਰ ਨੈਣ ਦਏ ਵਖਾ, ਜਗਤ ਕਸੀਰਾ ਤੰਦ ਬੰਧਾਇਆ । ਮਾਂਵਾਂ ਪੁੱਤਰਾਂ ਮੇਲ ਮਿਲਾ, ਲਹਿਣਾ ਦਏ ਮੁਕਾਇਆ । ਬਸਤਰ ਗਹਿਣਾ ਤਨ ਛੁਹਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭਗਤੀ ਭਗਤ ਦਏ ਵਡਿਆਇਆ । ਇਕ ਕਸੀਰਾ ਕੰਗਣ ਗਹਿਣਾ, ਰਵਦਾਸੇ ਵੰਡ ਵੰਡਾਈਆ । ਕਲਜੁਗ ਅੰਤਮ ਵੇਖੇ ਨੈਣਾਂ, ਵਡ ਦਾਤਾ ਬੇਪਰਵਾਹੀਆ । ਕਿਸੇ ਨਾ ਰੱਖੇ ਕੋਇ ਲਹਿਣਾ, ਦੇਵੇ ਹਰਿ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਰਵਦਾਸ ਚੁਮਾਰੇ ਮੇਲ ਮਿਲਾਈਆ । ਰਵਦਾਸ ਚੁਮਾਰ ਗੰਗਾ ਨਾਤਾ, ਹਰਿ ਹਰਿ ਜੋੜ ਜੁੜਾਇਆ । ਚਾਰ ਵਰਨਾਂ ਏਕਾ

ਜ਼ਾਤਾ, ਏਕਾ ਰੂਪ ਸਮਾਇਆ । ਏਕਾ ਸੇਜਾ ਏਕਾ ਖਾਟਾ, ਏਕਾ ਆਸਣ ਰਹੀ ਵਛਾਇਆ । ਏਕਾ ਅੰਮ੍ਰਿਤ ਏਕਾ ਬਾਟਾ, ਏਕਾ ਰਹੀ ਪਿਆਇਆ । ਏਕਾ ਤੀਰਥ ਏਕਾ ਤਾਟਾ, ਇਕ ਕਿਨਾਰਾ ਆਪ ਉਪਾਇਆ । ਏਕਾ ਵੇਖੇ ਅਠਸਾਠਾ, ਆਪ ਆਪਣਾ ਚਰਨ ਛੁਹਾਇਆ । ਆਪੇ ਲੋਕਮਾਤ ਖੋਲ੍ਹੇ ਹਾਟਾ, ਆਪੇ ਮੇਟ ਮਿਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਧਾਰ ਆਪ ਚਲਾਇਆ । ਗੰਗਾ ਤੇਰਾ ਖਿਚਿਆ ਸੀਰ, ਨੀਰ ਰਹਿਣ ਨਾ ਪਾਈਆ । ਸ਼ਬਦ ਨਿਰਾਲਾ ਵੱਜਾ ਤੀਰ, ਤੁਰੀਆ ਧੀਰ ਨਾ ਕੋਇ ਧਰਾਈਆ । ਗੁਰਮੁਖ ਤੇਰੀ ਬੰਨ੍ਹੇ ਬੀੜ, ਅਗਲਾ ਘਰ ਖੁਲ੍ਹਾਈਆ । ਬਵੰਜਾ ਸਾਲ ਪੰਜ ਤੱਤ ਅਖ਼ੀਰ, ਕਲਜੁਗ ਲੇਖੇ ਲਾਈਆ । ਪੰਦਰਾਂ ਸਾਲ ਚੋਟੀ ਚੜ੍ਹ ਅਖ਼ੀਰ, ਆਪਣਾ ਮੁਖ ਛੁਪਾਈਆ । ਇਕੀ ਸਿਖਾਂ ਬੰਨ੍ਹੇ ਬੀੜ, ਸਾਚੀ ਸਿਖਿਆ ਇਕ ਸਮਝਾਈਆ । ਅੰਮ੍ਰਿਤ ਲਿਆਂਦਾ ਠੰਡਾ ਨੀਰ, ਗੁਰਸਿਖਾਂ ਅੱਗ ਬੁਝਾਈਆ । ਸੰਮਤ ਸੋਲਾਂ ਔਣੀ ਭੀੜ, ਹਰਿ ਆਪਣਾ ਵੇਸ ਵਟਾਈਆ । ਪਹਿਲੀ ਚੇਤਰ ਤੋੜ ਜ਼ੰਜੀਰ, ਏਕਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵੀਹ ਸਦ ਸੋਲਾਂ ਖੇਲ ਖਿਲਾਈਆ । ਬਵੰਜਾ ਸਾਲ ਪੰਜ ਤੱਤ, ਕਾਇਆ ਤੱਤ ਹੰਢਾਇਆ । ਸੋਲਾਂ ਸਾਲ ਏਕਾ ਤੱਤ, ਗੁਰਮੁਖ ਸਾਜਣ ਆਪ ਬੰਧਾਇਆ । ਬਵੰਜਾ ਸੋਲਾਂ ਹੋਏ ਅਠਸਠ, ਅਠਸਠ ਪੰਧ ਮੁਕਾਇਆ । ਪੰਚਮ ਜੇਠ ਹੋਏ ਭੱਠ, ਸਾਚਾ ਸਤਿ ਨਾ ਕੋਇ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਵੀਹ ਸਦ ਸੋਲਾਂ ਆਪਣਾ ਚੋਲਾ ਆਪ ਬਦਲਾਇਆ । ਪੰਚਮ ਜੇਠੀ ਚੋਲਾ ਛੱਡ, ਨਿਰਗੁਣ ਜੋਤ ਜਗਾਇੰਦਾ । ਪੰਦਰਾਂ ਸਾਲ ਆਪਣੇ ਆਪੇ ਕੱਢ, ਆਪਣਾ ਪੜਦਾ ਆਪ
੧੪੫ ਰਖਾਇੰਦਾ । ਸਾਲ ਸੋਲਵੇਂ ਹੋਇਆ ਵੱਡਾ ਵਡ, ਵਡ ਵਡਿਆਈ ਆਪ ਉਪਜਾਇੰਦਾ । ਗੁਰਸਿਖ ਸਾਚੇ ਕਲਜੁਗ ਅਗਨੀ ਵਿਚੋਂ ਕੱਢ, ਆਪਣੀ ਗੋਦ ਉਠਾਇੰਦਾ । ੧੪੫
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਵੇਸ ਆਪ ਵਟਾਇੰਦਾ । ਹਰਿ ਜੀ ਹਰਿ ਵੇਸ ਵਟਾਇਆ, ਲੋਕਮਾਤ ਰੁਸ਼ਨਾਈਆ । ਆਪਣਾ ਸਿੰਘਾਸਣ ਆਪ ਤਜਾਇਆ, ਭੇਵ ਕੋਇ ਨਾ ਪਾਈਆ । ਸੰਮਤ ਚੌਦਾਂ ਬੀਸ ਸਦ ਪੰਚਮ ਜੇਠ ਮਨਾਇਆ, ਉਲਟਾ ਮੁਖ ਕਰਾਈਆ । ਵੀਹ ਸਦ ਪੰਦਰਾਂ ਪੰਚਮ ਜੇਠ ਹਰਿ ਸੰਗਤ ਸੰਗ ਰਲਾਇਆ, ਆਪਣਾ ਸਿੰਘਾਸਣ ਲਏ ਉਠਾਈਆ । ਘਰ ਬਾਰ ਆਪਣਾ ਦਏ ਤਜਾਇਆ, ਆਪਣੀ ਵਸਤ ਨਾ ਕੋਇ ਵਖਾਈਆ । ਸਾਲ ਪੰਦਰਾਂ ਵੀਹ ਸਦ ਗੁਰਸਿਖਾਂ ਸੇਵਾ ਰਿਹਾ ਕਮਾਇਆ, ਅਠਸਠ ਫੇਰੀ ਗਿਆ ਦੁਹਾਈਆ । ਵੀਹ ਸੌ ਸੋਲਾਂ ਪੰਚਮ ਜੇਠ ਦਿਵਸ ਸੁਹਾਇਆ, ਚਾਰ ਯੁਗ ਕੋਈ ਲੇਖਾ ਨਾ ਸਕੇ ਜਣਾਈਆ । ਪਹਿਲਾ ਤੱਤ ਆਪਣਾ ਪੰਜ ਭੇਟ ਚੜ੍ਹਾਇਆ, ਦੂਜੀ ਜੋਤ ਕਰੀ ਰੁਸ਼ਨਾਈਆ । ਤੀਜੇ ਲਹਿਣਾ ਦੇਣਾ ਜਗਤ ਚੁਕਾਇਆ, ਚੌਥੇ ਘਰ ਮੇਲਾ ਬੇਪਰਵਾਹੀਆ । ਪੰਚਮ ਮੀਤਾ ਨਜ਼ਰੀ ਆਇਆ, ਛੇਵਾਂ ਘਰ ਇਕ ਸਲਾਹੀਆ । ਸਤਿ ਸਤਿਵਾਦੀ ਖੇਲ ਖਿਲਾਇਆ, ਅਠਸਠ ਕਰੇ ਕੁੜਮਾਈਆ । ਨੌ ਦਰ ਨਾਤਾ ਦਏ ਤੁੜਾਇਆ, ਦਸਵਾਂ ਆਪ ਸੁਹਾਈਆ । ਇਕ ਗਿਆਰਾਂ ਡੰਡਾ ਆਪ ਚੜ੍ਹਾਇਆ, ਬਾਰਾਂ ਰਵ ਸਸ ਰਹੇ ਸ਼ਰਮਾਈਆ । ਤੇਰਾਂ ਤੇਰਾਂ ਤੋਲ ਤੁਲਾਇਆ, ਏਕਾ ਕੰਡਾ ਹੱਥ ਉਠਾਈਆ । ਚੌਦਾਂ ਚੌਦਾਂ ਭਾਰ ਉਠਾਇਆ, ਗੁਰਸਿਖ ਹੌਲੇ ਭਾਰ ਰਖਾਈਆ । ਪੰਦਰਾਂ ਅੰਦਰਾਂ ਡੂੰਘੀ ਕੰਦਰਾਂ ਵੇਖ ਵਖਾਇਆ, ਅੱਠਾਂ ਸੱਠਾਂ ਵੇਖ ਵਖਾਈਆ । ਸੰਮਤ ਸੋਲਾਂ ਰਾਹ ਤਕਾਇਆ, ਪ੍ਰਭ ਵੇਖੇ ਚਾਈਂ ਚਾਈਂਆ । ਵਡ ਸੁਭਾਗੀ ਪੰਚਮ ਜੇਠ ਆਇਆ, ਹਰਿ ਸੰਗਤ ਦਏ ਵਧਾਈਆ । ਉਹਲਾ ਪੜਦਾ ਨਾ ਕੋਇ ਰਖਾਇਆ, ਖ਼ਾਲੀ ਹੱਥ ਰਿਹਾ ਵਖਾਈਆ । ਧੁਰ ਦੀ ਵਸਤ ਹਰਿਸੰਗਤ ਤੇਰੀ ਝੋਲੀ ਪਾਇਆ, ਏਕਾ ਸੋਹੰ ਨਾਮ ਜਪਾਈਆ । ਜੋਗ ਅਭਿਆਸ ਨਾ ਕੋਇ ਕਰਾਇਆ, ਨਾ ਕੋਈ ਨੈਣ ਮੁੰਧਾਈਆ । ਤਨ ਅਸ਼ਨਾਨ ਨਾ ਕੋਈ ਵਖਾਇਆ, ਚਰਨ ਧੂੜ ਇਕ ਵਖਾਈਆ । ਅੰਮ੍ਰਿਤ ਸਾਚਾ ਜਾਮ ਪਿਆਇਆ, ਅਠਸਠ

ਵਰੋਲ ਧਰਾਈਆ । ਆਪਣਾ ਤਖ਼ਤ ਤਾਜ ਤਜਾਇਆ, ਨਾ ਕੋਈ ਘੋੜਾ ਬਾਜ ਉਡਾਇਆ, ਨਾ ਕੋਈ ਰਾਜਨ ਰਾਜ ਅਖਵਾਇਆ, ਗੋਬਿੰਦ ਗੋਬਿੰਦ ਗੋਬਿੰਦ ਗੁਰਸਿਖਾਂ ਅੱਗੇ ਸੀਸ ਝੁਕਾਈਆ । ਕਲਜੁਗ ਵੇਲਾ ਅੰਤਮ ਆਇਆ, ਨਾ ਦੀਸੇ ਕਿਸੇ ਕੋਇ ਸਹਾਇਆ, ਸ਼ਾਹ ਸੁਲਤਾਨ ਨਾ ਸਕੇ ਕੋਈ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਪੰਜਮ ਜੇਠ ਦਿਵਸ ਸੁਹਾਈਆ । ਪੰਚਮ ਜੇਠ ਨਾ ਕਰਨੀ ਨਾਂਹ, ਹਰਿ ਸਾਚਾ ਸਚ ਸੁਣਾਇੰਦਾ । ਹਰਿ ਸੰਗਤ ਹਰਿ ਤੇਰੀ ਫੜਨੀ ਬਾਂਹ, ਤੇਰਾ ਅੱਗਾ ਪਿੱਛਾ ਆਪਣਾ ਆਪ ਰਖਾਇੰਦਾ । ਗੁਰਮੁਖ ਤੇਰੀ ਸਾਚੀ ਥਾਂ, ਸਚਖੰਡ ਦਵਾਰਾ ਇਕ ਵਖਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਆਪਣਾ ਵੇਸ ਆਪ ਵਟਾ, ਗੁਰਸਿਖਾਂ ਅੱਗੇ ਸੀਸ ਝੁਕਾਇੰਦਾ । ਆਪਣਾ ਸੀਸ ਹਰਿ ਜਗਦੀਸ ਆਪਣੀ ਹੱਥੀਂ ਲਾ, ਗੁਰ ਸੰਗਤ ਤੇਰੇ ਚਰਨਾਂ ਵਿਚ ਰਖਾਇੰਦਾ । ਸੰਮਤ ਸੋਲਾਂ ਕਰੇ ਸਚ ਨਿਆਂ, ਪਿਛਲਾ ਲਹਿਣਾ ਕੋਇ ਰਹਿਣ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਪੰਚਮ ਜੇਠ ਰੁੱਤ ਸੁਹਾਇੰਦਾ । ਧੰਨ ਭਾਗ ਪੰਚਮ ਜੇਠ, ਲੋਕਮਾਤ ਭਿੰਨੜੀ ਰੈਣ ਸੁਹਾਈਆ । ਸਤਿਗੁਰ ਪੂਰਾ ਹਰਿ ਸੰਗਤ ਤੇਰੀ ਆਇਆ ਸਾਇਆ ਹੇਠ, ਤੇਰਾ ਹੱਥ ਆਪਣੇ ਸਿਰ ਟਿਕਾਈਆ । ਲੱਖ ਚੁਰਾਸੀ ਰੁੱਲੇ ਵਡ ਵਡ ਸੇਠ, ਕਿਸੇ ਅੰਨ ਹੱਥ ਨਾ ਆਈਆ । ਪ੍ਰਭ ਭੰਨਣਹਾਰਾ ਕੌੜੇ ਰੇਠ, ਜੂਠਾ ਝੂਠਾ ਭਾਂਡਾ ਕੋਇ ਰਹਿਣ ਨਾ ਪਾਈਆ । ਆਪੇ ਜਾਣੇ ਆਪਣਾ ਅਗੇਤ ਪਛੇਤ, ਆਪੇ ਆਪਣੀ ਖੇਲ ਖਿਲਾਈਆ । ਆਪ ਤਪਾਏ ਬਾਲੂ ਰੇਤ, ਜਲ ਧਾਰਾ ਆਪ ਧਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਦੇਵਣਹਾਰਾ ਸਾਚਾ ਵਰ, ਰਵਦਾਸ ਚੁਮਾਰਾ ਇਕ ਵਡਿਆਈਆ । ਰਵਦਾਸ ਚੁਮਾਰ ਗੁਰਮੁਖ ਪਛਾਣ, ਜਨਮੀ ਜਨਮ ਦਵਾਇਆ । ਲੋਕਮਾਤ ਮਿਲੇ ਸਾਚਾ ਮਾਣ, ਦਰਗਾਹ ਸਾਚਾ ਥਾਨ ਸੁਹਾਇਆ । ਸਚ ਭੂਮਕਾ ਸਚ ਅਸਥਾਨ, ਹਰਿ ਸਾਚੇ ਚਰਨ ਛੁਹਾਇਆ । ਸਤਿਜੁਗ ਤੇਰਾ ਸਚ ਮਕਾਨ, ਸਤਿ ਸਤਿਵਾਦੀ ਦਏ ਉਪਾਇਆ । ਸੱਤ ਰੰਗ ਚੜ੍ਹੇ ਇਕ ਨਿਸ਼ਾਨ, ਗੁਰਮੁਖਾਂ ਵਡ ਵਡਿਆਇਆ । ਗੁਰਮੁਖ ਤੇਰੀ ਚਲਦੀ ਰਹੇ ਦੁਕਾਨ, ਨਾਮ ਸਾਚੇ ਹੱਟ ਵਿਕਾਇਆ । ਹਰਿ ਜੀ ਦਿਤੀ ਧੁਰਦੀ ਖਾਣ, ਤੋਟ ਰਹੇ ਨਾ ਰਾਇਆ । ਬੈਠਾ ਰਹੇ ਇਕ ਬਬਾਣ, ਏਕਾ ਰਿਹਾ ਉਡਾਇਆ । ਸੱਜਣ ਮਿਲਿਆ ਸ਼ਾਹ ਸੁਲਤਾਨ, ਘਰ ਸਾਚੇ ਮੇਲ ਮਿਲਾਇਆ । ਸਤਿਗੁਰ ਪੂਰਾ ਹਰਿ ਪਰਧਾਨ, ਭਰਮ ਗੜ੍ਹ ਦਏ ਤੁੜਾਇਆ । ਗੁਰਮੁਖ ਦੇਵੇ ਚਰਨ ਧਿਆਨ, ਸਚ ਦਵਾਰੇ ਆਪ ਚੜ੍ਹਾਇਆ । ਸਿੰਘ ਭਗਵਾਨ ਸੁਣਨਾ ਲਾ ਕਰ ਕਾਨ, ਸੰਮਤ ਸੋਲਾਂ ਗੁਰਮੁਖਾਂ ਰਿਹਾ ਤਰਾਇਆ । ਪੂਜਾ ਪਾਠ ਨਾ ਕੋਈ ਦੇਵੇ ਗਿਆਨ, ਕਰ ਕਿਰਪਾ ਮੇਲ ਮਿਲਾਇਆ । ਸਾਧ ਸੰਤ ਜੀਵ ਜੰਤ ਕਲਜੁਗ ਅੰਤ ਸਰਬ ਪਛਤਾਨ, ਨਿਰਗੁਣ ਰੂਪ ਦਿਸ ਨਾ ਆਇਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪ ਬਣਾਈ ਆਪਣੀ ਬਣਤ, ਵੇਦ ਪੁਰਾਨ ਨਾ ਕਿਸੇ ਗਾਇਆ । ਗੁਰਮੁਖ ਦਵਾਰਾ ਧੰਨ ਧੰਨ, ਧੰਨ ਹਰਿ ਨਾਮਾ ਪਾਇਆ । ਹਰਿਜਨ ਚੜ੍ਹਿਆ ਸਾਚਾ ਚੰਨ, ਗੁਰ ਪੂਰੇ ਆਪ ਪਰਗਟਾਇਆ । ਇਕੀ ਸਿਖਾਂ ਬੇੜਾ ਆਪੇ ਬੰਨ, ਤੀਰਥ ਤੱਟਾਂ ਆਪ ਫਿਰਾਇਆ । ਲਿਖਾਰੀ ਲੇਖਾ ਜਨਨੀ ਜਨ, ਧੰਨ ਧੰਨ ਜਣੇਂਦੀ ਮਾਇਆ । ਭਾਂਡਾ ਭਰਮ ਕਲਜੁਗ ਭੰਨ, ਮਾਇਆ ਮਮਤਾ ਮੋਹ ਤਜਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸੰਮਤ ਸੋਲਾਂ ਬਦਲਿਆ ਚੋਲਾ, ਸਚ ਸਿੰਘਾਸਣ ਪੁਰਖ ਅਬਿਨਾਸ਼ਨ ਆਪਣਾ ਤਜ, ਹਰਿਜਨ ਸੇਜਾ ਚੜ੍ਹਿਆ ਭੱਜ, ਸਾਚਾ ਮੰਦਰ ਇਕ ਸੁਹਾਇਆ । ਹਰਿ ਸੰਗਤ ਤੇਰੀ ਸਚ ਅਟਾਰੀ, ਹਰਿ ਸਾਚੇ ਆਪ ਉਪਾਈਆ । ਆਪ ਜਗਾਏ ਜੋਤ ਨਿਰੰਕਾਰੀ, ਦੀਵਾ ਬੱਤੀ ਨਾ ਕੋਇ ਰਖਾਈਆ । ਮਿਟੇ ਰੈਣ ਅੰਧ ਅੰਧਿਆਰੀ, ਨੂਰੋ ਨੂਰ ਕਰੇ ਰੁਸ਼ਨਾਈਆ । ਹੋਈ ਸੁਭਾਗਣ ਸੋਭਾਵੰਤੀ ਨਾਰੀ, ਘਰ ਮਿਲਿਆ ਸਾਚਾ ਮਾਹੀਆ । ਚਰਨ ਕਵਲ ਕਵਲ ਚਰਨ

ਜਾਏ ਬਲਹਾਰੀ, ਨਿਉਂ ਨਿਉਂ ਸੀਸ ਝੁਕਾਈਆ । ਲੇਖੇ ਲਾਏ ਕੇਸ ਸੀਸ ਜਗਦੀਸ ਦਾੜ੍ਹੀ, ਜੋ ਆਏ ਚਲ ਸਰਨਾਈਆ । ਮੂੰਡ ਮੁੰਡਾਏ ਜਾਏ ਤਾਰੀ, ਹਿੰਦੂ ਮੁਸਲਮ ਸਿਖ ਨਾ ਕੋਇ ਜਣਾਈਆ । ਧੰਨ ਸਤਿਗੁਰ ਧੰਨ ਗੁਰ ਧੰਨ ਗੁਰਮੁਖ ਧੰਨ ਗੁਰਸਿਖ ਜੋ ਰਸਨਾ ਰਹੇ ਉਚਾਰੀ, ਏਕਾ ਏਕ ਏਕ ਲਿਵ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸੰਮਤ ਚੌਦਾਂ ਖੇਲ ਕਰ, ਸੰਮਤ ਪੰਦਰਾਂ ਅੰਦਰ ਵੜ, ਸੰਮਤ ਸੋਲਾਂ ਰੂਪ ਵਟਾਈਆ । ਦਾਤਾ ਦੇਵਣਹਾਰ ਭੰਡਾਰ, ਸੰਮਤ ਸੋਲਾਂ ਵਡ ਵਡਿਆਇੰਦਾ । ਫੜ ਫੜ ਬਾਹੋਂ ਰਿਹਾ ਤਾਰ, ਪਤਤ ਪਾਪੀ ਆਪ ਤਰਾਇੰਦਾ । ਕੋਈ ਨਾ ਡੁੱਬੇ ਅਧਵਿਚਕਾਰ, ਜੋ ਜਨ ਦਰਸ਼ਨ ਪਾਇੰਦਾ । ਲੱਖ ਚੁਰਾਸੀ ਗੇੜ ਨਵਾਰ, ਆਪਣਾ ਲੜ ਫੜਾਇੰਦਾ । ਗੁਰਸਿਖ ਚਾਰੋਂ ਕੁੰਟ ਕਹਿਣਾ ਲਲਕਾਰ ਲਲਕਾਰ ਲਲਕਾਰ, ਕਲ ਕਲਕੀ ਵਾਲਾ ਆਇੰਦਾ । ਨਿਹਕਲੰਕ ਲੈ ਅਵਤਾਰ, ਡੁੱਬਦੇ ਪੱਥਰ ਪਾਰ ਕਰਾਇੰਦਾ । ਆਪਣਾ ਆਪ ਸਿਖਾਂ ਉਤੋਂ ਵਾਰ, ਸੀਸ ਜਗਦੀਸ ਭੇਟ ਚੜ੍ਹਾਇੰਦਾ । ਆਪਣੀ ਜੋਤ ਗੁਰਸਿਖਾਂ ਅੰਦਰ ਵਾੜ, ਆਪਣਾ ਘਰ ਸੁਹਾਇੰਦਾ । ਗੁਰਸਿਖਾਂ ਕੱਟੇ ਅਗਨੀ ਤੱਤੀ ਹਾੜ, ਆਪਣਾ ਤਨ ਜਲਾਇੰਦਾ । ਹਰਿ ਸੰਗਤ ਦਰਗਾਹ ਸਾਚੀ ਦੇਵੇ ਵਾੜ, ਦੂਸਰ ਸੰਗ ਨਾ ਕੋਇ ਰਖਾਇੰਦਾ । ਗੁਰਸਿਖਾਂ ਕੋਲੋਂ ਮੰਗਣ ਮੰਗ ਬਣ ਭਿਖਾਰ, ਬ੍ਰਹਮਾ ਵਿਸ਼ਨ ਸ਼ਿਵ ਰਾਹ ਵਿਚ ਬੈਠੇ ਖ਼ਾਲੀ ਝੋਲੀ ਸਰਬ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੋਬਿੰਦ ਨਾਉਂ ਰਖਾਇੰਦਾ । ਗੋਬਿੰਦ ਗੁਰ ਸਤਿਗੁਰ ਪੂਰਾ, ਧੁਰ ਜ਼ਾਮਨ ਆਪ ਅਖਵਾਇਆ । ਨਾਤਾ ਤੋੜੇ ਕੂੜੇ ਕੂੜਾ, ਸਾਚਾ ਰੰਗ ਚੜ੍ਹਾਇਆ । ਚਤੁਰ ਸੁਘੜ ਬਣਾਏ ਸਿੰਘ ਗਿਰਧਾਰਾ ਮੂੜਾ, ਕੋਟਨ ਕੋਟ ਗਿਆਨੀ
 ਧਿਆਨੀ ਅਸਨਾਨੀ ਤੁਲ ਨਾ ਕੋਇ ਤੁਲਾਇਆ । ਸਤਿਜੁਗ ਤੇਰੀ ਵਖਾਏ ਨਿਸ਼ਾਨੀ, ਪੰਚਮ ਸੀਸ ਤਾਜ ਟਿਕਾਇਆ । ਇਕੀ ਸਿਖਾਂ ਮਾਰੇ ਕਾਨੀ, ਆਰ ਪਾਰ ੧੪੭
ਆਪ ਵਖਾਇਆ । ਹੋਏ ਦਾਤਾ ਗੁਣ ਨਿਧਾਨੀ, ਗੁਣ ਦੇਂਦਾ ਦਿਸ ਨਾ ਆਇਆ । ਹਰਿ ਕਾ ਦਿਸੇ ਨਾ ਕੋਇ ਸਾਨੀ, ਨਾ ਕੋਇ ਦੂਸਰ ਰੂਪ ਵਟਾਇਆ । ਗੁਰ ਪੀਰ ਅਵਤਾਰ ਸਾਧ ਸੰਤ ਲੱਖ ਚੁਰਾਸੀ ਪੰਜ ਤੱਤ ਦਿਸੇ ਖ਼ਾਲੀ, ਥਿਰ ਕੋਇ ਰਹਿਣ ਨਾ ਪਾਇਆ । ਅਕਾਲ ਮੂਰਤ ਜੋਤ ਨੂਰਾਨੀ, ਨਾ ਮਰੇ ਨਾ ਜਾਇਆ । ਆਪੇ ਆਏ ਆਪਣੇ ਵਿਚ ਮੈਦਾਨੀ, ਆਪੇ ਬੈਠਾ ਮੁਖ ਭਵਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖਾਂ ਹੱਥੀਂ ਬੱਧੇ ਸਾਚੇ ਗਾਨੀ, ਛੱਬੀ ਪੋਹ ਦਿਵਸ ਸੁਹਾਇਆ । ਅਠਸਠ ਤੀਰਥ ਹਰਿ ਹਰਿ ਚਿਤ, ਗੁਰਸਿਖਾਂ ਕਰੀ ਲੜਾਈਆ । ਛੱਬੀ ਪੋਹ ਵਖਾਈ ਸਾਚੀ ਥਿਤ, ਸਾਚੀ ਖ਼ੁਸ਼ੀ ਮਨਾਈਆ । ਦੀਨ ਦਿਆਲ ਹਰਿ ਕਿਰਪਾਲ ਸਤਿਗੁਰ ਪੂਰਾ ਕਰੇ ਸਾਚਾ ਹਿਤ, ਸਾਚਾ ਸਗਨ ਮਨਾਈਆ । ਖੇਲੇ ਖੇਲ ਨਿਤ ਨਵਿਤ, ਜੁਗ ਜੁਗ ਵੱਡੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਸਿਖ ਤੇਰੇ ਤੰਦਨ ਹੱਥ ਬੰਧਾਈਆ । ਏਕਾ ਤੰਦਨ ਬੰਧਿਆ ਤੰਦ, ਹਰਿ ਸਾਚੇ ਸਗਨ ਮਨਾਇਆ । ਲੱਖ ਚੁਰਾਸੀ ਤੁਟਿਆ ਫੰਦ, ਗੁਰ ਚਰਨਾਂ ਜੋੜ ਜੁੜਾਇਆ । ਲੇਖਾ ਚੁਕਿਆ ਗੌਣਾ ਬੱਤੀ ਦੰਦ, ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਰਸਨਾ ਗਾਇਆ । ਏਥੇ ਓਥੇ ਦੋ ਜਹਾਨਾਂ ਆਪ ਮੁਕਾਏ ਪੰਧ, ਦੂਰ ਦੁਰਾਡਾ ਨੇੜੇ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਪੰਚਮ ਜੇਠ ਵੀਹ ਸਦ ਸੋਲਾਂ ਆਪੇ ਹੋਏ ਬਖ਼ਸ਼ੰਦ, ਬਖ਼ਸ਼ਣਹਾਰਾ ਦਇਆ ਕਮਾਇਆ ।

ਪਿਛਲੀ ਬਖ਼ਸ਼ੇ ਕੀਤੀ ਭੁੱਲ, ਹਰਿ ਸੰਗਤ ਦਇਆ ਕਮਾਇੰਦਾ । ਸਤਿਗੁਰ ਪੂਰਾ ਪਾਏ ਮੁੱਲ, ਕੀਮਤ ਕਰਤਾ ਆਪ ਚੁਕਾਇੰਦਾ । ਸਤਾਰਾਂ ਹਾੜ ਸਚ ਦਰਵਾਜ਼ਾ

ਏਕਾ ਜਾਣਾ ਖੁਲ੍ਹ, ਕੂੜਾ ਨਾਤਾ ਤੋੜ ਤੁੜਾਇੰਦਾ । ਗੁਰਸਿਖ ਨਾ ਜਾਣਾ ਭੁਲ, ਦੇ ਮਤ ਆਪ ਸਮਝਾਇੰਦਾ । ਤੋਲਣ ਆਇਆ ਪੂਰਾ ਤੋਲ, ਏਕਾ ਕੰਡਾ ਹੱਥ ਉਠਾਇੰਦਾ । ਨੌ ਖੰਡ ਪ੍ਰਿਥਮੀ ਲਏ ਫੋਲ, ਲੱਖ ਚੁਰਾਸੀ ਵੇਖ ਵਖਾਇੰਦਾ । ਸੰਮਤ ਸੋਲਾਂ ਸੋਲਾਂ ਕਲ ਗੁਰਸਿਖ ਤੇਰੇ ਪ੍ਰੇਮ ਅੰਦਰ ਦਏ ਰੋਲ, ਗੁਰਸਿਖ ਸੋਲਾਂ ਕਲ ਧਾਰੀ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਭਾਣੇ ਆਪ ਰਖਾਇੰਦਾ । ਸੰਮਤ ਸੋਲਾਂ ਹਾੜ ਸਤਾਰਾਂ, ਹਰਿ ਹਰਿ ਰੰਗ ਰੰਗਾਵਣਾ । ਗੁਰਮੁਖਾਂ ਦੱਸੇ ਸਚ ਵਿਹਾਰਾ, ਸਤਿਜੁਗ ਸਾਚੇ ਮਾਰਗ ਪਾਵਣਾ । ਦੇਵੇ ਦਰਸ ਘਰ ਘਰ ਘਰ ਬਾਰਾ, ਘਰ ਘਰ ਵਿਚ ਦੀਪ ਜਗਾਵਣਾ । ਮਦਿਰਾ ਮਾਸ ਚਾਹ ਜੋ ਜਨ ਲਾਏ ਰਸਨ ਦਵਾਰਾ, ਦਰਗਾਹ ਧਾਮ ਨਾ ਕੋਇ ਵਖਾਵਣਾ । ਧ੍ਰਿਗ ਧ੍ਰਿਗ ਧ੍ਰਿਗ ਜੀਵਣ ਸੰਸਾਰਾ, ਜਿਸ ਜਨ ਗੁਰ ਤੋਂ ਮੁਖ ਭੁਵਾਵਣਾ । ਅੰਤਮ ਬੇੜਾ ਡੁੱਬੇ ਵਿਚ ਮੰਝਧਾਰਾ, ਕਿਸੇ ਨਾ ਪਾਰ ਕਰਾਵਣਾ । ਮਾਨਸ ਜਨਮ ਮਿਲਿਆ ਏਕਾ ਵਾਰਾ, ਦੂਜੀ ਵਾਰ ਨਾ ਕਿਸੇ ਵਖਾਵਣਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣਾ ਖੰਡਾ ਆਪਣੇ ਹੱਥ, ਸ਼ਬਦ ਧਾਰ ਹੋ ਉਜਿਆਰ, ਨਰ ਨਿਰੰਕਾਰ ਲੋਕਮਾਤ ਚਮਕਾਵਣਾ । ਮਦਿਰਾ ਮਾਸ ਮੁਖ ਲੱਗੇ ਚਾਹ, ਹਰਿ ਸੰਗਤ ਵਿਚ ਰਹਿਣ ਨਾ ਪਾਈਆ । ਹਰਿ ਸੰਗਤ ਧੱਕਾ ਦੇਣਾ ਲਾ, ਮਨਮੁੱਖ ਕੋਇ ਦਿਸ ਨਾ ਆਈਆ । ਇਕੀ ਸਿਖ ਬਣੇ ਗਵਾਹ, ਨਾ ਸਕੇ ਕੋਇ ਮਿਟਾਈਆ । ਸੱਤ ਸਾਗਰ ਮਸ ਬਣ ਰਹੇ ਲਿਖਾ, ਲੇਖਾ ਲਿਖਤ ਨਾ ਕੋਇ ਮੁਕਾਈਆ । ਇਕੀ ਖੰਡੇ ਇਕੀਆਂ ਹੱਥਾਂ ਵਿਚ ਦਏ ਚਮਕਾ, ਚਾਰੋਂ ਕੁੰਟ ਵੇਖ ਵਖਾਈਆ । ਸ਼ਬਦ ਦੀਵਾਰ ਦਏ ਬਣਾ, ਵਡ ਦਾਤਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਪਣੀ ਕਲ ਆਪ ਵਰਤਾਈਆ ।


੧੪੮

✻ ੨੪ ਮੱਘਰ ੨੦੧੬ ਬਿਕ੍ਰਮੀ ਪਿੰਡ ਭਲਾਈਪੁਰ ਡੋਗਰਾਂ ਜਿਲਾ ਅੰਮ੍ਰਿਤਸਰ ਗਿਆਨੀ ਗੁਰਮੁਖ ਸਿੰਘ ਦੇ ਘਰ ✻

✻ ਇਕੀ ਇਕੀ ਸਿਖ ਪੰਗਤ ਸੰਗਤ ਦਾ ਵਿਹਾਰ ਸਤਿਜੁਗ ਦੀ ਧਾਰ ✻

ਨਿਰੰਕਾਰ ਨਿਰੰਕਾਰ ਨਿਰੰਕਾਰ, ਅਲੱਖ ਅਗੰਮ ਭੇਵ ਅਪਾਰਿਆ । ਸੋ ਪੁਰਖ ਨਿਰੰਜਨ ਖੇਲ ਅਪਾਰ, ਆਪ ਆਪਣਾ ਆਪ ਕਰਾ ਰਿਹਾ । ਹਰਿ ਪੁਰਖ ਨਿਰੰਜਨ ਨਿਰਗੁਣ ਧਾਰ, ਨਰ ਨਰਾਇਣ ਨਾਉਂ ਧਰਾ ਲਿਆ । ਆਦਿ ਨਿਰੰਜਨ ਜੋਤ ਉਜਿਆਰ, ਦੀਪਕ ਸਾਚਾ ਇਕ ਜਗਾ ਲਿਆ । ਅਬਿਨਾਸ਼ੀ ਕਰਤਾ ਮੀਤ ਮੁਰਾਰ, ਦਰ ਘਰ ਸਾਚੇ ਸੋਭਾ ਪਾ ਰਿਹਾ । ਸ੍ਰੀ ਭਗਵਾਨ ਸਾਂਝਾ ਯਾਰ, ਸਚਖੰਡ ਨਿਵਾਸ ਰਖਾ ਲਿਆ । ਪਾਰਬ੍ਰਹਮ ਪ੍ਰਭ ਭੇਵ ਨਿਆਰ, ਭੇਵ ਅਭੇਦ ਭੇਵ ਛੁਪਾ ਰਿਹਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਜੂਨੀ ਰਹਿਤ ਪੁਰਖ ਅਕਾਲ, ਦੀਨ ਦਿਆਲ ਆਪਣਾ ਵੇਸ ਵਟਾ ਲਿਆ । ਦੀਨ ਦਿਆਲਾ ਪੁਰਖ ਅਕਾਲਾ, ਹਰਿ ਹਰਿ ਵੱਡੀ ਵਡਿਆਇਆ । ਜੁਗਾ ਜੁਗੰਤਰ ਖੇਲ ਨਿਰਾਲਾ, ਆਪ ਆਪਣਾ ਲਏ ਕਰਾਈਆ । ਆਪੇ ਚਲੇ ਆਪਣੀ ਚਾਲਾ, ਚਾਲ ਨਿਰਾਲੀ ਇਕ ਰਖਾਈਆ । ਸੰਗ ਰਖਾਏ ਕਾਲ ਮਹਾਂਕਾਲਾ, ਪ੍ਰਿਤਪਾਲਾ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਨਭਵ ਪ੍ਰਕਾਸ਼ ਕਰਾਈਆ । ਆਦਿ ਪੁਰਖ ਅਬਿਨਾਸ਼ੀ ਹਰਿ, ਹਰਿ ਏਕਾ ਰੰਗ ਸਮਾਇਆ । ਵਸਣਹਾਰਾ ਸਾਚੇ ਘਰ, ਘਰ ਘਰ ਮੰਦਰ ਇਕ ਉਪਾਇਆ । ਆਪਣਾ ਅੱਖਰ ਆਪੇ ਪੜ੍ਹ, ਆਪ ਆਪਣਾ ਨਾਅਰਾ ਆਪੇ ਲਾਇਆ । ਆਪਣਾ ਘਾੜਨ ਆਪੇ ਘੜ, ਰੂਪ ਅਨੂਪ ਆਪ ਵਟਾਇਆ । ਆਪਣੀ ਚੋਟੀ ਆਪੇ ਚੜ ਚੜ, ਆਪ ਆਪਣਾ ਵੇਖ ਵਿਖਾਇਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਵੇਸ ਧਰ, ਵੇਸ ਅਵੱਲਾ ਇਕ ਅਕੱਲਾ ਏਕਾ ਖੇਲ ਖਿਲਾਇਆ । ਸੋ ਪੁਰਖ ਨਿਰੰਜਨ ਵਸੇ ਸਚ ਮਹੱਲਾ, ਹਰਿ ਪੁਰਖ ਨਿਰੰਜਣ ਏਕਾ ਘਰ ਸੁਹਾਇੰਦਾ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਪਾਰਬ੍ਰਹਮ ਅਬਿਨਾਸ਼ੀ ਕਰਤਾ ਜੋਤੀ ਜੋਤ ਆਪੇ ਰਲਾ, ਨੂਰੋ ਨੂਰ ਡਗਮਗਾਇੰਦਾ । ਅਗੰਮ ਅਗੰਮੜਾ ਸ਼ਬਦ ਅਨਾਦਿ ਹਰਿ ਬ੍ਰਹਿਮਾਦ ਏਕੰਕਾਰ ਆਪੇ ਘੱਲਾ, ਆਪੇ ਰਾਗ ਅਲਾਇੰਦਾ । ਆਪੇ ਭੇਵ ਖੁਲ੍ਹਾਏ ਆਪੇ ਮੁਖ ਛੁਪਾਏ ਕਰ ਕਰ ਵਲ ਛਲਾ, ਅਛਲ ਛਲ ਧਾਰੀ ਆਪ ਹੋ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨੌਂ ਨੌਂ ਚਾਰ ਲੇਖ ਲਿਖਾਇੰਦਾ । ਇਕ ਨੌਂ ਨੌਂ ਚਾਰ ਪਾਰ ਕਿਨਾਰਾ, ਹਰਿ ਪੁਰਖ ਨਿਰੰਜਨ ਆਪ ਕਰਾਈਆ । ਛੱਤੀ ਜੁਗ ਦਏ ਹੁਲਾਰਾ, ਦੇਵਣਹਾਰਾ ਬੇਪਰਵਾਹੀਆ । ਚੌਥੇ ਜੁਗ ਵੇਖ ਅਖਾੜਾ, ਲੋਕਮਾਤ ਕਰੇ ਰੁਸ਼ਨਾਈਆ । ਲੱਖ ਚੁਰਾਸੀ ਪੰਚਮ ਧਾੜਾ, ਨੋ ਖੰਡ ਰਹੀ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਜੁਗਾਦੀ ਨਾਉਂ ਧਰਾਈਆ । ਆਦਿ ਜੁਗਾਦਿ ਹਰਿ ਨਿਰੰਕਾਰ, ਨਿਰਗੁਣ ਰੂਪ ਸਮਾਇਆ । ਜੁਗਾ ਜੁੰਗਤਰ ਲਏ ਅਵਤਾਰ, ਲੋਕਮਾਤ ਵੇਖ ਵਿਖਾਇਆ । ਸ਼ਬਦ ਜਣਾਏ ਸੱਚੀ ਧਾਰ, ਆਪ ਆਪਣਾ ਰਾਗ ਅਲਾਇਆ । ਸੰਤਾਂ ਭਗਤਾਂ ਖੋਲ੍ਹੇ ਬੰਦ ਕਿਵਾੜ, ਅੰਦਰ ਮੰਦਰ ਫੋਲ ਫੁਲਾਇਆ । ਸਚ ਵਿਖਾਏ ਇਕ ਦਵਾਰ, ਥਿਰ ਘਰ ਵਾਸੀ ਵੇਸ ਵਟਾਇਆ । ਮੇਲ ਮਿਲਾਏ ਕੰਤ ਭਤਾਰ, ਸਾਚੀ ਸੇਜਾ ਆਪ ਹੰਢਾਇਆ । ਕਲਜੁਗ ਤ੍ਰੇਤਾ ਦੁਆਪਰ ਖੇਲ ਨਿਆਰ, ਹਰਿ ਖਾਲਕ ਖਲਕ ਆਪ ਕਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਲਿਖਾਇਆ । ਆਪਣਾ ਲੇਖਾ ਲਿਖਣਹਾਰ, ਪਾਰਬ੍ਰਹਮ ਵੱਡੀ ਵਡਿਆਈਆ । ਲੱਖ ਚੁਰਾਸੀ ਕਰ ਪਸਾਰ, ਬ੍ਰਹਮਾ ਵਿਸ਼ਨ ਸ਼ਿਵ ਸੇਵ ਲਗਾਈਆ । ਤ੍ਰੈਗੁਣ ਮਾਇਆ ਭਰ ਭੰਡਾਰ, ਪੰਜ ਤਤ ਵਰਤਾਈਆ । ਨੌਂ ਦਵਾਰੇ ਖੇਲ ਅਪਾਰ, ਆਪੇ ਖੇਲੇ ਖੇਲ ਖਿਲਾਈਆ । ਅੰਦਰ ਮੰਦਰ ਗੁਪਤ ਜਾਹਿਰ, ਘਰ ਘਰ ਵਿਚ ਆਪ ਟਿਕਾਈਆ । ਨਿਰਗੁਣ ਜੋਤੀ ਕਰ ਉਜਿਆਰ, ਜੋਤ ਨਿਰੰਜਨ ਡਗਮਗਾਈਆ । ਸ਼ਬਦ ਅਨਾਦਿ ਸੱਚੀ ਧੁਨਕਾਰ, ਅਨਹਦ ਸਾਚਾ ਤਾਲ ਵਜਾਈਆ । ਪੰਚਮ ਮੀਤਾ ਮੀਤ ਮੁਰਾਰ, ਸਾਚੀ ਸਖੀਆਂ ਮੰਗਲ ਗਾਈਆ । ਰੂਪ ਅਨੂਪ ਸ਼ਾਹੋ ਭੂਪ ਸੱਚੀ ਸਰਕਾਰ, ਸਚ ਸੁਲਤਾਨ ਆਪ ਅਖਵਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਆਪ ਆਪਣਾ ਨਾਉਂ ਧਰਾਈਆ । ਜਾਗਰਤ ਜੋਤ ਕਰੇ ਉਜਿਆਰ, ਨੂਰੋ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਸ਼ਬਦ ਬ੍ਰਹਿਮਾਦ ਨਾਮ ਸਚ ਸ਼ਬਦ ਕਰੇ ਕੁੜਮਾਈਆ । ਸਾਰ ਸ਼ਬਦ ਹਰਿ ਬਲਵਾਨ, ਏਕਾ ਏਕ ਉਪਾਇੰਦਾ । ਨਿਰਗੁਣ ਖੇਲੇ ਖੇਲ ਮਹਾਨ, ਖੇਲਣਹਾਰ ਦਿਸ ਨਾ ਆਇੰਦਾ । ਦਾਤਾ ਦਾਨੀ ਸਰਬ ਭਗਵਾਨ, ਭਗਤਨ ਮੀਤਾ ਵੇਸ ਵਟਾਇੰਦਾ । ਵੇਖਣਹਾਰ ਜਗਤ ਦੁਕਾਨ, ਚੌਦਾਂ ਲੋਕ ਫੋਲ ਫੁਲਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਜੇਰਜ ਅੰਡਾਂ ਉਤਭਜ ਸੇਤਜ ਬ੍ਰਹਮਾ ਵਿਸ਼ਨ ਸ਼ਿਵ ਕ੍ਰੋੜ ਤੇਤੀਸਾ ਸੁਰਪਤ ਇੰਦ ਆਪੇ ਪਾਏ ਆਪਣੀ ਆਣ, ਆਪ ਆਪਣਾ ਹੁਕਮ ਜਣਾਇੰਦਾ । ਹਰਿ ਦਾਤਾ ਦਾਨੀ ਦੇਵੇ ਜੀਆ ਦਾਨ, ਘਰ ਘਰ ਹਰਿ ਰਿਜਕ ਸਬਾਹਿੰਦਾ । ਲੱਖ ਚੁਰਾਸੀ ਪੀਣ ਖਾਣ, ਏਕਾ ਰਸਨਾ ਮੁਖ ਸਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਬਣਤ ਬਣਾਇੰਦਾ । ਸਤਿਜੁਗ ਸਾਚਾ ਸਚ ਧਰ, ਹਰਿ ਸਾਚੇ ਵੇਸ ਕਰਾਇਆ । ਤ੍ਰੇਤਾ ਤੇਰਾ ਮੇਲ ਦਰ, ਦੁਆਰਾ ਆਪ ਸੁਹਾਇਆ । ਕਾਹਨਾ ਖੇਲ ਕਰ, ਸਖੀਆਂ ਮੰਗਲ ਏਕਾ ਗਾਇਆ । ਕਲਜੁਗ ਗੁਰੂ ਚੇਲੇ ਦੇਵੇ ਵਰ, ਗੁਰ ਚੇਲਾ ਨਾਉਂ ਧਰਾਇਆ । ਵੇਲੇ ਅੰਤਮ ਖੇਲ ਅਗੰਮ ਅਪਾਰ, ਬੋਧ ਅਗਾਧੀ ਭੇਵ ਅਭੇਦਾ ਦਏ ਖੁਲ੍ਹਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਅਕਲ ਕਲ ਧਾਰੀ ਹਰਿ ਨਿਰੰਕਾਰੀ, ਆਪ ਆਪਣੀ ਕਲ ਵਰਤਾਇਆ । ਅਕਲ ਕਲ ਧਾਰਾ ਹਰਿ ਨਿਰੰਕਾਰਾ, ਨਿਰਗੁਣ ਰੂਪ ਸਮਾਇੰਦਾ ।

੧੪੯

ਪੁਰਖ ਅਗੰਮੜਾ ਅਗੰਮੜੀ ਕਾਰਾ, ਅਲੱਖ ਨਿਰੰਜਨ ਆਪ ਕਰਾਇੰਦਾ । ਸਤਿ ਸਤਿਵਾਦੀ ਦੀਪ ਉਜਿਆਰਾ, ਬ੍ਰਹਮ ਬ੍ਰਹਿਮਾਦੀ ਆਪ ਜਗਾਇੰਦਾ । ਸਾਚਾ ਨਾਦੀ ਨਾਦ ਧੁਨਕਾਰਾ, ਨਾਦ ਅਨਾਦੀ ਆਪ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣਾ ਖੇਲ ਖਿਲਾਇੰਦਾ । ਖੇਲਣਹਾਰ ਪੁਰਖ ਸਮਰਥ, ਹਰਿ ਸਾਚੇ ਵਡ ਵਡਿਆਈਆ । ਜੁਗ ਜੁਗ ਮਹਿਮਾ ਅਕਥਨੀ ਅਕਥ, ਵੇਦ ਕਤੇਬ ਭੇਵ ਨਾ ਰਾਈਆ । ਲੱਖ ਚੁਰਾਸੀ ਪਾਏ ਨੱਥ, ਚਾਰ ਕੁੰਟ ਦਹਿ ਦਿਸ਼ਾ ਰਿਹਾ ਭਵਾਈਆ । ਵੇਖਣਹਾਰਾ ਤੀਰਥ ਤਟ, ਅਠਸਠ ਫੋਲ ਫੁਲਾਈਆ । ਵਸਣਹਾਰਾ ਘਟ ਘਟ, ਹਰਿ ਜੂ ਹਰਿ ਮੰਦਰ ਰਿਹਾ ਸੁਹਾਈਆ । ਖੇਲੇ ਖੇਲ ਬਾਜੀਗਰ ਨਟ, ਸਵਾਂਗੀ ਆਪਣਾ ਸਾਂਗ ਵਰਤਾਈਆ । ਭਾਗ ਲਗਾਏ ਕਾਇਆ ਮਟ, ਪੰਜ ਤਤ ਕਰੇ ਵਡਿਆਈਆ । ਸ਼ਬਦ ਅਨਾਦੀ ਲਾਏ ਸੱਟ, ਅਨਹਦ ਤਾਲ ਵਜਾਈਆ । ਆਤਮ ਵੇਖੇ ਸਾਚੀ ਖਾਟ, ਪਲੰਘ ਰੰਗੀਲਾ ਸੇਜ ਵਿਛਾਈਆ । ਕਦੇ ਨਾ ਆਏ ਆਣ ਬਾਟ, ਮਾਤ ਗਰਭ ਨਾ ਫੇਰਾ ਪਾਈਆ । ਜਨ ਭਗਤਾਂ ਨੇੜੇ ਰੱਖੇ ਵਾਟ, ਹਰਿ ਸੰਤਨ ਲਏ ਤਰਾਈਆ । ਪਹਿਲੋਂ ਉਤਰੇ ਆਪਣੇ ਘਾਟ, ਗੁਰਮੁਖ ਸਾਚੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗ ਜੁਗ ਆਪਣੀ ਰਚਨ ਰਚਾਈਆ । ਸਤਿਜੁਗ ਤੇਰੀ ਧਾਰ ਨਿਰੰਕਾਰ, ਵਾਰ ਅਠਾਰਾਂ ਜੋਤ ਜਗਾਇੰਦਾ । ਹੰਸਾ ਬਾਵਨ ਕਰ ਪਿਆਰ, ਆਪ ਆਪਣਾ ਮੇਲ ਮਿਲਾਇੰਦਾ । ਧਰਨੀ ਧਰਤ ਧਵਲ ਕਰ ਉਜਿਆਰ, ਜਲ ਬਿੰਬ ਵੇਖ ਵਿਖਾਇੰਦਾ । ਰਵ ਸਸ ਪਾਏ ਸਾਰ, ਮੰਡਲ ਮੰਡਪ ਡਗਮਗਾਇੰਦਾ । ਬ੍ਰਹਿਮੰਡ ਖੰਡ ਹੋ ਉਜਿਆਰ, ਗਗਨ ਪਾਤਾਲਾਂ ਫੋਲ ਫੁਲਾਇੰਦਾ । ਲੋਆਂ ਪੁਰੀਆਂ ਏਕਾ ਧਾਰ, ਏਕਾ ਹੁਕਮ ਮੰਨਾਇੰਦਾ । ਸਚ ਤਖਤ ਬੈਠ ਸੱਚੀ ਸਰਕਾਰ, ਸਚਖੰਡ

੧੫੦ ਦਵਾਰਾ ਸੋਭਾ ਪਾਇੰਦਾ । ਨਿਰਗੁਣ ਦੀਵਾ ਬਾਤੀ ਇਕ ਉਜਿਆਰ, ਕਮਲਾਪਾਤੀ ਆਪ ਜਗਾਇੰਦਾ । ਨਾ ਕੋਈ ਦਿਵਸ ਨਾ ਕੋਈ ਰਾਤੀ, ਘੜੀ ਪਲ ਨਾ ਕੋਈ ੧੫੦

ਵਿਖਾਇੰਦਾ । ਨਾ ਕੋਈ ਵਰਨ ਨਾ ਕੋਈ ਗੋਤ ਨਾ ਕੋਈ ਜਾਤੀ, ਨਾ ਕੋਈ ਵੰਡ ਵੰਡਾਇੰਦਾ । ਨਾ ਕੋਈ ਪਿਤਾ ਨਾ ਕੋਈ ਮਾਤੀ, ਪੂਤ ਸਪੂਤਾ ਨਾ ਕੋਈ ਗੋਦ ਉਠਾਇੰਦਾ । ਭੈਣ ਭਈਆ ਸਾਕ ਸੱਜਣ ਨਾ ਕੋਈ ਨਾਤੀ, ਦੂਸਰ ਕਟੁੰਬ ਨਾ ਕੋਈ ਬਣਾਇੰਦਾ । ਆਪੇ ਪੁਛੇ ਆਪਣੀ ਵਾਤੀ, ਦਰ ਆਪਣਾ ਭੇਵ ਆਪ ਖੁਲ੍ਹਾਇੰਦਾ । ਜੁਗ ਜੁਗ ਮਹਿਮਾ ਅਕਥਨੀ ਕਾਥੀ, ਕਥਨੀ ਕਥ ਨਾ ਕੋਏ ਕਥਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਭੇਵ ਖੁਲ੍ਹਾਇੰਦਾ । ਹਰਿ ਸਾਚਾ ਭੇਦ ਖੁਲਾਵਣਾ, ਕਲਜੁਗ ਅੰਤਮ ਵੇਖ ਵਖਾਈਆ । ਨੌ ਸੌ ਚੁਰਾਨਵੇ ਚੌਕੜੀ ਜੁਗ ਪੰਧ ਮੁਕਾਵਣਾ, ਛੱਤੀ ਛੱਤੀ ਵੇਸ ਵਟਾਈਆ । ਚਾਰ ਜੁਗ ਲੇਖੇ ਲਾਵਣਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਲੇਖਾ ਰਹੇ ਨਾ ਰਾਈਆ । ਵਿਸ਼ਨੂੰ ਵੰਸੀ ਆਪ ਉਠਾਵਣਾ, ਵੇਖਣਹਾਰਾ ਥਾਉਂ ਥਾਈਆ । ਬ੍ਰਹਮੇ ਦੇ ਮਤ ਆਪ ਸਮਝਾਵਣਾ, ਚਾਰੇ ਵੇਦਾਂ ਫੋਲ ਫੁਲਾਈਆ । ਸ਼ੰਕਰ ਏਕਾ ਰੰਗ ਰੰਗਾਵਣਾ, ਏਕਾ ਸਿਖਿਆ ਭਿਛਿਆ ਝੋਲੀ ਪਾਈਆ । ਸੁਰਪਤ ਰਾਜਾ ਇੰਦ ਆਪ ਬੁਲਾਵਣਾ, ਫੜ ਬਾਹੋਂ ਲਏ ਉਠਾਈਆ । ਕ੍ਰੋੜ ਤੇਤੀਸਾ ਵਕਤ ਚੁਕਾਵਣਾ, ਜਗਤ ਜਗਦੀਸ਼ਾ ਵਡ ਵਡਿਆਈਆ । ਗਣ ਗੰਧਰਬ ਆਪਣੀ ਸੇਵਾ ਲਾਵਣਾ, ਵੇਲੇ ਅੰਤ ਦਏ ਸਮਝਾਈਆ । ਲੋਕਮਾਤ ਫੇਰਾ ਪਾਵਣਾ, ਨਿਰਗੁਣ ਸਰਗੁਣ ਜੋਤ ਕਰੇ ਰੁਸ਼ਨਾਈਆ । ਰਵ ਸਸ ਮੁਖ ਸ਼ਰਮਾਵਣਾ, ਚਾਰੋਂ ਕੁੰਟ ਅੰਧੇਰਾ ਛਾਈਆ । ਮੰਡਲ ਮੰਡਪ ਨਾ ਕੋਈ ਸੁਹਾਵਨਾ, ਬੰਕ ਦਵਾਰ ਵੇਖ ਵਖਾਈਆ । ਕਲਜੁਗ ਤੇਰਾ ਰੰਗ ਰੰਗਾਵਣਾ, ਰੰਗਣਹਾਰਾ ਇਕ ਅਖਵਾਈਆ । ਈਸਾ ਮੂਸਾ ਆਪ ਉਠਾਵਣਾ, ਕਾਲਾ ਮੂਸਾ ਤਨ ਸੁਹਾਈਆ । ਚਾਰ ਯਾਰ ਸੰਗ ਮੁਹੰਮਦ ਨਾਲ ਰਲਾਵਣਾ, ਏਕਾ ਕਲਮਾ ਦਏ ਸਖਾਈਆ । ਨਬੀ ਰਸੂਲਾਂ ਪੀਰ ਦਸਤਗੀਰਾਂ ਸ਼ਾਹ ਹਕੀਰਾਂ ਫੜ ਫੜ ਆਪ ਬਹਾਵਣਾ, ਹੁਕਮੀ ਹੁਕਮ ਵਿਚ ਸਮਾਈਆ । ਹਕ ਹਕੀਕਤ ਵੇਖ ਵਖਾਵਣਾ, ਲਾਸ਼ਰੀਕ ਇਕ ਖੁਦਾਈਆ । ਇਕ ਸਦਾ ਏਕਾ ਨਾਅਰਾ ਬੇਐਬ ਪਰਵਰਦਿਗਾਰ

ਆਪਣਾ ਆਪ ਸੁਣਾਵਣਾ, ਏਕਾ ਅਲਫ ਕਰੇ ਪੜ੍ਹਾਈਆ । ਐਨਲਹਕ ਮੁਕਾਮੇ ਹੱਕ ਆਪ ਵਖਾਵਣਾ, ਜਲਵਾ ਨੂਰ ਬੇਪਰਵਾਹੀਆ । ਮੱਕਾ ਕਾਅਬਾ ਭੇਵ ਚੁਕਾਵਣਾ, ਦੋ ਦੋ ਆਬਾ ਵੇਸ ਧਰਾਈਆ । ਹੱਕ ਜਨਾਬਾ ਆਪਣਾ ਨਾਉਂ ਧਰਾਵਨਾ, ਮੁਖ ਨਕਾਬਾ ਆਪ ਉਠਾਈਆ । ਸਚ ਅਹਿਬਾਬਾ ਰਬਾਬ ਇਕ ਵਜਾਵਣਾ, ਏਕੰਕਾਰਾ ਹਰਿ ਨਿਰੰਕਾਰਾ ਇਕ ਸਤਾਰ ਹੱਥ ਉਠਾਈਆ । ਭੇਖ ਅਵੱਲਾ ਇਕ ਅਕੱਲਾ ਨਿਰਗੁਣ ਸਰਗੁਣ ਆਪਣਾ ਨਾਉਂ ਧਰਾਵਨਾ, ਧਰਨੀ ਧਰਤ ਦਏ ਵਡਿਆਈਆ । ਨਾਨਕ ਲੇਖਾ ਪੂਰ ਕਰਾਵਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਸੰਤ ਕਬੀਰਾ ਨਾਲ ਰਲਾਵਣਾ, ਸਚਖੰਡ ਦਏ ਵਡਿਆਈਆ । ਹਰਿ ਹਰਿ ਸੰਤਾਂ ਭਗਤਾਂ ਸੰਗ ਨਿਭਾਵਣਾ, ਹਰਿ ਸੰਤਨ ਲਏ ਤਰਾਈਆ । ਗੀਤ ਸੁਹਾਗੀ ਏਕਾ ਗਾਵਨਾ, ਹਰਿ ਸ਼ਬਦ ਵੱਡੀ ਵਡਿਆਈਆ । ਗੀਤ ਸੁਹਾਗੀ ਸਚ ਜੈਕਾਰਾ ਇਕ ਬੁਲਾਵਣਾ, ਨਿਰਗੁਣ ਸਰਗੁਣ ਦਏ ਸਮਝਾਈਆ । ਸੋ ਪੁਰਖ ਨਿਰੰਜਨ ਇਕ ਮਨਾਵਣਾ, ਦੂਸਰ ਇਸ਼ਟ ਨਾ ਕੋਈ ਜਣਾਈਆ । ਅਕਾਲ ਪੁਰਖ ਹਰ ਘਟ ਨਜ਼ਰੀ ਆਵਣਾ, ਪਾਰਬ੍ਰਹਮ ਸੱਚੀ ਸਰਨਾਈਆ । ਸਤਿ ਪੁਰਖ ਨਿਰੰਜਨ ਪਕੜੇ ਦਾਮਨਾ, ਸ਼ਬਦੀ ਗੰਢ ਪੁਆਈਆ । ਦੋ ਜਹਾਨੀ ਬਣੇ ਜਾਮਨਾ, ਏਥੇ ਓਥੇ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਜਾਏ ਚੁਕਾਈਆ । ਲੇਖਾ ਹਰਿ ਹਰਿ ਆਪ ਚੁਕਾਵਣਾ, ਵਿਸ਼ਨੂੰ ਹਰਿ ਉਠਾਇੰਦਾ । ਸਚ ਭੰਡਾਰਾ ਸਚ ਵਸਤ ਘਰ ਸਾਚੇ ਵੇਖ ਵਖਾਵਣਾ, ਥਿਰ ਘਰ ਸਾਚਾ ਇਕ ਸੁਹਾਇੰਦਾ । ਦੇਵਣਹਾਰਾ ਕਿਸੇ ਦਿਸ ਨਾ ਆਵਣਾ, ਨੇਤਰ ਲੋਚਨ ਨੈਣ ਦਰਸ਼ਨ ਕੋਈ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਦਿ ਪੁਰਖ ਆਦਿ ਆਦਿ ਆਪਣਾ ਰੰਗ ਰੰਗਾਇੰਦਾ । ਆਦਿ ਉਪਾਇਆ ਵਿਸ਼ਨ ਧਾਰ, ਵਿਸ਼ਨੂੰ ਰੂਪ ਵਟਾਇੰਦਾ । ਚਤਰਭੁਜ ਖੇਲ ਅਪਾਰ, ਆਦਿ ਸ਼ਕਤ ਜੋਤ ਜਗਾਇੰਦਾ । ਬੂੰਦ ਰਕਤ ਨਾ ਕਰੀ ਕੋਈ ਤਿਆਰ, ਮਾਤ ਪਿਤ ਨਾ ਕੋਈ ਬਣਾਇੰਦਾ । ਏਕਾ ਏਕ ਇਕ ਅਕੱਲਾ ਖੇਲ ਅਪਾਰ, ਇਕ ਇਕੱਲਾ ਆਪ ਕਰਾਇੰਦਾ । ਸਾਚੀ ਸਿਖਿਆ ਸਿਖ ਬੇਐਬ ਪਰਵਰਦਿਗਾਰ ਆਪ ਆਪਣੀ ਰਚਨ ਰਚਾਇੰਦਾ । ਆਪੇ ਹੋਏ ਸਚ ਸਿਕਦਾਰ, ਅੰਮ੍ਰਿਤ ਤਾਲ ਆਪ ਸੁਹਾਇੰਦਾ । ਆਪੇ ਨਾਭ ਕਵਲ ਕਰ ਉਜਿਆਰ, ਸਰਗੁਣ ਨਿਰਗੁਣ ਵੇਖ ਵਿਖਾਇੰਦਾ । ਆਪੇ ਬ੍ਰਹਮਾ ਕਰ ਕਰ ਬਾਹਰ, ਪਾਰਬ੍ਰਹਮ ਆਪਣਾ ਅੰਗ ਕਟਾਇੰਦਾ । ਆਪੇ ਸ਼ੰਕਰ ਜਣਾਏ ਧੁਅੰਧਾਰ, ਰੂਪ ਅਨੂਪ ਆਪ ਦਰਸਾਇੰਦਾ । ਆਪੇ ਤਿੰਨਾਂ ਵਸਿਆ ਬਾਹਿਰ, ਆਪ ਆਪਣੇ ਅੰਗ ਲਗਾਇੰਦਾ । ਆਪੇ ਦੇਵੇ ਵਸਤ ਸਚਾ ਧਨ ਮਾਲ, ਸਚ ਖਜਾਨਾ ਆਪ ਭਰਾਇੰਦਾ । ਆਪੇ ਕਰੇ ਕਰਾਏ ਸਚ ਪ੍ਰਿਤਪਾਲ, ਪ੍ਰਿਤਪਾਲਕ ਨਾਉਂ ਧਰਾਇੰਦਾ । ਆਪਣੀ ਘਾਲਨ ਆਪੇ ਘਾਲ, ਸਾਚੀ ਸੇਵਾ ਆਪ ਕਮਾਇੰਦਾ । ਆਪੇ ਤ੍ਰੈਗੁਣ ਮਾਇਆ ਰਚਿਆ ਜਾਲ, ਰਜੋ ਤਮੋ ਸਤੋ ਵੇਖ ਵਿਖਾਇੰਦਾ । ਆਪੇ ਕਾਲ ਆਪੇ ਮਹਾਂਕਾਲ, ਦੀਨ ਦਿਆਲ ਆਪ ਅਖਵਾਇੰਦਾ । ਆਪੇ ਕਾਇਆ ਮਾਟੀ ਵਸੇ ਖਾਲ, ਆਪੇ ਸਚਖੰਡ ਦੁਆਰੇ ਸੋਭਾ ਪਾਇੰਦਾ । ਆਪੇ ਲੱਖ ਚੁਰਾਸੀ ਵੇਖੇ ਖੇਤ ਡਾਲ੍ਹ, ਫੁਲ ਫੁਲਵਾੜੀ ਆਪ ਮਹਿਕਾਇੰਦਾ । ਆਪੇ ਘਟ ਘਟ ਅੰਦਰ ਦੀਪਕ ਬਾਲ, ਜੋਤ ਨਿਰੰਜਨ ਆਪ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਸਚ ਵਸਤ ਇਕ ਵਰਤਾਇੰਦਾ । ਵਿਸਨੂੰ ਵਸਤ ਸਚ ਵਰਤਾਈ, ਹਰਿ ਸਾਚੇ ਦਯਾ ਕਮਾਈਆ । ਦੇਵਣਹਾਰਾ ਰਿਜਕ ਸਬਾਈ, ਦਾਨਾ ਬੀਨਾ ਵਡ ਵਡਿਆਈਆ । ਬ੍ਰਹਮੇ ਬ੍ਰਹਮ ਮਤ ਇਕ ਸਮਝਾਈ, ਪਾਰਬ੍ਰਹਮ ਸੱਚੀ ਸਰਨਾਈਆ । ਲੱਖ ਚੁਰਾਸੀ ਤੇਰੀ ਰਚਨ ਰਚਾਈ, ਤੇਰਾ ਰੂਪ ਸਰਬ ਲੋਕਾਈਆ । ਸ਼ੰਕਰ ਕਰੇ ਇਕ ਪੜ੍ਹਾਈ, ਜੋ ਘੜੇ ਸੋ ਭੰਨ ਵਖਾਈਆ । ਪੁਰਖ ਅਬਿਨਾਸੀ ਭੇਵ ਨਾ ਰਾਈ, ਤਿੰਨੇ ਬਹਿ ਬਹਿ ਕਰਨ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਵਸਤ ਝੋਲੀ ਪਾਈਆ ।

੧੫੨

ਵਿਸ਼ਨੂੰ ਵਸਤ ਅਨਮੋਲ, ਸਤੋ ਗੁਣ ਝੋਲੀ ਪਾਇੰਦਾ । ਬ੍ਰਹਮਾ ਬ੍ਰਹਮ ਕੰਡੇ ਏਕਾ ਤੋਲ, ਰਾਜਸ ਰਾਜਸ ਸੰਗ ਨਿਭਾਇੰਦਾ । ਸ਼ੰਕਰ ਦਵਾਰਾ ਏਕਾ ਖੋਲ੍ਹ, ਤਮੋ ਤਤ ਇਕ ਸਮਝਾਇੰਦਾ । ਆਪੇ ਬੈਠਾ ਰਹੇ ਅਡੋਲ, ਭੇਵ ਅਭੇਦਾ ਭੇਵ ਛੁਪਾਇੰਦਾ । ਦਰ ਦਰਵਾਜਾ ਏਕਾ ਖੋਲ੍ਹ, ਸਚ ਦਵਾਰੇ ਸੋਭਾ ਪਾਇੰਦਾ । ਸਬਦ ਅਗੰਮੀ ਆਪੇ ਬੋਲ, ਧਰਤ ਮਾਤਾ ਆਪ ਸੁਣਾਇੰਦਾ । ਲੱਖ ਚੁਰਾਸੀ ਜਾਣਾ ਮੌਲ, ਆਪ ਆਪਣਾ ਰੂਪ ਵਟਾਇੰਦਾ । ਅਪ ਤੇਜ ਵਾਏ ਪ੍ਰਿਥਮੀ ਅਕਾਸ਼ ਪੰਜਾਂ ਤੱਤਾਂ ਬਣਨਾ ਖੇਲ, ਆਪਣੀ ਰਚਨ ਰਚਾਇੰਦਾ । ਅੰਦਰ ਧਰਨਾ ਨਾਭ ਕੌਲ, ਉਲਟਾ ਮੂੰਧ ਰਖਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਪ ਆਪਣਾ ਰੰਗ ਰੰਗਾਇੰਦਾ । ਕਾਇਆ ਖੇਲ ਅਪਾਰ, ਬ੍ਰਹਮਾ ਵਿਸ਼ਨ ਸਿਵ ਸੇਵ ਕਮਾਈਆ । ਘਰ ਵਿਚ ਘਰ ਕਰ ਤਿਆਰ, ਘਰ ਬੈਠਾ ਬੇਪਰਵਾਹੀਆ । ਆਤਮ ਸੇਜਾ ਹੋ ਤਿਆਰ, ਸੋਇਆ ਬੇਪਰਵਾਹੀਆ । ਸ਼ਬਦ ਧੁਨ ਸੱਚੀ ਧੁਨਕਾਰ, ਆਪ ਆਪਣੀ ਆਪੇ ਗਾਈਆ । ਅੰਮ੍ਰਿਤ ਆਤਮ ਠੰਡੀ ਠਾਰ, ਸਚ ਸਰੋਵਰ ਤਾਲ ਭਰਾਈਆ । ਦੀਪਕ ਜੋਤ ਕਰ ਉਜਿਆਰ, ਬੈਠਾ ਮੁਖ ਛੁਪਾਈਆ । ਤ੍ਰੈਗੁਣ ਮਾਇਆ ਵਸਿਆ ਬਾਹਰ, ਤਤਵ ਤਤ ਨਾ ਕੋਈ ਰਖਾਈਆ । ਆਪੇ ਜਾਣੇ ਆਪਣੀ ਕਾਰ, ਕਰਨੀ ਕਰਤਾ ਆਪ ਕਮਾਈਆ । ਆਪੇ ਸੁੰਨ ਅਗੰਮੀ ਧੁਆਂਧਾਰ, ਅੰਧ ਅੰਧੇਰਾ ਡੇਰਾ ਲਾਈਆ । ਆਪੇ ਖੋਲ੍ਹੇ ਨੌਂ ਦਵਾਰ, ਜਗਤ ਵਾਸਨਾ ਵਿਚ ਭਰਾਈਆ । ਆਪੇ ਕਰੇ ਪੰਚ ਪਿਆਰ, ਕਾਮ ਕਰੋਧ ਲੋਭ ਮੋਹ ਹੰਕਾਰ ਮੇਲ ਮਿਲਾਈਆ । ਆਪੇ ਆਸਾ ਤ੍ਰਿਸਨਾ ਦਏ ਸਹਾਰ, ਆਪੇ ਜੂਠ ਝੂਠ ਕਰੇ ਪੜ੍ਹਾਈਆ । ਆਪੇ ਪੰਚਮ ਸਖੀਆਂ ਮੰਗਲਾਚਾਰ, ਆਪੇ ਪੰਜ ਦਸ ਭੇਵ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਕਰ ਤਿਆਰ, ਅੰਦਰ ਵੜ ਹਰਿ ਨਿਰੰਕਾਰ, ਆਪ ਸੁਹਾਏ ਬੰਕ ਦਵਾਰ, ਘਰ ਸਾਚਾ ਇਕ ਉਪਾਈਆ । ਸਾਚਾ ਮੰਦਰ ਕਾਇਆ ਗੜ੍ਹ, ਹਰਿ ਸਾਚਾ ਆਪ ਉਪਾਇੰਦਾ । ਸੇਵਾ ਲਾਏ ਬ੍ਰਹਮਾ ਵਿਸ਼ਨ ਸ਼ਿਵ ਫੜ, ਸਾਚਾ ਹੁਕਮ ਸੁਣਾਇੰਦਾ । ਤ੍ਰੈਗੁਣ ਮਾਇਆ ਬੱਧੀ ਲੜ, ਸਾਚੀ ਵਸਤ ਝੋਲੀ ਪਾਇੰਦਾ । ਪੰਜ ਤਤ ਵਿਕਾਰਾ ਬਣਿਆ ਗੜ, ਹਉਮੇ ਹੰਗਤਾ ਵਿਚ ਟਿਕਾਇੰਦਾ । ਏਕਾ ਤਤ ਰਿਹਾ ਸੜ, ਹਵਨੀ ਹਵਨ ਵਖਾਇੰਦਾ । ਜੋਤੀ ਜੋਤ ਸਰੁਪ ਹਰਿ, ਆਪ ਆਪਣੀ ਜੋਤ ਧਰ, ਸਚ ਮਹੱਲੇ ਆਪੇ ਚੜ, ਉਚ ਅਟੱਲੇ ਆਸਣ ਲਾਇੰਦਾ । ਮਹੱਲ ਅਟੱਲ ਉਚ ਮਨਾਰਾ, ਹਰਿ ਸਾਚਾ ਆਪ ਸੁਹਾਇੰਦਾ । ਲੱਖ ਚੁਰਾਸੀ ਕਰ ਤਿਆਰਾ, ਆਪਣੀ ਖਾਣੀ ਵੰਡ ਵੰਡਾਇੰਦਾ । ਉਤਭੁਜ ਸੇਹਤਜ ਬਣ ਵਰਤਾਰਾ, ਜੇਰਜ ਅੰਡ ਭੇਵ ਚੁਕਾਇੰਦਾ । ਬ੍ਰਹਿਮੰਡ ਦੇਵਣਹਾਰਾ ਸਹਾਰਾ, ਆਪ ਆਪਣੀ ਕਲ ਵਰਤਾਇੰਦਾ । ਪਰਮਾਨੰਦ ਇਕ ਦਵਾਰਾ, ਨਿਜਾਨੰਦ ਖੋਲ੍ਹ ਵਖਾਇੰਦਾ । ਭਰਮਾਂ ਕੰਧ ਅੱਧ ਵਿਚਕਾਰਾ, ਆਪਣਾ ਪੜਦਾ ਪਾਇੰਦਾ । ਖੇਲੇ ਖੇਲ ਪੁਰਖ ਅਪਾਰਾ, ਆਪਣੀ ਵਸਤ ਆਪ ਟਿਕਾਇੰਦਾ । ਮਨ ਮਤ ਬੁਧ ਕਰ ਤਿਆਰਾ, ਨਿਰਗੁਣ ਸਰਗੁਣ ਵਿਚ ਧਰਾਇੰਦਾ । ਮਨੂਆ ਮਨ ਬਣ ਸਿਕਦਾਰਾ, ਸਾਚਾ ਹੁਕਮ ਸੁਣਾਇੰਦਾ । ਜਗਤ ਤ੍ਰਿਸਨਾ ਭਰ ਭੰਡਾਰਾ, ਤਾਮਸ ਜੋਤ ਅੰਸ ਹਰਿ ਗਿਰਧਾਰਾ, ਆਪੇ ਵੇਖ ਵਖਾਇੰਦਾ । ਮਤ ਮਤਵਾਲੀ ਢਹਿ ਢਹਿ ਪਏ ਚਰਨ ਦਵਾਰਾ, ਫੜ ਫੜ ਬਾਹੋਂ ਆਪ ਓਠਾਇੰਦਾ । ਤੇਰਾ ਰੂਪ ਦਿਸ ਨਾ ਆਏ ਵਿਚ ਸੰਸਾਰਾ, ਗੁਰਮੁਖ ਵਿਰਲੇ ਆਪ ਵਖਾਇੰਦਾ । ਚਾਰੋਂ ਕੁੰਟ ਦਰ ਦਰ ਘਰ ਘਰ ਲੱਖ ਚੁਰਾਸੀ ਲੱਭਦੇ ਫਿਰਦੇ ਜੀਵ ਗਵਾਰਾ, ਹੱਥ ਕਿਸੇ ਨਾ ਆਇੰਦਾ । ਬੁਧ ਮਤਵਾਲੀ ਚਲੀ ਚਾਲੀ, ਹਰਿ ਸਾਚਾ ਮਾਰਗ ਪਾਇੰਦਾ । ਤੇਰਾ ਦਵਾਰਾ ਨਾ ਹੋਏ ਖਾਲੀ, ਆਪਣੀ ਧੂੜ ਤੇਰੇ ਮਸਤਕ ਟਿੱਕਾ ਲਾਇੰਦਾ । ਜਨ ਭਗਤਾਂ ਕਰਨੀ ਸਚ ਦਲਾਲੀ, ਹਰਿ ਵਣਜਾਰਾ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਰਗੁਣ ਦਾਤਾ ਬੇਪਰਵਾਹ, ਸ਼ਬਦ ਸਰੂਪੀ ਸਚ ਮਲਾਹ, ਲੋਕਮਾਤ ਦਏ ਸੁਣਾ, ਬ੍ਰਹਮਾ ਵਿਸ਼ਨ ਸਿਵ ਆਪ ਉਠਾ, ਲਖ ਚੁਰਾਸੀ ਡੇਰਾ ਲਾ, ਘਟ ਘਟ ਅੰਦਰ ਜੋਤ ਜਗਾ, ਜਗ ਆਪਣੀ ਬੂਝ ਬੁਝਾਇੰਦਾ । ਬ੍ਰਹਮਾ ਤੇਰੀ

ਸਦ ਵਡਿਆਈ, ਹਰਿ ਸਾਚਾ ਆਪ ਜਣਾਇੰਦਾ । ਵਿਸ਼ਨੂੰ ਤੇਰੀ ਸੇਵ ਕਮਾਈ, ਹਰਿ ਸਾਚਾ ਲੇਖੇ ਲਾਇੰਦਾ । ਸ਼ੰਕਰ ਤੇਰੀ ਅੰਤ ਦੁਹਾਈ, ਸਾਚਾ ਡੌਰੂ ਡੰਕ ਆਪ ਵਜਾਇੰਦਾ । ਲੱਖ ਚੁਰਾਸੀ ਵੇਖ ਵਖਾਈ, ਲੇਖਾ ਰਹਿਣ ਨਾ ਪਾਇੰਦਾ । ਕਲਜੁਗ ਕੂਕੇ ਦਏ ਦੁਹਾਈ, ਚਾਰੋਂ ਕੁੰਟ ਸਰਬ ਕੁਰਲਾਇੰਦਾ । ਵਰਨਾਂ ਬਰਨਾਂ ਪਈ ਲੜਾਈ, ਸਾਚੀ ਸਰਨ ਨਾ ਕੋਈ ਲਗਾਇੰਦਾ । ਸ਼ੱਤਰੀ ਬ੍ਰਹਮਣ ਸ਼ੂਦਰ ਵੈਸ ਮਿਲੇ ਮੇਲ ਨਾ ਸਾਚੇ ਮਾਹੀ, ਹਰਿ ਸੰਗਤ ਨਾ ਕੋਈ ਮਿਲਾਇੰਦਾ । ਨਿਥਾਵਿਆਂ ਦੇਵੇ ਨਾ ਕੋਈ ਥਾਂਈ, ਫੜ ਬਾਹੋਂ ਨਾ ਗਲੇ ਕੋਈ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਵਿਸ਼ਨੂੰ ਸੱਦਿਆ ਆਪਣੇ ਘਰ, ਬ੍ਰਹਮਾ ਹੱਥੀਂ ਲਿਆ ਫੜ, ਸ਼ੰਕਰ ਆਇਆ ਦਵਾਰੇ ਚੱਲ, ਤਿੰਨਾਂ ਮਤ ਰਿਹਾ ਸਮਝਾਈਆ । ਵਿਸ਼ਨੂੰ ਸੁਣ ਕਰ ਧਿਆਨ, ਹਰਿ ਸਾਚਾ ਆਪ ਸਮਝਾਇੰਦਾ । ਤੇਰਾ ਬਖਸ਼ੇ ਦਿਤਾ ਪੀਣ ਖਾਣ, ਚਾਰ ਜੁਗ ਜੋ ਵਰਤਾਇੰਦਾ । ਬ੍ਰਹਮਾ ਉਠ ਨੌਜਵਾਨ, ਪ੍ਰਭ ਸਾਚਾ ਭੇਵ ਖੁਲਾਇੰਦਾ । ਵੇਖਣ ਆਇਆ ਤੇਰੀ ਸੰਤਾਨ, ਲਖ ਚੁਰਾਸੀ ਡੇਰਾ ਲਾਇੰਦਾ । ਜੀਵ ਜੰਤ ਨਾਤਾ ਜੁੜਿਆ ਪੰਜ ਸ਼ੈਤਾਨ, ਸਾਚਾ ਸੰਗ ਨਾ ਕੋਈ ਰਖਾਇੰਦਾ । ਸ਼ੰਕਰ ਤੇਰੀ ਤ੍ਰਸ਼ੂਲ ਕਮਾਨ, ਪ੍ਰਭ ਸਾਚਾ ਹੱਥ ਉਠਾਇੰਦਾ । ਉਠ ਉਠ ਬਾਲ ਨਾਦਾਨ, ਵੇਲਾ ਅੰਤਮ ਆਇੰਦਾ । ਖੇਲੇ ਖੇਲੇ ਸ੍ਰੀ ਭਗਵਾਨ, ਚਾਰ ਜੁਗ ਭੇਵ ਕੋਈ ਨਾ ਪਾਇੰਦਾ । ਚੌਦਾਂ ਲੋਕਾਂ ਵੇਖ ਆਪ ਦੁਕਾਨ, ਚੌਦਾਂ ਤਬਕਾਂ ਫੋਲ ਫੁਲਾਇੰਦਾ । ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਆਪਣੀ ਕਲ ਵਰਤੇ ਆਣ, ਕਲਜੁਗ ਵੇਲਾ ਅੰਤਮ ਆਇੰਦਾ । ਏਕਾ ਫੜਿਆ ਤੀਰ ਕਮਾਨ, ਸਾਚਾ ਖੰਡਾ ਆਪ ਚਮਕਾਇੰਦਾ । ਸੋ ਪੁਰਖ ਨਿਰੰਜਨ ਹਰਿ ਮਿਹਰਬਾਨ, ਹੰ ਬ੍ਰਹਮ ਫੋਲ ਫੁਲਾਇੰਦਾ । ਨਾਤਾ ਤੁੱਟੇ ਪੀਣ ਖਾਣ, ਖਾਣਾ ਪੀਣਾ ਆਪਣੇ ਹੱਥ ਰਖਾਇੰਦਾ ।
੧੫੩ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਭੇਵ ਖੁਲਾਇੰਦਾ । ਵਿਸ਼ਨੂੰ ਬ੍ਰਹਮਾ ਸ਼ਿਵ ਚਰਨ ਦਵਾਰ, ਦੋਏ ੧੫੩
ਜੋੜ ਪਏ ਸਰਨਾਈਆ । ਪੁਰਖ ਅਬਿਨਾਸ਼ੀ ਕਿਰਪਾ ਧਰ, ਤੇਰੀ ਓਟ ਇਕ ਰਘੁਰਾਈਆ । ਤੇਰੀ ਇਛਿਆ ਭਿਛਿਆ ਸਰਬ ਸੰਸਾਰ, ਹਉਂ ਸੇਵਕ ਸੇਵਾ ਰਹੇ ਕਮਾਈਆ । ਤੇਰੀ ਭਿਛਿਆ ਵਰਤੇ ਹਰਿ ਨਿਰੰਕਾਰ, ਤੇਰੇ ਭਾਣੇ ਸਦ ਅਖਵਾਈਆ । ਤੂੰ ਪਤ ਪਤਵੰਤਾ ਹਉਂ ਤੇਰੀ ਨਾਰ, ਚਰਨ ਧੂੜ ਮਸਤਕ ਲਾਏ ਨਿਉਂ ਨਿਉਂ ਸੀਸ ਝੁਕਾਈਆ । ਬਿਨ ਹਰਿ ਤੇਰੇ ਨਾ ਦਿਸੇ ਕੋਈ ਸਹਾਰ, ਦੂਸਰ ਦਰ ਨਾ ਕੋਈ ਜਣਾਈਆ । ਤੂੰ ਦਾਤਾ ਘੜਨ ਭੰਨਣਹਾਰ, ਸਮਰਥ ਪੁਰਖ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇ ਮਤ ਰਿਹਾ ਸਮਝਾਈਆ । ਵਿਸ਼ਨੂੰ ਉਪਜਿਆ ਆਪਣੀ ਰਤ, ਬ੍ਰਹਮ ਕਵਲ ਫੁਲ ਮਹਾਨਾ । ਸ਼ੰਕਰ ਤੇਰੀ ਜਾਣੇ ਮਿਤ ਗਤ, ਗਤ ਮਿਤ ਸ੍ਰੀ ਭਗਵਾਨਾ । ਤਿੰਨਾਂ ਕਰੇ ਏਕਾ ਮਤ, ਸ਼ਬਦ ਸਰੂਪੀ ਬੰਨੇ ਗਾਨਾ । ਆਦਿ ਜੁਗਾਦੀ ਪਰਗਟ ਹੋਏ ਨਿਹਕਲੰਕ, ਨਿਤ ਨਵਿਤ ਲੋਕਮਾਤ ਖੇਲ ਮਹਾਨਾ । ਲੱਖ ਚੁਰਾਸੀ ਵੇਖੇ ਖੇਤ, ਹਰਿ ਵਡ ਕਿਰਸਾਨਾ । ਵੱਢਣਹਾਰਾ ਅਗੇਤ ਪਛੇਤ, ਆਪ ਆਪਣਾ ਬਲ ਧਰਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਧੁਰ ਫ਼ਰਮਾਣਾ । ਧੁਰ ਫ਼ਰਮਾਣ ਹਰਿ ਸੁਣਾਇਆ, ਬ੍ਰਹਮੇ ਵਿਸ਼ਨੂੰ ਕਰੇ ਜਣਾਈਆ । ਕਲਜੁਗ ਵੇਲਾ ਅੰਤਮ ਆਇਆ, ਨਾ ਸਕੇ ਕੋਈ ਬਚਾਈਆ । ਜੂਠਾ ਝੂਠਾ ਬੁਰਜ ਦਏ ਢਾਇਆ, ਥਿਰ ਕੋਈ ਰਹਿਣ ਨਾ ਪਾਈਆ । ਨਿਰਗੁਣ ਆਪਣਾ ਵੇਸ ਧਰਾਇਆ, ਨਿਰਗੁਣ ਨੂਰ ਜੋਤ ਕਰੇ ਰੁਸ਼ਨਾਈਆ । ਚਾਰੋਂ ਕੁੰਟ ਫੇਰਾ ਪਾਇਆ, ਉਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਬ੍ਰਹਮਾ ਵਿਸ਼ਨ ਸ਼ਿਵ ਦੇਵਤ ਸੁਰ ਆਪ ਉਠਾਇਆ, ਵੇਲੇ ਅੰਤਮ ਲਏ ਅੰਗੜਾਈਆ । ਰਵ ਸਸ ਨੱਸ ਨੱਸ ਪੰਧ ਮੁਕਾਇਆ, ਬਖਸ਼ੀ ਸਚ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬ੍ਰਹਮਾ ਵਿਸ਼ਨ ਸ਼ਿਵ ਲੇਖਾ ਰਿਹਾ ਸਮਝਾਈਆ । ਬ੍ਰਹਮਾ ਵਿਸ਼ਨ ਸ਼ਿਵ ਦੋਏ ਜੋੜ ਕਰੇ ਨਿਮਸਕਾਰ, ਪ੍ਰਭ ਵੱਡਾ ਵਡ ਵਡਿਆਈਆ । ਸਚਖੰਡ ਨਿਵਾਸੀ

ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸੁਣ ਪੁਕਾਰ, ਦਰ ਤੇਰੇ ਮੰਗੀ ਮੰਗ ਏਕਾ ਭਿਛਿਆ ਮੰਗ ਮੰਗਾਈਆ । ਤੇਰੀ ਖਿੜੀ ਸੱਚੀ ਗੁਲਜ਼ਾਰ, ਲੋਕਮਾਤ ਬਸੰਤ ਬਹਾਰ,
ਲੱਖ ਚੁਰਾਸੀ ਤ੍ਰੈਗੁਣ ਮਾਟੀ ਤਤ ਟਿਕਾਈਆ । ਤੂੰ ਸੱਚਾ ਘੁਮਿਆਰ, ਹਉਂ ਕੋਹਲੂ ਚੱਕ ਗੇੜਾ ਆਪੇ ਮਾਰ, ਤੂੰ ਪੱਥਣਹਾਰ ਵਾਰੋ ਵਾਰ, ਆਪੇ ਭਾਂਡੇ ਲਏ ਉਪਾਈਆ ।
ਤੇਰੀ ਵਸਤ ਸਮਰਥ ਪੁਰਖ ਕਰਤਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਖੇਲ ਖਿਲਾਈਆ । ਬ੍ਰਹਮਾ ਵਿਸ਼ਨ ਸ਼ਿਵ ਉਠ ਉਠ
ਨੇਤਰ ਆਪੇ ਖੋਲ੍ਹ, ਪ੍ਰਭੂ ਅੱਗੇ ਦੇਣ ਦੁਹਾਈਆ । ਏਕਾ ਵਸਤ ਸਾਡੇ ਕੋਲ, ਦੂਸਰ ਨਜ਼ਰ ਨਾ ਕੋਈ ਆਈਆ । ਘਟ ਘਟ ਅੰਦਰ ਰਿਹਾ ਮੌਲ, ਮੌਲਾ ਰੂਪ
ਆਪ ਹੋ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਏ ਸਮਝਾਈਆ । ਬ੍ਰਹਮਾ ਲੇਖਾ ਹਰਿ ਸਮਝਾਏ, ਸ਼ਾਹੋ ਭੂਪ ਸਿਕਦਾਰਾ ।
ਤਿੰਨਾਂ ਫੜ ਫੜ ਅੱਗੇ ਲਾਏ, ਲੋਕਮਾਤ ਵਖਾਏ ਵਾਰੋ ਵਾਰਾ । ਸਚ ਸੁਚ ਕੋਈ ਨਜ਼ਰ ਨਾ ਆਏ, ਕਲਜੁਗ ਕੂੜਾ ਦਿਸੇ ਸਰਬ ਪਸਾਰਾ । ਗੁਰ ਪੀਰ ਨਾ ਕੋਈ
ਮਨਾਏ, ਸਚ ਮੰਦਰ ਨਾ ਗੁਰੂਦਵਾਰਾ । ਸਾਚਾ ਰੰਗ ਨਾ ਕੋਈ ਚੜ੍ਹਾਏ, ਨਾ ਕੋਈ ਦਿਸੇ ਸਚ ਲਲਾਰਾ । ਭਗਤ ਭਗਵੰਤ ਨਾ ਮੇਲ ਮਿਲਾਏ, ਸਾਧ ਸੰਤ ਹੋਏ
ਅਵਾਰਾ । ਨਾਰੀ ਕੰਤ ਨਾ ਕੋਈ ਹੰਢਾਏ, ਨਾਰ ਦੁਹਾਗਣ ਹੋਏ ਵਿਭਚਾਰਾ । ਚਾਰੋਂ ਕੁੰਟ ਅੰਧੇਰਾ ਛਾਏ, ਨਾ ਦਿਸੇ ਰਵ ਸਸ ਸਤਾਰਾ । ਰਾਮ ਕ੍ਰਿਸ਼ਨ ਨਾ
ਕੋਈ ਧਿਆਏ, ਪਾਏ ਮੇਲ ਨਾ ਘਰ ਨਿਰੰਕਾਰਾ । ਸੰਗ ਮੁਹੰਮਦ ਨਾ ਕੋਈ ਮਿਲਾਏ, ਨਾਤਾ ਤੁਟਾ ਚਾਰ ਯਾਰਾ । ਅੱਲਾ ਰਾਣੀ ਦਏ ਦੁਹਾਏ, ਉਚੀ ਕੂਕੇ ਕਰੇ
ਪੁਕਾਰਾ । ਸਤਿਨਾਮ ਨਾ ਕੋਈ ਅਲਾਏ, ਸਤਿ ਸਤਿ ਨਾ ਕੋਈ ਜੈਕਾਰਾ । ਗੁਰੂ ਕੀ ਫਤਿਹ ਨਾ ਕੋਈ ਵਖਾਏ, ਸ੍ਰਿਸ਼ਟ ਸਬਾਈ ਧੂਆਂਧਾਰਾ । ਸਾਚਾ ਚੰਦ ਨਾ
 ਕੋਈ ਚੜ੍ਹਾਏ, ਗੁਰ ਗੋਬਿੰਦ ਬਣਿਆ ਸਚ ਲਿਖਾਰਾ । ਸਾਚਾ ਲੇਖਾ ਦਏ ਜਣਾਏ, ਕਲਜੁਗ ਅੰਤਮ ਪ੍ਰਗਟ ਹੋਏ ਨਿਹਕਲੰਕ ਨਰਾਇਣ ਨਰ ਅਵਤਾਰਾ । ਸੰਬਲ ੧੫੪
ਨਗਰ ਡੇਰਾ ਲਾਏ, ਉਚ ਮਹੱਲਾ ਇਕ ਇਕੱਲਾ ਸਚ ਤਖਤ ਬੈਠ ਸੱਚੀ ਸਰਕਾਰਾ । ਸਾਚਾ ਅਦਲ ਕਮਾਏ, ਬ੍ਰਹਮਾ ਵਿਸ਼ਨ ਸ਼ਿਵ ਫੜ ਖਿਚ ਬਹਾਏ ਚਰਨ ਦਵਾਰਾ ।
ਏਕਾ ਹੁਕਮ ਸੁਣਾਏ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣਾ ਲਹਿਣਾ ਦਏ ਮੁਕਾਏ । ਬ੍ਰਹਮਾ ਵਿਸ਼ਨ ਸ਼ਿਵ
ਕਰ ਤਿਆਰ, ਪ੍ਰਭ ਆਪਣੇ ਸੰਗ ਰਖਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਨਰ ਨਿਰੰਕਾਰ ਆਪ ਕਰਾਈਆ । ਨਿਹਕਲੰਕ ਲਏ ਅਵਤਾਰ, ਲੋਕਮਾਤ
ਕਰੇ ਰੁਸ਼ਨਾਈਆ । ਕਲਜੁਗ ਬੇੜਾ ਡੁੱਬੇ ਵਿਚ ਮੰਝਧਾਰ, ਏਕਾ ਧੱਕਾ ਦੇਵੇ ਲਾਈਆ । ਸਤਿਜੁਗ ਸਾਚਾ ਕਰੇ ਤਿਆਰ, ਘਰ ਸਾਚੇ ਵੇਖ ਵਖਾਈਆ । ਧਰਤ
ਮਾਤ ਦੀ ਸੁਣੇ ਪੁਕਾਰ, ਨੇਤਰ ਰੋ ਰੋ ਰਹੀ ਕੁਰਲਾਈਆ । ਖੁਲੜੇ ਕੇਸ ਧਾਹਾਂ ਰਹੀ ਮਾਰ, ਚਾਰੋਂ ਕੁੰਟ ਨੈਣ ਉਠਾਈਆ । ਸੰਤ ਭਗਤ ਨਾ ਮੀਤ ਮੁਰਾਰ, ਗੁਰਮੁਖ
ਨਜਰ ਕੋਇ ਨਾ ਆਈਆ । ਸੰਸਾਰ ਸੁਖ ਪਸਰਿਆ ਸਰਬ ਸੰਸਾਰ, ਰੰਗ ਰਲੀਆਂ ਰਿਹਾ ਮਨਾਈਆ । ਤੀਰਥ ਤਟ ਹੋਏ ਖਵਾਰ, ਧੀਆਂ ਭੈਣਾਂ ਰਹੇ ਤਕਾਈਆ ।
ਗੁਰ ਦਰ ਮੰਦਰ ਮਸਜਦ ਮਠ ਸ਼ਿਵਦਵਾਲਾ ਹਾਹਾਕਾਰ, ਸਚ ਧਰਮ ਨਾ ਕੋਈ ਕੁੜਮਾਈਆ । ਗੁਰ ਮੰਦਰ ਅੰਦਰ ਜੂਠ ਝੂਠ ਕਰਨ ਅਹਾਰ, ਸਾਚਾ ਰਸਨਾ ਨਾਮ
ਨਾ ਲਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਹਰਿ ਕਾ ਭੇਵ ਕੋਈ ਨਾ ਪਾਈਆ । ਪੰਡਤ ਪਾਂਧੇ ਨਾ ਕਰਨ ਵਿਚਾਰ, ਜੋਤ ਲਿਲਾਟੀ ਨਾ ਤਿਲਕ ਲਗਾਈਆ ।
ਆਪੇ ਡਿਗੇ ਡੂੰਘੀ ਗਾਰ, ਸ਼ਾਸਤਰ ਸਿਮਰਤ ਦਏ ਗਵਾਹੀਆ । ਮੁਲਾ ਸ਼ੇਖ਼ ਮੁਸਾਇਕ ਪੀਰ ਰਹੇ ਝੱਖ ਮਾਰ, ਸਾਚਾ ਸਾਲਸ ਕੋਈ ਨਜ਼ਰ ਨਾ ਆਈਆ । ਉਮਤੀ
ਉਮਤ ਰਹੀ ਲਲਕਾਰ, ਸੰਮਤ ਸੰਮਤੀ ਦਏ ਦੁਹਾਈਆ । ਖਾਲਸ ਖਾਲਸਾ ਦਿਸੇ ਨਾ ਵਿਚ ਸੰਸਾਰ, ਜਿਸ ਮਿਲਿਆ ਗੋਬਿੰਦ ਸਾਚਾ ਮਾਹੀਆ । ਅੱਠੇ ਪਹਿਰ
ਨਾ ਦਰਸ ਨਿਰੰਕਾਰ, ਭੁੱਲੀ ਸਰਬ ਲੁਕਾਈਆ । ਰਾਮ ਨਾ ਮਿਲਿਆ ਮੀਤ ਮੁਰਾਰ, ਸੁਰਤ ਸਵਾਣੀ ਸੀਤਾ ਰਹੀ ਕੁਰਲਾਈਆ । ਰਾਧਾ ਕ੍ਰਿਸ਼ਨ ਨਾ ਕਰਿਆ

ਸਚ ਪਿਆਰ, ਨਾਮ ਬੰਸਰੀ ਨਾ ਕੋਈ ਵਜਾਈਆ । ਉਚੀ ਕੂਕਨ ਕਰਨ ਗਿਆਨ, ਹਰਿ ਕਾ ਧਿਆਨ ਨਾ ਕੋਈ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬ੍ਰਹਮਾ ਵਿਸ਼ਨ ਸ਼ਿਵ ਤੇਰੀ ਦੁਕਾਨ, ਪ੍ਰਗਟ ਹੋ ਭਗਵਾਨ, ਸਰਬ ਜੀਆਂ ਦਾ ਜਾਣੀ ਜਾਣ, ਜਾਨਣਹਾਰ ਵਡ ਵਡਿਆਈਆ । ਬ੍ਰਹਮਾ ਵਿਸ਼ਨ ਸ਼ਿਵ ਕਰ ਸਲਾਹ, ਤਿੰਨਾਂ ਮਤਾ ਪਕਾਇਆ । ਪੁਰਖ ਅਬਿਨਾਸ਼ੀ ਬੇਪ੍ਰਵਾਹ, ਤੇਰਾ ਭੇਦ ਕਿਸੇ ਨਾ ਪਾਇਆ । ਜੁਗ ਜੁਗ ਬਣੇ ਜਗਤ ਮਲਾਹ, ਜਾਗਰਤ ਜੋਤ ਕਰੇ ਰੁਸ਼ਨਾਇਆ । ਆਪਣਾ ਨਾਉਂ ਨਰਾਇਣ ਧਰਾ, ਨਰ ਨਿਰੰਕਾਰਾ ਆਪ ਅਖਵਾਇਆ । ਕਾਗੋਂ ਹੰਸ ਦਏ ਬਣਾ, ਜਿਸ ਜਨ ਅਪਣੀ ਦਯਾ ਕਮਾਇਆ । ਤੂੰ ਦਾਤਾ ਹਉਂ ਡਿਗੇ ਸਰਨਾ, ਬਖਸ਼ਣਹਾਰ ਬੇਪਰਵਾਹਿਆ । ਅਸੀਂ ਬਣਨ ਆਏ ਗਵਾਹ, ਕਲਜੁਗ ਵੇਲਾ ਵੇਖ ਵਖਾਇਆ । ਅਠਸਠ ਤੀਰਥ ਤੇਰੇ ਪਿਛੇ ਪਿਛੇ ਫੇਰਾ ਆਏ ਪਾ, ਤੇਰੀ ਧੂੜੀ ਮਸਤਕ ਟਿੱਕਾ ਲਾਈਆ । ਤ੍ਰਬੈਣੀ ਨੈਣੀ ਵੇਖਿਆ ਏਕਾ ਥਾਂ, ਜਮਨਾ ਸੁਰਸਤੀ ਗੰਗਾ ਰਹੀ ਰਾਹ ਤਕਾਇਆ । ਆਪ ਪਕੜੀ ਜਾ ਜਾ ਬਾਂਹ, ਆਪ ਅਪਣਾ ਖੇਲ ਖਿਲਾਇਆ । ਜਗਤ ਸਿਖਿਆ ਦਏ ਸੁਣਾ, ਨੌ ਸੌ ਚੁਰਾਨਵੇ ਚੌਕੜੀ ਜੁਗ ਤੇਰਾ ਅੰਤਮ ਪੰਧ ਮੁਕਾਇਆ । ਇਕੀ ਸਿਖੀ ਨਾਲ ਲਏ ਰਲਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵਿਛੜੇ ਮੇਲ ਮਿਲਾਇਆ । ਸਮਰਥ ਪੁਰਖ ਸਿਰ ਰੱਖੇ ਹੱਥ ਦੇ ਕਰ ਠੰਡੀ ਛਾਂ, ਆਪ ਆਪਣੇ ਰੰਗ ਰੰਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਾਉਂ ਰਖਾਇਆ । ਨਿਹਕਲੰਕ ਸੂਰਬੀਰ ਬਲੀ ਬਲਵਾਨ, ਬ੍ਰਹਮਾ ਵਿਸ਼ਨ ਸ਼ਿਵ ਰਹੇ ਧਿਆਈਆ । ਆਪੇ ਰਾਮ ਕ੍ਰਿਸ਼ਨ ਬਣ ਬਣ ਆਏ ਕਾਹਨ, ਆਪੇ ਈਸਾ ਮੂਸਾ, ਸੇਵਾ ਲਾਈਆ । ਆਪੇ ਸੰਗ ਮੁਹੰਮਦ ਹੋ ਪ੍ਰਧਾਨ, ਅੱਲਾ ਰਾਣੀ ਲਏ ਪ੍ਰਨਾਈਆ । ਆਪੇ ਨਾਨਕ ਦੇਵੇ ਇਕ ਨਿਸ਼ਾਨ, ਦੋ ਜਹਾਨ ਦਏ ਝੁਲਾਈਆ । ਏਕਾ ਗੋਬਿੰਦ ਬਖਸ਼ੇ ਤੀਰ ਕਮਾਨ, ਖੜਗ ਖੰਡਾ ਨਾਉਂ ਧਰਾਈਆ । ਆਪੇ ਦੇਵੇ ਸਾਚਾ ਦਾਨ, ਦਾਤਾ ਦਾਨੀ ਵਡ ਵਡਿਆਈਆ । ਆਪੇ ਪੂਤ ਸਪੂਤਾ ਕਰ ਕੁਰਬਾਨ, ਆਪਣੀ ਭੇਟਾ ਆਪ ਚੜ੍ਹਾਈਆ । ਆਪੇ ਦੇਵੇ ਦਰਗਾਹ ਮਾਣ, ਦਰ ਘਰ ਸਾਚੇ ਵੱਜੀ ਵਧਾਈਆ । ਆਪੇ ਲੱਖ ਚੁਰਾਸੀ ਚੁਕਾਏ ਕਾਨ, ਆਪੇ ਉਤਪਤ ਦਏ ਕਰਾਈਆ । ਆਪੇ ਜੁਗ ਜੁਗ ਵੇਖੇ ਮਾਰ ਧਿਆਨ, ਆਪ ਆਪਣੀ ਸੇਵ ਕਮਾਈਆ । ਕਲਜੁਗ ਵੇਲਾ ਅੰਤਮ ਆਇਆ, ਪੁਰਖ ਅਬਿਨਾਸ਼ੀ ਹੋਇਆ ਨਿਗਹਬਾਨ, ਨੇਤਰ ਨੈਣ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬ੍ਰਹਮਾ ਵਿਸ਼ਨ ਸ਼ਿਵ ਸੱਦੇ ਦਰ ਦਵਾਰ, ਦਰ ਦਰਵਾਜ਼ਾ ਆਪ ਖੁਲਾਈਆ । ਦਰ ਦਰਵਾਜ਼ਾ ਗਰੀਬ ਨਿਵਾਜ਼ਾ ਹਰਿ ਸੱਜਣ ਆਪ ਖੁਲਾਇੰਦਾ । ਲੱਖ ਚੁਰਾਸੀ ਤੇਰਾ ਰਚਿਆ ਕਾਜਾ, ਆਪ ਅਪਣਾ ਮੰਗਲ ਗਾਇੰਦਾ । ਨਾਲ ਵਜਾਏ ਅਨਹਦ ਵਾਜਾ, ਧੁਨੀ ਨਾਦ ਆਪ ਵਜਾਇੰਦਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਫਿਰੇ ਭਾਜਾ, ਦਿਸ ਕਿਸੇ ਨਾ ਆਇੰਦਾ । ਗੁਰਮੁਖ ਉਠਾਏ ਮਾਰ ਵਾਜਾਂ, ਲੱਖ ਚੁਰਾਸੀ ਵਿਚੋਂ ਫੋਲ ਫੁਲਾਇੰਦਾ । ਪੰਜ ਤਤ ਰਖਾਈ ਨਕਾਬਾ, ਆਪਣਾ ਮੁਖ ਆਪ ਛੁਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਬ੍ਰਹਮਾ ਵਿਸ਼ਨ ਸ਼ਿਵ ਤੇਰੀ ਕੀਮਤ ਕਰਤਾ ਆਪੇ ਤੇਰੀ ਝੋਲੀ ਪਾਇੰਦਾ । ਵਿਸ਼ਨੂੰ ਤੇਰਾ ਮੂਲ ਚੁਕਾਵਨਾ, ਲੱਖ ਚੁਰਾਸੀ ਸੇਵ ਕਮਾਈਆ, ਬ੍ਰਹਮੇ ਲੇਖਾ ਆਪਣਾ ਪਾਵਣਾ, ਲਿਖ ਲਿਖ ਲੇਖਾ ਦਏ ਮੁਕਾਈਆ । ਸ਼ੰਕਰ ਤੇਰਾ ਪੰਧ ਮੁਕਾਵਨਾ, ਦੂਰ ਦੁਰਾਡੇ ਵਾਟ ਨੇੜੇ ਆਈਆ । ਸੁਰਪਤ ਰਾਜਾ ਇੰਦ ਤਖਤੋਂ ਲਾਹਵਣਾ, ਜਗਤ ਮਨਵੰਤਰ ਦਏ ਗਵਾਹੀਆ । ਕ੍ਰੋੜ ਤੇਤੀਸਾ ਜਨਮ ਦਵਾਵਣਾ, ਲੋਕਮਾਤ ਵੱਡੀ ਵਡਿਆਈਆ । ਨੌ ਖੰਡ ਪ੍ਰਿਥਮੀ ਵੇਸ ਵਟਾਵਨਾ, ਸੱਤਾਂ ਦੀਪਾਂ ਜੋਤ ਰੁਸ਼ਨਾਈਆ । ਲੱਖ ਚੁਰਾਸੀ ਤੇਲ ਚੜ੍ਹਾਵਣਾ, ਸਾਚੀ ਸਖੀਆਂ ਮੰਗਲ ਗਾਈਆ । ਜਗਤ ਵੇਲਾ ਅੰਤ ਵਖਾਵਨਾ, ਘੜਨ ਭੰਨਣਹਾਰ ਬੇਪਰਵਾਹੀਆ । ਸ਼ਾਹ ਸੁਲਤਾਨ ਕੋਈ ਨਜ਼ਰ ਨਾ ਆਵਨਾ, ਸੀਸ ਤਾਜ ਨਾ ਕੋਈ

੧੫੫

ਟਿਕਾਈਆ । ਹਿੰਦੂ ਮੁਸਲਮ ਸਿੱਖ ਈਸਾਈ ਨਾ ਕਿਸੇ ਅਖਵਾਵਨਾ, ਏਕਾ ਬ੍ਰਹਮ ਜਣਾਈਆ । ਏਕਾ ਅੱਖਰ ਸਰਬ ਪੜ੍ਹਾਵਨਾ, ਸੋ ਪੁਰਖ ਨਿਰੰਜਨ ਸਚ ਪੜ੍ਹਾਈਆ । ਸਚ ਦਵਾਰਾ ਇਕ ਖੁਲਾਵਨਾ, ਚਾਰ ਵਰਨਾਂ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਤੇਰਾ ਲੇਖਾ ਦਏ ਮੁਕਾਈਆ । ਤੇਰਾ ਲੇਖਾ ਕਲਜੁਗ ਜਾਣਾ ਮੁੱਕ, ਵੇਲਾ ਅੰਤਮ ਆਇੰਦਾ । ਲਖ ਚੁਰਾਸੀ ਬੂਟਾ ਜਾਣਾ ਸੁੱਕ, ਹਰਿਆ ਅੰਮ੍ਰਿਤ ਸਿੰਚ ਨਾ ਕੋਈ ਕਰਾਇੰਦਾ । ਚਾਰ ਕੁੰਟਾਂ ਮਨਮੁਖ ਮੁਖ ਪੈਣਾ ਥੁੱਕ, ਗੁਰ ਪੀਰ ਨਾ ਕੋਏ ਬਚਾਇੰਦਾ । ਠੱਗ ਚੋਰ ਯਾਰ ਸੋ ਬੈਠੇ ਲੁਕ ਲੁਕ, ਫੜ ਬਾਹੋਂ ਬਾਹਰ ਕਢਾਇੰਦਾ । ਹਰਿ ਕਾ ਭਾਣਾ ਨਾ ਜਾਏ ਰੁਕ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਬੈਠੇ ਝੁਕ, ਚਰਨ ਧਿਆਨ ਰਖਾਇੰਦਾ । ਧਰਤ ਮਾਤ ਸੁੱਖਣਾ ਰਹੀ ਸੁੱਖ, ਸਾਚਾ ਸਗਨ ਇਕ ਮਨਾਇੰਦਾ । ਪੁਰਖ ਅਬਿਨਾਸ਼ੀ ਕਵਣ ਵੇਲੇ ਮੇਰੀ ਸੁਫਲੀ ਕਰੇ ਕੁੱਖ, ਹਰਿਜਨ ਸਾਚੇ ਮੇਰੀ ਗੋਦ ਬਹਾਇੰਦਾ । ਮੇਰੀ ਜੁਗਾਂ ਜੁਗਾਂ ਦੀ ਮੇਟੇ ਤ੍ਰਿਸ਼ਨਾ ਭੁਖ, ਸਾਚੇ ਨੇਤਰ ਦਰਸ ਵਖਾਇੰਦਾ । ਉਜਲ ਹੋਵੇ ਮੇਰਾ ਮੁਖ, ਕਲਜੁਗ ਛਾਹੀ ਆਪ ਧੁਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਰੰਗ ਰੰਗਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਕਰ ਧਿਆਨ, ਚਾਰ ਕੁੰਟ ਵੇਖ ਵਖਾਇਆ । ਕਲਜੁਗ ਅੰਤਮ ਪ੍ਰਗਟ ਹੋਇਆ ਹਰਿ ਭਗਵਾਨ, ਨਿਹਕਲੰਕਾ ਨਾਉਂ ਧਰਾਇਆ । ਸੰਬਲ ਨਗਰੀ ਸਚ ਮਕਾਨ, ਨਿਰਗੁਣ ਆਪਣਾ ਆਸਣ ਲਾਇਆ । ਸਰਗੁਣ ਸਾਢੇ ਤਿੰਨ ਹੱਥ ਮਕਾਨ, ਆਪ ਅਪਣੀ ਬਣਤ ਬਣਾਇਆ । ਨਾ ਕੋਈ ਬਾਢੀ ਘੜੇ ਤਰਖਾਣ, ਘੜਣਹਾਰਾ ਆਪ ਬਣ ਜਾਇਆ । ਰਕਤ ਬੂੰਦ ਨਾ ਕੋਈ ਪਵਣ ਮਸਾਣ, ਅਪ ਤੇਜ ਵਾਏ ਪ੍ਰਿਥਮੀ ਅਕਾਸ਼

੧੫੬ ਖੇਲ ਰਚਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਦਰ ਸੁਹਾਇਆ । ਦਰ ਸੁਹੰਜਣਾ ਹਰਿ ਭਗਵਾਨ, ਹਰਿ ਸਾਚਾ ਆਪ ੧੫੬

ਸੁਹਾਇੰਦਾ । ਆਦਿ ਨਿਰੰਜਨ ਖੇਲ ਮਹਾਨ, ਜੋਤ ਨਿਰੰਜਨ ਡਗਮਗਾਇੰਦਾ । ਸਚਖੰਡ ਦਵਾਰ ਇਕ ਮਕਾਨ, ਥਿਰ ਘਰ ਵਾਸੀ ਆਪ ਸੁਹਾਇੰਦਾ । ਦੇਵਣਹਾਰਾ ਸਾਚਾ ਦਾਨ, ਸਾਚੀ ਵਸਤ ਝੋਲੀ ਪਾਇੰਦਾ । ਸ਼ਬਦ ਅਗੰਮੀ ਸੁਣਾਏ ਕਾਨ, ਲਿਖਤ ਪੜ੍ਹਨ ਵਿਚ ਨਾ ਆਇੰਦਾ । ਲੇਖਾ ਜਾਣੇ ਦੋ ਜਹਾਨ, ਲੋਕਮਾਤ ਵੇਸ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਬ੍ਰਹਮੇ ਫੁਲਵਾੜੀ ਵੇਖਣਹਾਰਾ ਸਤਾਰਾ ਹਾੜੀ, ਆਪ ਅਪਣੀ ਰਚਨ ਰਚਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਲਾ ਫੁਲਵਾੜੀ, ਸੇਵਾ ਰਹੇ ਕਮਾਈਆ । ਅੰਮ੍ਰਿਤ ਪਾਣੀ ਦੇਣ ਵਾਰੋ ਵਾਰੀ, ਪ੍ਰਭਾਤ ਸੰਧਿਆ ਨਾ ਕੋਈ ਜਣਾਈਆ । ਤ੍ਰੈਗੁਣ ਮਾਇਆ ਬਣੀ ਸਚ ਕਿਆਰੀ, ਪੰਜ ਤਤ ਬੂਟਾ ਦੇਵੇ ਲਾਈਆ । ਲੱਖ ਚੁਰਾਸੀ ਕਰ ਤਿਆਰੀ, ਸਾਚੀ ਪੰਖੜੀਆਂ ਮਹਿਕ ਮਹਿਕਾਈਆ । ਡੂੰਘੀ ਕੁੰਦਰ ਗੁਫਾ ਖੇਲ ਨਿਆਰੀ, ਭਵਰ ਭਵਰ ਗੁਫਾ ਬੈਠਾ ਆਸਣ ਲਾਈਆ । ਆਪੇ ਜਾਣੇ ਖੇਲ ਨਿਆਰੀ, ਖੇਲਣਹਾਰ ਦਿਸ ਨਾ ਆਈਆ । ਜੋਧਾ ਸੂਰਬੀਰ ਬਲੀ ਬਲਕਾਰੀ, ਸ਼ਸਤਰਧਾਰੀ ਇਕ ਅਖਵਾਈਆ । ਨਾਮ ਖੰਡਾ ਤੇਜ ਕਟਾਰੀ, ਬ੍ਰਹਿਮੰਡਾਂ ਆਪ ਚਮਕਾਈਆ । ਆਦਿ ਜੁਗਾਦਿ ਨਾ ਗਿਆ ਹਾਰੀ, ਪਾਸਾ ਹਾਰ ਨਾ ਕੋਈ ਰਖਾਈਆ । ਵੇਖਣਹਾਰ ਸਰਬ ਸੰਸਾਰੀ, ਸਤਿਗੁਰ ਪੂਰਾ ਨਾਉਂ ਧਰਾਈਆ । ਆਪੇ ਹੋਏ ਜਗਤ ਜੁਆਰੀ, ਠੱਗ ਚੋਰ ਯਾਰੀ ਆਪ ਕਰਾਈਆ । ਆਪੇ ਕਰਨਹਾਰ ਖ਼ੁਵਾਰੀ, ਆਪ ਅਪਣਾ ਮੇਲ ਮਿਲਾਈਆ । ਆਪੇ ਚੀਰੇ ਧਰ ਧਰ ਆਰੀ, ਦੋ ਜਹਾਨਾ ਵਖ ਵਖ ਕਰਾਈਆ । ਆਪੇ ਤਿੰਨਾਂ ਲੋਕਾਂ ਕਰੇ ਸਿਕਦਾਰੀ, ਤ੍ਰਲੋਕੀ ਨੰਦ ਦਏ ਵਡਿਆਈਆ । ਆਪੇ ਸਚ ਘਰ ਬੈਠਾ ਜੋਤ ਨਿਰੰਕਾਰੀ, ਨਿਰਗੁਣ ਨੂਰ ਕਰ ਰੁਸ਼ਨਾਈਆ । ਆਪੇ ਸਚ ਤਖਤ ਸੁਲਤਾਨ ਵਡ ਸਿਕਦਾਰੀ, ਸ਼ਾਹ ਭੂਪ ਆਪ ਅਖਵਾਈਆ । ਆਪੇ ਕਰੇ ਪਸਰ ਪਸਾਰੀ, ਮੇਟਣਹਾਰ ਆਪ ਹੋ ਜਾਈਆ । ਕਲਜੁਗ ਤੇਰੀ ਵੇਖਣ ਆਇਆ ਆਪ ਫੁਲਵਾੜੀ, ਬ੍ਰਹਮਾ ਵਿਸ਼ਨ ਸ਼ਿਵ ਜੋ ਮਾਤ ਲਗਾਈਆ । ਪਾਵੇ ਸਾਰ ਮੂੰਡ ਮੁੰਡਾਏ

ਵੇਖਣਹਾਰ ਮੁੱਛ ਦਾੜ੍ਹੀ, ਸੀਸ ਜਗਦੀਸ਼ ਭੇਵ ਚੁਕਾਈਆ । ਜਾਣੇ ਸਾਰ ਬਹੱਤਰ ਨਾੜੀ, ਤਿੰਨ ਸੋ ਸੱਠ ਹਾਡੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਕਲਜੁਗ ਤੇਰੀ ਅਚਰਜ ਵਰਤੇ ਖੇਲ ਆਪ ਰਘੁਰਾਈਆ । ਲੱਖ ਚੁਰਾਸੀ ਬੂਟਾ ਕਰ ਤਿਆਰ, ਬ੍ਰਹਮਾ ਵਿਸ਼ਨ ਸ਼ਿਵ ਖੁਸ਼ੀ ਰਹੇ ਮਨਾਈਆ । ਤ੍ਰੈਗੁਣ ਮਾਇਆ ਬੰਨ ਦਸਤਾਰ, ਪੰਚਮ ਗਾਇਣ ਚਾਈਂ ਚਾਈਆ । ਕਲਜੁਗ ਮਿਲਿਆ ਨਾਮ ਸਿਕਦਾਰ, ਸਾਚਾ ਹੁਕਮ ਰਿਹਾ ਸੁਣਾਈਆ । ਜੂਠ ਝੂਠ ਕਰੀ ਖਬਰਦਾਰ, ਏਕਾ ਖੰਡਾ ਹੱਥ ਫੜਾਈਆ । ਮਾਇਆ ਮਮਤਾ ਨਾਰ ਮੁਟਿਆਰ, ਜੀਵ ਜੰਤ ਲਏ ਪ੍ਰਨਾਈਆ । ਕਾਮ ਕ੍ਰੋਧ ਲੋਭ ਮੋਹ ਹੰਕਾਰ, ਬਸਤਰ ਗਹਿਣੇ ਤਨ ਸਜਾਈਆ । ਆਸਾ ਤ੍ਰਿਸ਼ਨਾ ਕੱਜਲ ਧਾਰ, ਨੇਤਰ ਨੈਣ ਰਹੀ ਮਟਕਾਈਆ । ਘਰ ਘਰ ਫਿਰੇ ਵਾਰੋ ਵਾਰ, ਕਾਮਨੀ ਕਾਮ ਰੂਪ ਵਟਾਈਆ । ਸ਼ਾਹ ਸੁਲਤਾਨਾਂ ਕਰੇ ਖ਼ਵਾਰ, ਸਾਧਾਂ ਸੰਤਾਂ ਮਤ ਗਵਾਈਆ । ਧੀਰਜ ਜਤ ਸਤਿ ਖਿਚੇ ਸੰਸਾਰ, ਬ੍ਰਹਮ ਮਤ ਨਾ ਕੋਈ ਰਖਾਈਆ । ਰਤੀ ਰਤ ਨਾ ਰਹੇ ਨਾੜ ਨਾੜ, ਚਾਰੋਂ ਕੁੰਟ ਪਈ ਦੁਹਾਈਆ । ਕਲਜੁਗ ਅੰਤਮ ਕਰ ਵਿਚਾਰ, ਪਾਰਬ੍ਰਹਮ ਦਯਾ ਕਮਾਈਆ । ਗੁਰ ਗੋਬਿੰਦ ਮੇਲਾ ਮੀਤ ਮੁਰਾਰ, ਪੁਰਖ ਅਕਾਲ ਵਡਿਆਈਆ । ਦੀਨ ਦਿਆਲ ਹੋ ਤਿਆਰ, ਸਾਚੀ ਧਰਮਸਾਲ ਦਏ ਸੁਹਾਈਆ । ਹਰਿ ਮੰਦਰ ਸਾਚਾ ਵੇਖ ਵਿਚਾਰ, ਬੈਠਾ ਆਸਣ ਲਾਈਆ । ਸ਼ਬਦ ਡੰਕਾ ਅਪਰ ਅਪਾਰ, ਆਪਣਾ ਰਿਹਾ ਵਜਾਈਆ । ਰਾਓ ਰੰਕਾਂ ਕਰੇ ਖਬਰਦਾਰ, ਸੋਇਆ ਕੋਈ ਰਹਿਣ ਨਾ ਪਾਈਆ । ਚਾਰੋਂ ਕੁੰਟ ਖਿਜਾ ਬਹਾਰ, ਰੁਤ ਬਸੰਤ ਨਾ ਕੋਈ ਵਖਾਈਆ । ਨਾਰੀ ਕੰਤ ਨਾ ਕੋਈ ਭਤਾਰ, ਸਾਚੀ ਸੇਜ ਨਾ ਕੋਈ ਹੰਢਾਈਆ । ਹਰਿ ਭਗਤ ਨਾ ਕਰੇ ਕੋਈ ਸ਼ੰਗਾਰ, ਨਾਮ ਦੋਸ਼ਾਲਾ ਉਪਰ ਪਾਈਆ । ਸੰਤ ਸਹੇਲੇ ਨਾ ਕੋਈ ਅਧਾਰ, ਗੁਰੂ ਚੇਲੇ ਨਾ ਵੇਖ ਵਖਾਈਆ । ਗੁਰਮੁਖ ਨਾ ਭਰੇ ਕੋਈ ਭੰਡਾਰ, ਨਾਮ ਭੰਡਾਰ ਨਾ ਕੋਈ ਵਰਤਾਈਆ । ਸਿਖੀ ਸਿਦਕ ਗਏ ਹਾਰ, ਸਿਖੀ ਸਿਖਿਆ ਹੱਥ ਨਾ ਆਈਆ । ਲੇਖਾ ਲਿਖ ਨਾ ਸਕੇ ਕੋਈ ਕਰਤਾਰ, ਖਾਣੀ ਬਾਣੀ ਦਏ ਦੁਹਾਈਆ । ਪਰਾ ਪਸੰਤੀ ਮਧਮ ਬੈਖਰੀ ਏਕਾ ਧਾਰ, ਚਾਰੇ ਖਾਣੀ ਵੇਖ ਵਖਾਈਆ । ਸਾਚਾ ਹਾਣੀ ਹਰਿ ਨਰ ਨਿਰੰਕਾਰ, ਨਾ ਦੇਵੇ ਕੋਈ ਸਲਾਹੀਆ । ਅੰਮ੍ਰਿਤ ਪਾਣੀ ਠੰਡਾ ਠਾਰ, ਭਰ ਪਿਆਲਾ ਨਾ ਕੋਈ ਪਿਆਈਆ । ਬ੍ਰਹਮਾ ਵਿਸ਼ਨ ਸ਼ਿਵ ਤੇਰੀ ਸੁਣ ਪੁਕਾਰ, ਹਰਿ ਸਾਚਾ ਲਏ ਅੰਗੜਾਈਆ । ਨੌਂ ਖੰਡ ਪ੍ਰਿਥਮੀ ਵੇਖ ਗੁਲਜ਼ਾਰ, ਸਾਚੇ ਬੂਟੇ ਵੇਖਣ ਆਈਆ । ਮਾਲਣ ਬਣੀ ਜੋਤ ਨਿਰੰਕਾਰ, ਨਿਰਗੁਣ ਖਾਰੀ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਵੇਖ ਵਖਾਈਆ । ਨਿਰਗੁਣ ਜੋਤ ਨੂਰ ਅਕਾਲਣ, ਏਕ ਏਕਾ ਰੰਗ ਸਮਾਈਆ । ਅਜੂਨੀ ਰਹਿਤ ਦੀਨ ਦਿਆਲਣ, ਦੀਨਾਂ ਬੰਧਪ ਵਡ ਵਡਿਆਈਆ । ਜੁਗ ਜੁਗ ਸੰਤ ਸੁਹੇਲੇ ਲੋਕਮਾਤ ਚਲੇ ਭਾਲਣ, ਆਪ ਅਪਣਾ ਰੂਪ ਵਟਾਈਆ । ਸਤਿਜੁਗ ਤ੍ਰੇਤਾ ਦੁਆਪਰ ਕਰਿਆ ਪਾਲਣ, ਹਰਿਜਨ ਸਾਚੇ ਲਏ ਤਰਾਈਆ । ਕਲਜੁਗ ਖੇਲ ਅੰਤ ਮਹਾਨਣ, ਮਹਿਮਾ ਗਣਤ ਗਣੀ ਨਾ ਜਾਈਆ । ਧਾਰੇ ਭੇਖ ਬਲ ਬਲ ਬਾਵਨ, ਵਲ ਛਲ ਧਾਰੀ ਭੇਵ ਨਾ ਰਾਈਆ । ਚਾਰ ਵਰਨ ਨਾ ਕੋਈ ਪਛਾਨਣ, ਨੇਤਰ ਨੈਣ ਨਾ ਕੋਈ ਖੁਲਾਈਆ । ਆਤਮ ਅੰਤਰ ਨਾ ਦਿਸੇ ਬ੍ਰਹਮ ਗਿਆਨਣ, ਪਾਰਬ੍ਰਹਮ ਨਾ ਮੇਲ ਮਿਲਾਈਆ । ਨਜ਼ਰ ਨਾ ਆਏ ਹਰਿ ਹਰਿ ਕਾਨ੍ਹਣ, ਮਕੰਦ ਮਨੋਹਰ ਲਖ਼ਮੀ ਨਰਾਇਣ, ਏਕਾ ਨੈਣ ਨਾ ਕੋਈ ਦਸਾਈਆ । ਸੀਤਾ ਰਾਮ ਨਾ ਕੋਈ ਪਛਾਨਣ, ਮਨ ਰਾਵਣ ਦਏ ਦੁਹਾਈਆ । ਨਾਨਕ ਨਿਰਗੁਣ ਨਾ ਬਣਾਏ ਕੋਈ ਜ਼ਾਮਨ, ਵੇਲੇ ਅੰਤ ਦਏ ਛੁਡਾਈਆ । ਗੁਰ ਗੋਬਿੰਦ ਨਾ ਫੜਾਏ ਕੋਈ ਦਾਮਨ, ਆਪਣਾ ਪੱਲੂ ਬੈਠੇ ਛੁਡਾਈਆ । ਕਲਜੁਗ ਰੈਣ ਅੰਧੇਰੀ ਸ਼ਾਮਨ, ਚਾਰੋਂ ਕੁੰਟ ਅੰਧੇਰਾ ਛਾਈਆ । ਉਠੀ ਸਵਾਣੀ ਹਰਿ ਹਰਿ ਮਾਲਣ, ਆਪਣੀ ਅੰਗੀ ਤਨ ਛੁਹਾਈਆ । ਜੋਤ ਨਿਰੰਜਨ ਕਰ ਕਰ ਚਾਨਣ, ਲੋਕਮਾਤ ਵੇਖਣ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ

੧੫੭

੧੫੮

ਵੇਸ ਧਰਾਈਆ । ਸਾਚੀ ਮਾਲਣ ਸਚ ਦਵਾਰ, ਸਚ ਸੇਵਾ ਰਹੀ ਕਮਾਈਆ । ਵਰਭੰਡੀ ਆਈ ਹੋ ਤਿਆਰ, ਜਗਤ ਡੰਡੀ ਵੇਖ ਵਿਖਾਈਆ । ਵਾਸਨਾ ਗੰਦੀ ਵੇਖੇ ਨਰ ਨਾਰ, ਘਰ ਘਰ ਆਪਣਾ ਫੇਰਾ ਪਾਈਆ । ਸ੍ਰਿਸ਼ਟ ਸਬਾਈ ਨੇਤਰ ਅੰਨੀ ਹੋਈ ਵਿਭਚਾਰ, ਭਰਮਾਂ ਕੰਧੀ ਨਾ ਕੋਈ ਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪ ਆਪਣਾ ਵੇਸ ਵਟਾਈਆ । ਹਰਿ ਮਾਲਣ ਕਰਤਾਰ, ਜਗ ਬੂਟਾ ਵੇਖ ਵਖੰਨਿਆ । ਫਲ ਲੱਗਾ ਵੇਖ ਸੰਸਾਰ, ਲੋਕਮਾਤ ਫਿਰੇ ਭੰਨਿਆ । ਬ੍ਰਹਮਾ ਵਿਸ਼ਨ ਸ਼ਿਵ ਖਿੜੀ ਗੁਲਜ਼ਾਰ, ਸਾਚਾ ਰੰਗ ਆਪ ਰਗੰਨਿਆ । ਸਾਚੇ ਫੁੱਲ ਤੋੜੇ ਤੋੜਨਹਾਰ, ਜਿਸ ਡਾਲ੍ਹੀ ਪਤ ਉਪਰ ਹਰਿ ਜੂ ਮੰਨਿਆ । ਆਪ ਅਪਣੀ ਕਿਰਪਾ ਧਾਰ, ਆਪ ਅਪਣਾ ਬੇੜਾ ਬੰਨਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਰਗੁਣ ਰੂਪ ਸਤਿ ਸਰੂਪ ਆਪ ਕਰਿਆ ਆਪਣਾ ਕੰਮਿਆ । ਸਾਚੀ ਖਾਰੀ ਜੋਤ ਕੁਆਰੀ, ਨਿਰਗੁਣ ਆਪਣੇ ਹੱਥ ਉਠਾਈਆ । ਚਾਰੇ ਕੂੰਟਾਂ ਫਿਰੇ ਵਾਰੋ ਵਾਰੀ, ਸਾਚਾ ਦਰ ਨਜ਼ਰ ਨਾ ਆਈਆ । ਆਪਣੇ ਮੰਦਰ ਬੈਠ ਦਵਾਰੀ, ਏਕਾ ਮਤਾ ਰਹੀ ਪਕਾਈਆ । ਗੋਬਿੰਦ ਸੱਦਿਆ ਘਰ ਦਰਬਾਰੀ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਲੋਕਮਾਤ ਤੇਰੀ ਯਾਰੀ, ਤੇਰਾ ਸੰਗ ਸਗਲ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਸਗਨ ਮਨਾਈਆ । ਗੋਬਿੰਦ ਸੁਤ ਦੁਲਾਰਾ, ਹਰਿ ਸਾਚਾ ਸਚ ਸਮਝਾਇੰਦਾ । ਪੁਰਖ ਅਕਾਲ ਤੇਰਾ ਰੂਪ ਅਪਾਰਾ, ਤੇਰਾ ਤੇਰੇ ਵਿਚ ਸਮਾਇੰਦਾ । ਤੇਰੀ ਬਸੰਤ ਤੇਰੀ ਗੁਲਜ਼ਾਰਾ, ਤੇਰੀ ਬਹਾਰ ਵੇਖ ਵਿਖਾਇੰਦਾ । ਤੇਰਾ ਘਰ ਤੇਰਾ ਭੰਡਾਰਾ, ਤੇਰਾ ਆਪ ਵਰਤਾਇੰਦਾ । ਤੇਰਾ ਸ਼ਬਦ ਤੇਰਾ ਜੈਕਾਰਾ, ਨਿਰਗੁਣ ਸਰਗੁਣ ਆਪ ਜਣਾਇੰਦਾ । ਤੇਰਾ ਰੂਪ ਸਰਬ ਸੰਸਾਰਾ, ਦੂਸਰ ਰੰਗ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਲੇਖਾ ਆਪ ਸਮਝਾਇੰਦਾ । ਹਰਿ ਲੇਖਾ ਆਪ ਸਮਝਾਵਣਾ, ਪਾਰਬ੍ਰਹਮ ਵੱਡੀ ਵਡਿਆਈਆ । ਬਾਵਨ ਅੱਖਰੀ ਭੇਵ ਖੁਲ੍ਹਾਵਣਾ, ਪੈਂਤੀ ਅੱਖਰੀ ਜਗਤ ਲਿਖਾਈਆ । ਬਾਵਨ ਮੀਤਾ ਰੂਪ ਛੁਪਾਵਣਾ, ਬਾਵਨ ਨਾਲ ਵੱਜੀ ਵਧਾਈਆ । ਵੀਹ ਸੌ ਵੀਹ ਬਿਕ੍ਰਮੀ ਰੰਗ ਰੰਗਾਵਣਾ, ਮਹਿਬਾਨ ਬੀਦੋ ਆਪ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣੀ ਬੂਝ ਬੁਝਾਈਆ । ਸੋਲਾਂ ਸਾਲ ਸਾਚਾ ਸੇਵਕ, ਨਿਰਗੁਣ ਸੱਚੀ ਸੇਵ ਕਮਾਇੰਦਾ । ਇਕ ਅਕਾਲ ਦੇਵੀ ਦੇਵਤ, ਦੂਜੀ ਕੁਦਰਤ ਵੇਖ ਵਿਖਾਇੰਦਾ । ਤੀਜੇ ਨੇਤਰ ਭੇਵ ਅਭੇਵਕ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਚੌਥੇ ਘਰ ਵਸਤ ਅਮੋਲਕ, ਏਕਾ ਨਾਮ ਵਖਾਇੰਦਾ । ਪੰਚਮ ਵੱਜੇ ਸਾਚੀ ਢੋਲਕ, ਸ਼ਬਦ ਅਗੰਮੀ ਤਾਲ ਵਜਾਇੰਦਾ । ਛੇਵੇ ਛੱਪਰ ਨਾ ਕੋਈ ਗੋਲਕ, ਜਿਸ ਘਰ ਆਪਣਾ ਆਪ ਟਿਕਾਇੰਦਾ । ਸਤਵੇਂ ਸਤਿ ਪੁਰਖ ਨਿਰੰਜਨ ਏਕਾ ਏਕ ਜਾਣੇ ਆਪਣੀ ਰੌਣਕ, ਆਪਣਾ ਦਰ ਵੇਖ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਖੇਲ ਖਿਲਾਇੰਦਾ । ਅੱਠਵੇ ਅੱਠ ਤਤ ਕਰ ਪਸਾਰਾ, ਨੌਵੇਂ ਨੌਂ ਦਰ ਖੋਜ ਖੁਜਾਇੰਦਾ । ਦਸਵੇਂ ਦਸ ਘਰ ਮੇਲਾ ਕੰਤ ਭਤਾਰਾ, ਹਰਿਜਨ ਲਏ ਪ੍ਰਨਾਇਆ । ਛੋਟਾ ਬਾਲਾ ਕਰ ਤਿਆਰਾ, ਵੀਹ ਸੌ ਦਸ ਬਿਕ੍ਰਮੀ ਵੇਖ ਵਖਾਇਆ । ਇੰਦ ਇੰਦਰਾਸਨ ਖੇਲ ਨਿਆਰਾ, ਸ਼ਾਹ ਸ਼ਾਬਾਸ਼ਨ ਪਾਰ ਕਰਾਇਆ । ਸਿੰਘ ਮਨਜੀਤਾ ਤੇਜ ਕਟਾਰਾ, ਸ਼ਬਦ ਅਤੀਤਾ ਹੱਥ ਉਠਾਇਆ । ਦਸ ਇਕ ਗਿਆਰਾ ਸਾਚੀ ਰੀਤਾ, ਸਾਚਾ ਮੰਦਰ ਇਕ ਸੁਹਾਇਆ । ਖੇਲੇ ਖੇਲ ਜਗਤ ਜਗਦੀਸਾ, ਸ਼ੰਕਰ ਵੇਲਾ ਦਏ ਮੁਕਾਇਆ । ਦੂਆ ਦਸ ਬਾਰਾਂ ਚਲਾਈ ਆਪਣੀ ਰੀਤਾ, ਹਾੜ ਸਤਾਰਾਂ ਦਏ ਸੁਹਾਇਆ । ਤਿੰਨ ਦਸ ਤੇਰਾਂ ਸਾਧਾਂ ਸੰਤਾ ਵੇਖਿਆ ਤਪਿਆ ਇਕ ਅੰਗੀਠਾ, ਹਰਿ ਕਾ ਸ਼ਬਦ ਨਜ਼ਰ ਨਾ ਆਇਆ । ਦਸ ਚਾਰ ਚੌਦਾਂ ਚੌਦਾਂ ਲੋਕਾਂ ਪੀਸਣ ਪੀਠਾ, ਚੌਦਾਂ ਤਬਕਾਂ ਫੋਲ ਫੁਲਾਇਆ । ਦਸ ਪੰਜ ਪੰਦਰਾਂ ਵੇਖੇ ਤੀਰਥ ਤੱਟਾਂ, ਤੀਰਥ ਤੱਟ ਸਰ ਸਰੋਵਰ

ਫੋਲ ਫੁਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਚ ਫੁਲਵਾੜੀ ਆਪ ਵਖਾਇਆ । ਸੰਮਤ ਸੋਲਾਂ ਪਹਿਲੀ ਚੇਤਰ, ਹਰਿ ਸਾਚੇ ਦਯਾ ਕਮਾਈਆ । ਬ੍ਰਹਮੇ ਵਿਸ਼ਨ ਸ਼ਿਵ ਵੇਖਿਆ ਤੇਰਾ ਖੇਤਰ, ਚਾਰੋਂ ਕੁੰਟ ਫੇਰਾ ਪਾਈਆ । ਹਰਿ ਜੂ ਖੋਲ੍ਹਿਆ ਆਪਣਾ ਨੇਤਰ, ਆਪਣਾ ਨੈਣ ਰਿਹਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਫੁਲਵਾੜੀ ਆਪ ਮਹਿਕਾਈਆ । ਸਚ ਫੁਲਵਾੜੀ ਵੇਖਣਹਾਰਾ, ਏਕਾ ਏਕ ਅਖਵਾਇਆ । ਲਖ ਚੁਰਾਸੀ ਵਿਚੋਂ ਬੀਜ ਨਿਆਰਾ, ਜਨ ਭਗਤਾਂ ਆਪ ਬਿਜਾਇਆ । ਨਾਦੀ ਸੁਤ ਕਰ ਤਿਆਰਾ, ਸ਼ਬਦੀ ਨਾਉਂ ਧਰਾਇਆ । ਭਗਤ ਅੰਦਰ ਭਰ ਭੰਡਾਰਾ, ਆਪਣਾ ਘਰ ਬਣਾਇਆ । ਪਾਰਬ੍ਰਹਮ ਪ੍ਰਭ ਵਣਜਾਰਾ, ਸਾਚਾ ਵਣਜ ਰਿਹਾ ਕਰਾਇਆ । ਦੇਵਣਹਾਰਾ ਸਚ ਭੰਡਾਰਾ, ਏਕਾ ਨਾਮ ਝੋਲੀ ਪਾਇਆ । ਲੇਖਾ ਜਾਣੇ ਆਰ ਪਾਰਾ, ਅਧ ਵਿਚਕਾਰ ਨਾ ਕੋਈ ਰੁੜ੍ਹਾਇਆ । ਨਿਹਕਲੰਕ ਲਏ ਅਵਤਾਰਾ, ਨਿਰਗੁਣ ਆਪਣਾ ਨਾਉਂ ਵਟਾਇਆ । ਸੰਬਲ ਨਗਰੀ ਧਾਮ ਨਿਆਰਾ, ਗੁਰ ਗੋਬਿੰਦ ਗੜ੍ਹ ਵਸਾਇਆ । ਸਾਚਾ ਖੰਡਾ ਤੇਜ ਕਟਾਰਾ, ਹਰਿ ਜੂ ਆਪ ਉਠਾਇਆ । ਜੂਠੇ ਝੂਠੇ ਬੂਟੇ ਵੱਢੀ ਜਾਏ ਵਾਰੋ ਵਾਰਾ, ਲੋਕਮਾਤ ਰਹਿਣ ਨਾ ਪਾਇਆ । ਗੁਰਮੁਖਾਂ ਕਰੇ ਸਦ ਪਿਆਰਾ, ਆਪਣੀ ਹੱਥੀ ਸੇਵ ਕਮਾਇਆ । ਸ਼ਬਦ ਸਰੂਪੀ ਏਕਾ ਵਾੜਾ, ਚਾਰੋਂ ਕੁੰਟ ਰਿਹਾ ਕਰਾਇਆ । ਪੁਰਖ ਅਬਿਨਾਸ਼ੀ ਸਾਚਾ ਲਾੜਾ, ਲੋਕਮਾਤ ਵੇਸ ਵਟਾਇਆ । ਵੀਹ ਸੌ ਸੋਲਾਂ ਬਿਕ੍ਰਮੀ ਸਤਾਰਾਂ ਹਾੜਾ, ਸਚ ਅਖਾੜਾ ਆਪ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚੀ ਮਾਲਣ ਬਣ ਦਲਾਲਣ, ਆਪਣਾ ਖਾਰਾ ਸੀਸ ਉਠਾਇਆ । ਸਾਚੀ ਖਾਰੀ ਚੁਕਿਆ ਭਾਰ, ਹਰਿ ਪੁਰਖ ਵੱਡੀ ਵਡਿਆਈਆ । ਸਾਚੀ ਨਾਰੀ ਹੋ ਤਿਆਰ, ਲੋਕਮਾਤ ਵੇਖ ਵਖਾਇਆ । ਸਤਾਰਾਂ ਹਾੜੀ ਫੁਲ ਕਿਆਰ, ਸਚ ਬਗੀਚਾ ਫੋਲ ਫੁਲਾਈਆ । ਗੁਰਮੁਖ ਵਿਰਲੇ ਦਿਸੇ ਵਿਚ ਸੰਸਾਰ, ਜਿਸ ਮਿਲੀ ਹਰਿ ਸਰਨਾਈਆ । ਘਰ ਖੁਸ਼ੀਆਂ ਗਾਏ ਮੰਗਲਾਚਾਰ, ਨਾਰ ਮੁਟਿਆਰ ਵੱਜੀ ਵਧਾਈਆ । ਨਿਰਗੁਣ ਵੇਸ ਕਰੇ ਅਪਰ ਅਪਾਰ, ਸੋਲਾਂ ਸੰਗਾਰ ਆਪ ਕਰਾਈਆ । ਸੰਮਤ ਸੋਲਾਂ ਹੋ ਤਿਆਰ, ਨੌਂ ਦਵਾਰੇ ਕਰੇ ਖ਼ਵਾਰ, ਪੰਜ ਚੋਰ ਦੇਵੇ ਮਾਰ, ਆਸ਼ਾ ਤ੍ਰਿਸ਼ਨਾ ਰਹਿਣ ਨਾ ਪਾਈਆ । ਏਕਾ ਸ਼ਬਦ ਬੋਲ ਜੈਕਾਰ, ਏਕਾ ਅੱਖਰ ਦਏ ਸੁਣਾਈਆ । ਏਕਾ ਅਲਫ਼ ਮੀਤ ਮੁਰਾਰ, ਏਕਾ ਨੁਕਤਾ ਦਏ ਬੁਝਾਈਆ । ਏਕਾ ਅੱਖ ਦਏ ਉਘਾੜ, ਏਕਾ ਐਨ ਸਮਝਾਈਆ । ਏਕਾ ਇਸ਼ਟ ਆਪ ਕਰਤਾਰ, ਸ੍ਰਿਸ਼ਟ ਸਬਾਈ ਰਚਨ ਰਚਾਈਆ । ਏਕਾ ਦ੍ਰਿਸ਼ਟ ਖੋਲ੍ਹ ਕਿਵਾੜ, ਹਰਿ ਸੰਗਤ ਦਏ ਤਰਾਈਆ । ਏਕਾ ਵਾਰ ਦਰਸ ਦਏ ਆਪ ਨਿਰੰਕਾਰ, ਸਵਛ ਸਰੂਪੀ ਰੂਪ ਵਟਾਈਆ । ਸਾਚੀ ਸੇਵਾ ਕਰੇ ਵਿਚ ਸੰਸਾਰ, ਨਿਰਗੁਣ ਸਰਗੁਣ ਰਿਹਾ ਨਾਉਂ ਧਰਾਈਆ । ਘਨਕਪੁਰ ਵਾਸੀ ਹੋ ਤਿਆਰ, ਸ਼ਾਹੋ ਸ਼ਾਬਾਸੀ ਵਡ ਵਡਿਆਈਆ । ਮੰਡਲ ਰਾਸੀ ਪਾਵੇ ਸਾਰ, ਅਬਿਨਾਸ਼ੀ ਅਚੁਤ ਆਪ ਅਖਵਾਈਆ । ਗੁਰਮੁਖਾਂ ਦਵਾਰੇ ਬਣੀ ਦਾਸੀ, ਸਾਚੀ ਮਾਲਨ ਆਪ ਹੋ ਜਾਈਆ । ਮਨਮੁਖ ਜੀਵ ਕਰਨ ਹਾਸੀ, ਅੰਤਮ ਪੈਣੀ ਗਲ ਵਿਚ ਫਾਸੀ, ਗੁਰਮੁਖ ਉਧਾਰੇ ਰਸਨ ਸਵਾਸੀ, ਜੋ ਜਨ ਹਰਿ ਹਰਿ ਰਹੇ ਗਾਈਆ । ਹੱਥ ਨਾ ਆਏ ਪੰਡਤ ਕਾਂਸੀ, ਗ੍ਰੰਥੀ ਪੰਥੀ ਦੇਣ ਦੁਹਾਈਆ । ਮੁਲਾਂ ਸ਼ੇਖ ਨਾ ਮਿਲਿਆ ਵਾਸ ਨਿਵਾਸੀ, ਨਿਝ ਆਤਮ ਨਾ ਪੰਧ ਮੁਕਾਈਆ । ਨਾਨਕ ਗਾਇਆ ਅਲੱਖਨਾ ਲਾਖੀ, ਅਕਾਸ਼ ਅਕਾਸ਼ੀ ਵਡ ਦਾਤਾ ਬੇਪਰਵਾਹੀਆ । ਜਨ ਭਗਤਾਂ ਕਰੇ ਪੂਰੀ ਆਸੀ, ਕਲਜੁਗ ਅੰਤਮ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਆਪਣੀ ਧਾਰ ਦਏ ਚਲਾਈਆ । ਵੀਹ ਸੌ ਸੋਲਾਂ ਬਿਕ੍ਰਮੀ ਸਾਚੀ ਧਾਰ, ਹਰਿ ਸਾਚੇ ਆਪ ਚਲਾਈਆ । ਪੰਦਰਾ ਕੱਤਕ ਦਿਵਸ ਵਿਚਾਰ, ਸਾਚੀ ਸਿਖਿਆ ਸਿਖ ਸਮਝਾਈਆ । ਇਕ ਗਿਆਰਾਂ ਕਰ ਪਿਆਰ, ਏਕਾ ਘਰ ਦਏ ਬਹਾਈਆ । ਚਾਰ ਦਰ ਖੋਲ੍ਹ ਕਿਵਾੜ, ਨੌਂ ਸਤ ਵੇਖ

੧੫੯

ਵਖਾਈਆ । ਇਕ ਇਕ ਕਰ ਪਿਆਰ, ਇਕ ਇਕ ਨਾਲ ਮਿਲਾਈਆ । ਛੱਤੀ ਜੁਗਾਂ ਪਾਵੇ ਸਾਰ, ਆਪ ਆਪਣਾ ਰੰਗ ਰੰਗਾਈਆ । ਇਕੀ ਹੋ ਤਿਆਰ, ਖੇਲੇ ਖੇਲ ਬੇਪਰਵਾਹੀਆ । ਡੁੱਬਦੇ ਪੱਥਰ ਆਪੇ ਤਾਰ, ਆਪੇ ਹੋਏ ਸਹਾਈਆ । ਗਰੀਬ ਨਿਮਾਨਿਆਂ ਲਏ ਅਧਾਰ, ਨਾਨਕ ਰੀਤੀ ਇਕ ਚਲਾਈਆ । ਗਰੀਬ ਨਿਮਾਣਾ ਪਾਵੇ ਸਾਰ, ਲਾਲੋ ਲਾਲਨ ਰੰਗ ਰੰਗਾਈਆ । ਸ਼ਾਹ ਸੁਲਤਾਨਾਂ ਦੇਵੇ ਦਰ ਦੁਰਕਾਰ, ਰਾਜ ਰਾਜਾਨ ਦਿਸ ਨਾ ਆਈਆ । ਵਰਤੇ ਵਰਤਾਵੇ ਇਕ ਭੰਡਾਰ, ਸਚ ਭੰਡਾਰੀ ਵਡ ਵਡਿਆਈਆ । ਨਿਖੁਟ ਨਾ ਜਾਏ ਵਿਚ ਸੰਸਾਰ, ਆਦਿ ਜੁਗਾਦਿ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਵਨ ਤੇਰੀ ਪੂਰੀ ਆਸ ਕਰਾਈਆ । ਬਲ ਬਾਵਨ ਕਰੇ ਪੂਰੀ ਆਸਾ, ਸਤਿਜੁਗ ਕਲਜੁਗ ਮੂਲ ਚੁਕਾਇਆ । ਚਾਰ ਜੁਗ ਏਕਾ ਇਕ ਭਰਵਾਸਾ, ਦੂਸਰ ਦਰ ਨਾ ਕੋਈ ਜਣਾਇਆ । ਹਰਿ ਭਗਤ ਨਾ ਹੋਏ ਨਿਰਾਸਾ, ਆਸ ਨਿਰਾਸ ਵਿਚ ਟਿਕਾਇਆ । ਪਾਵੇ ਸਾਰ ਪ੍ਰਿਥਮੀ ਆਕਾਸਾ, ਗਗਨ ਮੰਡਲ ਵੇਖ ਵਿਖਾਇਆ । ਆਪੇ ਜਾਣੇ ਆਪਣੀ ਰਾਸਾ, ਆਪ ਆਪਣੀ ਰਚਨ ਰਚਾਇਆ । ਕਲਜੁਗ ਅੰਤਮ ਖੇਲ ਤਮਾਸ਼ਾ, ਬਾਈ ਮੱਘਰ ਆਪ ਕਰਾਇਆ । ਤੇਈ ਮੱਘਰ ਦਾਸੀ ਦਾਸਾ, ਘਰ ਸਾਚਾ ਵੇਖ ਵਖਾਇਆ । ਗੁਰ ਗੁਰ ਮੇਲਾ ਸ਼ਾਹੋ ਸਬਾਸਾ, ਘਰ ਵਿਛੜੇ ਦਏ ਮਿਲਾਇਆ । ਅੰਮ੍ਰਿਤ ਪਾਏ ਕਾਇਆ ਕਾਸਾ, ਨਾਮ ਬਾਟਾ ਹੱਥ ਉਠਾਇਆ । ਦੇਵਣ ਆਇਆ ਸਚ ਦਲਾਸਾ, ਭੁੱਲ ਰਹੇ ਨਾ ਰਾਇਆ । ਸਾਚੇ ਕੰਡੇ ਹਰਿ ਜੀ ਤੋਲੇ ਵੱਟਾ ਪਾਇਆ ਨਾ ਤੋਲਾ ਮਾਸਾ, ਰਤੀ ਮੂਲ ਨਾ ਕੋਈ ਰਖਾਇਆ । ਗੁਰਮੁਖਾਂ ਅੰਦਰ ਕਰੇ ਵਾਸਾ, ਕਲਜੁਗ ਜੀਵਾਂ ਦਿਸ ਨਾ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ

 ਨਰਾਇਣ ਨਰ, ਆਪ ਆਪਣਾ ਖੇਲ ਖਿਲਾਇਆ । ਨਿਹਕਲੰਕ ਪੁਰਖ ਸੁਲਤਾਨਾ, ਏਕਾ ਏਕੰਕਾਰਿਆ । ਜੋਧਾ ਸੂਰਬੀਰ ਬਲੀ ਬਲਵਾਨਾ, ਨਾਮ ਖੰਡਾ ਤੇਜ ਕਟਾਰਿਆ । ੧੬੦

ਸੋ ਪੁਰਖ ਨਿਰੰਜਨ ਹਰਿ ਮਿਹਰਵਾਨਾ, ਸੋ ਪੁਰਖ ਨਿਰੰਜਨ ਆਪ ਅਖਵਾ ਰਿਹਾ । ਜੋਤ ਨਿਰੰਜਨ ਦੀਪ ਮਹਾਨਾ, ਆਦਿ ਨਿਰੰਜਨ ਆਪ ਜਗਾ ਰਿਹਾ । ਸਚਖੰਡ ਨਿਵਾਸੀ ਸ੍ਰੀ ਭਗਵਾਨਾ, ਸਚ ਦਵਾਰੇ ਸੋਭਾ ਪਾ ਰਿਹਾ । ਥਿਰ ਘਰ ਵਾਸੀ ਗੁਣ ਨਿਧਾਨਾ, ਪਾਰਬ੍ਰਹਮ ਆਪਣਾ ਨਾਂਉਂ ਧਰਾ ਲਿਆ । ਬ੍ਰਹਮ ਬ੍ਰਹਮ ਬ੍ਰਹਮ ਕਰੇ ਪਛਾਨਾ, ਲੋਕਮਾਤ ਵੇਸ ਵਟਾ ਲਿਆ । ਬ੍ਰਹਮਾ ਵਿਸ਼ਨ ਸ਼ਿਵ ਹੋਏ ਖਬਰਦਾਰ, ਕਲਜੁਗ ਵੇਲਾ ਅੰਤਮ ਆ ਗਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਸਤਿਜੁਗ ਰੀਤੀ ਪਤਿਤ ਪੁਨੀਤੀ ਠਾਂਡੀ ਸੀਤੀ ਆਪ ਚਲਾ ਗਿਆ । ਠਾਂਡੀ ਸੀਤੀ ਗਿਰਵਰ ਗਿਰਧਾਰ, ਹਰਿ ਕਰਤਾ ਆਪ ਚਲਾਈਆ । ਏਕਾ ਨਾਮ ਸ਼ਬਦ ਜੈਕਾਰ, ਏਕਾ ਨਾਅਰਾ ਦਏ ਸੁਣਾਈਆ । ਏਕਾ ਮੰਦਰ ਗੁਰੂਦੁਆਰ, ਮਸਜਦ ਮਠ ਇਕ ਵਿਖਾਈਆ । ਏਕਾ ਇਸ਼ਟ ਹਰਿ ਨਿਰੰਕਾਰ, ਨਮੋ ਦੇਵ ਇਕ ਸਰਨਾਈਆ । ਵਾਸਤਕ ਰੂਪ ਨਿਰਗੁਣ ਧਾਰ, ਆਸਤਕ ਲੇਖਾ ਦਏ ਚੁਕਾਈਆ । ਸਿਮਰਤ ਸ਼ਾਸਤਰ ਗਏ ਹਾਰ, ਵੇਦ ਪੁਰਾਨ ਰਹੇ ਕੁਰਲਾਈਆ । ਅੰਜੀਲ ਕੁਰਾਨ ਹਾਹਾਕਾਰ, ਤੀਸ ਬਤੀਸ ਦਏ ਦੁਹਾਈਆ । ਖਾਣੀ ਬਾਣੀ ਹਰਿ ਹਰਿ ਧਾਰ, ਹਰਿ ਸਾਚੇ ਆਪ ਚਲਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਜੁਗ ਜੁਗ ਆਪਣਾ ਵੇਸ ਵਟਾਈਆ । ਕਲਜੁਗ ਕਰੇ ਪਾਰ ਕਿਨਾਰ, ਸਤਿਜੁਗ ਸਾਚਾ ਮਾਰਗ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਏਕੰਕਾਰਾ ਹਰਿ ਨਿਰੰਕਾਰਾ, ਨਿਰਗੁਣ ਆਪਣੇ ਹੱਥ ਰੱਖੇ ਵਡਿਆਈਆ । ਸਤਿਜੁਗ ਮਾਰਗ ਸਾਚੀ ਧਾਰ, ਹਰਿ ਸਾਚਾ ਆਪ ਚਲਾਇੰਦਾ । ਸ੍ਰਿਸ਼ਟ ਸਬਾਈ ਪਾਵੇ ਸਾਰ, ਹਰਿਜਨ ਸਾਚੇ ਮੇਲ ਮਿਲਾਇੰਦਾ । ਗੋਬਿੰਦ ਸਿਖੀ ਏਕਾ ਧਾਰ, ਤਿਖੀ ਧਾਰ ਆਪ ਜਣਾਇੰਦਾ । ਵਾਲੋਂ ਨਿੱਕੀ ਅਪਰ ਅਪਾਰ, ਭੇਵ ਕੋਈ ਨਾ ਪਾਇੰਦਾ । ਮੁਨੀ ਰਿਖੀ ਗਏ ਹਾਰ, ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਸਾਚਾ ਦਰ ਆਪ

ਸੁਹਾਇੰਦਾ । ਸਾਚਾ ਦਰ ਸਚ ਦਰਵਾਰਾ, ਹਰਿ ਸਾਚੇ ਆਪ ਸੁਹਾਇਆ । ਸਾਚਾ ਭਗਤ ਸਚ ਵਣਜਾਰਾ, ਹਰਿ ਸਾਚੇ ਨਾਮ ਕਰਾਇਆ । ਸਾਚੀ ਵਸਤ ਸਚ
ਭੰਡਾਰਾ, ਹਰਿ ਸਾਚੇ ਆਪ ਭਰਾਇਆ । ਸਾਚਾ ਰੂਪ ਸਿਰਜਨਹਾਰਾ, ਸਚ ਸਚ ਰਿਹਾ ਵਰਤਾਇਆ । ਸਾਚਾ ਰੰਗ ਚੜੇ ਸੰਸਾਰਾ, ਉਤਰ ਕਦੇ ਨਾ ਜਾਇਆ ।
ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਇਕੀ ਸਾਚੀ ਸਿਖੀ, ਖੰਡਿਉਂ ਤਿਖੀ ਤੇ ਵਾਲੋਂ
ਨਿਕੀ, ਨੌ ਖੰਡ ਦਏ ਬਣਾਇਆ । ਨੌ ਖੰਡ ਪ੍ਰਿਥਮੀ ਸਾਚੀ ਸਿਖੀ ਏਕਾ ਸਿਖ, ਹਰਿ ਸਾਚਾ ਆਪ ਉਪਜਾਇੰਦਾ । ਸੰਮਤ ਵੀਹ ਸੌ ਸੋਲਾਂ ਬਿਕ੍ਰਮੀ ਚਵੀ ਮੱਘਰ
ਲੇਖਾ ਦਏ ਲਿਖ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਨਿਰਗੁਣ ਜੋਤੀ ਜਾਮਾ ਧਾਰਿਆ ਭੇਖ, ਆਪ ਆਪਣਾ ਵੇਸ ਵਟਾਇੰਦਾ । ਨਾ ਕੋਈ ਮੁਛ ਦਾੜੀ ਨਾ ਦਿਸੇ
ਕੇਸ, ਮੂੰਡ ਮੁੰਡਾਏ ਨਾ ਕੋਈ ਅਖਵਾਇੰਦਾ । ਭੇਵ ਨਾ ਪਾਏ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਬੇਅੰਤ ਹਰਿ ਭਗਵੰਤ ਆਪ ਅਖਵਾਇੰਦਾ । ਕਲਜੁਗ ਅੰਤਮ ਹਰਿ
ਸੰਗਤ ਕਰੇ ਇਕ ਆਦੇਸ, ਨਿਉਂ ਨਿਉਂ ਸੀਸ ਝੁਕਾਇੰਦਾ । ਪ੍ਰਗਟ ਹੋਇਆ ਮਾਝੇ ਦੇਸ, ਸ੍ਰਿਸ਼ਟ ਸਬਾਈ ਤੇਰਾ ਪੜਦਾ ਲਾਹਿੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਲਖ ਚੁਰਾਸੀ ਪਾਏ ਮੁੱਲ, ਗੁਰਮੁਖ ਉਪਜਾਏ ਸਾਚੀ ਕੁੱਲ, ਆਪ ਬਣਾਏ ਸਾਚੇ ਫੁੱਲ, ਫੁੱਲ ਫੁਲਵਾੜੀ ਆਪ ਮਹਿਕਾਇੰਦਾ । ਸਾਚਾ ਫੁੱਲ
ਗਿਆ ਫੁੱਲ, ਲੋਕਮਾਤ ਵੱਜੀ ਵਧਾਈਆ । ਪੁਰਖ ਅਬਿਨਾਸ਼ੀ ਪਾਵਨ ਆਇਆ ਮੁੱਲ, ਏਕਾ ਇਕੀ ਨਾਲ ਰਲਾਈਆ । ਸੋਹੰ ਕੰਡੇ ਤੋਲਿਆ ਤੋਲ, ਨਾਨਕ ਤੇਰਾਂ
ਧਾਰ ਚਲਾਈਆ । ਗੋਬਿੰਦ ਕਰੇ ਪੂਰਾ ਕੌਲ, ਇਕੀ ਕੁਲਾਂ ਪਾਰ ਕਰਾਈਆ । ਆਦਿ ਜੁਗਾਦਿ ਰਹੇ ਅਡੋਲ, ਨਿਰਭੈ ਆਪਣਾ ਨਾਉਂ ਧਰਾਈਆ । ਲੱਖ ਚੁਰਾਸੀ
੧੬੧ ਰਹੀ ਅਨਭੋਲ, ਹਰਿਜਨ ਸਾਚੇ ਲਏ ਉਠਾਈਆ । ਨਿਰਗੁਣ ਸੇਵਾ ਕਰੀ ਸਾਲ ਸੋਲ, ਆਪ ਆਪਣਾ ਮੁਖ ਛੁਪਾਈਆ । ਕਲਜੁਗ ਅੰਤਮ ਆਪਣੇ ਅੰਦਰ ਆਪੇ ੧੬੧
ਰਿਹਾ ਬੋਲ, ਉਚੀ ਕੂਕੇ ਦਏ ਦੁਹਾਈਆ । ਚਾਰੋਂ ਕੁੰਟ ਵੱਜੇ ਢੋਲ, ਪ੍ਰਗਟ ਹੋਇਆ ਬੇਪ੍ਰਵਾਹੀਆ । ਨੌ ਖੰਡ ਪ੍ਰਿਥਮੀ ਕਰੇ ਖੋਲ, ਜੋਤੀ ਜੋਤ ਸਰੂਪ ਹਰਿ, ਆਪ
ਅਪਣੀ ਜੋਤ ਧਰ, ਨਿਹਕਲੰਕ ਨਾਉਂ ਰਖਾਈਆ । ਸਾਚਾ ਫਲ ਹਰਿ ਜੀ ਤੋੜ, ਆਪਣੇ ਹੱਥ ਰਖਾਇੰਦਾ । ਗੁਰਮੁਖਾਂ ਚਰਨ ਪ੍ਰੀਤੀ ਜੋੜ, ਸਾਚਾ ਮੇਲ ਮਿਲਾਇੰਦਾ ।
ਆਪ ਨਿਭਾਏ ਲੱਗੀ ਤੋੜ, ਅਧ ਵਿਚ ਨਾ ਕੋਈ ਤੁੜਾਇੰਦਾ । ਸ਼ਬਦ ਚੜ੍ਹਾਏ ਸਾਚੇ ਘੋੜ, ਨੀਲਾ ਨੀਲੀ ਧਾਰੋਂ ਪਾਰ ਕਰਾਇੰਦਾ । ਕਲਜੁਗ ਅੰਤਮ ਗਿਆ ਬੌਹੜ,
ਬ੍ਰਾਹਮਣ ਗੌੜ ਵੇਖ ਵਖਾਇੰਦਾ । ਦੋ ਜਹਾਨਾਂ ਪੰਧ ਮੁਕਾਏ ਲੰਮਾ ਚੌੜ, ਆਪਣੇ ਪਗ ਆਪ ਮਨਾਇੰਦਾ । ਸੱਸੇ ਉਪਰ ਲਾਇਆ ਹੋੜ, ਨਿਰਗੁਣ ਸਰਗੁਣ ਮੇਲ
ਮਿਲਾਇੰਦਾ । ਹੰ ਬ੍ਰਹਮ ਵੇਖੇ ਮਿਠਾ ਕੌੜ, ਕੌੜਾ ਰੀਠਾ ਭੰਨ ਵਖਾਇੰਦਾ । ਗੁਰਸਿਖਾਂ ਬੁਝਾਵਨ ਆਇਆ ਲੱਗੀ ਔੜ, ਏਕਾ ਅੰਮ੍ਰਿਤ ਮੇਘ ਬਰਸਾਇੰਦਾ । ਜੋਤੀ
ਜੋਤ ਸੂਰਪ ਹਰਿ, ਆਪ ਆਪਣੀ ਜੋਤ ਧਰ, ਚੌਥੇ ਘਰ ਲਾਇਆ ਪੌੜ, ਏਕਾ ਡੰਡਾ ਹੱਥ ਉਠਾਇੰਦਾ । ਏਕਾ ਡੰਡਾ ਹਰਿ ਬ੍ਰਹਿਮੰਡਾ, ਆਪਣਾ ਆਪ ਲਗਾਇਆ ।
ਕਲਜੁਗ ਅੰਤਮ ਵੰਡਾਏ ਵੰਡਾਂ, ਸਤਿਜੁਗ ਸਾਚਾ ਰਾਹ ਚਲਾਇਆ । ਮੇਟ ਮਿਟਾਏ ਭੇਖ ਪਾਖੰਡਾ, ਦੂਈ ਦਵੈਤੀ ਰਹੇ ਨਾ ਰਾਇਆ । ਨਾਮ ਫੜਾਏ ਸਾਚਾ ਖੰਡਾ,
ਲੋਹਾਰ ਤਰਖਾਣ ਨਾ ਦਿਸੇ ਘੜਾਇਆ । ਪੰਜ ਵਿਕਾਰ ਵੱਢੇ ਗੰਢਾਂ, ਅੰਦਰੇ ਅੰਦਰ ਆਪ ਚਲਾਇਆ । ਗੁਰਸਿਖ ਹੋਵੇ ਨਾ ਕਦੇ ਰੰਡਾ, ਹਰਿ ਹਰਿ ਜੂ ਕੰਤ
ਹੰਢਾਇਆ । ਅੰਤਮ ਕਲਜੁਗ ਦਿਸੇ ਕੰਢਾ, ਵੇਲਾ ਅੰਤਮ ਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਜੁਗ ਤੇਰਾ ਸਾਚਾ ਰਾਹ ਵਖਾਇਆ ।
ਸਤਿਜੁਗ ਚਾਲ ਅਵਲੜੀ ਚਲੇ, ਹਰਿ ਸਾਚਾ ਆਪ ਚਲਾਇੰਦਾ । ਪੰਚਮ ਗੰਢ ਆਪਣੇ ਪੱਲੇ ਬੰਨੇ, ਆਪ ਆਪਣੇ ਲੜ ਰਖਾਇੰਦਾ । ਗਰੀਬ ਨਿਮਾਣੇ ਪਾਰ ਕਰਾਏ
ਜਿਉਂ ਦਯਾ ਕਮਾਏ ਜੱਟ ਧੰਨੇ, ਆਪ ਅਪਣਾ ਸੰਗ ਰਖਾਇੰਦਾ । ਨਿਰਗੁਣ ਰੂਪ ਜੁਗੋ ਜੁਗ ਜਨ ਭਗਤਾਂ ਅਗੇ ਮੰਨੇ, ਦੂਸਰ ਅੱਗੇ ਨਾ ਸੀਸ ਝੁਕਾਇੰਦਾ । ਕਿਸੇ

੧੬੨

ਨਾ ਵਸਦਾ ਮੰਦਰ ਮਹੱਲ ਅਟੱਲ ਛੱਪਰ ਛੰਨੇ, ਗੁਰਸਿਖਾਂ ਅੰਦਰ ਡੇਰਾ ਲਾਇੰਦਾ । ਆਦਿ ਜੁਗਾਦਿ ਜੁਗ ਜੁਗ ਬੇੜਾ ਆਪੇ ਬੰਨੇ, ਨਾਮ ਚੱਪੂ ਹੱਥ ਉਠਾਇੰਦਾ । ਆਪੇ ਘੜੇ ਆਪੇ ਭੰਨੇ, ਸਮਰਥ ਪੁਰਖ ਨਾਉਂ ਧਰਾਇੰਦਾ । ਆਪੇ ਦੇਵਣਹਾਰਾ ਡੰਨੇ, ਕਲਜੁਗ ਅੰਤਮ ਡੰਨ ਵਿਖਾਇੰਦਾ । ਆਪੇ ਸਤਿਜੁਗ ਸਾਚਾ ਚਾੜੇ ਚੰਨੇ, ਗੁਰਮੁਖ ਸਾਚੇ ਲਾਲ ਆਪ ਉਪਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਲਖ ਚੁਰਾਸੀ ਵੇਖ ਕਿਆਰੀ, ਫੁੱਲ ਤੋੜੇ ਜੋਤ ਨਿਰੰਕਾਰੀ, ਆਪਣੀ ਹੱਥੀ ਸੇਵ ਕਮਾਇੰਦਾ । ਸਾਚਾ ਫੁੱਲ ਹਰਿ ਨਿਰੰਕਾਰ, ਕਲਜੁਗ ਡੰਡੀ ਨਾਲੋਂ ਤੋੜ ਤੁੜਾਇੰਦਾ । ਸਾਚੀ ਸੋਟੀ ਕਰ ਤਿਆਰ, ਨਾਮ ਮੁਖੀ ਅੱਗੇ ਲਾਇੰਦਾ । ਪਿਛੇ ਕੰਡਾ ਹੰ ਟਿਪੀ ਸਾਰ, ਸਤ ਧਾਰਾ ਵਿਚ ਰਖਾਇੰਦਾ । ਫੁਲ ਗੁੰਦੇ ਵਾਰੋ ਵਾਰ, ਆਪ ਆਪਣੇ ਨਾਲ ਬੰਧਾਇੰਦਾ । ਏਕਾ ਇਕੀ ਕਰ ਤਿਆਰ, ਸਾਚੀ ਸਿਖੀ ਖੇਲ ਖਿਲਾਇੰਦਾ । ਸੋਲਾਂ ਇਛਿਆ ਭਰ ਭੰਡਾਰ, ਇਕੀ ਕੁਲਾਂ ਪਾਰ ਕਰਾਇੰਦਾ । ਮਨ ਮਤ ਬੁਧ ਦਏ ਅਧਾਰ, ਬ੍ਰਹਮ ਮਤ ਇਕ ਵਖਾਇੰਦਾ । ਬਸਤਰ ਭੂਸ਼ਨ ਤਨ ਸ਼ੰਗਾਰ, ਸਤਿਗੁਰ ਪੂਰਾ ਆਪ ਕਰਾਇੰਦਾ । ਅਠ ਸਠ ਤੀਰਥ ਫੇਰਾ ਮਾਰ, ਆਪਣੀ ਵਸਤ ਆਪ ਖਿਚਾਇੰਦਾ । ਕੋਈ ਨਾ ਕਿਸੇ ਬਣੇ ਸਹਾਰ, ਸਾਚਾ ਸੰਗ ਨਾ ਕੋਈ ਨਿਭਾਇੰਦਾ । ਇਕੀ ਸਿਖਾਂ ਕਰ ਤਿਆਰ, ਸਚ ਬਰਾਤ ਆਪ ਸੁਹਾਇੰਦਾ । ਲਾੜਾ ਸੋਹੇ ਨਰ ਨਿਰੰਕਾਰ, ਕਲਗੀ ਤੋੜਾ ਜੋਤੀ ਜੋੜਾ ਸ਼ਬਦੀ ਸੀਸ ਟਿਕਾਇੰਦਾ । ਇਕ ਅਗੰਮੀ ਫੜਿਆ ਘੋੜਾ, ਸੋਲਾਂ ਕਲਾਂ ਆਸਣ ਪਾਇੰਦਾ । ਨੌ ਖੰਡ ਪ੍ਰਿਥਮੀ ਆਪੇ ਦੌੜਾ, ਚੌਥਾ ਘੋੜਾ ਆਪ ਉਠਾਇੰਦਾ । ਕਲਜੁਗ ਜੀਵ ਵੇਖੇ ਮਿੱਠਾ ਕੌੜਾ, ਗੁਣ ਅਵਗੁਣ ਵੇਖ ਵਿਖਾਇੰਦਾ । ਅੰਤਮ ਸੰਬਲ ਨਗਰੀ ਆਇਆ ਦੌੜਾ, ਸਾਚਾ ਧਾਮ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸ਼ਬਦ ਹਾਰ ਕਰ ਤਿਆਰ, ਸੇਹਰਾ ਗੁੰਦੇ ਆਪਣੀ ਵਾਰ, ਆਪ ਆਪਣੀ ਦਯਾ ਕਮਾਇੰਦਾ । ਸਾਚੇ ਹਾਰ ਕਰ ਤਿਆਰ, ਹਰਿ ਸਾਚਾ ਹੱਥ ਉਠਾਇੰਦਾ । ਪੰਚਮ ਮੀਤਾ ਮੀਤ ਮੁਰਾਰ, ਪੰਚਮ ਮੇਲ ਮਿਲਾਇੰਦਾ । ਠੰਡਾ ਸੀਤਾ ਏਕੰਕਾਰ, ਸਾਤਕ ਸਤਿ ਸਤਿ ਵਰਤਾਇੰਦਾ । ਪਤਿਤ ਪੁਨੀਤ ਪਤਿਤ ਪਾਪੀ ਜਾਏ ਤਾਰ, ਪਤਿਤ ਪਾਵਨ ਨਾਉਂ ਰਖਾਇੰਦਾ । ਰਾਵਣ ਗੜ੍ਹ ਤੋੜ ਹੰਕਾਰ, ਕਲਜੁਗ ਲੰਕਾ ਆਪ ਤੁੜਾਇੰਦਾ । ਗੁਰਮੁਖਾਂ ਸੀਤਾ ਸੁਰਤੀ ਕਰ ਪਿਆਰ, ਆਪ ਆਪਣੇ ਦਰ ਪ੍ਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਦਾ ਚੁਕਿਆ ਭਾਰ, ਕਲਜੁਗ ਅੰਤਮ ਦਏ ਉਤਾਰ, ਵੇਲਾ ਵਕਤ ਆਪ ਸੁਹਾਇੰਦਾ । ਵੇਲਾ ਵਕਤ ਸੁਹੰਜਣਾ, ਹਰਿ ਸਾਚੇ ਖੇਲ ਰਚਾਇਆ । ਜਗਾਈ ਜੋਤ ਆਦਿ ਨਿਰੰਜਣਾ, ਨਿਰਗੁਣ ਨੂਰ ਨੂਰ ਰੁਸ਼ਨਾਇਆ । ਜਨ ਭਗਤਾਂ ਮਿਲਿਆ ਸਾਚਾ ਸੱਜਣਾ, ਵਿਛੜ ਕਦੇ ਨਾ ਜਾਇਆ । ਚਰਨ ਧੂੜ ਕਰਾਏ ਮਜਨਾ, ਸਰ ਸਰੋਵਰ ਇਕ ਵਿਖਾਇਆ । ਵੇਲੇ ਅੰਤਮ ਪੜਦਾ ਕੱਜਣਾ, ਸਿਰ ਆਪਣਾ ਹੱਥ ਟਿਕਾਇਆ । ਜੋ ਘੜਿਆ ਸੋ ਭੱਜਣਾ, ਥਿਰ ਕੋਏ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿਜੁਗ ਤੇਰੀ ਸਾਚੀ ਡੋਰ, ਪੰਜਾਂ ਹੱਥ ਫੜਾਇਆ । ਪੰਚਮ ਜੇਠ ਫੜੇ ਡੋਰ, ਸਤਿਜੁਗ ਤੇਰੀ ਬਣਤ ਬਣਾਇੰਦਾ । ਪਹਿਲੋਂ ਪੰਜੇ ਮਾਰੇ ਚੋਰ, ਪੰਚਮ ਸ਼ਬਦ ਫੇਰ ਅਲਾਇੰਦਾ । ਆਪਣੇ ਚਰਨੀ ਆਪੇ ਜੋੜ, ਆਪ ਆਪਣਾ ਮੇਲ ਮਿਲਾਇੰਦਾ । ਪੰਚ ਚੜ੍ਹਾਏ ਸਾਚੇ ਘੋੜ, ਨਾਮ ਘੋੜਾ ਇਕ ਵਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਰਾਹ ਵਖਾਇੰਦਾ । ਸਤਿਜੁਗ ਸਚਾ ਸਚਾ ਰਾਹ, ਹਰਿ ਸਾਚਾ ਆਪ ਲਗਾਈਆ । ਪੰਜ ਪਿਆਰੇ ਸੇਵਾ ਲਾ, ਪੰਚ ਕਰੇ ਕੁੜਮਾਈਆ । ਪੁਰਖ ਅਬਨਾਸੀ ਬਣ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਫੜ ਫੜ ਬਾਹੋਂ ਲਏ ਚੜ੍ਹਾ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭੁੱਲੇ ਰਾਹੀਆ । ਆਪਣੇ ਕੰਠ ਲਏ ਲਗਾ, ਵਡ ਦਾਤਾ ਬੇਪਰਵਾਹੀਆ । ਗੁਰਮੁਖ ਸਾਜਨ ਆਪ ਜਗਾ, ਗਿਆਨ

ਨੇਤਰ ਆਪ ਖੁਲ੍ਹਾਈਆ । ਅਨਹਦ ਅਵਾਜ ਆਪ ਲਗਾ, ਏਕਾ ਸ਼ਬਦ ਸੁਣਾਈਆ । ਨਿਹਕਲੰਕ ਜਾਮਾ ਪਾ, ਗੁਰ ਗੋਬਿੰਦ ਦਏ ਵਡਿਆਈਆ । ਕਲਜੁਗ ਕਾਲਖ ਟਿੱਕਾ ਦੇਵੇ ਲਾਹ, ਜੋ ਚਲ ਆਏ ਸ਼ਰਨਾਈਆ । ਸਾਚੀ ਰੰਗਨ ਦਏ ਚੜ੍ਹਾ, ਰੰਗ ਚਲੂਲ ਇਕ ਵਿਖਾਈਆ । ਨਿਰਗੁਣ ਦੀਪਕ ਜੋਤੀ ਆਪ ਜਗਾ, ਅੱਠੇ ਪਹਿਰ ਰਹੇ ਰੁਸ਼ਨਾਈਆ । ਸਾਚਾ ਅੰਮ੍ਰਿਤ ਜਾਮ ਦਏ ਪਿਆ, ਨਾਮ ਖੰਡਾ ਵਿਚ ਫਿਰਾਈਆ । ਸਾਚਾ ਮਿਠਾ ਦੇਵੇ ਪਾ, ਹਰਿ ਸੰਗਤ ਤੇਰੀ ਬ੍ਰਹਮ ਵੰਡ ਵੰਡਾਈਆ । ਸ਼ਬਦ ਅਗੰਮੀ ਵਿਚ ਸਮਾ, ਸਾਗਰ ਰੂਪ ਆਪ ਹੋ ਜਾਈਆ । ਕਾਂਇਆ ਗਾਗਰ ਦਏ ਟਿਕਾ, ਕਵਲ ਨਾਭ ਆਪ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਸਤਿਜੁਗ ਸਾਚਾ ਮਾਰਗ ਲਾਈਆ । ਸਤਿਜੁਗ ਸਾਚਾ ਮਾਰਗ ਲਾਵਣਾ, ਪਾਰਬ੍ਰਹਮ ਵੱਡੀ ਵਡਿਆਈਆ । ਪੰਚਮ ਪੰਚਮ ਰਾਜ ਪੰਚਮ ਸਾਜ ਪੰਚਮ ਕਾਜ ਆਪ ਰਚਾਵਣਾ, ਪੰਚਮ ਸੰਗ ਨਿਭਾਈਆ । ਪੰਚਮ ਸਾਜ ਗਰੀਬ ਨਿਵਾਜ ਬੰਕ ਦਵਾਰ ਸੁਹਾਵਣਾ, ਪੰਚਮ ਪੰਚਮ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਪੰਚ ਪਿਆਰੇ ਦੇਵੇ ਵਰ, ਨਿਰਗੁਣ ਸਰਗੁਣ ਜੋਤ ਧਰ, ਦਰਸ ਦਿਖਾਏ ਅਗੇ ਖੜ, ਆਪ ਆਪਣਾ ਰੂਪ ਵਟਾਈਆ । ਪੰਚਮ ਪਿਆਰੇ ਆਏ ਦਵਾਰ, ਹਰਿ ਸਾਚੇ ਸਚ ਮਿਲਾਇਆ । ਕਰ ਕਿਰਪਾ ਬਖਸ਼ੇ ਫੁਲਣਹਾਰ, ਇਕ ਇਕ ਗਲ ਵਿਚ ਦੇਵੇ ਪਾਇਆ । ਦੋ ਜਹਾਨਾਂ ਪੈਜ ਰਿਹਾ ਸਵਾਰ, ਭੁੱਲ ਰਹੇ ਨਾ ਰਾਇਆ । ਘਰ ਵਿਖਾਏ ਠਾਂਡਾ ਦਰਬਾਰ, ਸਚਖੰਡ ਦਰਬਾਰਾ ਇਕ ਉਪਾਇਆ । ਮੇਲ ਮਿਲਾਵਾ ਪੁਰਖ ਨਾਰ, ਸਾਚਾ ਕੰਤ ਆਪ ਹੋ ਜਾਇਆ । ਜੁਗ ਜੁਗ ਤਨ ਕਰਾਏ ਸੰਗਾਰ, ਇਛਿਆ ਭਿਛਿਆ ਝੋਲੀ ਪਾਇਆ । ਸਤਿ ਸੁਚ ਭਰੇ ਭੰਡਾਰ, ਅਤੋਟ ਅਤੁਟ ਆਪ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਪੰਚਮ ਮੀਤਾ ਇਕ ਅਤੀਤਾ ਆਪ ਅਖਵਾਇਆ । ਪੰਚਮ ਵੰਡ ਕਰ ਕਰਤਾਰ, ਲੋਕਮਾਤ ਵੰਡਾਈਆ । ਚਾਰ ਯਾਰ ਕਰ ਖਵਾਰ, ਚਾਰ ਦਏ ਵਡਿਆਈਆ । ਏਕਾ ਘਰ ਏਕਾ ਘਰ ਬਾਰ, ਏਕਾ ਬੰਕ ਸੁਹਾਈਆ । ਏਕਾ ਦੇਵਣਹਾਰ ਸੱਚੀ ਸਰਕਾਰ, ਸਾਚੇ ਤਖਤ ਬੇਪਰਵਾਹੀਆ । ਇਕ ਇਕੱਲਾ ਹੋ ਉਜਿਆਰ, ਜੁਗ ਜੁਗ ਲੋਕਮਾਤ ਵੇਸ ਵਟਾਈਆ । ਸੰਤ ਸੁਹੇਲੇ ਫੜ ਫੜ ਬਾਂਹੋਂ ਜਾਏ ਤਾਰ, ਮੰਝਧਾਰ ਨਾ ਕੋਈ ਰੁੜ੍ਹਾਈਆ । ਅਠਸਠ ਤੀਰਥ ਕਰ ਖਵਾਰ, ਕਲਜੁਗ ਤੇਰਾ ਤੇਰੀ ਝੋਲੀ ਪਾਈਆ । ਚਾਰੋਂ ਕੁੰਟ ਹਾਹਾਕਾਰ, ਧੀਰਜ ਧੀਰ ਨਾ ਕੋਈ ਵਖਾਈਆ । ਦਿਵਸ ਰੈਣ ਰੋਵੇ ਨਾਰੀ ਨਾਰ, ਨਰ ਨਰਾਇਣ ਨਜ਼ਰ ਨਾ ਆਈਆ । ਸ੍ਰਿਸਟ ਸਬਾਈ ਧੂਆਂਧਾਰ, ਸਾਚਾ ਚੰਦ ਨਾ ਕੋਈ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣੀ ਰਚਨਾ ਆਪ ਰਚਾਈਆ । ਦਿਵਸ ਬਵੰਜਾ ਤੀਰਥ ਤਟ, ਹਰਿ ਸਾਚੇ ਖੇਲ ਖਿਲਾਇਆ । ਗੁਰਸਿਖਾਂ ਦੁਰਮਤ ਮੈਲ ਕੱਟ, ਆਪ ਆਪਣੇ ਰੰਗ ਰੰਗਾਇਆ । ਸਾਚਾ ਅੰਮ੍ਰਿਤ ਏਕਾ ਝਟ, ਸਰ ਸਰੋਵਰ ਆਪ ਭਰਾਇਆ । ਖਾਲੀ ਕੀਤੇ ਤੀਰਥ ਤਟ, ਵੇਲਾ ਅੰਤ ਦਏ ਦੁਹਾਇਆ । ਖੇਲੇ ਖੇਲ ਬਾਜੀਗਰ ਨਟ, ਹਰਿ ਕਾ ਭੇਵ ਕਿਸੇ ਨਾ ਪਾਇਆ । ਉਚੇ ਮੰਦਰ ਜਾਣੇ ਢੱਠ, ਦਰ ਬੰਕ ਨਾ ਕੋਇ ਸੁਹਾਇਆ । ਪ੍ਰਭ ਗੇੜਨ ਆਇਆ ਉਲਟੀ ਲੱਠ, ਗੇੜਾ ਆਪਣੇ ਹੱਥ ਰਖਾਇਆ । ਵਸਣਹਾਰਾ ਘਟ ਘਟ, ਹਰਿਜਨ ਸਾਚੇ ਲਏ ਤਰਾਇਆ । ਵੀਹ ਸੌ ਸੋਲਾਂ ਬਿਕ੍ਰਮੀ ਹੋ ਪਰਗਟ, ਉਚੀ ਕੂਕੇ ਦਏ ਦੁਹਾਇਆ । ਹਰਿ ਸੰਗਤ ਸਾਚੀ ਕਰ ਅਕੱਠ, ਚਵੀ ਮੱਘਰ ਦਿਵਸ ਸੁਹਾਇਆ । ਕਲਜੁਗ ਖੇੜਾ ਹੋਇਆ ਭੱਠ, ਗੁਰ ਗੋਬਿੰਦ ਖੇੜਾ ਦਏ ਵਸਾਇਆ । ਅਬਿਨਾਸ਼ੀ ਕਰਤੇ ਕਰੀ ਚੱਠ, ਰਵਿਦਾਸ ਚੁਮਾਰੇ ਤੇਰਾ ਡੇਰਾ ਆਣ ਵਸਾਇਆ । ਗੰਗਾ ਗੋਦਾਵਰੀ ਸੁਰਸਤੀ ਤੇਰੇ ਚਰਨ ਦੁਆਰੇ ਆਈ ਨੱਠ, ਨਿਉਂ ਨਿਉਂ ਰਹੀ ਸੀਸ ਝੁਕਾਇਆ । ਤੇਰੀ ਧੂੜ ਰਸਨਾ ਨਾਲ ਲਈ ਚੱਟ, ਲਖ ਲਖ ਸ਼ੁਕਰ ਮਨਾਇਆ । ਪ੍ਰਭ

੧੬੪

ਪਕੜ ਬਹਾਇਆ ਨਾਲ ਠੱਗ, ਜੋ ਕੰਗਨ ਗਿਆ ਛੁਪਾਇਆ । ਨਾਲ ਰਲਾਇਆ ਸਿੰਘ ਜਰਨੈਲਾ ਜੱਟ, ਜੋ ਰਾਜਾ ਰੂਪ ਵਟਾਇਆ । ਫੜ ਫੜ ਖੇਲੇ ਖੇਲ ਪੁਰਖ ਸਮਰਥ, ਪੂਰਬ ਲਹਿਣਾ ਝੋਲੀ ਪਾਇਆ । ਆਪਣੀ ਵਾਗ ਫੜਾਈ ਸਿਖਾਂ ਹੱਥ, ਆਪਣੇ ਖਾਲੀ ਹੱਥ ਰਖਾਇਆ । ਸ੍ਰਿਸ਼ਟ ਸਬਾਈ ਮਿਥਿਆ ਮਥ, ਅੰਤ ਕੋਈ ਰਹਿਣ ਨਾ ਪਾਇਆ । ਹਰਿ ਕੀ ਮਹਿਮਾ ਅਕਥਨਾ ਅਕਥ, ਹਰਿ ਕਰਤਾ ਆਪ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕ੍ਰਿਪਾ ਕਰ, ਕਲਜੁਗ ਤੇਰੀ ਅੰਤਮ ਵਰ, ਹਰਿ ਸੰਗਤ ਸਾਚਾ ਮੇਲ ਮਿਲਾਇਆ । ਹਰਿ ਸੰਗਤ ਮੇਲਾ ਹਰਿ ਦਵਾਰ, ਹਰਿ ਕੀ ਪੌੜੀ ਆਪ ਚੜ੍ਹਾਈਆ । ਹਰਿ ਮੰਦਰ ਮੇਲਾ ਹਰਿ ਨਿਰੰਕਾਰ, ਅੰਦਰੇ ਅੰਦਰੇ ਦਏ ਕਰਾਈਆ । ਗੁਰ ਚੇਲਾ ਹੋਇਆ ਖਬਰਦਾਰ, ਸੱਜਣ ਸੁਹੇਲਾ ਵਡ ਵਡਿਆਈਆ । ਜੋਤ ਨਿਰੰਜਨ ਚਾੜ੍ਹੇ ਤੇਲਾ ਵਿਚ ਸੰਸਾਰ, ਸਾਚਾ ਸਗਨ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕੀ ਸਿਖ ਸੇਵਾ ਲਾਏ, ਹਰਿ ਸੰਗਤ ਲੰਗਰ ਵਰਤੇ ਭੰਡਾਰ, ਸਿੰਘ ਗੁਰਮੁਖ ਤੇਰਾ ਨਾਮ ਉਜਿਆਰ, ਚਾਰ ਜੁਗ ਦਏ ਕਰਾਈਆ । ਚਾਰ ਜੁਗ ਤੇਰੀ ਵਡਿਆਈ, ਗੁਰਮੁਖ ਹਰਿ ਵਡਿਆਇੰਦਾ । ਹਰਿ ਸੰਗਤ ਕਰਨ ਆਈ ਕੁੜਮਾਈ, ਏਕਾ ਸ਼ਬਦ ਵਿਚੋਲਾ ਵਿਚ ਬਣਾਇੰਦਾ । ਰਲ ਮਿਲ ਸਖੀਓ ਮੰਗਲ ਗਾਉਂਣਾ ਚਾਈਂ ਚਾਈਂ, ਪ੍ਰਭ ਵੇਲਾ ਵਕਤ ਸੁਹਾਇੰਦਾ । ਆਪੇ ਬਣ ਕੇ ਆਇਆ ਨੈਣ ਨਾਈ, ਆਪਣਾ ਵਾੜਾ ਆਪ ਮੰਗਾਇੰਦਾ । ਆਪੇ ਖਾਰੇ ਲਏ ਚੜ੍ਹਾਈ, ਆਪੇ ਵਟਨਾ ਤਨ ਮਲਾਇੰਦਾ । ਆਪੇ ਸੀਸ ਸੇਹਰਾ ਰਿਹਾ ਬੰਧਾਈ, ਜਗਦੀਸ ਆਪਣੇ ਹੱਥ ਉਠਾਇੰਦਾ । ਜੋਤ ਨਿਰੰਜਨ ਸਾਚਾ ਕਜਲ ਨੈਣਾਂ ਰਹੀ ਪਾਈ, ਏਕਾ ਹੱਥ ਤ੍ਰਸੂਲ ਉਠਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਰਚਿਆ ਕਾਜ ਦੇਸ ਮਾਝ, ਚਾਰ ਵਰਨ ਤੇਰੀ ਬਣੇ ਸਾਂਝ, ਊਚ ਨੀਚ ਨਾ ਕੋਈ ਰਖਾਈਆ । ਚਾਰ ਵਰਨ ਤੇਰਾ ਸਚ ਭੰਡਾਰ, ਹਰਿ ਸਾਚੇ ਆਪ ਵਰਤਾਇਆ । ਪੰਜ ਪਿਆਰੇ ਰਹਿਣ ਤੇਰੇ ਪਹਿਰੇਦਾਰ, ਚਾਰੋਂ ਕੁੰਟ ਆਪ ਬਹਾਇਆ । ਚਾਰ ਸੇਵਕ ਬਣ ਵਰਤਾਰ, ਅੰਦਰ ਵੜ ਦੇਣ ਵਰਤਾਇਆ । ਤਿੰਨ ਸਿੱਖ ਦੇਣ ਚਲ ਵਾਰੋ ਵਾਰ, ਤਿੰਨ ਭੰਡਾਰਾ ਜਲ ਭਰਾਇਆ । ਤਿੰਨ ਦਾਲ ਉਠਾਇਣ ਨਾਲ ਨਾਲ, ਨਾਮ ਕੜਛਾ ਹੱਥ ਰਖਾਇਆ । ਤਿੰਨਾਂ ਫੜਾਏ ਹੱਥ ਰੋਟੀ ਭਾਜੀ, ਜੀਵ ਉਧਾਰੇ ਕੋਟਨ ਕੋਟੀ, ਜਿਸ ਜਨ ਆਏ ਮੁੱਖ ਪਾਇਆ । ਧਰਮ ਰਾਏ ਨਾ ਅੰਤਮ ਕੱਟੇ ਬੋਟੀ ਬੋਟੀ, ਚਿਤਰ ਗੁਪਤ ਨਾ ਲੇਖ ਵਖਾਇਆ । ਵਿਚੋਂ ਕੱਢੇ ਵਾਸਨਾ ਖੋਟੀ, ਧੁਰਮਤ ਮੈਲ ਦਏ ਧਵਾਇਆ । ਫੜ ਚੜ੍ਹਾਏ ਸਾਚੀ ਚੋਟੀ, ਸਾਚਾ ਭੋਜਨ ਆਪ ਖਵਾਇਆ । ਗੁਰਸਿਖ ਨਾ ਕੋਈ ਬੰਨੇ ਤਨ ਲੰਗੋਟੀ, ਜੰਗਲ ਜੂਹ ਨਾ ਕੋਈ ਉਠ ਧਾਇਆ । ਕੋਈ ਨਾ ਚੜ੍ਹੇ ਪਰਬਤ ਚੋਟੀ, ਜਲ ਧਾਰ ਨਾ ਕੋਈ ਵਹਾਇਆ । ਗੁਰਸਿਖ ਤੇਰੀ ਆਤਮ ਰਹੀ ਨਾ ਸੋਤੀ, ਸਤਿਗੁਰ ਪੂਰਾ ਆਪ ਉਠਾਇਆ । ਨਾ ਕੋਈ ਜੰਞੂ, ਨਾ ਕੋਈ ਧੋਤੀ, ਨਾ ਕੋਈ ਤਿਲਕ ਲਿਲਾਟ ਲਗਾਇਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਸਚ ਭੰਡਾਰ ਕਰ ਤਿਆਰ, ਵੇਖੇ ਵਿਗਸੇ ਕਰੇ ਵਿਚਾਰ, ਵੇਖਣਹਾਰ ਆਪ ਹੋ ਆਇਆ । ਸਚ ਭੰਡਾਰਾ ਸਚ ਦਵਾਰ, ਹਰਿ ਸਾਚੇ ਆਪ ਭਰਾਇਆ । ਇਕੀ ਸਿੱਖ ਸੇਵਾਦਾਰ, ਸਾਚੀ ਸੰਗਤ ਨਾਂਉ ਧਰਾਇਆ । ਪੰਗਤ ਬਣੇ ਵਿਚ ਸੰਸਾਰ, ਇਕੀ ਇਕੀ ਜੋੜ ਜੁੜਾਇਆ । ਇਕੀ ਕੁਲਾਂ ਦਏ ਤਾਰ, ਤਾਰਨਹਾਰ ਬੇਪ੍ਰਵਾਹਿਆ । ਪਿਛਲੀ ਲਿਖੀ ਦਏ ਨਿਵਾਰ, ਅਗਲਾ ਲੇਖਾ ਆਪਣੇ ਹੱਥ ਰਖਾਇਆ । ਗੁਰ ਗੋਬਿੰਦ ਮੇਲਾ ਵਿਚ ਸੰਸਾਰ, ਸਿੰਘ ਰੂਪ ਆਪ ਹੋ ਆਇਆ । ਗੁਰ ਚੇਲਾ ਸੋਹੇ ਇਕ ਦਰਬਾਰ, ਦਰ ਦਰ ਮੰਦਰ ਆਪ ਖੁਲਾਇਆ । ਗੁਰ ਗੋਬਿੰਦ ਦੇਵੇ ਨਾਮ ਕਟਾਰ, ਸਾਚਾ ਖੰਡਾ ਹੱਥ ਫੜਾਇਆ । ਗੁਰ ਗੋਬਿੰਦ ਦੇਵੇ ਅੰਮ੍ਰਿਤ ਧਾਰ, ਅੰਮ੍ਰਿਤ ਆਤਮ ਜਲ ਪਿਆਇਆ । ਗੁਰ ਗੋਬਿੰਦ ਵੇਖੇ ਸੀਸ ਦਸਤਾਰ, ਕੇਸ ਸੀਸ ਚਵਰ ਝੁਲਾਇਆ । ਗੁਰ ਗੋਬਿੰਦ ਵੇਖੇ ਜਤ ਅਪਾਰ, ਸਤਿ ਕਛ ਇਕ ਗੁਰ ਗੋਬਿੰਦ ਹੱਥ ਕੰਗਨ ਨਾਮ ਸ਼ੰਗਾਰ, ਸਾਚੀ ਸਿਖਿਆ

ਸਿਖ ਸਮਝਾਇਆ । ਗੁਰ ਕਾ ਸ਼ਬਦ ਇਕ ਜੈਕਾਰ, ਵਾਹਿ ਵਾਹਿਗੁਰੂ ਫਤਿਹ ਬੁਲਾਇਆ । ਫਤਿਹ ਡੰਕਾ ਸੁਣੇ ਸਰਬ ਸੰਸਾਰ, ਨਿਹਕਲੰਕਾ ਦਏ ਵਜਾਇਆ । ਰਾਓ ਰੰਕਾਂ ਲਾਏ ਪਾਰ, ਜੋ ਜਨ ਸਰਨਾਈ ਆਇਆ । ਹਰਿਜਨ ਜਨ ਕਾ ਲਏ ਅਧਾਰ, ਜਨ ਜਨਨੀ ਲੇਖੇ ਲਾਇਆ । ਖੇਲੇ ਖੇਲ ਬਾਰ ਅਨਕ ਨਿਰਾਕਾਰ, ਨਿਰਗੁਣ ਆਪਣਾ ਰੰਗ ਵਟਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਹਰਿ ਆਪਣਾ ਨਾਉਂ ਧਰਾਇਆ । ਦਰ ਹਰਿ ਹਰਿ ਦਰ ਭਗਵਾਨਾ, ਪਾਰਬ੍ਰਹਮ ਵੱਡੀ ਵਡਿਆਈਆ । ਸ਼ਬਦ ਅਗੰਮੀ ਇਕ ਬਿਬਾਨਾ, ਪੁਰਖ ਅਬਿਨਾਸ਼ੀ ਆਪ ਉਡਾਈਆ । ਲੋਆਂ ਪੁਰੀਆਂ ਵੇਖੇ ਮਾਰ ਧਿਆਨਾ, ਲੋਕਮਾਤ ਫੇਰਾ ਪਾਈਆ । ਗੁਰਮੁਖ ਸਾਚਾ ਚਤਰ ਸੁਜਾਨਾ, ਲਏ ਉਠਾਈਆ । ਆਤਮ ਅੰਤਰ ਬ੍ਰਹਮ ਗਿਆਨਾ, ਏਕਾ ਬੂਝ ਬੁਝਾਈਆ । ਸੋ ਪੁਰਖ ਨਿਰੰਜਨ ਹੋ ਪਰਧਾਨਾ, ਹੰ ਬ੍ਰਹਮ ਦਏ ਵਿਖਾਈਆ । ਸੋਹੰ ਸ਼ਬਦ ਸਚ ਨਿਸ਼ਾਨਾ, ਸਚਖੰਡ ਆਪ ਸੁਣਾਈਆ । ਨਾਨਕ ਗਾਇਆ ਪਦ ਨਿਰਬਾਣਾ, ਏਕਾ ਰੂਪ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸੋ ਪੁਰਖ ਨਿਰੰਜਨ ਸਾਚਾ ਹਰਿ, ਹੰ ਮੇਲਾ ਸ੍ਰਿਸ਼ਟ ਸਬਾਈਆ । ਹੰ ਰੂਪ ਚਾਰ ਖਾਣੀ, ਹਰਿ ਸਾਚਾ ਸਚ ਜਣਾਇੰਦਾ । ਅਬਨਾਸ਼ੀ ਕਰਤਾ ਸਾਚਾ ਹਾਣੀ, ਜੁਗ ਜੁਗ ਸੰਗ ਰਖਾਇੰਦਾ । ਨਿਰਗੁਣ ਦਾਤਾ ਦੇਵੇ ਪਾਣੀ, ਅੰਮ੍ਰਿਤ ਜਲ ਭਰਾਇੰਦਾ । ਆਪਣੀ ਕਥਾ ਅਕਥ ਸੁਣਾਏ ਬਾਣੀ, ਆਪਣਾ ਰਾਗ ਅਲਾਇੰਦਾ । ਆਪੇ ਹੋਏ ਜਾਣ ਜਾਣੀ, ਜਾਨਣਹਾਰ ਆਪ ਅਖਵਾਇੰਦਾ । ਆਪੇ ਰਾਜਾ ਆਪੇ ਰਾਣੀ, ਸ਼ਾਹ ਸੁਲਤਾਨ ਆਪ ਹੋ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰ, ਆਦਿ ਜੁਗਾਦਿ ਕਰ ਪਸਾਰ, ਆਪੇ ਗੁਰ ਪੀਰ ਅਵਤਾਰ, ਆਪੇ ਸਾਧ ਸੰਤ ਅਧਾਰ, ਆਪੇ ਗੁਰਮੁਖ ਲਾਵੇ ਪਾਰ, ਆਪ ਮਨਮੁਖ ਦਏ ਸੰਘਾਰ, ਆਪਣਾ ਦਰ ਆਪ ਖੁਲਾਇੰਦਾ । ਖੇਲਣਹਾਰ ਪੁਰਖ ਅਕਾਲਾ, ਏਕਾ ਪੁਰਖ ਅਖਵਾਇਆ । ਕਲਜੁਗ ਅੰਤਮ ਖੇਲ ਨਿਰਾਲਾ, ਲੋਕਮਾਤ ਆਪ ਕਰਾਇਆ । ਆਪੇ ਕਾਲ ਆਪ ਮਹਾਂਕਾਲਾ, ਆਪ ਆਪਣਾ ਵੇਸ ਵਟਾਇਆ । ਆਪੇ ਬਣਿਆ ਭਗਤ ਦਲਾਲਾ, ਸ਼ਬਦ ਸ਼ਬਦੀ ਨਾਉਂ ਧਰਾਇਆ । ਆਪੇ ਗੁਰੂ ਗੁਰੂ ਗੁਰ ਗੁਰ ਬਾਲਾ, ਆਪੇ ਗੋਬਿੰਦ ਦਏ ਵਡਿਆਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਏਕਾ ਨੂਰ ਕਰੇ ਰੁਸ਼ਨਾਇਆ । ਨਿਹਕਲੰਕ ਨਿਰਗੁਣ ਧਾਰ, ਨਰ ਹਰਿ ਆਪ ਚਲਾਈਆ । ਕਲਜੁਗ ਅੰਤਮ ਲਏ ਅਵਤਾਰ, ਗੁਰਮੁਖ ਸਾਚੇ ਮੇਲ ਮਿਲਾਈਆ । ਸੋਹੰ ਸ਼ਬਦ ਬੋਲ ਜੈਕਾਰ, ਸੋ ਪੁਰਖ ਨਿਰੰਜਨ ਕਰੇ ਪੜ੍ਹਾਈਆ । ਦਾਈ ਦਾਇਆ ਬਣ ਸੰਸਾਰ, ਸਗਲੀ ਸ੍ਰਿਸ਼ਟ ਵੇਖ ਵਿਖਾਈਆ । ਅਲੱਖ ਅਗੰਮ ਭੇਵ ਨਿਆਰ, ਭੇਵ ਅਭੇਵ ਆਪ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਰਵਦਾਸ ਚਮਿਆਰੇ ਵਸਿਆ ਘਰ, ਗੁਰਮੁਖਾਂ ਬੱਧਾ ਏਕਾ ਲੜ, ਸਾਚਾ ਪੱਲੂ ਨਾਮ ਰਸਾਲੂ, ਹਰਿ ਸਾਚੇ ਹੱਥ ਉਠਾਇਆ । ਘਰ ਜੰਮਿਆ ਪੂਤ ਕਾਲੂ, ਨਿਰਗੁਣ ਨਿਰਗੁਣ ਬਾਲ ਸਮਝਾਇਆ । ਨਾਨਕ ਬਣਿਆ ਜਗਤ ਦਿਆਲੂ, ਦੇ ਮਤ ਗਿਆ ਸਮਝਾਇਆ । ਕਲਜੁਗ ਅੰਤਮ ਤਪਨੀ ਰੇਤ ਬਾਲੂ, ਸਾਂਤ ਸਾਂਤ ਸਤਿਨਾਮ ਨਾ ਕੋਈ ਕਰਾਇਆ । ਸੰਤ ਸੁਹੇਲੇ ਗੁਰਮੁਖ ਸੱਜਣ ਪਾਰਬ੍ਰਹਮ ਅਬਨਾਸ਼ੀ ਕਰਤਾ, ਏਕੰਕਾਰ ਆਪ ਆਪਣੇ ਆਪੇ ਭਾਲੂ, ਨਿਹਕਲੰਕ ਫੇਰਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਨਿਰਗੁਣ ਦਾਤਾ ਪੁਰਖ ਬਿਧਾਤਾ ਆਪ ਅਖਵਾਇਆ । ਨਿਰਗੁਣ ਦਾਤਾ ਦੇਵੇ ਦਾਨ, ਜੀਵ ਜੰਤ ਅਧਾਰਿਆ । ਸਚ ਸਮਗਰੀ ਸਚ ਪਕਵਾਨ, ਸਚ ਭੰਡਾਰ ਆਪ ਵਿਖਾ ਲਿਆ । ਗੁਰਮੁਖ ਗੁਰਸਿਖ ਹਰਿ ਸੰਗਤ, ਮਿਲ ਮਿਲ ਬਹਿ ਬਹਿ ਖਾਣ, ਹਰਿ ਸੰਗਤ ਨਾਉਂ ਧਰਾ ਲਿਆ । ਰੰਗਤ ਚਾੜ੍ਹੇ ਇਕ ਮਹਾਨ, ਰੰਗ ਮਜੀਠੀ ਇਕ ਚੜ੍ਹਾ ਲਿਆ । ਤੀਰ ਨਿਰਾਲਾ ਮਾਰੇ ਬਾਣ, ਦੂਈ ਦਵੈਤੀ ਪਾਰ ਕਰਾ ਲਿਆ ।

੧੬੫

ਸਾਚਾ ਬਖਸ਼ੇ ਪੀਣ ਖਾਣ, ਜਗਤ ਤ੍ਰਿਸ਼ਨਾ ਭੁੱਖ ਮਿਟਾ ਰਿਹਾ । ਸਤਿਜੁਗ ਸਾਚੇ ਹੋਏ ਪਰਧਾਨ, ਸਾਚਾ ਧਾਮ ਆਪ ਸੁਹਾ ਲਿਆ । ਚਵੀ ਹੱਥ ਚੜ੍ਹੇ ਨਿਸ਼ਾਨ, ਜਿਸ ਦਵਾਰੇ ਚਰਨ ਛੁਹਾ ਲਿਆ । ਚਾਰ ਵਰਨ ਮੰਨਣ ਆਣ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਸੀਸ ਸਰਬ ਝੁਕਾ ਲਿਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਗੁਰਮੁਖ ਪਾਲ ਦੀਨ ਦਿਆਲ, ਆਪਣਾ ਲਾਲ ਆਪ ਉਠਾ ਲਿਆ । ਗੁਰਮੁਖ ਨਾਤਾ ਤੁਟਾ ਮਾਤ ਪਿਤ, ਜਗਤ ਕੁਟੰਬ ਆਪ ਛੁਡਾਈਆ । ਪੁਰਖ ਅਬਿਨਾਸ਼ੀ ਸਾਚਾ ਪਿਤ, ਸਤਿਗੁਰ ਪੂਰਾ ਆਪ ਅਖਵਾਈਆ । ਸੰਗ ਨਿਭਾਏ ਨਿਤ ਨਵਿਤ, ਜੁਗ ਜੁਗ ਵੇਸ ਵਟਾਈਆ । ਅੱਠੇ ਪਹਿਰ ਵਸੇ ਚਿਤ, ਚਿਤਵਤ ਠਗੋਰੀ ਕੋਈ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਤਿ ਸਰੂਪੀ ਸੁਤ ਦੁਲਾਰਾ, ਗੁਰਮੁਖ ਸਾਜਨ ਕਰ ਪਿਆਰਾ, ਸਤਿ ਸਰੂਪੀ ਦਏ ਹੁਲਾਰਾ, ਦੇਵੇ ਦਰਸ ਅੰਦਰ ਬਾਹਿਰਾ, ਗੁਪਤ ਜਾਹਿਰਾ ਆਪ ਹੋ ਜਾਈਆ । ਗੁਪਤ ਜ਼ਾਹਿਰਾ ਬਣ ਕੇ ਆਇਆ, ਆਪਣਾ ਨਾਤਾ ਦਏ ਤੁੜਾਈਆ । ਤ੍ਰੈਗੁਣ ਮਾਇਆ ਸੜ ਕੇ ਆਇਆ, ਆਪਣਾ ਲੰਬੂ ਆਪਣੀ ਹੱਥੀਂ ਲਾਈਆ । ਸ਼ਬਦ ਅਗੰਮੀ ਘੋੜੇ ਚੜ੍ਹ ਕੇ ਆਇਆ, ਦਿਸ ਕਿਸੇ ਨਾ ਆਈਆ । ਸਚ ਵਸਤ ਨਾਮ ਹੱਥ ਫੜਕੇ ਆਇਆ, ਹਰਿ ਸੰਗਤ ਕਰੇ ਪੜ੍ਹਾਈਆ । ਆਦਿ ਜੁਗਾਦਿ ਨਾ ਕਿਸੇ ਕੋਲੋਂ ਡਰਕੇ ਆਇਆ, ਨਿਰਭੈ ਆਪਣਾ ਨਾਉਂ ਧਰਾਈਆ । ਨਿਹਕਲੰਕ ਨਾਉਂ ਹਰਿ ਰੱਖ, ਸ਼ਬਦੀ ਡੰਕ ਵਜਾਇਆ । ਪਾਰਬ੍ਰਹਮ ਪ੍ਰਭ ਹੋ ਪਰਤੱਖ, ਲੋਕਮਾਤ ਵੇਸ ਵਟਾਇਆ । ਸਾਧਾਂ ਸੰਤਾਂ ਭਾਂਡੇ ਕਰੇ ਸਖ, ਆਪਣੀ ਵਸਤ ਆਪਣੇ ਹੱਥ ਰਖਾਇਆ । ਗੁਰਸਿਖ ਗਰੀਬ ਨਿਮਾਣੇ ਕੱਖੋਂ ਕਰੇ ਲੱਖ, ਲੱਖ ਕਰੋੜੀ ਨਾ ਕੀਮਤ ਚੁਕਾਇਆ, ਲਖ ਚੁਰਾਸੀ ਵਿਚੋ ਕਰੇ ਵੱਖ, ਸੋਹੰ ਟਿੱਕਾ ਮਸਤਕ ਲਾਇਆ । ਹਰਿ ਸੰਗਤ ਤੇਰਾ ਨਿਰਗੁਣ ਨਾਨਕ ਕਰੇ ਪੱਖ, ਜਿਸ ਸੋਹੰ ਰਸਨਾ ਗਾਇਆ । ਗੁਰ ਗੋਬਿੰਦ ਸੋਹੰ ਤੀਰ ਕਮਾਨ ਅੰਤਮ ਵੇਲੇ ਵਸਤ ਲਈ ਰੱਖ, ਦੂਜਾ ਚਿਲਾ ਨਾ ਹੱਥ ਉਠਾਇਆ । ਸ੍ਰਿਸ਼ਟ ਸਬਾਈ ਕਰੇ ਭੱਠ, ਆਪ ਆਪਣਾ ਬਲ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਅਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਆਪ ਅਪਣਾ ਡੰਕ ਵਜਾਇਆ । ਵੱਜੇ ਡੰਕ ਵਿਚ ਬ੍ਰਹਿਮੰਡ, ਹਰਿ ਸਾਚਾ ਆਪ ਵਜਾਇੰਦਾ । ਕਲਜੁਗ ਜੀਵ ਭਾਗਾਂ ਮੰਦ, ਗੂੜ੍ਹੀ ਨੀਂਦ ਸਵਾਇੰਦਾ । ਮਦਿਰਾ ਮਾਸ ਰਸਨਾ ਬੱਤੀ ਦੰਦ, ਹਰਿ ਕਾ ਨਾਮ ਸਰਬ ਭੁਲਾਇੰਦਾ । ਘਰ ਘਰ ਵਿਚ ਦਿਸੇ ਨਾ ਪਰਮਾਨੰਦ, ਘਰ ਮੇਲ ਨਾ ਕੋਈ ਮਿਲਾਇੰਦਾ । ਘਰ ਘਰ ਨਾ ਚੜ੍ਹੇ ਨਿਰਗੁਣ ਚੰਦ, ਦੀਪਕ ਜੋਤ ਨਾ ਕੋਈ ਡਗਮਗਾਇੰਦਾ । ਘਰ ਘਰ ਨਾ ਗਾਏ ਕੋਈ ਸੁਹਾਗੀ ਛੰਦ, ਅਨਹਦ ਰਾਗ ਨਾ ਕੋਈ ਅਲਾਇੰਦਾ । ਘਰ ਘਰ ਨਾ ਮੁੱਕਿਆ ਕਿਸੇ ਪੰਧ, ਨੌਂ ਦਵਾਰੇ ਸਰਬ ਭਵਾਇੰਦਾ । ਜਨ ਭਗਤਾਂ ਖੁਸ਼ੀ ਕਰੇ ਬੰਦ ਬੰਦ, ਆਪ ਆਪਣਾ ਦਰਸ ਦਿਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਚ ਭੰਡਾਰਾ ਹਰਿ ਵਰਤਾਰਾ, ਹਰਿ ਸੰਗਤ ਆਪ ਵਰਤਾਇੰਦਾ । ਹਰਿ ਸੰਗਤ ਪੰਗਤ ਜਾਣਾ ਬਣ, ਏਕਾ ਇਕੀ ਮੁਖ ਰਖਾਈਆ । ਜਨਨੀ ਜਨਿਆ ਸਾਚਾ ਜਨ, ਪ੍ਰਭ ਲੇਖੇ ਲਏ ਲਗਾਈਆ । ਸੋਹੰ ਸੁਣਿਆ ਸਾਚੇ ਕੰਨ, ਦੋ ਜਹਾਨਾਂ ਵੱਜੇ ਵਧਾਈਆ । ਝੂਠਾ ਭਾਂਡਾ ਲੈਣਾ ਭੰਨ, ਗੜ ਹੰਕਾਰ ਰਹਿਣ ਨਾ ਪਾਈਆ । ਮਨੂਆ ਮਨ ਜਾਏ ਮੰਨ, ਸ਼ਬਦ ਡੋਰੀ ਤੰਦ ਬੰਧਾਈਆ । ਦੇਵਣਹਾਰਾ ਦਾਣਾ ਪਾਣੀ ਅੰਨ, ਸਚ ਭੰਡਾਰਾ ਰਿਹਾ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪ ਆਪਣਾ ਸੰਗ ਨਿਭਾਈਆ । ਸਗਲਾ ਸੰਗ ਹਰਿ ਚਤਰ ਸੁਜਾਨਾ, ਭਗਤਨ ਮੇਲ ਮਿਲਾਇੰਦਾ । ਸਤਿਗੁਰ ਪੂਰਾ ਬਣਿਆ ਦਾਤਾ ਦਾਨਾ, ਬੀਨਾ ਆਪ ਅਖਵਾਇੰਦਾ । ਦੇਵੇ ਰਿਜਕ ਪੀਣਾ ਖਾਣਾ, ਵਿਸ਼ਨੂੰ ਵੰਸੀ ਨਾਉਂ ਉਪਾਇੰਦਾ । ਬ੍ਰਹਮ ਮਤ ਇਕ ਪਛਾਨਾ, ਗੁਰਮਤ ਨਾਉਂ ਉਪਜਾਇੰਦਾ । ਸ਼ੰਕਰ ਬੰਨੇ ਸਾਚਾ ਗਾਨਾਂ, ਜੋ ਜਨ ਹਰਿ ਹਰਿ ਦਰਸ਼ਨ ਪਾਇੰਦਾ । ਕਰੋੜ

੧੬੬

ਤੇਤੀਸ ਸੁਰਪਤ ਰਾਜਾ ਇੰਦ ਇਕ ਗੁਰਸਿੱਖ ਤੇਰੇ ਰੱਖ ਚਰਨ ਧਿਆਨਾ, ਤੇਰਾ ਰਾਹ ਤਕਾਇੰਦਾ । ਦੀਪਕ ਜੋਤ ਜਗੇ ਮਹਾਨਾ, ਆਦਿ ਜੁਗਾਦੀ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਰਵਦਾਸ ਚਮਿਆਰ ਕਿਰਪਾ ਦੇਣੀ ਕਰ, ਚੋਰ ਠੱਗ ਆਇਆ ਤੇਰੇ ਦਰ, ਪੁਰਖ ਅਬਿਨਾਸ਼ੀ ਲਿਆਇਆ ਫੜ, ਆਪ ਆਪਣੀ ਦਯਾ ਕਮਾਈਆ । ਸੰਤ ਠੱਗ ਕਰ ਇਕੱਠੇ, ਸਾਚਾ ਮੇਲ ਮਿਲਾਇੰਦਾ । ਏਕਾ ਬਹਾਏ ਸਾਚੇ ਹੱਟੇ, ਹਰਿ ਸੰਗਤ ਹੱਟ ਖੁਲਾਇੰਦਾ । ਚੋਰ ਹਰਿ ਜੀ ਚਰਨੀ ਢੱਠੇ, ਪਿਛਲੀ ਭੁੱਲ ਬਖਸ਼ਾਇੰਦਾ । ਰਵਦਾਸ ਗੰਗਾ ਤੇਰੇ ਚਰਨ ਚੱਟੇ, ਅੰਮ੍ਰਿਤ ਜਲ ਚੁਆਇੰਦਾ । ਕਬੁਧ ਡੂੰਮਣੀ ਮਿਟੇ ਫੱਟੇ, ਦੂਈ ਦਵੈਤੀ ਮੇਟ ਮਿਟਾਇੰਦਾ । ਹਰਿ ਕਾ ਮਾਲ ਕਦੀ ਨਾ ਕੋਈ ਲੁੱਟੇ, ਗੁਰਸਿਖ ਇਹ ਸਮਝਾਇੰਦਾ । ਦੋ ਜਹਾਨਾਂ ਫੜ ਫੜ ਜੜ੍ਹ ਪੁੱਟੇ, ਜੋ ਗੁਰ ਕਾ ਬਚਨ ਭੁਲਾਇੰਦਾ । ਗੁਰ ਗੋਬਿੰਦ ਤੇਰਾ ਤੀਰ ਨਿਰਾਲਾ ਛੁੱਟੇ, ਅਗੇ ਹੋ ਨਾ ਕੋਈ ਬਚਾਇੰਦਾ । ਹਰਿ ਸੰਗਤ ਤੇਰਾ ਭਾਗ ਨਾ ਕਦੇ ਨਿਖੁਟੇ, ਵਡ ਭਾਗੀ ਮੇਲ ਮਿਲਾਇੰਦਾ । ਲੇਖੇ ਲਾਏ ਕਾਇਆ ਬੁਤੇ, ਅਬਿਨਾਸ਼ੀ ਅਚੁਤੇ ਦਯਾ ਕਮਾਇੰਦਾ । ਕਲਜੁਗ ਗੂੜ੍ਹੀ ਨੀਂਦ ਨਾ ਸੁੱਤੇ, ਸਤਿਗੁਰ ਪੂਰਾ ਆਪ ਜਗਾਇੰਦਾ । ਸਤਿਜੁਗ ਫੁਲਵਾੜੀ ਲਾਏ ਬੂਟੇ, ਫੁੱਲਾਂ ਹਾਰ ਤਨ ਪਹਿਨਾਇੰਦਾ । ਇਕੀ ਏਕਾ ਦੇਵੇ ਝੂਟੇ, ਨਾਮ ਹੁਲਾਰਾ ਇਕ ਵਖਾਇੰਦਾ । ਠਗ ਚੋਰ ਯਾਰ ਸੱਤਰੀ ਬ੍ਰਾਹਮਣ ਸ਼ੂਦਰ ਵੈਸ਼ ਆਪ ਬਣਾਏ ਏਕਾ ਮੁੱਠੇ, ਬੱਧੀ ਗੰਢ ਨਾ ਕੋਈ ਖੁਲਾਇੰਦਾ । ਫੜ ਕੇ ਅਠਾਈ ਨਰਕ ਕੋਈ ਨਾ ਸੁੱਟੇ, ਜੋ ਜਨ ਦਰਸ਼ਨ ਦਰ ਆਏ ਪਾਇੰਦਾ । ਸਚਖੰਡ ਬਹਿ ਬਹਿ ਮੌਜਾਂ ਲੁੱਟੇ, ਚਾਰ ਜੁਗ ਨਾ ਕੋਈ ਜਗਾਇੰਦਾ । ਆਵਣ ਜਾਵਣ ਲੱਖ ਚੁਰਾਸੀ ਛੁੱਟੇ, ਮਾਤ ਗਰਭ ਫੰਦ ਕਟਾਇੰਦਾ । ਚਵੀ ਮੱਘਰ ਸਾਚਾ ਜਲ ਠੰਡਾ
੧੬੭ ਸੀਰ ਪੀਣਾ ਏਕਾ ਘੁੱਟੇ, ਸਚ ਭੰਡਾਰਾ ਆਪ ਵਰਤਾਇੰਦਾ । ਕਲਜੁਗ ਜੀਵਾਂ ਨਾਤਾ ਛੁੱਟੇ, ਹਰਿ ਸੰਗਤ ਮੇਲ ਮਿਲਾਇੰਦਾ । ਗੁਰਮੁਖ ਤੇਰੀ ਬਸੰਤ ਰੁੱਤੇ, ਬਾਰਾਂ ੧੬੭
ਮਾਸ ਜਣਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਸਾਚਾ ਮਾਰਗ ਆਪੇ ਲਾਇੰਦਾ । ਸਾਚਾ ਮਾਰਗ ਜਾਣਾ ਲੱਗ, ਹਰਿ ਸਾਚੇ ਆਪ ਲਗਾਵਣਾ । ਬੀਸ ਇਕੀਸ ਬਿਕ੍ਰਮੀ ਵਿਚ ਜੱਗ, ਜਾਗਰਤ ਜੋਤ ਇਕ ਵਖਾਵਣਾ । ਦਾਤਾ ਦਾਨੀ ਸੂਰਾ ਸਰਬਗ, ਸਤਿ ਪੁਰਖ ਆਪ ਅਖਵਾਵਣਾ । ਸੁਹਾਏ ਬੰਕ ਦਵਾਰ ਛੁਹਾਏ ਪਗ, ਪਤਿਪਰਮੇਸ਼ਵਰ ਰੂਪ ਵਟਾਵਣਾ । ਜੋ ਜਨ ਸਰਨਾਈ ਗਏ ਲਗ, ਭਵ ਸਾਗਰ ਪਾਰ ਕਰਾਵਣਾ । ਹੰਸ ਬਣਾਏ ਫੜ ਫੜ ਕਗ, ਸੋਹੰ ਮਾਣਕ ਮੋਤੀ ਚੋਗ ਚੁਗਾਵਣਾ । ਪੂਰਬ ਜਨਮ ਦਾ ਲਾਹ ਦੇਵੇ ਦਾਗ, ਦੁਰਮਤ ਮੈਲ ਆਪ ਧੁਆਵਣਾ । ਅੰਧ ਅੰਧੇਰ ਜਲਾਏ ਚਰਾਗ, ਜੋਤੀ ਨੂਰ ਇਕ ਵਖਾਵਣਾ । ਗੁਰਸਿੱਖ ਬਣਾਏ ਪਾਕੀ ਪਾਕ, ਪਤਿਤ ਪੁਨਿਤ ਆਪ ਕਰਾਵਣਾ । ਵੇਲੇ ਅੰਤ ਪਤ ਲਏ ਰੱਖ, ਪਰਗਟ ਹੋ ਹੋ ਦਰਸ ਦਿਖਾਵਣਾ । ਗੁਰਸਿੱਖ ਤੇਰਾ ਦਵਾਰਾ ਧਰਮ ਰਾਏ ਦਾ ਜਮ ਨਾ ਸਕੇ ਝਾਕ, ਨੇਤਰ ਨੈਣ ਨਾ ਕਿਸੇ ਉਠਾਵਣਾ । ਪੁਰਖ ਅਬਿਨਾਸ਼ੀ ਤੇਰੀ ਆਪਣੀ ਹੱਥੀਂ ਪਕੜੀ ਵਾਗ, ਦੂਸਰੇ ਹੱਥ ਨਾ ਕਿਸੇ ਫੜਾਵਣਾ । ਪੂਰਾ ਕਰੇ ਭਵਿਖਤ ਵਾਕ, ਗੁਰ ਗੋਬਿੰਦ ਜੋ ਲਿਖਾਵਣਾ । ਮਨਮੁਖ ਨਕੇਲ ਪਾਏ ਨੱਕ, ਦਰ ਦਰ ਘਰ ਘਰ ਬੰਦਰ ਆਪ ਨਚਾਵਣਾ । ਜਨ ਭਗਤਾਂ ਆਪੇ ਬਣੇ ਚਾਕਰ ਚਾਕ, ਚਾਕਰ ਚਾਕਰੀ ਆਪ ਕਰਾਵਣਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਗੰਗਾ ਤੇਰਾ ਸਾਚਾ ਛੱਲਾ ਹਰਿ ਫੜਾਇਆ ਹੱਥ ਉਠਾਇਆ ਕਰ ਕਰ ਵਲ ਛਲਾ, ਰਵਦਾਸ ਚਮਿਆਰਾ ਗਵਾਹ ਇਕ ਰਖਾਵਣਾ । ਸਾਚਾ ਛੱਲਾ ਸਾਚਾ ਕੰਗਣ, ਹਰਿ ਸਾਚਾ ਆਪ ਰਖਾਇੰਦਾ । ਕਿਸੇ ਦਰ ਨਾ ਜਾਏ ਮੰਗਣ, ਝੋਲੀ ਅਗੇ ਨਾ ਕਿਸੇ ਡਾਹਿੰਦਾ । ਹਰਿ ਭਗਤ ਲਗਾਏ ਆਪਣੇ ਅੰਗਨ, ਆਪ ਆਪਣੀ ਗੋਦ ਸੁਹਾਇੰਦਾ । ਨਾਮ ਭਿਬੂਤੀ ਚਾੜ੍ਹੇ ਰੰਗਨ, ਰੰਗ ਰੰਗੀਲਾ ਆਪ ਰੰਗਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ

ਨਰ, ਸਚ ਭੰਡਾਰਾ ਸਚ ਵਰਤਾਰਾ ਸਾਚੀ ਸੰਗਤ ਆਪ ਵਰਤਾਇੰਦਾ । ਸਾਚੀ ਸੰਗਤ ਖਾਣਾ ਪੀਣਾ, ਹਰਿ ਸਾਚੇ ਥਾਲ ਪਰੋਸਿਆ । ਲੋਕਮਾਤ ਬਖਸ਼ੇ ਸਦਾ ਜੀਣਾ, ਪਿਛਲਾ ਬਖਸ਼ੇ ਕੀਤਾ ਰੋਸਿਆ । ਦੋ ਜਹਾਨਾ ਪਾਟਾ ਤਨ ਸੀਣਾ, ਮਾਰ ਮਾਰੇ ਨਾ ਫੜ ਬਿਠੋਸਿਆ । ਬਿਨ ਪੁਰਖ ਅਕਾਲ ਦੂਸਰ ਅੱਗੇ ਨਾ ਨਿਉਂਣਾ, ਗੁਰ ਗੋਬਿੰਦ ਲੇਖ ਲਿਖਾਸਿਆ । ਸਤਿ ਪੁਰਖ ਨਿਰੰਜਨ ਠਾਂਡਾ ਕਰੇ ਸੀਨਾ, ਜਗ ਤ੍ਰਿਸ਼ਨਾ ਪਿਆਸ ਮਿਟਾਸਿਆ । ਅੰਮ੍ਰਿਤ ਰੰਗ ਚੜ੍ਹਾਏ ਭੀਨਾ, ਭਿੰਨੜੀ ਰੈਣ ਇਕ ਸੁਹਾਸਿਆ । ਪਾਰ ਕਰਾਏ ਤ੍ਰੈਗੁਣ ਤੀਨਾਂ, ਤਿੰਨ ਗੁਣ ਕਰੇ ਬੰਦ ਖੁਲਾਸਿਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਮੇਲ ਮਿਲਾਏ ਸ਼ਾਹੋ ਸ਼ਾਬਾਸਿਆ । ਪੀਣਾ ਜਲ ਅੰਮ੍ਰਿਤ ਧਾਰ ਰੱਜ, ਹਰਿ ਸਾਚਾ ਆਪ ਪਿਆਇੰਦਾ । ਨਾਦ ਅਨਾਦੀ ਜਾਏ ਵੱਜ, ਨਿਰਗੁਣ ਤਾਰ ਹਿਲਾਇੰਦਾ । ਰੱਖੇ ਲਾਜ ਜਿਉਂ ਜਲ ਧਾਰ ਗਜ, ਕਲਜੁਗ ਤੰਦੂਆ ਤੰਦ ਕਟਾਇੰਦਾ । ਹਰਿ ਸੰਗਤ ਹਰਿ ਪੰਗਤ ਹਰਿ ਕਾ ਰੂਪ ਬਹਿਣਾ ਸਜ, ਹਰਿ ਸਾਚਾ ਆਪ ਸਜਾਇੰਦਾ । ਵੇਲੇ ਅੰਤ ਲੌਣ ਨਾ ਦੇਵੇ ਅੱਜ ਪੱਜ, ਲੇਖਾ ਆਪਣਾ ਆਪ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਇਕੀ ਸਿੱਖ ਕਰ ਵਰਤਾਰ, ਸੇਵਾ ਕਰੇ ਵਿਚ ਸੰਸਾਰ, ਹਰਿਜਨ ਸਾਚੇ ਜਾਏ ਤਾਰ, ਤਾਰਨਹਾਰਾ ਆਪ ਅਖਵਾਇੰਦਾ । ਤਾਰਨਹਾਰਾ ਆ ਗਿਆ, ਹਰਿ ਗੋਬਿੰਦ ਮੀਤ ਮੁਰਾਰ । ਨਿਰਗੁਣ ਦੀਵਾ ਇਕ ਜਗਾ ਲਿਆ, ਲੋਕਮਾਤ ਹੋਇਆ ਉਜਿਆਰ । ਸ਼ਬਦ ਸੁਹਾਗੀ ਇਕ ਸੁਣਾ ਲਿਆ, ਸਾਚਾ ਢੋਲਾ ਏਕੰਕਾਰ । ਆਦਿ ਜੁਗਾਦੀ ਵੇਸ ਵਟਾ ਲਿਆ, ਪਾਰਬ੍ਰਹਮ ਰੂਪ ਕਰਤਾਰ । ਹਰਿਜਨ ਸਾਚੇ ਮੇਲ ਮਿਲਾ ਲਿਆ, ਨਾਤਾ ਤੋੜ ਸਰਬ ਸੰਸਾਰ । ਆਪਣੇ ਪੌੜੇ ਆਪ ਚੜ੍ਹਾ ਲਿਆ, ਸੇਵਾ ਕਰੇ ਅਪਰ ਅਪਾਰ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਆਪ ਆਪਣੀ ਕਿਰਪਾ ਧਾਰ । ਹਰਿ ਸੰਗਤ ਹਰਿ ਪੇਖਣਾ, ਪਾਰਬ੍ਰਹਮ ਕਰਤਾਰ । ਪ੍ਰਭ ਕੱਢੇ ਭਰਮ ਭੁਲੇਖਨਾ, ਦਰਸ ਵਖਾਏ ਦਰ ਦਵਾਰ । ਲੇਖ ਚੁਕਾਏ ਬ੍ਰਹਮਾ ਵਿਸ਼ਨ ਮਹੇਸ਼ਨਾ, ਆਪ ਆਪਣੀ ਵਾਰ । ਮੇਲ ਮਿਲਾਏ ਦਸ ਦਸਮੇਸ਼ਨਾ, ਘਰ ਸਾਚੇ ਕੰਤ ਭਤਾਰ । ਸ਼ਾਹੋ ਭੂਪ ਨਰ ਨਰੇਸ਼ਨਾ, ਬੇਐਬ ਪਰਵਰਦਿਗਾਰ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਹਰਿ ਸੰਗਤ ਦੇਵੇ ਏਕਾ ਵਰ, ਏਕਾ ਵਸਤ ਝੋਲੀ ਪਾਈਆ ।

੧੬੮

❊ ੨੫ ਮੱਘਰ ੨੦੧੬ ਬਿਕ੍ਰਮੀ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ਮਹਿੰਦਰ ਸਿੰਘ ਦੇ ਘਰ ❊

ਸਤਿਗੁਰ ਮੀਤਾ ਗੁਰਸਿੱਖ, ਗੁਰ ਪੂਰਾ ਵਡ ਵਡਿਆਈਆ । ਜਨਮ ਜਨਮ ਲੇਖਾ ਰਿਹਾ ਲਿਖ, ਕਰਮ ਕਰਮ ਸੰਗ ਨਿਭਾਈਆ । ਆਪਣੇ ਨੇਤਰ ਰਿਹਾ ਪੇਖ, ਦੂਸਰ ਦਿਸ ਕਿਸੇ ਨਾ ਆਈਆ । ਆਦਿ ਜੁਗਾਦੀ ਲਿਖਣਹਾਰਾ ਲੇਖ, ਲੇਖਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਗੁਰਮੁਖ ਸਾਜਨ ਲਏ ਤਰਾਈਆ । ਗੁਰਮੁਖ ਗੁਰ ਗੁਰ ਰਤੜਾ, ਹਰਿ ਹਰਿ ਨਾਮ ਅਨਮੋਲ । ਘਰ ਸਾਚਾ ਏਕਾ ਵੱਖਰਾ, ਗੁਰਦਰ ਮੰਦਰ ਜਗਤ ਵਰੋਲ । ਆਪੇ ਜਾਣੇ ਜਗਤ ਰੀਠੜਾ, ਅੰਦਰ ਮੰਦਰ ਵੜ ਵੜ ਬੋਲ । ਆਦਿ ਜੁਗਾਦੀ ਠੰਡਾ ਸੀਤੜਾ, ਹਰਿ ਵਸੇ ਸਦਾ ਕੋਲ । ਆਪੇ ਜਾਣੇ ਆਪਣੀ ਰੀਤੜਾ, ਜੀਵ ਜੰਤ ਰਹੇ ਅਨਭੋਲ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਸਾਚੇ ਦਰ, ਦਰ ਦਵਾਰਾ ਸਾਚਾ ਖੋਲ੍ਹ । ਦਰ ਦਰਵਾਜਾ ਸਚ ਦਵਾਰ, ਪੂਰਬ ਦਿਸ਼ਾ ਵਡ ਵਡਿਆਈਆ । ਤਿੰਨ ਸੌ ਸੱਠ ਮੇਲ ਕਰ ਪਿਆਰ, ਏਕਾ ਕਾਰ ਕਰਾਈਆ । ਪਾਰ ਕਿਨਾਰਾ ਬੈਠ ਤਟ, ਸਾਧਕ ਸਿਧ ਰਿਹਾ ਸਮਝਾਈਆ ।

੧੬੯

ਏਕ ਸ਼ਬਦ ਰਿਹਾ ਰਟ, ਸੋਹੰ ਸੋ ਰਸਨ ਕੁੜਮਾਈਆ । ਕਲਜੁਗ ਵੇਖ ਝੂਠਾ ਘਾਟ, ਸਚ ਕਿਨਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਵਸ ਰੈਣ ਦਰਸ ਵਖਾਈਆ । ਆਤਮ ਅੰਤਰ ਇਕ ਪਿਆਰ, ਰਸਨਾ ਹਰਿ ਗੁਣ ਗਾਇੰਦਾ । ਪੁਰਖ ਅਬਿਨਾਸ਼ੀ ਕਿਰਪਾ ਧਾਰ, ਦਿਵਸ ਰੈਣ ਦਰਸ ਵਖਾਇੰਦਾ । ਝੂਠਾ ਵੇਖ ਲੋਕ ਪਸਾਰ, ਕਾਇਆ ਮੰਦਰ ਸਾਚੇ ਅੰਦਰ ਦਰ ਸਾਚੇ ਸੋਭਾ ਪਾਇੰਦਾ । ਨਿਰਗੁਣ ਮਿਲਿਆ ਨਿਰਗੁਣ ਧਾਰ, ਸਰਗੁਣ ਸੰਗ ਨਿਭਾਇੰਦਾ । ਕਮਲਾਪਾਤੀ ਮੀਤ ਮੁਰਾਰ, ਸਾਚੀ ਸਾਧਨਾ ਸਤਿ ਸਤਿ ਵਖਾਇੰਦਾ । ਮੇਲ ਮਿਲਾਵਾ ਮੋਹਨ ਮਾਧਵ ਮਾਧ, ਰੂਪ ਅਨੂਪ ਆਪ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪ ਆਪਣਾ ਸੰਗ ਰਖਾਇੰਦਾ । ਸਗਲਾ ਸੰਗ ਸਤਿਗੁਰ ਸੱਜਣ, ਹਰਿਜਨ ਆਪ ਨਿਭਾਈਆ । ਸਤਿ ਕਰਾਏ ਆਪਣਾ ਮਜਨ, ਦੁਰਮਤ ਮੈਲ ਧਵਾਈਆ । ਰੱਖਣਹਾਰਾ ਜਗਤ ਲੱਜਨ, ਲੋਕਲਾਜ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ ਆਪ ਆਪਣੀ ਕਿਰਪਾ ਕਰ, ਆਤਮ ਸਾਧ ਸੰਤ ਸਾਧ ਸਾਚੇ ਸਾਚਾ ਸੰਗ ਨਿਭਾਈਆ ।

### ✻ ੩ ਵਿਸਾਖ ੨੦੧੭ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਘਰ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✻

ਹਰਿ ਮੂਰਤ ਅਕਾਲ, ਕਾਲ ਰਹਿਤ ਅਖਵਾਈਆ । ਹਰਿ ਮੂਰਤ ਦਿਆਲ, ਦੀਨ ਦਿਆਲ ਵੱਡੀ ਵਡਿਆਈਆ । ਹਰਿ ਮੂਰਤ ਅਕਾਲ, ਅਕਲ ਕਲ ਬੇਪਰਵਾਹੀਆ । ਹਰਿ ਮੂਰਤ ਦਿਆਲ, ਅਗੰਮ ਅਥਾਹ ਬੇਪਰਵਾਹੀਆ । ਹਰਿ ਮੂਰਤ ਅਕਾਲ, ਏਕਾ ਆਪਣਾ ਨਾਉਂ ਉਪਜਾਈਆ । ਹਰਿ ਮੂਰਤ ਦਿਆਲ, ਸਾਚਾ ਡੰਕਾ ਸ਼ਬਦ ਵਜਾਈਆ । ਹਰਿ ਮੂਰਤ ਅਕਾਲ, ਸਚਖੰਡ ਸਾਚੇ ਸੋਭਾ ਪਾਈਆ । ਹਰਿ ਮੂਰਤ ਦਿਆਲ, ਥਿਰ ਘਰ ਸਾਚੇ ਆਸਣ ਲਾਈਆ । ਹਰਿ ਮੂਰਤ ਅਕਾਲ, ਬ੍ਰਹਿਮੰਡ ਖੰਡ ਕਰੇ ਰੁਸ਼ਨਾਈਆ । ਹਰਿ ਮੂਰਤ ਦਿਆਲ, ਲੋਆਂ ਪੁਰੀਆਂ ਵੰਡ ਵੰਡਾਈਆ । ਹਰਿ ਮੂਰਤ ਅਕਾਲ, ਲੋਕਮਾਤ ਵੇਸ ਵਟਾਈਆ । ਹਰਿ ਮੂਰਤ ਅਕਾਲ, ਬ੍ਰਹਮਾ ਵਿਸ਼ਨ ਮਹੇਸ਼ ਸੇਵਾ ਲਾਈਆ । ਹਰਿ ਮੂਰਤ ਅਕਾਲ, ਨਰ ਨਰੇਸ਼ ਨਰ ਨਰਾਇਣ ਅਖਵਾਈਆ । ਹਰਿ ਮੂਰਤ ਦਿਆਲ, ਮੁੱਛ ਦਾੜ੍ਹੀ ਨਾ ਦਿਸੇ ਕੇਸ, ਸੀਸ ਜਗਦੀਸ਼ ਨਾ ਮੂੰਡ ਮੁੰਡਾਈਆ । ਹਰਿ ਮੂਰਤ ਅਕਾਲ ਦੋ ਜਹਾਨਾਂ ਦਰ ਦਰਵੇਸ਼, ਘਰ ਘਰ ਆਪਣੀ ਅਲੱਖ ਜਗਾਈਆ । ਹਰਿ ਮੂਰਤ ਦਿਆਲ ਨਿਰਗੁਣ ਸਰਗੁਣ ਅਵੱਲੜਾ ਵੇਸ, ਪਾਰਬ੍ਰਹਮ ਪ੍ਰਭ ਰੂਪ ਵਟਾਈਆ । ਹਰਿ ਮੂਰਤ ਅਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦਾਤਾ ਆਪ ਅਖਵਾਈਆ । ਹਰਿ ਮੂਰਤ ਅਕਾਲ, ਲੋਕਮਾਤ ਪਸਾਰਿਆ । ਹਰਿ ਮੂਰਤ ਦਿਆਲ, ਤ੍ਰੈਗੁਣ ਮਾਇਆ ਤਤ ਪਿਆਰਿਆ । ਹਰਿ ਮੂਰਤ ਅਕਾਲ, ਪੰਚਮ ਨਾਤਾ ਜੋੜ ਜੁੜਾ ਰਿਹਾ । ਹਰਿ ਮੂਰਤ ਦਿਆਲ, ਮਨ ਮਤ ਬੁੱਧ ਨਾਤਾ ਚਰਨ ਬੰਧਾ ਰਿਹਾ । ਹਰਿ ਮੂਰਤ ਅਕਾਲ, ਘਰ ਵਿਚ ਘਰ ਬੰਕ ਸੁਹਾ ਲਿਆ । ਹਰਿ ਮੂਰਤ ਦਿਆਲ, ਅਨਹਦ ਵਾਜਾ ਸ਼ਬਦ ਵਜਾ ਲਿਆ । ਹਰਿ ਮੂਰਤ ਅਕਾਲ, ਸਾਚੇ ਤਖ਼ਤ ਰਾਜਨ ਰਾਜਾ ਆਪ ਅਖਵਾ ਰਿਹਾ । ਹਰਿ ਮੂਰਤ ਦਿਆਲ, ਲੱਖ ਚੁਰਾਸੀ ਸਵਾਰੇ ਕਾਜਾ, ਘੜ ਭਾਂਡੇ ਵੇਖ ਵਖਾ ਰਿਹਾ । ਹਰਿ ਮੂਰਤ ਅਕਾਲ ਆਪੇ ਹੋਏ ਗ਼ਰੀਬ ਨਿਵਾਜ਼ਾ, ਗ਼ਰੀਬ ਨਿਮਾਣੇ ਗਲੇ ਲਗਾ ਰਿਹਾ । ਹਰਿ ਮੂਰਤ ਅਕਾਲ, ਸ਼ਬਦ ਅਗੰਮੀ ਮਾਰੇ ਵਾਜਾ, ਤਾਰ ਸਿਤਾਰ ਆਪ ਹਿਲਾ ਰਿਹਾ । ਹਰਿ ਮੂਰਤ ਅਕਾਲ ਜੁਗਾ ਜੁਗੰਤਰ ਰਚਿਆ ਕਾਜਾ, ਤ੍ਰੈ ਭਵਨ ਵੇਖ ਵਖਾ ਰਿਹਾ । ਹਰਿ ਮੂਰਤ ਦਿਆਲ ਅਸਵ ਰੱਖੇ ਏਕਾ ਤਾਜਾ, ਦਹਿ ਦਿਸ਼ਾ ਆਪ ਦੌੜਾ ਰਿਹਾ । ਹਰਿ ਮੂਰਤ ਅਕਾਲ, ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਜੋਤ ਧਰ, ਆਪ ਆਪਣਾ ਬਿਰਧ ਰਖਾ ਲਿਆ । ਹਰਿ ਮੂਰਤ ਅਕਾਲ, ਗਹਿਰ ਗੰਭੀਰ ਸਮਾਇਆ । ਹਰਿ ਮੂਰਤ ਦਿਆਲ, ਆਦਿ ਅੰਤ ਭੇਵ ਨਾ ਰਾਇਆ । ਹਰਿ ਮੂਰਤ ਅਕਾਲ ਅੰਮ੍ਰਿਤ ਬਖ਼ਸ਼ੇ ਸਾਚਾ ਸੀਰ, ਦਰ ਘਰ ਸਾਚੇ ਜਾਮ ਪਿਆਇਆ । ਹਰਿ ਮੂਰਤ ਦਿਆਲ ਲੇਖਾ ਜਾਣੇ ਸ਼ਾਹ ਫ਼ਕੀਰ, ਗੁਰ ਪੀਰ ਅਵਤਾਰ ਸੇਵਾ ਲਾਇਆ । ਹਰਿ ਮੂਰਤ ਅਕਾਲ ਲੱਖ ਚੁਰਾਸੀ ਮਾਰੇ ਜ਼ੰਜੀਰ, ਨਿਰਗੁਣ ਸਰਗੁਣ ਬੰਧਨ ਪਾਇਆ । ਹਰਿ ਮੂਰਤ ਦਿਆਲ ਸ਼ਬਦ ਚਲਾਏ ਏਕਾ ਤੀਰ, ਤਿਖੀ ਮੁਖੀ ਧਾਰ ਬੰਧਾਇਆ । ਹਰਿ ਮੂਰਤ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੁਗਾ ਜੁਗੰਤਰ ਗੁਰਮੁਖਾਂ ਵੇਖੇ ਆਤਮ ਭੁੱਖੀ, ਦੇ ਦਰਸ ਤਰਸ ਕਮਾਇਆ । ਹਰਿ ਮੂਰਤ ਅਕਾਲ, ਰੋਗ ਸੋਗ ਵਿਚ ਨਾ ਆਈਆ । ਹਰਿ ਮੂਰਤ ਦਿਆਲ, ਧੁਰ ਦਾ ਜੋਗ ਇਕ ਵਖਾਈਆ । ਹਰਿ ਮੂਰਤ ਅਕਾਲ, ਚੌਦਾਂ ਲੋਕ ਭੇਵ ਖੁਲ੍ਹਾਈਆ । ਹਰਿ ਮੂਰਤ ਦਿਆਲ, ਨਾਮ ਨਿਧਾਨਾ ਸਚ ਸਲੋਕ ਇਕ ਸੁਣਾਈਆ । ਹਰਿ ਮੂਰਤ ਅਕਾਲ ਬਖ਼ਸ਼ਣਹਾਰੀ ਸਾਚੀ ਮੋਖ, ਮੁਕਤੀ ਦਰ ਦਰ ਸੇਵਾ ਲਾਈਆ । ਹਰਿ ਮੂਰਤ ਦਿਆਲ, ਹਰਿਜਨ ਭੋਗੇ ਸਾਚਾ ਭੋਗ, ਰਸ ਰਸੀਆ ਰਸ ਵਿਖਾਈਆ । ਹਰਿ ਮੂਰਤ ਅਕਾਲ ਲੇਖਾ ਜਾਣੇ ਧੁਰ ਸੰਜੋਗ, ਧੁਰ ਦੀ ਰੇਖ ਨਾ ਕੋਇ ਮਿਟਾਈਆ । ਹਰਿ ਮੂਰਤ ਦਿਆਲ ਝੂਠਾ ਮੇਟੇ ਜਗਤ ਵਿਜੋਗ, ਬਿਰਹੋਂ ਅੱਗ ਨਾ ਕੋਇ ਲਗਾਈਆ । ਹਰਿ ਮੂਰਤ ਅਕਾਲ, ਦਰਸ ਦਖਾਏ ਆਪ ਅਮੋਘ, ਨੇਤਰ ਨੈਣ ਇਕ ਖੁਲ੍ਹਾਈਆ । ਹਰਿ ਮੂਰਤ ਦਿਆਲ ਨਾਮ ਚੁਗਾਏ ਸਾਚੀ ਚੋਗ, ਜਗਤ ਤ੍ਰਿਸ਼ਨਾ ਭੁੱਖ ਮਿਟਾਈਆ । ਹਰਿ ਮੂਰਤ ਅਕਾਲ ਹਰਿਜਨ ਉਧਾਰੇ ਵਿਚੋਂ ਕੋਟਨ ਕੋਟੀ ਕੋਟ, ਸਿਰ ਆਪਣਾ ਹੱਥ ਰਖਾਈਆ । ਹਰਿ ਮੂਰਤ ਦਿਆਲ ਸਚ ਨਗਾਰੇ ਲਾਏ ਚੋਟ, ਏਕਾ ਡੰਕਾ
੧੭੦ ਆਪ ਵਜਾਈਆ । ਹਰਿ ਮੂਰਤ ਅਕਾਲ ਹਰਿਜਨ ਕੱਢੇ ਮਮਤਾ ਖੋਟ, ਸਤਿ ਸੰਤੋਖ ਗਿਆਨ ਦ੍ਰਿੜਾਈਆ । ਹਰਿ ਮੂਰਤ ਦਿਆਲ ਨਿਰਗੁਣ ਬਿਮਲ ਜਗਾਏ ਜੋਤ, ੧੭੦
ਧੁਆਂਧਾਰ ਨਾ ਕੋਇ ਵਖਾਈਆ । ਹਰਿ ਮੂਰਤ ਅਕਾਲ ਨਾ ਕੋਈ ਵਰਨ ਨਾ ਕੋਈ ਗੋਤ, ਜ਼ਾਤ ਪਾਤ ਨਾ ਕੋਇ ਵਡਿਆਈਆ । ਹਰਿ ਮੂਰਤ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤੀ ਨੂਰ ਕਰੇ ਰੁਸ਼ਨਾਈਆ । ਹਰਿ ਮੂਰਤ ਅਕਾਲ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਹਰਿ ਮੂਰਤ ਦਿਆਲ, ਲੱਗੀ ਬਸੰਤਰ ਆਪ ਬੁਝਾਇੰਦਾ । ਹਰਿ ਮੂਰਤ ਅਕਾਲ, ਨਾਮ ਮੰਤਰ ਇਕ ਦ੍ਰਿੜਾਇੰਦਾ । ਹਰਿ ਮੂਰਤ ਦਿਆਲ, ਸਾਚੀ ਬਣਤਰ ਆਪ ਬਣਾਇੰਦਾ । ਹਰਿ ਮੂਰਤ ਅਕਾਲ, ਸਰਬ ਜੀਆਂ ਬਿਧ ਜਾਣੇ ਅੰਤਰ, ਆਪਣਾ ਭੇਵ ਆਪ ਛੁਪਾਇੰਦਾ । ਹਰਿ ਮੂਰਤ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਇੰਦਾ । ਹਰਿ ਮੂਰਤ ਅਕਾਲ, ਭਗਤਨ ਦੇਵੇ ਵਡ ਵਡਿਆਈਆ । ਹਰਿ ਮੂਰਤ ਦਿਆਲ, ਸੰਤ ਸਾਜਣ ਲਏ ਜਗਾਈਆ । ਹਰਿ ਮੂਰਤ ਅਕਾਲ, ਗੁਰਮੁਖ ਮੇਲੇ ਸਹਿਜ ਸੁਭਾਈਆ । ਹਰਿ ਮੂਰਤ ਦਿਆਲ, ਗੁਰਮੁਖ ਆਪਣੇ ਗਲੇ ਲਗਾਈਆ । ਹਰਿ ਮੂਰਤ ਅਕਾਲ, ਸਾਚੀ ਭਿਛਿਆ ਭਿਖ ਝੋਲੀ ਪਾਈਆ । ਹਰਿ ਮੂਰਤ ਦਿਆਲ, ਅਗਲਾ ਲੇਖਾ ਦੇਵੇ ਲਿਖ, ਪਿਛਲਾ ਆਪ ਮਿਟਾਈਆ । ਹਰਿ ਮੂਰਤ ਅਕਾਲ ਸਾਚੀ ਮਸਤਕ ਲਾਏ ਮੇਖ, ਬਿਧਨਾ ਬਿਧ ਨਾ ਕੋਇ ਵਡਿਆਈਆ । ਹਰਿ ਮੂਰਤ ਦਿਆਲ, ਹਰਿ ਸੱਜਣ ਆਪੇ ਵੇਖ, ਚਰਨ ਕਵਲ ਪ੍ਰੀਤ ਬੰਧਾਈਆ । ਹਰਿ ਮੂਰਤ ਅਕਾਲ, ਕਰੇ ਕਰਾਏ ਅਵੱਲੜਾ ਵੇਸ, ਇਕ ਇਕੱਲੜਾ ਭੇਵ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਹਰਿ ਮੂਰਤ ਅਕਾਲ, ਭੇਵ ਅਭੇਵ ਛੁਪਾਇੰਦਾ । ਹਰਿ ਮੂਰਤ ਦਿਆਲ, ਚਾਰੇ ਵੇਦ ਬ੍ਰਹਮਾ ਰਸਨਾ ਹਰਿ ਜਸ ਗਾਇੰਦਾ । ਹਰਿ ਮੂਰਤ ਅਕਾਲ, ਲੇਖਾ ਲਿਖੇ ਨਾ ਕੋਇ ਕਤੇਬ, ਆਦਿ ਅੰਤ ਨਾ ਕੋਇ ਵਖਾਇੰਦਾ । ਹਰਿ ਮੂਰਤ ਦਿਆਲ ਗਾ ਨਾ ਸਕੇ ਕੋਈ ਜਿਹਵ, ਜਿਹਵਾ ਗੁਣ ਨਾ ਕੋਇ ਵਡਿਆਇੰਦਾ । ਹਰਿ ਮੂਰਤ ਅਕਾਲ ਗੁਰਮੁਖ ਵਿਰਲੇ

ਲਾਏ ਸੇਵ, ਜਿਸ ਜਨ ਆਪਣੀ ਬੂਝ ਬੁਝਾਇੰਦਾ । ਹਰਿ ਮੂਰਤ ਅਕਾਲ ਨਿਰਗੁਣ ਦਾਤਾ ਅਲੱਖ ਅਭੇਵ, ਅਲੱਖ ਅਗੋਚਰ ਨਾਮ ਧਰਾਇੰਦਾ । ਹਰਿ ਮੂਰਤ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਾਚਾ ਲੇਖਾ ਆਪ ਲਖਾਇੰਦਾ । ਹਰਿ ਮੂਰਤ ਅਕਾਲ, ਸਾਚਾ ਲੇਖਾ ਲੇਖ ਲਿਖਾਇੰਦਾ । ਹਰਿ ਮੂਰਤ ਦਿਆਲ, ਹਰਿਜਨ ਭਰਮ ਭੁਲੇਖਾ ਦੂਰ ਕਰਾਇੰਦਾ । ਹਰਿ ਮੂਰਤ ਅਕਾਲ, ਪਵਣ ਪਵਣਾ ਸਾਚਾ ਚਵਰ ਸੀਸ ਝੁਲਾਇੰਦਾ । ਹਰਿ ਮੂਰਤ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚਾ ਸੰਗ ਨਿਭਾਇੰਦਾ । ਹਰਿ ਮੂਰਤ ਅਕਾਲ, ਆਦਿ ਜੁਗਾਦੀ ਸਦਾ ਸੁਹੇਲਿਆ । ਹਰਿ ਮੂਰਤ ਦਿਆਲ, ਜੁਗਾ ਜੁਗੰਤਰ ਗੁਰਮੁਖ ਮੇਲਿਆ । ਹਰਿ ਮੂਰਤ ਅਕਾਲ, ਏਕਾ ਰੰਗ ਰੰਗਾਏ ਗੁਰੂ ਗੁਰ ਚੇਲਿਆ । ਹਰਿ ਮੂਰਤ ਦਿਆਲ, ਸਗਲਾ ਸੰਗ ਨਿਭਾਏ ਸੱਜਣ ਸੁਹੇਲਿਆ । ਹਰਿ ਮੂਰਤ ਦਿਆਲ, ਲੱਖ ਚੁਰਾਸੀ ਕੱਟੇ ਧਰਮ ਰਾਏ ਦੀ ਜੇਲਿਆ । ਹਰਿ ਮੂਰਤ ਅਕਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਆਪਣਾ ਖੇਲ ਆਪੇ ਖੇਲਿਆ । ਹਰਿ ਮੂਰਤ ਅਕਾਲ, ਘਟ ਘਟ ਅੰਦਰ ਆਪ ਸਮਾਈਆ । ਹਰਿ ਮੂਰਤ ਦਿਆਲ, ਮੰਦਰ ਅੰਦਰ ਸੋਭਾ ਪਾਈਆ । ਹਰਿ ਮੂਰਤ ਅਕਾਲ, ਨਿਰਗੁਣ ਦੀਵਾ ਬਾਤੀ ਇਕ ਜਗਾਈਆ । ਹਰਿ ਮੂਰਤ ਦਿਆਲ, ਕਮਲਾਪਾਤੀ ਸਾਚੀ ਸੇਜ ਸੁਹਾਇਆ । ਹਰਿ ਮੂਰਤ ਅਕਾਲ, ਬੰਦ ਕਿਵਾੜਾ ਖੋਲ੍ਹੇ ਤਾਕੀ, ਸਾਚਾ ਸਾਕੀ ਜਾਮ ਪਿਆਈਆ । ਹਰਿ ਮੂਰਤ ਦਿਆਲ, ਲੇਖਾ ਜਾਣੇ ਭਵਿਖਤ ਵਾਕੀ, ਅੱਖਰ ਵੱਖਰ ਕਰੇ ਪੜ੍ਹਾਈਆ । ਹਰਿ ਮੂਰਤ ਅਕਾਲ ਸਾਚੇ ਅਸਵ ਚੜ੍ਹੇ ਰਾਕੀ, ਚਾਰੋਂ ਕੁੰਟ ਆਪ ਫਿਰਾਈਆ । ਹਰਿ ਮੂਰਤ ਦਿਆਲ, ਦੋ ਜਹਾਨ ਨਾ ਦਿਸੇ ਕੋਈ ਆਕੀ, ਅੱਗੇ ਸੀਸ ਨਾ ਕੋਇ ਉਠਾਈਆ । ਹਰਿ ਮੂਰਤ ਅਕਾਲ, ਗੁਰਸਿਖਾਂ
੧੭੧ ਲਹਿਣਾ ਦੇਵੇ ਬਾਕੀ, ਪੂਰਬ ਮੂਲ ਚੁਕਾਈਆ । ਹਰਿ ਮੂਰਤ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਵੇਖ ਵਖਾਈਆ । ੧੭੧
ਹਰਿ ਮੂਰਤ ਅਕਾਲ, ਮਾਇਆ ਮਮਤਾ ਮੋਹ ਤਜਾਇੰਦਾ । ਹਰਿ ਮੂਰਤ ਦਿਆਲ, ਹਉਮੇ ਹੰਗਤਾ ਗੜ੍ਹ ਤੁੜਾਇੰਦਾ । ਹਰਿ ਮੂਰਤ ਅਕਾਲ, ਭੁੱਖਾ ਨੰਗਤਾ ਗਲੇ ਲਗਾਇੰਦਾ । ਹਰਿ ਮੂਰਤ ਦਿਆਲ, ਨਾਨਕ ਅੰਗਦਾ ਅੰਗ ਸਮਾਇੰਦਾ । ਹਰਿ ਮੂਰਤ ਅਕਾਲ, ਸਾਚੀ ਸੰਗਤ ਵੇਖ ਵਖਾਇੰਦਾ । ਹਰਿ ਮੂਰਤ ਦਿਆਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਦਇਆ ਕਮਾਇੰਦਾ । ਹਰਿ ਮੂਰਤ ਅਕਾਲ, ਹਰਿਜਨ ਸਾਚਾ ਆਪ ਉਠਾਈਆ । ਹਰਿ ਮੂਰਤ ਦਿਆਲ, ਦਰ ਘਰ ਮੇਲਾ ਸਾਚਾ ਮੇਲ ਮਿਲਾਈਆ । ਹਰਿ ਮੂਰਤ ਅਕਾਲ, ਜੁਗਾ ਜੁਗੰਤਰ ਆਪੇ ਜਾਣੇ ਆਪਣਾ ਵੇਲਾ, ਵਾਰ ਥਿਤ ਨਾ ਕੋਇ ਰਖਾਈਆ । ਹਰਿ ਮੂਰਤ ਦਿਆਲ, ਅਚਰਜ ਖੇਲ ਆਪੇ ਖੇਲਾ, ਨਿਤ ਨਵਿਤ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਦਏ ਵਡਿਆਈਆ । ਹਰਿ ਮੂਰਤ ਅਕਾਲ, ਹਰੀ ਹਰਿ ਹਰਿ ਨਾਉਂ ਧਰਾਇੰਦਾ । ਹਰਿ ਮੂਰਤ ਦਿਆਲ, ਕਰਨੀ ਕਰਤਾ ਕਰ ਕਰ ਵੇਖ ਵਖਾਇੰਦਾ । ਹਰਿ ਮੂਰਤ ਅਕਾਲ, ਧਰਨੀ ਧਰਤ ਧਵਲ ਜਲ ਆਪੇ ਧਰਤਾ, ਜਲ ਬਿੰਬ ਆਪਣਾ ਰੂਪ ਵਟਾਇੰਦਾ । ਕਵਲ ਫੁੱਲ ਕਵਲ ਨਾਭੀ ਅੰਮ੍ਰਿਤ ਜਲ ਆਪੇ ਭਰਦਾ, ਸਾਚਾ ਝਿਰਨਾ ਆਪ ਝਿਰਾਇੰਦਾ । ਗੁਰਸਿਖ ਕਾਇਆ ਅੰਦਰ ਆਪੇ ਵੜਦਾ, ਸੁਰਤੀ ਸ਼ਬਦੀ ਮੇਲ ਮਿਲਾਇੰਦਾ । ਤਖ਼ਤ ਨਿਵਾਸੀ ਸਾਚੇ ਪੌੜੇ ਆਪੇ ਚੜ੍ਹਦਾ, ਸਚ ਸਿੰਘਾਸਣ ਸੋਭਾ ਪਾਇੰਦਾ । ਲੱਖ ਚੁਰਾਸੀ ਵਿਚੋਂ ਹਰਿਜਨ ਸਾਚੇ ਆਪੇ ਫੜਦਾ, ਨਾਮ ਡੋਰੀ ਹੱਥ ਉਠਾਇੰਦਾ । ਆਪਣਾ ਅੱਖਰ ਆਪਣੇ ਮੰਦਰ ਬਹਿ ਬਹਿ ਆਪੇ ਪੜ੍ਹਦਾ, ਹੰ ਬ੍ਰਹਮ ਸੋ ਰੂਪ ਸਮਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਮੇਲੇ ਸਾਚੇ ਘਰ, ਆਪ ਆਪਣਾ ਬਿਰਧ ਰਖਾਇੰਦਾ ।

### ✻ ੭ ਹਾੜ ੨੦੧੭ ਬਿਕ੍ਰਮੀ ਡਾਕਟਰ ਪਾਲ ਸਿੰਘ ਦੇ ਘਰ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✻

ਸੋ ਪੁਰਖ ਨਿਰੰਜਨ ਸਾਹਿਬ ਸੁਲਤਾਨ, ਅਗੰਮ ਅਥਾਹ ਬੇਪਰਵਾਹ ਅਖਵਾਇੰਦਾ । ਹਰਿ ਪੁਰਖ ਨਿਰੰਜਣ ਵਡ ਮਿਹਰਵਾਨ, ਆਦਿ ਜੁਗਾਦਿ ਜੁਗਾ ਜੁਗੰਤਰ ਆਪਣੀ ਕਾਰ ਕਮਾਇੰਦਾ । ਏਕੰਕਾਰਾ ਖੇਲ ਮਹਾਨ, ਅਕਲ ਕਲ ਧਾਰੀ ਭੇਵ ਕੋਈ ਨਾ ਪਾਇੰਦਾ । ਆਦਿ ਨਿਰੰਜਣ ਜੋਤ ਮਹਾਨ, ਅਜੂਨੀ ਰਹਿਤ ਨੂਰੋ ਨੂਰ ਡਗਮਗਾਇੰਦਾ । ਸ੍ਰੀ ਭਗਵਾਨ ਖੇਲ ਮਹਾਨ, ਭੇਵ ਅਭੇਦਾ ਅਛਲ ਅਛੇਦਾ ਦਿਸ ਕਿਸੇ ਨਾ ਆਇੰਦਾ । ਅਬਿਨਾਸ਼ੀ ਕਰਤਾ ਨੌਜਵਾਨ, ਮੂਰਤ ਅਕਾਲ ਰੂਪ ਅਨੂਪ ਵਟਾਇੰਦਾ । ਪਾਰਬ੍ਰਹਮ ਖੇਲੇ ਖੇਲ ਦੋ ਜਹਾਨ, ਸਚਖੰਡ ਦਵਾਰੇ ਸੋਭਾ ਪਾਇੰਦਾ । ਸਚਖੰਡ ਦਵਾਰ ਵਸਣਹਾਰਾ ਗੁਣ ਨਿਧਾਨ, ਗੁਣਵੰਤਾ ਗੁਣ ਆਪ ਜਣਾਇੰਦਾ । ਘਰ ਵਿਚ ਘਰ ਹਰਿ ਮਕਾਨ, ਥਿਰ ਦਰਬਾਰਾ ਆਪ ਸੁਹਾਇੰਦਾ । ਸ਼ਾਹੋ ਭੂਪ ਬਣ ਵਡ ਰਾਜਾਨ, ਸਤਿ ਸਤਿਵਾਦੀ ਸਤਿ ਸਤਿ ਆਸਣ ਲਾਇੰਦਾ । ਸ਼ਬਦ ਅਗੰਮੀ ਧੁਰ ਫ਼ਰਮਾਣ, ਨਾਦ ਅਨਾਦੀ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਏਕੰਕਾਰਾ, ਆਦਿ ਜੁਗਾਦੀ ਖੇਲ ਅਪਾਰਾ, ਨਿਰਗੁਣ ਜਾਣੇ ਨਿਰਗੁਣ ਧਾਰਾ, ਦੂਸਰ ਰੂਪ ਨਾ ਕੋਈ ਵਖਾਇੰਦਾ । ਸੋ ਪੁਰਖ ਨਿਰੰਜਣ ਹਰਿ ਹਰਿ ਮੀਤਾ, ਏਕਾ ਰੰਗ ਸਮਾਇੰਦਾ । ਹਰਿ ਪੁਰਖ ਨਿਰੰਜਣ ਠਾਂਡਾ ਸੀਤਾ, ਦਰਗਹ ਸਾਚੀ ਆਸਣ ਲਾਇੰਦਾ । ਏਕੰਕਾਰ ਪਤਤ ਪੁਨੀਤਾ, ਪਤਤ ਪਾਵਣ ਨਾਉਂ ਧਰਾਇੰਦਾ । ਆਦਿ ਨਿਰੰਜਣ ਸਦਾ ਅਨਡੀਠਾ, ਨੇਤਰ ਲੋਚਣ ਨੈਣ ਦਿਸ ਨਾ ਆਇੰਦਾ । ਸ੍ਰੀ ਭਗਵਾਨ ਆਪੇ ਜਾਣੇ ਆਪਣੀ ਰੀਤਾ, ਜੁਗਾ ਜੁਗੰਤਰ ਖੇਲ ਖਿਲਾਇੰਦਾ । ਅਬਿਨਾਸ਼ੀ ਕਰਤਾ ਆਪੇ ਬਣੇ ਆਪਣਾ ਮੀਤਾ, ਦੂਸਰ ਸੰਗ ਨਾ ਕੋਈ ਰਖਾਇੰਦਾ । ਪਾਰਬ੍ਰਹਮ ਏਕਾ ਰੰਗ ਸਮਾਏ ਹਸਤ ਕੀਟਾ, ਊਚ ਨੀਚ ਨਾ ਕੋਈ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਅਗੰਮ ਅਪਾਰ, ਥਿਰ ਘਰ ਬੈਠ ਸੱਚੇ ਦਰਬਾਰ, ਸਚਖੰਡ ਦਵਾਰਾ ਆਪ ਸੁਹਾਇੰਦਾ । ਸਚਖੰਡ ਦਵਾਰਾ ਸੋਭਾਵੰਤ, ਹਰਿ ਸਾਚਾ ਆਪ ਸੁਹਾਈਆ । ਏਕੰਕਾਰਾ ਨਰ ਹਰਿ ਕੰਤ, ਨਰ ਨਰਾਇਣ ਸਚ ਸੁਹੰਜਣੀ ਸੇਜ ਸੁਹਾਈਆ । ਸੋ ਪੁਰਖ ਨਿਰੰਜਣ ਏਕਾ ਰੰਗ ਚੜ੍ਹਾਏ ਬਸੰਤ, ਆਦਿ ਅੰਤ ਉਤਰ ਨਾ ਜਾਈਆ । ਏਕਾ ਗੀਤ ਗਾਏ ਸੁਹਾਗੀ ਛੰਤ, ਘਰ ਮੰਦਰ ਬੇਪਰਵਾਹੀਆ । ਆਪਣਾ ਲੇਖਾ ਜਾਣੇ ਆਦਿ ਅੰਤ, ਦੂਸਰ ਹੱਥ ਨਾ ਕੋਈ ਵਡਿਆਈਆ । ਪੁਰਖ ਪੁਰਖੋਤਮ ਮਹਿਮਾ ਅਗਣਤ, ਅਲੱਖ ਅਗੋਚਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਜੋਤ ਅਕਾਲਾ ਦੀਨ ਦਿਆਲਾ, ਦਰ ਘਰ ਸਾਚੇ ਸੋਭਾ ਪਾਈਆ । ਦਰ ਘਰ ਸਾਚਾ ਥਿਰ ਦਰਬਾਰਾ, ਹਰਿ ਸਾਚੇ ਆਪ ਉਪਾਇਆ । ਨਿਰਗੁਣ ਜੋਤ ਕਰ ਉਜਿਆਰਾ, ਹਰੀ ਹਰਿ ਬੈਠਾ ਖੇਲ ਖਿਲਾਇਆ । ਚਾਰ ਕੁੰਟ ਨਾ ਕੋਈ ਕਿਵਾੜਾ, ਦਹਿ ਦਿਸ਼ਾ ਨਾ ਕੋਈ ਵਖਾਇਆ । ਕਰੇ ਖੇਲ ਏਕੰਕਾਰਾ, ਨਿਰਾਕਾਰਾ ਏਕਾ ਰੂਪ ਵਟਾਇਆ । ਸਾਚੀ ਧੁਨ ਸੱਚੀ ਧੁਨਕਾਰਾ, ਸ਼ਬਦ ਅਗੰਮੀ ਨਾਦ ਵਜਾਇਆ । ਰਾਗ ਰਾਗਨੀ ਨਾ ਪਾਵੇ ਸਾਰਾ, ਲੇਖਾ ਲੇਖ ਨਾ ਕੋਈ ਗਿਣਾਇਆ । ਅਲੱਖ ਨਿਰੰਜਣ ਆਪ ਆਪਣਾ ਬੋਲ ਜੈਕਾਰਾ, ਆਪ ਆਪਣਾ ਨਾਉਂ ਧਰਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚਖੰਡ ਦਵਾਰਾ ਸਚ ਮਹੱਲਾ, ਪੁਰਖ ਅਬਿਨਾਸ਼ੀ ਇਕ ਅਕੱਲਾ, ਸਚ ਸਿੰਘਾਸਣ ਸੋਭਾ ਪਾਇਆ । ਸਚ ਸਿੰਘਾਸਣ ਸ੍ਰੀ ਭਗਵਾਨ, ਏਕਾ ਆਸਣ ਲਾਇੰਦਾ । ਸਚਖੰਡ ਨਿਵਾਸੀ ਨੌਜਵਾਨ, ਨਰ ਹਰਿ ਆਪਣਾ ਰੂਪ ਵਟਾਇੰਦਾ । ਸਤਿ ਸੰਤੋਖੀ ਸਤਿ ਨਿਸ਼ਾਨ, ਸਤਿ ਸਤਿਵਾਦੀ ਨਾਉਂ ਧਰਾਇੰਦਾ । ਦੋ ਜਹਾਨਾਂ ਏਕਾ ਮਾਣ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਏਕਾ ਹੁਕਮ ਸੁਣਾਇੰਦਾ । ਏਕਾ ਸ਼ਬਦ ਇਕ ਧੁਨਕਾਨ, ਪੁਰਖ ਅਬਿਨਾਸ਼ੀ ਬੈਠ ਸਚ ਮਕਾਨ, ਸਚਖੰਡ ਦਵਾਰੇ ਆਪੇ ਗਾਇੰਦਾ । ਸੁਰ ਤਾਲ ਨਾ ਕੋਈ ਵਖਾਨਾ ਗਣ ਗੰਧਰਬ ਨਾ ਕੋਈ ਪਛਾਨ, ਕਰੋੜ ਤੇਤੀਸ ਨਾ ਮੁਖ ਸਲਾਹਿੰਦਾ । ਸੁਰਪਤ

੧੭੨

ਨਾ ਕਰੇ ਕੋਈ ਧਿਆਨ, ਸ਼ੰਕਰ ਸੁਣੇ ਨਾ ਲਾ ਲਾ ਕਾਨ, ਬ੍ਰਹਮਾ ਵੇਖੇ ਨਾ ਮਾਰ ਧਿਆਨ, ਵਿਸ਼ਨੂੰ ਕੋਈ ਨਾ ਖੇਲ ਖਿਲਾਇੰਦਾ । ਲੱਖ ਚੁਰਾਸੀ ਨਾ ਕੋਈ ਪਰਧਾਨ, ਪੰਜ ਤਤ ਨਾ ਕੋਈ ਮਾਣ, ਮਨ ਮਤ ਬੁਧ ਨਾ ਕੋਈ ਗਿਆਨ, ਰਸਨਾ ਜਿਹਵਾ ਨਾ ਕੋਈ ਹਿਲਾਇੰਦਾ । ਨਾ ਕੋਈ ਜ਼ਿਮੀ ਨਾ ਅਸਮਾਨ, ਪਾਣੀ ਪਵਣ ਨਾ ਕੋਈ ਨਿਸ਼ਾਨ, ਅਗਨੀ ਹਵਨ ਨਾ ਮਾਰੇ ਬਾਣ, ਤਤਵ ਤਤ ਨਾ ਕੋਈ ਉਪਜਾਇੰਦਾ । ਚਾਰ ਵੇਦ ਨਾ ਕੋਈ ਪੁਰਾਨ, ਚਾਰੇ ਖਾਣੀ ਨਾ ਕੋਈ ਕਲਿਆਣ, ਚਾਰੇ ਬਾਣੀ ਨਾ ਕੋਈ ਗਾਣ, ਚਾਰੇ ਜੁਗ ਨਾ ਕੋਈ ਨਿਸ਼ਾਨ, ਚਾਰ ਵਰਨ ਨਾ ਕੋਈ ਵਖਾਇੰਦਾ । ਇਕ ਅਕੱਲਾ ਹਰਿ ਭਗਵਾਨ, ਥਿਰ ਘਰ ਵਸੇ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਇਕ ਅਕੱਲਾ ਖੇਲ ਅਪਾਰਾ, ਕਰੇ ਕਰਾਏ ਕਰਨੇਹਾਰਾ, ਕਰਤਾ ਪੁਰਖ ਆਪਣਾ ਨਾਉਂ ਧਰਾਇੰਦਾ । ਕਰਤਾ ਪੁਰਖ ਹਰਿ ਭਗਵੰਤ, ਮਹਿਮਾ ਅਕਥ ਕਥੀ ਨਾ ਜਾਈਆ । ਦਰਗਹ ਸਾਚੀ ਸੋਭਾਵੰਤ, ਸਚਖੰਡ ਨਿਵਾਸੀ ਬੇਪਰਵਾਹੀਆ । ਥਿਰ ਦਰਬਾਰੇ ਮੇਲ ਮਿਲਾਵਾ ਨਾਰੀ ਕੰਤ, ਨਰ ਹਰਿ ਵੱਡੀ ਵਡਿਆਈਆ । ਏਕਾ ਨਾਮ ਜਣਾਏ ਮਣੀਆ ਮੰਤ, ਨਰ ਨਿਰੰਕਾਰਾ ਆਪੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸ਼ਬਦ ਅਗੰਮੀ ਹਰਿ ਹਰਿ ਧਾਰ, ਜੋਤੀ ਜੋਤ ਕਰੇ ਉਜਿਆਰ, ਕੋਟਨ ਕੋਟੀ ਰੂਪ ਅਪਾਰ, ਰੇਖ ਰੰਗ ਨਾ ਕੋਈ ਵਖਾਈਆ । ਰੇਖ ਰੰਗ ਨਾ ਕੋਇ ਰੂਪ, ਹਰਿ ਕਾ ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦੀ ਸਤਿ ਸਰੂਪ, ਸਤਿ ਪੁਰਖ ਨਿਰੰਜਣ ਆਪਣਾ ਨਾਉਂ ਰਖਾਇੰਦਾ । ਵਸਣਹਾਰਾ ਚਾਰੇ ਕੂਟ, ਦਹਿ ਦਿਸ਼ਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਘਰ ਹਰਿ ਸੁਹਾਏ, ਕਮਲਾਪਾਤੀ ਦੀਪ ਜਗਾਏ, ਤੇਲ ਬਾਤੀ


ਨਾ ਕੋਇ ਰਖਾਇੰਦਾ । ਤੇਲ ਬਾਤੀ ਨਾ ਕੋਇ ਪਿਆਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਕਮਲਾਪਾਤੀ ਮੀਤ ਮੁਰਾਰ, ਥਿਰ ਘਰ ਸਾਚੇ ਕਰੇ ਰੁਸ਼ਨਾਈਆ ।
੧੭੩

ਰਵ ਸਸ ਨਾ ਕੋਇ ਉਜਿਆਰ, ਸੂਰਜ ਚੰਨ ਨਾ ਕੋਇ ਚੜ੍ਹਾਈਆ । ਮੰਡਲ ਮੰਡਪ ਪਾਵੇ ਸਾਰ, ਕਰੇ ਖੇਲ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚਾ ਇਕ ਵਡਿਆਈਆ । ਦਰ ਘਰ ਸਾਚਾ ਹਰਿ ਵਡਿਆਇਆ, ਸਚਖੰਡ ਦਵਾਰ ਸੋਭਾ ਪਾਇੰਦਾ । ਘਰ ਘਰ ਵਿਚ ਆਪ ਟਿਕਾਇਆ, ਥਿਰ ਘਰ ਸਾਚਾ ਨਾਉਂ ਧਰਾਇੰਦਾ । ਸਚ ਸਿੰਘਾਸਣ ਇਕ ਵਿਛਾਇਆ, ਪਾਵਾ ਚੂਲ ਨਾ ਕੋਇ ਬਣਾਇੰਦਾ । ਸੋਲਾਂ ਕਲੀਆਂ ਆਸਣ ਪਾਇਆ, ਆਪ ਆਪਣਾ ਖੇਲ ਖਿਲਾਇੰਦਾ । ਨਿਰਗੁਣ ਨੂਰ ਕਰ ਰੁਸ਼ਨਾਇਆ, ਜੋਤੀ ਜਾਮਾ ਭੇਖ ਵਟਾਇੰਦਾ । ਸ਼ਾਹੋ ਭੂਪ ਵਡ ਰਾਜ ਰਾਜਾਨਾ ਆਪਣਾ ਨਾਉਂ ਧਰਾਇਆ, ਸਚ ਸਿੰਘਾਸਣ ਚਰਨ ਟਿਕਾਇੰਦਾ । ਦਰ ਦਰਬਾਨ ਦਰ ਦਰਵੇਸ਼ ਆਪ ਅਖਵਾਇਆ, ਨਿਰਗੁਣ ਆਪਣੀ ਅਲਫ਼ੀ ਏਕਾ ਆਪਣੇ ਅੰਗ ਲਗਾਇੰਦਾ । ਆਪੇ ਨਿਉਂ ਨਿਉਂ ਸੀਸ ਝੁਕਾਇਆ, ਆਪੇ ਆਪਣਾ ਹੁਕਮ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ ਦਵਾਰਾ ਉਚ ਅਟੱਲਾ, ਪੁਰਖ ਅਬਿਨਾਸ਼ੀ ਆਪੇ ਮੱਲਾ, ਆਪ ਆਪਣਾ ਬੰਕ ਸੁਹਾਇੰਦਾ । ਬੰਕ ਸੁਹਾਏ ਸਾਚਾ ਘਰ, ਘਰ ਸਾਚੇ ਵੱਜੀ ਵਧਾਈਆ । ਨਾ ਕੋਈ ਨਾਰੀ ਨਾ ਕੋਈ ਨਰ, ਨਰ ਨਰਾਇਣ ਆਪਣੀ ਰਚਨ ਰਚਾਈਆ । ਆਪਣਾ ਭੋਗ ਆਪੇ ਕਰ, ਆਪਣੀ ਸੇਜ ਹੰਢਾਈਆ । ਆਪੇ ਉਤਪਤ ਬਣ ਬਣ ਦੇਵੇ ਵਰ, ਆਪੇ ਆਪਣੀ ਗੋਦ ਸੁਹਾਈਆ । ਆਪੇ ਸੁੱਤ ਦੁਲਾਰਾ ਲਾਏ ਲੜ, ਅੰਗੀਕਾਰ ਆਪ ਕਰਾਈਆ । ਨਿਰਗੁਣ ਨਿਰਗੁਣ ਘਾੜਨ ਘੜ, ਨਿਰਗੁਣ ਨਿਰਗੁਣ ਝੋਲੀ ਪਾਈਆ । ਨਿਰਗੁਣ ਨਿਰਗੁਣ ਲਾਏ ਜੜ, ਨਾ ਸਕੇ ਕੋਇ ਉਖੜਾਈਆ । ਨਾ ਕੋਈ ਸੀਸ ਨਾ ਕੋਈ ਧੜ, ਰਕਤ ਬੂੰਦ ਨਾ ਮੇਲ ਮਿਲਾਈਆ । ਅੱਖਰ ਵਿਦਿਆ ਨਾ ਜਾਏ ਪੜ੍ਹ, ਨਿਸ਼ਅੱਖਰ ਕਰੇ ਪੜ੍ਹਾਈਆ । ਆਪਣੇ ਮੰਦਰ ਆਪੇ ਖੜ, ਸਵੱਛ ਸਰੂਪੀ ਆਪਣਾ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚਖੰਡ

ਦਵਾਰਾ ਏਕੰਕਾਰਾ ਨਿਰਾਕਾਰਾ ਨਿਰਾਧਾਰਾ ਆਪ ਹੋ ਜਾਈਆ । ਨਿਰਾਕਾਰ ਨਿਰਗੁਣ ਦਾਤਾ, ਨਿਰਵੈਰ ਆਪਣਾ ਨਾਉਂ ਧਰਾਇੰਦਾ । ਆਦਿ ਜੁਗਾਦੀ ਪੁਰਖ ਬਿਧਾਤਾ, ਆਪਣਾ ਬਿਰਦ ਆਪ ਰਖਾਇੰਦਾ । ਆਪੇ ਪਿਤਾ ਆਪੇ ਮਾਤਾ, ਆਪੇ ਬਾਲਕ ਰੂਪ ਵਟਾਇੰਦਾ । ਆਪੇ ਦੇਵੇ ਆਪਣੀ ਸਾਚੀ ਦਾਤਾ, ਆਪੇ ਭਿੱਖਕ ਆਪਣੀ ਝੋਲੀ ਅੱਗੇ ਡਾਹਿੰਦਾ । ਆਪੇ ਜਾਣੇ ਜਣਾਏ ਆਪਣੀ ਗਾਥਾ, ਆਪੇ ਆਪਣਾ ਸ਼ਬਦ ਅਲਾਇੰਦਾ । ਆਪੇ ਚਲਾਏ ਆਪਣਾ ਰਾਥਾ, ਰਥ ਰਥਵਾਹੀ ਆਪ ਅਖਵਾਇੰਦਾ । ਆਪੇ ਨਿਭਾਏ ਆਪਣਾ ਸਾਥਾ, ਸਗਲਾ ਸੰਗ ਆਪ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦ ਅਗੰਮੀ ਏਕਾ ਬੋਲ, ਸਚਖੰਡ ਦਵਾਰਾ ਦੇਵੇ ਖੋਲ੍ਹ, ਆਪਣਾ ਭੇਵ ਆਪ ਜਣਾਇੰਦਾ । ਭੇਵ ਅਭੇਦਾ ਹਰਿ ਜਣਾਇਆ, ਆਪਣੀ ਇਛਿਆ ਪੂਰ ਕਰਾਈਆ । ਸਤਿ ਸਤਿਵਾਦੀ ਸੇਵ ਕਮਾਇਆ, ਪਾਰਬ੍ਰਹਮ ਵੱਡੀ ਵਡਿਆਈਆ । ਆਦਿ ਜੁਗਾਦੀ ਵੇਸ ਵਟਾਇਆ, ਆਪ ਆਪਣੀ ਕਲ ਵਖਾਈਆ । ਆਪ ਆਪਣਾ ਰੂਪ ਵਟਾਇਆ, ਨਿਰਗੁਣ ਨਿਰਗੁਣ ਲਏ ਅੰਗੜਾਈਆ । ਵਿਸ਼ਵ ਆਪਣੀ ਗੋਦ ਬਹਾਇਆ, ਵਿਸ਼ਨੂੰ ਮੇਲਾ ਸਹਿਜ ਸੁਭਾਈਆ । ਘਰ ਅੰਮ੍ਰਿਤ ਨਾਭ ਚਵਾਇਆ, ਕਵਲ ਕਵਲਾ ਲਏ ਉਪਜਾਈਆ । ਆਪਣੀ ਡਾਲ੍ਹੀ ਫਲ ਲਗਾਇਆ, ਪੱਤ ਪੰਖੜੀਆਂ ਵੇਖ ਵਖਾਈਆ । ਆਪਣਾ ਰੂਪ ਆਪ ਵਟਾਇਆ, ਪਾਰਬ੍ਰਹਮ ਬ੍ਰਹਮ ਆਪਣਾ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਲੇਖਾ ਦਏ ਸਮਝਾਈਆ । ਉਪਜਿਆ ਪੂਤ ਬ੍ਰਹਮਾ ਸੁੱਤ, ਵਿਸ਼ਨੂੰ ਕਵਲ ਮੁਖ ਖੁਲ੍ਹਾਇਆ । ਪਾਰਬ੍ਰਹਮ ਅਬਿਨਾਸ਼ੀ ਅਚੁੱਤ, ਆਪਣਾ ਲੇਖਾ ਦਏ ਸਮਝਾਇਆ । ਵਾਰ ਥਿਤ ਨਾ ਕੋਈ ਰੁੱਤ, ਦਿਵਸ ਮਾਸ ਬਰਖ ਨਾ ਕੋਇ ਜਣਾਇਆ । ਪੰਜ ਤਤ ਨਾ ਕੋਈ ਬੁੱਤ, ਤ੍ਰੈਗੁਣ ਮਾਇਆ ਨਾ ਬੰਧਨ ਪਾਇਆ । ਨਿਰਗੁਣ ਧਰੀ ਨਿਰਗੁਣ ਜੋਤ, ਜੋਤੀ ਜੋਤ ਕਰ ਰੁਸ਼ਨਾਇਆ । ਨਾ ਕੋਈ ਵਰਨ ਨਾ ਕੋਈ ਗੋਤ, ਵੰਡਣ ਵੰਡ ਨਾ ਕੋਇ ਵੰਡਾਇਆ । ਨਾ ਕੋਈ ਤ੍ਰਿਸਨਾ ਨਾ ਕੋਈ ਖੋਟ, ਮਾਇਆ ਮਮਤਾ ਨਾ ਕੋਇ ਤਪਾਇਆ । ਹਉਮੇ ਹੰਗਤਾ ਨਾ ਲਾਏ ਕੋਈ ਚੋਟ, ਜੂਠ ਝੂਠ ਨਾ ਕੋਇ ਵਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਾਰਬ੍ਰਹਮ ਬ੍ਰਹਮ ਰੂਪ ਕਰ, ਆਪ ਆਪਣਾ ਬੰਸ ਸੁਹਾਇਆ । ਵਿਸ਼ਨੂੰ ਅੰਸ ਬ੍ਰਹਮ ਦੁਲਾਰਾ, ਬ੍ਰਹਮਾ ਬੰਸ ਸਰਬੰਸ ਵਡਿਆਈਆ । ਪੁਰਖ ਅਬਿਨਾਸ਼ੀ ਖੇਲ ਨਿਆਰਾ, ਆਪਣੀ ਮਹਿਮਾ ਆਪ ਕਰਾਈਆ । ਆਪਣੀ ਇਛਿਆ ਬਣ ਵਰਤਾਰਾ, ਸਾਚੀ ਭਿਛਿਆ ਤ੍ਰੈਗੁਣ ਰੂਪ ਦਰਸਾਈਆ । ਤ੍ਰੈਗੁਣ ਦੇਵੇ ਇਕ ਹੁਲਾਰਾ, ਤ੍ਰੈ ਲੋਕਾਂ ਕਰੇ ਕੁੜਮਾਈਆ । ਤ੍ਰੈ ਤ੍ਰੈ ਸੇਵਕ ਲਾਏ ਸੇਵਾਦਾਰਾ, ਸ਼ੰਕਰ ਆਪਣੀ ਬੂਝ ਬੁਝਾਈਆ । ਏਕਾ ਵਸਤ ਵਸਤ ਹਰਿ ਥਾਰਾ, ਥਿਰ ਆਪਣੇ ਹੱਥ ਰਖਾਈਆ । ਲੋਆਂ ਪੁਰੀਆਂ ਬਣਾਇਆ ਮਹੱਲ ਮੁਨਾਰਾ, ਇੱਟ ਗਾਰਾ ਨਾ ਕੋਇ ਲਗਾਈਆ । ਬੰਧਨ ਪਾਇਆ ਸੂਰਜ ਚੰਨ ਸਿਤਾਰਾ, ਆਕਾਸ਼ ਪਰਕਾਸ਼ ਆਪ ਟਿਕਾਈਆ । ਆਪੇ ਵਸਿਆ ਸਭ ਤੋਂ ਬਾਹਰਾ, ਬੇਅੰਤ ਬੇਪਰਵਾਹ ਹਰਿ ਵੱਡਾ ਵਡ ਵਡਿਆਈਆ । ਕਰੇ ਖੇਲ ਗੁਪਤ ਜ਼ਾਹਰਾ, ਜ਼ਾਹਰ ਜ਼ਹੂਰ ਸ਼ਹਿਨਸ਼ਾਹੀਆ । ਜੋਤੀ ਨੂਰ ਕਰ ਉਜਿਆਰਾ, ਆਪਣੀ ਧਾਰਾ ਆਪ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿਸ਼ਨ ਬ੍ਰਹਮਾ ਸ਼ਿਵ ਦੇਵੇ ਵਰ, ਆਪ ਆਪਣੀ ਦਇਆ ਕਮਾਈਆ । ਵਰ ਦਾਤਾ ਹਰਿ ਭੰਡਾਰੀ, ਤ੍ਰੈ ਤ੍ਰੈ ਵਸਤ ਆਪ ਵਰਤਾਇੰਦਾ । ਕਰੇ ਖੇਲ ਏਕੰਕਾਰੀ, ਓਅੰਕਾਰਾ ਆਪਣਾ ਨਾਉਂ ਦਰਸਾਇੰਦਾ । ਏਕਾ ਵਣਜ ਇਕ ਵਪਾਰੀ, ਏਕਾ ਹੱਟ ਖੁਲ੍ਹਾਇੰਦਾ । ਏਕਾ ਦਰ ਦਰਵੇਸ਼ ਬਣੇ ਭਿਖਾਰੀ, ਦਰ ਦਰ ਆਪਣੀ ਅਲਖ ਜਗਾਇੰਦਾ । ਏਕਾ ਇਸ਼ਟ ਗੁਰ ਵਡ ਪਨਹਾਰੀ, ਹਰਿ ਆਪਣਾ ਨਾਉਂ ਰਖਾਇੰਦਾ । ਏਕਾ ਪੂਜਾ ਇਕ ਪੁਜਾਰੀ, ਏਕਾ ਨਿਉਂ ਨਿਉਂ ਸੀਸ ਝੁਕਾਇੰਦਾ । ਏਕਾ ਸ਼ਾਹ ਸੱਚਾ ਸੁਲਤਾਨ ਕਰੇ ਸਿਕਦਾਰੀ, ਏਕਾ ਹੁਕਮੀ ਹੁਕਮ ਫਿਰਾਇੰਦਾ । ਏਕਾ ਵਸੇ ਮਹੱਲ ਅਟੱਲ ਉਚ ਮੁਨਾਰੀ, ਸਚਖੰਡ ਦਵਾਰੇ ਸੋਭਾ ਪਾਇੰਦਾ । ਏਕਾ ਤ੍ਰੈਗੁਣ ਮਾਇਆ ਦਏ ਆਧਾਰੀ, ਵਿਸ਼ਨ


੧੭੪

ਬ੍ਰਹਮਾ ਸ਼ਿਵ ਨਾਲ ਪਰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਇੰਦਾ । ਸਾਚੀ
ਸਿਖਿਆ ਹਰਿ ਭਗਵਾਨ, ਬ੍ਰਹਮੇ ਵਿਸ਼ਨ ਸ਼ਿਵ ਆਪ ਸੁਣਾਇੰਦਾ । ਆਦਿ ਉਪਜਾਇਆ ਹਰਿ ਨਿਸ਼ਾਨ, ਆਦਿ ਆਦੀ ਆਪ ਅਖਵਾਇੰਦਾ । ਜਗਤ ਜੁਗਤ ਪਾਏ
ਆਪਣੀ ਆਣ, ਜਾਗਰਤ ਜੋਤ ਇਕ ਟਿਕਾਇੰਦਾ । ਧੁਰਦਰਗਾਹੀ ਧੁਰ ਫ਼ਰਮਾਨ, ਦੋ ਜਹਾਨ ਆਪ ਚਲਾਇੰਦਾ । ਬ੍ਰਹਮਾ ਵਿਸ਼ਨ ਸ਼ਿਵ ਰੱਖੀ ਆਣ, ਸਿਰ ਆਪਣਾ
ਹੱਥ ਟਿਕਾਇੰਦਾ । ਲੱਖ ਚੁਰਾਸੀ ਕਰ ਪਰਧਾਨ, ਜੀਵ ਜੰਤ ਰੂਪ ਵਟਾਇੰਦਾ । ਚਾਰੇ ਖਾਣੀ ਕਰ ਪਛਾਣ, ਅੰਡਜ ਜੇਰਜ ਉਤਭੁਜ ਸੇਤਜ ਮੇਲ ਮਿਲਾਇੰਦਾ ।
ਨੌ ਨੌ ਚਾਰ ਚੌਕੜੀ ਜੁਗ ਇਕ ਗਿਆਨ, ਚਾਰ ਜੁਗ ਆਪਣਾ ਗੇੜ ਰਖਾਇੰਦਾ । ਬ੍ਰਹਮਾ ਸੁਣੇ ਲਾ ਲਾ ਕਾਨ, ਹਰਿ ਕਾ ਹੁਕਮ ਨਾ ਕੋਇ ਭਵਾਇੰਦਾ । ਵਿਸ਼ਨੂੰ
ਕਰੇ ਚਰਨ ਧਿਆਨ, ਨੇਤਰ ਨੈਣਾਂ ਨੀਰ ਵਹਾਇੰਦਾ । ਸ਼ੰਕਰ ਵੇਖ ਹੋਇਆ ਹੈਰਾਨ, ਭੈ ਭਿਆਨਕ ਰੂਪ ਹਰਿ ਦਰਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਆਦਿ ਜੁਗਾਦੀ ਇਕ ਇਕੇਲਾ, ਲੱਖ ਚੁਰਾਸੀ ਸੱਜਣ ਸੁਹੇਲਾ, ਆਪੇ ਜਾਣੇ ਆਪਣਾ ਵੇਲਾ, ਥਿਤ ਵਾਰ ਨਾ ਕੋਇ ਰਖਾਇੰਦਾ । ਥਿਤ
ਵਾਰ ਨਾ ਦਿਵਸ ਮਾਸ, ਵਦੀ ਸੁਦੀ ਨਾ ਕੋਇ ਰਖਾਈਆ । ਪੁਰਖ ਅਬਿਨਾਸ਼ੀ ਖੇਲ ਤਮਾਸ਼, ਦਰਗਾਹ ਸਾਚੀ ਆਪ ਖਲਾਈਆ । ਸਚਖੰਡ ਦਵਾਰੇ ਪਾਵੇ ਸਾਚੀ
ਰਾਸ, ਸਾਚਾ ਤਖ਼ਤ ਆਪ ਸੁਹਾਈਆ । ਆਦਿ ਜੁਗਾਦੀ ਕਰ ਪਰਕਾਸ਼, ਪਰਮ ਪੁਰਖ ਆਪ ਅਖਵਾਈਆ । ਆਪਣੀ ਕਰੇ ਆਪੇ ਪੂਰੀ ਆਸ, ਬੇਆਸ ਨਾ
ਹੋਏ ਖ਼ੁਦਾਈਆ । ਸਾਲਸ ਬਣੇ ਸ਼ਾਹੋ ਸ਼ਾਬਾਸ਼, ਸ਼ਾਹ ਸੁਲਤਾਨਾ ਭੁੱਲ ਨਾ ਜਾਈਆ । ਲੱਖ ਚੁਰਾਸੀ ਕਰ ਕਰ ਵਾਸ, ਪਵਣ ਸਵਾਸੀ ਦਏ ਸਲਾਹੀਆ । ਲੇਖਾ
੧੭੫ ਜਾਣੇ ਪ੍ਰਿਥਮੀ ਆਕਾਸ਼, ਗਗਨ ਮੰਡਲ ਫੋਲ ਫੋਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬ੍ਰਹਮ ਮਤ ਏਕਾ ੧੭੫
ਤਤ ਰਿਹਾ ਸਮਝਾਈਆ । ਬ੍ਰਹਮ ਮਤ ਇਕ ਗਿਆਨ, ਹਰਿ ਸ਼ਬਦੀ ਸ਼ਬਦ ਜਣਾਇਆ । ਪੁਰਖ ਅਬਿਨਾਸ਼ੀ ਸਚ ਨਿਸ਼ਾਨ, ਦਰ ਘਰ ਸਾਚੇ ਆਪ ਝੁਲਾਇਆ ।
ਏਕਾ ਹੁਕਮ ਇਕ ਫ਼ਰਮਾਣ, ਏਕਾ ਨਾਦੀ ਨਾਦ ਵਜਾਇਆ । ਏਕਾ ਰੂਪ ਸ੍ਰੀ ਭਗਵਾਨ, ਰੂਪ ਅਨੂਪਾ ਦਏ ਵਰਤਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਜੋਤ ਧਰ, ਆਪਣਾ ਲੇਖਾ ਆਪ ਚੁਕਾਇਆ । ਸਾਚਾ ਲੇਖਾ ਜਗਤ ਧਾਰ, ਪਾਰਬ੍ਰਹਮ ਬ੍ਰਹਮੇ ਝੋਲੀ ਪਾਈਆ । ਸ਼ਬਦ ਜਣਾਈ ਵੇਦ ਚਾਰ, ਚਾਰੇ ਜੁਗ ਕਰੇ
ਕੁੜਮਾਈਆ । ਚਾਰੇ ਖਾਣੀ ਕਰ ਤਿਆਰ, ਚਾਰੇ ਬਾਣੀ ਕਰੇ ਪੜ੍ਹਾਈਆ । ਚਾਰ ਜੁਗ ਕਰ ਵਰਤਾਰ, ਚਾਰ ਵਰਨ ਵੇਖ ਵਖਾਈਆ । ਚਾਰ ਯਾਰੀ ਪਾਵੇ
ਸਾਰ, ਸਾਰ ਪਾਸ਼ਾ ਖੇਲ ਖਿਲਾਈਆ । ਅੰਤਮ ਬਾਜ਼ੀ ਜਾਏ ਹਾਰ, ਥਿਰ ਕੋਇ ਰਹਿਣ ਨਾ ਪਾਈਆ । ਨੌ ਨੌ ਚਾਰ ਚੌਕੜ ਜੁਗ ਕਰ ਖ਼ਵਾਰ, ਗੁਰ ਪੀਰ
ਅਵਤਾਰ ਸਾਧ ਸੰਤ ਸੇਵਾ ਲਾਈਆ । ਪੰਡਤ ਪਾਂਧੇ ਉਚੀ ਕੂਕਣ ਕਰਨ ਪੁਕਾਰ, ਵੇਦ ਸਿਮਰਤ ਸ਼ਾਸਤਰ ਦੇਣ ਦੁਹਾਈਆ । ਮੁੱਲਾਂ ਸ਼ੇਖ਼ ਮਸਾਇਕ ਪੀਰ ਰੋਵਣ
ਜ਼ਾਰੋ ਜ਼ਾਰ, ਦਸਤਗੀਰ ਰਹੇ ਕੁਰਲਾਈਆ । ਹਰਿ ਕਾ ਖੇਲ ਅਪਰ ਅਪਾਰ, ਅੰਜੀਲ ਕੁਰਾਨ ਨਾ ਸਕੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
ਜੋਤ ਧਰ, ਆਪਣੇ ਹੱਥ ਰੱਖੇ ਵਡਿਆਈਆ । ਚਾਰ ਜੁਗ ਜਗਤ ਗੇੜਾ, ਹਰਿ ਸਾਚਾ ਆਪ ਦਵਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਚੁੱਕਿਆ ਝੇੜਾ, ਕਲਜੁਗ
ਵੇਲਾ ਅੰਤਮ ਆਇੰਦਾ । ਹੱਕ ਹਕੀਕਤ ਲਾਸ਼ਰੀਕ ਕਰੇ ਹੱਕ ਨਬੇੜਾ, ਬੇਐਬ ਐਬ ਸਰਬ ਵੇਖ ਵਖਾਇੰਦਾ । ਜਨ ਭਗਤਾਂ ਬੰਨ੍ਹੇ ਆਪੇ ਬੇੜਾ, ਲੱਖ ਚੁਰਾਸੀ ਫੋਲ
ਫੁਲਾਇੰਦਾ । ਨੌ ਖੰਡ ਪ੍ਰਿਥਮੀ ਸੱਤਾਂ ਦੀਪਾਂ ਧਰਤ ਮਾਤ ਦਾ ਖੁਲ੍ਹਾ ਕਰੇ ਵੇਹੜਾ, ਪ੍ਰਿਥਮੀ ਆਕਾਸ਼ ਆਪ ਆਪਣੀ ਰਚਨ ਰਚਾਇੰਦਾ । ਲੱਖ ਚੁਰਾਸੀ ਮਨਮਤ ਉਲਟਾ
ਦੇਵੇ ਗੇੜਾ, ਬੁਧ ਬਿਬੇਕ ਨਾ ਕੋਇ ਰਖਾਇੰਦਾ । ਕਾਮ ਕਰੋਧ ਲੋਭ ਮੋਹ ਹੰਕਾਰ ਕਾਇਆ ਨਗਰ ਵਸੇ ਖੇੜਾ, ਹਰਿ ਕਾ ਨਾਮ ਨਾ ਕੋਇ ਦ੍ਰਿੜਾਇੰਦਾ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਚਾਰ ਜੁਗ ਦਏ ਹੁਲਾਰਾ, ਆਪੇ ਜਾਣੇ ਆਰ ਪਾਰ ਕਿਨਾਰਾ, ਦੂਰ ਦੁਰਾਡਾ ਵੇਖ ਵਖਾਇੰਦਾ । ਕਲਜੁਗ ਅੰਤਮ ਆਈ ਵਾਰ, ਧਰਤੀ ਕੂਕੇ ਦਏ ਦੁਹਾਈਆ । ਮਾਣਸ ਮਾਨੁਖ ਆਪ ਆਪਣਾ ਗਏ ਹਾਰ, ਧੀਰਜ ਜਤ ਸਤਿ ਸੰਤੋਖ ਨਾ ਕੋਇ ਰਖਾਈਆ । ਨਾ ਕੋਈ ਪੁਰਖ ਨਾ ਕੋਈ ਨਾਰ, ਸਾਚਾ ਕੰਤ ਨਾ ਕੋਇ ਹੰਢਾਈਆ । ਸ੍ਰਿਸ਼ਟ ਸਬਾਈ ਹੋਈ ਵਿਭਚਾਰ, ਕੂੜੀ ਕਿਰਿਆ ਕਰਮ ਕੁੜਮਾਈਆ । ਹਰਿ ਮਿਲਿਆ ਨਾ ਕੰਤ ਭਤਾਰ, ਆਤਮ ਸੇਜ ਨਾ ਕੋਇ ਸੁਹਾਈਆ । ਘਰ ਮੰਦਰ ਨਾ ਹੋਏ ਉਜਿਆਰ, ਦੀਵਾ ਬਾਤੀ ਨਾ ਕੋਇ ਜਗਾਈਆ । ਸੁਰਤ ਸਵਾਣੀ ਰੋਵੇ ਜ਼ਾਰੋ ਜ਼ਾਰ, ਬੇਆਬ ਮਰੇ ਤਿਹਾਈਆ । ਅੰਮ੍ਰਿਤ ਝਿਰਨਾ ਝਿਰੇ ਨਾ ਠੰਡਾ ਠਾਰ, ਭਰ ਪਿਆਲਾ ਜਾਮ ਨਾ ਕੋਇ ਪਿਆਈਆ । ਅਠਸਠ ਤੀਰਥ ਗਏ ਹਾਰ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਸਾਧ ਸੰਤ ਸਾਚਾ ਕਰੇ ਨਾ ਕੋਇ ਸ਼ੰਗਾਰ, ਤਨ ਝੂਠੀ ਭਿਬੂਤ ਰਹੇ ਰਮਾਈਆ । ਮਿਲੇ ਮੇਲ ਨਾ ਪੀਆ ਪਰੀਤਮ ਯਾਰ, ਤਿਰੀਆ ਤ੍ਰਿਖਾ ਨਾ ਕੋਇ ਬੁਝਾਈਆ । ਤ੍ਰੈਗੁਣ ਮਾਇਆ ਜਗਤ ਭੰਡਾਰ, ਪੰਚ ਵਿਕਾਰਾ ਵੰਡ ਵੰਡਾਈਆ । ਆਸਾ ਤ੍ਰਿਸ਼ਨਾ ਕਰੇ ਖ਼ਵਾਰ, ਘਰ ਘਰ ਜੋਬਨ ਰਹੀ ਵਖਾਈਆ । ਮਨਮੁਖ ਜੀਵ ਨਾ ਪਾਏ ਸਾਰ, ਹਰਿ ਕਾ ਰੂਪ ਨਾ ਕੋਇ ਦਰਸਾਈਆ । ਗੁਰਮੁਖ ਵਿਰਲਾ ਉਤਰੇ ਪਾਰ, ਜਿਸ ਜਨ ਆਪਣੀ ਬੂਝ ਬੁਝਾਈਆ । ਬੰਦ ਕਿਵਾੜੀ ਖੋਲ੍ਹ ਕਿਵਾੜ, ਪੰਚਮ ਧਾੜ ਦਏ ਮਿਟਾਈਆ । ਕਿਰਪਾ ਕਰ ਆਪ ਨਿਰੰਕਾਰ, ਨਿਰਗੁਣ ਸਰਗੁਣ ਲਏ ਮਿਲਾਈਆ । ਏਕਾ ਨੈਣ ਦਏ ਉਘਾੜ, ਦੋਏ ਲੋਚਨ ਬੰਦ ਵਖਾਈਆ । ਵਾ ਨਾ ਲੱਗੇ ਤੱਤੀ ਹਾੜ, ਬਖ਼ਸ਼ੇ ਸਤਿਗੁਰ ਚਰਨ ਸੱਚੀ ਸਰਨਾਈਆ । ਸਾਚੇ ਪੌੜੇ ਦੇਵੇ ਚਾੜ੍ਹ, ਚੌਥੇ ਪਦ ਮੇਲ ਮਿਲਾਈਆ । ਪੰਚਮ ਨਾਦ ਸ਼ਬਦ ਧੁਨਕਾਰ, ਘਰ ਮੰਦਰ ਦਏ ਸੁਣਾਈਆ । ਪੁਰਖ ਅਬਿਨਾਸ਼ੀ ਖੇਲ ਅਪਾਰ, ਕਾਗਦ ਕਲਮ ਨਾ ਲਿਖੇ ਸ਼ਾਹੀਆ । ਬ੍ਰਹਮਾ ਵੇਤਾ ਨਾ ਪਾਵੇ ਸਾਰ, ਚਾਰ ਵੇਦ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗਾ ਜੁਗੰਤਰ ਸਾਚੀ ਕਾਰ, ਕਰੇ ਕਰਾਏ ਕਰਨੇਹਾਰ, ਲੋਕਮਾਤੀ ਲੈ ਅਵਤਾਰ, ਨਿਰਗੁਣ ਸਰਗੁਣ ਖੇਲ ਖਿਲਾਈਆ । ਜੁਗਾ ਜੁਗੰਤਰ ਇਕ ਅਵਤਾਰਾ, ਸੋ ਪੁਰਖ ਨਿਰੰਜਣ ਰੂਪ ਵਟਾਇੰਦਾ । ਹਰਿ ਪੁਰਖ ਨਿਰੰਜਣ ਖੇਲ ਨਿਆਰਾ, ਖ਼ਾਲਕ ਖ਼ਲਕ ਵਿਚ ਕਰਾਇੰਦਾ । ਏਕੰਕਾਰਾ ਹੋ ਉਜਿਆਰਾ, ਆਦਿ ਨਿਰੰਜਣ ਜੋਤ ਜਗਾਇੰਦਾ । ਸ੍ਰੀ ਭਗਵਾਨ ਪਾਵੇ ਸਾਰਾ, ਅਬਿਨਾਸ਼ੀ ਕਰਤਾ ਮੇਲ ਮਿਲਾਇੰਦਾ । ਪਾਰਬ੍ਰਹਮ ਬ੍ਰਹਮ ਦਏ ਹੁਲਾਰਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਸਰਗੁਣ ਰੂਪ ਵਿਚ ਸੰਸਾਰਾ, ਪੰਜ ਤਤ ਨਾਤਾ ਜੋੜ ਜੁੜਾਇੰਦਾ । ਗੁਰਮੁਖ ਸਾਜਣ ਕਰ ਪਿਆਰਾ, ਤ੍ਰੈਗੁਣ ਮਾਇਆ ਫੰਦ ਕਟਾਇੰਦਾ । ਜੋਤ ਨਿਰੰਜਣ ਦੀਪਕ ਕਰ ਉਜਿਆਰਾ, ਅਗਿਆਨ ਅੰਧੇਰ ਗਵਾਇੰਦਾ । ਅਨਹਦ ਸ਼ਬਦ ਸੱਚੀ ਧੁਨਕਾਰਾ, ਪੰਚਮ ਮਿਲ ਸਖੀਆਂ ਮੰਗਲ ਗਾਇੰਦਾ । ਵੇਖੇ ਵਿਗਸੇ ਕਰੇ ਵਿਚਾਰਾ, ਵੇਖਣਹਾਰਾ ਦਿਸ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਅੰਤਮ ਆਪਣਾ ਵੇਸ ਵਟਾਇੰਦਾ । ਕਲਜੁਗ ਅੰਤਮ ਹਰਿ ਪਰਵੇਸ਼, ਜੋਤੀ ਜਾਮਾ ਭੇਖ ਵਟਾਇੰਦਾ । ਆਪੇ ਨਰ ਆਪ ਨਰੇਸ਼, ਆਪੇ ਸੇਵਕ ਸੇਵ ਕਮਾਇੰਦਾ । ਆਪੇ ਲੇਖਾ ਜਾਣੇ ਬ੍ਰਹਮਾ ਵਿਸ਼ਨ ਮਹੇਸ਼ ਗਣੇਸ਼, ਦਰ ਦਰ ਆਪੇ ਅਲੱਖ ਜਗਾਇੰਦਾ । ਆਪੇ ਵੇਖਣਹਾਰਾ ਮੁੱਛ ਦਾੜ੍ਹੀ ਕੇਸ, ਆਪੇ ਆਪਣਾ ਮੂੰਡ ਮੁੰਡਾਇੰਦਾ । ਆਪੇ ਬਹਿ ਬਹਿ ਲਿਖਣਹਾਰਾ ਲੇਖ, ਲਿਖਿਆ ਲੇਖਾ ਆਪ ਮਿਟਾਇੰਦਾ । ਆਪੇ ਚਾਰ ਜੁਗ ਕਰ ਪਰਵੇਸ਼, ਆਪਣੀ ਚੌਕੜੀ ਆਪ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਲਜੁਗ ਤੇਰੀ ਅੰਤਮ ਵਰ, ਆਪਣੀ ਖੇਲ ਆਪ ਖਲਾਇੰਦਾ । ਕਲਜੁਗ ਅੰਤਮ ਖੇਲ ਕਰਤਾਰ, ਆਪਣੀ ਆਪ ਕਰਾਈਆ । ਨਿਹਕਲੰਕਾ ਲੈ ਅਵਤਾਰ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਸ਼ਬਦ ਡੰਕਾ ਵਿਚ ਸੰਸਾਰ, ਚਾਰੋਂ ਕੁੰਟ ਦਏ ਸੁਣਾਈਆ । ਨੌ ਖੰਡ ਕਰੇ ਖ਼ਬਰਦਾਰ, ਸੋਇਆ


੧੭੬

ਕੋਇ ਰਹਿਣ ਨਾ ਪਾਈਆ । ਬ੍ਰਹਿਮੰਡ ਮਾਰਨਹਾਰਾ ਮਾਰ, ਚੌਦਾਂ ਲੋਕ ਦਏ ਹਿਲਾਈਆ । ਚੌਦਾਂ ਤਬਕਾਂ ਕਰ ਖ਼ਵਾਰ, ਸਦੀ ਚੌਧਵੀਂ ਵੇਖ ਵਖਾਈਆ । ਚੌਦਸ ਚੰਨ ਨਾ ਹੋਏ ਉਜਿਆਰ, ਅਮਾਵਸ ਰੈਣ ਸਰਬ ਲੋਕਾਈਆ । ਬਿਨ ਸਤਿਗੁਰ ਪੂਰੇ ਨਾ ਪਾਵੇ ਕੋਇ ਸਾਰ, ਭਵ ਸਾਗਰ ਪਾਰ ਨਾ ਕੋਇ ਕਰਾਈਆ । ਰਾਏ ਧਰਮ ਕਰੇ ਖ਼ਵਾਰ, ਚਿਤਰ ਗੁਪਤ ਦਏ ਗਵਾਹੀਆ । ਲਾੜੀ ਮੌਤ ਕਰ ਸ਼ੰਗਾਰ, ਕਲਜੁਗ ਜੀਵਾਂ ਲਏ ਪਰਨਾਈਆ । ਹਰਿਜਨ ਸਾਚੇ ਉਤਰਨ ਪਾਰ, ਜਿਸ ਜਨ ਮਿਲਿਆ ਹਰਿ ਸੱਚਾ ਪਾਤਸ਼ਾਹੀਆ । ਏਕਾ ਨਾਮ ਦਏ ਆਧਾਰ, ਹਰਿ ਹਿਰਦੇ ਵਿਚ ਟਿਕਾਈਆ । ਅਜੱਪਾ ਜਾਪ ਕਰ ਤਿਆਰ, ਕੰਠ ਮਾਲਾ ਆਪ ਪਹਿਨਾਈਆ । ਰਸਨਾ ਜਿਹਵਾ ਨਾ ਕੋਇ ਵਿਚਾਰ, ਸਵਾਸ ਸਵਾਸ ਵਿਚ ਸਮਾਈਆ । ਬੱਤੀ ਦੰਦ ਨਾ ਕਰੇ ਪੁਕਾਰ, ਉਚੀ ਕੂਕ ਨਾ ਕੋਇ ਸੁਣਾਈਆ । ਹਰਿ ਕਾ ਛੰਦ ਸੁਹਾਗੀ ਨਿਝਰ ਧਾਰ, ਧੁਨ ਆਤਮਕ ਆਪ ਅਲਾਈਆ । ਬ੍ਰਹਮ ਆਤਮ ਕਰੇ ਪਿਆਰ, ਈਸ਼ ਜੀਵ ਕਰ ਕੁੜਮਾਈਆ । ਜਗਤ ਜਗਦੀਸ਼ ਪਾਵੇ ਸਾਰ, ਜੁਗਤ ਜਗਤ ਜੁਗ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਕਰੇ ਪਾਰ, ਜਮ ਕੀ ਫਾਸੀ ਦਏ ਤੁੜਾਈਆ । ਘਨਕਪੁਰ ਵਾਸੀ ਮੀਤ ਮੁਰਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਏਕਾ ਦੀਆ ਏਕਾ ਬਾਤੀ, ਆਪ ਜਗਾਏ ਕਮਲਾਪਾਤੀ, ਮੇਟੇ ਰੈਣ ਅੰਧੇਰੀ ਰਾਤੀ, ਸਤਿਜੁਗ ਸਾਚਾ ਚੰਦ ਚੜ੍ਹਾਈਆ । ਸਤਿਜੁਗ ਸਾਚਾ ਚੰਦ ਚੜ੍ਹੌਣਾ, ਪਾਰਬ੍ਰਹਮ ਬ੍ਰਹਮ ਦਇਆ ਕਮਾਇੰਦਾ । ਗੁਰਮੁਖ ਗੁਰਸਿਖ ਦੀਪਕ ਆਪ ਜਗੌਣਾ, ਤਨ ਮੰਦਰ ਆਪ ਸੁਹਾਇੰਦਾ । ਅੰਮ੍ਰਿਤ ਜਾਮ ਪਿਆਲਾ ਇਕ ਪਿਔਣਾ, ਨਿਝਰ ਝਿਰਨਾ ਇਕ ਝਿਰਾਇੰਦਾ । ਅਨਹਦ ਨਾਦ ਇਕ ਵਜੌਣਾ, ਕਾਇਆ ਬੰਕ ਆਪ ਸੁਣਾਇੰਦਾ । ਬ੍ਰਹਮ ਬ੍ਰਹਿਮਾਦੀ ਭੇਵ ਖੁਲ੍ਹੌਣਾ, ਦੂਈ ਦਵੈਤੀ ਪੜਦਾ ਆਪ ਉਠਾਇੰਦਾ । ਬੋਧ ਅਗਾਧ ਸ਼ਬਦ ਜਣੌਣਾ, ਗੁਰਮੁਖ ਸਾਚੇ ਮੇਲ ਮਿਲਾਇੰਦਾ । ਵਾਦ ਵਿਵਾਦ ਸਰਬ ਮਿਟੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਹਰਿਜਨ ਸਾਚੇ ਮੇਲ ਕਰ, ਘਰ ਆਪਣਾ ਮੇਲ ਮਿਲਾਇੰਦਾ । ਘਰ ਮੇਲਾ ਅੰਤਮ ਧਾਰ, ਕਾਇਆ ਕੰਚਨ ਗੜ੍ਹ ਸੁਹਾਇਆ । ਸਤਿਗੁਰ ਪੂਰਾ ਕਰ ਪਿਆਰ, ਤਨ ਮੰਦਰ ਵੇਖ ਵਖਾਇਆ । ਡੂੰਘੀ ਕੰਦਰ ਕਰ ਪਿਆਰ, ਹੰਕਾਰੀ ਜੰਦਰ ਤੋੜ ਤੁੜਾਇਆ । ਮਨ ਬੰਦਰ ਫੜ ਹੰਕਾਰ, ਗੁਰ ਸ਼ਬਦੀ ਬੰਧਨ ਪਾਇਆ । ਏਕਾ ਬਖ਼ਸ਼ੇ ਚਰਨ ਪਿਆਰ, ਚਰਨ ਚਰਨੋਦਕ ਮੁਖ ਚਵਾਇਆ । ਦੁਰਮਤ ਮੈਲ ਦਏ ਉਤਾਰ, ਜੋ ਜਨ ਸਰਨਾਈ ਆਇਆ । ਕਾਦਰ ਕੁਦਰਤ ਕਰੇ ਪਿਆਰ, ਕੁਦਰਤ ਕਾਦਰ ਵੇਖ ਵਖਾਇਆ । ਹਰਿਜਨ ਸਾਚੇ ਕਰ ਪਿਆਰ, ਸਤਿਜੁਗ ਸਾਚਾ ਮਾਰਗ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸਮਗਰੀ ਝੋਲੀ ਪਾਇਆ । ਸਚ ਸਮਗਰੀ ਨਾਮ ਧਨ ਰਾਸ, ਗੁਰਮੁਖਾਂ ਝੋਲੀ ਪਾਇੰਦਾ । ਨਿਜ ਘਰ ਆਤਮ ਕਰ ਕਰ ਵਾਸ, ਬੰਦ ਖੁਲਾਸੀ ਆਪ ਕਰਾਇੰਦਾ । ਅੰਧੇਰੀ ਕੰਦਰ ਕਰ ਪਰਕਾਸ਼, ਕੋਟਨ ਕੋਟ ਰਵ ਸਸ ਆਪ ਚੜ੍ਹਾਇੰਦਾ । ਸਤਿ ਸੰਤੋਖ ਧੀਰਜ ਜਤ ਦਏ ਧਰਵਾਸ, ਧਰਮ ਦਇਆ ਇਕ ਵਖਾਇੰਦਾ । ਗੁਰਸਿਖਾਂ ਪੂਰੀ ਕਰੇ ਆਸ, ਪੂਰਬ ਜਨਮ ਲੇਖੇ ਲਾਇੰਦਾ । ਹਰਿਜਨ ਹੋਏ ਨਾ ਮਾਤ ਉਦਾਸ, ਹਰਿ ਕੀ ਪੌੜੀ ਆਪ ਚੜ੍ਹਾਇੰਦਾ । ਲੇਖਾ ਕੱਟੇ ਦਸ ਦਸ ਮਾਸ, ਮਾਤ ਗਰਭ ਨਾ ਅਗਨ ਤਪਾਇੰਦਾ । ਲੇਖੇ ਲਾਏ ਸਵਾਸ ਸਵਾਸ, ਜੋ ਜਨ ਸੋਹੰ ਰਸਨਾ ਗਾਇੰਦਾ । ਪਾਰ ਕਰਾਏ ਪ੍ਰਿਥਮੀ ਆਕਾਸ਼, ਸਚਖੰਡ ਦਵਾਰੇ ਆਪ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖਾਂ ਬਣੇ ਮੀਤ ਮੁਰਾਰ, ਆਦਿ ਜੁਗਾਦੀ ਲੈ ਅਵਤਾਰ, ਗੁਰ ਗੁਰ ਆਪਣਾ ਨਾਉਂ ਧਰਾਇੰਦਾ । ਗੁਰ ਚੇਲਾ ਗੁਰ ਸਾਖਿਆਤ, ਗੁਰ ਗਹਿਰ ਗੰਭੀਰ ਸਮਾਇੰਦਾ । ਗੁਰਸਿਖ ਸੱਜਣ ਬਣਾਏ ਪਾਰ ਜ਼ਾਤ, ਗੁਰ ਗੁਰਮੁਖ ਸੇਵ ਕਮਾਇੰਦਾ । ਗੁਰ ਹਰਿਜਨ ਮੇਟੇ ਅੰਧੇਰੀ ਰਾਤ, ਗੁਰ ਸਤਿ ਸਤਿ ਸਤਿ ਸਾਚਾ ਚੰਦ ਚੜ੍ਹਾਇੰਦਾ । ਗੁਰ ਗਹਿਰ ਗੰਭੀਰਾ ਪੁੱਛੇ ਵਾਤ, ਆਦਿ ਅੰਤ ਸੰਗ ਨਿਭਾਇੰਦਾ । ਗੁਰ ਕੱਢੇ

੧੭੭

ਹਉਮੇ ਪੀੜਾ, ਅੰਮ੍ਰਿਤ ਸੀਰਾ ਮੁਖ ਚੁਆਇੰਦਾ । ਗੁਰ ਤੋੜੇ ਜਗਤ ਜ਼ੰਜੀਰਾ, ਨਾਮ ਡੋਰੀ ਆਪ ਬੰਧਾਇੰਦਾ । ਗੁਰ ਚੋਟੀ ਚਾੜ੍ਹੇ ਫੜ ਅਖ਼ੀਰਾ, ਚੌਥੇ ਘਰ ਆਪ ਬਹਾਇੰਦਾ । ਗੁਰ ਲੇਖਾ ਜਾਣੇ ਸ਼ਾਹ ਹਕੀਰਾ, ਊਚਾਂ ਨੀਚਾਂ ਰਾਓ ਰੰਕਾਂ ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਏਕਾ ਧਾਮ ਬਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਇਸ਼ਟ ਦੇਵ ਨਮੋ ਵਾਸਤਕ ਰੂਪ, ਵਿਸ਼ਵ ਆਪਣਾ ਨਾਉਂ ਧਰਾਇੰਦਾ । ਗੁਰ ਵਿਸ਼ਵ ਚਾਰ ਵਰਨ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਵੇਖ ਵਖਾਈਆ । ਗੁਰ ਸਤਿਗੁਰ ਪੂਰਾ ਬਖ਼ਸ਼ੇ ਏਕਾ ਸਰਨ, ਚਰਨ ਕਵਲ ਵੱਡੀ ਵਡਿਆਈਆ । ਸਤਿਗੁਰ ਪੂਰਾ ਲੇਖਾ ਚੁਕਾਏ ਮਰਨ ਡਰਨ, ਤਰਨੀ ਤਰਨ ਆਪ ਅਖਵਾਈਆ । ਗੁਰ ਗੁਰ ਖੋਲ੍ਹੇ ਹਰਨ ਫਰਨ, ਨਿਜ ਨੇਤਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਲਏ ਤਰਾਈਆ । ਹਰਿਜਨ ਸਾਚਾ ਤਾਰਿਆ, ਸਿਰ ਹੱਥ ਰੱਖ ਕਰਤਾਰ । ਆਵਣ ਜਾਵਣ ਗੇੜ ਨਵਾਰਿਆ, ਲੱਖ ਚੁਰਾਸੀ ਉਤਰੇ ਪਾਰ । ਏਕਾ ਬਖ਼ਸ਼ੇ ਚਰਨ ਪਿਆਰਿਆ, ਘਨਕ ਪੁਰ ਵਾਸੀ ਹੋ ਉਜਿਆਰ । ਪਿਛਲਾ ਲੇਖਾ ਆਪਣੀ ਹੱਥੀਂ ਪਾੜਿਆ, ਲੇਖਾ ਚੁੱਕਿਆ ਧਰਮ ਦਵਾਰ । ਪਾਇਆ ਦਰਸ ਹਰਿ ਨਿਰੰਕਾਰਿਆ, ਦਰਸ ਦੇਵੇ ਆਪ ਕਰਤਾਰ । ਮਾਣਸ ਜਨਮ ਨਾ ਜੂਏ ਹਾਰਿਆ, ਮਿਲਿਆ ਮੇਲ ਮੀਤ ਮੁਰਾਰ । ਘਰ ਸੋਹੇ ਬੰਕ ਦਵਾਰਿਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਹਰਿ ਹਰਿ ਮੇਲਾ ਗੁਰੂ ਗੁਰ ਚੇਲਾ ਨਾਰੀ ਕੰਤ ਭਤਾਰ । ਕੰਤ ਭਤਾਰ ਸਰਬ ਸੁਖ ਸਵਾਮੀ, ਗਹਿਰ ਗੰਭੀਰ ਅਖਵਾਇੰਦਾ । ਨੇਹਕਰਮ ਕਰੇ ਨੇਹਕਾਮੀ, ਨਿਰਧਨ ਸਰਧਨ ਆਪਣੇ ਲੇਖੇ ਲਾਇੰਦਾ । ਸਰਬ ਜੀਆਂ ਬਿਧ ਜਾਣੇ ਅੰਤਰ ਅੰਤਰਜਾਮੀ, ਅੰਤਰਗਤ ਆਪੇ ਵੇਖ ਵਖਾਇੰਦਾ । ਜਨ ਭਗਤਾਂ ਅੰਮ੍ਰਿਤ ਆਤਮ ਦੇਵੇ ਠੰਡਾ ਪਾਣੀ, ਭਰ ਪਿਆਲਾ ਜਾਮ ਪਿਆਇੰਦਾ । ਅਗੰਮ ਅਗੰਮੜਾ ਸੁਣਾਏ ਅਗੰਮੀ ਬਾਣੀ, ਨਾਦ ਅਨਾਦ ਆਪਣਾ ਆਪ ਵਜਾਇੰਦਾ । ਗੁਰਮੁਖ ਗੁਰਸਿਖ ਪਾਇਆ ਪਦ ਪਦ ਨਿਰਬਾਣੀ, ਸਚ ਨਿਸ਼ਾਨੀ, ਇਕ ਵਖਾਇੰਦਾ । ਚਾਰ ਵਰਨ ਚਾਰ ਜੁਗ ਹਰਿਜਨ ਗਾਏ ਅਕਥ ਕਹਾਣੀ, ਕਥ ਕਥਾ ਕਥ ਆਪ ਸੁਣਾਇੰਦਾ । ਗੁਰਸਿਖ ਧੁਰਦਰਗਾਹੇ ਬਣੀ ਸਾਚੀ ਰਾਣੀ, ਦਰਗਹ ਸਾਚੀ ਸਚ ਮਹੱਲ ਉਚ ਅੱਟਲ ਮੁਨਾਰ ਆਪ ਬਹਾਇੰਦਾ । ਸਤਿਗੁਰ ਸੱਚਾ ਸਾਹਿਬ ਸੁਲਤਾਨ ਆਦਿ ਜੁਗਾਦਿ ਜੁਗਾ ਜੁਗੰਤ ਕਰੇ ਸਦਾ ਪ੍ਰਿਤਪਾਲੀ, ਪ੍ਰਿਤਪਾਲਕ ਆਪਣਾ ਨਾਉਂ ਰਖਾਇੰਦਾ । ਕਲਜੁਗ ਅੰਤਮ ਬਣਿਆ ਵਾਲੀ, ਗੁਰਮੁਖਾਂ ਭੰਡਾਰੇ ਭਰੇ ਖਾਲੀ, ਖਾਲੀ ਆਪਣੇ ਹੱਥ ਰਖਾਇੰਦਾ । ਨਿਰਗੁਣ ਚਲੀ ਅਵੱਲੜੀ ਚਾਲੀ, ਸਰਗੁਣ ਭੇਵ ਨਾ ਕੋਇ ਪਾਇੰਦਾ । ਗ਼ਰੀਬ ਨਿਮਾਣਿਆਂ ਕਰੇ ਆਪ ਦਲਾਲੀ, ਸ਼ਬਦ ਵਿਚੋਲਾ ਨਾਉਂ ਧਰਾਇੰਦਾ । ਕਾਇਆ ਮੰਦਰ ਅੰਦਰ ਵਸੇ ਸੱਚੀ ਧਰਮਸਾਲੀ, ਛੱਪਰ ਛੰਨ ਚਾਰ ਦੀਵਾਰ ਨਾ ਕੋਇ ਬਣਾਇੰਦਾ । ਘਰ ਘਰ ਅੰਦਰ ਨਿਰਗੁਣ ਜੋਤ ਜਗੇ ਅਕਾਲੀ, ਪੁਰਖ ਅਕਾਲ ਆਪ ਜਗਾਇੰਦਾ । ਹਰਿ ਸੰਗਤ ਬੂਟਾ ਲਾਇਆ ਮਾਲੀ, ਕੁਲ ਮਾਲਕ ਖ਼ਾਲਕ ਆਪਣੀ ਖ਼ਲਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਜੁਗ ਤੇਰੀ ਅੰਤਮ ਵਰ, ਨਿਹਕਲੰਕ ਨਰਾਇਣ ਨਰ, ਆਪਣੀ ਕਿਰਪਾ ਆਪੇ ਕਰ, ਗੁਰਮੁਖ ਸੱਜਣ ਲਏ ਵਰ, ਘਰ ਆਪਣਾ ਮੇਲ ਮਿਲਾਇੰਦਾ । ਘਰ ਮੇਲਾ ਭਗਵੰਤ, ਘਰ ਘਰ ਵਿਚ ਵਧਾਈਆ । ਘਰ ਮੇਲਾ ਗੁਰੂ ਗੁਰ ਸੰਤ, ਘਰ ਘਰ ਵਿਚ ਖ਼ੁਸ਼ੀ ਵਖਾਈਆ । ਘਰ ਸ਼ਬਦ ਨਾਦ ਧੁਨ ਮੰਤ ਘਰ ਅਨਹਦ ਰਾਗ ਅਲਾਈਆ । ਘਰ ਮਾਇਆ ਪਾਏ ਬੇਅੰਤ, ਘਰ ਘਰ ਵਿਚ ਗੂੜ੍ਹੀ ਨੀਂਦ ਸਵਾਈਆ । ਘਰ ਘਰ ਵਿਚ ਉਠਾਏ ਹਰਿਜਨ ਸਾਚਾ ਸੰਤ, ਜਿਸ ਜਨ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਮੇਲਾ ਨਾਰੀ ਕੰਤ, ਮੇਲ ਮਿਲਾਵਾ ਹਰਿ ਭਗਵੰਤ, ਆਦਿ ਜੁਗਾਦੀ ਮਹਿਮਾ ਅਗਣਤ, ਸਾਧ ਸੰਤ ਵੇਦ ਪੁਰਾਣ ਸ਼ਾਸਤਰ ਸਿਮਰਤ ਰਹੇ ਜਸ ਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਨਿਰਾਕਾਰ ਨਿਰਗੁਣ ਏਕਾ ਰੂਪ ਸਮਾਈਆ ।

## ★ ੨੮ ਮੱਘਰ ੨੦੧੭ ਬਿਕ੍ਰਮੀ ਪਾਲ ਸਿੰਘ ਦੇ ਘਰ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ★

ਸੋ ਪੁਰਖ ਨਿਰੰਜਣ ਸਚ ਪ੍ਰੀਤ, ਸਤਿ ਸਤਿਵਾਦੀ ਇਕ ਜਣਾਇੰਦਾ । ਹਰਿ ਪੁਰਖ ਨਿਰੰਜਣ ਸਚ ਪ੍ਰੀਤ, ਨਿਰਗੁਣ ਨਿਰਗੁਣ ਮੇਲ ਮਿਲਾਇੰਦਾ । ਆਦਿ
ਨਿਰੰਜਣ ਸਚ ਪ੍ਰੀਤ, ਸਚ ਸਿੰਘਾਸਣ ਮੇਲ ਮਿਲਾਇੰਦਾ । ਏਕੰਕਾਰਾ ਸਚ ਪ੍ਰੀਤ, ਜੋਤੀ ਜੋਤ ਜੋਤ ਜਗਾਇੰਦਾ । ਅਬਿਨਾਸ਼ੀ ਕਰਤਾ ਸਚ ਪ੍ਰੀਤ, ਸਚ ਸਿੰਘਾਸਣ
ਮੇਲ ਮਿਲਾਇੰਦਾ । ਸ੍ਰੀ ਭਗਵਾਨ ਸਚ ਪ੍ਰੀਤ, ਠਾਂਡਾ ਸੀਤ ਦਰ ਸੁਹਾਇੰਦਾ । ਪਾਰਬ੍ਰਹਮ ਸਚ ਪ੍ਰੀਤ, ਸਚਖੰਡ ਦੁਆਰਾ ਇਕ ਸਮਝਾਇੰਦਾ । ਬੈਠਾ ਰਹੇ ਇਕ
ਅਤੀਤ, ਰੂਪ ਰੰਗ ਰੇਖ ਨਾ ਕੋਈ ਜਣਾਇੰਦਾ । ਦੋ ਜਹਾਨਾਂ ਸਾਚਾ ਮੀਤ, ਸਗਲਾ ਸੰਗ ਆਪ ਰਖਾਇੰਦਾ । ਲੇਖਾ ਜਾਣੇ ਹਸਤ ਕੀਟ, ਜੁਗ ਜੁਗ ਆਪਣਾ
ਵੇਸ ਵਟਾਇੰਦਾ । ਦੇਵੇ ਨਾਮ ਸ਼ਬਦ ਅਨਡੀਠ, ਨਾਦ ਅਨਾਦੀ ਨਾਦ ਵਜਾਇੰਦਾ । ਕਰੇ ਕਰਾਏ ਪਤਤ ਪੁਨੀਤ, ਪਤਤ ਪਾਪੀ ਆਪ ਤਰਾਇੰਦਾ । ਜੋਤੀ ਜੋਤ
ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ ਹਰਿ, ਸਾਚੀ ਰੀਤ ਆਪ ਵਖਾਇੰਦਾ । ਸਾਚੀ ਪ੍ਰੀਤ ਚਰਨ ਗੁਰਦੇਵ, ਪਾਰਬ੍ਰਹਮ ਸੱਚੀ ਸਰਨਾਈਆ ।
ਲੇਖਾ ਜਾਣੇ ਪੁਰਖ ਅਭੇਵ, ਅਲਖ ਅਗੋਚਰ ਸ਼ਹਿਨਸ਼ਾਹ ਸੱਚਾ ਸ਼ਹਿਨਸ਼ਾਹੀਆ । ਦੇਵੇ ਵਡਿਆਈ ਵਡ ਦੇਵੀ ਦੇਵ, ਦੇਵਣਹਾਰਾ ਇਕ ਰਘੁਰਾਈਆ । ਅੰਮ੍ਰਿਤ
ਆਤਮ ਬਖ਼ਸ਼ੇ ਨਾਮ ਨਿਧਾਨਾ ਸਾਚਾ ਮੇਵ, ਅਮਿਉਂ ਰਸ ਆਪਣਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦੀ ਏਕਾ
ਹਰਿ, ਘਰ ਸਾਚੇ ਸੋਭਾ ਪਾਈਆ । ਸਚ ਪ੍ਰੀਤ ਸਤਿਗੁਰ ਧਾਰ, ਸਤਿ ਪੁਰਖ ਨਿਰੰਜਣ ਆਪ ਜਣਾਇੰਦਾ । ਨਿਰਗੁਣ ਸਰਗੁਣ ਲੈ ਅਵਤਾਰ, ਜੁਗ ਜੁਗ ਖੇਲ
 ਖਿਲਾਇੰਦਾ । ਭਗਤ ਭਗਵੰਤ ਲਏ ਉਧਾਰ, ਲੱਖ ਚੁਰਾਸੀ ਫੋਲ ਫੁਲਾਇੰਦਾ । ਏਕਾ ਨਾਮ ਸਤਿ ਦਏ ਅਪਾਰ, ਵਣਜ ਵਣਜਾਰਾ ਇਕ ਅਖਵਾਇੰਦਾ । ਗਤਮਿਤ ੧੭੯
ਜਾਣੇ ਜਾਣਨਹਾਰ, ਜੀਵਣ ਜੁਗਤ ਆਪਣੇ ਹੱਥ ਰਖਾਇੰਦਾ । ਪੰਜ ਤੱਤ ਕਰੇ ਪਿਆਰ, ਹੱਡ ਮਾਸ ਨਾੜੀ ਰਤ ਵੇਖ ਵਖਾਇੰਦਾ । ਸਰਬ ਕਲ ਆਪੇ ਸਮਰਥ ਹਰਿ
ਨਿਰੰਕਾਰ, ਦੂਸਰ ਓਟ ਨਾ ਕੋਇ ਤਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਹਰਿ ਹਰਿ ਮੰਦਰ ਸੋਭਾ ਪਾਇੰਦਾ ।
ਸਚ ਪ੍ਰੀਤ ਗਹਿਰ ਗੰਭੀਰ, ਗੁਣਵੰਤ ਵਡੀ ਵਡਿਆਈਆ । ਜਨ ਭਗਤਾਂ ਬਖ਼ਸ਼ੇ ਅੰਮ੍ਰਿਤ ਸੀਰ, ਨਿਝਰ ਨੀਰ ਆਪ ਵਹਾਈਆ । ਹਉਮੇ ਹੰਗਤਾ ਦੂਈ ਦਵੈਤੀ
ਕੱਢੇ ਪੀੜ, ਸਾਂਤਕ ਸਤਿ ਸੰਤੋਖ ਇਕ ਦਰਸਾਈਆ । ਤਨ ਪਹਿਨਾਏ ਸ਼ਬਦ ਸਾਚਾ ਚੀਰ, ਸ਼ਬਦ ਦੋਸ਼ਾਲਾ ਹੱਥ ਉਠਾਈਆ । ਏਥੇ ਓਥੇ ਦੋ ਜਹਾਨਾਂ ਬੰਨ੍ਹੇ ਬੀੜ,
ਸਤਿਗੁਰ ਪੂਰਾ ਵਡ ਵਡਿਆਈਆ । ਏਕਾ ਚੋਟੀ ਚਾੜ੍ਹੇ ਫੜ ਅਖ਼ੀਰ, ਜੋਲਾਹਾ ਕਬੀਰ ਗਿਆ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ
ਕਰ, ਕਰੇ ਖੇਲ ਏਕਾ ਹਰਿ, ਹਰਿ ਬਿਨ ਅਵਰ ਨਾ ਕੋਇ ਵਡਿਆਈਆ । ਸਚ ਪ੍ਰੀਤ ਸਾਚੇ ਘਰ, ਹਰਿ ਸਤਿਗੁਰ ਆਪ ਸਮਝਾਇੰਦਾ । ਗੁਰਮੁਖਾਂ ਦੇਵੇ ਸਾਚਾ
ਵਰ, ਵਰ ਦਾਤਾ ਭੇਵ ਕੋਇ ਨਾ ਪਾਇੰਦਾ । ਆਦਿ ਜੁਗਾਦਿ ਜੁਗਾ ਜੁਗੰਤਰ ਨਾ ਜਾਏ ਮਰ, ਜਨਮ ਮਰਨ ਖੇਲ ਖਿਲਾਇੰਦਾ । ਭਗਤ ਸੰਤ ਆਪੇ ਫੜ, ਭਗਵਨ
ਆਪਣੇ ਦਰ ਬਹਾਇੰਦਾ । ਆਪਣੀ ਵਿਦਿਆ ਆਪੇ ਪੜ੍ਹ, ਗੁਰਮੁਖਾਂ ਨਿਸ਼ਅੱਖਰ ਆਪ ਪੜ੍ਹਾਇੰਦਾ । ਕਾਇਆ ਕਿਲਾ ਕੋਟ ਵੇਖ ਗੜ੍ਹ, ਉਪਰ ਚੜ੍ਹ ਡੇਰਾ ਲਾਇੰਦਾ ।
ਨਾ ਕੋਈ ਸੀਸ ਨਾ ਕੋਈ ਧੜ, ਚੋਟੀ ਜੜ੍ਹ ਨਾ ਕੋਈ ਵਸਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਹਰਿ ਹਰਿ ਜੂ
ਆਪਣਾ ਰੂਪ ਧਰਾਇੰਦਾ । ਸਚ ਪ੍ਰੀਤ ਸਤਿਗੁਰ ਦਰਸ, ਨੇਤਰ ਨੈਣ ਨੈਣ ਬਿਗਸਾਈਆ । ਗੁਰ ਪੂਰਾ ਅੰਮ੍ਰਿਤ ਆਤਮ ਮੇਘ ਦੇਵੇ ਬਰਸ, ਤ੍ਰੈਗੁਣ ਤੱਤ ਰਹੇ ਨਾ
ਰਾਈਆ । ਜਗਤ ਤ੍ਰਿਸ਼ਨਾ ਮਿਟੇ ਹਰਸ, ਨਰ ਹਰਿ ਆਪਣਾ ਦਰਸ ਦਖਾਈਆ । ਜੀਵ ਜੰਤ ਸਾਧ ਸੰਤ ਲੱਖ ਚੁਰਾਸੀ ਲਏ ਪਰਖ, ਨਾਮ ਕਸਵਟੀ ਹੱਥ ਰਖਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਏਕਾ ਹਰਿ, ਜੁਗ ਜੁਗ ਆਪਣੀ ਚਾਲ ਚਲਾਈਆ । ਜੁਗ ਜੁਗ ਚਾਲ ਚਲਾਇੰਦਾ, ਹਰਿ ਕਰ ਕਿਰਪਾ ਗੁਣ ਨਿਧਾਨ । ਸੋ ਪੁਰਖ ਨਿਰੰਜਣ ਵੇਸ ਵਟਾਇੰਦਾ, ਹਰਿ ਪੁਰਖ ਨਿਰੰਜਣ ਹੋ ਮਿਹਰਵਾਨ । ਏਕੰਕਾਰਾ ਆਪਣੀ ਕਲ ਆਪ ਧਰਾਇੰਦਾ, ਆਦਿ ਨਿਰੰਜਣ ਜੋਤ ਮਹਾਨ । ਸ੍ਰੀ ਭਗਵਾਨ ਸਚਖੰਡ ਦੁਆਰੇ ਸੋਭਾ ਪਾਇੰਦਾ, ਅਬਿਨਾਸ਼ੀ ਕਰਤਾ ਥਿਰ ਘਰ ਵਸੇ ਜਗਤ ਮਕਾਨ । ਪਾਰਬ੍ਰਹਮ ਆਪਣੇ ਰੰਗ ਆਪ ਸਮਾਇੰਦਾ, ਦੂਸਰ ਹੋਰ ਨਾ ਕੋਇ ਨਿਸ਼ਾਨ । ਸ਼ਬਦ ਅਗੰਮੀ ਨਾਦ ਵਜਾਇੰਦਾ, ਸਾਚੇ ਤਖ਼ਤ ਬੈਠ ਸੱਚਾ ਸੁਲਤਾਨ । ਧੁਰ ਫ਼ਰਮਾਨਾ ਆਪ ਸੁਣਾਇੰਦਾ, ਆਪੇ ਗਾਏ ਆਪਣਾ ਗਾਨ । ਆਪਣੀ ਰਚਨ ਆਪ ਰਚਾਇੰਦਾ, ਆਪੇ ਵੇਖਣਹਾਰਾ ਦੋ ਜਹਾਨ । ਆਪੇ ਸ਼ਬਦੀ ਹੁਕਮ ਵਰਤਾਇੰਦਾ, ਆਪੇ ਨਾਮ ਨਿਧਾਨਾ ਕਰ ਪਰਧਾਨ । ਨਾਉਂ ਨਿਰੰਕਾਰਾ ਆਪ ਉਪਾਇੰਦਾ, ਆਪੇ ਲੇਖਾ ਲਿਖੇ ਮਹਾਨ, ਆਪੇ ਬ੍ਰਹਿਮੰਡਾਂ ਖੰਡਾਂ ਰਚਨ ਰਚਾਇੰਦਾ, ਆਪੇ ਲੋਆਂ ਪੁਰੀਆਂ ਵੇਖੇ ਮਾਰ ਧਿਆਨ । ਆਪੇ ਰਵ ਸਸ ਚਮਕਾਇੰਦਾ, ਆਪੇ ਜੋਤੀ ਜੋਤ ਜਗਾਏ ਆਪ ਮਿਹਰਵਾਨ । ਆਪੇ ਵਿਸ਼ਨੂੰ ਰੂਪ ਧਰਾਇੰਦਾ, ਆਪੇ ਕਵਲ ਨਾਭੀ ਕਰੇ ਪਰਵਾਨ । ਆਪੇ ਬ੍ਰਹਮਾ ਬ੍ਰਹਮ ਰੂਪ ਪ੍ਰਗਟਾਇੰਦਾ, ਆਪੇ ਚਾਰੇ ਮੁਖ ਕਰੇ ਗਿਆਨ । ਆਪੇ ਸ਼ੰਕਰ ਧੂਆਂਧਾਰ ਸਮਾਇੰਦਾ, ਆਪੇ ਸੁੰਨ ਅਗੰਮੀ ਹੋਏ ਪਰਧਾਨ । ਆਪੇ ਤਿੰਨਾਂ ਏਕਾ ਗੁਰ ਵਖਾਇੰਦਾ, ਸਚ ਵਖਾਏ ਇਕ ਮਕਾਨ । ਆਪੇ ਏਕਾ ਗੋਦ ਬਹਾਇੰਦਾ, ਏਕਾ ਮਾਈ ਦੇਵੇ ਦਾਨ । ਆਪੇ ਏਕਾ ਅੱਖਰ ਆਪ ਪੜ੍ਹਾਇੰਦਾ, ਸੋ ਪੁਰਖ ਨਿਰੰਜਣ ਵਖਾਏ ਸਚ ਨਿਸ਼ਾਨ । ਆਪੇ ਚਾਰੇ ਵੇਦ ਲਿਖਾਇੰਦਾ, ਆਪੇ ਰੱਖੇ ਆਪਣੀ ਆਣ, ਆਪੇ ਤ੍ਰੈਗੁਣ ਰੰਗ ਰੰਗਾਇੰਦਾ, ਆਪੇ ਪੰਚਮ ਬਖ਼ਸ਼ੇ ਇਕ ਗਿਆਨ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
 ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪ੍ਰੀਤੀ ਦੇਵੇ ਦਾਨ । ਸਚ ਪ੍ਰੀਤੀ ਚਰਨ ਦੁਆਰ, ਵਿਸ਼ਨੂੰ ਵਿਸ਼ਵ ਸਮਝਾਇੰਦਾ । ਬ੍ਰਹਮਾ ਦੋਏ ਦੋਏ ਜੋੜ ਕਰੇ ਨਿਮਸਕਾਰ, ੧੮੦
ਪੁਰਖ ਅਬਿਨਾਸ਼ੀ ਏਕਾ ਘਰ ਵਖਾਇੰਦਾ । ਸ਼ੰਕਰ ਨਿਉਂ ਨਿਉਂ ਚਰਨ ਕਵਲ ਕਵਲ ਚਰਨ ਮੰਗੇ ਇਕ ਆਧਾਰ, ਜਟਾ ਜੂਟ ਸੇਵ ਕਮਾਇੰਦਾ । ਤਿੰਨਾਂ ਵਿਚੋਲਾ ਸ਼ਬਦ ਕਰਤਾਰ, ਤਿੰਨਾਂ ਸੰਦੇਸ਼ਾ ਇਕ ਸੁਣਾਇੰਦਾ । ਸੋ ਪੁਰਖ ਨਿਰੰਜਣ ਸਭ ਤੋਂ ਵਸਿਆ ਬਾਹਰ, ਹੱਥ ਕਿਸੇ ਨਾ ਆਇੰਦਾ । ਹੁਕਮੀ ਹੁਕਮ ਵਰਤੇ ਵਰਤਾਰ, ਸਚ ਭਾਣਾ ਇਕ ਰਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਸਚ ਪ੍ਰੀਤੀ ਇਕ ਸਮਝਾਇੰਦਾ । ਸਚ ਪ੍ਰੀਤੀ ਤ੍ਰੈਗੁਣ ਧਾਰ, ਤ੍ਰੈ ਤ੍ਰੈ ਇਹ ਸਮਝਾਇਆ । ਵਿਸ਼ਨ ਤੇਰਾ ਸਚ ਭੰਡਾਰ, ਪੁਰਖ ਅਬਿਨਾਸ਼ੀ ਆਪ ਵਰਤਾਇਆ । ਬ੍ਰਹਮੇ ਤੇਰਾ ਇਕ ਪਸਾਰ, ਪਾਰਬ੍ਰਹਮ ਹਰਿ ਵੇਖ ਵਖਾਇਆ । ਸ਼ੰਕਰ ਤੇਰਾ ਅੰਤ ਸੰਘਾਰ, ਜੋ ਘੜਿਆ ਭੰਨ ਵਖਾਇਆ । ਕਰੇ ਖੇਲ ਸੱਚੀ ਸਰਕਾਰ, ਸਾਚੇ ਤਖ਼ਤ ਸੋਭਾ ਪਾਇਆ । ਚਰਨ ਪ੍ਰੀਤੀ ਦੱਸੇ ਇਕ ਆਧਾਰ, ਆਦਿ ਜੁਗਾਦਿ ਵਿਛੜ ਨਾ ਜਾਇਆ । ਜਾਗਰਤ ਜੋਤ ਜਗੇ ਅਪਾਰ, ਜੁਗ ਕਰਤਾ ਖੇਲ ਖਿਲਾਇਆ । ਲੱਖ ਚੁਰਾਸੀ ਬਣ ਵਰਤਾਰ, ਗ੍ਰਿਹ ਮੰਦਰ ਸੇਵ ਕਮਾਇਆ । ਜੁਗ ਜੁਗ ਕਰੇ ਸਚ ਵਿਹਾਰ, ਲੇਖ ਅਲੇਖ ਆਪ ਬਣ ਜਾਇਆ । ਭੇਖ ਧਰੇ ਆਪ ਨਿਰੰਕਾਰ, ਲੋਕਮਾਤ ਵੇਖ ਵਖਾਇਆ । ਨਿਰਗੁਣ ਸਰਗੁਣ ਲਏ ਉਭਾਰ, ਨਿਰਗੁਣ ਸਰਗੁਣ ਵਿਚ ਟਿਕਾਇਆ । ਜੁਗ ਜੁਗ ਵੰਡੇ ਵੰਡ ਅਪਰ ਅਪਾਰ, ਜੁਗ ਚੌਕੜੀ ਬੰਧਨ ਪਾਇਆ । ਸਤਿਜੁਗ ਤ੍ਰੇਤਾ ਦੁਆਪਰ ਬਣਿਆ ਰਹੇ ਸਹਾਰ, ਕਲਜੁਗ ਅੰਤਮ ਵੇਖ ਵਖਾਇਆ । ਨੌਂ ਖੰਡ ਦਏ ਆਧਾਰ, ਨੌਂ ਦੁਆਰ ਖੋਜ ਖੁਜਾਇਆ । ਚਾਰ ਵਰਨ ਪਾਵੇ ਸਾਰ, ਚਾਰ ਜੁਗ ਮੇਲ ਮਿਲਾਇਆ । ਚਾਰੇ ਬਾਣੀ ਲਏ ਉਭਾਰ, ਚਾਰੇ ਖਾਣੀ ਵਿਚ ਸਮਾਇਆ । ਪਰਾ ਪਸੰਤੀ ਮਧਮ ਬੈਖਰੀ ਏਕਾ ਧਾਰ, ਛੱਤ੍ਰੀ ਬ੍ਰਹਿਮਣ ਸ਼ੂਦਰ ਵੈਸ਼ ਰੂਪ ਪ੍ਰਗਟਾਇਆ । ਕਰੇ ਖੇਲ ਸੱਚਾ ਸ਼ਾਹਕਾਰ, ਸ਼ਹਿਨਸ਼ਾਹ ਆਪਣੀ ਧਾਰ ਆਪ ਵਰਤਾਇਆ । ਜੁਗ ਜੁਗ ਵਰਤੇ ਇਕ ਵਰਤਾਰ, ਵੇਦ ਕਤੇਬ ਭੇਵ ਨਾ ਰਾਇਆ । ਜੋਤੀ ਜੋਤ

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਸਚ ਪ੍ਰੀਤੀ ਦਏ ਸਮਝਾਇਆ । ਸਚ ਪ੍ਰੀਤੀ ਵਿਸ਼ਨੂੰ ਨਾਤਾ, ਹਰਿ ਵਿਸ਼ਨੂੰ ਜੋੜ ਜੁੜਾਇੰਦਾ । ਬ੍ਰਹਮੇ ਤੇਰੀ ਉਤਮ ਗ਼ਾਤਾ, ਪਾਰਬ੍ਰਹਮ ਰੂਪ ਦਰਸਾਇੰਦਾ । ਸ਼ੰਕਰ ਤੇਰੀ ਸਾਚੀ ਗਾਥਾ, ਤ੍ਰਿਲੋਕੀ ਨਾਥਾ ਆਪ ਸੁਣਾਇੰਦਾ । ਤਿੰਨਾਂ ਪੂਰਾ ਕਰਨਹਾਰਾ ਘਾਟਾ, ਸਚ ਸਲੋਕ ਇਕ ਅਲਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਵੇਖੇ ਵਾਟਾ, ਹਰਿ ਜੂ ਆਪੇ ਪੰਧ ਮੁਕਾਇੰਦਾ । ਨਵ ਨੌਂ ਚਾਰ ਖੇਲ ਬਾਜ਼ੀਗਰ ਨਾਟਾ, ਸਵਾਂਗੀ ਆਪਣਾ ਸਾਂਗ ਰਚਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪ੍ਰੀਤੀ ਇਕ ਦ੍ਰਿੜਾਇੰਦਾ । ਸਚ ਪ੍ਰੀਤ ਵਿਸ਼ਨੂੰ ਰੰਗ, ਹਰਿ ਹਰਿ ਆਪਣਾ ਆਪ ਰੰਗਾਈਆ । ਬ੍ਰਹਮਾ ਤੇਰੀ ਪੂਰੀ ਕਰੇ ਮੰਗ, ਪਾਰਬ੍ਰਹਮ ਵਡੀ ਵਡਿਆਈਆ । ਸ਼ੰਕਰ ਤੇਰੀ ਕਟੇ ਭੁੱਖ ਨੰਗ, ਤ੍ਰਿਸ਼ਨਾ ਤ੍ਰਿਪਤ ਆਪ ਕਰਾਈਆ । ਤਿੰਨਾਂ ਵਜਾਏ ਇਕ ਮਰਦੰਗ, ਸੋ ਪੁਰਖ ਨਿਰੰਜਣ ਹੱਥ ਉਠਾਈਆ । ਹਰਿ ਪੁਰਖ ਨਿਰੰਜਣ ਲਾਏ ਅੰਗ, ਏਕੰਕਾਰ ਹੋਏ ਸਹਾਈਆ । ਸੋ ਪੁਰਖ ਨਿਰੰਜਣ ਸੂਰਾ ਸਰਬੰਗ, ਅਬਿਨਾਸ਼ੀ ਕਰਤਾ ਮੇਲ ਮਿਲਾਈਆ । ਸ੍ਰੀ ਭਗਵਾਨ ਸਾਚੇ ਅਸਵ ਕਸੇ ਤੰਗ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਵੇਖ ਵਖਾਈਆ । ਪਾਰਬ੍ਰਹਮ ਬ੍ਰਹਮ ਦੇਵੇ ਪਰਮਾਨੰਦ, ਆਤਮ ਅਨੰਦ ਆਪ ਸਮਝਾਈਆ । ਇਕ ਸੁਣਾਏ ਸਾਚਾ ਛੰਦ, ਸੋ ਆਪਣਾ ਰੂਪ ਧਰਾਈਆ । ਹੰ ਬ੍ਰਹਮ ਮੁਕਾਏ ਪੰਧ, ਦੋ ਜਹਾਨਾਂ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪ੍ਰੀਤ ਇਕ ਅਤੀਤ, ਆਪਣੀ ਆਪ ਸਮਝਾਈਆ । ਸਚ ਪ੍ਰੀਤੀ ਹਰਿ ਸਮਝਾਇੰਦਾ, ਆਦਿ ਜੁਗਾਦੀ ਖੇਲ ਅਪਾਰ । ਵਿਸ਼ਨੂੰ ਵਿਸ਼ਵ ਰੂਪ ਧਰਾਇੰਦਾ, ਨਿਰਗੁਣ ਸਰਗੁਣ ਭੇਵ ਨਿਆਰ । ਬ੍ਰਹਮਾ ਬ੍ਰਹਮ ਰੂਪ ਪ੍ਰਗਟਾਇੰਦਾ,
੧੮੧ ਲੱਖ ਚੁਰਾਸੀ ਦਏ ਆਧਾਰ । ਸ਼ੰਕਰ ਅੰਤਮ ਸੇਵ ਕਮਾਇੰਦਾ, ਵੇਖ ਵਖਾਏ ਸਰਬ ਸੰਸਾਰ । ਹਰਿ ਜੂ ਆਪਣੀ ਖੇਲ ਖਿਲਾਇੰਦਾ, ਲੇਖਾ ਜਾਣੇ ਘੜਨ ਭੰਨਣਹਾਰ । ੧੮੧
ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜੁਗ ਚੌਕੜੀ ਆਪ ਭਵਾਇੰਦਾ, ਨੌਂ ਸੌ ਚੁਰਾਨਵੇਂ ਚੌਕੜੀ ਜੁਗ ਗੇੜਾ ਗੇੜਨਹਾਰ । ਅਵਤਾਰ ਗੁਰ ਰੂਪ ਪ੍ਰਗਟਾਇੰਦਾ, ਸੰਤ ਭਗਤ ਭਗਵੰਤ ਲਏ ਉਭਾਰ । ਗੁਰਸਿਖ ਸਾਚੇ ਆਪੇ ਉਠਾਇੰਦਾ, ਗੁਰਮਤ ਦੇਵੇ ਨਾਮ ਆਧਾਰ । ਮਨਮੁਖ ਏਕਾ ਰੰਗ ਰੰਗਾਇੰਦਾ, ਦਾਤਾ ਦਾਨੀ ਦੋ ਜਹਾਨ ਬਣੇ ਸ੍ਰੀ ਭਗਵਾਨ । ਦੋਏ ਦੋਏ ਆਪਣੀ ਧਾਰ ਚਲਾਇੰਦਾ, ਨਿਰਗੁਣ ਸਰਗੁਣ ਖੇਲ ਨਿਆਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਹਰਿ ਮੰਦਰ ਬੈਠ ਸੱਚੇ ਦਰਬਾਰ । ਹਰਿ ਮੰਦਰ ਹਰਿ ਸੁਹਾਇੰਦਾ, ਸਚਖੰਡ ਸਚ ਦਵਾਰਾ । ਨਿਰਗੁਣ ਆਪਣਾ ਆਸਣ ਲਾਇੰਦਾ, ਰੂਪ ਅਨੂਪ ਅਗੰਮ ਅਪਾਰਾ । ਨੂਰੋ ਨੂਰ ਨੂਰ ਉਜਿਆਰਾ । ਸਾਚੇ ਤਖ਼ਤ ਸੋਭਾ ਪਾਇੰਦਾ, ਤਖ਼ਤ ਨਿਵਾਸੀ ਹਰਿ ਕਰਤਾਰਾ । ਹੁਕਮੀ ਹੁਕਮ ਆਪ ਸੁਣਾਇੰਦਾ, ਧੁਰਦਰਗਾਹੀ ਪਰਵਰਦਿਗਾਰਾ । ਆਪਣੀ ਕਰਨੀ ਆਪ ਕਮਾਇੰਦਾ, ਕਰਤਾ ਪੁਰਖ ਹੋ ਤਿਆਰਾ । ਲੋਕਮਾਤ ਵੇਸ ਵਟਾਇੰਦਾ, ਨਿਰਗੁਣ ਨਿਰਗੁਣ ਲੈ ਅਵਤਾਰਾ । ਨਵ ਨੌਂ ਚਾਰ ਬੇੜਾ ਪਾਰ ਕਰਾਇੰਦਾ, ਲੇਖਾ ਜਾਣੇ ਸਮੁੰਦ ਸਾਗਰ ਮੰਝਧਾਰਾ । ਧਰਤ ਧਵਲ ਫੋਲ ਫੁਲਾਇੰਦਾ, ਜ਼ਿਮੀਂ ਅਸਮਾਨਾਂ ਵੇਖੇ ਪਾੜਾ । ਗਗਨ ਮੰਡਲ ਫੇਰਾ ਪਾਇੰਦਾ, ਆਕਾਸ਼ ਪਰਕਾਸ਼ ਵੇਖੇ ਸਚ ਅਖਾੜਾ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਚਰਨਾਂ ਹੇਠ ਦਬਾਇੰਦਾ, ਵਿਸ਼ਨ ਬ੍ਰਹਮਾ ਸ਼ਿਵ ਦਏ ਅਧਾਰਾ । ਕਰੋੜ ਤਤੀਸਾ ਸੀਸ ਝੁਕਾਇੰਦਾ, ਸੁਰਪਤ ਰਾਜਾ ਇੰਦ ਕਰੇ ਨਿਮਸਕਾਰਾ । ਗੁਰਸਿਖ ਤੇਰਾ ਮਾਣ ਰਖਾਇੰਦਾ, ਗੁਰ ਪੂਰਾ ਲੈ ਅਵਤਾਰਾ । ਕੋਟ ਜਨਮ ਦੇ ਪਾਪ ਗਵਾਇੰਦਾ, ਦੇਵੇ ਵਸਤ ਨਾਮ ਹਰਿ ਥਾਰਾ । ਚਰਨ ਪ੍ਰੀਤੀ ਇਕ ਰਖਾਇੰਦਾ, ਸਚ ਵਖਾਏ ਚਰਨ ਦੁਆਰਾ । ਡੁਬਦੇ ਪਾਥਰ ਆਪ ਤਰਾਇੰਦਾ, ਤਰਨੀ ਤਰ ਬਣ ਸੰਸਾਰਾ । ਕਾਗਦ ਕ਼ਲਮ ਭੇਵ ਨਾ ਆਇੰਦਾ, ਲਿਖ ਲਿਖ ਥੱਕੇ ਵੇਦ ਚਾਰਾ । ਪੁਰਾਨ ਅਠਾਰਾਂ ਸਰਬ ਕੁਰਲਾਇੰਦਾ, ਸ਼ਾਸਤਰ ਸਿਮਰਤ ਨਾ ਕੋਇ ਵਿਚਾਰਾ । ਖਾਣੀ ਬਾਣੀ ਭੇਵ ਨਾ ਆਇੰਦਾ,

੧੮੨

ਨਾ ਕੋਈ ਕਾਤਬ ਬਣੇ ਲਿਖਾਰਾ । ਗੁਰ ਕਾ ਰੂਪ ਘਟ ਘਟ ਅੰਦਰ ਡੇਰਾ ਲਾਇੰਦਾ, ਜਿਸ ਜਨ ਬਖ਼ਸ਼ੇ ਚਰਨ ਸਰਨ ਸਰਨ ਚਰਨ ਇਕ ਪਿਆਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਏਕਾ ਹਰਿ, ਏਕਾ ਬਖ਼ਸ਼ੇ ਨਾਮ ਅਧਾਰਾ । ਨਾਮ ਆਧਾਰ ਵਸਤ ਅਨਮੁਲ, ਗੁਰ ਸਤਿਗੁਰ ਹੱਟ ਵਿਕਾਈਆ । ਚੌਦਾਂ ਭਾਰ ਨਾ ਸਕੇ ਤੁਲ, ਨਾ ਕੋਈ ਤੋਲੇ ਤੋਲ ਤੁਲਾਈਆ । ਗੁਰਸਿਖ ਉਪਜੇ ਸਾਚੀ ਕੁਲ, ਧੰਨ ਧੰਨ ਜਣੇਂਦੀ ਮਾਈਆ । ਅੰਮ੍ਰਿਤ ਆਤਮ ਨਾ ਜਾਏ ਡੁੱਲ੍ਹ, ਸਰ ਸਰੋਵਰ ਹਰਿ ਭਰਾਈਆ । ਫੁੱਲ ਫੁਲਵਾੜੀ ਜਾਏ ਫੁੱਲ, ਰੁੱਤ ਬਸੰਤੀ ਇਕ ਸੁਹਾਈਆ । ਚਰਨ ਪ੍ਰੀਤੀ ਜੋ ਜਨ ਜਾਏ ਘੁੱਲ, ਘੋਲੀ ਘੋਲ ਘੋਲ ਘੁਮਾਈਆ । ਲੋਕਮਾਤ ਨਾ ਜਾਏ ਰੁਲ, ਜਿਸ ਸਿਰ ਸਤਿਗੁਰ ਪੂਰਾ ਹੱਥ ਟਿਕਾਈਆ । ਸਿੰਮਲ ਰੁੱਖ ਨਾ ਜਾਏ ਹੁਲ, ਪਤ ਡਾਲੀ ਆਪ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਸਮਝਾਈਆ । ਸਚ ਪ੍ਰੀਤ ਚਰਨ ਜਨ ਜੋੜ, ਗੁਰ ਸਤਿਗੁਰ ਸਚ ਸਮਝਾਇੰਦਾ । ਪਾਰਬ੍ਰਹਮ ਅਬਿਨਾਸ਼ੀ ਕਰਤਾ ਨਿਰਗੁਣ ਸਰਗੁਣ ਜਾਏ ਬੌਹੜ, ਗੁਰ ਸ਼ਬਦ ਵਿਚੋਲਾ ਰੂਪ ਪਰਗਟਾਇੰਦਾ । ਮਿੱਠਾ ਕਰੇ ਰੀਠਾ ਕੌੜ, ਅੰਮ੍ਰਿਤ ਆਤਮ ਰਸ ਭਰਾਇੰਦਾ । ਚੌਥੇ ਘਰ ਲਗਾਏ ਏਕਾ ਪੌੜ, ਚੌਥੇ ਪਦ ਆਪ ਸਮਾਇੰਦਾ । ਪੰਚ ਵਿਕਾਰਾ ਦੇਵੇ ਹੋੜ, ਪੰਚਮ ਸ਼ਬਦ ਧੁਨ ਸੁਣਾਇੰਦਾ । ਨਾਤਾ ਤੁਟੇ ਮੜ੍ਹੀ ਗੋਰ, ਖ਼ਾਕੀ ਖ਼ਾਕ ਨਾ ਕੋਇ ਸਮਾਇੰਦਾ । ਦਰਗਾਹ ਸਾਚੀ ਸਚਖੰਡ ਨਿਵਾਸ ਦੇਵੇ ਤੋਰ, ਤੁਰੀਆ ਰਾਗ ਨਾਦ ਵਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਸਾਚਾ ਵਰ, ਸਚ ਪ੍ਰੀਤ ਆਪ ਨਿਭਾਇੰਦਾ । ਸਚ ਪ੍ਰੀਤ ਜਾਏ ਜੁੜ, ਜਿਸ ਜਨ ਆਪਣੀ ਦਇਆ ਕਮਾਈਆ । ਗੁਰਮੁਖ ਗੁਰਸਿਖ ਚੜ੍ਹੇ ਸਾਚੇ ਘੋੜ, ਗੁਰ ਸਤਿਗੁਰ ਆਪ ਚੜ੍ਹਾਈਆ । ਜਨਮ ਜਨਮ ਦੀ ਬੁਝਾਏ ਲੱਗੀ ਔੜ, ਅੰਮ੍ਰਿਤ ਮੇਘ ਇਕ ਬਰਸਾਈਆ । ਦਰਸ ਦਖਾਏ ਕਾਇਆ ਮੰਦਰ ਅੰਦਰ ਡੂੰਘੀ ਅੰਧ ਘੋਰ, ਨਿਰਗੁਣ ਜੋਤ ਕਰ ਰੁਸ਼ਨਾਈਆ । ਪੰਚਮ ਪੰਚ ਨਾ ਪਾਏ ਸ਼ੋਰ, ਹਰਿ ਸਖ਼ੀਆਂ ਮੰਗਲ ਏਕਾ ਗਾਈਆ । ਸੁਰਤ ਸੁਆਣੀ ਬੰਨ੍ਹੇ ਸ਼ਬਦੀ ਡੋਰ, ਨਾਮ ਪਤੰਗ ਇਕ ਉਡਾਈਆ । ਚਰਨ ਕਵਲ ਕਵਲ ਚਰਨ ਜਿਸ ਜਨ ਰਖਾਈ ਏਕਾ ਓਟ, ਦੂਸਰ ਦਰ ਨਾ ਮੰਗਣ ਜਾਈਆ । ਨੌਂ ਖੰਡ ਪ੍ਰਿਥਮੀ ਲੱਖ ਚੁਰਾਸੀ ਲਭਦੇ ਫਿਰਦੇ ਕੋਟੀ ਕੋਟ, ਹਰਿ ਕਾ ਰੂਪ ਦਿਸ ਨਾ ਆਈਆ । ਮਾਇਆ ਮਮਤਾ ਜਗਤ ਤ੍ਰਿਸ਼ਨਾ ਜੀਵਾਂ ਜੰਤਾਂ ਭਰੀ ਨਾ ਪੇਟ, ਸਾਂਤਕ ਸਤਿ ਨਾ ਕੋਇ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਜਨ ਦੇਵੇ ਆਪਣਾ ਵਰ, ਸਚ ਪ੍ਰੀਤ ਇਕ ਸਿਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੇਵਣਹਾਰਾ ਇਕ ਗਿਆਨ, ਧਿਆਨ ਧਿਆਨ ਵਿਚ ਰਖਾਈਆ ।

★ ੫ ਚੇਤ ੨੦੧੯ ਬਿਕ੍ਰਮੀ ਪਾਲ ਸਿੰਘ ਦੇ ਗ੍ਰਿਹ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ★

ਸਚ ਤਖ਼ਤ ਸੋਭਾਵੰਤ, ਹਰਿ ਜੂ ਹਰਿ ਹਰਿ ਆਸਣ ਲਾਇੰਦਾ । ਸਚਖੰਡ ਨਿਵਾਸੀ ਬੇਅੰਤ ਬੇਅੰਤ ਬੇਅੰਤ, ਭੂਪਤ ਭੂਪ ਦਇਆ ਕਮਾਇੰਦਾ । ਆਪਣੀ ਮਹਿਮਾ ਜਾਣੇ ਅਗਣਤ, ਅਲੱਖ ਅਗੋਚਰ ਭੇਵ ਕੋਇ ਨਾ ਪਾਇੰਦਾ । ਲੇਖਾ ਜਾਣੇ ਆਦਿ ਅੰਤ, ਮਧ ਆਪਣੀ ਧਾਰ ਚਲਾਇੰਦਾ । ਨਿਰਗੁਣ ਨਿਰਵੈਰ ਪੁਰਖ ਅਕਾਲ ਅਨਭਵ ਪਰਕਾਸ਼ ਬਣਾ ਆਪਣੀ ਬਣਤ, ਅਜੂਨੀ ਰਹਿਤ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਿੰਘਾਸਣ ਇਕ ਸੁਹਾਇੰਦਾ । ਸਚ ਸਿੰਘਾਸਣ ਹਰਿ ਨਿਰੰਕਾਰਾ, ਆਦਿ ਪੁਰਖ ਆਪ ਸੁਹਾਈਆ । ਕਰੇ ਖੇਲ ਅਗੰਮ ਅਪਾਰਾ, ਅਲੱਖ ਅਲੱਖਣਾ ਵਡ ਵਡਿਆਈਆ । ਸ਼ਬਦ ਅਗੰਮੀ ਧੁਰ

ਜੈਕਾਰਾ, ਧੁਰ ਦਰਬਾਰੀ ਆਪ ਸੁਣਾਈਆ । ਵੇਖੇ ਵਿਗਸੇ ਵੇਖਣਹਾਰਾ, ਨੇਤਰ ਨੈਣ ਨਾ ਕੋਇ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪ ਕਮਾਈਆ । ਆਪਣੀ ਕਾਰ ਕਰ ਕਰਤਾਰ, ਆਦਿ ਜੁਗਾਦਿ ਵੇਸ ਵਟਾਇੰਦਾ । ਖੇਲੇ ਖੇਲ ਨਿਰਗੁਣ ਸਰਗੁਣ ਧਾਰ, ਦੋਏ ਦੋਏ ਰੂਪ ਆਪ ਵਟਾਇੰਦਾ । ਲੱਖ ਚੁਰਾਸੀ ਕਰ ਪਸਾਰ, ਤ੍ਰੈਗੁਣ ਮਾਇਆ ਬੰਧਨ ਪਾਇੰਦਾ । ਪੰਜ ਤੱਤ ਤੱਤ ਅਖਾੜ, ਖਾਣੀ ਬਾਣੀ ਭੇਵ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ ਖੇਲ ਆਪੇ ਕਰ ਕਰ, ਕਰਤਾ ਪੁਰਖ ਵੇਖ ਵਖਾਈਆ । ਸਾਚੇ ਮੰਦਰ ਆਪੇ ਵੜ ਵੜ, ਸਚਖੰਡ ਦੁਆਰੇ ਦਏ ਵਡਿਆਈਆ । ਸਾਚਾ ਅੱਖਰ ਆਪੇ ਪੜ੍ਹ ਪੜ੍ਹ, ਨਿਸ਼ਅੱਖਰ ਕਰੇ ਪੜ੍ਹਾਈਆ । ਸਤਿ ਦੁਆਰੇ ਆਪੇ ਖੜ ਖੜ, ਸਤਿ ਸਰੂਪੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਵਰਤਾਈਆ । ਸਾਚਾ ਹੁਕਮ ਏਕੰਕਾਰ, ਅਕਲ ਕਲਧਾਰੀ ਵਰਤਾਇੰਦਾ । ਜੁਗਾ ਜੁਗੰਤਰ ਖੇਲ ਅਪਾਰ, ਜੁਗ ਕਰਤਾ ਆਪ ਕਰਾਇੰਦਾ । ਨਿਰਗੁਣ ਸਰਗੁਣ ਹੋ ਉਜਿਆਰ, ਜੋਤੀ ਜਾਤਾ ਡਗਮਗਾਇੰਦਾ । ਨਾਦ ਅਨਾਦੀ ਧੁਨ ਧੁੰਨਕਾਰ, ਰਾਗੀ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਖੇਲਣਹਾਰਾ, ਲੱਖ ਚੁਰਾਸੀ ਦਇਆ ਕਮਾਇੰਦਾ । ਨਿਰਗੁਣ ਸਰਗੁਣ ਕਰ ਪਸਾਰਾ, ਰੂਪ ਅਨੂਪ ਆਪ ਵਟਾਇੰਦਾ । ਗੁਰ ਗੁਰ ਦੇਵੇ ਮਾਤ ਸਹਾਰਾ, ਸਤਿਗੁਰ ਆਪਣਾ ਰੰਗ ਵਖਾਇੰਦਾ । ਜੋਤੀ ਜਾਤਾ ਹੋ ਉਜਿਆਰਾ, ਨੂਰ ਨੁਰਾਨਾ ਡਗਮਗਾਇੰਦਾ । ਕਾਗਦ ਕਲਮ ਨਾ ਲਿਖਣਹਾਰਾ, ਲਿਖ ਲਿਖ ਲੇਖ ਨਾ ਕੋਇ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਵਿਹਾਰਾ ਆਪ ਚਲਾਇੰਦਾ । ਸਚ ਵਿਹਾਰਾ ਚਲੇ ਕਰਤਾਰ, ਚਾਲ ਨਿਰਾਲੀ ਆਪ ਰਖਾਈਆ । ਸੇਵਾ ਲਾ ਗੁਰ ਅਵਤਾਰ, ਵਿਸ਼ਨ ਬ੍ਰਹਮਾ ਸ਼ਿਵ ਕਰ ਪੜ੍ਹਾਈਆ । ਜੁਗ ਚੌਕੜੀ ਕਰ ਤਿਆਰ, ਲੋਕਮਾਤ ਵੰਡ ਵੰਡਾਈਆ । ਬੋਧ ਅਗਾਧੀ ਕਰ ਗੁਫ਼ਤਾਰ, ਗੁਫਤ ਸ਼ਨੀਦ ਖੇਲ ਖਿਲਾਈਆ । ਲੇਖਾ ਜਾਣੇ ਬਾਤਨ ਜ਼ਾਹਰ, ਜ਼ਾਹਰ ਜ਼ਹੂਰ ਵਡੀ ਵਡਿਆਈਆ । ਕੁਦਰਤ ਕਾਦਰ ਕਰੇ ਪਿਆਰ, ਕਰਤਾ ਕਰੀਮ ਇਕ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਮਾਰਗ ਆਪੇ ਲਾਈਆ । ਸਾਚਾ ਮਾਰਗ ਹਰਿ ਹਰਿ ਲਾ, ਨਿਰਗੁਣ ਸਰਗੁਣ ਵੇਖ ਵਖਾਇੰਦਾ । ਪੁਰਖ ਅਬਿਨਾਸ਼ੀ ਬਣ ਮਲਾਹ, ਖੇਵਟ ਖੇਟਾ ਬੇੜਾ ਆਪ ਚਲਾਇੰਦਾ । ਨਾਮ ਨਿਧਾਨਾ ਦੇ ਸਲਾਹ, ਆਤਮ ਪਰਮਾਤਮ ਆਪ ਪੜ੍ਹਾਇੰਦਾ । ਤਖ਼ਤ ਨਿਵਾਸੀ ਇਕ ਵਖਾਏ ਸਾਚਾ ਥਾਂ, ਥਾਨ ਥਨੰਤਰ ਆਪ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਰੀਤੀ ਆਪ ਵਖਾਇੰਦਾ । ਸਾਚੀ ਰੀਤੀ ਹਰਿ ਕਰਤਾਰਾ, ਆਦਿ ਜੁਗਾਦਿ ਚਲਾਈਆ । ਹੁਕਮੇ ਹੁਕਮ ਦੇ ਫ਼ਰਮਾਣਾ, ਧੁਰ ਦੀ ਬਾਣੀ ਬਾਣ ਲਗਾਈਆ । ਸੇਵਕ ਸੇਵਾ ਗੁਰ ਅਵਤਾਰਾ, ਜੁਗ ਜੁਗ ਸੇਵ ਕਮਾਈਆ । ਦੋਏ ਦੋਏ ਜੋੜ ਕਰਨ ਨਿਮਸਕਾਰਾ, ਪ੍ਰਭ ਅੱਗੇ ਸੀਸ ਝੁਕਾਈਆ । ਖਾਲੀ ਝੋਲੀ ਮੰਗਣ ਬਣ ਭਿਖਾਰਾ, ਦਰ ਦਰਵੇਸ਼ ਅਲਖ ਜਗਾਈਆ । ਅਬਿਨਾਸ਼ੀ ਕਰਤਾ ਪਾਰਬ੍ਰਹਮ ਪਤਿਪਰਮੇਸ਼ਵਰ ਸਦਾ ਸਦਾ ਸਦ ਦੇਵਣਹਾਰਾ, ਅਤੋਟ ਅਤੁਟ ਆਪਣਾ ਨਾਉਂ ਵਰਤਾਈਆ । ਏਕਾ ਮੰਦਰ ਇਕ ਦੁਆਰਾ, ਏਕਾ ਗ੍ਰਿਹਿ ਦਏ ਸਮਝਾਈਆ । ਏਕਾ ਦੀਆ ਬਾਤੀ ਕਰ ਉਜਿਆਰਾ, ਬਿਨ ਤੇਲ ਬਾਤੀ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸੁਣਾਈਆ । ਸਚ ਸੰਦੇਸਾ ਬੋਧ ਅਗਾਧ, ਸ਼ਬਦੀ ਸ਼ਬਦ ਸ਼ਬਦ ਜਣਾਇੰਦਾ । ਲੇਖਾ ਜਾਣੇ ਆਦਿ ਜੁਗਾਦਿ, ਜੁਗ ਜੁਗ ਵੇਸ ਵਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਲਡਾਏ ਲਾਡ, ਗੋਦੀ ਗੋਦ ਆਪ ਸੁਹਾਇੰਦਾ । ਏਕਾ ਦੇਵੇ ਸਾਚਾ ਨਾਦ, ਤੁਰੀਆ ਰਾਗ ਰਾਗ ਅਲਾਇੰਦਾ । ਲੇਖਾ ਜਾਣੇ ਬ੍ਰਹਮ ਬ੍ਰਹਿਮਾਦ, ਪਾਰਬ੍ਰਹਮ ਪ੍ਰਭ ਵੇਸ ਵਟਾਇੰਦਾ ।

੧੮੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਕਰਾਇੰਦਾ । ਸਾਚੀ ਖੇਲ ਕਰੇ ਸੰਸਾਰ, ਵਡ ਸੰਸਾਰੀ ਦਇਆ ਕਮਾਈਆ । ਪੀਰ
ਪੈਗ਼ੰਬਰ ਗੁਰ ਗੁਰ ਲਏ ਅਵਤਾਰ, ਸਤਿਗੁਰ ਆਪਣਾ ਖੇਲ ਕਰਾਈਆ । ਪੀਰ ਪੈਗ਼ੰਬਰ ਕਰ ਤਿਆਰ, ਦਸਤਗੀਰ ਦਸਤ ਬਦਸਤ ਮਿਲਾਈਆ । ਆਪੇ ਵੇਖੇ
ਚੋਟੀ ਚੜ੍ਹ ਅਖ਼ੀਰ, ਆਖਰ ਆਪਣੀ ਹੱਦ ਵਖਾਈਆ । ਮੁਕਾਮੇ ਹੱਕ ਇਕ ਤੌਫ਼ੀਕ, ਤੌਫ਼ੀਕ ਨਾਮ ਖ਼ੁਦਾਈਆ । ਇਕ ਇਕੱਲਾ ਲਾਸ਼ਰੀਕ, ਪਰਵਰਦਿਗਾਰ ਬੇਪਰਵਾਹੀਆ ।
ਸਚਖੰਡ ਦੁਆਰਾ ਨੂਰੋ ਨੂਰ ਪਰਕਾਸ਼ ਨਾ ਕੋਇ ਤਾਰੀਕ, ਅੰਧੇਰਾ ਅੰਧ ਨਾ ਕੋਇ ਰਖਾਈਆ । ਸਰਗੁਣ ਕਰੇ ਨਿਰਗੁਣ ਪ੍ਰੀਤ, ਪ੍ਰੀਤੀਵਾਨ ਬੇਪਰਵਾਹੀਆ । ਬੈਠਾ
ਰਹੇ ਸਦਾ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਲੇਖਾ ਜਾਣੇ ਹਸਤ ਕੀਟ, ਘਟ ਘਟ ਰਿਹਾ ਸਮਾਈਆ । ਭੇਵ ਜਣਾਏ ਹਰਿ ਅਨਡੀਠ, ਅਨਡਿਠੜੀ
ਕਾਰ ਆਪ ਕਮਾਈਆ । ਜੁਗ ਚੌਕੜੀ ਗੁਰ ਅਵਤਾਰਾਂ ਸੁਣਾਏ ਆਪਣਾ ਗੀਤ, ਸਾਚਾ ਸੋਹਲਾ ਆਪੇ ਗਾਈਆ । ਲੱਖ ਚੁਰਾਸੀ ਪਰਖਣਹਾਰਾ ਨੀਤ, ਲਿਖ ਲਿਖ
ਲੇਖਾ ਸਭ ਨੂੰ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਲ ਆਪ ਵਰਤਾਈਆ । ਸਾਚੀ ਕਲ ਅਕਲ ਕਲ ਦਾਤਾ,
ਆਪਣੀ ਆਪ ਵਰਤਾਇੰਦਾ । ਖੇਲੇ ਖੇਲ ਪੁਰਖ ਬਿਧਾਤਾ, ਬਿਧ ਆਪਣੇ ਹੱਥ ਰਖਾਇੰਦਾ । ਚਾਰ ਜੁਗ ਚੌਕੜੀ ਗੁਰੂਆਂ ਪੀਰਾਂ ਬੱਧਾ ਨਾਤਾ, ਚਰਨ ਕਵਲ ਜੋੜ
ਜੁੜਾਇੰਦਾ । ਅਗੰਮ ਅਗੰਮੜੀ ਸੁਣਾਏ ਗਾਥਾ, ਲਿਖਣ ਪੜ੍ਹਨ ਵਿਚ ਕਦੇ ਨਾ ਆਇੰਦਾ । ਸਰਬ ਜੀਆਂ ਬਣ ਪਿਤ ਮਾਤਾ, ਲੱਖ ਚੁਰਾਸੀ ਬਾਲ ਆਪਣੀ ਗੋਦ
ਬਹਾਇੰਦਾ । ਸਾਧ ਸੰਤ ਭਗਤ ਭਗਵੰਤ ਦੇਵੇ ਦਾਤਾ, ਨਾਮ ਨਿਧਾਨਾ ਝੋਲੀ ਪਾਇੰਦਾ । ਗੁਰਮੁਖਾਂ ਮੇਟੇ ਅੰਧੇਰੀ ਰਾਤਾ, ਸਤਿਗੁਰ ਸਾਚਾ ਚੰਦ ਚੜ੍ਹਾਇੰਦਾ । ਗੁਰਸਿਖਾਂ
 ਪੂਰਾ ਕਰੇ ਘਾਟਾ, ਪੂਰਬ ਲਹਿਣਾ ਝੋਲੀ ਪਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਜੁਗ ਚੌਕੜੀ ਮੁੱਕੀ ਵਾਟਾ, ਬਣ ਪਾਂਧੀ ਪੰਧ ਮੁਕਾਇੰਦਾ । ਕਰੇ ਖੇਲ ਪੁਰਖ ਸਮਰਾਥਾ, ੧੮੪
ਸਮਰਥ ਆਪਣਾ ਨਾਉਂ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਆਪ ਵਰਤਾਇੰਦਾ । ਸਾਚਾ ਹੁਕਮ ਧੁਰ ਫ਼ਰਮਾਣਾ,
ਤਖ਼ਤ ਨਿਵਾਸੀ ਆਪ ਜਣਾਈਆ । ਜੁਗ ਚੌਕੜੀ ਹੋ ਪਰਧਾਨਾ, ਸਤਿਜੁਗ ਤ੍ਰੇਤਾ ਦੁਆਪਰ ਆਪ ਹੰਢਾਈਆ । ਲੇਖਾ ਜਾਣੇ ਵੇਦ ਪੁਰਾਨਾ, ਸ਼ਾਸਤਰ ਸਿਮਰਤ ਕਰ
ਪੜ੍ਹਾਈਆ । ਭੇਵ ਚੁਕਾਏ ਗੀਤਾ ਗਿਆਨਾ, ਅੰਜ਼ੀਲ ਕੁਰਾਨਾਂ ਨਾਲ ਰਲਾਈਆ । ਖਾਣੀ ਬਾਣੀ ਖੇਲ ਮਹਾਨਾ, ਚਾਰੋਂ ਕੁੰਟ ਵੇਖ ਵਖਾਈਆ । ਜੋਤੀ ਨੂਰ ਨੂਰ
ਨਿਸ਼ਾਨਾ, ਨੂਰ ਨੁਰਾਨਾ ਆਪ ਵਖਾਈਆ । ਕਲਜੁਗ ਅੰਤਮ ਪਰਗਟ ਹੋ ਸ੍ਰੀ ਭਗਵਾਨਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ
ਆਪ ਵਰਤਾਈਆ । ਸੱਚਾ ਹੁਕਮ ਸਚ ਸੰਦੇਸ, ਸਤਿ ਸਤਿਵਾਦੀ ਆਪ ਜਣਾਇੰਦਾ । ਆਪ ਉਠਾਏ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼, ਗਣਪਤ ਬਲ ਨਾ ਕੋਇ ਜਣਾਇੰਦਾ ।
ਗੁਰ ਅਵਤਾਰ ਪੀਰ ਪੈਗ਼ੰਬਰ ਵੇਖਣਹਾਰਾ ਨਰ ਨਰੇਸ਼, ਨਰ ਨਰਾਇਣ ਪੜਦਾ ਲਾਹਿੰਦਾ । ਏਥੇ ਓਥੇ ਦੋ ਜਹਾਨ ਖੇਲ ਖਿਲਾਏ ਸਾਚੇ ਦੇਸ, ਦੇਸ ਦਸੰਤਰ ਸੋਭਾ
ਪਾਇੰਦਾ । ਆਦਿ ਅੰਤ ਸ੍ਰੀ ਭਗਵੰਤ ਸਭ ਦਾ ਲਹਿਣਾ ਲਏ ਵੇਖ, ਬਚਿਆ ਕੋਇ ਰਹਿਣ ਨਾ ਪਾਇੰਦਾ । ਗੁਰ ਪੀਰਾਂ ਦਿਤਾ ਕਿਸੇ ਨਾ ਆਪਣਾ ਭੇਤ, ਹੁਕਮੇ
ਅੰਦਰ ਸਰਬ ਫਿਰਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਸਰਗੁਣ ਕਰ ਕਰ ਹੇਤ, ਆਪਣਾ ਰੰਗ ਆਪ ਰੰਗਾਇੰਦਾ । ਜੁਗ
ਜੁਗ ਰੰਗ ਰੰਗਦਾ, ਆਇਆ ਰੰਗਣਹਾਰ ਕਰਤਾਰਾ । ਜੁਗ ਜੁਗ ਦੋ ਜਹਾਨ ਦਰ ਦਰਵਾਜ਼ਾ ਲੰਘਦਾ, ਆਇਆ ਨਿਰਗੁਣ ਸਰਗੁਣ ਲੈ ਅਵਤਾਰਾ । ਜੁਗ ਜੁਗ
ਕਰੇ ਖੇਲ ਸੂਰੇ ਸਰਬੰਗ ਦਾ, ਜੋਧਾ ਸੂਰਬੀਰ ਬਲੀ ਬਲਕਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਚੌਕੜੀ ਕਰੇ ਖੇਲ ਨਿਆਰਾ ।
ਜੁਗ ਚੌਕੜੀ ਖੇਲ ਨਿਆਰ, ਨਿਰਗੁਣ ਨਿਰਵੈਰ ਆਪ ਕਰਾਈਆ । ਕਲਜੁਗ ਅੰਤਮ ਹੋ ਤਿਆਰ, ਪੁਰਖ ਅਬਿਨਾਸ਼ੀ ਵੇਸ ਵਟਾਈਆ । ਚਾਰ ਜੁਗ ਨੌਂ ਸੌ ਚੁਰਾਨਵੇ

੧੮੫

ਚੌਕੜੀ ਜੁਗ ਗੁਰ ਪੀਰ ਅਵਤਾਰ ਮੰਗਦੇ ਰਹੇ ਅਧਾਰ, ਦੋਏ ਜੋੜ ਜੋੜ ਸੀਸ ਝੁਕਾਈਆ । ਦਰ ਦਰਵੇਸ਼ ਬਣੇ ਰਹੇ ਭਿਖਾਰ, ਖਾਲੀ ਝੋਲੀ ਇਕ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਵੇਖੇ ਥਾਉਂ ਥਾਈਂਆ । ਥਾਨ ਥਨੰਤਰ ਵੇਖਣਹਾਰਾ, ਨਿਤ ਨਵਿਤ ਵੇਸ ਵਟਾਇੰਦਾ । ਕਲਜੁਗ ਅੰਤਮ ਹੋ ਉਜਿਆਰਾ, ਲੋਕਮਾਤ ਫੇਰਾ ਪਾਇੰਦਾ । ਸ਼ਬਦ ਸੰਦੇਸ ਪਹਿਲੀ ਵਾਰਾ, ਸਚਖੰਡ ਦੁਆਰੇ ਆਪ ਸੁਣਾਇੰਦਾ । ਸਚ ਦੁਆਰਾ ਵਿਚ ਸੰਸਾਰਾ, ਉਚ ਮੁਨਾਰਾ ਆਪ ਬਣਾਇੰਦਾ । ਆਪ ਲਗਾਏ ਸਚ ਦਰਬਾਰਾ, ਤਖ਼ਤ ਨਿਵਾਸੀ ਆਸਣ ਲਾਇੰਦਾ । ਚਰਨ ਬਹਾਏ ਪੀਰ ਪੈਗ਼ੰਬਰ ਗੁਰ ਅਵਤਾਰਾ, ਪੂਰਬ ਲਹਿਣਾ ਸਰਬ ਵਖਾਇੰਦਾ । ਚਾਰੋਂ ਕੁੰਟ ਵੇਖੇ ਨਜ਼ਾਰਾ, ਨਜ਼ਰ ਨਜ਼ਰ ਇਕ ਖੁਲ੍ਹਾਇੰਦਾ । ਆਪਣਾ ਆਪਣਾ ਬੋਲ ਬੋਲ ਗਏ ਜੈਕਾਰਾ, ਕੋਟਨ ਕੋਟ ਨਾਮ ਸੁਣਾਇੰਦਾ । ਕੋਈ ਸੀਆ ਰਾਮ ਪਿਆਰਾ ਕੋਈ ਕਾਹਨਾ ਕ੍ਰਿਸ਼ਨ ਅਧਾਰਾ ਕੋਈ ਸ਼ਬਦ ਵਜਾਏ ਨਗਾਰਾ, ਈਸਾ ਮੂਸਾ ਕੋਇ ਸੰਗ ਰਖਾਇੰਦਾ । ਕੋਈ ਨਾਮ ਸਤਿ ਕਰੇ ਪਿਆਰਾ, ਕੋਈ ਫਤਿਹ ਬੋਲ ਜੈਕਾਰਾ, ਰਸਨਾ ਜਿਹਵਾ ਬੱਤੀ ਦੰਦ ਸਲਾਹਿੰਦਾ । ਨਾਨਕ ਕਬੀਰ ਏਕਾ ਏਕੰਕਾਰਾ, ਆਦਿ ਜੁਗਾਦਿ ਆਪਣਾ ਖੇਲ ਕਰਾਇੰਦਾ । ਗੁਰ ਅਵਤਾਰ ਛੋਟੇ ਬਾਲੇ ਕਰ ਤਿਆਰਾ, ਲੋਕਮਾਤ ਸੇਵਾ ਲਾਇੰਦਾ । ਪੰਜ ਤੱਤ ਕਰ ਅਕਾਰਾ, ਨਿਰਗੁਣ ਧਾਰਾ ਜੋਤ ਜਗਾਇੰਦਾ । ਘੜੇ ਭੰਨੇ ਭੰਨਣਹਾਰਾ, ਬਣ ਠਠਿਆਰਾ ਖੇਲ ਕਰਾਇੰਦਾ । ਕਲਜੁਗ ਆਈ ਅੰਤਮ ਵਾਰਾ, ਪੂਰਬ ਲਹਿਣਾ ਸਰਬ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਆਪ ਸਮਝਾਇੰਦਾ । ਸਚ ਸੰਦੇਸਾ ਸਮਝਾਇੰਦਾ, ਪੁਰਖ ਅਬਿਨਾਸ਼ੀ ਬੇਪਰਵਾਹ । ਰੁੱਤ ਰੁੱਤੜੀ ਵੇਖ ਵਖਾਇੰਦਾ, ਜੁਗ ਚੌਕੜੀ ਕਰ ਗਵਾਹ । ਜੋਤੀ ਜੋਤ ਰੂਪ ਵਟਾਇੰਦਾ, ਪੀਰ ਪੈਗ਼ੰਬਰ ਗੁਰ ਅਵਤਾਰ ਦੇ ਦੇ ਗਏ ਸਲਾਹ । ਸਾਚੇ ਮੰਦਰ ਆਸਣ ਲਾਇੰਦਾ, ਸਾਢੇ ਤਿੰਨ ਹੱਥ ਬੰਕ ਸੁਹਾ । ਗੋਬਿੰਦ ਮੇਲਾ ਮੇਲ ਮਿਲਾਇੰਦਾ, ਸ਼ਬਦੀ ਸ਼ਬਦ ਡੰਕ ਵਜਾ । ਪਹਿਲੀ ਚੇਤ ਰੁੱਤ ਸੁਹਾਇੰਦਾ, ਭਗਤ ਫੁਲਵਾੜੀ ਆਪ ਮਹਿਕਾ । ਉਪਰ ਆਪਣਾ ਆਸਣ ਡਾਹਿੰਦਾ, ਸਾਚੇ ਤਖ਼ਤ ਬੈਠ ਸੱਚਾ ਸ਼ਹਿਨਸ਼ਾਹ । ਗੁਰ ਪੀਰ ਅਵਤਾਰ ਭਗਤ ਭਗਵੰਤ ਆਪਣੇ ਦਰ ਬਹਾਇੰਦਾ, ਏਕਾ ਵਾਰ ਲਏ ਬੁਲਾ । ਵਿਸ਼ਨ ਬ੍ਰਹਮਾ ਸ਼ਿਵ ਨੇਤਰ ਨੈਣਾਂ ਨੀਰ ਵਹਾਇੰਦਾ, ਉਚੀ ਕੂਕ ਮਾਰਨ ਧਾਹ । ਪੁਰਖ ਅਬਿਨਾਸ਼ੀ ਸਭ ਨੂੰ ਆਪ ਸਮਝਾਇੰਦਾ, ਆਪਣਾ ਆਪਣਾ ਲੇਖਾ ਵੇਖੋ ਆ । ਹਰਿ ਕਾ ਨਾਮ ਕਿਸੇ ਘਰ ਨਜ਼ਰ ਨਾ ਆਇੰਦਾ, ਮੰਦਰ ਮਸਜਦ ਸ਼ਿਵਦਵਾਲਾ ਮੱਠ ਗੁਰਦੁਆਰ ਰਿਹਾ ਕੁਰਲਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਰਿਹਾ ਵਖਾ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਵੇਖ, ਵੇਖ ਵੇਖ ਰਹੇ ਸ਼ਰਮਾਈਆ । ਸਾਡੀ ਮਿਟਦੀ ਜਾਏ ਰੇਖ, ਕਲਜੁਗ ਜੀਵ ਤੇਰਾ ਨਾਉਂ ਗਏ ਭੁਲਾਈਆ । ਕਬੀਰ ਕਹੇ ਮੈਂ ਦੱਸ ਕੇ ਗਿਆ ਭੇਤ, ਉਚ ਮਹੱਲ ਅਟੱਲ ਵਸੇ ਸਾਚਾ ਮਾਹੀਆ । ਨਾਨਕ ਨਿਰਗੁਣ ਕਹੇ ਮੈਂ ਕਰਕੇ ਗਿਆ ਚੇਤਨ ਚੇਤ, ਚਿਤ ਵਿਤ ਠਗੋਰੀ ਕੋਇ ਨਾ ਪਾਈਆ । ਗੋਬਿੰਦ ਕਹੇ ਮੈਂ ਦੱਸ ਕੇ ਗਿਆ ਭੇਤ, ਪੁਰਖ ਅਕਾਲ ਇਕ ਮਨਾਈਆ । ਅੰਤਮ ਸਭ ਨੇ ਝੂਝਣਾ ਲੋਕਮਾਤ ਖੇਤ, ਥਿਰ ਕੋਇ ਰਹਿਣ ਨਾ ਪਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਆਪਣੀ ਫੁਲਵਾੜੀ ਮਹਿਕਾਉਣੀ ਮਹੀਨਾ ਚੇਤ, ਰੁੱਤ ਬਸੰਤੀ ਮੁਖ ਸ਼ਰਮਾਈਆ । ਆਉ ਸਾਰੇ ਵੇਖੋ ਨੇਤਰ ਨੇਤ, ਨੈਣ ਨੈਣ ਉਠਾਈਆ । ਹਰਿ ਜੂ ਇਕ ਇਕੱਲਾ ਖੇਡਾਂ ਰਿਹਾ ਖੇਡ, ਭੇਵ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਰਿਹਾ ਵਰਤਾਈਆ । ਸੁਣਿਆ ਸੰਦੇਸਾ ਸ੍ਰੀ ਭਗਵਾਨ, ਨੇਤਰ ਨੈਣ ਸਰਬ ਉਠਾਇਆ । ਚਾਰੋਂ ਕੁੰਟ ਦਿਸੇ ਬੇਈਮਾਨ, ਸਾਚੀ ਸ਼ਰਅ ਨਾ ਕੋਇ ਪੜ੍ਹਾਇਆ । ਘਰ ਘਰ ਵੜਿਆ ਪੰਜ ਸ਼ੈਤਾਨ, ਕਾਮ ਕਰੋਧ ਲੋਭ ਮੋਹ ਹੰਕਾਰ ਹਲਕਾਇਆ । ਰਸਨਾ ਜਿਹਵਾ ਕਰਨ ਗਿਆਨ, ਆਤਮ ਅੰਤਰ ਹਰਿ ਨਾ ਕਿਸੇ ਵਸਾਇਆ । ਰਸਨਾ ਪੜ੍ਹ ਪੜ੍ਹ ਹੋਏ ਸ਼ੈਤਾਨ, ਪਾਰਬ੍ਰਹਮ

ਨਜ਼ਰ ਕਿਸੇ ਨਾ ਆਇਆ । ਚਾਰ ਦੀਵਾਰੀ ਵੜ ਵੜ ਬੈਠੇ ਅੰਦਰ ਮਕਾਨ, ਉਪਰ ਛੱਪਰ ਛੰਨ ਸੁਹਾਇਆ । ਸਚਖੰਡ ਨਾ ਦਿਸੇ ਕਿਸੇ ਨਿਸ਼ਾਨ, ਨਿਰਗੁਣ ਰੂਪ ਨਾ ਕੋਇ ਰਖਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਜੀ ਵੇਰ ਫੇਰ ਜਗਾਇਆ । ਦੂਜੀ ਵੇਰ ਜਗਾਏ ਜਾਗ, ਜਗ ਜੀਵਣ ਦਾਤਾ ਦਇਆ ਕਮਾਇੰਦਾ । ਉਠੋ ਨੇਤਰ ਵੇਖੋ ਆਪਣੀ ਉਮਤ ਸਾਕ, ਦੀਨ ਮਜ਼੍ਹਬ ਸਰਬ ਜਣਾਇੰਦਾ । ਨੌਂ ਖੰਡ ਪ੍ਰਿਥਮੀ ਨੇਤਰ ਵੇਖੋ ਆਪਣਾ ਆਪਣਾ ਹਾਟ, ਹਟ ਹਟਵਾਣਾ ਭੇਵ ਖੁਲ੍ਹਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦੱਸ ਕੇ ਆਏ ਗਾਥ, ਰਸਨਾ ਜਿਹਵਾ ਨਾਲ ਮਿਲਾਇੰਦਾ । ਕੋਈ ਨਾ ਦਿਸੇ ਕਿਸੇ ਸਾਥ, ਸਗਲਾ ਸੰਗ ਨਾ ਕੋਇ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਰਬਾਰੀ ਖੇਲ ਕਰਾਇੰਦਾ । ਧੁਰ ਦਰਬਾਰੀ ਖੇਲ ਅਪਾਰਾ, ਸੋ ਪੁਰਖ ਨਿਰੰਜਣ ਆਪ ਕਰਾਇਆ । ਹੁਕਮੀ ਹੁਕਮ ਹੁਕਮ ਵਰਤਾਰਾ, ਸਚ ਸੰਦੇਸਾ ਆਪ ਸੁਣਾਇਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਹੋਇਆ ਪਾਰ ਕਿਨਾਰਾ, ਲੋਕਮਾਤ ਰਹਿਣ ਨਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਆਪ ਵਰਤਾਇਆ । ਹੁਕਮ ਵਰਤਾਏ ਸ੍ਰੀ ਭਗਵੰਤ, ਏਕਾ ਏਕ ਜਣਾਈਆ । ਚਾਰ ਜੁਗ ਬਣਦੇ ਰਹੇ ਗੁਰ ਅਵਤਾਰ ਕੰਤ, ਜੀਵ ਜੰਤ ਨਾਰ ਹੰਢਾਈਆ । ਪੰਜ ਤੱਤ ਕਾਇਆ ਚੋਲਾ ਬਣਾਈ ਬਣਤ, ਹੱਡ ਮਾਸ ਨਾੜੀ ਰਕਤ ਬੂੰਦ ਜੋੜ ਜੁੜਾਈਆ । ਥਿਰ ਨਾ ਦਿਸੇ ਕੋਈ ਅੰਤ, ਖ਼ਾਕੀ ਖ਼ਾਕ ਸਰਬ ਮਿਲਾਈਆ । ਏਕਾ ਨਾਉਂ ਆਪਣਾ ਮੰਤ, ਮੰਤਰ ਸਾਚਾ ਨਾਮ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸੰਦੇਸਾ ਇਕ ਜਣਾਈਆ । ਸਚ ਸੰਦੇਸਾ ਏਕਾ ਵਾਰ, ਹਰਿ ਜੂ ਹਰਿ ਜਣਾਇਆ । ਸਾਚੇ ਸੱਦ ਸੱਚੇ ਦਰਬਾਰ, ਦਰ ਦਰਬਾਰੇ ਆਪ ਬਹਾਇਆ । ਕਲਜੁਗ ਕੂੜਾ ਹੋਇਆ ਪਾਰ, ਲੋਕਮਾਤ ਰਹੇ ਨਾ ਰਾਇਆ । ਗੁਰ ਅਵਤਾਰ ਅੱਗੇ ਚਲੇ ਨਾ ਕੋਇ ਵਿਹਾਰ, ਸਭ ਦਾ ਲਹਿਣਾ ਝੋਲੀ ਰਿਹਾ ਭਰਾਇਆ । ਲੋਕਮਾਤ ਨਾ ਔਣਾ ਹੋ ਤਿਆਰ, ਗੁਰਦਰ ਮੰਦਰ ਮਸਜਦ ਮੱਠ ਸ਼ਿਵਦਵਾਲੇ ਨਾ ਵੜਨਾ ਕਰ ਵਿਚਾਰ, ਧੁਰ ਫ਼ਰਮਾਣਾ ਇਕ ਸਮਝਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇਆ । ਇਕਾਵਨ ਬਾਵਨ ਬੋਲ ਜੈਕਾਰਾ, ਨਿਉਂ ਨਿਉਂ ਸੀਸ ਝੁਕਾਈਆ । ਸ਼ਾਹ ਪਾਤਸ਼ਾਹ ਤੇਰਾ ਖੇਲ ਨਿਆਰਾ, ਬੇਅੰਤ ਤੇਰੀ ਵਡਿਆਈਆ । ਸਾਹਿਬ ਸੁਲਤਾਨ ਤੂੰ ਪਰਵਰਦਿਗਾਰਾ, ਸੱਚੀ ਤੇਰੀ ਸ਼ਹਿਨਸ਼ਾਹੀਆ । ਚਾਰ ਜੁਗ ਲੋਕਮਾਤ ਦੱਸ ਦੱਸ ਗਏ ਧਾਰਾ, ਹੁਕਮੀ ਹੁਕਮ ਸੇਵ ਕਮਾਈਆ । ਅੰਤਮ ਹੋਇਆ ਪਾਰ ਕਿਨਾਰਾ, ਤੇਰੇ ਅੱਗੇ ਨਾ ਚਲੇ ਕੋਇ ਚਤੁਰਾਈਆ । ਦੋ ਦੋ ਜੋੜ ਕਰਨ ਨਿਮਸਕਾਰਾ, ਦਰ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਸਾਚਾ ਹੁਕਮ ਦੇਵੇ ਕਰਤਾਰ, ਕਰਤਾ ਆਪਣਾ ਖੇਲ ਕਰਾਇੰਦਾ । ਸਤਿਜੁਗ ਚਲੇ ਸਚ ਵਿਹਾਰ, ਸਤਿ ਸਤਿਵਾਦੀ ਆਪ ਚਲਾਇੰਦਾ । ਸਰਬ ਜੀਆਂ ਦਾ ਇਕ ਦਵਾਰ, ਭਗਤ ਦੁਆਰਾ ਆਪ ਵਖਾਇੰਦਾ । ਮੰਦਰ ਸ਼ਿਵਦਵਾਲਾ ਮੱਠ ਮਸਜਦ ਨਾ ਕੋਇ ਅਧਾਰ, ਗ੍ਰਹਿ ਮੰਦਰ ਇਕ ਸੁਹਾਇੰਦਾ । ਤੀਰਥ ਤਟ ਨਾ ਕੋਇ ਕਿਨਾਰ, ਸਰੋਵਰ ਸਰ ਨਾ ਕੋਇ ਜਣਾਇੰਦਾ । ਸੋ ਧਾਮ ਹਰਿ ਕਰੇ ਉਜਿਆਰ, ਲੋਕਮਾਤ ਨਿਸ਼ਾਨ ਝੁਲਾਇੰਦਾ । ਜਿਸ ਦਰ ਗੁਰ ਅਵਤਾਰ ਪੀਰ ਪੈਗ਼ੰਬਰ ਆ ਕੇ ਕਰਨ ਨਿਮਸਕਾਰ, ਨਿਉਂ ਨਿਉਂ ਸੀਸ ਸਰਬ ਝੁਕਾਇੰਦਾ । ਸੋ ਦੁਆਰਾ ਸਚਖੰਡ ਲੋਕਮਾਤ ਹੋਏ ਉਜਿਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਆਪ ਮੁਕਾਇੰਦਾ । ਗੁਰ ਅਵਤਾਰ ਸਾਰੇ ਕਹਿਣ, ਰਲ ਮਿਲ ਰਹੇ ਸੁਣਾਈਆ । ਪੁਰਖ ਅਬਿਨਾਸ਼ੀ ਸਾਡਾ ਚੁੱਕਿਆ ਲਹਿਣ ਦੇਣ, ਲੋਕਮਾਤ ਰਹੇ ਨਾ ਰਾਈਆ । ਅਸੀਂ ਤੇਰਾ ਪਸਾਰਾ ਵੇਖਿਆ ਆਪਣੇ ਨੈਣ, ਦਰ ਤੇਰੇ ਦਰਸਨ ਪਾਈਆ । ਤੇਰੇ ਚਰਨ ਕਵਲ ਭਗਤ ਜਨ ਸਾਚੇ ਬਹਿਣ, ਜਿਨ੍ਹਾਂ ਦੇਵੇਂ ਮਾਣ ਵਡਿਆਈਆ । ਰਸਨਾ ਜਿਹਵਾ ਇਕੋ ਨਾਅਰਾ ਕਹਿਣ, ਆਤਮ ਪਰਮਾਤਮ ਵੱਜੇ ਵਧਾਈਆ ।

੧੮੬

ਕਲਜੁਗ ਮਿਟੀ ਅੰਧੇਰੀ ਰੈਣ, ਤੇਰਾ ਨੂਰ ਸਾਚਾ ਚੰਦ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਦਇਆ ਆਪ ਕਮਾਈਆ ।
ਪੁਰਖ ਅਬਿਨਾਸ਼ੀ ਤੇਰੀ ਵਡਿਆਈ, ਗੁਰ ਅਵਤਾਰ ਸਰਬ ਜਸ ਗਾਇੰਦਾ । ਸਤਿਜੁਗ ਸਾਚੀ ਧਾਰ ਚਲਾਈ, ਵੇਦ ਕਤੇਬ ਭੇਵ ਨਾ ਪਾਇੰਦਾ । ਸਾਚੇ ਭਗਤਾਂ
ਕਰ ਕੁੜਮਾਈ, ਆਪਣਾ ਨਾਤਾ ਆਪ ਜੁੜਾਇੰਦਾ । ਏਕਾ ਘਰ ਧੀ ਜਵਾਈ, ਏਕਾ ਮੰਦਰ ਆਪ ਸੁਹਾਇੰਦਾ । ਏਕਾ ਨੇਤਰ ਨੈਣ ਰਿਹਾ ਉਠਾਈ, ਏਕਾ ਮਿਲ
ਮਿਲ ਖ਼ੁਸ਼ੀ ਮਨਾਇੰਦਾ । ਏਕਾ ਸੋਹਲਾ ਢੋਲਾ ਰਿਹਾ ਗਾਈ, ਏਕਾ ਗੀਤ ਗੋਬਿੰਦ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ
ਸੰਗ ਆਪ ਨਿਭਾਇੰਦਾ । ਤੇਰਾ ਸੰਗ ਸ੍ਰੀ ਭਗਵਾਨ, ਏਕਾ ਏਕ ਵੇਖ ਵਖਾਇਆ । ਤੇਰਾ ਮੰਦਰ ਬੇਪਹਿਚਾਨ, ਨਜ਼ਰ ਵਿਚ ਕਿਸੇ ਨਾ ਆਇਆ । ਤੂੰ ਮਿਹਬਾਨ
ਬੀਦੋ ਮਿਹਰਵਾਨ, ਮਹਿਬਾਨ ਤੇਰੀ ਵਡਿਆਇਆ । ਸਚਖੰਡ ਦੁਆਰੇ ਖੇਲ ਮਹਾਨ, ਸਚਖੰਡ ਦੁਆਰਾ ਲੋਕਮਾਤ ਵਖਾਇਆ । ਛੱਤੀ ਜੁਗ ਦੀ ਚੁੱਕੀ ਆਣ, ਨਾਨਕ
ਰਸਨਾ ਰਿਹਾ ਗਾਇਆ । ਛੱਤੀ ਛੱਤੀ ਚਾਰੋਂ ਕੁੰਟ ਵਖਾਣ, ਛੱਤੀ ਉਪਰ ਧਿਆਨ ਲਗਾਇਆ । ਛੱਤੀ ਰਾਗ ਸਰਬ ਕੁਰਲਾਣ, ਨੇਤਰ ਨੈਣਾਂ ਨੀਰ ਵਹਾਇਆ ।
ਚਾਰ ਬਾਣੀ ਹੋਈ ਹੈਰਾਨ, ਚਾਰੇ ਖਾਣੀ ਭੇਵ ਨਾ ਆਇਆ । ਪੁਰਖ ਅਬਿਨਾਸ਼ੀ ਇਕ ਅਣਿਆਲਾ ਲਾਇਆ ਬਾਣ, ਦੋ ਜਹਾਨਾਂ ਰਿਹਾ ਹਿਲਾਇਆ । ਗੁਰ ਅਵਤਾਰ
ਪੀਰ ਪੈਗੰਬਰ ਭਗਤ ਸੰਤ ਸਭ ਚਰਨੀਂ ਡਿਗੇ ਆਣ, ਮਸਤਕ ਧੂੜੀ ਟਿੱਕਾ ਖ਼ਾਕ ਰਮਾਇਆ । ਰਸਨਾ ਕਹਿਣ ਤੂ ਹੀ ਤੂ ਭਗਵਾਨ, ਤੇਰਾ ਅੰਤ ਕਿਸੇ ਨਾ ਪਾਇਆ ।
ਅਸੀਂ ਗਾ ਗਾ ਗਏ ਤੇਰਾ ਗਾਨ, ਗਾ ਗਾ ਆਪਣਾ ਵਕਤ ਲੰਘਾਇਆ । ਤੂੰ ਸਾਹਿਬ ਸਦਾ ਬੇਜ਼ਬਾਨ, ਜ਼ਬਾਹ ਆਪਣਾ ਆਪ ਕਰਾਇਆ । ਤੇਰਾ ਅੰਤ ਨਾ
੧੮੭ ਮਿਲਿਆ ਕਿਸੇ ਨਿਸ਼ਾਨ, ਬਣ ਪਾਂਧੀ ਪੰਧ ਨਾ ਕੋਇ ਮੁਕਾਇਆ । ਨਾਨਕ ਕਬੀਰ ਕਰ ਕਰ ਧਿਆਨ, ਸਚਖੰਡ ਦੁਆਰੇ ਇਕੋ ਚਰਨ ਤੇਰਾ ਨਜ਼ਰੀ ਆਇਆ । ੧੮੭
ਉਪਰੋਂ ਰਿਹੋਂ ਬੇਪਹਿਚਾਨ, ਆਪ ਆਪਣਾ ਮੁੱਖ ਛੁਪਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਰਿਹਾ ਵਰਤਾਇਆ । ਤੇਰਾ
ਖੇਲ ਸਦਾ ਬੇਅੰਤ, ਬੇਅੰਤ ਤੇਰੀ ਵਡਿਆਈਆ । ਅਸੀਂ ਜਾਣਿਆ ਤੂੰ ਕਰਿਆ ਅੰਤ, ਅੰਤ ਤੇਰੇ ਵਿਚ ਸਮਾਈਆ । ਤੂੰ ਸਰਬ ਜੀਆਂ ਦਾ ਸਾਚਾ ਕੰਤ, ਕੰਤ
ਕੰਤੂਹਲ ਸੱਚਾ ਸ਼ਹਿਨਸ਼ਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਦੇਣੀ ਇਕ ਪਨਾਹੀਆ । ਦਰ ਦੁਆਰੇ ਮੰਗ ਪਨਾਹ, ਸਭ ਨੇ
ਸ਼ੁਕਰ ਮਨਾਇਆ । ਮੁਹੰਮਦ ਕਹੇ ਮੇਰਾ ਬਖ਼ਸ਼ ਗੁਨਾਹ, ਮੇਰੇ ਪੀਰ ਪੀਰ ਖ਼ੁਦਾਇਆ । ਦੂਰ ਦੁਰਾਡਾ ਅਧਵਿਚਕਾਰ ਬੈਠਾ ਕੋਈ ਨਾ ਪਕੜੇਂ ਬਾਂਹ, ਗੋਬਿੰਦ ਅੱਗੇ
ਵਾਸਤਾ ਪਾਇਆ । ਉਹ ਤੇਰਾ ਹੁਕਮ ਰਿਹਾ ਸੁਣਾ, ਧੁਰ ਫ਼ਰਮਾਣਾ ਏਕਾ ਗਾਇਆ । ਚੌਦਾਂ ਤਬਕ ਦੇਣੇ ਢਾਹ, ਖ਼ਾਕੀ ਖ਼ਾਕ ਖ਼ਾਕ ਮਿਲਾਇਆ । ਅੱਲਾ ਰਾਣੀ
ਨੈਣ ਰਹੀ ਸ਼ਰਮਾ, ਮੁਖ ਘੁੰਗਟ ਏਕਾ ਪਾਇਆ । ਮੈਂ ਜਾਵਾਂ ਕੇਹੜੇ ਥਾਂ, ਚਾਰੋਂ ਕੁੰਟ ਅੰਧੇਰਾ ਛਾਇਆ । ਕਲਜੁਗ ਸੇਜ ਮਾਣੇ ਪੁੱਤਰ ਮਾਂ, ਗੁਰ ਪੀਰ ਹੋਏ
ਨਾ ਕੋਇ ਸਹਾਇਆ । ਮੰਦਰ ਮਸਜਦ ਸ਼ਿਵਦਵਾਲੇ ਮੱਠ ਗੁਰ ਦਰ ਵੇਸਵਾ ਨਾਚ ਰਹੇ ਕਰਾ, ਮਨ ਮਤ ਆਪਣੀ ਨਾਲ ਰਲਾਇਆ । ਤੂੰ ਵੇਖਣਹਾਰਾ ਥਾਉਂ ਥਾਂ,
ਅਭੁਲ ਭੁਲ ਕਦੇ ਨਾ ਜਾਇਆ । ਏਕਾ ਹੁਕਮ ਦਿਤਾ ਸੁਣਾ, ਗੋਬਿੰਦ ਸਾਚੀ ਸੇਵਾ ਲਾਇਆ । ਗੋਬਿੰਦ ਆਪਣਾ ਖੰਡਾ ਰਿਹਾ ਚਮਕਾ, ਚੰਦ ਚਾਂਦਨੀ ਦਏ ਚਮਕਾਇਆ ।
ਖੜਗ ਖੰਡਾ ਦਏ ਖੜਕਾ, ਦੋ ਜਹਾਨਾਂ ਵੇਖ ਵਖਾਇਆ । ਮੇਰੀ ਸਦੀ ਚੌਧਵੀਂ ਦੇਣੀ ਪੂਰ ਕਰਾ, ਤੇਰੇ ਅੱਗੇ ਵਾਸਤਾ ਪਾਇਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਤੇਰੇ ਸੀਸ ਝੁਕਾਇਆ । ਗੋਬਿੰਦ ਬਣਾਇਆ ਸਾਚਾ ਜੱਜ, ਦੂਜਾ ਸੈਸ਼ਨ ਨਾ ਕੋਇ ਰਖਾਈਆ । ਸਦੀ
ਚੌਧਵੀਂ ਕਰੇ ਹੱਜ, ਬਣ ਹਾਜ਼ੀ ਫੇਰਾ ਪਾਈਆ । ਚੌਦਾਂ ਤਬਕ ਵੇਖ ਲਾ ਭੱਜ, ਭੱਜਿਆਂ ਪੰਧ ਨਾ ਕੋਇ ਮੁਕਾਈਆ । ਆਪਣਾ ਪੜਦਾ ਵੇਖ ਲੈ ਕਜ, ਦੋ ਜਹਾਨਾਂ

ਲੁਕਣ ਕਿਤੇ ਨਾ ਜਾਈਆ । ਤੇਰੇ ਬੁੱਢੇ ਸ਼ੇਖ਼ ਬੁੱਢੇ ਹੋਏ ਹੱਡ, ਦਾੜ੍ਹੀ ਰੱਤੜੀ ਆਪਣਾ ਰੰਗ ਵਟਾਈਆ । ਅੰਤਮ ਡਿਗਣਾ ਡੂੰਘੀ ਖੱਡ, ਨਾ ਸਕੇ ਕੋਇ ਉਠਾਈਆ । ਦੀਨ ਇਸਲਾਮ ਉਮਤੀ ਕਲਾਮ ਕਲਮਾ ਰਸੂਲ ਜਾਣਾ ਛੱਡ, ਰਸਮ ਆਪਣੇ ਨਾਲ ਰਖਾਈਆ । ਆਪਣੀ ਹੱਥੀਂ ਸ਼ਰਅ ਜ਼ੰਜੀਰ ਜਾਣੀ ਵੱਢ, ਮਿਲਿਆ ਹੁਕਮ ਧੁਰਦਰਗਾਹੀਆ । ਲੋਕਮਾਤ ਵਿਚੋਂ ਹੋਣਾ ਅੱਡ, ਏਥੇ ਮਿਲੇ ਠੋਰ ਨਾ ਰਾਈਆ । ਪੁਰਖ ਅਕਾਲ ਸਚ ਨਿਸ਼ਾਨਾ ਦੇਣਾ ਗੱਡ, ਦੋ ਜਹਾਨਾਂ ਆਪ ਝੁਲਾਈਆ । ਸਭ ਦੀ ਕਰੇ ਪਾਰ ਹੱਦ, ਆਪਣੀ ਹੱਦ ਨਾ ਕਿਸੇ ਵਖਾਈਆ । ਉਠੋ ਸਾਰੇ ਆਪਣਾ ਭਾਰ ਜਾਓ ਲਦ, ਸਿਰ ਆਪਣੀ ਗੰਢ ਉਠਾਈਆ । ਚੇਤ ਮਹੀਨਾ ਮੁੱਕੇ ਸਭ ਦੀ ਪੂਜਾ ਹੋਏ ਬੰਦ, ਸੀਸ ਕਿਸੇ ਨਾ ਕੋਇ ਝੁਕਾਈਆ । ਚਾਰ ਜੁਗ ਆਪਣਾ ਆਪਣਾ ਲੈ ਲਿਆ ਅਨੰਦ, ਅੱਗੇ ਅਨੰਦ ਪੁਰਖ ਅਕਾਲ ਆਪਣਾ ਆਪ ਜਣਾਈਆ । ਇਕੋ ਗੀਤ ਸੁਹਾਗੀ ਛੰਦ, ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਸਫ਼ਾ ਦਏ ਉਠਾਈਆ । ਸਭ ਦੀ ਸਫ਼ਾ ਦਏ ਚੁਕ, ਚੁਕਣਹਾਰ ਕਰਤਾਰਾ । ਸਭ ਦਾ ਪੈਂਡਾ ਗਿਆ ਮੁਕ, ਚਾਰ ਜੁਗ ਵੇਖਿਆ ਬਣ ਵਣਜਾਰਾ । ਸਭ ਦੀ ਔਧ ਗਈ ਪੁਗ, ਅੰਤਮ ਪਾਰ ਕਿਨਾਰਾ । ਆਪਣੀ ਆਪਣੀ ਚੋਗ ਲਈ ਚੁਗ, ਰਸਨਾ ਜਿਹਵਾ ਦੇ ਸਹਾਰਾ । ਹਰਿ ਕਾ ਭਾਣਾ ਨਾ ਸਕੇ ਰੁਕ, ਨਾ ਕੋਈ ਮੇਟੇ ਮੇਟਣਹਾਰਾ । ਨਿਰਗੁਣ ਸ਼ੇਰ ਏਕਾ ਰਿਹਾ ਬੁੱਕ, ਮਾਰੇ ਭਬਕ ਵਿਚ ਸੰਸਾਰਾ । ਅੱਗੇ ਸਕੇ ਨਾ ਕੋਈ ਉਠ, ਦੋ ਜਹਾਨ ਰੋਵਣ ਜ਼ਾਰੋ ਜ਼ਾਰਾ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਅਸੀਂ ਤੇਰੇ ਸਾਚੇ ਸੁਤ, ਤੂੰ ਸਾਹਿਬ ਬਖ਼ਸ਼ਣਹਾਰਾ । ਆਪਣੀ ਗੋਦੀ ਲੈ ਚੁੱਕ, ਤੇਰਾ ਤੱਕਿਆ ਇਕ ਸਹਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ



ਖੇਲ ਅਗੰਮ ਅਪਾਰਾ । ਅਗੰਮ ਅਪਾਰ ਖੇਲ ਅਗੰਮਾ, ਹਰਿ ਹਰਿ ਆਪ ਜਣਾਇੰਦਾ । ਸਭ ਦਾ ਅੰਤ ਮੁੱਕਿਆ ਬੰਨਾਂ, ਅੱਗੇ ਰਾਹ ਨਾ ਕੋਇ ਚਲਾਇੰਦਾ । ਪੁਰਖ ਅਕਾਲ ਦੋ ਜਹਾਨ ਇਸ਼ਟ ਦੇਵ ਗੁਰੂ ਗੁਰ ਸਭ ਨੇ ਮੰਨਾ, ਮਨ ਮਨਸਾ ਸਰਬ ਮਿਟਾਇੰਦਾ । ਪਹਿਲੋਂ ਤਾਰਿਆ ਇਕ ਜੱਟ ਧੰਨਾ, ਹੁਣ ਗੁਰਮੁਖ ਧੰਨੇ ਆਪਣੀ ਗੋਦ ਬਹਾਇੰਦਾ । ਕਲਜੁਗ ਜੀਵ ਨਾ ਜਾਣੇ ਅੰਨ੍ਹਾ, ਅਗਿਆਨ ਅੰਧੇਰ ਨਾ ਕੋਇ ਚੁਕਾਇੰਦਾ । ਭਗਤ ਭਗਵੰਤ ਏਕਾ ਮੰਨਾ, ਜਿਸ ਆਪਣਾ ਭੇਵ ਖੁਲ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਆਪ ਚੁਕਾਇੰਦਾ । ਪਿਛਲਾ ਲੇਖਾ ਚੁੱਕੇ ਚੂਕ, ਲੋਕਮਾਤ ਰਹਿਣ ਨਾ ਪਾਈਆ । ਸਭ ਦੀ ਅਰਥੀ ਦੇਵੇ ਫੂਕ, ਜੋਤ ਫੁੰਕਾਰਾ ਏਕਾ ਲਾਈਆ । ਅੰਤ ਨਾ ਸੁਣੇ ਕਿਸੇ ਦੀ ਕੂਕ, ਕੂਕ ਕੂਕ ਸਰਬ ਕੁਰਲਾਈਆ । ਹਰਿਜਨ ਵੇਖੇ ਸਾਚੇ ਪੂਤ, ਪੂਤ ਸਪੂਤੇ ਮੇਲ ਮਿਲਾਈਆ । ਗੁਰ ਚੇਲਾ ਤਾਣਾ ਪੇਟਾ ਏਕਾ ਸੂਤ, ਤੰਦੀ ਤੰਦ ਬੰਧਨ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਰਾਹ ਚਲਾਈਆ । ਸਤਿ ਸਤਿਵਾਦੀ ਰਾਹ ਚਲੌਣਾ, ਚਲੇ ਚਾਲ ਨਿਰਾਲੀ । ਸਤਿਜੁਗ ਸਾਚਾ ਖੇਲ ਕਰੌਣਾ, ਖੇਲ ਕਰਾਏ ਦੋ ਜਹਾਨਾਂ ਵਾਲੀ । ਪੁਰਖ ਅਕਾਲ ਇਕ ਮਨੌਣਾ, ਚਾਰੋਂ ਕੁੰਟ ਖੇਲ ਨਿਰਾਲੀ । ਸੋਹੰ ਢੋਲਾ ਸਭ ਨੇ ਗੌਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਚਾਰ ਵਰਨਾਂ ਨਿਰਗੁਣ ਸਰਗੁਣ ਕਰੇ ਆਪ ਦਲਾਲੀ ।

## ★ ੬ ਚੇਤ ੨੦੧੯ ਬਿਕ੍ਰਮੀ ਡਾ੦ ਪਾਲ ਸਿੰਘ ਦੇ ਗ੍ਰਿਹ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ★

ਸੋ ਪੁਰਖ ਨਿਰੰਜਣ ਸਾਹਿਬ ਸਮਰਥ, ਮਹਿਮਾ ਅਕਥ ਅਕਥ ਵਡਿਆਈਆ । ਸ਼ਬਦੀ ਧਾਰ ਗੁਰ ਗੁਰ ਵਸ, ਗੁਰ ਸਤਿਗੁਰ ਵੇਸ ਵਟਾਈਆ । ਭਗਤ ਭਗਵੰਤ ਮਾਰਗ ਦੱਸ, ਦੋ ਜਹਾਨਾਂ ਖੇਲ ਕਰਾਈਆ । ਸੰਤਨ ਦੇਵੇ ਸਾਚਾ ਰਸ, ਆਤਮ ਅੰਤਰ ਬੂਝ ਬੁਝਾਈਆ । ਗੁਰਮੁਖਾਂ ਮੇਲ ਮਿਲਾਵਾ ਹੱਸ ਹੱਸ, ਨਿਰਗੁਣ ਸਰਗੁਣ ਬੰਧਨ ਪਾਈਆ । ਗੁਰਸਿਖਾਂ ਤੀਰ ਨਿਰਾਲਾ ਮਾਰੇ ਕਸ, ਅਣਿਆਲਾ ਆਪ ਚਲਾਈਆ । ਜੁਗ ਚੌਕੜੀ ਚਰਨਾਂ ਹੇਠਾਂ ਝੱਸ, ਕੋਟਨ ਕੋਟ ਕਾਲ ਖਪਾਈਆ । ਕਿਸੇ ਨਾ ਚਲੇ ਕੋਈ ਵਸ, ਵਿਸ਼ਨ ਬ੍ਰਹਮਾ ਸ਼ਿਵ ਦੇਣ ਦੁਹਾਈਆ । ਗੁਰ ਅਵਤਾਰ ਆਪਣਾ ਪੰਧ ਮੁਕਾ ਗਏ ਨੱਸ ਨੱਸ, ਰਸਨਾ ਜਿਹਵਾ ਹਰਿ ਗੁਣ ਗਾਈਆ । ਏਕਾ ਓਟ ਰੱਖਦੇ ਗਏ ਆਸ, ਪੁਰਖ ਅਕਾਲ ਚਰਨ ਧਿਆਨ ਲਗਾਈਆ । ਜੁਗਾ ਜੁਗੰਤਰ ਖੇਲੇ ਖੇਲ ਤਮਾਸ਼, ਖੇਲਣਹਾਰਾ ਬੇਪਰਵਾਹੀਆ । ਸਤਿਜੁਗ ਤ੍ਰੇਤਾ ਦੁਆਪਰ ਪੂਰੀ ਕਰੀ ਆਸ, ਕਲਜੁਗ ਆਸਾ ਆਪਣੇ ਹੱਥ ਰਖਾਈਆ । ਲੱਖ ਚੁਰਾਸੀ ਘਟ ਘਟ ਅੰਦਰ ਰੱਖਣਹਾਰਾ ਵਾਸ, ਨੂਰ ਨੁਰਾਨਾ ਨਿਰਗੁਣ ਜੋਤ ਜੋਤ ਰੁਸ਼ਨਾਈਆ । ਭੂਪਤ ਭੂਪ ਤਖ਼ਤ ਨਿਵਾਸੀ ਸ਼ਾਹੋ ਸ਼ਾਬਾਸ਼, ਸਚਖੰਡ ਬੈਠਾ ਆਸਣ ਲਾਈਆ । ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਵੇ ਰਾਸ, ਗੋਪੀ ਕਾਹਨ ਆਪ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਸਤਿਗੁਰ ਆਪਣੀ ਖੇਲ ਕਰਾਈਆ । ਹਰਿ ਸਤਿਗੁਰ ਪੂਰਾ ਏਕਾ ਹਰਿ, ਏਕੰਕਾਰਾ ਆਪ ਅਖਵਾਇੰਦਾ । ਸ਼ਬਦੀ ਸ਼ਬਦ ਸਾਚਾ ਵਰ, ਗੁਰ ਗੁਰ ਝੋਲੀ ਆਪ ਭਰਾਇੰਦਾ । ਭਗਤ ਭਗਵੰਤ ਚੁਕਾਏ ਡਰ, ਭੈ ਭੌ ਨਾ ਕੋਇ ਵਖਾਇੰਦਾ । ਸੰਤਨ ਦੇਵੇ ਏਕਾ ਵਰ, ਨਾਮ



ਵਸਤ ਆਪ ਵਰਤਾਇੰਦਾ । ਗੁਰਮੁਖ ਸੱਜਣ ਸਾਚੇ ਫੜ, ਆਤਮ ਪਰਮਾਤਮ ਜੋੜ ਜੁੜਾਇੰਦਾ । ਗੁਰਸਿਖ ਲਗਾਏ ਆਪਣੇ ਲੜ, ਫੜ ਪੱਲੂ ਗੰਢ ਪੁਵਾਇੰਦਾ । ਜੁਗ ਚੌਕੜੀ ਜਾਏ ਹਰ, ਥਿਰ ਕੋਇ ਰਹਿਣ ਨਾ ਪਾਇੰਦਾ । ਗੁਰ ਅਵਤਾਰ ਪੀਰਨ ਪੀਰ ਘਾੜਨ ਘੜ, ਤੱਤਵ ਤੱਤ ਹੁਕਮ ਵਰਤਾਇੰਦਾ । ਜੁਗਾ ਜੁਗੰਤਰ ਵੇਸ ਕਰ, ਕਾਇਆ ਚੋਲਾ ਆਪ ਜਣਾਇੰਦਾ । ਨਵ ਨੌਂ ਬੇੜਾ ਪਾਰ ਕਰ, ਚਾਰ ਚਾਰ ਪੰਧ ਮੁਕਾਇੰਦਾ । ਸਾਚੇ ਤਖ਼ਤ ਆਪੇ ਖੜ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਚਾਰ ਜੁਗ ਦੇ ਕਰਤੇ ਏਕਾ ਵਾਰ ਫੜ, ਪਿਛਲੀ ਕਰਨੀ ਸਭ ਦੀ ਵੇਖ ਵਖਾਇੰਦਾ । ਦੋ ਜਹਾਨ ਵਖਾਏ ਘਰ ਘਰ, ਦੋਏ ਦੋਏ ਨੇਤਰ ਨਾਲ ਮਿਲਾਇੰਦਾ । ਆਪਣੀ ਕਰਨੀ ਸਭ ਨੇ ਲੈਣੀ ਭਰ, ਅੱਗੇ ਹੋ ਨਾ ਕੋਇ ਬਚਾਇੰਦਾ । ਪੁਰਖ ਅਬਿਨਾਸ਼ੀ ਅੱਗੇ ਸਾਰੇ ਕੰਬਣ ਥਰ ਥਰ, ਆਪਣਾ ਬਲ ਨਾ ਕੋਇ ਜਣਾਇੰਦਾ । ਤੂ ਹੀ ਪੁਰਖ ਤੂ ਹੀ ਨਾਰੀ ਨਰ, ਨਰਾਇਣ ਤੇਰਾ ਅੰਤ ਕੋਇ ਨਾ ਪਾਇੰਦਾ । ਆਦਿ ਜੁਗਾਦੀ ਘਾੜਨ ਘੜ, ਘੜ ਘੜ ਭਾਂਡੇ ਵੇਖ ਵਖਾਇੰਦਾ । ਪੰਜ ਤੱਤ ਕਾਇਆ ਚੋਲਾ ਜਗਤ ਅਗਨੀ ਜਾਏ ਸੜ, ਤੱਤਵ ਤੱਤ ਸੰਗ ਨਾ ਕੋਇ ਲਿਆਇੰਦਾ । ਨਿਰਗੁਣ ਸਰਗੁਣ ਆਪੇ ਲਿਆ ਫੜ, ਆਪਣਾ ਬੰਧਨ ਏਕਾ ਪਾਇੰਦਾ । ਚਰਨ ਕਵਲ ਲਿਆ ਧਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਅੰਤ ਕੋਇ ਨਾ ਪਾਇੰਦਾ । ਤੇਰਾ ਅੰਤ ਨਾ ਪਾਰਾਵਾਰ, ਗੁਰ ਗੁਰ ਦੇਣ ਦੁਹਾਈਆ । ਤੂੰ ਸਤਿਗੁਰ ਸੱਚਾ ਸਾਹਿਬ ਦਾਤਾਰ, ਬੇਅੰਤ ਤੇਰੀ ਵਡਿਆਈਆ । ਹਉਂ ਸੇਵਕ ਸੇਵਾਦਾਰ, ਬਣ ਚਾਕਰ ਸੇਵ ਕਮਾਈਆ । ਤੇਰਾ ਹੁਕਮ ਤੇਰਾ ਵਰਤਾਰ, ਹੁਕਮੇ ਅੰਦਰ ਸਰਬ ਭੁਵਾਈਆ । ਸਤਿਜੁਗ ਤ੍ਰੇਤਾ ਦੁਆਪਰ ਕੱਟ ਕੇ ਆਏ ਵੰਗਾਰ, ਲੋਕਮਾਤ ਫੇਰਾ ਪਾਈਆ । ਕਲਜੁਗ ਅੰਤਮ ਗਏ ਹਾਰ, ਭੁੱਲੀ ਸਰਬ ਲੋਕਾਈਆ । ਘਰ ਘਰ ਦਰ ਦਰ ਚਾਰ ਕੁੰਟ, ਦਹਿ ਦਿਸ਼ਾ ਦਿਸੇ ਵਿਭਚਾਰ, ਸਚ ਸ਼ਿੰਗਾਰ ਨਾ ਕੋਇ ਕਰਾਈਆ । ਮੁੱਲਾਂ ਸ਼ੇਖ਼ ਮੁਸਾਇਕ ਪੰਡਤ ਪਾਂਧੇ ਗਏ ਹਾਰ, ਹਰਿ ਕਾ ਨਾਮ ਨਾ ਕੋਇ ਸਮਝਾਈਆ । ਪੜ੍ਹ ਪੜ੍ਹ ਥੱਕੇ ਜੀਵ ਗਵਾਰ, ਪੜ੍ਹ ਪੁਸਤਕ ਵਾਦ ਵਧਾਈਆ । ਕਾਇਆ ਮੰਦਰ ਅੰਦਰ ਖੋਲ੍ਹੇ ਨਾ ਕੋਈ ਕਿਵਾੜ, ਆਤਮ ਤਾਕੀ

ਕੋਇ ਨਾ ਲਾਹੀਆ । ਸਾਧ ਸੰਤ ਫਿਰਨ ਜੰਗਲ ਜੂਹ ਉਜਾੜ ਪਹਾੜ, ਬਣ ਖੰਡ ਬੈਠੇ ਧੂਆਂ ਲਾਈਆ । ਅੰਤਰ ਲੱਗੀ ਅਗਨੀ ਹਾੜ, ਤ੍ਰੈਗੁਣ ਬਸੰਤਰ ਨਾ ਕੋਇ ਬੁਝਾਈਆ । ਮਨ ਇਛਿਆ ਵੇਸਵਾ ਨਾਰ ਚਲੇ ਨਾਲ ਨਾਲ, ਨਾ ਕੋਇ ਸਕੇ ਪੱਲੂ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣੀ ਮਾਣ ਵਡਿਆਈਆ । ਮਾਣ ਵਡਿਆਈ ਤੇਰੇ ਹੱਥ, ਪੁਰਖ ਅਕਾਲ ਸੱਚੇ ਦਾਤਾਰਾ । ਜਿਉਂ ਭਾਵੇਂ ਤਿਉਂ ਲੈਣਾ ਰਖ, ਕਲਜੁਗ ਆਈ ਅੰਤਮ ਵਾਰਾ । ਸਭ ਦੇ ਭਾਂਡੇ ਦਿਸਣ ਸਖ, ਨਾ ਕੋਈ ਮੰਦਰ ਗੁਰੂਦੁਆਰਾ । ਚਾਰੋਂ ਕੁੰਟ ਹੋਇਆ ਭੱਠ, ਭੱਠ ਖੇੜਾ ਦਿਸੇ ਸੰਸਾਰਾ । ਕਿਸੇ ਅੰਤਰ ਨਾ ਧੀਰਜ ਜਤ, ਸਤਿ ਸੰਤੋਖ ਨਾ ਕੋਇ ਅਧਾਰਾ । ਚਾਰ ਕੁੰਟ ਚਾਰ ਵਰਨ ਚਲੌਣ ਆਪਣੀ ਮਤ, ਏਕਾ ਭੁੱਲਿਆ ਹਰਿ ਨਿਰੰਕਾਰਾ । ਪੜ੍ਹ ਪੜ੍ਹ ਸ਼ਾਸਤਰ ਸਿਮਰਤ ਵੇਦ ਪੁਰਾਨ ਗਾਵਣ ਜਸ, ਹਰਿ ਜੂ ਵਸੇ ਵੇਦ ਪੁਰਾਨਾਂ ਬਾਹਰਾ । ਨਾਨਕ ਸਤਿਗੁਰ ਰਿਹਾ ਹੱਸ, ਕਲਜੁਗ ਭੁੱਲੇ ਜੀਵ ਗਵਾਰਾ । ਗੋਬਿੰਦ ਕਹੇ ਮੈਂ ਮਾਰਗ ਆਇਆ ਦੱਸ, ਏਕਾ ਪਿਤਾ ਪੁਰਖ ਅਗੰਮ ਅਪਾਰਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਅਪਰ ਅਪਾਰਾ । ਅਪਰ ਅਪਾਰ ਖੇਲ ਮਹਾਨਾ, ਹਰਿ ਜੂ ਭੇਵ ਕੋਇ ਨਾ ਪਾਈਆ । ਤੂੰ ਆਦਿ ਜੁਗਾਦਿ ਸੱਚਾ ਸੁਲਤਾਨਾ, ਸ਼ਹਿਨਸ਼ਾਹ ਤੇਰੀ ਵਡਿਆਈਆ । ਜੋਧਾ ਸੂਰਬੀਰ ਮਰਦ ਮਰਦਾਨਾ, ਬਲ ਆਪਣਾ ਆਪ ਧਰਾਈਆ । ਤੂੰ ਭੂਪਤ ਭੂਪ ਰਾਜ ਰਾਜਾਨਾ, ਹੁਕਮੀ ਹੁਕਮ ਆਪ ਵਰਤਾਈਆ । ਸਚਖੰਡ ਨਿਵਾਸੀ ਤੇਰਾ ਖੇਲ ਮਹਾਨਾ, ਦੋ ਜਹਾਨਾਂ ਵੇਖ ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤੇਰਾ ਸੁਣਦੇ ਰਹੇ ਤਰਾਨਾ, ਸੁਣ ਤਰਾਨਾ ਲੋਕਮਾਤ ਸੁਣਾਈਆ । ਲਿਖ ਲਿਖ ਲੇਖ ਬਣਿਆ ਜਗਤ ਮਹਾਨਾ, ਲਿਖਿਆ ਲੇਖ ਲੇਖਕ ਦਏ ਜਣਾਈਆ । ਬਿਨ ਤੇਰੇ ਨਾਉਂ ਮਿਲੇ ਨਾ ਕੋਇ ਟਿਕਾਣਾ, ਏਥੇ ਓਥੇ ਨਾ ਕੋਇ ਸਹਾਈਆ । ਕਲਜੁਗ ਅੰਤਮ ਨੌਂ ਖੰਡ ਪ੍ਰਿਥਮੀ ਰਸਨਾ ਜਿਹਵਾ ਦੀਨ ਮਜ਼੍ਹਬ ਗਾਏ ਗਾਣਾ, ਜ਼ਾਤ ਪਾਤ ਵੰਡ ਵੰਡਾਈਆ । ਪੰਜ ਤੱਤ ਇਸ਼ਟ ਰਖਾਣਾ, ਕਾਇਆ ਮਾਟੀ ਪੂਜਸ ਪੂਜ ਪੁਜਾਈਆ । ਹਰਿ ਕਾ ਸ਼ਬਦ ਨਾ ਕਿਸੇ ਪਛਾਣਾ, ਗੁਰ ਸ਼ਬਦ ਨਜ਼ਰ ਨਾ ਆਈਆ । ਕਾਗਜ਼ ਸ਼ਾਹੀ ਉਤੇ ਰੱਖਿਆ ਮਾਣਾ, ਕਲਮ ਸ਼ਾਹੀ ਅੰਤ ਕੰਮ ਕਿਸੇ ਨਾ ਆਈਆ । ਸਾਰੇ ਰਲ ਮਿਲ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜ਼ੀਲ ਕੁਰਾਨ ਪ੍ਰਭ ਅਬਿਨਾਸ਼ੀ ਦਾ ਕਰਨ ਧਿਆਨਾ, ਨੇਤਰ ਨੈਣ ਨੈਣ ਉਠਾਈਆ । ਪੁਰਖ ਅਬਿਨਾਸ਼ੀ ਜੋਧਾ ਸੂਰਬੀਰ ਬਲੀ ਬਲਵਾਨਾ, ਆਪਣਾ ਬਲ ਨਾ ਕਿਸੇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਕਲਮ ਸ਼ਾਹੀ ਕਾਗ਼ਜ਼ ਕਰੇ ਪੁਕਾਰ, ਨੇਤਰ ਨੈਣਾਂ ਨੀਰ ਵਹਾਇਆ । ਤੇਰਾ ਲੇਖਾ ਲਿਖ ਲਿਖ ਗਏ ਗੁਰ ਅਵਤਾਰ, ਪੀਰ ਪੈਗ਼ੰਬਰ ਸੇਵ ਕਮਾਇਆ । ਤੇਰਾ ਮਾਰਗ ਦਿਸੇ ਨਾ ਅਗੰਮ ਅਪਾਰ, ਮੰਜ਼ਲ ਹੱਥ ਕਿਸੇ ਨਾ ਆਇਆ । ਕੋਟਨ ਕੋਟ ਚੜ੍ਹ ਚੜ੍ਹ ਗਏ ਹਾਰ, ਅਧਵਿਚਕਾਰੇ ਡੇਰਾ ਢਾਹਿਆ । ਅੰਤਮ ਤੂ ਹੀ ਤੂ ਹੀ ਤੂ ਹੀ ਕਰ ਪੁਕਾਰ, ਬੇਅੰਤ ਬੇਅੰਤ ਬੇਅੰਤ ਤੇਰਾ ਨਾਉਂ ਵਡਿਆਇਆ । ਅਸੀਂ ਦੇ ਦੇ ਸਿਖਿਆ ਗਏ ਹਾਰ, ਸਾਡੀ ਸਿਖਿਆ ਕੰਮ ਕਿਸੇ ਨਾ ਆਇਆ । ਧੁਰ ਦਾ ਲਿਖਿਆ ਵਿਕਿਆ ਹੱਟ ਬਾਜ਼ਾਰ, ਕੌਡੀ ਕੌਡੀ ਮੁਲ ਪੁਵਾਇਆ । ਰਸਨਾ ਕਹਿਣ ਸਾਡਾ ਗੁਰੂ ਮਹਾਰਾਜ, ਰਾਤੀ ਸੁਤਿਆਂ ਅੰਦਰ ਬੰਦ ਕਰਾਇਆ । ਬਿਨ ਬੁਲਾਇਆਂ ਦੇਵੇ ਨਾ ਅੱਗੋਂ ਅਵਾਜ਼ ਆਪਣਾ ਬਲ ਨਾ ਕੋਇ ਰਖਾਇਆ । ਜੀਵ ਜੰਤ ਬੱਝਾ ਵਿਚ ਸਮਾਜ, ਸਾਚਾ ਭੇਵ ਨਾ ਕੋਇ ਖੁਲ੍ਹਾਇਆ । ਪੀਰ ਪੈਗ਼ੰਬਰ ਮੁੱਲਾ ਸ਼ੇਖ਼ ਮੁਸ਼ਾਇਕ ਤੇਰੇ ਬਰਦੇ ਬਣ ਬਣ ਤੇਰੇ ਦਰ ਦਰ ਪੜ੍ਹਦੇ ਗਏ ਨਿਮਾਜ਼, ਨਿਉਂ ਨਿਉਂ ਆਪਣਾ ਸੀਸ ਝੁਕਾਇਆ । ਭਗਤ ਕਹਿਣ ਭਗਵਾਨ ਸਾਡਾ ਸਾਜਣ ਲਿਆ ਸਾਜ, ਸਿਰ ਸਾਡੇ ਹੱਥ ਰਖਾਇਆ । ਨਾਨਕ ਗੋਬਿੰਦ ਕਹੇ ਏਕਾ ਏਕ ਚਲਾਏ ਜਹਾਜ, ਸਚਖੰਡ ਸਾਚੇ ਬੈਠਾ ਆਸਣ ਲਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਲਮ ਸ਼ਾਹੀ ਦਏ ਦੁਹਾਇਆ । ਕਲਮ ਸ਼ਾਹੀ ਨੇਤਰ ਰੋਏ, ਨੈਣਾਂ ਨੈਣਾਂ

੧੯੦

ਨੀਰ ਵਹਾਈਆ । ਤੁਧ ਬਿਨ ਦੁਖੜਾ ਸੁਣੇ ਨਾ ਕੋਇ, ਚਾਰੋਂ ਕੁੰਟ ਕੂਕ ਸੁਣਾਈਆ । ਤੁਧ ਬਿਨ ਪਰਕਾਸ਼ ਕਰੇ ਨਾ ਕੋਈ ਲੋਏ, ਅੰਧ ਅੰਧੇਰਾ ਰਿਹਾ ਛਾਈਆ । ਮੈਂ ਲੋਕਮਾਤ ਚਾਰ ਖਾਣੀ ਅੱਗੇ ਲੈ ਕੇ ਆਈ ਢੋਏ, ਬਾਣੀ ਬਣ ਬਣ ਰੂਪ ਵਟਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਸਾਰੇ ਟੋਹੇ, ਘਰ ਘਰ ਫੇਰਾ ਪਾਈਆ । ਕਲਜੁਗ ਅੰਤਮ ਸਾਰੇ ਹੋਏ ਮਰਦ ਅਧ ਮੋਏ, ਆਪਣਾ ਬਲ ਨਾ ਕੋਇ ਰਖਾਈਆ । ਤ੍ਰੈਗੁਣ ਮਾਇਆ ਮਮਤਾ ਮੋਹੇ, ਮਨ ਵਾਸਨਾ ਹੋਏ ਹਲਕਾਈਆ । ਤੇਰਾ ਨਾਉਂ ਨਾ ਜਾਣੇ ਕੋਇ, ਪੜ੍ਹ ਪੜ੍ਹ ਥੱਕੀ ਸਰਬ ਲੋਕਾਈਆ । ਸਾਚਾ ਬੀਜ ਨਾ ਕੋਇ ਬੋਏ, ਲੱਖ ਚੁਰਾਸੀ ਸਿੰਮਲ ਰਿਹਾ ਲਹਿਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਅੱਗੇ ਇਕ ਅਰਜ਼ੋਈਆ । ਤੇਰੇ ਅੱਗੇ ਇਕ ਅਰਦਾਸ, ਮੇਰੇ ਸਾਹਿਬ ਸੱਚੇ ਸੁਲਤਾਨਾ । ਮੈਂ ਲਿਖ ਲਿਖ ਲੇਖ ਤੇਰਾ ਸੇਵਾ ਕੀਤੀ ਖਾਸ, ਤੇਰਾ ਗਾਇਆ ਸਚ ਤਰਾਨਾ । ਕਲਜੁਗ ਅੰਤਮ ਮੇਰੇ ਵਿਚ ਦਿਸੇ ਨਾ ਕੋਈ ਸਾਸ, ਮੇਰਾ ਤੁਟਾ ਮਾਣ ਅਭਿਮਾਨਾ । ਮੇਰੀ ਪੂਰੀ ਹੋਈ ਨਾ ਆਸ, ਕਲਜੁਗ ਜੀਵ ਮਿਲੇ ਸ਼ੈਤਾਨਾ । ਕਰ ਕਿਰਪਾ ਸੱਦ ਲੈ ਪਾਸ, ਮਿਹਰਵਾਨ ਸ੍ਰੀ ਭਗਵਾਨਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਵਰ ਦੇ ਦੇ ਸੱਚਾ ਦਾਨਾ । ਦੇ ਵਰ ਮੇਰੇ ਭਗਵੰਤ, ਤੇਰੇ ਅੱਗੇ ਝੋਲੀ ਡਾਹੀਆ । ਤੂੰ ਬਣਾਈ ਮੇਰੀ ਬਣਤ, ਗੁਰ ਅਵਤਾਰਾਂ ਕਰ ਪੜ੍ਹਾਈਆ । ਤੇਰੇ ਹੱਥ ਲੇਖਾ ਅੰਤ, ਅੰਤ ਤੇਰੇ ਚਰਨਾਂ ਓਟ ਰਖਾਈਆ । ਪਹਿਲਾਂ ਗੌਂਦੇ ਰਹੇ ਮੈਨੂੰ ਸੰਤ, ਸਤਿਗੁਰ ਤੇਰੀ ਓਟ ਰਖਾਈਆ । ਹੁਣ ਸਾਰੇ ਹੋਏ ਨੰਗਤ, ਤੇਰਾ ਨਾਮ ਓਢਣ ਕੋਇ ਨਾ ਆਈਆ । ਦਰ ਭਿਖਾਰੀ ਬਣੇ ਮੰਗਤ, ਦਰ ਦਰ ਫੇਰਾ ਪਾਈਆ । ਅੰਤਮ ਗੜ੍ਹ ਬਣਿਆ ਹਉਮੇ ਹੰਗਤ, ਹਰਿ ਕੇ ਪੌੜੇ ਨਾ ਕੋਇ ਚੜ੍ਹਾਈਆ । ਜੋਤੀ

੧੯੧ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਅੱਗੇ ਮੰਗ ਮੰਗਾਈਆ । ਮੰਗਾਂ ਮੰਗ ਮੇਰੇ ਦਾਤਾਰ, ਚਰਨੀ ਚਰਨ ਸੀਸ ਝੁਕਾਇਆ । ੧੯੧

ਤੇਰੀ ਮਹਿਮਾ ਲਿਖ ਲਿਖ ਗਈ ਹਾਰ, ਚਾਰ ਜੁਗ ਸੇਵ ਕਮਾਇਆ । ਗੁਰ ਅਵਤਾਰ ਕਰ ਕਰ ਗਏ ਪੁਕਾਰ, ਤੇਰਾ ਢੋਲਾ ਸੋਹਲਾ ਮਾਤ ਸੁਣਾਇਆ । ਜੀਵ ਜੰਤ ਕਰੇ ਨਾ ਕੋਈ ਵਿਚਾਰ, ਤੂੰ ਵਿਚਾਰ ਵਿਚ ਕਦੇ ਨਾ ਆਇਆ । ਮੈਨੂੰ ਪੜ੍ਹ ਪੜ੍ਹ ਕਰਨ ਖੁਆਰ, ਦਰ ਦਰ ਦੇਵਣ ਧੱਕਾ ਲਾਇਆ । ਮੈਂ ਨਿਤ ਨਿਤ ਰੋਵਾਂ ਜ਼ਾਰੋ ਜ਼ਾਰਾ, ਨੇਤਰ ਨੈਣ ਨੈਣ ਉਠਾਇਆ । ਕਲਜੁਗ ਜੀਵ ਹੋਏ ਵਿਭਚਾਰ, ਵਿਭਚਾਰੀ ਆਪਣਾ ਕਰਮ ਰਹੇ ਕਮਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਦੇ ਮੁਕਾਇਆ । ਮੇਰਾ ਲੇਖਾ ਦੇ ਮੁਕਾ, ਤੇਰੇ ਦਰ ਦਰ ਸੀਸ ਝੁਕਾਇਆ । ਬਣ ਨਿਮਾਣੀ ਰਹੀ ਕੁਰਲਾ, ਚਾਰੇ ਬਾਣੀ ਵਾਸਤਾ ਪਾਇਆ । ਕਾਮ ਕਰੋਧ ਲੋਭ ਮੋਹ ਹੰਕਾਰ ਹੋਇਆ ਹਲਕਾ, ਵਾਂਗ ਸੁਆਨ ਘਰ ਘਰ ਰਿਹਾ ਦੌੜਾਇਆ । ਮੈਨੂੰ ਪੜ੍ਹਨ ਵਾਲੇ ਤੇਰਾ ਨਾਮ ਗਏ ਭੁਲਾ, ਤੇਰਾ ਭੈ ਨਾ ਕੋਇ ਰਖਾਇਆ । ਧੀਆਂ ਭੈਣਾਂ ਰਹੇ ਤਕਾ, ਪਹਿਲੋਂ ਆਪਣਾ ਨੇਤਰ ਨੈਣ ਉਠਾਇਆ । ਫੇਰ ਮੇਰੇ ਉਤੋਂ ਪੜਦਾ ਲੈਣ ਲਾਹ, ਵਰਕਾ ਵਰਕਾ ਲੈਣ ਉਲਟਾਇਆ । ਰਸਨਾ ਗਾਉਂਦੇ ਚੜ੍ਹਿਆ ਚਾਅ, ਮਾਇਆ ਰਾਣੀ ਨਾਲ ਪਰਨਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰੇ ਦਰ ਸਾਚੀ ਮੰਗ ਮੰਗਾਇਆ । ਮੰਗਾ ਮੰਗ ਬਣ ਨਿਮਾਣੀ, ਦਰ ਤੇਰੇ ਸੀਸ ਝੁਕਾਈਆ । ਤੂੰ ਬਣਾਈ ਸਾਚੀ ਰਾਣੀ, ਲੋਕਮਾਤ ਦਿਤੀ ਵਡਿਆਈਆ । ਤੂੰ ਸੁਣਾਈ ਅਕਥ ਕਹਾਣੀ, ਗੁਰ ਅਵਤਾਰਾਂ ਦੇ ਵਡਿਆਈਆ । ਮੇਰਾ ਨਾਉਂ ਧਰਾਇਆ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਬੌਹੜੀ ਬੌਹੜੀ ਕਲਜੁਗ ਮਿਲੇ ਨਾ ਕੋਈ ਸੱਚਾ ਹਾਣੀ, ਮੇਰਾ ਸੰਗ ਨਾ ਕੋਇ ਰਖਾਈਆ । ਅੰਮ੍ਰਿਤ ਮਿਲੇ ਨਾ ਠੰਡਾ ਪਾਣੀ, ਸਾਂਤਕ ਸਤਿ ਨਾ ਕੋਇ ਜਣਾਈਆ । ਮੈਨੂੰ ਪੜ੍ਹਣ ਵਾਲੇ ਹੋਏ ਸ਼ੈਤਾਨੀ, ਸ਼ਰਅ ਆਪਣੇ ਗਲ ਪੁਵਾਈਆ । ਮੇਰੇ ਨੇਤਰ ਨੈਣ ਸ਼ਰਮਾਨੀ, ਉਪਰ ਅੱਖ ਨਾ ਸਕਾਂ ਉਠਾਈਆ । ਮੈਨੂੰ ਮੱਥਾ ਟੇਕਣ ਵਾਲੇ ਕਰਨ ਬੇਈਮਾਨੀ, ਤੇਰਾ ਨਾਉਂ ਗਏ

ਭੁਲਾਈਆ । ਤੂੰ ਸਰਬ ਘਟਾ ਦਾ ਜਾਣ ਜਾਣੀ, ਜਾਨਣਹਾਰ ਤੇਰੀ ਵਡਿਆਈਆ । ਮੈਂ ਲੈ ਕੇ ਆਈ ਤੇਰੀ ਨਿਸ਼ਾਨੀ, ਕਲਜੁਗ ਜੀਵ ਤੇਰਾ ਨਿਸ਼ਾਨਾ ਰਹੇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇ ਦੇ ਸਾਚਾ ਵਰ, ਦਰ ਤੇਰੇ ਝੋਲੀ ਡਾਹੀਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਆਪਣੀ ਦਇਆ ਕਮਾਇੰਦਾ । ਅੰਤਮ ਲੇਖਾ ਚੁਕਾ ਆਣ, ਸਭ ਦਾ ਪੰਧ ਮੁਕਾਇੰਦਾ । ਤੇਰੀ ਬੇਨੰਤੀ ਕਰ ਪਰਵਾਨ, ਆਪਣੇ ਵਿਚ ਰਖਾਇੰਦਾ । ਚਾਰ ਜੁਗ ਦਾ ਮੇਟ ਨਿਸ਼ਾਨ, ਚਾਰੇ ਕੁੰਟ ਫੇਰਾ ਪਾਇੰਦਾ । ਸਤਿ ਸਤਿਵਾਦੀ ਨਿਗਹਬਾਨ, ਨਿਗਹ ਆਪਣੀ ਆਪ ਉਠਾਇੰਦਾ । ਏਕਾ ਨਾਉਂ ਕਰ ਬਲਵਾਨ, ਲੋਕਮਾਤ ਹੁਕਮ ਚਲਾਇੰਦਾ । ਲੱਖ ਚੁਰਾਸੀ ਦੇਵੇ ਗਿਆਨ, ਗਿਆਨ ਆਪਣਾ ਆਪ ਪਰਗਟਾਇੰਦਾ । ਨੌਂ ਖੰਡ ਪ੍ਰਿਥਮੀ ਮਾਰੇ ਬਾਣ, ਬਾਣ ਨਿਰਾਲਾ ਆਪ ਚਲਾਇੰਦਾ । ਲੱਖ ਚੁਰਾਸੀ ਕਰ ਪਹਿਚਾਨ, ਭਗਤ ਭਗਵੰਤ ਵੇਖ ਵਖਾਇੰਦਾ । ਦਰ ਦੁਆਰੇ ਦੇਵੇ ਮਾਣ, ਸਿਰ ਆਪਣਾ ਹੱਥ ਟਿਕਾਇੰਦਾ । ਤੂੰ ਵੀ ਚਰਨੀ ਡਿਗੀਂ ਆਣ, ਆਪਣਾ ਭੇਵ ਖੁਲ੍ਹਾਇੰਦਾ । ਸਾਚੇ ਭਗਤ ਕਰਨ ਤੈਨੂੰ ਪਰਵਾਨ, ਤੇਰਾ ਲੜ ਨਾਲ ਲੜ ਬੰਧਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਆਪ ਸੁਣਾਇੰਦਾ । ਧੁਰ ਫ਼ਰਮਾਨਾ ਦਏ ਸੰਦੇਸਾ, ਹਰਿ ਜੂ ਹਰਿ ਹਰਿ ਆਪ ਜਣਾਈਆ । ਕਰੇ ਖੇਲ ਨਰ ਨਰੇਸ਼ਾ, ਸਾਚੇ ਤਖ਼ਤ ਬੈਠਾ ਸੱਚਾ ਸ਼ਹਿਨਸ਼ਾਹੀਆ । ਨਿਰਗੁਣ ਧਾਰੇ ਆਪਣਾ ਵੇਸਾ, ਨਿਰਵੈਰ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਦਰ ਸਾਚੇ ਵੱਜੇ ਵਧਾਈਆ । ਸਾਚਾ ਵਰ ਸੁਣ ਲੈ ਬਾਤ, ਹਰਿ ਬਾਤਨ ਆਪ ਜਣਾਇੰਦਾ । ਚਾਰ ਜੁਗ ਤੂੰ ਗਾਉਂਦੀ ਰਹੀ ਗਾਥ, ਮੇਰਾ ਨਾਉਂ ਤੇਰਾ ਰੰਗ ਵਖਾਇੰਦਾ । ਅੰਤਮ ਦਿਸੇ ਕੋਇ ਨਾ ਸਾਥ, ਸਗਲਾ

ਸੰਗ ਨਾ ਕੋਇ ਨਿਭਾਇੰਦਾ । ਚਾਰ ਕੁੰਟ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚੜ੍ਹਾਇੰਦਾ । ਪੜ੍ਹ ਪੜ੍ਹ ਮੁੱਕੇ ਨਾ ਤੇਰੀ ਵਾਟ, ਤੂੰ ਪੜ੍ਹਿਆਂ ਹੱਥ ਕਿਸੇ ਨਾ ਆਇੰਦਾ ।
੧੯੨
ਤੇਰਾ ਨੇੜੇ ਦਿਸੇ ਹਾਟ, ਜਿਸ ਜਨ ਆਪਣੀ ਦਇਆ ਕਮਾਇੰਦਾ । ਕਰ ਕਿਰਪਾ ਮੇਰੀ ਮੁਕਾ ਵਾਟ, ਅੰਤ ਭਗਵੰਤ ਤੇਰਾ ਦਰ ਮੋਹੇ ਭਾਇੰਦਾ । ਜਗਤ ਖੇਲ ਬਾਜ਼ੀਗਰ ਨਾਟ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਇੰਦਾ । ਸਿਰ ਰੱਖ ਹੱਥ ਨਿਰੰਕਾਰਾ, ਨਿਰਗੁਣ ਨਰ ਹਰਿ ਆਪ ਜਣਾਇੰਦਾ । ਤੂੰ ਔਣਾ ਚਲ ਦੁਆਰਾ, ਭਗਤ ਦੁਆਰਾ ਇਕ ਵਖਾਇੰਦਾ । ਓਥੇ ਕਰਾਂ ਸਚ ਵਿਹਾਰਾ, ਗੁਰ ਅਵਤਾਰਾਂ ਨਾਲ ਮਿਲਾਇੰਦਾ । ਜਿਨ੍ਹਾਂ ਗਾਈ ਤੇਰੀ ਵਾਰਾ, ਤਿਨ੍ਹਾਂ ਤੇਰੇ ਕੋਲ ਬਹਾਇੰਦਾ । ਪਹਿਲੋਂ ਕਰਨ ਉਹ ਨਿਮਸਕਾਰਾ, ਫੇਰ ਤੇਰਾ ਸੀਸ ਝੁਕਾਇੰਦਾ । ਤੇਰਾ ਝੁਕਿਆ ਸੀਸ ਤੇਰਾ ਪਾਰ ਕਰਾਏ ਕਿਨਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਆਪਣੇ ਹੱਥ ਰਖਾਇੰਦਾ । ਸਾਚਾ ਭੇਵ ਦੱਸ ਭਗਵਾਨ, ਮੇਰੇ ਸੱਚੇ ਸਾਹਿਬ ਗੁਸਾਈਆ । ਕਵਣ ਵੇਲਾ ਦਰ ਡਿਗਾ ਆਣ, ਲੈ ਨਿਮਾਣੀ ਗਲੇ ਲਗਾਇਆ । ਮੇਰਾ ਛੁੱਟਾ ਪੀਣ ਖਾਣ, ਦਿਵਸ ਰੈਣ ਰਹੀ ਕੁਰਲਾਇਆ । ਮੈਨੂੰ ਸਕੇ ਨਾ ਕੋਈ ਪਛਾਣ, ਮੇਰਾ ਭੇਵ ਕਿਸੇ ਨਾ ਪਾਇਆ । ਨਾਨਕ ਨਿਰਗੁਣ ਚਾਰ ਵਰਨਾਂ ਦੇ ਕੇ ਗਿਆਨ, ਚਾਰੇ ਵਰਨ ਗਏ ਭੁਲਾਇਆ । ਅੰਤਮ ਸਭ ਦੀ ਕਰਨੀ ਹਾਣ, ਹਰਿ ਜੂ ਤੇਰੇ ਹੱਥ ਵਡਿਆਇਆ । ਗੋਬਿੰਦ ਵਖਾ ਕੇ ਗਿਆ ਇਕ ਕਿਰਪਾਨ, ਕਿਰਪਾਨਿਧ ਦਇਆ ਕਮਾਇਆ । ਪੰਜਾਂ ਮੇਲਾ ਵਿਚ ਜਹਾਨ, ਪੰਚਮ ਸਾਚਾ ਜੋੜ ਜੁੜਾਇਆ । ਸਚ ਸੁੱਚ ਦਾ ਇਕ ਵਿਧਾਨ, ਬਣ ਬਿਧਾਤਾ ਆਪ ਰਖਾਇਆ । ਅੰਤਮ ਦਿਸੇ ਨਾ ਕੋਇ ਜਵਾਨ, ਸੂਰਬੀਰ ਨਜ਼ਰ ਕੋਇ ਨਾ ਆਇਆ । ਧੀਰਜ ਜਤ ਨਾ ਕਿਸੇ ਮਕਾਨ, ਸਾਚਾ ਹਠ ਨਾ ਕੋਇ ਰਖਾਇਆ । ਅੰਦਰ ਵੜਿਆ ਤੱਤ ਸ਼ੈਤਾਨ, ਆਪਣੀ ਸ਼ਰਅ ਰਿਹਾ ਚਲਾਇਆ । ਏਕਾ ਭੁੱਲਿਆ ਗੁਰ ਫ਼ਰਮਾਣ, ਫ਼ਰਮਾਬਰਦਾਰ ਨਜ਼ਰ ਕੋਇ ਨਾ ਆਇਆ । ਗੋਬਿੰਦ ਸੂਰਾ ਵਡ ਬਲਵਾਨ, ਦੋ ਜਹਾਨਾਂ ਵੇਖ ਵਖਾਇਆ । ਕਲਜੁਗ ਅੰਤਮ ਹੋਏ ਹੈਰਾਨ, ਸਾਰੇ ਹਰਿ ਜੂ ਰਹੇ ਭੁਲਾਇਆ । ਕੋਈ ਮੰਨੇ ਨਾ ਪੁਰਖ ਅਕਾਲ,

ਇੱਟਾ ਪੱਥਰ ਰਹੇ ਸੀਸ ਝੁਕਾਇਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰੇ ਹੱਥ ਸਰਬ ਵਡਿਆਇਆ । ਤੇਰੇ ਹੱਥ ਵਡਿਆਈ ਸੱਚੇ ਭਗਵਾਨ, ਮਹਿਮਾ ਅਗਣਤ ਗਣੀ ਨਾ ਜਾਈਆ । ਜੁਗ ਜੁਗ ਮੇਟੇ ਤੂ ਹੀ ਨਿਸ਼ਾਨ, ਜਗਤ ਨਿਸ਼ਾਨਾ ਤੂ ਹੀ ਝੁਲਾਈਆ । ਤੇਰਾ ਨਾਉਂ ਹੋਏ ਪਰਧਾਨ, ਸਤਿ ਪਰਧਾਨਗੀ ਮਾਤ ਕਮਾਈਆ । ਤੂੰ ਆਦਿ ਜੁਗਾਦੀ ਸ਼ਾਹ ਸੁਲਤਾਨ, ਦੂਸਰ ਰਾਜ ਨਾ ਕੋਇ ਕਮਾਈਆ । ਤੇਰਾ ਹੁਕਮ ਇਕ ਫ਼ਰਮਾਨ, ਦੋ ਜਹਾਨਾਂ ਰਿਹਾ ਝੁਲਾਈਆ । ਕਲਜੁਗ ਅੰਤਮ ਵੇਖਿਆ ਆਣ, ਚਾਰੋਂ ਕੁੰਟ ਅੰਧੇਰਾ ਛਾਈਆ । ਨਾ ਕੋਈ ਸਿਦਕ ਨਾ ਈਮਾਨ, ਸ਼ਰਅ ਸ਼ਰੀਅਤ ਰਹੀ ਕੁਰਲਾਈਆ । ਨਾ ਕੋਈ ਮਜ਼੍ਹਬ ਨਾ ਇਸਲਾਮ, ਇਸਮ ਆਜਮ ਨਾ ਕੋਇ ਵਖਾਈਆ । ਪੜ੍ਹ ਪੜ੍ਹ ਥੱਕੇ ਅੰਜੀਲ ਕੁਰਾਨ, ਸਾਚਾ ਮਸਲਾ ਹੱਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਲੈਣਾ ਕਰ, ਸਾਡੀ ਚਲੇ ਨਾ ਕੋਇ ਚਤੁਰਾਈਆ ।

### ★ ੧੧ ਹਾੜ ੨੦੨੦ ਬਿਕ੍ਰਮੀ ਭਲਾਈਪੁਰ ਡੋਗਰਾਂ ਸੰਗਤ ਦੇ ਨਵਿਤ ਦਰਬਾਰ ਵਿਚ ਜੇਠੂਵਾਲ ★

ਸਚ ਪ੍ਰੀਤ ਕਰੇ ਜਗ ਭਗਤ, ਸ੍ਰੀ ਭਗਵਾਨ ਧਿਆਨ ਲਗਾਈਆ । ਜੁਗ ਚੌਕੜੀ ਸੁਹਾਏ ਵਕਤ, ਸੁਹੰਜਣੀ ਰੁੱਤ ਵਡਿਆਈਆ । ਲੇਖੇ ਲਾਏ ਆਪਣੀ ਰਕਤ, ਤਨ ਮਾਟੀ ਕੰਚਨ ਰੂਪ ਵਟਾਈਆ । ਘਰ ਆਪਣਾ ਵੇਖੇ ਪਰਤ, ਨਿਜ ਮੰਦਰ ਫੇਰਾ ਪਾਈਆ । ਲੇਖਾ ਚੁੱਕੇ ਜਗਤ ਹਰਸ, ਤ੍ਰਿਸਨਾ ਅਵਰ ਨਾ ਕੋਇ
੧੯੩ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਜਣਾਈਆ । ਸਚ ਪ੍ਰੀਤ ਮੰਗੇ ਧਰੂ, ਦਰ ਇਕ ਧਿਆਨ ਲਗਾਈਆ । ੧੯੩
ਤੇਰੀ ਆਤਮ ਤੇਰਾ ਰੂਹ, ਬੁੱਤ ਮੇਰਾ ਰੰਗ ਵਟਾਈਆ । ਤੇਰੀ ਮਹਿਮਾ ਜਾਣੇਂ ਤੂਹੀ ਤੂ, ਦੂਜੀ ਅਵਰ ਨਾ ਕੋਇ ਚਤਰਾਈਆ । ਮੈਂ ਤੇਰਾ ਨਾਉਂ ਗਾਵਾਂ ਹੂ, ਹੱਕ ਤੇਰੀ ਸਰਨਾਈਆ । ਕਰ ਕਿਰਪਾ ਨਾਲ ਜਾਣਾ ਛੂਹ, ਅੰਗੀਕਾਰ ਅੰਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਵੇ ਮਾਣ ਵਡਿਆਈਆ । ਸਚ ਪ੍ਰੀਤ ਕਰੀ ਪ੍ਰਹਿਲਾਦ, ਨਿਜ ਨੇਤਰ ਧਿਆਨ ਲਗਾਈਆ । ਸੋ ਸਾਹਿਬ ਸੁਣੇ ਫ਼ਰਯਾਦ, ਨਿਰਗੁਣ ਆਪਣਾ ਵੇਸ ਵਟਾਈਆ । ਜੋ ਜਨ ਅੰਤਰ ਬਾਹਰ ਕਰੇ ਯਾਦ, ਤਿਸ ਲੇਖਾ ਲੇਖੇ ਪਾਈਆ । ਵੇਸ ਵਟਾਏ ਜਿਸ ਰਚਨਾ ਰਚੀ ਆਦਿ, ਜੁਗ ਜੁਗ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਚ ਪ੍ਰੀਤ ਕਰੀ ਬਲ ਬਾਵਨ, ਏਕਾ ਰੰਗ ਸਮਾਈਆ । ਭੇਖ ਭਿਖਾਰੀ ਆਮ੍ਹਣ ਸਾਮ੍ਹਣ, ਦਰ ਦਰਵੇਸ਼ ਨਜ਼ਰੀ ਆਈਆ । ਆਕਾਸ਼ ਪਾਤਾਲ ਬਣਿਆ ਜ਼ਾਮਨ, ਸਾਚੀ ਜ਼ਾਮਨੀ ਆਪ ਨਿਭਾਈਆ । ਇਕ ਫੜਾਇਆ ਅਗੰਮੀ ਦਾਮਨ, ਪੱਲੂ ਛੁੱਟ ਕਦੇ ਨਾ ਜਾਈਆ । ਕਰ ਪਰਕਾਸ਼ ਆਪਣੇ ਭਾਣਣ, ਨੂਰੀ ਜੋਤ ਜੋਤ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਵਖਾਈਆ । ਸਚ ਪ੍ਰੀਤ ਕਰੇ ਅਮਰੀਕ, ਅੰਤਰ ਧਿਆਨ ਲਗਾਈਆ । ਸ੍ਰੀ ਭਗਵਾਨ ਹੋਏ ਸਹਾਈ ਠੀਕ, ਦਰਦੀ ਆਪਣਾ ਦਰਦ ਵੰਡਾਈਆ । ਦੁਰਬਾਸ਼ਾ ਨੇੜ ਨਾ ਆਏ ਨਜ਼ਦੀਕ, ਦੂਰ ਦੁਰਾਡਾ ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਸਚ ਪ੍ਰੀਤ ਜਨਕ ਕਮਾਈ, ਜਨ ਜਨਨੀ ਲੇਖੇ ਲਾਈਆ । ਸਚ ਸਪੁੱਤਰੀ ਏਕਾ ਜਾਈ, ਘਰ ਇਕੋ ਵੱਜੇ ਵਧਾਈਆ । ਇਸ਼ਟ ਦੇਵ ਗੁਰ ਇਕ ਮਨਾਈ, ਇਕੋ ਨੂਰ ਖੋਜ ਖੁਜਾਈਆ । ਅਸ਼ਟਾਬੱਕਰ ਮਿਲੀ ਵਡਿਆਈ, ਮਾਣ ਅਭਿਮਾਨ ਗਵਾਈਆ । ਸਾਚਾ ਮੇਲਾ ਹਰਿ ਰਘੁਰਾਈ, ਰਾਮ ਰਾਮ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਸਚ ਪ੍ਰੀਤੀ ਲਵੇ ਵਰ, ਘਰ ਆਪਣੇ ਝੋਲੀ ਡਾਹੀਆ । ਸਚ ਪ੍ਰੀਤ ਕਰੇ ਹਰੀ ਚੰਦ, ਹਰਿ ਹਰਿ ਜੂ ਧਿਆਨ ਲਗਾਈਆ । ਦਰ ਦੁਆਰਾ ਇਕੋ ਮੰਗ, ਇਕੋ ਆਸ ਰਖਾਈਆ । ਜਗਤ ਨਾਤਾ ਤੋੜ ਅਨੰਦ, ਘਰ ਸੁਖ ਸਾਗਰ ਵੇਖ ਵਖਾਈਆ । ਜਨਮ ਜਨਮ ਦਾ ਕੱਟ ਪੰਧ, ਮਰਨ ਮਰਨ ਦਾ ਭੈ ਮਿਟਾਈਆ । ਗ੍ਰਹਿ ਢੋਲਾ ਗਾਏ ਇਕੋ ਛੰਦ, ਅਗੰਮੀ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਇਕ ਲਗਾਈਆ । ਸਚ ਪ੍ਰੀਤੀ ਬਿਦਰ ਜਨ, ਸੋ ਸਾਹਿਬ ਆਪ ਜਣਾਈਆ । ਇਕੋ ਨਾਮ ਵਸਾਇਆ ਤਨ, ਹਿਰਦੇ ਹਰਿ ਸਮਾਈਆ । ਇਕੋ ਰਾਗ ਜਣਾਇਆ ਕੰਨ, ਅਨਹਦ ਨਾਦ ਵਜਾਈਆ । ਇਕੋ ਨੂਰ ਚੜ੍ਹਾਇਆ ਸਾਚਾ ਚੰਨ, ਜੋਤੀ ਜੋਤ ਜੋਤ ਰੁਸ਼ਨਾਈਆ । ਏਕਾ ਡੋਰੀ ਬੱਧਾ ਮਨ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਵਖਾਈਆ । ਸਚ ਪ੍ਰੀਤ ਕਰੇ ਸੁਦਾਮਾ, ਸੁੱਧ ਆਪਣੀ ਰਹਿਣ ਨਾ ਪਾਈਆ । ਮੇਲ ਮਿਲਾਵਾ ਸਾਚੇ ਕਾਹਨਾ, ਘਰ ਵੱਜੇ ਨਾਮ ਵਧਾਈਆ । ਦੋਏ ਜੋੜ ਕਰੇ ਪਰਨਾਮਾ, ਪਰਨਾਮ ਆਪਣਾ ਇਕ ਵਖਾਈਆ । ਘਰ ਸੱਜਣ ਹੋਏ ਮਿਹਰਵਾਨਾ, ਮਿਹਰ ਨਜ਼ਰ ਉਠਾਈਆ । ਨਿਰਗੁਣ ਨਿਰਗੁਣ ਬਦਲੇ ਜਾਮਾ, ਚੋਲਾ ਤੱਤ ਜਗਤ ਹੰਡਾਈਆ । ਦੇਵਣਹਾਰਾ ਬ੍ਰਹਮ ਗਿਆਨਾ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਅੰਦਰ ਸਾਚੇ ਤੰਦਲ ਮੁੱਖ ਲਗਾਈਆ । ਸਚ ਪ੍ਰੀਤ ਕਰੀ ਜੈ ਦੇਵ, ਦੇਵ ਆਤਮਾ ਭੇਟ ਚੜ੍ਹਾਇੰਦਾ । ਪਾਰਬ੍ਰਹਮ ਪ੍ਰਭ ਤੇਰੀ ਸੇਵ, ਇਕੋ ਆਸ ਰਖਾਇੰਦਾ । ਮਿਲੇ ਅਬਿਨਾਸ਼ੀ ਇਕ ਨਿਹਕੇਵ, ਨਿਹਚਲ ਡੇਰਾ ਲਾਇੰਦਾ । ਰਸਨਾ ਗਾ ਗਾ ਥੱਕੀ ਜਿਹਵ, ਗਾਇਆਂ ਹੱਥ ਕਿਸੇ ਨਾ ਆਇੰਦਾ । ਕਰ ਕਿਰਪਾ ਜਿਸ ਖੋਲ੍ਹੇ ਆਪਣਾ ਭੇਵ, ਅਭੇਵ ਆਪ ਸਮਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਲਗਾਇੰਦਾ । ਸਚ ਪ੍ਰੀਤ ਕਰੇ ਸੈਣ, ਸੱਯਾ ਆਪਣੇ ਰੰਗ ਰੰਗਾਈਆ । ਆਪੇ ਵੇਖੇ ਆਪਣੇ ਨੈਣ, ਨੇਤਰ ਇਕੋ ਇਕ ਦਰਸਾਈਆ । ਘਰ ਦੇਵੇ ਜਾ ਕੇ ਦੇਣ, ਲਹਿਣਾ ਆਪਣੇ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਅੰਦਰ ਆਪਣਾ ਵੇਸ ਵਟਾਈਆ । ਸਚ ਪ੍ਰੀਤ ਕਰੇ ਬੈਣੀ, ਗ਼ਰੀਬ ਨਿਮਾਣਾ ਧਿਆਨ ਲਗਾਈਆ । ਪਾਰਬ੍ਰਹਮ ਪ੍ਰਭ ਸੱਜਣ ਸੈਣੀ, ਸਾਕ ਇਕੋ ਇਕ ਅਖਵਾਈਆ । ਜਿਸ ਦੀ ਸਚਖੰਡ ਦੁਆਰੇ ਸਾਚੀ ਰਹਿਣੀ, ਸਚ ਸਿੰਘਾਸਣ ਆਸਣ ਲਾਈਆ । ਜਿਸ ਦੀ ਮਹੱਲ ਅਟੱਲ ਉਤੇ ਬਹਿਣੀ, ਬਹਿ ਬਹਿ ਆਪਣਾ ਹੁਕਮ ਵਰਤਾਈਆ । ਜਿਸ ਦਾ ਨੇਤਰ ਨੂਰ ਨਜ਼ਰ ਨਾ ਆਏ ਜਗਤ ਨੈਣੀ, ਨਿਜ ਨੇਤਰ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਚ ਪ੍ਰੀਤ ਲਗਾਈ ਤਰਲੋਚਣ, ਤ੍ਰੈ ਤ੍ਰੈ ਲੋਆਂ ਵੇਖ ਵਖਾਇੰਦਾ । ਹਰਿ ਕਾ ਭੇਵ ਵਿਚ ਨਾ ਆਏ ਸੋਚਣ, ਸੋਚਿਆਂ ਸੋਚ ਨਾ ਕੋਇ ਰਖਾਇੰਦਾ । ਵੇਖੇ ਖੇਲ ਲੋਕ ਪਰਲੋਕਨ, ਦੋ ਜਹਾਨਾਂ ਭੇਵ ਚੁਕਾਇੰਦਾ । ਬਖ਼ਸ਼ਣਹਾਰਾ ਸਾਚੀ ਓਟਨ, ਸਿਰ ਆਪਣਾ ਹੱਥ, ਟਿਕਾਇੰਦਾ । ਕਰੇ ਪਰਕਾਸ਼ ਨਿਰਮਲ ਜੋਤਨ, ਜੋਤੀ ਜਾਤਾ ਡਗਮਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪ ਕਮਾਇੰਦਾ । ਸਚ ਪ੍ਰੀਤੀ ਕਰੀ ਧੰਨੇ ਜੱਟ, ਆਪ ਆਪਣਾ ਬਲ ਰਖਾਈਆ । ਸ੍ਰੀ ਭਗਵਾਨ ਕਰ ਪਰਗਟ, ਘਰ ਆਪਣੇ ਦਰਸਨ ਪਾਈਆ । ਵੱਟੇ ਨਾਲ ਵੱਟੇ ਵਾਲਾ ਗਿਆ ਵਟ, ਵੱਟੀ ਆਪਣਾ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਅੰਦਰ ਬਣ ਪਾਲੀ ਸੇਵ ਕਮਾਈਆ । ਸਚ ਪ੍ਰੀਤ ਕਰੇ ਹਰਿ ਨਾਮਾ, ਨਾਮੇ ਛੱਪਰੀ ਆਪ ਛੁਹਾਈਆ । ਸਚ ਪ੍ਰੀਤ ਕਰੇ ਸ੍ਰੀ ਭਗਵਾਨਾ, ਭਗਵਨ ਆਪਣਾ ਵੇਸ ਵਟਾਈਆ । ਲੇਖਾ ਜਾਣੇ ਦੋ ਜਹਾਨਾਂ ਦੋਏ ਦੋਏ ਆਪਣਾ ਰੰਗ ਰੰਗਾਈਆ । ਸੱਤ ਦੋ ਦਾ ਖੇਲ ਮਹਾਨਾਂ, ਅੰਕ ਅੰਕ ਨਾਲ ਜੁੜਾਈਆ । ਘਰ ਮੰਦਰ ਸੋਹੇ ਇਕ ਮਕਾਨਾ, ਪ੍ਰੀਤੀ

੧੯੪

ਅੰਦਰ ਮੰਗ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਰਚਾਈਆ । ਸਚ ਪ੍ਰੀਤ ਕਰੀ ਜੋਲਾਹ, ਕਬੀਰ ਕਬਰ ਵਿਚ ਫੇਰ ਨਾ ਆਈਆ । ਆਤਮ ਮਿਲੀ ਇਕ ਮਲਾਹ, ਪਰਮਾਤਮ ਭੇਵ ਜਣਾਈਆ । ਸਚ ਮਹੱਲ ਲਿਆ ਵਸਾ, ਕਾਇਆ ਖੇੜਾ ਵੱਜੇ ਵਧਾਈਆ । ਬੰਦ ਤਾਕ ਲਿਆ ਖੁਲਾ, ਕੂੜੀ ਕਿਰਿਆ ਪਰੇ ਹਟਾਈਆ । ਰਾਗ ਧੁਨ ਲਿਆ ਉਪਜਾ, ਸ਼ਬਦੀ ਸ਼ਬਦ ਸ਼ਨਵਾਈਆ । ਘਰ ਦੀਪਕ ਲਿਆ ਜਗਾ, ਜਾਗਰਤ ਜੋਤ ਹੋਏ ਰੁਸ਼ਨਾਈਆ । ਸ੍ਰੀ ਭਗਵਾਨ ਇਕੋ ਇਕ ਲਿਆ ਮਨਾ, ਦੂਜੀ ਓਟ ਨਾ ਕੋਇ ਤਕਾਈਆ । ਡੁੱਬਦੇ ਪਾਥਰ ਲਏ ਤਰਾ, ਪਾਹਨ ਆਪਣਾ ਚਰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਆਪਣੇ ਹੱਥ ਰਖਾਈਆ । ਸਚ ਪ੍ਰੀਤ ਕਰੀ ਰਵੀਦਾਸ, ਰਵ ਸਸ ਮੁਖ ਸ਼ਰਮਾਇੰਦਾ । ਰਸਨਾ ਜਿਹਵਾ ਜਪ ਸਵਾਸ, ਪਵਣ ਪਵਣਾ ਨਾਲ ਮਿਲਾਇੰਦਾ । ਅੰਤਰ ਆਤਮ ਇਕੋ ਆਸ, ਆਸਾਵੰਦ ਰਖਾਇੰਦਾ । ਤੇਰਾ ਲੇਖਾ ਗੰਗਾ ਘਾਟ, ਕਸੀਰਾ ਕੌਡੀ ਆਪਣੀ ਕੀਮਤ ਪਾਇੰਦਾ । ਜਗਤ ਬ੍ਰਹਿਮਣ ਹੋਵੇ ਸਾਥ, ਸਤਿਗੁਰ ਪ੍ਰੀਤੀ ਨਜ਼ਰ ਕੋਇ ਨਾ ਆਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤੀ ਆਪ ਰਖਾਇੰਦਾ । ਸਚ ਪ੍ਰੀਤ ਕਰੇ ਕਰਤਾਰ, ਕਰਨੀ ਆਪਣੀ ਆਪ ਕਮਾਈਆ । ਜਿਉਂ ਭਾਵੇ ਤਿਉਂ ਲਵੇ ਤਾਰ, ਤਾਰਨਹਾਰੇ ਹੱਥ ਵਡਿਆਈਆ । ਗਨਕਾ ਕੀਤਾ ਇਕ ਪਿਆਰ, ਤੋਤਾ ਰਾਮ ਨਾਮ ਪੜ੍ਹਾਈਆ । ਭੁੱਲੀ ਭਟਕੀ ਵਿਚ ਸੰਸਾਰ, ਸਾਚੇ ਰਾਹ ਆਪ ਲਗਾਈਆ । ਕਿਰਪਾ ਕਰ ਸੱਚੀ ਸਰਕਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਰਖਾਈਆ । ਸਚ ਪ੍ਰੀਤ ਕਰੇ ਬੱਧਕ, ਬਦਲਾ ਆਪਣੇ ਸਿਰ ਰਖਾਈਆ ।
੧੯੫ ਜਿਸ ਦਾ ਲੇਖਾ ਸਦਾ ਅੱਧਕ, ਪੂਰਾ ਤੋਲ ਨਾ ਕੋਇ ਵਖਾਈਆ । ਤਿਸ ਨੂੰ ਵੇਖੇ ਸਾਹਿਬ ਪਰਤ, ਬੇਪਰਵਾਹ ਫੇਰਾ ਪਾਈਆ । ਨਾਤਾ ਤੋੜ ਕੂੜੇ ਹਰਖ, ਚਿੰਤਾ ੧੯੫
ਗ਼ਮ ਦਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਅੰਦਰ ਸਾਚਾ ਚਿੱਲਾ ਤੀਰ ਇਕ ਚਲਾਈਆ । ਸਚ ਪ੍ਰੀਤ ਪੂਤਨਾ ਪਾਪਣ, ਇਕੋ ਵਾਰ ਕਰਾਈਆ । ਮੁਕੰਦ ਮਨੋਹਰ ਆਈ ਥਾਪਣ, ਵੇਸ ਅਨੇਕ ਵਟਾਈਆ । ਕਰ ਖੇਲ ਪੁਰਖ ਅਬਿਨਾਸ਼ਨ, ਮਿਹਰ ਨਜ਼ਰ ਉਠਾਈਆ । ਵੇਲੇ ਅੰਤਮ ਲੇਖੇ ਲਾਏ ਪਵਨ ਸਵਾਸਨ, ਸਵਾਸ ਸਵਾਸਾਂ ਵਿਚ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਪ੍ਰੀਤ ਆਪੇ ਦਏ ਜਣਾਈਆ । ਸਚ ਪ੍ਰੀਤ ਕਰੀ ਜੁਗ ਚਾਰ, ਚੌਕੜੀ ਆਪਣਾ ਰਾਹ ਚਲਾਈਆ । ਸਚ ਪ੍ਰੀਤ ਕਰੀ ਗੁਰੂ ਅਵਤਾਰ, ਪੀਰ ਪੈਗ਼ੰਬਰ ਓਟ ਰਖਾਈਆ । ਸਚ ਪ੍ਰੀਤ ਚਲਦੀ ਰਹੀ ਵਿਚ ਸੰਸਾਰ, ਬਿਨ ਗੁਰਮੁਖਾਂ ਹੱਥ ਕਿਸੇ ਨਾ ਆਈਆ । ਸਚ ਪ੍ਰੀਤ ਮੰਗਦੇ ਰਹੇ ਸਦਾ ਦੀਦਾਰ, ਅੰਤਰ ਅੰਤਰ ਇਕੋ ਨੈਣ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਸਮਝਾਈਆ । ਸਚ ਪ੍ਰੀਤ ਕਲਜੁਗ ਅੰਤ, ਸ੍ਰੀ ਭਗਵਾਨ ਆਪ ਕਮਾਇੰਦਾ । ਆਦਿ ਜੁਗਾਦੀ ਜਿਸ ਦਾ ਲੇਖਾ ਬੇਅੰਤ, ਸੋ ਬੇਪਰਵਾਹ ਵੇਸ ਵਟਾਇੰਦਾ । ਗੁਰਮੁਖ ਵੇਖੇ ਸਾਚੇ ਸੰਤ, ਹਰਿ ਸੱਜਣ ਆਪ ਜਗਾਇੰਦਾ । ਨਾਮ ਨਿਧਾਨਾ ਮਣੀਆ ਮੰਤ, ਇਕੋ ਰਾਗ ਸੁਣਾਇੰਦਾ । ਆਪ ਬਣਾਏ ਸਾਚੀ ਬਣਤ, ਘੜਨ ਭੰਨਣਹਾਰ ਆਪ ਹੋ ਜਾਇੰਦਾ । ਸੱਤਰਾਂ ਦੇਵੇ ਇਕੋ ਮੰਤ, ਬਹੱਤਰਾਂ ਆਪਣਾ ਨਾਮ ਜਪਾਇੰਦਾ । ਚੁਹੱਤਰਾਂ ਬਣਿਆ ਸਾਚਾ ਅੰਕ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਕਰੇ ਪਿਆਰ ਸਾਚੀ ਸੰਗਤ, ਹਰਿ ਜੂ ਸਗਲਾ ਸੰਗ ਰਖਾਇੰਦਾ । ਗੁਰਮੁਖ ਬੁੱਢਾ ਨੱਢਾ ਕੋਈ ਨਾ ਹੋਵੇ ਮੰਗਤ, ਦੂਜੇ ਦਰ ਮੰਗਣ ਕੋਇ ਨਾ ਜਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਆਪ ਨਿਭਾਇੰਦਾ । ਸਚ ਪ੍ਰੀਤ ਨਿਭਾਏ ਅੰਤ, ਆਪਣੀ ਦਇਆ ਕਮਾਈਆ । ਲੇਖਾ ਜਾਣ ਜੁਗਾ ਜੁਗੰਤ, ਜੁਗ ਚੌਕੜੀ ਪੰਧ ਮੁਕਾਈਆ । ਕਲਜੁਗ ਖੇਲ ਕਰੇ ਬੇਅੰਤ, ਅੰਤ ਆਪਣਾ ਹੁਕਮ ਵਰਤਾਈਆ । ਭਗਤ

ਸੁਹੇਲੇ ਲੱਭੇ ਸੰਤ, ਗੁਰਮੁਖ ਗੁਰਸਿਖ ਰੰਗ ਰੰਗਾਈਆ । ਬਿਰਹੋਂ ਵਿਛੁੰਨੀ ਨਾਰ ਦੁਹਾਗਣ ਮੇਲੇ ਕੰਤ, ਘਰ ਸੱਜਣ ਦਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਲਗਾਈਆ । ਸਚ ਪ੍ਰੀਤ ਲਗਾਏ ਹਰਿ, ਹਰਿ ਵੱਡਾ ਵਡ ਵਡਿਆਈਆ । ਦਰ ਦਰਵੇਸ਼ ਖੋਲ੍ਹ ਦਰ, ਦਰ ਬੈਠਾ ਅਲਖ ਜਗਾਈਆ । ਨਿਰਗੁਣ ਨਿਰਵੈਰ ਕਿਰਪਾ ਕਰ, ਨਰ ਹਰਿ ਬਖ਼ਸ਼ਸ਼ ਇਕੋ ਇਕ ਰਖਾਈਆ । ਮਹੱਲ ਅਟੱਲ ਵੇਖੇ ਚੜ੍ਹ, ਮੰਜ਼ਲ ਸਾਚੀ ਸੋਭਾ ਪਾਈਆ । ਪ੍ਰੀਤੀ ਅੰਦਰ ਪ੍ਰੀਤਮ ਦਰ, ਪਰਮ ਪੁਰਖ ਪ੍ਰਭ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਆਪ ਲਗਾਈਆ । ਪ੍ਰੀਤ ਲਗਾ ਹੋਵੇ ਖਾਮੋਸ਼, ਰਸਨਾ ਜਿਹਵਾ ਨਾ ਕੋਇ ਹਿਲਾਇੰਦਾ । ਅਗਲੀ ਪਿਛਲੀ ਭੁੱਲੇ ਸੋਚ, ਸੋਚ ਸੋਚਨ ਕੋਇ ਨਾ ਜਾਇੰਦਾ । ਜਿਸ ਪ੍ਰਭ ਦਰਸਨ ਕਰਿਆ ਲੋਚਨ ਲੋਚ, ਸੋ ਆਪਣੀ ਲੋਚਾ ਪੂਰ ਕਰਾਇੰਦਾ । ਤਿਸ ਦਾਸੀ ਹੋਵੇ ਮੋਖ, ਮੁਕਤੀ ਮੁਫ਼ਤ ਚਰਨਾਂ ਹੇਠ ਦਬਾਇੰਦਾ । ਤਨ ਨਗਾਰੇ ਲਾਏ ਚੋਟ, ਨਾਮ ਡੰਕਾ ਇਕ ਸੁਣਾਇੰਦਾ । ਕਰ ਪਰਕਾਸ਼ ਅਗੰਮੀ ਜੋਤ, ਜੋਤੀ ਜਾਤਾ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕ ਕਮਾਇੰਦਾ । ਸਚ ਪ੍ਰੀਤ ਕਮਾਏ ਜਨ, ਕਲਜੁਗ ਅੰਤ ਮਿਲੇ ਵਡਿਆਈਆ । ਜਿਨ੍ਹਾਂ ਮੇਲ ਸ੍ਰੀ ਭਗਵਨ, ਭਗਵਨ ਆਪਣੇ ਘਰ ਵਸਾਈਆ । ਦੇਵੇ ਨਾਮ ਸੱਚਾ ਸਚ ਧੰਨ, ਵਸਤ ਅਮੋਲਕ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਕਰਨੀ ਆਪ ਕਮਾਈਆ । ਸਚ ਪ੍ਰੀਤ ਕਰੀ ਬਾਲਮੀਕ, ਬਜਵਾਰਾ ਆਪਣਾ ਖੇਲ ਕਰਾਇੰਦਾ । ਬਟਵਾੜਾ ਲੇਖਾ ਜਾਣੇ ਠੀਕ, ਠਾਕਰ ਆਪਣਾ ਭੇਵ ਚੁਕਾਇੰਦਾ । ਸਦ ਵਸਣਹਾਰ ਨਜ਼ਦੀਕ, ਦੂਰ ਦੁਰਾਡਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਸਮਝਾਇੰਦਾ । ਸਾਚਾ ਖੇਲ ਪ੍ਰੀਤਮ ਡੋਰ, ਡੋਰੀ ਤੰਦ ਨਾ ਕੋਇ ਜਣਾਈਆ । ਸਾਚੀ ਪ੍ਰੀਤ ਨਾਤਾ ਤੋੜੇ ਮੋਰ ਤੋਰ, ਤੇਰਾ ਮੇਰਾ ਇਕੋ ਨਜ਼ਰੀ ਆਈਆ । ਸਚ ਪ੍ਰੀਤੀ ਸ੍ਰੀ ਭਗਵਾਨ ਰੱਖੇ ਸਦਾ ਲੋੜ, ਲੋੜੀਂਦੀ ਆਸ ਇਕ ਜਣਾਈਆ । ਸਚ ਪ੍ਰੀਤੀ ਨਾਤਾ ਤੋੜੇ ਠੱਗ ਚੋਰ, ਕੂੜੀ ਕਿਰਿਆ ਨੇੜ ਨਾ ਆਈਆ । ਸਚ ਪ੍ਰੀਤ ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਰਹੇ ਲੋੜ, ਗੁਰ ਸਤਿਗੁਰ ਚਰਨ ਧਿਆਨ ਲਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਮ ਪੁਰਖ ਆਪੇ ਬਹੁੜ, ਬੇਪਰਵਾਹ ਤੇਰੀ ਸਰਨਾਈਆ । ਤੁਧ ਬਿਨ ਨਜ਼ਰ ਨਾ ਆਏ ਕੋਈ ਔਰ, ਔਰਾ ਕੋਇ ਨਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਆਪ ਸਮਝਾਈਆ । ਕਲ ਸਚ ਪ੍ਰੀਤ ਕਮਾਵਾਂਗਾ । ਜਨ ਭਗਤਾਂ ਸੰਗ ਰਖਾਵਾਂਗਾ । ਅੰਤ ਆਪਣੇ ਅੰਗ ਲਗਾਵਾਂਗਾ । ਕੂੜੀ ਕਿਰਿਆ ਭੁੱਖ ਨੰਗ ਕੱਟ, ਦਰਗਾਹ ਸਾਚੀ ਨਾਮ ਮਰਦੰਗ ਵਜਾਵਾਂਗਾ । ਮਾਣਸ ਜਨਮ ਨਾ ਹੋਏ ਭੰਗ, ਜਿਨ੍ਹਾਂ ਆਪਣੀ ਚਰਨੀ ਲਾਵਾਂਗਾ । ਏਥੇ ਓਥੇ ਸਚ ਅਨੰਦ, ਅਨੰਦ ਅਨੰਦ ਵਿਚ ਰਖਾਵਾਂਗਾ । ਕਰਾਂ ਪਰਕਾਸ਼ ਜਿਉਂ ਗੁਜਰੀ ਚੰਦ, ਚੰਦ ਗੁਜਰੀ ਗੁਰਮੁਖਾਂ ਰੂਪ ਵਟਾਵਾਂਗਾ । ਜਿਨ੍ਹਾਂ ਢੋਲਾ ਗਾਇਆ ਮੇਰਾ ਛੰਦ, ਤਿਨ੍ਹਾਂ ਸੰਸਾ ਰੋਗ ਚੁਕਾਵਾਂਗਾ । ਸਚ ਪ੍ਰੀਤ ਦੁਆਰਿਉਂ ਮੰਗ, ਆਪਣੀ ਖਾਲੀ ਝੋਲੀ ਭਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰੀਤ ਇਕੋ ਇਕ ਲਗਾਵਾਂਗਾ । ਪ੍ਰੀਤ ਲਗਾਏ ਇਕੋ ਇਕ, ਇਕ ਓਅੰਕਾਰ ਵੱਡੀ ਵਡਿਆਈਆ । ਸਾਚੀ ਸਿਖਿਆ ਗੁਰਮੁਖ ਲੈਣ ਸਿਖ, ਸਿਖਾਵਣਹਾਰਾ ਆਪ ਪੁਰਖ ਅਬਿਨਾਸ਼ੀ ਵੇਸ ਵਟਾਈਆ । ਰਸਨਾ ਢੋਲਾ ਸੋਹੰ ਗੌਣਾ ਜਾਪ, ਜੀਵਨ ਮੁਕਤ ਦਏ ਕਰਾਈਆ । ਜਨਮ ਜਨਮ ਦੇ ਕੱਟੇ ਪਾਪ, ਰੋਗ ਸੰਤਾਪ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤੀ ਦਏ ਜਣਾਈਆ । ਸਚ ਪ੍ਰੀਤ ਕਰੇ ਰਵਿਦਾਸ, ਬਾਲਮੀਕ ਜਣਾਈਆ । ਦੂਰ ਦੁਰਾਡੇ ਵਸਣਾ ਪਾਸ, ਪੰਧ ਨਜ਼ਰ ਕੋਇ ਨਾ ਆਈਆ । ਤੇਰੇ ਮਿਲਣ ਦੀ ਇਕੋ ਆਸ, ਦੂਜੀ ਤ੍ਰਿਸਨ ਨਾ ਕੋਇ ਵਧਾਈਆ । ਜਹਿੰ ਵੇਖਾਂ

੧੯੬

ਤਹਿੰ ਦਿਸੇਂ ਸਾਥ, ਆਪਣਾ ਸੰਗ ਨਿਭਾਈਆ । ਦੋਹਾਂ ਦਾ ਸਾਂਝਾ ਇਕੋ ਬਾਪ, ਪੁਰਖ ਅਕਾਲ ਅਖਵਾਈਆ । ਜਿਸ ਮੇਰੇ ਕੱਟੇ ਜਗਤ ਸੰਤਾਪ, ਸਾਚੀ ਸਿਖਿਆ ਇਕ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਪ੍ਰੀਤ ਆਪ ਲਗਾਈਆ । ਸਚ ਪ੍ਰੀਤੀ ਬਾਲਮੀਕ, ਰਵਿਦਾਸੇ ਗੰਢ ਪੁਆਇੰਦਾ । ਸਚ ਨਿਸ਼ਾਨਾ ਦੋਹਾਂ ਠੀਕ, ਠਾਕਰ ਹਰਿ ਜੂ ਵੇਖ ਵਖਾਇੰਦਾ । ਲੱਭਿਆਂ ਹੱਥ ਨਾ ਆਏ ਬਾਰੀਕ, ਜਗਤ ਨੈਣ ਨਜ਼ਰ ਨਾ ਆਇੰਦਾ । ਅੰਤਰ ਅੰਤਰ ਇਕ ਪ੍ਰੀਤ, ਬਾਹਰੋਂ ਗੰਢ ਨਾ ਕੋਇ ਵਖਾਇੰਦਾ । ਅੰਤਮ ਲੇਖਾ ਬੀਸ ਬੀਸ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਸਚ ਪ੍ਰੀਤ ਆਪ ਵਡਿਆਇੰਦਾ । ਸਚ ਪ੍ਰੀਤ ਵਡ ਵੱਡੀ, ਜੀਵ ਜੰਤ ਰਹੇ ਜਸ ਗਾਈਆ । ਸ੍ਰੀ ਭਗਵਾਨ ਕਹੇ ਬਾਲੀ ਨੱਢੀ, ਨਿੱਕੀ ਨਿੱਕੀ ਧਾਰ ਜਣਾਈਆ । ਹੁਕਮੇ ਅੰਦਰ ਸਦਾ ਬੱਧੀ, ਸਿਰ ਸਕੇ ਨਾ ਕੋਇ ਉਠਾਈਆ । ਤੱਕਦੀ ਰਹੀ ਹਰਿ ਜੂ ਹੱਦੀ, ਨੇਤਰ ਨੈਣ ਨੈਣ ਉਠਾਈਆ । ਦਰ ਆਵੇ ਸਾਚੇ ਸੱਦੀ, ਬਿਨ ਸੱਦਿਆਂ ਅੰਦਰ ਕੋਇ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਪ੍ਰੀਤ ਇਕੋ ਰੱਖੀ, ਰੱਖਣਹਾਰ ਆਪ ਹੋ ਜਾਈਆ । ਪ੍ਰੀਤ ਕਹੇ ਮੈਂ ਪ੍ਰੀਤਮ ਲੋੜਾਂ, ਦੂਜੀ ਆਸ ਨਾ ਕੋਇ ਰਖਾਈਆ । ਜਗਤ ਵਿਛੁੰਨੀ ਮੇਲ ਜੋੜਾ, ਜੋੜੀ ਇਕੋ ਘਰ ਵਖਾਈਆ । ਕੂੜੀ ਕਿਰਿਆ ਦਰ ਤੋਂ ਹੋੜਾਂ, ਜੂਠ ਝੂਠ ਮੋਹ ਤੁੜਾਈਆ । ਸਚ ਜੁਆਬ ਦੇਵਾਂ ਕੋਰਾ, ਧੁਰ ਫ਼ਰਮਾਨ ਅਲਾਈਆ । ਮੇਰਾ ਠਾਕਰ ਸਵਾਮੀ ਸਾਹਿਬ ਸਤਿਗੁਰ ਬਾਂਕਾ ਛੋਹਰਾ, ਕਵਲ ਨੈਣ ਵਡ ਗੁਸਾਂਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਕਦੇ ਨਾ ਵੇਖਿਆ ਹਨੋਰਾ, ਗ਼ੁਸੇ ਵਿਚ ਕਦੇ ਨਾ ਆਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਗੁਰ ਅਵਤਾਰ ਪੀਰ ਪੈਗ਼ੰਬਰ ਆਪਣਾ ਨਾਮ ਦੇਂਦਾ ਰਿਹਾ ਥੋੜਾ ਥੋੜਾ, ਵਸਤ ਅਮੋਲਕ ਆਪ ਵਰਤਾਈਆ । ਸੋ ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸ਼ਾਹ ਸਵਾਰਾ ਹਰਿ ਨਿਰੰਕਾਰਾ ਚੜ੍ਹੇ ਅਸਵ ਘੋੜਾ, ਪੌੜਾ ਇਕੋ ਇਕ ਉਠਾਈਆ । ਏਥੇ ਓਥੇ ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦੋ ਜਹਾਨਾਂ ਫਿਰੇ ਦੌੜਾ, ਦੋਹਰੀ ਆਪਣੀ ਸੇਵ ਕਮਾਈਆ । ਪ੍ਰੀਤ ਅੰਦਰ ਜਿਨ੍ਹਾਂ ਲੱਗੀ ਪ੍ਰਭ ਮਿਲਣ ਦੀ ਔੜਾ, ਤਿਨ੍ਹਾਂ ਨਿਜ ਨੇਤਰ ਦਰਸ ਦਿਆਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪ੍ਰੀਤ ਆਪ ਲਗਾਈਆ । ਸਚ ਪ੍ਰੀਤ ਲਗਾਏ ਆਖਰ, ਆਖਰੀ ਆਪਣਾ ਮੇਲ ਮਿਲਾਇੰਦਾ । ਸਾਚੇ ਘੋੜੇ ਪਾਏ ਪਾਖਰ, ਸਾਚੀ ਰਾਸ ਹੱਥ ਉਠਾਇੰਦਾ । ਟਿੱਲੇ ਪਰਬਤ ਵੇਖੇ ਪਾਥਰ, ਉਚੀ ਮੰਜ਼ਲ ਚੜ੍ਹ ਚੜ੍ਹ ਡੇਰਾ ਲਾਇੰਦਾ । ਲੱਖ ਚੁਰਾਸੀ ਭੇਵ ਜਾਣੇ ਨਿੰਦਕ ਸਾਕਤ, ਗੁਰਮੁਖ ਸੱਜਣ ਫੋਲ ਫੁਲਾਇੰਦਾ । ਦਰਗਾਹ ਸਾਚੀ ਧਾਮ ਸੁਹੰਜਣੇ ਬਿਨ ਸਤਿਗੁਰ ਪੂਰੇ ਕੋਈ ਨਾ ਕਰੇ ਸਿਫਾਰਸ਼, ਫੜ ਬਾਂਹੋਂ ਹਰਿ ਜੂ ਹਰਿ ਨਾ ਕੋਇ ਮਿਲਾਇੰਦਾ । ਜਗਤ ਵਾਰਤਾ ਨਹੀਂ ਇਬਾਰਤ, ਵਾਰਤਾਲਾਪ ਨਾ ਕੋਇ ਅਲਾਇੰਦਾ । ਜਗਤ ਦੁਕਾਨ ਨਹੀਂ ਕੋਈ ਆੜਤ, ਦਲਾਲੀ ਰੂਪ ਨਾ ਕੋਇ ਵਟਾਇੰਦਾ । ਸਚ ਪ੍ਰੀਤ ਜਿਸ ਘੜਿਆ ਘਾੜਤ, ਸੋ ਸਾਹਿਬ ਵੇਖ ਵਖਾਇੰਦਾ । ਜਿਸ ਦਾ ਨਾਮ ਨਾ ਦੂਜੇ ਮਾਰਫਤ, ਸਿੱਧਾ ਆਪਣਾ ਰਾਹ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪ੍ਰੀਤੀ ਦੇਵੇ ਦਾਨ, ਸੱਤਰ ਬਹੱਤਰ ਚੁਹੱਤਰ ਕਰ ਪਰਵਾਨ, ਹਰਿ ਸੰਗਤ ਮੇਲਾ ਦੋ ਜਹਾਨ, ਏਥੇ ਓਥੇ ਵਿਛੜ ਕਦੇ ਨਾ ਜਾਇੰਦਾ ।

੧੯੭

✪ ੨੪ ਭਾਦਰੋ ੨੦੨੦ ਬਿਕ੍ਰਮੀ ਡਾਕਟਰ ਪਾਲ ਸਿੰਘ ਦੇ ਗ੍ਰਿਹ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਵਿਸ਼ਨੂੰ ਉਠ ਉਠ ਤੱਕੇ ਰਾਹ, ਨੈਣ ਮੂੰਦ ਨੈਣ ਉਠਾਈਆ । ਬ੍ਰਹਮਾ ਵਾਸਤਾ ਰਿਹਾ ਪਾ, ਦੋਏ ਜੋੜ ਮੰਗੇ ਸਰਨਾਈਆ । ਸ਼ੰਕਰ ਰੋਵੇ ਮਾਰੇ ਧਾਹ, ਹੱਥ ਤ੍ਰਿਸੂਲ ਸੁਟਾਈਆ । ਤ੍ਰੈਗੁਣ ਵਾਸਤਾ ਰਹੀ ਪਾ, ਆਪਣਾ ਆਪ ਗਵਾਈਆ । ਪੰਜ ਤਤ ਚਰਨੀ ਡਿਗੇ ਆ, ਪਿਛਲੀ ਭੁੱਲ ਬਖ਼ਸ਼ਾਈਆ । ਗੁਰ ਅਵਤਾਰ ਮੰਗਣ ਪਨਾਹ, ਸਿਰ ਸਕੇ ਨਾ ਕੋਇ ਉਠਾਈਆ । ਪੀਰ ਪੈਗੰਬਰ ਕਹਿਣ ਐ ਖ਼ੁਦਾ, ਖ਼ਾਲਕ ਤੇਰੀ ਇਕ ਸਰਨਾਈਆ । ਭਗਤ ਭਗਵਾਨ ਰਹੇ ਧਿਆ, ਨਿਜ ਨੈਣ ਧਿਆਨ ਲਗਾਈਆ । ਸੰਤ ਸਾਜਣ ਮਸਤਕ ਟਿੱਕਾ ਧੂੜੀ ਲਾਵਣ ਛਾਹ, ਛਾਰ ਇਕੋ ਇਕ ਉਠਾਈਆ । ਗੁਰਮੁਖ ਕਹਿਣ ਪਾਰਬ੍ਰਹਮ ਪ੍ਰਭ ਫੇਰਾ ਪਾ, ਤੁਧ ਬਿਨ ਨਜ਼ਰ ਕੋਇ ਨਾ ਆਈਆ । ਗੁਰਸਿਖ ਕਹਿਣ ਬਿਨ ਸਤਿਗੁਰ ਪੂਰੇ ਕੋਈ ਨਾ ਹੋਏ ਸਹਾ, ਸਿਰ ਹੱਥ ਨਾ ਕੋਇ ਟਿਕਾਈਆ । ਦੋ ਜਹਾਨ ਡੇਰਾ ਰਹੇ ਢਾਹ, ਆਪਣਾ ਬਲ ਨਾ ਕੋਇ ਵਖਾਈਆ । ਬ੍ਰਹਿਮੰਡ ਖੰਡ ਆਪਣਾ ਆਪ ਰਹੇ ਗਵਾ, ਸਾਚੀ ਧਾਰ ਨਾ ਕੋਇ ਜਣਾਈਆ । ਪੁਰੀ ਲੋਅ ਪ੍ਰਿਥਮੀ ਆਕਾਸ਼ ਆਪਣਾ ਮੁਖ ਰਹੇ ਛੁਪਾ, ਨੇਤਰ ਨੈਣ ਨਾ ਕੋਇ ਉਠਾਈਆ । ਸਤਿਜੁਗ ਤ੍ਰੇਤਾ ਦੁਆਪਰ ਤਿੰਨੇ ਉਠ ਉਠ ਬਣਨ ਗਵਾਹ, ਸਚ ਸ਼ਹਾਦਤ ਦੇਣ ਜਣਾਈਆ । ਕਲਜੁਗ ਅੰਤਮ ਆਪਣੀ ਕੂਕ ਰਿਹਾ ਸੁਣਾ, ਸਚ ਸੰਦੇਸ਼ਾ ਇਕੋ ਮਾਹੀਆ । ਨਵ ਖੰਡ ਪ੍ਰਿਥਮੀ ਸਤ ਦੀਪ ਜੀਵ ਜੰਤ ਸਾਧ ਸੰਤ ਭਰੇ ਗੁਨਾਹ, ਮਾਟੀ ਪਾਕ ਨਜ਼ਰ ਕੋਇ ਨਾ ਆਈਆ । ਸਾਚਾ ਆਫ਼ਤਾਬ ਹੋਏ ਨਾ ਕੋਇ ਰੁਸ਼ਨਾ, ਚੌਧਵੀਂ ਚੰਦ ਨਾ ਕੋਇ ਚਮਕਾਈਆ । ਚੌਦਾਂ ਤਬਕ ਸਕੇ ਨਾ ਕੋਈ ਬਚਾ, ਚੌਦਾਂ ਲੋਕ ਨਾ ਕੋਇ ਵਡਿਆਈਆ । ਚੌਦਾਂ ਵਿਦਿਆ ਕਰੇ ਹਾ ਹਾ, ਹਾਹਾਕਾਰ ਮਚਾਈਆ । ਮੰਦਰ ਮਸਜਿਦ ਸ਼ਿਵਦਵਾਲੇ ਮੱਠ ਸਾਚਾ ਲੱਭੇ ਕਿਸੇ ਨਾ ਨਾਂ, ਨਾਉਂ ਨਿਰੰਕਾਰਾ ਹੱਥ ਕਿਸੇ ਨਾ ਆਈਆ । ਮਾਣਸ ਮਾਨੁਖ ਮਾਨਵ ਹੰਸ ਬਣੇ ਕਾਂ, ਬੁੱਧੀ ਕਾਗ ਵਾਂਗ ਕੁਰਲਾਈਆ । ਸਚ ਭੂਮਕਾ ਮਿਲੇ ਨਾ ਕੋਈ ਥਾਂ, ਮਹੱਲ ਅਟੱਲ ਨਜ਼ਰ ਕੋਇ ਨਾ ਆਈਆ । ਅੰਤਰ ਆਤਮ ਪਕੜੇ ਕੋਈ ਨਾ ਬਾਂਹ, ਪਰਮਾਤਮ ਮੇਲ ਨਾ ਕੋਇ ਮਿਲਾਈਆ । ਸਤਿ ਪਰਕਾਸ਼ ਸਕੇ ਨਾ ਕੋਇ ਕਰਾ, ਜੋਤ ਨਿਰੰਜਣ ਨੂਰ ਨਾ ਕੋਇ ਰੁਸ਼ਨਾਈਆ । ਅਨਹਦ ਨਾਦੀ ਨਾਦ ਨਾ ਸਕੇ ਕੋਈ ਸੁਣਾ, ਛੱਤੀ ਰਾਗ ਕਰ ਕਰ ਥੱਕੇ ਪੜ੍ਹਾਈਆ । ਬ੍ਰਹਮ ਬ੍ਰਹਿਮਾਦੀ ਭੇਵ ਸਕੇ ਨਾ ਕੋਈ ਖੁਲ੍ਹਾ, ਪੜਦਾ ਦੂਈ ਨਾ ਕੋਇ ਚੁਕਾਈਆ । ਬਜ਼ਰ ਕਪਾਟੀ ਸਕੇ ਨਾ ਕੋਇ ਤੁੜਾ, ਘਰ ਵਿਚ ਘਰ ਮੇਲ ਨਾ ਕੋਇ ਮਿਲਾਈਆ । ਸਾਚਾ ਕੰਤ ਸਕੇ ਨਾ ਕੋਇ ਹੰਢਾ, ਵਿਭਚਾਰ ਕਰੇ ਲੋਕਾਈਆ । ਸਤਿਗੁਰ ਇਸ਼ਟ ਕੋਈ ਨਾ ਸਕੇ ਬਣਾ, ਗੁਰਦੇਵ ਸਵਾਮੀ ਸੰਗ ਨਾ ਕੋਇ ਨਿਭਾਈਆ । ਸਾਚਾ ਮੰਦਰ ਦੀਪਕ ਸਕੇ ਨਾ ਕੋਈ ਜਗਾ, ਜਗਤ ਅੰਧੇਰਾ ਨਾ ਕੋਇ ਮਿਟਾਈਆ । ਤੂੰ ਮੇਰਾ ਮੈਂ ਤੇਰਾ ਸੋਹੰ ਰੂਪ ਸਕੇ ਨਾ ਕੋਈ ਬਣਾ, ਲੱਖ ਚੁਰਾਸੀ ਪੰਧ ਨਾ ਕੋਇ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਰਗੁਣ ਸਰਗੁਣ ਵੇਖੇ ਥਾਉਂ ਥਾਈਆ । ਵਿਸ਼ਨ ਬ੍ਰਹਮਾ ਸ਼ਿਵ ਹਰਿ ਵੇਖਣਹਾਰਾ, ਤ੍ਰੈ ਪੰਜ ਪੜਦਾ ਆਪੇ ਲਾਹਿੰਦਾ । ਲੇਖਾ ਜਾਣ ਗੁਰੂ ਅਵਤਾਰਾ, ਪੀਰ ਪੈਗੰਬਰ ਭੇਵ ਚੁਕਾਇੰਦਾ । ਭਗਤ ਭਗਵਾਨ ਖੋਲ੍ਹ ਕਵਾੜਾ, ਸੰਤ ਸਾਜਣ ਰੰਗ ਜਣਾਇੰਦਾ । ਗੁਰਮੁਖ ਗੁਰਸਿਖ ਵਖਾਏ ਨਾਮ ਅਖਾੜਾ, ਸਚ ਦੁਆਰੇ ਆਪ ਲਗਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੇਖਣਹਾਰਾ ਵਾਰੋ ਵਾਰਾ, ਨਿਰਗੁਣ ਸਰਗੁਣ ਵੇਸ ਵਟਾਇੰਦਾ । ਬੋਧ ਅਗਾਧੀ ਸ਼ਬਦ ਅਨਾਦੀ ਬ੍ਰਹਮ ਬ੍ਰਹਿਮਾਦੀ ਬਣ ਲਿਖਾਰਾ, ਧੁਰ ਦੀ ਬਾਣੀ ਚਾਰੇ ਖਾਣੀ ਆਪ ਬੁਝਾਇੰਦਾ । ਚਾਰੇ ਵੇਦਾਂ ਦੇ ਸਹਾਰਾ, ਚਾਰੇ ਵਰਨ ਕਰ ਉਜਿਆਰਾ, ਪੁਰਾਨ ਅਠਾਰਾਂ ਇਕ ਅਖਾੜਾ, ਬਰਨ ਅਠਾਰਾਂ ਮਾਰੇ ਮਾਰਾ, ਦਹਿ ਦਿਸ਼ਾ ਆਪਣਾ ਹੁਕਮ ਵਰਤਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਕਰਾਇੰਦਾ । ਸਾਚਾ

ਖੇਲ ਕਰੇ ਕਰਤਾਰ, ਕਰਤਾ ਆਪਣੇ ਹੱਥ ਰੱਖੇ ਵਡਿਆਈਆ । ਲੇਖਾ ਜਾਣੇ ਧੁਰ ਦਰਬਾਰ, ਸਚਖੰਡ ਵਸੇ ਸਚਾ ਮਾਹੀਆ । ਸੋ ਪੁਰਖ ਨਿਰੰਜਣ ਸ਼ਾਹੋ ਭੂਪ ਬਣ ਸਿਕਦਾਰ, ਸ਼ਹਿਨਸ਼ਾਹ ਆਪਣਾ ਹੁਕਮ ਵਰਤਾਈਆ । ਹਰਿ ਪੁਰਖ ਨਿਰੰਜਣ ਸੇਵਾਦਾਰ, ਏਕੰਕਾਰਾ ਸਿਫ਼ਤ ਸਾਲਾਹੀਆ । ਆਦਿ ਨਿਰੰਜਣ ਕਰ ਉਜਿਆਰ, ਸ੍ਰੀ ਭਗਵਾਨ ਸਗਲਾ ਸੰਗ ਨਿਭਾਈਆ । ਅਬਿਨਾਸ਼ੀ ਕਰਤਾ ਖੋਲ੍ਹ ਕਵਾੜ, ਪਾਰਬ੍ਰਹਮ ਪ੍ਰਭ ਪੜਦਾ ਦਏ ਉਠਾਈਆ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਆਪਣਾ ਹੁਕਮ ਵਰਤਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵੇ ਗਿਆਨ, ਲੋਕ ਪਰਲੋਕ ਹੁਕਮ ਵਰਤਾਈਆ । ਰਵ ਸਸ ਸੂਰਜ ਚੰਨ ਕਰ ਪਰਧਾਨ, ਕਿਰਨ ਕਿਰਨ ਜੋਤ ਰੁਸ਼ਨਾਈਆ । ਲੱਖ ਚੁਰਾਸੀ ਖੋਲ੍ਹ ਦੁਕਾਨ, ਘਟ ਘਟ ਸਾਚਾ ਵਣਜ ਬਣ ਵਣਜਾਰਾ ਆਪ ਕਰਾਈਆ । ਨਾਮ ਵਸਤ ਇਕ ਮਹਾਨ, ਕਾਇਆ ਮਾਟੀ ਆਪ ਰਖਾਈਆ । ਦੇਵਣਹਾਰ ਸ੍ਰੀ ਭਗਵਾਨ, ਬੇਪਰਵਾਹ ਬੇਪਰਵਾਹੀਆ । ਨਿਰਗੁਣ ਸਰਗੁਣ ਹੋ ਪਰਧਾਨ, ਗੁਰ ਅਵਤਾਰ ਹੁਕਮ ਚਲਾਈਆ । ਧੁਰ ਸੰਦੇਸ਼ਾ ਦੇਵੇ ਆਣ, ਸ਼ਬਦ ਅਗੰਮੀ ਰਾਗ ਅਲਾਈਆ । ਚਾਰੇ ਜੁਗ ਕਰ ਪਹਿਚਾਨ, ਚਾਰ ਕੁੰਟ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਬੇਪਰਵਾਹੀਆ । ਚਾਰ ਯੁਗ ਦਾ ਲੇਖਾ ਲਹਿਣਾ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਵਿਸ਼ਨ ਬ੍ਰਹਮਾ ਸ਼ਿਵ ਆਪ ਚੁਕਾਇੰਦਾ । ਤਖ਼ਤ ਨਿਵਾਸੀ ਸਾਚੇ ਤਖ਼ਤ ਬਹਿਣਾ, ਪੁਰਖ ਅਕਾਲ ਦੀਨ ਦਿਆਲ ਸੂਰਾ ਸਰਬੰਗ ਬਿਨ ਰੂਪ ਰੰਗ ਬੇਪਰਵਾਹ ਆਪਣੀ ਕਾਰ ਕਮਾਇੰਦਾ । ਦੋ ਜਹਾਨ ਆਪ ਵਖਾਏ ਆਪਣਾ ਲਹਿਣਾ, ਨਿਜ ਨੇਤਰ ਇਕ ਖੁਲਾਇੰਦਾ । ਬ੍ਰਹਿਮੰਡ ਖੰਡ ਵਰਭੰਡ ਜੇਰਜ ਅੰਡਜ ਉਤਭੁਜ ਸੇਤਜ ਭਾਣਾ ਸਹਿਣਾ, ਹਰਿ ਕਾ ਭਾਣਾ ਨਾ ਕੋਈ ਮੇਟੇ ਮੇਟ ਮਿਟਾਇੰਦਾ । ਗੁਰ ਅਵਤਾਰ ਪੀਰ ਪੈਗ਼ੰਬਰ ਪੰਜ ਤਤ ਕਾਇਆ ਚੋਲਾ ਥਿਰ ਨਾ ਰਹਿਣਾ, ਅੰਤਮ ਖ਼ਾਕੀ ਖ਼ਾਕ ਖ਼ਾਕ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੰਦੇਸ਼ਾ ਨਰ ਨਰੇਸ਼ਾ ਏਕੰਕਾਰਾ ਇਕੋ ਇਕ ਸੁਣਾਇੰਦਾ । ਚਾਰ ਯੁਗ ਦੇ ਸੁਣੋ ਸੰਗੀ, ਨਿਰਗੁਣ ਨਿਰਵੈਰ ਆਪ ਜਣਾਈਆ । ਜੁਗ ਚੌਕੜੀ ਖੇਲ ਬਹੁ ਰੰਗੀ, ਗੁਰ ਅਵਤਾਰ ਪੀਰ ਪੈਗ਼ੰਬਰ ਕਰੀ ਪੜ੍ਹਾਈਆ । ਦੇਂਦਾ ਰਿਹਾ ਵਸਤ ਸਦਾ ਅਨਮੰਗੀ, ਧੁਰ ਦੀ ਧਾਰ ਝੋਲੀ ਪਾਈਆ । ਦੀਨ ਮਜ਼੍ਹਬ ਜ਼ਾਤ ਪਾਤ ਵੰਡਦਾ ਰਿਹਾ ਵੰਡੀ, ਹੱਦ ਹਦੂਦ ਆਪ ਸਮਝਾਈਆ । ਜੀਵ ਜੰਤ ਵਾਸਨਾ ਭਰਦਾ ਰਿਹਾ ਗੰਦੀ, ਕਾਮ ਕਰੋਧ ਲੋਭ ਮੋਹ ਹੰਕਾਰ ਆਸਾ ਤ੍ਰਿਸਨਾ ਹਉਮੇ ਹੰਗਤਾ ਨਾਲ ਮਿਲਾਈਆ । ਜੋਤ ਪਰਕਾਸ਼ ਕਰਦਾ ਰਿਹਾ ਚੰਦ ਨਵਚੰਦੀ, ਨਿਰਗੁਣ ਨੂਰ ਨੂਰ ਰੁਸ਼ਨਾਈਆ । ਪਵਣ ਸਵਾਸ ਦੇਂਦਾ ਰਿਹਾ ਠੰਡੀ, ਸਾਂਤਕ ਸਤਿ ਸਤਿ ਕਰਾਈਆ । ਆਤਮ ਪੰਜ ਤਤ ਕਾਇਆ ਪੌਂਦਾ ਰਿਹਾ ਖ਼ਾਨੇਬੰਦੀ, ਬੰਦੀਖ਼ਾਨਾ ਇਕ ਬਣਾਈਆ । ਢੋਲਾ ਰਾਗ ਸੁਣੌਂਦਾ ਰਿਹਾ ਛੰਦੀ, ਰਸਨਾ ਜਿਹਵਾ ਬੱਤੀ ਦੰਦ ਹਿਲਾਈਆ । ਨਾਮ ਚਮਕੌਂਦਾ ਰਿਹਾ ਸਾਚੀ ਚੰਡੀ, ਚੰਡ ਪਰਚੰਡ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਲੇਖਾ ਰਿਹਾ ਮੁਕਾਈਆ । ਧੁਰ ਦਾ ਲੇਖਾ ਜਾਏ ਮੁੱਕ, ਨਵ ਨੌ ਚਾਰ ਰਹਿਣ ਨਾ ਪਾਈਆ । ਪੁਰਖ ਅਕਾਲ ਆਏ ਉਠ, ਨਿਰਗੁਣ ਆਪਣਾ ਵੇਸ ਵਟਾਈਆ । ਸ਼ਬਦ ਅਗੰਮੀ ਹੋ ਕੇ ਜਾਏ ਬੁੱਕ, ਭੱਬਕ ਆਪਣਾ ਨਾਮ ਲਗਾਈਆ । ਦੋ ਜਹਾਨ ਇਕੋ ਨਾਮ ਸੁਣਾਏ ਤੁੱਕ, ਸੋਹੰ ਕਰੇ ਸਚ ਪੜ੍ਹਾਈਆ । ਆਵਣ ਜਾਵਣ ਪੈਂਡਾ ਜਾਏ ਮੁੱਕ, ਜੂਨੀ ਜੂਨ ਨਾ ਕੋਇ ਭਵਾਈਆ । ਮਾਤ ਗਰਭ ਨਾ ਉਲਟਾ ਰੁਖ਼, ਦਸ ਦਸ ਮਾਸ ਨਾ ਅਗਨ ਤਪਾਈਆ । ਜਨ ਭਗਤਾਂ ਉਜਲ ਕਰੇ ਮੁਖ, ਮੁਖ ਮੁਖੜਾ ਸਿਫ਼ਤ ਸਾਲਾਹੀਆ । ਜਨਮ ਕਰਮ ਦਾ ਮਿਟੇ ਦੁੱਖ, ਕਰਮ ਕਾਂਡ ਨਾ ਕੋਇ ਦਰਸਾਈਆ । ਆਪਣੀ ਗੋਦੀ ਲਏ ਚੁੱਕ, ਫੜ ਬਾਹੋ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲੇਖਾ ਰਿਹਾ ਜਣਾਈਆ । ਸਭ ਦਾ ਲੇਖਾ ਰਿਹਾ ਜਣਾ, ਜਾਣੀ

੧੯੯

ਜਾਣ ਦਇਆ ਕਮਾਈਆ । ਤੇਈ ਅਵਤਾਰ ਰਿਹਾ ਉਠਾ, ਭਗਤ ਅਠਾਰਾਂ ਨਾਲ ਮਿਲਾਈਆ । ਈਸਾ ਮੂਸਾ ਮੁਹੰਮਦ ਰਿਹਾ ਹਿਲਾ, ਨਾਨਕ ਗੋਬਿੰਦ ਨੈਣ ਖੁਲ੍ਹਾਈਆ । ਸਚ ਸੰਦੇਸਾ ਰਿਹਾ ਸੁਣਾ, ਪੁਰਖ ਅਬਿਨਾਸ਼ੀ ਮਿਲੋ ਚਾਈਂ ਚਾਈਂਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਗੀਤਾ ਗਿਆਨ ਖਾਣੀ ਬਾਣੀ ਬਣੇ ਗਵਾਹ, ਸ਼ਹਾਦਤ ਇਕੋ ਇਕ ਰਖਾਈਆ । ਵਰਨ ਬਰਨ ਜ਼ਾਤ ਪਾਤ ਨਾਤਾ ਦਿਓ ਤੁੜਾ, ਦੀਨ ਮਜ਼੍ਹਬ ਨਾ ਕੋਇ ਵਖਾਈਆ । ਇਸ਼ਟ ਦੇਵ ਗੁਰੂ ਸੁਆਮੀ ਪੁਰਖ ਅਕਾਲ ਲਓ ਮਨਾ, ਦੂਜਾ ਨਜ਼ਰ ਕੋਇ ਨਾ ਆਈਆ । ਸ਼ਬਦ ਨਿਸ਼ਾਨੀ ਰਿਹਾ ਵਖਾ, ਤੀਰ ਕਾਨੀ ਇਕ ਚਲਾਈਆ । ਗੋਬਿੰਦ ਮੇਲਾ ਸਹਿਜ ਸੁਭਾ, ਪਰਦਾ ਦੂਈ ਦਵੈਤ ਉਠਾਈਆ । ਮੁਲਾਂ ਸ਼ੇਖ਼ ਮਸਾਇਕ ਪੰਡਤ ਪਾਂਧਾ ਸਕੇ ਨਾ ਕੋਇ ਸਮਝਾ, ਗਿਆਨ ਧਿਆਨ ਚਲੇ ਨਾ ਕੋਇ ਚਤੁਰਾਈਆ । ਬਿਨ ਸਤਿਗੁਰ ਪੂਰੇ ਆਦਿ ਅੰਤ ਜੁਗਾ ਜੁਗੰਤ ਸਰਗੁਣ ਤੇਰਾ ਬਣੇ ਨਾ ਕੋਈ ਮਲਾਹ, ਬੇੜਾ ਪਾਰ ਨਾ ਕੋਇ ਕਰਾਈਆ । ਕਲਜੁਗ ਵੇਲਾ ਅੰਤਮ ਰਿਹਾ ਆ, ਚਾਰੇ ਕੁੰਟ ਦਏ ਦੁਹਾਈਆ । ਰਾਜ ਰਾਜਾਨ ਸ਼ਾਹ ਸੁਲਤਾਨ ਕੂੜੀ ਕਿਰਿਆ ਰਹੇ ਕਮਾ, ਸਚ ਸੁੱਚ ਨਜ਼ਰ ਕੋਇ ਨਾ ਆਈਆ । ਗ਼ਰੀਬ ਨਿਮਾਣਿਆਂ ਕੋਈ ਨਾ ਪਕੜੇ ਬਾਂਹ, ਡੁਬਦੇ ਬਾਹਰ ਨਾ ਕੋਇ ਕਢਾਈਆ । ਹਿਰਦੇ ਹਰਿ ਨਾ ਕੋਈ ਰਿਹਾ ਵਸਾ, ਰਸਨਾ ਜਿਹਵਾ ਗਾ ਗਾ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਅੰਤਮ ਲੇਖਾ ਦਏ ਮੁਕਾਈਆ । ਅੰਤਮ ਲੇਖਾ ਹਰਿ ਮੁਕੌਣਾ, ਕਲਜੁਗ ਅੰਤ ਰਹਿਣ ਨਾ ਪਾਈਆ । ਨਿਰਗੁਣ ਨਿਰਵੈਰ ਫੇਰਾ ਪੌਣਾ, ਕਲ ਕਲਕੀ ਵੇਸ ਵਟਾਈਆ । ਸ਼ਬਦ ਅਗੰਮੀ ਡੰਕ ਵਜੌਣਾ, ਢੋਲਕ ਛੈਣਾ ਨਾ ਕੋਇ ਖੜਕਾਈਆ । ਸਚ ਸੰਦੇਸਾ ਇਕ ਸੁਣੌਣਾ, ਗੁਰਮੁਖ ਤੇਰਾ ਸਤਿਗੁਰ ਆਪ
 ਗਾਵੇ ਜਸ, ਗੁਰਮੁਖ ਤੇਰੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗਾ ਜੁਗੰਤਰ ਆਤਮ ਮੰਤਰ ਇਕ ੨੦੦
ਪੜ੍ਹਾਈਆ । ਆਤਮ ਮੰਤਰ ਸ਼ਬਦ ਸੁਆਮੀ, ਸੋ ਸਤਿਗੁਰ ਆਪ ਜਣਾਈਆ । ਸਰਬ ਜੀਆਂ ਘਟ ਅੰਤਰਜਾਮੀ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੀ ਗੌਂਦੇ ਬਾਣੀ, ਸੋਹਲਾ ਢੋਲਾ ਰਾਗ ਅਲਾਈਆ । ਸੋ ਸਾਹਿਬ ਸ਼ਾਹ ਪਾਤਸ਼ਾਹ ਸਚਾ ਸੁਲਤਾਨੀ, ਤਖ਼ਤ ਨਿਵਾਸੀ ਇਕ ਅਖਵਾਈਆ । ਜਿਸ ਦਾ ਦਰ ਦਰਬਾਰ ਉਚ ਮਹੱਲ ਅਟੱਲ ਸਦਾ ਲਾਸਾਨੀ, ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਜਾਣੇ ਥਾਉਂ ਥਾਈਂਆ । ਲੇਖਾ ਜਾਣੇ ਥਾਨ ਥਨੰਤਰ, ਦੋ ਜਹਾਨਾਂ ਵੇਖ ਵਖਾਇੰਦਾ । ਆਦਿ ਜੁਗਾਦਿ ਜਿਸ ਦਾ ਮੰਤਰ, ਸੋ ਆਪਣਾ ਨਾਮ ਸਮਝਾਇੰਦਾ । ਗੁਰਮੁਖ ਉਠ ਕੇ ਵੇਖ ਅੰਤਰ, ਤੇਰੇ ਕਾਇਆ ਮੰਦਰ ਹਰਿ ਜੀ ਡੇਰਾ ਲਾਇੰਦਾ । ਕਰ ਕਿਰਪਾ ਬੁਝਾਏ ਤੇਰੀ ਬਸੰਤਰ, ਅੰਮ੍ਰਿਤ ਮੇਘ ਇਕ ਬਰਸਾਇੰਦਾ । ਤੂੰ ਮੇਰਾ ਮੈਂ ਤੇਰਾ ਨਿਤ ਨਵਿਤ ਗਾਏ ਮੰਤਰ, ਦੂਜਾ ਰਾਗ ਨਾ ਕੋਇ ਅਲਾਇੰਦਾ । ਘਰ ਵਿਚ ਘਰ ਵਖਾਏ ਗਗਨ ਗਗਨੰਤਰ, ਮੰਡਲ ਮੰਡਪ ਆਪ ਵਡਿਆਇੰਦਾ । ਮਾਣਸ ਜਨਮ ਬਣਾਏ ਬਣਤਰ, ਲੱਖ ਚੁਰਾਸੀ ਲੇਖ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜੁਗ ਜੁਗ ਲਹਿਣਾ ਝੋਲੀ ਪਾਇੰਦਾ । ਜੁਗ ਜੁਗ ਲਹਿਣਾ ਝੋਲੀ ਪਾ, ਮਕਰੂਜ਼ ਆਪਣਾ ਕਰਜ਼ ਲਾਹੀਆ । ਜਨ ਭਗਤਾਂ ਬਣੇ ਆਪ ਮਲਾਹ, ਭਗਵਨ ਬੇੜੇ ਨਾਮ ਚੜ੍ਹਾਈਆ । ਸੰਤਾਂ ਦੇਵੇ ਸਚ ਸਲਾਹ, ਸਿਫ਼ਤੀ ਢੋਲਾ ਇਕੋ ਗਾਈਆ । ਗੁਰਮੁਖ ਗੋਦੀ ਲਏ ਉਠਾ, ਫੜ ਬਾਹੌਂ ਆਪ ਬਹਾਈਆ । ਗੁਰਸਿਖ ਚਰਨ ਕਵਲ ਧਰਤ ਧਵਲ ਉਤੇ ਲਏ ਟਿਕਾ, ਮਾਣ ਨਿਮਾਣਿਆਂ ਸਿਰ ਆਪਣਾ ਹੱਥ ਟਿਕਾਈਆ । ਸਾਚਾ ਮਾਰਗ ਦਏ ਸਮਝਾ, ਕੂੜੀ ਕਿਰਿਆ ਨਾਤਾ ਤੋੜ ਤੁੜਾਈਆ । ਮੇਲ ਮਿਲਾਏ ਬੇਪਰਵਾਹ, ਬੇਪਰਵਾਹੀ ਵਿਚ ਰਖਾਈਆ । ਜਿਸ ਨੂੰ ਪੀਰ ਪੈਗ਼ੰਬਰ ਸਯਦਾ ਰਹੇ ਕਰਾ, ਸੋ ਖ਼ੁਦਾਵੰਦ ਆਪਣਾ ਰੰਗ ਰੰਗਾਈਆ । ਜਿਸ ਦਾ ਰਾਮ ਕ੍ਰਿਸ਼ਨ ਇਸ਼ਟ ਰਹੇ ਜਣਾ,

ਸੋ ਦ੍ਰਿਸ਼ਟ ਰਿਹਾ ਖੁਲ੍ਹਾਈਆ । ਜਿਸ ਦਾ ਖਾਣੀ ਬਾਣੀ ਗਾਏ ਨਾਂ, ਸੋ ਨਰ ਨਿਰੰਕਾਰਾ ਵੇਖ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਤ੍ਰੈਗੁਣ ਪੰਜ ਤਤ ਤੇਰਾ ਲਹਿਣਾ ਦਏ ਚੁਕਾ, ਪੀਰ ਪੈਗ਼ੰਬਰ ਬਾਕੀ ਕੋਈ ਰਹਿਣ ਨਾ ਪਾਈਆ । ਅਲਿਫ਼ ਯੇ ਚੌਦਾਂ ਵਿਦਿਆ ਆਪਣੀ ਝੋਲੀ ਲਏ ਪਾ, ਲਾ-ਇਲਮ ਕਰੇ ਪੜ੍ਹਾਈਆ । ਅੰਦਰੇ ਅੰਦਰ ਤਾਰ ਸਿਤਾਰ ਦਏ ਹਿਲਾ, ਰਸਨਾ ਜਿਹਵਾ ਨਾ ਕੋਇ ਹਿਲਾਈਆ । ਅਜਪਾ ਜਾਪ ਦਏ ਸਮਝਾ, ਬੱਤੀ ਦੰਦ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦਾ ਲਹਿਣਾ ਮੂਲ ਚੁਕਾਈਆ । ਸਭ ਦਾ ਲਹਿਣਾ ਚੁਕੇ ਮੂਲ, ਅਮੁਲ ਆਪ ਚੁਕਾਇੰਦਾ । ਆਦਿ ਪੁਰਖ ਨਾ ਜਾਏ ਭੂਲ, ਅਭੁਲ ਆਪਣੀ ਦਇਆ ਕਮਾਇੰਦਾ । ਸਭ ਨੂੰ ਦੇਵੇ ਜਵਾਬ ਇਕ ਮਾਅਕੂਲ, ਨਾ ਕੋਈ ਮੇਟੇ ਮੇਟ ਮਿਟਾਇੰਦਾ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਬੰਨ੍ਹਿਆ ਆਪ ਅਸੂਲ, ਅਸਲੀਅਤ ਸਾਚੀ ਸਚ ਸਮਝਾਇੰਦਾ । ਕਲਜੁਗ ਅੰਤਮ ਚੌਥੇ ਯੁਗ ਸਭ ਨੂੰ ਕਰਨਾ ਪਏ ਕਬੂਲ, ਧੁਰ ਫ਼ੁਰਮਾਨਾ ਹੁਕਮ ਜੋ ਸੁਣਾਇੰਦਾ । ਦੋ ਜਹਾਨ ਹੋਏ ਅੰਤ ਮਜਬੂਰ, ਮਜਬੂਰੀ ਹਰਿ ਜੂ ਵੇਖ ਵਖਾਇੰਦਾ । ਨੌਂ ਖੰਡ ਪ੍ਰਿਥਮੀ ਸੱਤ ਦੀਪ ਸਤਿਗੁਰ ਭੁੱਲੀ ਕਰੇ ਕਸੂਰ, ਸਾਚਾ ਮਾਰਗ ਨਜ਼ਰ ਕਿਸੇ ਨਾ ਆਇੰਦਾ । ਘਰ ਵਿਚ ਵਸਦਾ ਨੇੜੇ ਰਹਿੰਦਾ ਸਭ ਨੂੰ ਦਿਸੇ ਦੂਰ, ਕਾਇਆ ਮੰਦਰ ਅੰਦਰ ਦਰਸ ਕੋਇ ਨਾ ਪਾਇੰਦਾ । ਸੋ ਸਾਹਿਬ ਆਪਣਾ ਖੇਲ ਕਰੇ ਜ਼ਰੂਰ, ਖ਼ਾਲਕ ਖ਼ਲਕ ਪੜਦਾ ਲਾਹਿੰਦਾ । ਨਵ ਨੌ ਚਾਰ ਨਿਰਗੁਣ ਹੋ ਕੇ ਬਣਿਆ ਰਿਹਾ ਮਫ਼ਰੂਰ, ਲੋਕਮਾਤ ਹੱਥ ਕਿਸੇ ਨਾ ਆਇੰਦਾ । ਕਲਜੁਗ ਅੰਤ ਸ੍ਰੀ ਭਗਵੰਤ ਕੂੜੀ ਕਿਰਿਆ ਤੋੜੇ ਸਰਬ ਗ਼ਰੂਰ, ਗ਼ੁਰਬਤ ਸਭ ਦੀ ਮੇਟ ਮਿਟਾਇੰਦਾ । ਈਸਾ ਮੂਸਾ ਮੁਹੰਮਦ ਆਸਾ ਤ੍ਰਿਸਨਾ ਪਿਛਲੀ ਮੇਟੇ ਜੋ ਬਹਿਸ਼ਤੀ ਮੰਗਦੇ ਹੂਰ, ਹੁਲੀਆ ਸਭ ਨੂੰ ਇਕ
੨੦੧ ਸਮਝਾਇੰਦਾ । ਆਦਿ ਜੁਗਾਦਿ ਸਚ ਖ਼ੁਦਾਏ ਇਕੋ ਨੂਰ, ਮਿਹਬਾਨ ਬੀਦੋ ਬੀ ਖ਼ੈਰ ਯਾ ਅੱਲਾ ਰਹਿਮਤ ਰਹੀਮ ਰਹਿਮਾਨ ਇਕ ਕਮਾਇੰਦਾ । ਗੁਰ ਅਵਤਾਰ ਪੀਰ ੨੦੧
ਪੈਗ਼ੰਬਰ ਦੋਏ ਜੋੜ ਖੜਨ ਹਜ਼ੂਰ, ਹਾਜ਼ਰ ਹਜ਼ਰਤ ਸ਼ਹਿਨਸ਼ਾਹ ਇਕੋ ਨਜ਼ਰੀ ਆਇੰਦਾ । ਸਾਰੇ ਕਹਿਣ ਪ੍ਰਭੂ ਅਸੀਂ ਤੇਰੇ ਮਜ਼ਦੂਰ, ਜੁਗ ਜੁਗ ਸਭ ਤੇਰੀ ਸੇਵ ਕਮਾਇੰਦਾ । ਤੂੰ ਸਮਰਥ ਸੁਆਮੀ ਸਰਬ ਕਲਾ ਭਰਪੂਰ, ਤੇਰਾ ਅੰਤ ਕੋਈ ਨਾ ਆਇੰਦਾ । ਤੇਰੇ ਚਰਨ ਮਸਤਕ ਲਾਈਏ ਧੂੜ, ਤਿਲਕ ਲਲਾਟੀ ਇਕੋ ਨਜ਼ਰੀ ਆਇੰਦਾ । ਚਤੁਰ ਸੁਘੜ ਬਣੀਏ ਮੂਰਖ ਮੂੜ, ਮਾਣ ਅਭਿਮਾਨ ਰਹਿਣ ਕੋਇ ਨਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਪਿਛਲਾ ਲੇਖਾ ਬਾਕੀ ਨਜ਼ਰ ਕੋਇ ਨਾ ਆਇੰਦਾ । ਪਿਛਲਾ ਲੇਖਾ ਰਹੇ ਨਾ ਬਾਕੀ, ਨਿਰਗੁਣ ਅੱਗੇ ਸਰਬ ਸੁਣਾਈਆ । ਪੰਜ ਤਤ ਕਾਇਆ ਚੋਲਾ ਹੰਢਾਇਆ ਖ਼ਾਕੀ, ਜੁਗ ਜੁਗ ਲੋਕਮਾਤ ਵੇਸ ਵਟਾਈਆ । ਤੇਰੇ ਸ਼ਬਦ ਘੋੜੇ ਚੜ੍ਹ ਕੇ ਗਏ ਰਾਕੀ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਪਾਰ ਕਰਾਈਆ । ਤੇਰੇ ਝਰੋਖੇ ਦੀ ਖੋਲ੍ਹ ਕੇ ਆਏ ਤਾਕੀ, ਘਰ ਘਰ ਵਿਚ ਪੜਦਾ ਲਾਹੀਆ । ਜਾਮ ਪਿਆ ਕੇ ਆਏ ਬਣ ਕੇ ਸਾਕੀ, ਅੰਮ੍ਰਿਤ ਪਿਆਲਾ ਆਬੇ ਹਯਾਤ ਹੱਥ ਉਠਾਈਆ । ਤੇਰੀ ਦੱਸ ਕੇ ਆਏ ਖੇਲ ਬਾਂਕੀ, ਤੇਰੀ ਚਾਲ ਨਿਰਾਲੀ ਸਮਝ ਕਿਸੇ ਨਾ ਆਈਆ । ਤੇਰੀ ਖੋਲ੍ਹ ਕੇ ਆਏ ਨਾਮ ਹਾਟੀ, ਗੁਰ ਅਵਤਾਰ ਤੇਰਾ ਹੱਟ ਚਲਾਈਆ । ਤੇਰੇ ਪ੍ਰੇਮ ਪਿਆਰ ਦੀ ਪਿਆ ਕੇ ਆਏ ਬਾਟੀ, ਹੱਥ ਪਿਆਲਾ ਇਕ ਉਠਾਈਆ । ਤੇਰੀ ਦੱਸ ਕੇ ਆਏ ਸਾਚੀ ਸਾਖੀ, ਬਿਨ ਪੁਰਖ ਅਕਾਲ ਵੇਲੇ ਅੰਤ ਨਾ ਕੋਇ ਬਚਾਈਆ । ਤੇਰੀ ਦੇ ਕੇ ਆਏ ਸਾਚੀ ਬਾਣੀ ਧੁਰ ਦੀ ਭਾਖੀ, ਭਾਖਿਆ ਇਕੋ ਇਕ ਜਣਾਈਆ । ਪੜ੍ਹਾ ਕੇ ਆਏ ਤੇਰੇ ਨਾਮ ਦੀ ਇਕ ਜਮਾਤੀ, ਦੂਜੀ ਪੱਟੀ ਨਾ ਕੋਇ ਲਿਖਾਈਆ । ਦੱਸ ਕੇ ਆਏ ਪੂਜਾ ਪਾਠੀ, ਸਤਿਗੁਰ ਸਾਚਾ ਇਕ ਮੰਨਾਈਆ । ਵਖਾ ਕੇ ਆਏ ਤੀਰਥ ਤਾਟੀ, ਅੰਮ੍ਰਿਤ ਸਰੋਵਰ ਆਤਮ ਇਕ ਨੁਹਾਈਆ । ਮੇਟ ਕੇ ਆਏ ਅੰਧੇਰੀ ਰਾਤੀ, ਤੇਰਾ ਨਾਮ ਚੰਦ ਚਮਕਾਈਆ । ਦੇ ਕੇ ਆਏ ਸੁਨੇਹੜਾ ਤੇਰੀ ਪਾਤੀ, ਕਮਲਾਪਾਤੀ ਤੇਰਾ ਹੁਕਮ ਸਮਝਾਈਆ । ਪਿਆ ਕੇ ਆਏ ਅੰਮ੍ਰਿਤ ਬੂੰਦ

ਸਵਾਂਤੀ, ਨਿਝਰ ਝਿਰਨਾ ਘਰ ਘਰ ਆਪ ਝਿਰਾਈਆ । ਤੇਰਾ ਧਾਮ ਦੱਸ ਕੇ ਆਏ ਪ੍ਰਭ ਬੈਠਾ ਰਹੇ ਇਕ ਇਕਾਂਤੀ, ਇਕ ਇਕੱਲਾ ਡੇਰਾ ਲਾਈਆ । ਸਤਿਗੁਰ ਸੁਲਤਾਨ ਸਾਹਿਬ ਪੁਰਖ ਸਮਰਾਥੀ, ਦੂਜਾ ਸੰਗ ਨਾ ਕੋਇ ਨਿਭਾਈਆ । ਜਿਸ ਦੀ ਜੁਗ ਚੌਕੜੀ ਸਾਰੇ ਗੌਂਦੇ ਗਾਥੀ, ਗਾ ਗਾ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਗੁਰ ਅਵਤਾਰ ਪੀਰ ਪੈਗ਼ੰਬਰ ਦਰ ਦਰਵੇਸ਼ ਸਾਰੇ ਮੰਗਣ, ਏਕਾ ਚਾੜ੍ਹ ਅਗੰਮੀ ਰੰਗਣ, ਤੇਰਾ ਰੰਗ ਨਜ਼ਰ ਕਿਸੇ ਨਾ ਆਈਆ । ਅੰਤਮ ਲਹਿਣਾ ਦੇਵਾਂ ਅੰਤ, ਅੰਤਸ਼ਕਰਨ ਸਰਬ ਵੇਖ ਵਖਾਇੰਦਾ । ਲੇਖਾ ਜਾਣਾ ਲੱਖ ਚੁਰਾਸੀ ਜੀਵ ਜੰਤ, ਬਚਿਆ ਕੋਈ ਰਹਿਣ ਨਾ ਪਾਇੰਦਾ । ਫੋਲ ਫੁਲਾਵਾਂ ਗੁਰਮੁਖ ਸੱਚਾ ਸੰਤ, ਜੋ ਜਨ ਹਿਰਦੇ ਹਰਿ ਹਰਿ ਇਕ ਧਿਆਇੰਦਾ । ਲੇਖ ਮੁਕਾਵਾਂ ਗੁਰਮੁਖ ਵਡ ਵਡ ਭਗਤ, ਭਗਵੰਤ ਆਪਣੀ ਦਇਆ ਕਮਾਇੰਦਾ । ਸਾਚਾ ਮੰਤਰ ਇਕ ਦ੍ਰਿੜਾਵਾਂ ਮਣੀਆਂ ਮੰਤ, ਮਨ ਵਾਸਨਾ ਮੇਟ ਮਿਟਾਇੰਦਾ । ਲੱਖ ਚੁਰਾਸੀ ਜਣਾਵਾਂ ਇਕੋ ਕੰਤ, ਨਰ ਹਰਿ ਨਰਾਇਣ ਨਜ਼ਰੀ ਆਇੰਦਾ । ਸਾਚੀ ਚੋਲੀ ਚਾੜ੍ਹਾਂ ਰੰਗ ਬਸੰਤ, ਰੰਗ ਬਸੰਤ ਆਪਣਾ ਨਾਮ ਵਖਾਇੰਦਾ । ਗੁਰਮੁਖ ਦੂਜੇ ਦਰ ਨਾ ਜਾਏ ਮੰਗਤ, ਜਿਸ ਹਰਿ ਸਤਿਗੁਰ ਆਪਣਾ ਨਾਮ ਝੋਲੀ ਪਾਇੰਦਾ । ਗੁਰ ਕੀ ਸਿਖਿਆ ਕੋਈ ਨਾ ਦੇਵੇ ਪੰਡਤ, ਮੁੱਲਾ ਸ਼ੇਖ਼ ਹੱਕ ਨਾ ਕੋਇ ਸਮਝਾਇੰਦਾ । ਕਲਜੁਗ ਅੰਤਮ ਸਾਰੇ ਹੋਏ ਖੰਡਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਭ ਦਾ ਲਹਿਣਾ ਘਰ ਘਰ ਝੋਲੀ ਪਾਇੰਦਾ । ਲਹਿਣਾ ਦੇਵੇ ਜਾ ਕੇ ਘਰ, ਵਸਤੂ ਆਪਣਾ ਨਾਮ ਟਿਕਾਈਆ । ਗੁਰਮੁਖ ਮਿਲੇ ਸਤਿਗੁਰ ਵਰ, ਵਰ ਦਾਤਾ ਬੇਪਰਵਾਹੀਆ । ਸ਼ਬਦ ਵਿਚੋਲਾ ਆਪੇ ਬਣ, ਸੌਹਰੇ ਪੇਈਏ ਆਵੇ ਜਾਵੇ ਚਾਈਂ ਚਾਈਆ ।
੨੦੨ ਮੇਲ ਮਿਲਾਵਾ ਨਾਰੀ ਨਰ, ਸੁਰਤੀ ਸ਼ਬਦ ਕਰੇ ਕੁੜਮਾਈਆ । ਸਚ ਦੁਆਰੇ ਵੇਖੇ ਖੜ, ਪੜਦਾ ਉਹਲਾ ਆਪ ਉਠਾਈਆ । ਇਕੋ ਢੋਲਾ ਲਏ ਪੜ੍ਹ, ਮੇਰਾ ੨੦੨
ਤੇਰਾ ਭੇਤ ਰਹਿਣ ਨਾ ਪਾਈਆ । ਸਾਚਾ ਪੱਲੂ ਲੈਣਾ ਫੜ, ਨਿਰਗੁਣ ਸਰਗੁਣ ਗੰਢ ਬੰਧਾਈਆ । ਇਕ ਮਹੱਲੇ ਜਾਣਾ ਚੜ੍ਹ, ਸਤਿਗੁਰ ਬੈਠਾ ਸੇਜ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਕਿਰਪਾ ਕਰ, ਜਨ ਭਗਤਾਂ ਲਹਿਣਾ ਦੇਣਾ ਇਕੋ ਰੰਗ ਵਖਾਈਆ । ਜਨ ਭਗਤ ਲਹਿਣਾ ਦੇਣਾ ਮੰਗਣ, ਝੋਲੀ ਸਤਿਗੁਰ ਅੱਗੇ ਡਾਹੀਆ । ਸ੍ਰੀ ਭਗਵਾਨ ਚਾੜ੍ਹਨਹਾਰਾ ਰੰਗਣ, ਸਚ ਲਲਾਰੀ ਨਾਮ ਰੰਗ ਚੜ੍ਹਾਈਆ । ਅੰਦਰ ਵੜ ਵਜਾਏ ਮਰਦੰਗਨ, ਸਚ ਮਰਦੰਗਾ ਇਕ ਉਠਾਈਆ । ਸਚ ਦੁਆਰੇ ਗੁਰਸਿਖ ਲੰਘਣ, ਗੁਰੂਦੁਆਰ ਇਕੋ ਨਜ਼ਰੀ ਆਈਆ । ਨਾ ਕੋਈ ਸੂਰਜ ਨਾ ਕੋਈ ਚੰਦਨ, ਨਿਰਗੁਣ ਜੋਤ ਨੂਰ ਰੁਸ਼ਨਾਈਆ । ਨਾ ਕੋਈ ਗੀਤ ਨਾ ਕੋਈ ਛੰਦਨ, ਢੋਲਾ ਰਾਗ ਨਾ ਕੋਇ ਅਲਾਈਆ । ਸਚ ਦੁਆਰੇ ਨਜ਼ਰੀ ਆਏ ਇਕੋ ਸਾਹਿਬ ਸੂਰਾ ਸਰਬੰਗਨ, ਵਡ ਵੱਡਾ ਵਡ ਵਡਿਆਈਆ । ਸਚ ਦ੍ਰਿੜਾਏ ਇਕ ਅਨੰਦਨ, ਅਨੰਦ ਅਨੰਦ ਵਿਚੋਂ ਜਣਾਈਆ । ਆਪ ਸਮਾਏ ਪਰਮਾਨੰਦਨ, ਪਰਮ ਪੁਰਖ ਬੇਪਰਵਾਹੀਆ । ਗੁਰਮੁਖ ਤੇਰਾ ਕਲਜੁਗ ਅੰਤ ਮਾਣਸ ਜਨਮ ਨਾ ਹੋਵੇ ਭੰਗਨ, ਜਿਸ ਮਿਲਿਆ ਗੋਬਿੰਦ ਸੱਚਾ ਮਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਜੋਤ ਧਰ, ਨਿਹਕਲੰਕ ਨਰਾਇਣ ਨਰ, ਨਰ ਹਰਿ ਲੇਖਾ ਲੇਖੇ ਰਿਹਾ ਲਗਾਈਆ ।

✪ ੨੪ ਭਾਦਰੋ ੨੦੨੦ ਬਿਕ੍ਰਮੀ ਭਲਾਈਪੁਰ ਡੋਗਰਾਂ ਗਿਆਨੀ ਗੁਰਮੁਖ ਸਿੰਘ, ਪਾਲ ਸਿੰਘ ਦੇ ਗ੍ਰਿਹ ਜ਼ਿਲਾ ਅੰਮ੍ਰਿਤਸਰ ✪

ਗੁਰਮੁਖ ਸਦਾ ਰਹੇ ਭਟਕ, ਪ੍ਰਭ ਚਰਨ ਧਿਆਨ ਲਗਾਈਆ । ਮਨਮੁਖ ਰਾਹ ਵਿਚ ਰਹੇ ਅਟਕ, ਪਾਂਧੀ ਪੰਧ ਨਾ ਕੋਇ ਮੁਕਾਈਆ । ਗੁਰਸਿਖ ਦਰ ਤੇ ਔਣ ਸਦਾ ਬੇਖਟਕ, ਖਟਕਾ ਕੋਇ ਨਜ਼ਰ ਨਾ ਆਈਆ । ਲੱਖ ਚੁਰਾਸੀ ਵਿਚੋਂ ਜਿਨ੍ਹਾਂ ਮਾਣਸ ਜਨਮ ਮਿਲਿਆ ਪਰਤ, ਬ੍ਰਹਮ ਪਾਰਬ੍ਰਹਮ ਦਏ ਸਮਝਾਈਆ । ਸਤਿਗੁਰ ਪੂਰਾ ਕੋਈ ਨਾ ਜਾਣੇ ਸੋਗ ਹਰਖ਼, ਚਿੰਤਾ ਗ਼ਮ ਨਾ ਕੋਇ ਜਣਾਈਆ । ਜਿਸ ਜਨ ਕਰਾਏ ਆਪਣਾ ਦਰਸ, ਤਿਸ ਜਨਮ ਕਰਮ ਦੀ ਮੈਲ ਧਵਾਈਆ । ਅੰਮ੍ਰਿਤ ਮੇਘ ਅੰਤਰ ਬਰਸ, ਦੁਰਮਤ ਮੈਲ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਕਰਮ ਜਰਮ ਪੂਰਬ ਕੋਈ ਨਾ ਸਕੇ ਜਾਣ, ਭਰਮੇ ਭੁੱਲੀ ਸਰਬ ਲੋਕਾਈਆ । ਜਗਤ ਵਿਦਿਆ ਹੋਈ ਨਾਦਾਨ, ਹਰਿ ਕਾ ਭੇਵ ਕੋਇ ਨਾ ਪਾਈਆ । ਪੜ੍ਹ ਪੜ੍ਹ ਸਾਰੇ ਦੱਸਣ ਨਿਸ਼ਾਨ, ਮੰਜ਼ਲ ਚੜ੍ਹ ਕੇ ਦਰਸ ਕੋਇ ਨਾ ਪਾਈਆ । ਰਸਨਾ ਜਿਹਵਾ ਦੇਵਣ ਸਰਬ ਗਿਆਨ, ਨੇਤਰ ਨੈਣ ਨਜ਼ਰ ਕਿਸੇ ਨਾ ਆਈਆ । ਗੁਰਮੁਖ ਗੁਰਸਿਖ ਕਦੇ ਨਾ ਭੁੱਲੇ ਬਾਲ ਅਵਾਣ, ਅਭੁੱਲ ਆਪਣੀ ਦਇਆ ਕਮਾਈਆ । ਜਨਮ ਜਨਮ ਦਾ ਲੇਖਾ ਚੁੱਕੇ ਆਣ, ਜਿਸ ਜਨ ਮਿਹਰ ਨਜ਼ਰ ਉਠਾਈਆ । ਆਤਮ ਅੰਤਰ ਦੇਵੇ ਦਾਨ, ਬਸੰਤਰ ਕੂੜੀ ਦਏ ਬੁਝਾਈਆ । ਮਨ ਵਾਸਨਾ ਤੋੜ ਅਭਿਮਾਨ, ਨਿਵਣ-ਸੋ-ਅੱਖਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਕਿਰਪਾ ਕਰ, ਸਦ ਸਦਾ ਹੋਏ ਸਹਾਈਆ । ਜਨਮ ਕਰਮ ਦਾ ਲੇਖਾ ਜਾਣੇ ਆਪ, ਨਿਰਗੁਣ ਸਰਗੁਣ ਭੇਵ ਚੁਕਾਇੰਦਾ । ਆਦਿ ਜੁਗਾਦੀ ਮਾਈ ਬਾਪ, ਜੁਗ ਜੁਗ

੨੦੩ ਪਿਤਾ ਪੂਤ ਭੇਵ ਚੁਕਾਇੰਦਾ । ਨਿਤ ਨਵਿਤ ਦੇਵੇ ਸਾਚਾ ਸਾਥ, ਸਗਲਾ ਸੰਗ ਨਿਭਾਇੰਦਾ । ਏਥੇ ਓਥੇ ਪਤ ਲਏ ਰਾਖ, ਸਿਰ ਆਪਣਾ ਹੱਥ ਟਿਕਾਇੰਦਾ । ਕੂੜ ੨੦੩

ਕੁੜਿਆਰਾ ਕੋਈ ਨਾ ਕਰੇ ਅੰਤਮ ਘਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਕਿਰਪਾ ਕਰ, ਸਾਚੀ ਭਟਕਨਾ ਵੇਖ ਵਖਾਇੰਦਾ । ਜਗਤ ਭਟਕਨਾ ਮਨ ਦਾ ਕੰਮ, ਮਨ ਮਨਸਾ ਨਾਲ ਮਿਲਾਈਆ । ਗੁਰਮੁਖ ਭਟਕਨਾ ਪ੍ਰਭ ਦਰਸਨ ਮੰਗੇ ਦਮੋ ਦਮ, ਅੰਤਰ ਇਕ ਧਿਆਨ ਲਗਾਈਆ । ਗੁਰ ਦਾ ਭਟਕਨਾ ਗੁਰਮੁਖਾਂ ਬੇੜਾ ਦੇਵੇ ਬੰਨ੍ਹ, ਜੁਗ ਜੁਗ ਸੇਵ ਕਮਾਈਆ । ਹਰਿ ਦਾ ਭਟਕਨਾ ਜਨ ਭਗਤਾਂ ਆਵੇ ਕੰਮ, ਦੂਜੇ ਸਾਰ ਕਿਸੇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ. ਕਿਰਪਾ ਕਰ, ਸਾਚੀ ਭਟਕਨਾ ਦਏ ਸਮਝਾਈਆ । ਸਭ ਤੋ ਪਹਿਲੋ ਭਟਕਿਆ ਆਪ ਭਗਵਾਨ, ਆਪਣੀ ਬਣਤ ਆਪ ਬਣਾਈਆ । ਆਪਣੀ ਭਟਕਨਾ ਅੰਦਰ ਦਿਤਾ ਦਾਨ, ਨਿਰਗੁਣ ਝੋਲੀ ਸਚ ਵਖਾਈਆ । ਭਟਕਨਾ ਅੰਦਰ ਜਨਨੀ ਜਨ ਕੇ ਜੰਮਿਆ ਪੁਤ ਸੁਲਤਾਨ, ਸ਼ਬਦ ਦੁਲਾਰਾ ਨਾਉਂ ਰਖਾਈਆ । ਭਟਕਨਾ ਅੰਦਰ ਬਣਿਆ ਸ਼ਾਹ ਸੁਲਤਾਨ, ਸ਼ਹਿਨਸ਼ਾਹ ਵੱਡੀ ਵਡਿਆਈਆ । ਭਟਕਨਾ ਅੰਦਰ ਸਚਖੰਡ ਬਣਾਇਆ ਮਕਾਨ, ਚਾਰ ਦੀਵਾਰੀ ਨਜ਼ਰ ਕਿਸੇ ਨਾ ਆਈਆ । ਭਟਕਨਾ ਅੰਦਰ ਥਿਰ ਘਰ ਖੋਲ੍ਹ ਆਪ ਦੁਕਾਨ, ਦਰ ਦਰਵਾਜ਼ਾ ਆਪਣੇ ਵਿਚ ਛੁਪਾਈਆ । ਭਟਕਨਾ ਅੰਦਰ ਸ਼ਬਦੀ ਸੁਤ ਦਿਤਾ ਦਾਨ, ਵਿਸ਼ਵ ਵਿਸ਼ਨੂੰ ਜਾਗ ਖੁਲ੍ਹਾਈਆ । ਭਟਕਨਾ ਅੰਦਰ ਪਾਰਬ੍ਰਹਮ ਬ੍ਰਹਮ ਵੰਡੀ ਪਾਏ ਆਣ, ਵੰਡਣਹਾਰਾ ਇਕ ਅਖਵਾਈਆ । ਭਟਕਨਾ ਅੰਦਰ ਸ਼ੰਕਰ ਕਰ ਪਰਵਾਨ, ਹੱਥ ਤ੍ਰਿਸੂਲ ਫੜਾਈਆ । ਭਟਕਨਾ ਅੰਦਰ ਤ੍ਰੈਗੁਣ ਮਾਇਆ ਕਰ ਬਲਵਾਨ, ਸਿਰ ਆਪਣਾ ਹੱਥ ਟਿਕਾਈਆ । ਭਟਕਨਾ ਅੰਦਰ ਪੰਜ ਤਤ ਕਰੇ ਨਿਸ਼ਾਨ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਆਪ ਉਪਾਈਆ । ਭਟਕਨਾ ਅੰਦਰ ਖੇਲੇ ਖੇਲ ਜ਼ਿਮੀਂ ਅਸਮਾਨ, ਗਗਨ ਮੰਡਲ ਦਏ ਵਡਿਆਈਆ । ਭਟਕਨਾ ਅੰਦਰ ਨਿਰਗੁਣ ਸਰਗੁਣ ਪਰਗਟ ਹੋਵੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਭਟਕਨਾ ਆਪ ਬਣਾਈਆ । ਭਟਕਨਾ ਅੰਦਰ ਖੇਲ ਕਰਤਾਰ, ਹਰਿ ਕਰਤਾ ਆਪ

੨੦੪

ਕਰਾਇੰਦਾ । ਭਟਕਨਾ ਅੰਦਰ ਲੇਖਾ ਲੇਖ ਲਿਖ ਜੁਗ ਚਾਰ, ਧੁਰ ਫ਼ਰਮਾਨਾ ਹੁਕਮ ਸੁਣਾਇੰਦਾ । ਭਟਕਨਾ ਅੰਦਰ ਬ੍ਰਹਮਵੇਤਾ ਕਰ ਤਿਆਰ, ਬ੍ਰਹਮ ਵਿਦਿਆ ਇਕ ਸਮਝਾਇੰਦਾ । ਭਟਕਨਾ ਅੰਦਰ ਲੱਖ ਚੁਰਾਸੀ ਕਾਰ, ਜੇਰਜ ਅੰਡਜ ਉਤਭੁਜ ਸੇਤਜ ਰੰਗ ਰੰਗਾਇੰਦਾ । ਭਟਕਨਾ ਅੰਦਰ ਆਪਣਾ ਨਾਉਂ ਨਿਰੰਕਾਰਾ ਬੋਲ ਜੈਕਾਰ, ਸਾਚਾ ਨਾਮ ਆਪ ਸਾਲਾਹਿੰਦਾ । ਭਟਕਨਾ ਅੰਦਰ ਖੇਲ ਕਰੇ ਅਗੰਮ ਅਪਾਰ, ਅਲੱਖ ਅਗੋਚਰ ਆਪਣੀ ਕਾਰ ਕਮਾਇੰਦਾ । ਭਟਕਨਾ ਅੰਦਰ ਵਿਸ਼ਨੂੰ ਭਰੇ ਭੰਡਾਰ, ਸਾਚੀ ਵਸਤ ਆਪ ਵਰਤਾਇੰਦਾ । ਭਟਕਨਾ ਅੰਦਰ ਬ੍ਰਹਮੇ ਦਏ ਆਧਾਰ, ਘਟ ਘਟ ਬ੍ਰਹਮ ਜੋਤ ਵਖਾਇੰਦਾ । ਭਟਕਨਾ ਅੰਦਰ ਸ਼ੰਕਰ ਕਰੇ ਹੋਸ਼ਿਆਰ, ਭੋਲੇ ਨਾਥ ਤ੍ਰਿਸੂਲ ਹੱਥ ਵਖਾਇੰਦਾ । ਭਟਕਨਾ ਅੰਦਰ ਰਜੋ ਤਮੋ ਸਤੋ ਕਰੇ ਸ਼ੰਗਾਰ, ਨੇਤਰ ਨੈਣ ਨੈਣ ਮਟਕਾਇੰਦਾ । ਭਟਕਨਾ ਅੰਦਰ ਲੇਖਾ ਜਾਣ ਸੱਚੀ ਸਰਕਾਰ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਇੰਦਾ । ਭਟਕਨਾ ਅੰਦਰ ਰਚ ਕੇ ਖਾਣੀ ਚਾਰ, ਖ਼ਾਲਸ ਆਪਣਾ ਰੂਪ ਵਖਾਇੰਦਾ । ਭਟਕਨਾ ਅੰਦਰ ਨਿਰਗੁਣ ਸਰਗੁਣ ਲੈ ਅਵਤਾਰ, ਗੁਰ ਗੁਰ ਆਪਣੀ ਧਾਰ ਜਣਾਇੰਦਾ । ਭਟਕਨਾ ਅੰਦਰ ਬੋਲ ਸਚ ਜੈਕਾਰ, ਸ਼ਬਦ ਅਨਾਦੀ ਨਾਦ ਸੁਣਾਇੰਦਾ । ਭਟਕਨਾ ਅੰਦਰ ਹੋਏ ਖ਼ਬਰਦਾਰ, ਬੇਖ਼ਬਰ ਖ਼ਬਰ ਆਪ ਸੁਣਾਇੰਦਾ । ਭਟਕਨਾ ਅੰਦਰ ਬਣ ਕੇ ਸਾਂਝਾ ਯਾਰ, ਸਗਲਾ ਸੰਗ ਆਪ ਨਿਭਾਇੰਦਾ । ਭਟਕਨਾ ਅੰਦਰ ਆਤਮ ਪਰਮਾਤਮ ਕਰੇ ਪਿਆਰ, ਸਚ ਪ੍ਰੀਤੀ ਆਪ ਨਿਭਾਇੰਦਾ । ਭਟਕਨਾ ਅੰਦਰ ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਚੇ ਵਾਰੋ ਵਾਰ, ਸਾਚੀ ਰਚਨਾ ਆਪ ਰਚਾਇੰਦਾ । ਭਟਕਨਾ ਅੰਦਰ ਸਾਚੀ ਸਿਖਿਆ ਦਏ ਸਿਖਾਲ, ਵਿਦਤ ਇਕੋ ਨਾਮ ਪੜ੍ਹਾਇੰਦਾ । ਭਟਕਨਾ ਅੰਦਰ ਹੋਏ ਦੀਨ ਦਿਆਲ, ਗ਼ਰੀਬ ਨਿਮਾਣੇ ਗਲੇ ਲਗਾਇੰਦਾ । ਭਟਕਨਾ ਅੰਦਰ ਦੋ ਜਹਾਨਾਂ ਬਣੇ ਦਲਾਲ, ਸਚ ਦਲਾਲੀ ਆਪ ਕਮਾਇੰਦਾ । ਭਟਕਨਾ ਅੰਦਰ ਵੇਖ ਵਖਾਏ ਸੱਚੀ ਧਰਮਸਾਲ, ਧਰਮ ਦੁਆਰਾ ਇਕ ਖੁਲ੍ਹਾਇੰਦਾ । ਭਟਕਨਾ ਅੰਦਰ ਗੁਰੂ ਗੁਰਦੇਵ ਉਪਜਾਏ ਆਪਣੇ ਲਾਲ, ਲਾਲਨ ਆਪਣਾ ਰੰਗ ਰੰਗਾਇੰਦਾ । ਭਟਕਨਾ ਅੰਦਰ ਸਭ ਘਟ ਚਲੇ ਨਾਲ, ਵਛੋੜਾ ਨਜ਼ਰ ਕੋਇ ਨਾ ਆਇੰਦਾ । ਭਟਕਨਾ ਅੰਦਰ ਆਪਣੀ ਘਾਲਨ ਰਿਹਾ ਘਾਲ, ਬਣ ਸੇਵਕ ਸੇਵ ਕਮਾਇੰਦਾ । ਭਟਕਨਾ ਅੰਦਰ ਬਣੇ ਸਦਾ ਪ੍ਰਿਤਪਾਲ, ਪ੍ਰਿਤਪਾਲਕ ਵੇਸ ਵਟਾਇੰਦਾ । ਭਟਕਨਾ ਅੰਦਰ ਦੇਵੇ ਨਾਮ ਸੱਚਾ ਧੰਨ ਮਾਲ, ਸਚ ਖ਼ਜ਼ੀਨਾ ਆਪ ਲੁਟਾਇੰਦਾ । ਭਟਕਨਾ ਅੰਦਰ ਪੀਰ ਪੈਗ਼ੰਬਰ ਲਏ ਉਠਾਲ, ਜੋਤੀ ਜੋਤ ਜੋਤ ਰੁਸ਼ਨਾਇੰਦਾ । ਭਟਕਨਾ ਅੰਦਰ ਹੱਕ ਹਕੀਕਤ ਦਏ ਵਖਾਲ, ਲਾਸ਼ਰੀਕ ਪੜਦਾ ਲਾਹਿੰਦਾ । ਭਟਕਨਾ ਅੰਦਰ ਮੁਕਾਮੇ ਹੱਕ ਨੂਰ ਧਰੇ ਜਲਾਲ, ਜਲਵਾ ਇਕੋ ਇਕ ਸਮਝਾਇੰਦਾ । ਭਟਕਨਾ ਅੰਦਰ ਸਾਚਾ ਕਲਮਾ ਬੋਲੇ ਕਲਾਮ, ਕਾਇਨਾਤ ਆਪ ਪੜ੍ਹਾਇੰਦਾ । ਭਟਕਨਾ ਅੰਦਰ ਬਣੇ ਅਮਾਮ, ਆਪ ਆਪਣਾ ਵੇਸ ਧਰਾਇੰਦਾ । ਭਟਕਨਾ ਅੰਦਰ ਪਿਆਏ ਜਾਮ, ਆਬੇ ਹਯਾਤ ਹੱਥ ਰਖਾਇੰਦਾ । ਭਟਕਨਾ ਅੰਦਰ ਕਰੇ ਸਲਾਮ, ਨਿਉਂ ਨਿਉਂ ਸਯਦਾ ਸੀਸ ਝੁਕਾਇੰਦਾ । ਭਟਕਨਾ ਅੰਦਰ ਬਣੇ ਗ਼ੁਲਾਮ, ਦਰ ਬਰਦਾ ਆਪ ਅਖਵਾਇੰਦਾ । ਭਟਕਨਾ ਅੰਦਰ ਦਏ ਪੈਗ਼ਾਮ, ਧੁਰ ਸੰਦੇਸਾ ਆਪ ਸੁਣਾਇੰਦਾ । ਭਟਕਨਾ ਅੰਦਰ ਕਰੇ ਕਾਮ, ਕਰਨੀ ਕਰਤਾ ਆਪ ਕਮਾਇੰਦਾ । ਭਟਕਨਾ ਅੰਦਰ ਬਦਲੇ ਨਜ਼ਾਮ, ਧੁਰ ਦੀ ਨੌਬਤ ਨਾਮ ਵਜਾਇੰਦਾ । ਭਟਕਨਾ ਅੰਦਰ ਦੇ ਗਿਆਨ, ਸਾਚੀ ਸਿਖਿਆ ਇਕ ਸਮਝਾਇੰਦਾ । ਭਟਕਨਾ ਅੰਦਰ ਝੁਲਾਏ ਨਿਸ਼ਾਨ, ਦੋ ਜਹਾਨਾਂ ਆਪ ਵਖਾਇੰਦਾ । ਭਟਕਨਾ ਅੰਦਰ ਬਣੇ ਕਾਹਨ, ਗੋਪੀ ਕਾਹਨ ਰੂਪ ਧਰਾਇੰਦਾ । ਭਟਕਨਾ ਅੰਦਰ ਬਣੇ ਰਾਮ, ਸੀਤਾ ਸੁਰਤੀ ਆਪ ਪਰਨਾਇੰਦਾ । ਭਟਕਨਾ ਅੰਦਰ ਬੋਲੇ ਸਤਿ ਨਾਮ, ਨਾਨਕ ਨਿਰਗੁਣ ਮੰਤਰ ਇਕ ਦ੍ਰਿੜਾਇੰਦਾ । ਭਟਕਨਾ ਅੰਦਰ ਸ੍ਰਿਸ਼ਟ ਸਬਾਈ ਵੇਖੇ ਆਣ, ਆਪ ਆਪਣਾ ਫੇਰਾ ਪਾਇੰਦਾ । ਭਟਕਨਾ ਅੰਦਰ ਗੋਬਿੰਦ ਕਰੇ ਇਕ ਪਰਨਾਮ, ਮਸਤਕ ਧੂੜੀ ਟਿੱਕਾ ਇਕ ਵਖਾਇੰਦਾ । ਭਟਕਨਾ ਅੰਦਰ ਇਕੋ ਖੇਲ ਕਰੇ ਅਕਾਲ, ਅਕਲ ਕਲਧਾਰੀ ਰਾਹ ਚਲਾਇੰਦਾ । ਭਟਕਨਾ

ਅੰਦਰ ਜਨ ਭਗਤਾਂ ਉਤੇ ਹੋਏ ਆਪ ਦਿਆਲ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਭਟਕਨਾ ਅੰਦਰ ਸਾਚੇ ਸੰਤ ਲਏ ਸੰਭਾਲ, ਸੰਭਲ ਸੰਭਲ ਆਪਣਾ ਰਾਹ ਜਣਾਇੰਦਾ । ਭਟਕਨਾ ਅੰਦਰ ਗੁਰਮੁਖ ਗੋਦੀ ਲਏ ਬਠਾਲ, ਫੜ ਬਾਂਹੋ ਗਲੇ ਲਗਾਇੰਦਾ । ਭਟਕਨਾ ਅੰਦਰ ਗੁਰਸਿਖਾਂ ਚਲੇ ਨਾਲ ਨਾਲ, ਨਾਮ ਇਸ਼ਾਰਾ ਇਕ ਵਖਾਇੰਦਾ । ਭਟਕਨਾ ਅੰਦਰ ਖੇਲ ਕਰੇ ਜੁਗ ਚਾਰ, ਨੌਂ ਸੌ ਚੁਰਾਨਵੇ ਚੌਕੜੀ ਪੰਧ ਮੁਕਾਇੰਦਾ । ਭਟਕਨਾ ਅੰਦਰ ਖੇਲ ਗੁਰੂ ਅਵਤਾਰ, ਪੀਰ ਪੈਗ਼ੰਬਰ ਭਟਕਨਾ ਵਿਚ ਧੁਰ ਦੀ ਧਾਰ ਇਕ ਜਣਾਇੰਦਾ । ਭਟਕਨਾ ਵਿਚ ਸ਼ਾਸਤਰ ਸਿਮਰਤ ਵੇਦ ਪੁਰਾਨ ਬਣ ਲਿਖਾਰ, ਗੀਤਾ ਗਿਆਨ ਗਿਆਨ ਦ੍ਰਿੜਾਇੰਦਾ । ਭਟਕਨਾ ਅੰਦਰ ਅੰਜੀਲ ਕੁਰਾਨਾਂ ਦਏ ਆਧਾਰ, ਤੀਸ ਬਤੀਸਾ ਸਿਫ਼ਤ ਸਾਲਾਇੰਦਾ । ਭਟਕਨਾ ਅੰਦਰ ਨਾਨਕ ਨਿਰਗੁਣ ਬੋਲ ਜੈਕਾਰ, ਮੰਤਰ ਇਕੋ ਇਕ ਸਮਝਾਇੰਦਾ । ਭਟਕਨਾ ਅੰਦਰ ਗੁਰੂ ਗ੍ਰੰਥ ਗੁਰਦੇਵ ਕਰ ਪਿਆਰ, ਆਤਮ ਪਰਮਾਤਮ ਜੋੜ ਜੁੜਾਇੰਦਾ । ਭਟਕਨਾ ਅੰਦਰ ਕਰੇ ਸਰਬ ਨਿਮਸਕਾਰ, ਨਿਉਂ ਨਿਉਂ ਆਪਣਾ ਰਾਹ ਵਖਾਇੰਦਾ । ਭਟਕਨਾ ਅੰਦਰ ਸਭ ਦੀ ਆਸਾ ਮਨਸਾ ਪੂਰੇ ਤਾਲ, ਤ੍ਰਿਸਨਾ ਤ੍ਰਿਪਤ ਆਪ ਕਰਾਇੰਦਾ । ਭਟਕਨਾ ਅੰਦਰ ਸੁਣੇ ਮੁਰੀਦਾਂ ਹਾਲ, ਮੁਰਸ਼ਦ ਆਪਣਾ ਫੇਰਾ ਪਾਇੰਦਾ । ਭਟਕਨਾ ਅੰਦਰ ਰਾਏ ਧਰਮ ਦਏ ਬਿਠਾਲ, ਸਾਚਾ ਹੁਕਮ ਇਕ ਜਣਾਇੰਦਾ । ਭਟਕਨਾ ਅੰਦਰ ਚਿਤਰਗੁਪਤ ਦਏ ਸਿਖਾਲ, ਸਿਖਿਆ ਇਕੋ ਇਕ ਰਖਾਇੰਦਾ । ਭਟਕਨਾ ਅੰਦਰ ਲਾੜੀ ਮੌਤ ਹੋ ਕੇ ਕਰੇ ਭਾਲ, ਬਚਿਆ ਕੋਈ ਰਹਿਣ ਨਾ ਪਾਇੰਦਾ । ਭਟਕਨਾ ਅੰਦਰ ਲੇਖਾ ਜਾਣੇ ਕਾਲ ਮਹਾਂਕਾਲ, ਮਿਹਰਵਾਨ ਆਪਣਾ ਹੁਕਮ ਵਰਤਾਇੰਦਾ । ਭਟਕਨਾ ਅੰਦਰ ਗੋਬਿੰਦ ਸੁਤ ਬਣਾਇਆ ਅਕਾਲ, ਪੂਤ ਸਪੂਤਾ ਦਏ ਵਡਿਆਈਆ । ਭਟਕਨਾ ਅੰਦਰ ਦੁਲਾਰੇ ਨੀਹਾਂ ਹੇਠ ਦਿਤੇ ਸੁਆਲ, ਸਾਚੀ ਸੇਵ ਇਕ ਸਮਝਾਈਆ । ਭਟਕਨਾ ਅੰਦਰ ਖੇਲ ਕਰੇ ਅਪਾਰ, ਅਪਰੰਪਰ ਆਪਣਾ ਰਾਹ ਜਣਾਈਆ । ਪ੍ਰਭ ਕੀ ਭਟਕਨਾ ਕਦੇ ਨਾ ਮੁੱਕੇ ਵਿਚ ਸੰਸਾਰ, ਬਿਨ ਭਟਕਨਾ ਸ੍ਰਿਸ਼ਟੀ ਨਜ਼ਰ ਕੋਇ ਨਾ ਆਈਆ । ਗੁਰਸਿਖ ਤੇਰੀ ਭਟਕਨਾ ਸਦਾ ਖ਼ਬਰਦਾਰ, ਜੋ ਪ੍ਰਭ ਦਾ ਰਾਹ ਰਹੀ ਤਕਾਈਆ । ਦੂਰ ਦੁਰਾਡਾ ਡਿਗਦਾ ਢੈਂਹਦਾ ਗੁਰਮੁਖ ਦੁਆਰੇ ਮਿਲਿਆ ਆਣ, ਘਰ ਸਾਚੇ ਵੱਜੇ ਵਧਾਈਆ । ਜਨਮ ਕਰਮ ਸਾਰੇ ਵੇਖਣ ਆਣ, ਨੇਤਰ ਨੈਣ ਅੱਖ ਖੁਲ੍ਹਾਈਆ । ਨਿਰਗੁਣ ਦਾਤਾ ਨੌਜਵਾਨ, ਪਰਮ ਪੁਰਖ ਪ੍ਰਭ ਵੇਸ ਵਟਾਈਆ । ਜਿਸ ਦਾ ਰੂਪ ਗੋਪੀ ਕਾਹਨ, ਕੋਟਨ ਕੋਟ ਉਪਜਾਈਆ । ਜਿਸ ਨੂੰ ਈਸਾ ਮੂਸਾ ਮੁਹੰਮਦ ਕਰਨ ਸਲਾਮ, ਦਰ ਬੈਠੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਤੇਰੀ ਭਟਕਨਾ ਇਕ ਜਣਾਈਆ । ਗੁਰਮੁਖ ਭਟਕੇ ਸਤਿਗੁਰ ਰੰਗ, ਰੰਗ ਸਤਿਗੁਰ ਆਪ ਚੜ੍ਹਾਈਆ । ਜਨਮ ਜਨਮ ਦੀ ਪੂਰੀ ਕਰੇ ਮੰਗ, ਹੋਰ ਲੇਖਾ ਰਹਿਣ ਨਾ ਪਾਈਆ । ਅੰਤਰ ਦੇਵੇ ਇਕ ਅਨੰਦ, ਬਾਹਰੋ ਮਨ ਵਾਸਨਾ ਕਰੇ ਲੜਾਈਆ । ਹਰਿਜਨ ਚੜ੍ਹਾਏ ਸਾਚੇ ਚੰਦ, ਗੁਜਰੀ ਚੰਦ ਨੂਰ ਚਮਕਾਈਆ । ਆਦਿ ਜੁਗਾਦਿ ਜੁਗ ਚੌਕੜੀ ਸਾਚਾ ਨਾਮ ਦੇਵੇ ਵੰਡ, ਲੋਕਮਾਤ ਫੇਰਾ ਪਾਈਆ । ਗੁਰਮੁਖ ਸੁਹਾਗਣ ਨਾਰ ਨਾ ਹੋਏ ਰੰਡ, ਕੰਤ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਰਬ ਸੁਆਮੀ ਦਇਆ ਕਮਾਈਆ । ਗੁਰਮੁਖ ਭਟਕਨਾ ਭਟਕੇ ਆਪ, ਆਪਣੀ ਦਇਆ ਕਮਾਇੰਦਾ । ਗੁਰਮੁਖ ਗੁਰਸਿਖ ਸਾਚਾ ਜਾਪ, ਤੇਰਾ ਮੇਰਾ ਰੂਪ ਧਰਾਇੰਦਾ । ਗੁਰਮੁਖ ਗੁਰਸਿਖ ਪ੍ਰਭ ਮਿਲੇ ਸੱਚਾ ਬਾਪ, ਜਗਤ ਨਾਤਾ ਤੋੜ ਤੁੜਾਇੰਦਾ । ਗੁਰਮੁਖ ਗੁਰਸਿਖ ਦਰਸ ਪਾਏ ਪਾਕੀ ਪਾਕ, ਪਾਕ ਰਸੂਲ ਨਜ਼ਰੀ ਆਇੰਦਾ । ਗੁਰਸਿਖ ਗੁਰਮੁਖ ਭਟਕਨਾ ਦਾ ਨੌਂ ਸੌ ਚੁਰਾਨਵੇ ਚੌਕੜੀ ਯੁਗ ਪਿੱਛੇ ਮਿਲਿਆ ਇਤਫ਼ਾਕ, ਇਤਫ਼ਾਕੀਆ ਆਪਣਾ ਮੇਲ ਮਿਲਾਇੰਦਾ । ਨਾ ਪਤਣ ਨਾ ਕੋਈ ਘਾਟ, ਕਿਨਾਰਾ ਨਜ਼ਰ ਕਿਸੇ ਨਾ ਆਇੰਦਾ । ਜਿਉਂ ਭਾਵੇਂ ਤਿਉਂ ਰਿਹਾ ਰਾਖ, ਮਿਹਰ ਨਜ਼ਰ ਇਕ ਉਠਾਇੰਦਾ । ਕਿਰਪਾ ਕਰ ਪੁਰਖ ਸਮਰਾਥ, ਸਮਰਥ ਆਪਣੀ ਧਾਰ ਜਣਾਇੰਦਾ । ਪੂਰਬ ਵਸੂਰੇ ਗਏ ਲਾਥ,

੨੦੫

ਅਗਲਾ ਸੁਖ ਸੁਖ ਆਪ ਜਣਾਇੰਦਾ । ਲਹਿਣਾ ਦੇਣਾ ਦੇਵੇ ਹਾਥ, ਜਗਤ ਉਧਾਰ ਨਾ ਕੋਇ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਦਇਆ ਕਮਾਇੰਦਾ । ਸੂਫ਼ੀਆਂ ਦੱਸੀ ਇਕੋ ਕਤਲਗਾਹ, ਕਾਤਲ ਮਕਤੂਲ ਰੂਪ ਸਮਝਾਈਆ । ਜਿਸ ਘਰ ਵਸੇ ਬੇਪਰਵਾਹ, ਬੇਐਬ ਰੂਪ ਵਖਾਈਆ । ਸਚ ਧਿਆਨ ਦਿਤਾ ਲਗਾ, ਨੂਰੀ ਇਸਮ ਇਕ ਸਮਝਾਈਆ । ਪੰਜ ਤਤ ਕਾਇਆ ਕਰੋ ਫ਼ਿਦਾ, ਫ਼ਿਤਰਤ ਆਪਣੀ ਮਾਤ ਮਿਟਾਈਆ । ਬਿਸਮਲ ਹੋ ਕੇ ਪੰਜ ਤਤ ਨਾਲੋਂ ਹੋਵੇ ਜੁਦਾ, ਜੁਜ਼ ਖ਼ਾਲੀ ਆਪਣਾ ਜੁਜ਼ ਮਿਲਾਈਆ । ਅੰਦਰੋ ਦਿਤਾ ਰਾਹ ਸਿੱਧਾ, ਬਾਹਰੋਂ ਸਮਝ ਕੋਇ ਨਾ ਪਾਈਆ । ਜਿਨ੍ਹਾਂ ਮਿਲਣ ਦੀ ਸੁਫ਼ਨੇ ਵਿਚ ਦਿਤੀ ਬਿਧਾ, ਬਿਧ ਆਪਣੀ ਆਪ ਸਮਝਾਈਆ । ਪਰਵਰਦਿਗਾਰ ਖ਼ੁਸ਼ੀਆਂ ਨਾਲ ਪਾਵੇ ਗਿੱਧਾ, ਮਨਸੂਰ ਸੂਲੀਆਂ ਉਤੇ ਚੜ੍ਹਾਈਆ । ਸ਼ਮਸ ਤਬਰੇਜ਼ ਆਪਣੀ ਨੈਣੀ ਡਿਠਾ, ਪੁਠੜੀ ਖੱਲ ਲੁਹਾਈਆ । ਬਿਨ ਅੱਖੀਆਂ ਪੜ੍ਹਦੇ ਧੁਰ ਦਾ ਚਿੱਠਾ, ਬਿਨ ਨੈਣਾਂ ਦੇਣ ਸੁਣਾਈਆ । ਸਾਂਝੇ ਯਾਰ ਦਾ ਸਾਚਾ ਹਿਤਾ, ਬਿਰਹੋਂ ਅਗਨੀ ਰਿਹਾ ਜਲਾਈਆ । ਉਨ੍ਹਾਂ ਕਦੇ ਯਾਦ ਨਾ ਆਇਆ ਪਿੱਛਾ, ਜਿਨ੍ਹਾਂ ਅੱਗੇ ਮਿਲਿਆ ਬੇਪਰਵਾਹੀਆ । ਏਥੇ ਓਥੇ ਦਰਗਾਹ ਸਾਚੀ ਸਚਖੰਡ ਦੁਆਰ ਕਰੇ ਰਿਛਾ, ਪ੍ਰਿਤਪਾਲਕ ਇਕ ਗੋਸਾਈਆ । ਸੋ ਸੂਫ਼ੀ ਜਿਸ ਜਗਤ ਰਸ ਜਾਤਾ ਫਿਕਾ, ਫਿਕੀ ਵੇਖੀ ਸਰਬ ਲੋਕਾਈਆ । ਹਰਿ ਕਾ ਰੂਪ ਆਪਣੇ ਵਿਚ ਵੇਖਿਆ ਨਿੱਕਾ, ਨਿਕਿਉਂ ਵੱਡੇ ਨਾਲ ਮਿਲਾਈਆ । ਬਿਨ ਪੰਡਤ ਪਾਂਧੇ ਬਿਨ ਮੁੱਲਾ ਸ਼ੇਖ਼ ਲੱਗਾ ਮਿੱਠਾ, ਧੁਰ ਦੀ ਰੇਖ ਆਪ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਸੂਫ਼ੀ ਸਾਬਤ ਸੂਰਤ ਆਪਣੀ ਦਏ ਸਮਝਾਈਆ । ਭਟਕਨਾ ਅੰਦਰ ਸਾਚਾ ਭਾਉ, ਭਗਤ ਭਗਵਾਨ ਜਣਾਈਆ । ਭਟਕਨਾ
 ਅੰਦਰ ਰਹੇ ਚਾਉ, ਚਾਉ ਘਨੇਰਾ ਇਕ ਦ੍ਰਿੜਾਈਆ । ਭਟਕਨਾ ਅੰਦਰ ਜਪਾਏ ਨਾਉਂ, ਨਾਉਂ ਨਿਰੰਕਾਰ ਆਪ ਸਮਝਾਈਆ । ਭਟਕਨਾ ਅੰਦਰ ਚਰਨ ਰੂਪ ਬਣਾਏ ੨੦੬
ਪਾਉਂ, ਸੀਸ ਜਗਦੀਸ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਟਕਨਾ ਭਟਕਨਾ ਵਿਚੋਂ ਪਰਗਟਾਈਆ । ਭਟਕਨਾ ਅੰਦਰ ਭਟਕੇ ਏਕ, ਅਨੇਕ ਰੂਪ ਵਟਾਈਆ । ਸਾਚੀ ਭਟਕਨਾ ਆਪੇ ਲਏ ਵੇਖ, ਜਨ ਭਗਤਾਂ ਅੰਦਰ ਡੇਰਾ ਲਾਈਆ । ਸੋ ਭਟਕਨਾ ਸਤਿਗੁਰ ਭੇਖ, ਜਿਸ ਭਟਕਨਾ ਅੰਦਰ ਗੁਰਮੁਖ ਗੁਰ ਗੁਰ ਨਾਉਂ ਧਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਟਕ ਭਟਕ ਭਾਵਨਾ ਆਪਣੀ ਨਾਲ ਮਿਲਾਈਆ । ਭਟਕਨਾ ਅੰਦਰ ਰੱਖ ਭਾਵਨਾ, ਭਾਂਡਾ ਭਰਮ ਭੰਨਾਇੰਦਾ । ਭਟਕਨਾ ਅੰਦਰ ਪਕੜੇ ਦਾਮਨਾ, ਦਾਮਨਗੀਰ ਆਪ ਅਖਵਾਇੰਦਾ । ਭਟਕਨਾ ਅੰਦਰ ਹੋਏ ਜ਼ਾਮਨਾ, ਧੁਰ ਦੀ ਜ਼ਾਮਨੀ ਆਪ ਜਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭਟਕਨਾ ਅੰਦਰ ਆਮ੍ਹੋ ਸਾਮ੍ਹਣਾ ਹੋ ਕੇ ਸਾਮ੍ਹਣੇ ਰੂਪ ਵਖਾਇੰਦਾ । ਜੇ ਭਟਕਨਾ ਹੋਵੇ ਨਾ ਇਕ ਭਗਵਾਨ, ਭਟਕੇ ਮਾਤ ਨਾ ਕੋਇ ਲੋਕਾਈਆ । ਨਵ ਨੌਂ ਚਾਰ ਦਾ ਦੱਸੇ ਬਿਆਨ, ਭੇਵ ਅਭੇਦਾ ਭੇਵ ਖੁਲ੍ਹਾਈਆ । ਨਵ ਨੌਂ ਵੇਖ ਜਗਤ ਦੁਕਾਨ, ਨੌਂ ਖੰਡ ਫੇਰਾ ਆਪੇ ਪਾਈਆ । ਨੌਂ ਦੁਆਰ ਫਿਰੇ ਸੈਤਾਨ, ਜੁਗ ਜੁਗ ਸ਼ਰਅ ਕਰੇ ਲੜਾਈਆ । ਚਾਰੇ ਕੁੰਟ ਹੋਏ ਪਰਧਾਨ, ਚਾਰੇ ਖਾਣੀ ਰਿਹਾ ਹਿਲਾਈਆ । ਚਾਰੇ ਬਾਣੀ ਦੇ ਗਿਆਨ, ਚਾਰ ਯਾਰੀ ਵੰਡ ਵੰਡਾਈਆ । ਚਾਰ ਵੇਦ ਕਰ ਪਰਧਾਨ, ਜੀਵ ਜੰਤ ਜਗਤ ਸਮਝਾਈਆ । ਨਵ ਨੌਂ ਚਾਰ ਦਾ ਖੇਲ ਜਹਾਨ, ਆਦਿ ਜੁਗਾਦਿ ਇਕ ਜਣਾਈਆ । ਤਿਨ੍ਹਾਂ ਨੌਂ ਸੌ ਚੁਰਾਨਵੇ ਚੌਕੜੀ ਯੁਗ ਪੰਧ ਮੁਕੇ ਆਣ, ਜੋ ਚੌਥੇ ਪਦ ਸਤਿਗੁਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਨਵ ਨੌਂ ਚਾਰ ਧਾਰ ਬੰਧਾਈਆ । ਕਲਜੁਗ ਅੰਤਮ ਹੋਈ ਰਹਿਮਤ, ਰਹਿਮਾਨ ਦਇਆ ਕਮਾਈਆ । ਪੁਰਖ ਅਕਾਲ ਗੋਬਿੰਦ ਨਾਲ ਹੋਇਆ ਸਹਿਮਤ, ਨਿਰਗੁਣ ਨਿਰਗੁਣ ਜੋੜੀ ਆਪ ਬਣਾਈਆ । ਨਾ ਕੋਈ ਧੋਤੀ ਨਾ ਕੋਈ ਤਹਿਮਤ, ਪਾਜਾਮਾ ਬੰਧਨ ਨਾ ਕੋਇ ਰਖਾਈਆ ।

ਨਾ ਕੋਈ ਮੂਰਖ ਨਾ ਕੋਈ ਅਹਿਮਕ, ਨਾ ਕੋਈ ਵਿਦਿਆ ਕਰੇ ਪੜ੍ਹਾਈਆ । ਨਾ ਕੋਈ ਇਸ਼ਾਰਾ ਨਾ ਕੋਈ ਸੈਨਤ, ਨਾ ਕੋਈ ਸ਼ਰਅ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਆਪ ਖਿਲਾਈਆ । ਰਹਿਮਤ ਕਰਕੇ ਆਪ ਰਹੀਮ, ਆਪਣੀ ਦਇਆ ਕਮਾਇੰਦਾ । ਆਪਣੇ ਭਾਗ ਕਰ ਤਰਮੀਮ, ਸਾਚਾ ਮਾਰਗ ਆਪ ਜਣਾਇੰਦਾ । ਜਿਸ ਦਾ ਖੇਲ ਸਦਾ ਅਜ਼ੀਮ, ਸ਼ਾਨ ਸ਼ੌਕਤ ਇਕ ਵਖਾਇੰਦਾ । ਜਿਸ ਦਾ ਭੇਵ ਕਿਸੇ ਨਾ ਪਾਇਆ ਕ਼ਦੀਮ, ਕ਼ੁਦਰਤ ਕ਼ਾਦਰ ਨਾਉਂ ਧਰਾਇੰਦਾ । ਸੋ ਕਲਜੁਗ ਅੰਤਮ ਜਨ ਭਗਤ ਵਖਾਏ ਆਪਣਾ ਸੀਨ, ਸਾਖਿਆਤ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਰਹਿਮਤ ਇਕੋ ਇਕ ਵਖਾਇੰਦਾ । ਰਹਿਮ ਕਰੇ ਮਿਹਰ ਨਜ਼ਰ, ਨਜ਼ਰੀਆ ਇਕ ਉਠਾਈਆ । ਜਨ ਭਗਤ ਵਖਾਏ ਇਕੋ ਫ਼ਜ਼ਲ, ਫ਼ਜ਼ਲ ਆਪਣਾ ਆਪ ਕਮਾਈਆ । ਪਿਛਲੀ ਧਾਰਾ ਦੇਵੇ ਬਦਲ, ਬਦਲਾ ਚੁੱਕੇ ਸਰਬ ਲੋਕਾਈਆ । ਤਖ਼ਤ ਨਿਵਾਸੀ ਕਰੇ ਅਦਲ, ਅਦਾਲਤ ਇਕੋ ਇਕ ਜਣਾਈਆ । ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਮੁਰੀਦ ਸੂਫ਼ੀ ਕੋਈ ਨਾ ਕਰੇ ਕਤਲ, ਕਾਤਲਾ ਹੱਥ ਨਾ ਕੋਇ ਉਠਾਈਆ । ਕਲਜੁਗ ਅੰਤਮ ਸ੍ਰੀ ਭਗਵਾਨ ਜਨ ਭਗਤਾਂ ਕੋਲੋਂ ਕੱਢਣ ਆਇਆ ਆਪਣਾ ਮਤਲਬ, ਮੁਤਲਾ ਸਭ ਨੂੰ ਰਿਹਾ ਕਰਾਈਆ । ਨਿਰਗੁਣ ਸਰਗੁਣ ਕਰਕੇ ਕਰਤਬ, ਨਾਮ ਖੰਡਾ ਖੜਗ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਵ ਨੌਂ ਚਾਰ ਪਿਛੋਂ ਕੀਤਾ ਰਹਿਮ, ਜਨ ਭਗਤਾਂ ਨਾਲ ਬਣਿਆ ਬਹਿਣ, ਘਰ ਇਕੇ ਬਹਿ ਬਹਿ, ਮੰਦਰ ਇਕੋ ਰਹਿ ਰਹਿ, ਨਾਮ ਇਕੋ ਕਹਿ ਕਹਿ, ਭਾਣਾ ਸਾਚਾ ਸਹਿ ਸਹਿ, ਜਨ ਭਗਤਾਂ ਚਰਨ ਢਹਿ ਢਹਿ, ਮਾਣ ਅਭਿਮਾਨ ਇਕ ਨਿਸ਼ਾਨ ਸ੍ਰੀ ਭਗਵਾਨ ਆਤਮ ਪਰਮਾਤਮ ਸੋਹੰ ਧਾਰ ਰੂਪ ਆਪਣਾ ਲਏ ਪਰਗਟਾਈਆ ।



✪ ੨੫ ਭਾਦਰੋ ੨੦੨੦ ਬਿਕ੍ਰਮੀ ਭਲਾਈਪੁਰ ਡੋਗਰਾਂ ਫ਼ੌਜਾ ਸਿੰਘ ਦੇ ਗ੍ਰਿਹਿ ਜ਼ਿਲਾ ਅੰਮ੍ਰਿਤਸਰ ✪

ਸਾਹਿਬ ਸਤਿਗੁਰ ਦੀਨ ਦਿਆਲਾ, ਹਰਿ ਜੁਗ ਜੁਗ ਦਇਆ ਕਮਾਇੰਦਾ । ਸਤਿ ਸਰੂਪੀ ਅੰਮ੍ਰਿਤ ਜਾਮ ਪਿਆਲਾ, ਨਿਰਗੁਣ ਸਰਗੁਣ ਆਪ ਪਿਆਇੰਦਾ । ਕਾਇਆ ਮੰਦਰ ਅੰਦਰ ਸੱਚੀ ਧਰਮਸਾਲਾ, ਧੁਰ ਦਰਬਾਰ ਆਪ ਵਖਾਇੰਦਾ । ਅੰਤਰ ਅੰਤਰ ਅਗੰਮੀ ਮਾਲਾ, ਬਿਨ ਰਸਨਾ ਜਿਹਵਾ ਜਾਪ ਜਪਾਇੰਦਾ । ਸ਼ਬਦ ਸਰੂਪੀ ਬਣ ਦਲਾਲਾ, ਘਰ ਘਰ ਸਾਚੀ ਸੇਵ ਕਮਾਇੰਦਾ । ਜਨ ਭਗਤਾਂ ਮਾਰਗ ਦੱਸੇ ਸੁਖਾਲਾ, ਔਝੜ ਰਾਹ ਨਾ ਕੋਇ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਇੰਦਾ । ਸਤਿਗੁਰ ਪੂਰਾ ਸੱਚਾ ਠਾਕਰ, ਠੋਕਰ ਇਕੋ ਨਾਮ ਲਗਾਈਆ । ਵੇਖ ਵਖਾਏ ਕਾਇਆ ਗਾਗਰ, ਗਹਿਰ ਗੰਭੀਰ ਖੋਜ ਖੋਜਾਈਆ । ਨਾਮ ਵਣਜਾਰਾ ਬਣ ਸੌਦਾਗਰ, ਸਾਚੀ ਵਸਤ ਹੱਟ ਵਿਕਾਈਆ । ਨਿਰਮਲ ਕਰਮ ਕਰ ਉਜਾਗਰ, ਗੁਰਮੁਖ ਇਕੋ ਬੂਝ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਹਰਿ ਦੇਵੇ ਮਾਣ ਵਡਿਆਈਆ । ਸਾਹਿਬ ਸਤਿਗੁਰ ਸਚ ਸੁਆਮੀ, ਏਕੰਕਾਰ ਇਕ ਅਖਵਾਇੰਦਾ । ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਡੇਰਾ ਲਾਇੰਦਾ । ਬੋਧ ਅਗਾਧ ਅਗੰਮੀ ਬਾਣੀ, ਧੁਰ ਦੀ ਧਾਰ ਆਪ ਸਮਝਾਇੰਦਾ । ਅੰਮ੍ਰਿਤ ਜਲ ਠੰਡਾ ਪਾਣੀ, ਨਿਝਰ ਝਿਰਨਾ ਆਪ ਝਿਰਾਇੰਦਾ । ਸੁਰਤ ਮਿਲਾਵਾ ਸ਼ਬਦੀ ਹਾਣੀ, ਸੇਜ ਸੁਹੰਜਣੀ ਇਕ ਵਡਿਆਇੰਦਾ । ਖੇਲੇ ਖੇਲ ਜੋਤ ਨੂਰਾਨੀ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣੀ ਕਾਰ ਕਮਾਇੰਦਾ । ਬਖ਼ਸ਼ਣਹਾਰਾ ਪਦ ਨਿਰਬਾਣੀ, ਘਰ ਸਾਚਾ ਇਕ ਵਖਾਇੰਦਾ । ਸ਼ਾਹੋ ਭੂਪ ਹਰਿ ਵਡ ਸੁਲਤਾਨੀ, ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਵੇਖ ਵਖਾਇੰਦਾ । ਸਤਿਗੁਰ ਸੱਚਾ ਸਰਬ ਵਿਆਪੀ, ਘਟ ਘਟ ਰਿਹਾ ਸਮਾਈਆ । ਆਦਿ ਜੁਗਾਦੀ ਵਡ ਪਰਤਾਪੀ, ਬੇਪਰਵਾਹ ਨਾਉਂ ਰਖਾਈਆ । ਸਚ ਰਸੂਲ ਪਾਕਨ ਪਾਕੀ, ਪਰਵਰਦਿਗਾਰ ਨੂਰ ਖ਼ੁਦਾਈਆ । ਜਨ ਭਗਤਾਂ ਪੁਸ਼ਤ ਦੇਵੇ ਅਗੰਮੀ ਥਾਪੀ, ਥਾਪਣਾ ਇਕੋ ਇਕ ਵਖਾਈਆ । ਸਚ ਜਪਾਏ ਆਪਣਾ ਜਾਪੀ, ਜੀਵਣ ਜਪਤ ਜੁਗਤ ਜਣਾਈਆ । ਖੋਲ੍ਹ ਵਖਾਏ ਧੁਰ ਦੀ ਹਾਟੀ, ਸਾਚਾ ਕੁੰਡਾ ਮੰਦਰ ਲਾਹੀਆ । ਪਾਰ ਉਤਾਰੇ ਫੜ ਕੇ ਘਾਟੀ, ਸ਼ੌਹ ਦਰਯਾ ਨਾ ਕੋਇ ਰੁੜ੍ਹਾਈਆ । ਏਥੇ ਓਥੇ ਦੋ ਜਹਾਨ ਮੁਕਾਏ ਵਾਟੀ, ਪਾਂਧੀ ਆਪਣਾ ਪੰਧ ਮੁਕਾਈਆ । ਧੁਰ ਸੰਦੇਸਾ ਲੈ ਕੇ ਆਵੇ ਪਾਤੀ, ਪਤਣ ਬਹਿ ਬਹਿ ਬੇਪਰਵਾਹੀਆ । ਕਰੇ ਖੇਲ ਨਿਰਵੈਰ ਪੁਰਖ ਜੋਤ ਪਰਕਾਸ਼ੀ, ਪਰਕਾਸ਼ਵਾਨ ਵੇਸ ਵਟਾਈਆ । ਜਨ ਭਗਤਾਂ ਪੂਰਬ ਜਨਮ ਲਾਹੇ ਉਦਾਸੀ, ਚਿੰਤਾ ਰੋਗ ਨਾ ਕੋਇ ਵਖਾਈਆ । ਸਚਖੰਡ ਦੁਆਰ ਦੀ ਨਾਮ ਸੁਣਾਏ ਸਾਖੀ, ਸ਼ਬਦੀ ਰਾਗ ਆਪ ਅਲਾਈਆ । ਸਤਿਗੁਰ ਪੂਰਾ ਦੀਨ ਦਿਆਲ ਜੁਗ ਜੁਗ ਧਰਮ ਦੁਆਰ ਦਾ ਬਣਿਆ ਰਹੇ ਪਾਠੀ, ਪਾਠਸ਼ਾਲਾ ਇਕੋ ਇਕ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਹਰਿਜਨ ਸਾਚੇ ਮੇਲ ਮਿਲਾਈਆ । ਸਾਹਿਬ ਸਤਿਗੁਰ ਪੁਰਖ ਅਕਾਲ, ਅਕਲ ਕਲਾ ਵਡਿਆਈਆ । ਜੁਗ ਚੌਕੜੀ ਨਿਤ ਨਵਿਤ ਨਿਭੇ ਨਾਲ, ਸਗਲਾ ਸੰਗ ਨਾ ਕੋਇ ਤਜਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਲਏ ਭਾਲ, ਲੱਖ ਚੁਰਾਸੀ ਖੋਜ ਖੁਜਾਈਆ । ਕਾਇਆ ਮੰਦਰ ਅੰਦਰ ਕਰੇ ਪਰਕਾਸ਼ ਸੱਚੀ ਧਰਮਸਾਲ, ਜੋਤ ਨਿਰੰਜਣ ਨੂਰ ਰੁਸ਼ਨਾਈਆ । ਅੰਮ੍ਰਿਤ ਆਤਮ ਜਾਮ ਦਏ ਪਿਆਲ, ਸਰ ਸਰੋਵਰ ਇਕ ਨੁਹਾਈਆ । ਕੂੜੀ ਕਿਰਿਆ ਤ੍ਰੈਗੁਣ ਮਾਇਆ ਤੋੜ ਜੰਜਾਲ, ਸਤਿਗੁਰ ਬਖ਼ਸ਼ੇ ਸਚ ਸਰਨਾਈਆ । ਨਾਤਾ ਤੋੜ ਕਾਲ ਮਹਾਂਕਾਲ, ਰਾਏ ਧਰਮ ਦਰ ਦੁਰਕਾਈਆ । ਚਿਤਰ ਗੁਪਤ ਲੇਖ ਨਾ ਸਕੇ ਵਖਾਲ, ਲਾੜੀ ਮੌਤ ਨਾ ਕਰੇ ਕੁੜਮਾਈਆ । ਗੁਰਮੁਖ ਗੁਰਸਿਖ ਅੰਤਮ ਆਪਣੀ ਗੋਦੀ ਲਏ ਉਠਾਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰਾ ਆਪਣਾ ਵਰ, ਵਰ ਦਾਤਾ ਇਕ ਅਖਵਾਈਆ । ਸਤਿਗੁਰ ਪੂਰਾ ਸਾਹਿਬ ਸੁਲਤਾਨ, ਪ੍ਰਭ ਵੱਡਾ ਵਡ ਵਡਿਆਈਆ । ਤਖ਼ਤ ਨਿਵਾਸੀ ਨੌਜਵਾਨ, ਬਿਰਧ ਬਾਲ ਨਾ ਰੂਪ ਵਟਾਈਆ । ਦੋ ਜਹਾਨਾਂ ਪਹਿਲਵਾਨ, ਬਲ ਆਪਣਾ ਆਪ ਵਖਾਈਆ । ਧਰਮ ਉਠਾਏ ਇਕ ਨਿਸ਼ਾਨ, ਸਾਚੇ ਮੰਦਰ ਆਪ ਝੁਲਾਈਆ । ਦੇਵਣਹਾਰਾ ਧੁਰ ਫ਼ਰਮਾਨ, ਸ਼ਬਦੀ ਨਾਦ ਵਜਾਈਆ । ਵੇਖਣਹਾਰਾ ਜੀਵ ਜਹਾਨ, ਲੱਖ ਚੁਰਾਸੀ ਜੋਤ ਰੁਸ਼ਨਾਈਆ । ਗਾਵਣਹਾਰਾ ਆਪਣਾ ਗਾਨ, ਸ਼ਬਦੀ ਢੋਲਾ ਰਾਗ ਅਲਾਈਆ । ਦੇਵਣਹਾਰਾ ਧੁਰ ਦਾ ਦਾਨ, ਗੁਰ ਅਵਤਾਰ ਪੀਰ ਪੈਗੰਬਰ ਨਾਮ ਅਮੋਲਕ ਵਸਤ ਝੋਲੀ ਪਾਈਆ । ਬਖ਼ਸ਼ਣਹਾਰਾ ਸਾਚਾ ਮਾਣ, ਚਰਨ ਕਵਲ ਦਏ ਸਰਨਾਈਆ । ਦੇਵਣਹਾਰਾ ਇਕ ਧਿਆਨ, ਅੰਤਰ ਆਤਮ ਪਰਮਾਤਮ ਇਕ ਲਿਵ ਲਾਈਆ । ਮਾਰਨਹਾਰਾ ਅਗੰਮੀ ਬਾਣ, ਤੀਰ ਅਣਿਆਲਾ ਨਾਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਗੁਰ ਗੁਰ ਆਪ ਸਾਲਾਹੀਆ । ਸਤਿਗੁਰ ਪੂਰਾ ਸਾਲਾਹਣ ਯੋਗ, ਬ੍ਰਹਿਮੰਡ ਖੰਡ ਰਾਗ ਅਲਾਇੰਦਾ । ਜਨ ਭਗਤਾਂ ਦੇਵੇ ਇਕੋ ਜੋਗ, ਸਾਚੀ ਸਿਖਿਆ ਸਿਖ ਦ੍ਰਿੜਾਇੰਦਾ । ਅੰਤਰ ਅੰਤਰ ਹੋਏ ਸੰਜੋਗ, ਬਾਹਰ ਬਸੰਤਰ ਨਾ ਕੋਇ ਲਗਾਇੰਦਾ । ਮੰਤਰ ਜਣਾਏ ਕਾਇਆ ਕੋਟ, ਘਰ ਇਕੋ ਇਕੋ ਗਾਇੰਦਾ । ਤਨ ਨਗਾਰ ਲਗਾਏ ਚੋਟ, ਸ਼ਬਦ ਨਗਾਰਾ ਆਪ ਵਜਾਇੰਦਾ । ਸਚ ਸੁਣਾਏ ਧੁਰ ਸਲੋਕ, ਧੁਰ ਦੀ ਧਾਰ ਆਪ ਬੁਝਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਆਪ ਉਠਾਇੰਦਾ । ਸਤਿਗੁਰ ਪੂਰਾ ਸਚ ਦੁਆਰ, ਸਚਖੰਡ ਇਕ ਵਖਾਈਆ । ਜਿਸ ਗ੍ਰਿਹਿ ਵਸੇ ਆਪ ਨਿਰੰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਨਾਨਕ ਕਬੀਰ ਕਰੇ ਪਿਆਰ, ਬਿਨਾਂ ਸ਼ਰੀਰ ਖ਼ੁਸ਼ੀ ਮਨਾਈਆ । ਨਾ ਕੋਈ ਸ਼ਰਅ ਨਾ ਜ਼ੰਜੀਰ, ਤਕਬੀਰ

੨੦੮

ਇਕੋ ਇਕ ਪੜ੍ਹਾਈਆ । ਹਜ਼ਰਤ ਨੂਰ ਇਲਾਹੀ ਤਸਵੀਰ, ਬੇਨਜ਼ੀਰ ਆਪ ਵਖਾਈਆ । ਨਿਗਹਬਾਨ ਦਸਤਗੀਰ, ਦਸਤ ਦਸਤ ਨਾਲ ਮਿਲਾਈਆ । ਲੇਖਾ ਤੋੜ ਸ਼ਾਹ ਹਕੀਰ, ਸ਼ਹਿਨਸ਼ਾਹ ਇਕੋ ਰੰਗ ਰੰਗਾਈਆ । ਦਰ ਦਰਵੇਸ਼ ਕਰ ਫ਼ਕੀਰ, ਫ਼ਿਕਰਾ ਸਤਿ ਨਾਮ ਪੜ੍ਹਾਈਆ । ਚਾਰ ਵਰਨਾਂ ਦੇ ਧੀਰ, ਧੀਰਜ ਇਕੋ ਘਰ ਸਮਝਾਈਆ । ਅਠ ਸਠ ਤੀਰਥ ਵੇਖ ਨੀਰ, ਦਰ ਦਰ ਆਪਣਾ ਫੇਰਾ ਪਾਈਆ । ਚਾਰੇ ਕੁੰਟ ਪੰਧ ਚੀਰ, ਉਤਰ ਪੂਰਬ ਪੱਛਮ ਦੱਖਣ ਵੰਡ ਵੰਡਾਈਆ । ਕਲਜੁਗ ਜੀਵਾਂ ਬਦਲ ਜਾ ਤਕਦੀਰ, ਤਸਬੀ ਇਕੋ ਹੱਥ ਫੜਾਈਆ । ਦਹਿ ਦਿਸ਼ਾ ਫਿਰ ਵਡ ਪੀਰਨ ਪੀਰ, ਸ਼ਬਦ ਗੁਰ ਤੇਰੀ ਵਡਿਆਈਆ । ਤੇਰਾ ਲੇਖਾ ਧੁਰ ਲਕੀਰ, ਨਾ ਕੋਈ ਮੇਟੇ ਮੇਟ ਮਿਟਾਈਆ । ਗੁਰਮੁਖ ਗੁਰਸਿਖ ਅੰਮ੍ਰਿਤ ਜਾਮ ਪਿਆ ਸੀਰ, ਦੁੱਖ ਦਰਦ ਦਰਦ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿਗੁਰ ਸੱਚਾ ਹੁਕਮ ਵਰਤਾਈਆ । ਸਤਿਗੁਰ ਸੱਚਾ ਸ਼ਬਦ ਗੁਰਦੇਵ, ਪੰਜ ਤਤ ਕੰਮ ਕਿਸੇ ਨਾ ਆਈਆ । ਆਦਿ ਜੁਗਾਦਿ ਸਦਾ ਨਿਹਕੇਵ, ਨਿਹਚਲ ਬੈਠਾ ਡੇਰਾ ਲਾਈਆ । ਜੁਗ ਚੌਕੜੀ ਦੇਵਣਹਾਰਾ ਅੰਮ੍ਰਿਤ ਮੇਵ, ਫਲ ਸਾਚਾ ਇਕ ਖਵਾਈਆ । ਖੋਲ੍ਹਣਹਾਰਾ ਭੇਦ ਅਭੇਵ, ਪੜਦਾ ਉਹਲਾ ਦਏ ਚੁਕਾਈਆ । ਗਾਵਣਹਾਰਾ ਰਸਨਾ ਜਿਹਵ, ਧੁਰ ਦੀ ਧਾਰ ਆਪ ਅਲਾਈਆ । ਕਰਨਹਾਰਾ ਸਾਚੀ ਸੇਵ, ਘਰ ਘਰ ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿਗੁਰ ਪੂਰਾ ਵਡ ਵਡਿਆਈਆ । ਸਤਿਗੁਰ ਪੂਰਾ ਸ਼ਬਦ ਗੁਰ ਦਾਤਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਸ਼ਬਦੀ ਸੁਰਤੀ ਬੰਨ੍ਹੇ ਨਾਤਾ, ਕੂੜਾ ਰੰਗ ਨਾ ਕੋਇ ਚੜ੍ਹਾਇੰਦਾ । ਨਾਮ ਨਿਧਾਨ ਸੁਣਾਏ ਗਾਥਾ, ਘਰ ਘਰ ਰਾਗ ਅਲਾਇੰਦਾ । ਪੁਰਖ



ਅਕਾਲ ਬਣਾਏ ਪਿਤਾ ਮਾਤਾ, ਦੂਜਾ ਨਜ਼ਰ ਕੋਇ ਨਾ ਆਇੰਦਾ । ਪ੍ਰਿਤਪਾਲਕ ਬਣ ਕੇ ਹੋਵੇ ਰਾਖਾ, ਸਾਚੀ ਸੇਵਾ ਆਪ ਕਮਾਇੰਦਾ । ਜਨਮ ਜਨਮ ਦਾ ਪੂਰਾ ਕਰੇ ਘਾਟਾ, ਲੇਖਾ ਪੂਰਬ ਵੇਖ ਵਖਾਇੰਦਾ । ਨਾਮ ਖ਼ੁਮਾਰੀ ਵੇਖੇ ਖੇਲ ਤਮਾਸ਼ਾ, ਤੂ ਹੀ ਤੂ ਹੀ ਰਾਗ ਅਲਾਇੰਦਾ । ਜਨਮ ਜਨਮ ਦੀ ਪੂਰੀ ਕਰੇ ਆਸਾ, ਤ੍ਰਿਸਨਾ ਆਸਾ ਮੇਟ ਮਿਟਾਇੰਦਾ । ਸਾਚਾ ਨੂਰ ਕਰ ਪਰਕਾਸ਼ਾ, ਅਗਿਆਨ ਅੰਧੇਰ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਲੇਖਾ ਝੋਲੀ ਪਾਇੰਦਾ । ਗੁਰਮੁਖ ਲੇਖਾ ਝੋਲੀ ਪਾਏ, ਪਾਵਣਹਾਰ ਵੱਡੀ ਵਡਿਆਈਆ । ਜਨਮ ਅਜਨਮਾ ਵੇਖ ਵਖਾਏ, ਜੁਗ ਜੁਗ ਫੇਰਾ ਪਾਈਆ । ਸਤਿਜੁਗ ਤ੍ਰੇਤਾ ਦੁਆਪਰ ਵਿਛੜੇ ਕਲਜੁਗ ਅੰਤਮ ਲਏ ਮਿਲਾਏ, ਮਿਲਣੀ ਹਰਿ ਜਗਦੀਸ ਕਰਾਈਆ । ਨਾਨਕ ਗੋਬਿੰਦ ਧਾਰ ਚਲਾਏ, ਅਰਜਣ ਲੇਖਾ ਲੇਖ ਸਮਝਾਈਆ । ਡੂਮ ਮਰਾਸੀ ਲਏ ਜਗਾਏ, ਬਲਵੰਡੇ ਸੱਤੇ ਸਮਝ ਸਮਝਾਈਆ । ਕਰੇ ਖੇਲ ਆਪ ਰਘਰਾਏ, ਰਘਪਤ ਆਪਣੀ ਧਾਰ ਜਣਾਈਆ । ਆਦਿ ਜੁਗਾਦਿ ਧੁਰ ਦਾ ਲੇਖਾ ਆਪਣੀ ਝੋਲੀ ਪਾਏ, ਜੁਗ ਜੁਗ ਲੋਕਮਾਤ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਹਾਣੀ ਇਕ ਜਣਾਈਆ । ਸਚ ਕਹਾਣੀ ਧੁਰ ਦੀ ਧਾਰ, ਸ਼ਬਦ ਗੁਰੂ ਵਡਿਆਈਆ । ਅਰਜਣ ਗੁਰ ਗੁਰ ਇਕ ਦਰਬਾਰ, ਧੁਰ ਦਰਬਾਰ ਰਿਹਾ ਸਮਝਾਈਆ । ਸੱਤਾ ਗਾਵੇ ਅਪਣੀ ਵਾਰ, ਵਾਰਤਾ ਇਕ ਇਲਾਹੀਆ । ਹਰਿ ਕਾ ਖੇਲ ਨਾ ਜਾਣੇ ਸਿਰਜਣਹਾਰ, ਬੇਪਰਵਾਹ ਲੇਖਾ ਬੇਪਰਵਾਹੀਆ । ਅੰਤਰ ਵੜਿਆ ਇਕ ਹੰਕਾਰ, ਅਗਨੀ ਇਕ ਲਗਾਈਆ । ਬਿਨ ਮੇਰੇ ਗੁਰੂ ਦਾ ਸੋਹੇ ਨਾ ਕੋਈ ਦੁਆਰ, ਸਚ ਦੁਆਰ ਨਾ ਕੋਇ ਵਡਿਆਈਆ । ਕੂੜੀ ਮਾਇਆ ਕਰੇ ਪਿਆਰ, ਸਤਿਗੁਰ ਪਿਆਰ ਗਿਆ ਭੁਲਾਈਆ । ਜਿਸ ਦੇ ਨਾਲ ਚਲੇ ਵਿਹਾਰ, ਸੋ ਵਿਵਹਾਰੀ ਖੇਲ ਵਖਾਈਆ । ਗਹਿਰ ਗੰਭੀਰ ਜਾਨਣਹਾਰ, ਅੰਤਮ ਬੂਝ ਬੁਝਾਈਆ । ਵਰ ਦਿਤਾ ਇਕੋ ਵਾਰ, ਤੇਰਾ ਤੇਰਾ ਤੇਰੀ ਝੋਲੀ ਪਾਈਆ । ਬਿਨ ਸਤਿਗੁਰ ਪੂਰੇ ਰਾਗ ਰਾਗਨੀ ਗਏ ਹਾਰ, ਸੁਰ ਤਾਲ ਕੰਮ ਕਿਸੇ ਨਾ ਆਈਆ । ਅੰਤਮ ਦੋਏ ਜੋੜ ਕਰੇ ਨਿਮਸਕਾਰ, ਨੇਤਰ

ਰੋਵੇ ਮਾਰੇ ਧਾਹੀਆ । ਕਿਰਪਾ ਕਰ ਮੇਰੇ ਦਾਤਾਰ, ਤੇਰੇ ਹੱਥ ਮੇਰੀ ਵਡਿਆਈਆ । ਹਉਂ ਬਾਲਕ ਭੁੱਲਣਹਾਰ, ਅਭੁੱਲ ਤੇਰੀ ਸਰਨਾਈਆ । ਬਖ਼ਸ਼ਣਹਾਰ ਹੋ ਤਿਆਰ, ਸਿਰ ਆਪਣਾ ਹੱਥ ਟਿਕਾਈਆ । ਉਠ ਸੱਤੇ ਵੇਖ ਖੋਲ੍ਹ ਕਵਾੜ, ਸਤਿਗੁਰ ਪੂਰਾ ਇਕੋ ਨਜ਼ਰੀ ਆਈਆ । ਤੇਰਾ ਲਹਿਣਾ ਦੇਣਾ ਦੇਵਾਂ ਕਰਜ਼ ਉਤਾਰ, ਕਰਜ਼ਾ ਕੋਇ ਰਹਿਣ ਨਾ ਪਾਈਆ । ਮਾਣਸ ਜਨਮ ਵਿਚੋਂ ਮਾਣਸ ਜਨਮ ਦੇਵਾਂ ਦੂਜੀ ਵਾਰ, ਟੇਢੀ ਜੂਨ ਨਾ ਕੋਇ ਭਵਾਈਆ । ਨਿਰਗੁਣ ਹੋ ਕੇ ਆਵਾਂ ਵਿਚ ਸੰਸਾਰ, ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਈਆ । ਅੰਦਰ ਹੋ ਕੇ ਤੇਰੀ ਕਾਇਆ ਜੋਹ ਕੇ ਰਬਾਬ ਬਣ ਕੇ ਵਜਾਵਾਂ ਸਤਾਰ, ਇਕੋ ਇਕੋ ਰਾਗ ਅਲਾਈਆ । ਜਿੰਨਾਂ ਚਿਰ ਨਾ ਕਹੇਂ ਤੂੰ ਮੇਰਾ ਮੈਂ ਤੇਰਾ ਯਾਰ, ਸੋਹੰ ਢੋਲਾ ਰਸਨਾ ਗਾਈਆ । ਉਸ ਵੇਲੇ ਤੇਰਾ ਕਰਜ਼ਾ ਲਾਹਵਾਂ ਉਧਾਰ, ਮਕਰੂਜ਼ ਆਪਣਾ ਫ਼ਰਜ਼ ਅਦਾ ਕਰਾਈਆ । ਗੁਰਮੁਖ ਬਣਾ ਕਰਾਂ ਪਿਆਰ, ਭਗਤਾਂ ਵਿਚ ਦਿਆਂ ਵਡਿਆਈਆ । ਮੇਰਾ ਨਾਉਂ ਨਰ ਨਿਰੰਕਾਰ, ਨਿਰਵੈਰ ਸਦਾ ਅਖਵਾਈਆ । ਸਰਬ ਜੀਆਂ ਦਾ ਸਾਂਝਾ ਯਾਰ, ਦਵੈਤ ਰੂਪ ਨਾ ਕੋਇ ਵਟਾਈਆ । ਫ਼ੌਜਾ ਸਿੰਘ ਨਹੀਂ ਸੱਤਾ ਡੂਮ ਜਿਸ ਦੇ ਅੰਦਰ ਕੀਆ ਪਿਆਰ, ਨਾਮ ਖ਼ੁਮਾਰੀ ਸ਼ਬਦ ਯਾਰੀ ਨਾਲ ਗੰਢਾਈਆ । ਉਚੀ ਕੂਕ ਘਰ ਬਾਹਰ ਕਰਦਾ ਰਿਹਾ ਪੁਕਾਰ, ਕਵਣ ਵੇਲੇ ਪ੍ਰਭ ਮਿਲੇ ਸੱਚਾ ਮਾਹੀਆ । ਦਿਲੀ ਦੁਆਰ ਗਲੀ ਕੂਚੇ ਕੀਤਾ ਹਾਹਾਕਾਰ, ਸਾਧਾਂ ਸੰਤਾਂ ਰਿਹਾ ਡਰਾਈਆ । ਉਠੋ ਵੇਖੋ ਮੇਰਾ ਅਗੰਮੀ ਯਾਰ, ਜਿਸ ਦਾ ਨੂਰ ਬੇਨਜ਼ੀਰ ਨਜ਼ਰ ਕਿਸੇ ਨਾ ਆਈਆ । ਮੇਰੇ ਅੰਦਰ ਉਹਦੀ ਤਸਵੀਰ, ਜਿਸ ਦੇ ਹੱਥ ਨਾਮ ਸ਼ਮਸ਼ੀਰ, ਖੰਡਾ ਖੜਗ ਰਿਹਾ ਚਮਕਾਈਆ । ਉਹ ਸਾਹਿਬ ਪੀਰਾਂ ਦਾ ਪੀਰ, ਮੈਨੂੰ ਵੇਖਿਆ ਵਿਚੋਂ ਆਣ ਹਕੀਰ, ਹਕੀਕਤ ਆਪਣੀ ਰਿਹਾ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਦੇਵਣਹਾਰਾ ਸਾਚਾ ਵਰ, ਜੁਗ ਚੌਕੜੀ ਲਹਿਣਾ ਦੇਣਾ ਸਭ ਦਾ ਝੋਲੀ ਪਾਈਆ ।



੨੧੦

### ੨੫ ਭਾਦਰੋ ੨੦੨੦ ਬਿਕ੍ਰਮੀ ਭਲਾਈਪੁਰ ਡੋਗਰਾਂ ਮਹਿੰਦਰ ਸਿੰਘ ਦੇ ਗ੍ਰਹਿ ਜ਼ਿਲਾ ਅੰਮ੍ਰਿਤਸਰ

ਦੇਵਣਹਾਰ ਸਰਬ ਵਡਿਆਈ, ਵਡ ਦਾਤਾ ਹਰਿ ਅਖਵਾਇੰਦਾ । ਹਰਿਜਨ ਸਾਚੇ ਲਏ ਤਰਾਈ, ਤਾਰਨਹਾਰ ਦਇਆ ਕਮਾਇੰਦਾ । ਮਿਹਰ ਨਜ਼ਰ ਇਕ ਉਠਾਈ, ਮਿਹਰਵਾਨ ਭੇਵ ਚੁਕਾਇੰਦਾ । ਨੀਚੋ ਊਚ ਰਿਹਾ ਬਣਾਈ, ਜਿਸ ਜਨ ਆਪਣੇ ਘਰ ਵਸਾਇੰਦਾ । ਜਨਮ ਜਨਮ ਦਾ ਲੇਖ ਮਿਟਾਈ, ਸਾਚਾ ਲੇਖਾ ਇਕ ਰਖਾਇੰਦਾ । ਗੁਰਸਿਖ ਮੇਲਾ ਸਹਿਜ ਸੁਭਾਈ, ਘਰ ਸਤਿਗੁਰ ਫੇਰਾ ਪਾਇੰਦਾ । ਭਰਮੇ ਭੁੱਲੇ ਨਾ ਕੋਇ ਰਾਹੀ, ਪਾਂਧੀ ਆਪਣਾ ਪੰਧ ਮੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਜਨ ਦੇਵੇ ਨਾਮ ਦਾਨ, ਤਿਸ ਦਾ ਰਹੇ ਜਗਤ ਨਿਸ਼ਾਨ, ਲੋਕਮਾਤ ਨਾ ਕੋਇ ਮਿਟਾਇੰਦਾ ।

੨੧੧

## ੧੪ ਵਸਾਖ ੨੦੨੧ ਬਿਕ੍ਰਮੀ ਡਾਕਟਰ ਪਾਲ ਸਿੰਘ ਦੇ ਗ੍ਰਿਹਿ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ

ਤ੍ਰੇਤੇ ਤੇਰਾ ਧਰਮੀ ਕੌਲ, ਕਮਲਾਪਤ ਤੋੜ ਨਿਭਾਇੰਦਾ । ਜੁਗ ਚੌਕੜੀ ਪਰਦਾ ਫੋਲ, ਲੇਖ ਅਲੇਖ ਵੇਖ ਵਖਾਇੰਦਾ । ਹੋਵੇ ਸਹਾਈ ਉਪਰ ਧੌਲ, ਧਰਨੀ ਧਰਤ ਵਡਿਆਇੰਦਾ । ਸ਼ਬਦ ਸਵਾਮੀ ਅੰਤਰ ਮੌਲ, ਆਦਿ ਜੁਗਾਦਿ ਵੇਖ ਵਖਾਇੰਦਾ । ਜਿਸ ਦਾ ਲੇਖਾ ਕੋਈ ਸਮਝ ਨਾ ਸਕੇ ਪੰਡਤ ਪਾਂਧਾ ਰੌਲ, ਸ਼ਾਸਤਰ ਸਿਮਰਤ ਭੇਵ ਨਾ ਕੋਇ ਖੁਲ੍ਹਾਇੰਦਾ । ਸੋ ਸਾਹਿਬ ਸਤਿਗੁਰ ਪੁਰਖ ਅਕਾਲ ਕਰੇ ਖੇਲ ਅਡੋਲ, ਅਡੁਲ ਆਪਣੀ ਧਾਰ ਚਲਾਇੰਦਾ । ਭਗਤ ਭਗਵੰਤ ਮਾਣਕ ਮੋਤੀ ਅਨਮੋਲ, ਅਲਮੁਲੜੇ ਹੀਰੇ ਵੇਖ ਵਖਾਇੰਦਾ । ਸਤਿ ਚਿਤ ਵਸਣਹਾਰਾ ਸਦਾ ਕੋਲ, ਅਨੰਤ ਕਲ ਆਪਣੀ ਖੇਲ ਖਲਾਇੰਦਾ । ਲਾੜੀ ਮੌਤ ਨਾਲ ਹੋਣ ਨਾ ਦੇਵੇ ਘੋਲ, ਸਿਰ ਆਪਣਾ ਹੱਥ ਟਿਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਇੰਦਾ । ਤ੍ਰੇਤਾ ਵਖਾਏ ਆਪਣਾ ਭਵਿਖਤ, ਭਾਵ ਭਾਵਨੀ ਵਿਚੋਂ ਪਰਗਟਾਈਆ । ਰਾਮ ਰਹੀਮ ਰਾਮਾ ਇਸ਼ਟ, ਵਸ਼ਿਸ਼ਟ ਨਾ ਕੋਇ ਵਡਿਆਈਆ । ਨੇਤਰ ਖੋਲ੍ਹ ਦਿਬ ਦ੍ਰਿਸ਼ਟ, ਦੁਤਯਾ ਭੇਵ ਚੁਕਾਈਆ । ਸਚ ਸਮਝਾਇਆ ਇਕ ਆਦਰਸ਼, ਆਦੇਸ ਆਦੇਸ ਕਰ ਕਰ ਸੀਸ ਨਿਵਾਈਆ । ਲੇਖ ਚੁਕਾਇਆ ਅਰਸ਼ ਫ਼ਰਸ਼, ਫ਼ੈਸਲਾ ਹੱਕ ਸਮਝਾਈਆ । ਜਨ ਭਗਤਾਂ ਉਪਰ ਕਰ ਤਰਸ, ਰਹਿਮਤ ਆਪ ਕਮਾਈਆ । ਪੂਰਬ ਲੇਖਾ ਫੋਲ ਫ਼ਰਦ, ਪਿਛਲਾ ਵਰਕਾ ਦਿਤਾ ਉਲਟਾਈਆ । ਆਤਮ ਪਰਮਾਤਮ ਲਾਈ ਸ਼ਰਤ, ਸ਼ਰਅ ਸਕੇ ਨਾ ਕੋਇ ਸਮਝਾਈਆ । ਕੁਦਰਤ ਕਰਤਾ ਕਾਦਰ ਪੈਣ ਨਾ ਦੇਵੇ ਫ਼ਰਕ, ਜੁਗ ਚੌਕੜੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਤ੍ਰੇਤਾ ਕਹੇ ਮੇਰਾ ਵੇਖ ਪਰਦਾ, ਉਹਲਾ ਤੇਰੇ ਵਿਚੋਂ ਨਜ਼ਰੀ ਆਈਆ । ਤੂੰ ਲੇਖਾ ਜਾਣੇਂ ਘਰ ਘਰ ਦਾ, ਦਰ ਦਰ ਆਪਣਾ ਵੇਸ ਵਟਾਈਆ । ਗੁਰ ਅਵਤਾਰ ਪੀਰ ਪੈਗੰਬਰ ਪੱਲੂ ਤੇਰਾ ਫੜਦਾ, ਸਚ ਸਰਨ ਮਾਂਗੇ ਇਕ ਸਰਨਾਈਆ । ਬਾਲਮੀਕ ਬਜਵਾੜਾ ਚਰਨ ਕਵਲ ਸੀਸ ਧਰਦਾ, ਨਮੋ ਨਮੋ ਨਿਮਖ ਨਿਮਖ ਧਿਆਈਆ । ਮੈਂ ਤੇਰਾ ਅੱਖਰ ਇਕੋ ਪੜ੍ਹਦਾ, ਜਗਤ ਵਿਦਿਆ ਨਾ ਕੋਇ ਵਡਿਆਈਆ । ਮੰਜ਼ਲ ਮੰਜ਼ਲ ਪੌੜੇ ਤੇਰੇ ਚੜ੍ਹਦਾ, ਬਿਨ ਕਦਮਾਂ ਕਦਮ ਉਠਾਈਆ । ਸਚ ਦਵਾਰ ਵੇਖ ਥਿਰ ਘਰ ਦਾ, ਘਰ ਮੇਰੇ ਵੱਜੇ ਵਧਾਈਆ । ਦਰ ਦਰਵੇਸ਼ ਹੋ ਕੇ ਬਰਦਾ, ਬਰਖ਼ੁਰਦਾਰ ਸੀਸ ਨਿਵਾਈਆ । ਤੇਰਾ ਭਾਣਾ ਤੇਰੇ ਹੁਕਮ ਅੰਦਰ ਜਰਦਾ, ਜਰ ਜੋਬਨ ਦਿਤਾ ਲੁਟਾਈਆ । ਜਿਨ੍ਹਾਂ ਪਿਛੇ ਰਿਹਾ ਠੱਗਦਾ, ਸਾਕ ਸੱਜਣ ਨਾਰੀ ਬੰਧਪ ਪੱਲੂ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦੇ ਜਣਾਈਆ । ਤ੍ਰੇਤਾ ਕਹੇ ਪਿਛਲੀ ਵੇਖ ਕਿਤਾਬ, ਕੁਤਬਖ਼ਾਨਾ ਤੇਰਾ ਨਜ਼ਰ ਕਿਸੇ ਨਾ ਆਈਆ । ਤੇਰਾ ਲੇਖਾ ਬੇਹਿਸਾਬ, ਗਣਤੀ ਗਣਤ ਨਾ ਕੋਇ ਗਣਾਈਆ । ਗੁਰ ਅਵਤਾਰ ਪੀਰ ਪੈਗੰਬਰ ਤੇਰੇ ਅੱਗੇ ਲਾਜਵਾਬ, ਦਰ ਠਾਂਡੇ ਸੀਸ ਨਿਵਾਈਆ । ਤੂੰ ਸਾਹਿਬ ਸੁਲਤਾਨ ਦੇਵਣਹਾਰਾ ਵਡ ਖ਼ਤਾਬ, ਖ਼ਤਾ ਮੁਆਫ਼ ਆਪ ਕਰਾਈਆ । ਪਰਵਰਦਗਾਰ ਧੁਰ ਨਵਾਬ, ਸ਼ਹਿਨਸ਼ਾਹ ਤੇਰੀ ਵਡਿਆਈਆ । ਜੁਗ ਚੌਕੜੀ ਗ਼ਰੀਬ ਨਿਵਾਜ, ਕੋਝੇ ਕਮਲੇ ਲਏਂ ਉਠਾਈਆ । ਜਲਵਾ ਨੂਰੀ ਦੇ ਮਹਿਤਾਬ, ਮਹਿਬੂਬ ਕਰੇਂ ਰੁਸ਼ਨਾਈਆ । ਸਚ ਮਹੱਲਾ ਉਚ ਮਹਿਰਾਬ, ਮਹਿਫਲ ਆਪਣਾ ਨਾਮ ਲਗਾਈਆ । ਬੋਧ ਅਗਾਧ ਨਾਦ ਧੁਨ ਅਗੰਮੀ ਤੇਰੀ ਆਵਾਜ਼, ਬਿਨ ਰਸਨਾ ਜਿਹਵਾ ਬੱਤੀ ਦੰਦ ਸੁਣਾਈਆ । ਜਿਸ ਅੰਦਰ ਡੂੰਘਾ ਰਾਜ਼, ਅੰਤਰ ਵੇਖ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਸਤਿ ਦੇ ਦ੍ਰਿੜਾਈਆ । ਤ੍ਰੇਤਾ ਵੇਖ ਤ੍ਰੈਲੋਕ, ਤ੍ਰੈਭਵਨ ਧਨੀ ਤੇਰੀ ਓਟ ਤਕਾਈਆ । ਮੈਨੂੰ ਪਿਛਲਾ ਯਾਦ ਆਇਆ ਸਲੋਕ, ਸੋਹਣਾ ਬਿਨ ਅੱਖਰਾਂ ਦਿਤਾ ਗਾਈਆ । ਭਗਤ ਸੁਹੇਲਾ ਹੋ ਕੇ ਦੇਵੇਂ ਮੋਖ, ਮੁਫ਼ਤ ਆਪਣੀ ਦਇਆ ਕਮਾਈਆ । ਤੇਰੀ ਆਦਿ ਜੁਗਾਦਿ ਜੁਗ ਚੌਕੜੀ ਜਗਮਗ ਜਗੇ ਜੋਤ, ਜੋਤੀ ਜੋਤ ਨੂਰ ਰੁਸ਼ਨਾਈਆ । ਮਹਲ ਅਟੱਲ ਉਚ ਮਨਾਰਾ ਕਿਲਾ ਕੋਟ,

ਸਚਖੰਡ ਦਵਾਰ ਸੋਭਾ ਪਾਈਆ । ਨਿਤ ਨਵਿਤ ਭਗਤ ਭਗਵਾਨ ਦਰਸ਼ਨ ਰਹੇ ਲੋਚ, ਲੋਚਣ ਨੈਣ ਅੱਖ ਖੁਲ੍ਹਾਈਆ । ਸਾਹਿਬ ਸੁਲਤਾਨ ਤੂੰ ਕਿਸੇ ਨਾ ਆਵੇਂ ਵਿਚ ਸੋਚ, ਮਨ ਮਤ ਬੁਧ ਚਲੇ ਨਾ ਕੋਇ ਚਤਰਾਈਆ । ਕੋਟਨ ਕੋਟ ਤੇਰੀ ਕੱਢਦੇ ਰਹੇ ਖੋਜ, ਖੋਜਤ ਖੋਜਤ ਸ੍ਰਿਸ਼ਟ ਸਬਾਈ ਹੋਈ ਹਲਕਾਈਆ । ਹਰਿ ਪ੍ਰੀਤਮ ਪਤਿਪਰਮੇਸ਼ਵਰ ਤੇਰਾ ਇਕੋ ਚੋਜ, ਅਗੰਮ ਅਥਾਹ ਬੇਪਰਵਾਹ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਤ੍ਰੇਤਾ ਕਹੇ ਸਤਿ ਤੇਰੀ ਉਡੀਕ, ਸ਼ਹਿਨਸ਼ਾਹ ਸਰਨਾਈਆ । ਬਜਵਾੜਾ ਵੇਖ ਬਾਲਮੀਕ, ਬਾਲਮ ਦੇ ਸਮਝਾਈਆ । ਸਿਰਕਤ ਕਰੇ ਨਾ ਕੋਇ ਸ਼ਰੀਕ, ਲਾਸ਼ਰੀਕ ਹੋ ਸਹਾਈਆ । ਦੂਰ ਦੁਰਾਡੇ ਅੰਦਰ ਵੜ ਨਜ਼ਦੀਕ, ਮੰਜ਼ਲ ਆਪਣਾ ਪੰਧ ਮੁਕਾਈਆ । ਸਚ ਨਿਸ਼ਾਨਾ ਦੱਸ ਠੀਕ, ਠੀਕਰ ਕੂੜਾ ਭੰਨ ਵਖਾਈਆ । ਆਤਮ ਪਰਮਾਤਮ ਦੱਸ ਪ੍ਰੀਤ, ਪ੍ਰੀਤੀਵਾਨ ਮੇਲ ਮਿਲਾਈਆ । ਬਿਨ ਸਖੀਆਂ ਗਾਵੇ ਗੀਤ, ਬਿਨ ਸੱਜਣਾਂ ਢੋਲਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਤ੍ਰੇਤਾ ਕਹੇ ਹੋਵਾਂ ਜ਼ਾਮਨ, ਜ਼ਾਮਨੀ ਆਪਣੀ ਇਕ ਰਖਾਈਆ । ਤੂੰ ਭਗਤਾਂ ਪੂਰਾ ਕਰੇ ਕਾਮਨ, ਆਸਾ ਤ੍ਰਿਸਨਾ ਵੇਖ ਵਖਾਈਆ । ਦਾਮਨਗੀਰ ਫੜੌਣਾ ਦਾਮਨ, ਦਸਤਗੀਰ ਤੇਰੀ ਸ਼ਰਨਾਈਆ । ਮੁਸ਼ਕਲ ਹੱਲ ਹੋਵੇ ਆਸਾਨਨ, ਇਹਸਾਨ ਉਪਰ ਨਾ ਕੋਇ ਟਿਕਾਈਆ । ਲੇਖਾ ਚੁੱਕੇ ਛੱਤਰੀ ਬ੍ਰਾਹਮਣ, ਸ਼ੂਦਰ ਵੈਸ਼ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਤ੍ਰੇਤਾ ਕਹੇ ਹੱਥ ਤੇਰੇ ਡੋਰ, ਸ੍ਰੀ ਭਗਵਾਨ ਤੇਰੀ ਓਟ ਤਕਾਈਆ । ਲੇਖਾ ਵੇਖ ਨਾ ਠੱਗ ਚੋਰ, ਕੂੜੀ ਕਿਰਿਆ ਪਰੇ ਹਟਾਈਆ । ਮੰਤਰ ਫੁਰਨਾ ਦੇ ਨਾਮ ਫੋਰ, ਸਚ ਸਤਿ ਇਕ ਸਮਝਾਈਆ । ਸਾਚੇ ਮਾਰਗ ਆਪਣੇ ਤੋਰ, ਤੁਰਤ ਆਪਣਾ ਰੰਗ ਵਖਾਈਆ । ਕਰ ਪਰਕਾਸ਼ ਅੰਧੇਰੇ ਘੋਰ, ਨਿਰਗੁਣ ਨੂਰ ਕਰ ਰੁਸ਼ਨਾਈਆ । ਸਦਾ ਸਦਾ ਸਦ ਤੇਰੀ ਲੋੜ, ਤੁਧ ਬਿਨ ਅਵਰ ਨਾ ਕੋਇ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਰਗ ਇਕ ਵਖਾਈਆ । ਤ੍ਰੇਤਾ ਕਹੇ ਸਾਹਿਬ ਸਤਿਗੁਰ ਤੁਠ, ਦਰ ਠਾਂਡੇ ਸੀਸ ਨਿਵਾਈਆ । ਤੇਰਾ ਭੰਡਾਰਾ ਸਦਾ ਅਤੁਟ, ਤੋਟ ਰਹਿਣ ਕੋਇ ਨਾ ਪਾਈਆ । ਬੰਦੀਖ਼ਾਨਿਉਂ ਬੰਧਨ ਜਾਣ ਛੁਟ, ਛੁਟੇ ਨਾਤਾ ਜਗਤ ਲੋਕਾਈਆ । ਠੱਗ ਚੋਰ ਸ਼ਬਦ ਧਾਰ ਨਾਲ ਕੁੱਟ, ਅੰਤਰ ਆਤਮ ਬ੍ਰਹਮ ਗਿਆਨ ਦ੍ਰਿੜਾਈਆ । ਕਰ ਪਿਆਰ ਬਣ ਮਾਤ ਪਿਤ ਸਾਚੇ ਪੁੱਤ, ਸੁਤ ਆਪਣੀ ਗੋਦ ਉਠਾਈਆ । ਤੇਰੇ ਘਰ ਮੌਲੇ ਧੁਰ ਦੀ ਰੁੱਤ, ਰੁੱਤ ਬਸੰਤੀ ਨੈਣ ਸ਼ਰਮਾਈਆ । ਭਗਤ ਭਗਵਾਨ ਹੋ ਕੇ ਪੁੱਛ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਣੀ ਸਚ ਸਰਨਾਈਆ । ਤ੍ਰੇਤਾ ਕਹੇ ਮੋਹੇ ਤੇਰੀ ਆਸ, ਇਕ ਧਿਆਨ ਲਗਾਈਆ । ਧੁਆਂਧਾਰ ਪ੍ਰਿਥਮੀ ਆਕਾਸ਼, ਗਗਨ ਮੰਡਲ ਨਾ ਕੋਇ ਰੁਸ਼ਨਾਈਆ । ਭਗਤ ਭਗਵਾਨ ਤੇਰੀ ਸ਼ਾਖ਼, ਸ਼ਨਾਖ਼ਤ ਆਪਣੀ ਦਏਂ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਸਚ ਵਡਿਆਈ ਦੇ ਭਗਵੰਤ, ਦੋਏ ਜੋੜ ਸੀਸ ਝੁਕਾਈਆ । ਤੇਰਾ ਲੇਖਾ ਆਦਿ ਅੰਤ, ਜੁਗਾ ਜੁਗੰਤ ਤੇਰੀ ਬੇਪਰਵਾਹੀਆ । ਪਕੜ ਉਠਾਵੇਂ ਸਾਚੇ ਸੰਤ, ਭਗਤਨ ਆਪਣਾ ਰੰਗ ਰੰਗਾਈਆ । ਮੇਲ ਮਿਲਾ ਨਾਰ ਕੰਤ, ਘਰ ਸੁਰਤੀ ਸ਼ਬਦ ਕਰੇਂ ਕੁੜਮਾਈਆ । ਗੜ੍ਹ ਤੋੜ ਹਉਮੇਂ ਹੰਗਤ, ਹੰ ਬ੍ਰਹਮ ਦਏਂ ਸਮਝਾਈਆ । ਬੋਧ ਅਗਾਧਾ ਬਣ ਕੇ ਪੰਡਤ, ਧੁਰ ਦੀ ਵਿਦਿਆ ਕਰੇਂ ਪੜ੍ਹਾਈਆ । ਦਰ ਦਰਵੇਸ਼ ਬਣਿਆ ਮੰਗਤ, ਘਰ ਸਾਚੇ ਅਲਖ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਵਡਿਆਈਆ । ਸੁਣ ਤ੍ਰੇਤੇ ਕਹੇ ਭਗਵਾਨ, ਹਰਿ ਕਰਤਾ ਆਪ ਜਣਾਈਆ । ਤੇਰੀ ਇਛਿਆ ਮੇਰਾ ਦਾਨ, ਭਿਛਿਆ ਬੇਪਰਵਾਹੀਆ । ਸਚ ਸੰਦੇਸਾ ਧੁਰ ਫ਼ਰਮਾਣ, ਨਰ ਨਰੇਸ਼ਾ ਇਕ ਦ੍ਰਿੜਾਈਆ । ਠੱਗ ਚੋਰ ਵੇਖਾਂ ਕਰ ਧਿਆਨ, ਮਿਹਰ ਨਜ਼ਰ ਉਠਾਈਆ । ਬਾਲਮੀਕ ਦੇ ਗਿਆਨ, ਨੇਤਰ ਨੈਣ ਅੱਖ ਖੁਲ੍ਹਾਈਆ । ਸਾਚਾ ਲੇਖਾ ਲੇਖ ਮਹਾਨ, ਭਵਿਖਤ ਦਏ ਦ੍ਰਿੜਾਈਆ ।

੨੧੨

ਮੇਲ ਮਿਲਾਵਾ ਧੁਰ ਦੇ ਰਾਮ, ਰਮਿਆ ਰਾਮ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਬਾਲਮੀਕ ਅੰਤਰਗਤ, ਹਰਿ ਕਰਤਾ ਵੇਖ ਵਖਾਈਆ । ਮਤ ਵਿਚੋਂ ਬਦਲੀ ਮਤ, ਮਨਸਾ ਵਿਚੋਂ ਮਨਸਾ ਦਿਤੀ ਉਲਟਾਈਆ । ਨਾੜ ਬਹੱਤਰ ਨਾ ਉਬਲੇ ਰੱਤ, ਰੱਤੀ ਰੱਤ ਵੇਖ ਵਖਾਈਆ । ਸਤਿ ਸੰਤੋਖ ਦੇ ਕੇ ਸਤਿ, ਧੀਰਜ ਇਕੋ ਇਕ ਬੰਧਾਈਆ । ਆਪਣੇ ਮਿਲਣ ਦੀ ਖੋਲ੍ਹ ਕੇ ਅੱਖ, ਨਿਜ ਨੇਤਰ ਕਰੀ ਰੁਸ਼ਨਾਈਆ । ਸਚ ਪਰਵਿਸ਼ਟਾ ਇਕੋ ਦੱਸ, ਥਿਤ ਵਾਰ ਸੋਭਾ ਪਾਈਆ । ਨੌਂ ਜੇਠ ਮਿਲਿਆ ਜਸ, ਹੱਸ ਹੱਸ ਖ਼ੁਸ਼ੀ ਮਨਾਈਆ । ਚਰਨ ਸਰਨ ਕਵਲ ਸਰਨਾਈ ਢੱਠ, ਬਾਲਮੀਕ ਝੋਲੀ ਡਾਹੀਆ । ਸਾਹਿਬ ਸੁਲਤਾਨ ਦੇਣਾ ਹੱਕ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਆ । ਬਾਲਮੀਕ ਕਰੇ ਅਰਦਾਸ, ਅੰਤਰ ਅੰਤਰ ਧਿਆਨ ਲਗਾਈਆ । ਪੰਜ ਤਤ ਕਾਇਆ ਤੇਰੀ ਰਾਸ, ਪਵਣ ਸਵਾਸ ਤੇਰੀ ਵਡਿਆਈਆ । ਹਉਂ ਗ਼ਰੀਬ ਨਿਮਾਣਾ ਅਨਾਥਾਂ ਅਨਾਥ, ਸੇਵਕ ਚਾਕਰ ਖ਼ਾਕੀ ਖ਼ਾਕ ਰੂਪ ਵਟਾਈਆ । ਸਚ ਪ੍ਰੀਤੀ ਬਖ਼ਸ਼ਣਾ ਨਾਤ, ਬਿਧਾਤਾ ਆਪਣਾ ਜੋੜ ਜੁੜਾਈਆ । ਪਿਛਲਾ ਲੇਖਾ ਲਹਿਣਾ ਕਰਨਾ ਮੁਆਫ਼, ਗੁਸਤਾਖ਼ ਆਪਣੇ ਨੈਣ ਸ਼ਰਮਾਈਆ । ਧੰਨ ਭਾਗ ਤੂੰ ਮਿਲਿਆ ਬਾਪ, ਪਿਤਾ ਪੁਰਖ ਅਕਾਲ ਇਕ ਅਖਵਾਈਆ । ਤੇਰੇ ਘਰ ਜਨਮ ਕੇ ਪਿਛਲਾ ਮੁੱਕਿਆ ਸਾਕ, ਦਰ ਮਿਲਿਆ ਬੇਪਰਵਾਹੀਆ । ਜੁਗ ਚੌਕੜੀ ਬਖ਼ਸ਼ੀਂ ਸਾਥ, ਸਗਲਾ ਸੰਗ ਨਿਭਾਈਆ । ਤੇਰੇ ਪਰੇਮ ਪਿਆਰ ਦੀ ਵੇਖਾਂ ਰਾਸ, ਮੰਡਲ ਮੰਡਪ ਗੋਪੀ ਕਾਹਨ ਨਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਘਰ ਸਾਚਾ ਸਚ ਦਰਸਾਈਆ । ਸ੍ਰੀ ਭਗਵੰਤ ਹੋ ਮਿਹਰਵਾਨ, ਪੁਰਖ ਅਕਾਲ ਦਇਆ ਕਮਾਇੰਦਾ । ਜਨਮ ਵਿਚੋਂ ਜਨਮ ਦਾਨ, ਜੂਨ ਅਜੂਨੀ ਵੇਖ ਵਖਾਇੰਦਾ । ਸਚ ਸੰਦੇਸਾ ਨੌਜਵਾਨ, ਧੁਰ ਫ਼ੁਰਮਾਣਾ ਇਕ ਸਮਝਾਇੰਦਾ । ਤ੍ਰੇਤਾ ਦਵਾਪਰ ਕਲਜੁਗ ਖੇਲ ਕਰੇ ਮਹਾਨ, ਹਰਿ ਖ਼ਾਲਕ ਵੇਖ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਇੰਦਾ । ਬਾਲਮੀਕ ਕਰੇ ਅਰਜ਼ੋਈ, ਆਰਜ਼ੂ ਆਪਣੀ ਇਕ ਸੁਣਾਇੰਦਾ । ਤੁਧ ਬਿਨ ਮਿਲੇ ਕੋਈ ਨਾ ਢੋਈ, ਘਰ ਨਜ਼ਰ ਕੋਇ ਨਾ ਆਇੰਦਾ । ਸੁਰਤੀ ਸਚ ਉਠਾਏ ਨਾ ਕੋਇ ਸੋਈ, ਸੁਹਾਗਣ ਰੂਪ ਨਾ ਕੋਇ ਬਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਦਰ ਘਰ ਤੇਰੇ ਮੰਗ ਮੰਗਾਇੰਦਾ । ਦਰ ਘਰ ਮੰਗਾਂ ਧੁਰ ਦੀ ਮੰਗ, ਵਸਤ ਅਮੋਲਕ ਦੇਣੀ ਇਕ ਵਰਤਾਈਆ । ਪਰੇਮ ਪਿਆਰ ਦਾ ਬਖ਼ਸ਼ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੇਰੀ ਸੇਵਾ ਵਿਚ ਚਮਕਾਂ ਨੂਰੀ ਚੰਦ, ਨੂਰ ਜ਼ਹੂਰ ਤੇਰਾ ਰੁਸ਼ਨਾਈਆ । ਦੀਨ ਦਿਆਲ ਤੂੰ ਸਾਹਿਬ ਸਦਾ ਬਖ਼ਸ਼ੰਦ, ਬਖ਼ਸ਼ਸ਼ ਆਪਣੀ ਦੇ ਵਰਤਾਈਆ । ਮਾਣਸ ਜਨਮ ਪਏ ਠੰਡ, ਮਾਨਵ ਮਾਨੁਖ ਸਾਂਤਕ ਸਤਿ ਕਰਾਈਆ । ਜੁਗ ਚੌਕੜੀ ਆਪਣੇ ਨਾਲ ਗੰਢ, ਪੱਲੂ ਸਕੇ ਨਾ ਕੋਇ ਛੁਡਾਈਆ । ਸਦਾ ਸਦਾ ਸਦ ਵਸਾਂ ਤੇਰੇ ਸੰਗ, ਧੁਰ ਦਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਹਿਣੇ ਲੈਣਾ ਲਗਾਈਆ । ਸ੍ਰੀ ਭਗਵਾਨ ਹੋ ਦਿਆਲ, ਦਇਆਨਿਧ ਠਾਕਰ ਸਵਾਮੀ ਆਪ ਸੁਣਾਇੰਦਾ । ਮਿਹਰਵਾਨ ਹੋ ਕਿਰਪਾਲ, ਪਰਦਾ ਉਹਲਾ ਆਪ ਚੁਕਾਇੰਦਾ । ਸੁਣ ਲਾਡਲੇ ਮੇਰੇ ਲਾਲ, ਲਾਲਨ ਆਪਣਾ ਭੇਵ ਜਣਾਇੰਦਾ । ਸਚ ਪਰਵਿਸ਼ਟਾ ਰੱਖਣਾ ਯਾਦ, ਨਵ ਜੇਠ ਵੰਡ ਵੰਡਾਇੰਦਾ । ਜਿਸ ਵੇਲੇ ਦਿਤੀ ਦਾਦ, ਵਸਤ ਅਮੋਲਕ ਆਪਣਾ ਨਾਮ ਝੋਲੀ ਪਾਇੰਦਾ । ਭੇਵ ਖੋਲ੍ਹ ਬ੍ਰਹਮ ਬ੍ਰਹਿਮਾਦ, ਬ੍ਰਹਿਮਾਂਡ ਆਪਣਾ ਰੰਗ ਵਖਾਇੰਦਾ । ਧੁਨ ਆਤਮਕ ਵਜਾ ਨਾਦ, ਅਗੰਮੀ ਰਾਗ ਅਲਾਇੰਦਾ । ਬਿਨ ਰਸਨਾ ਜਿਹਵਾ ਬੱਤੀ ਦੰਦ ਆਇਆ ਸਵਾਦ, ਰਸ ਮੀਠਾ ਅਨਡੀਠਾ ਇਕੋ ਭਾਇੰਦਾ । ਪਰੇਮ ਪ੍ਰੀਤੀ ਅੰਤਰ ਹੋਇਆ ਵਿਸਮਾਦ, ਬਿਸਮਲ ਆਪਣਾ ਰੂਪ ਵਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖਾ ਆਪ ਜਣਾਇੰਦਾ । ਸਾਚਾ ਲੇਖਾ ਸੁਣ ਬਾਲਮੀਕ, ਹਰਿ

 ੨੧੪

ਕਰਤਾ ਆਪ ਜਣਾਈਆ । ਜਨਮ ਵਿਚੋਂ ਜਨਮ ਮਿਲਿਆ ਤੈਨੂੰ ਠੀਕ, ਕਰਮ ਧਰਮ ਵਰਨ ਬਰਨ ਪਿਛਲਾ ਦਿਤਾ ਬਦਲਾਈਆ । ਦੂਰ ਦੁਰਾਡੇ ਹੋ ਨਜ਼ਦੀਕ, ਨੇਰਨ ਨੇਰੇ ਦਇਆ ਕਮਾਈਆ । ਮਾਰਗ ਦੱਸ ਇਕ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਦੇ ਵਡਿਆਈ ਤੈਨੂੰ ਨੀਚ, ਊਚੋਂ ਊਚ ਲਏ ਬਣਾਈਆ । ਚਰਨ ਪ੍ਰੀਤੀ ਧੁਰ ਦੀ ਪ੍ਰੀਤ, ਪਤਤ ਪਾਵਣ ਇਕ ਸਮਝਾਈਆ । ਤੂੰ ਮੇਰਾ ਮੈਂ ਤੇਰਾ ਦੋਹਾਂ ਦਾ ਸਾਂਝਾ ਗੀਤ, ਸੋਹੰ ਢੋਲਾ ਰਾਗ ਸੁਣਾਈਆ । ਕਲਜੁਗ ਰੱਖਣੀ ਅੰਤ ਉਡੀਕ, ਕਲ ਕਾਤੀ ਵੇਖ ਵਖਾਈਆ । ਲੇਖ ਚੁਕਾਏ ਮੰਦਰ ਮਸੀਤ, ਸ਼ਿਵਦਵਾਲੇ ਮੱਠ ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬਾਲਮੀਕ ਖੁਲ੍ਹੀ ਜਾਗ, ਨੇਤਰ ਨੈਣ ਉਠਾਈਆ । ਹਿਰਦੇ ਆਇਆ ਇਕ ਵੈਰਾਗ, ਨੇਤਰ ਨੈਣਾਂ ਨੀਰ ਵਹਾਈਆ । ਕਵਣ ਧੋਵੇ ਮੇਰਾ ਦਾਗ਼, ਦੁਰਮਤ ਮੈਲ ਸਾਫ਼ ਕਰਾਈਆ । ਕੌਣ ਜਗਾਏ ਘਰ ਚਿਰਾਗ਼, ਦੀਪਕ ਜੋਤ ਕਰੇ ਰੁਸ਼ਨਾਈਆ । ਕੌਣ ਵਖਾਏ ਅਗੰਮ ਸਵਾਦ, ਰਸ ਫੀਕਾ ਸਰਬ ਮਿਟਾਈਆ । ਕੌਣ ਬਣਾਏ ਹੰਸ ਕਾਗ, ਸੋਹੰ ਹੰਸਾ ਸਾਚੀ ਚੋਗ ਚੁਗਾਈਆ । ਕੌਣ ਸੁਣਾਏ ਅਗੰਮੀ ਅਵਾਜ਼, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸਾਚੇ ਘਰ, ਗ੍ਰਿਹ ਮੰਦਰ ਖੋਜ ਖੁਜਾਈਆ । ਗ੍ਰਿਹ ਮੰਦਰ ਖੋਜ ਭਗਵੰਤ, ਭਗਵਨ ਆਪਣੀ ਦਇਆ ਕਮਾਇੰਦਾ । ਪਕੜ ਉਠਾਏ ਸਾਚੇ ਸੰਤ, ਸਤਿ ਸਤਿਵਾਦੀ ਵੇਖ ਵਖਾਇੰਦਾ । ਨਾਮ ਨਿਧਾਨ ਮਣੀਆ ਮੰਤ, ਸਾਚਾ ਮੰਤਰ ਇਕ ਪੜ੍ਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਆਪਣੇ ਹੱਥ ਰਖਾਇੰਦਾ । ਸਾਚਾ ਲੇਖਾ ਸਾਹਿਬ ਸਮਰਥ, ਅਭੇਵ ਅਭੇਦ ਛੁਪਾਈਆ । ਜੁਗ ਚੌਕੜੀ ਚਲਾਏ ਰਥ, ਬਣ ਰਥਵਾਹੀ ਵੇਸ ਵਟਾਈਆ । ਸਤਿ ਸਤਿਵਾਦੀ ਮਾਰਗ ਦੱਸ, ਸਚ ਸੁਚ ਕਰੇ ਪੜ੍ਹਾਈਆ । ਭਗਤ ਭਗਵੰਤ ਕਰ ਕੇ ਵੱਖ, ਲੱਖ ਚੁਰਾਸੀ ਵਿਚੋਂ ਬਾਹਰ ਕਢਾਈਆ । ਧੁਰ ਸੰਦੇਸਾ ਇਕੋ ਦੱਸ, ਬਾਲਮੀਕ ਦਿਤਾ ਸਮਝਾਈਆ । ਕਲਜੁਗ ਅੰਤਮ ਪ੍ਰਭੁ ਖੇਲ ਕਰੇ ਹੋ ਪਰਗਟ, ਜੋਤੀ ਜਾਤਾ ਵੇਸ ਵਟਾਈਆ । ਸਚ ਦਵਾਰਾ ਖੋਲ੍ਹੇ ਹੱਟ, ਚੌਦਾਂ ਤਬਕ ਡੇਰਾ ਢਾਹੀਆ । ਤੇਰਾ ਲੇਖਾ ਦੇਵੇ ਹੱਕ, ਹਕੀਕਤ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਬਾਲਮੀਕ ਲੈਣਾ ਸੁਣ, ਸ਼ਬਦ ਅਗੰਮੀ ਧਾਰ ਜਣਾਇੰਦਾ । ਲੇਖਾ ਜਾਣੇ ਗੁਣ ਅਵਗੁਣ, ਕਰਤਾ ਕਰਨੀ ਕਾਰ ਕਮਾਇੰਦਾ । ਆਪਣਾ ਮੰਤਰ ਜਾਣੇ ਫੁਨ, ਫੁਰਨਾ ਸਭ ਦਾ ਬੰਦ ਵਖਾਇੰਦਾ । ਲੱਖ ਚੁਰਾਸੀ ਵਿਚੋਂ ਚੁਣ, ਭਗਤ ਭਗਵੰਤ ਮੇਲ ਮਿਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਜਣਾਇੰਦਾ । ਧੁਰ ਸੰਦੇਸਾ ਕਲਜੁਗ ਧਾਰ, ਕਰਤਾ ਪੁਰਖ ਸਮਝਾਈਆ । ਤੇਰਾ ਮੇਲਾ ਵਿਚ ਸੰਸਾਰ, ਵਡ ਸੰਸਾਰੀ ਆਪ ਕਰਾਈਆ । ਸਚ ਪ੍ਰੀਤੀ ਦੇ ਪਿਆਰ, ਪਰੇਮ ਬੰਧਨ ਇਕ ਵਖਾਈਆ । ਅੰਤਰ ਅੰਤਰ ਕਰੇ ਗੁਫ਼ਤਾਰ, ਗੁਫ਼ਤ ਸ਼ੁਨੀਦ ਸਚ ਪੜ੍ਹਾਈਆ । ਲੇਖਾ ਜਾਣੇ ਧੁਰ ਦਰਬਾਰ, ਸਚਖੰਡ ਨਿਵਾਸੀ ਹਰਿ ਸੱਚਾ ਸਚ ਗੋਸਾਈਆ । ਨਿਰਗੁਣ ਸਰਗੁਣ ਜ਼ੀਰੋ ਸਿਫ਼ਰਾ ਦਿਸੇ ਸੰਸਾਰ, ਬੀਸ ਅੰਕ ਜੋੜ ਜੁੜਾਈਆ । ਨਿਰਗੁਣ ਸਰਗੁਣ ਦੂਆ ਇਕ ਕਰੇ ਪਿਆਰ, ਇਕ ਇਕੱਲਾ ਮੇਲ ਮਿਲਾਈਆ । ਦੂਆ ਏਕਾ ਕਰ ਕੇ ਖ਼ਬਰਦਾਰ, ਏਕਾ ਇਕੀ ਗੰਢ ਰਖਾਈਆ । ਵੀਹ ਸੌ ਇਕੀ ਤੇਰਾ ਕਰਜ਼ਾ ਦਏ ਉਤਾਰ, ਨਵ ਜੇਠ ਮਿਹਰ ਨਜ਼ਰ ਇਕ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੇਵੇ ਵਡਿਆਈਆ । ਬਾਲਮੀਕ ਕਹੇ ਨੌਂ ਜੇਠ ਕੀ, ਮੇਰੀ ਸਮਝ ਕੁਛ ਨਾ ਆਈਆ । ਮੈਂ ਬਾਲ ਅਵਾਣਾ ਨਿੱਕਾ ਜੀਅ, ਆਤਮ ਬ੍ਰਹਮ ਰੂਪ ਵਟਾਈਆ । ਸ਼ਬਦ ਅਨਾਦੀ ਤੇਰਾ ਬੀ, ਪਿਤਾ ਪੁਰਖ ਅਕਾਲ ਮਨਾਈਆ । ਨਾਮ ਨਿਧਾਨ ਅੰਮ੍ਰਿਤ ਰਸ ਲਿਆ ਪੀ, ਨਾਤਾ ਤੁਟਾ ਸਰਬ ਲੋਕਾਈਆ । ਚਰਨ ਬਲਹਾਰ ਗਿਆ ਬੀ, ਮਾਣ ਅਭਿਮਾਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ ਸਚ ਸਚ

ਸਰਨਾਈਆ । ਸ੍ਰੀ ਭਗਵਾਨ ਕਿਹਾ ਹੱਸ, ਖ਼ੁਸ਼ੀਆਂ ਨਾਲ ਜਣਾਇੰਦਾ । ਅਗਲਾ ਲੇਖਾ ਦੇਵਾਂ ਦੱਸ, ਦਰਦੀ ਹੋ ਕੇ ਦਰਦ ਵੰਡਾਇੰਦਾ । ਕਲਜੁਗ ਅੰਤ ਖੇਲ ਪੁਰਖ ਸਮਰਥ, ਸਮਰਥ ਸਾਚੀ ਕਾਰ ਕਮਾਇੰਦਾ । ਨਵ ਜੇਠ ਤੇਰਾ ਜਨਮ ਮਾਨੁਸ਼ ਹੋਣਾ ਬੱਸ, ਬਸਤਾ ਪਿਛਲਾ ਫੋਲ ਵਖਾਇੰਦਾ । ਹਕੀਕਤ ਵਿਚੋਂ ਦੇਵੇ ਹੱਕ, ਹਾਕਮ ਆਪਣਾ ਕਰਮ ਕਮਾਇੰਦਾ । ਲੋਕਮਾਤ ਜਾਣਾ ਛੱਡ, ਸਚਖੰਡ ਸਚ ਦਵਾਰ ਸੁਹਾਇੰਦਾ । ਨਿਰਗੁਣ ਨਿਰਗੁਣ ਧਾਰ ਹੋਣ ਨਾ ਦੇਵੇ ਅੱਡ, ਸਚ ਮਕਾਨ ਇਕ ਸੁਹਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਖੁਲ੍ਹਾਇੰਦਾ । ਬਾਲਮੀਕ ਕਹੇ ਨਹੀਂ ਮੰਜ਼ੂਰ, ਸਚ ਕਹਾਣੀ ਦਿਆਂ ਜਣਾਈਆ । ਜੇ ਤੂੰ ਮੇਰੇ ਪਿਛਲੇ ਬਖ਼ਸ਼ੇ ਕਸੂਰ, ਫ਼ੈਸਲਾ ਇਕੋ ਵਾਰ ਸੁਣਾਈਆ । ਕਲਜੁਗ ਅੰਤ ਮੈਂ ਹੋ ਜਾਵਾਂ ਮਜਬੂਰ, ਮਜਬੂਰੀ ਆਪਣੀ ਤੇਰੇ ਅੱਗੇ ਟਿਕਾਈਆ । ਜੇ ਮਾਤਲੋਕ ਤੂੰ ਰਹੇ ਜ਼ਰੂਰ, ਤੇਰਾ ਵਛੋੜਾ ਸਹਿ ਨਾ ਸਕਾਂ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਮੈਂ ਆਪਣਾ ਲੇਖਾ ਰਿਹਾ ਦ੍ਰਿੜਾਈਆ । ਲੇਖਾ ਆਪਣਾ ਦੱਸਾਂ ਸੱਚ, ਪ੍ਰਭ ਤੇਰੇ ਅੱਗੇ ਸੀਸ ਨਿਵਾਈਆ । ਜਿਉਂ ਭਾਗ ਲਗਾਇਆ ਕਾਇਆ ਮਾਟੀ ਕੱਚ, ਤਤਵ ਤਤ ਵਡਿਆਈਆ । ਦੂਰ ਦੁਰਾਡਾ ਆਇਉਂ ਨੱਸ, ਬਣ ਪਾਂਧੀ ਫੇਰਾ ਪਾਈਆ । ਅੰਤਰ ਆਤਮ ਆਪੇ ਵਸ, ਪਰੇਮ ਪਿਆਰ ਵਧਾਈਆ । ਸਚ ਨੇਤਰ ਖੋਲ੍ਹ ਕੇ ਅੱਖ, ਆਪਣਾ ਆਗਮਨ ਦਿਤਾ ਜਣਾਈਆ । ਮੈਂ ਤੇਰਾ ਗਾਵਾਂ ਜਸ, ਧੁਰ ਆਗਮਨ ਢੋਲਾ ਦਿਤਾ ਪੜ੍ਹਾਈਆ । ਡਾਕੇ ਮਾਰਨੋਂ ਗਿਆ ਹਟ, ਤੇਰੀ ਵੱਥ ਆਪਣੇ ਵਿਚ ਰਖਾਈਆ । ਤੂੰ ਮੇਰਾ ਦੇਣਾ ਸਾਥ, ਸਾਚਾ ਸੰਗ ਨਿਭਾਈਆ । ਸਭ ਕੁਛ ਤੇਰੇ ਹਾਥ, ਜਿਉਂ ਭਾਵੇ ਲੈਣਾ ਚਲਾਈਆ । ਕਲਜੁਗ ਅੰਤ ਮੈਂ ਮੰਗਾਂ ਇਕੋ ਦਾਤ, ਦੋਏ ਜੋੜ ਵਾਸਤਾ ਪਾਈਆ ।
੨੧੫ ਆਪਣੇ ਭਗਤਾਂ ਨਾਲੋਂ ਮੇਰੀ ਟੁੱਟਣ ਨਾ ਦੇਵੀਂ ਜਮਾਤ, ਪੱਟੀ ਅੱਖਰ ਇਕੋ ਦੇਣਾ ਸੁਣਾਈਆ । ਤ੍ਰੇਤੇ ਵਾਲਾ ਭਵਿਖਤ ਵਾਕ, ਭਾਖਿਆ ਭਾਸ਼ਾ ਸਕੇ ਨਾ ਕੋਇ ਸਮਝਾਈਆ । ੨੧੫
ਜੇ ਪੰਜ ਤਤ ਚੋਲਾ ਹੋਵਣ ਵਾਲਾ ਨਾਸ, ਨਵ ਜੇਠ ਰਾਹ ਤਕਾਈਆ । ਮੇਰੀ ਯਾਦ ਰੱਖੀਂ ਪਿਛਲੀ ਪ੍ਰੀਤੀ ਨਾਲ ਰਵਦਾਸ, ਰਵੀ ਤੇਰਾ ਧਿਆਨ ਲਗਾਈਆ । ਉਹਦੇ ਪਿਛੇ ਬਖ਼ਸ਼ ਮੇਰੇ ਸਵਾਸ, ਸਵਾਸ ਤੇਰੀ ਭੇਟ ਚੜ੍ਹਾਈਆ । ਜਨਮ ਵਿਚੋਂ ਜਨਮ ਦੇ ਕੇ ਬਣ ਮਾਈ ਬਾਪ, ਪਿਤਾ ਪੁਰਖ ਅਕਾਲ ਆਪ ਅਖਵਾਈਆ । ਨੌਂ ਜੇਠ ਤੇਰਾ ਧੁਰ ਦਾ ਜੁੜੇ ਨਾਤ, ਨਾਤਾ ਇਕੋ ਨਜ਼ਰੀ ਆਈਆ । ਦਰਸ ਦਿਖੌਣਾ ਸਾਖਿਆਤ, ਪਰਦਾ ਓਹਲਾ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਘਰ ਸਾਚੇ ਲੈਣਾ ਤਰਾਈਆ । ਨਵ ਜੇਠ ਨਾ ਹੋਏ ਵਛੋੜਾ, ਵਿਛੜਿਆਂ ਮੇਲ ਮਿਲਾਈਆ । ਤ੍ਰੇਤਾ ਕਹੇ ਮੇਰਾ ਲੇਖ ਨਹੀਂ ਕੋਰਾ, ਲਿਖਿਆ ਲੇਖ ਭਵਿਖਤ ਰਿਹਾ ਜਣਾਈਆ । ਜਿਸ ਨੇ ਤਾਰੇ ਠੱਗ ਚੋਰਾ, ਬੁਧ ਬਿਬੇਕ ਆਪ ਕਰਾਈਆ । ਸੋ ਸਾਹਿਬ ਸੁਲਤਾਨ ਸ਼ਬਦ ਅਗੰਮੀ ਵੇਖੇ ਚੜ੍ਹ ਕੇ ਘੋੜਾ, ਦੋ ਜਹਾਨ ਫੇਰਾ ਪਾਈਆ । ਬੇਸ਼ਕ ਪੂਰਬ ਜਨਮ ਬਟਵਾਰਾ ਵਕਤ ਰਹਿ ਗਿਆ ਥੋੜਾ, ਪਾਲ ਸਿੰਘ ਪੱਲੂ ਗੰਢ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਦੇਵੇ ਬੇਪਰਵਾਹੀਆ । ਤ੍ਰੇਤਾ ਕਹੇ ਮੈਂ ਤਾਬਿਆਦਾਰ, ਸੇਵਕ ਸਾਚਾ ਨਜ਼ਰੀ ਆਈਆ । ਪਿਛਲੇ ਵਿਛੜਿਆਂ ਕਰਾਂ ਖ਼ਬਰਦਾਰ, ਧੁਰ ਸੰਦੇਸਾ ਇਕ ਸੁਣਾਈਆ । ਜਨ ਭਗਤੋ ਤੁਹਾਨੂੰ ਨਹੀਂ ਸਾਰ, ਸਮਝ ਸਕੇ ਨਾ ਕੋਇ ਸਮਝਾਈਆ । ਜਿਸ ਦਾ ਲੇਖਾ ਲਹਿਣਾ ਕਲਮ ਦਵਾਤ, ਛਾਹੀ ਸ਼ਹਾਦਤ ਨਾ ਕੋਇ ਵਖਾਈਆ । ਸੋ ਨਿਹਕਰਮੀ ਨਰ ਨਰਾਇਣ ਅਵਤਾਰ, ਅਵਤਾਰੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਤ੍ਰੇਤਾ ਕਹੇ ਸੁਣੋ ਪਿਛਲਾ ਲੇਖਾ, ਬਿਨ ਲਿਖਤੋਂ ਰਿਹਾ ਦ੍ਰਿੜਾਈਆ । ਜਨ ਭਗਤ ਨਾ ਰਹੇ ਕੋਈ ਭੁਲੇਖਾ, ਭਾਂਡਾ ਭਰਮ ਭੰਨਾਈਆ । ਜੁਗ ਚੌਕੜੀ ਪ੍ਰਭੂ ਕਦੇ ਨਾ ਭੁੱਲੇ ਚੇਤਾ, ਚੇਤਨ ਹੋ ਕੇ ਖੇਲ ਖਲਾਈਆ । ਜੋਤੀ ਜਾਮਾ ਧਾਰ ਵੇਸਾ, ਅਵਲੱੜਾ ਰੂਪ ਵਟਾਈਆ । ਦੋ ਜਹਾਨਾਂ ਬਣ ਕੇ ਨੇਤਾ, ਸਚ ਫ਼ਰਮਾਣਾ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਸਾਚੀ ਕਰਨੀ ਰਿਹਾ ਕਮਾਈਆ । ਤ੍ਰੇਤਾ ਕਹੇ ਮੈਂ ਦਿਆਂ ਦਲੀਲ, ਆਪਣਾ ਆਪ ਜਣਾਈਆ । ਜਨ ਭਗਤੋ ਤੁਹਾਡੀ ਜਨਮ ਜਨਮ ਜਨਮ ਦੀ ਸੁਣੇ ਅਪੀਲ, ਅਪਰੰਪਰ ਬੇਪਰਵਾਹੀਆ । ਲੋੜ ਰਹੇ ਨਾ ਕਿਸੇ ਵਕੀਲ, ਵੁਕਲਾ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਵਿਚੋਂ ਬਾਹਰ ਕਢਾਈਆ । ਤ੍ਰੇਤਾ ਕਹੇ ਮੈਂ ਵੇਖਿਆ ਲੇਖ ਬੰਦ, ਅੰਦਰ ਵੜ ਕੇ ਧਿਆਨ ਲਗਾਈਆ । ਜਿਸ ਦੇ ਉਤੇ ਲਿਖਿਆ ਇਕੋ ਛੰਦ, ਸੋਹੰ ਢੋਲਾ ਅਗੰਮ ਅਥਾਹੀਆ । ਆਪਣੀ ਕਿਰਪਾ ਨਾਲ ਟੁੱਟੀ ਦੇਵੇ ਗੰਢ, ਗੰਢਣਹਾਰ ਗੋਪਾਲ ਸਵਾਮੀ ਇਕ ਅਖਵਾਈਆ । ਜਨ ਭਗਤਾਂ ਦੇਵੇ ਅਨੰਦ, ਸੋਹਣਾ ਰਸ ਚਖਾਈਆ । ਪੰਜ ਤਤ ਕਾਇਆ ਚੋਲਾ ਰਿਹਾ ਹੰਢ, ਵਾਹੋ ਦਾਹੀ ਆਪਣਾ ਪੰਧ ਮੁਕਾਈਆ । ਨਵ ਜੇਠ ਹੋਣਾ ਖੰਡ ਖੰਡ, ਅੰਗ ਅੰਗ ਸਾਥ ਨਾ ਕੋਇ ਰਖਾਈਆ । ਜਗਤ ਨਾਰੀ ਦਿਸੇ ਰੰਡ, ਕੰਤ ਸੁਹਾਗ ਹੋਏ ਜੁਦਾਈਆ । ਤ੍ਰੇਤਾ ਕਹੇ ਮੇਰੀ ਅੰਤਮ ਮੰਗ, ਰੋ ਰੋ ਨੈਣਾਂ ਨੀਰ ਵਹਾਈਆ । ਦੂਰ ਦੁਰਾਡਾ ਕੱਟ ਕੇ ਆਇਆ ਪੰਧ, ਬਣ ਪਾਂਧੀ ਫੇਰਾ ਪਾਈਆ । ਆਪਣਾ ਕੀਤਾ ਕੌਲ ਇਕਰਾਰ ਵੇਖ ਨਸੰਗ, ਨਛਾਵਰ ਹੋ ਕੇ ਰਿਹਾ ਸਮਝਾਈਆ । ਭਗਤ ਭਗਵਾਨ ਤੇਰਾ ਚੰਦ, ਚੰਦ ਨੂਰ ਮਹਿਤਾਬ ਆਫ਼ਤਾਬ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਧੁਰ ਮਸਤਕ ਲੇਖ ਬਣਾਈਆ । ਤ੍ਰੇਤਾ ਕਹੇ ਪ੍ਰਭੂ ਕਰ ਧਿਆਨ, ਧਰਨੀ ਧਰਤ ਧਵਲ ਦਏ ਦੁਹਾਈਆ । ਮੈਂ ਹਾਜ਼ਰ ਹੋ ਕੇ ਦੇਵਾਂ ਬਿਆਨ, ਘਰ ਠਾਂਡੇ ਫੇਰਾ ਪਾਈਆ । ਜਿਸ ਜਨਮ ਵਿਚੋਂ ਜਨਮ ਦਿਤਾ ਗਿਆਨ, ਅਗਿਆਨ ਅੰਧੇਰ ਚੁਕਾਈਆ । ਜਿਸ ਬਾਲਮੀਕ ਬਟਵਾਰਾ ਬਜਵਾੜਾ ਕੀਤਾ ਪਰਵਾਨ, ਪਰਵਾਨਾ ਆਪਣਾ ਨਾਮ ਫੜਾਈਆ । ਕਲਜੁਗ ਅੰਤਮ ਹੋ ਮਿਹਰਵਾਨ, ਮਿਹਰ ਨਜ਼ਰ ਟਿਕਾਈਆ ।
 ਬੇਸ਼ਕ ਨੌਂ ਜੇਠ ਮਿਟਣ ਵਾਲਾ ਨਿਸ਼ਾਨ, ਪੰਜ ਤਤ ਹੋਏ ਜੁਦਾਈਆ । ਪਰ ਤੇਰਾ ਲੇਖਾ ਮੈਂ ਭੁੱਲ ਨਹੀਂ ਗਿਆ ਬਣ ਨਾਦਾਨ, ਬਾਲਕ ਹੋ ਕੇ ਤੇਰੀ ਸੇਵ ਕਮਾਈਆ । ੨੧੬
ਤੂੰ ਲੇਖ ਲਿਖਿਆ ਬਿਨਾਂ ਕਲਮ ਸ਼ਾਹੀ ਬਿਨਾਂ ਜ਼ਬਾਨ, ਲੇਖਾ ਪੜ੍ਹ ਨਾ ਕੋਇ ਦ੍ਰਿੜਾਈਆ । ਮਿਹਰਵਾਨ ਮਿਹਰਵਾਨ ਮਿਹਰਵਾਨ ਹੋ ਕੇ ਆਪਣੀ ਬਖ਼ਸ਼ਿਸ਼ ਵਿਚੋਂ ਬਖ਼ਸ਼ਿਸ਼ ਕਰ ਦਾਨ, ਬਖ਼ਸ਼ੀਸ਼ ਤੇਰੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਦੇਣਾ ਇਕ ਵਰ, ਸਤਿ ਸਤਿਵਾਦੀ ਤੇਰੀ ਸਤਿ ਸਰਨਾਈਆ । ਨੌਂ ਜੇਠ ਅੱਖਾਂ ਰਿਹਾ ਖੋਲ੍ਹ, ਚਾਰੋਂ ਕੁੰਟ ਧਿਆਨ ਲਗਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਤ੍ਰੇਤੇ ਯੁਗ ਦਾ ਪੂਰਾ ਕਰੇ ਕੌਲ, ਕੀਤਾ ਕੌਲ ਤੋੜ ਨਿਭਾਈਆ । ਸ੍ਰਿਸ਼ਟ ਸਬਾਈ ਸੁਤੀ ਲੋਕਮਾਤ ਅਨਭੋਲ, ਨੇਤਰ ਨੈਣ ਅੱਖ ਨਾ ਕੋਇ ਖੁਲ੍ਹਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਸਾਚੇ ਕੰਡੇ ਤੋਲੇ ਤੋਲ, ਨਾਮ ਤਰਾਜ਼ੂ ਹੱਥ ਉਠਾਈਆ । ਸੰਤ ਸੁਹੇਲੇ ਗੁਰੂ ਗੁਰ ਚੇਲੇ ਗੁਰਮੁਖ ਗੁਰਸਿਖ ਉਠਾਏ ਅਡੋਲ, ਅੰਦਰੇ ਅੰਦਰ ਆਪ ਹਿਲਾਈਆ । ਬਾਲਮੀਕ ਨਾਲ ਜੋ ਬੋਲਿਆ ਬੋਲ, ਅਨਬੋਲਤ ਆਪ ਸੁਣਾਈਆ । ਸੋ ਲੇਖਾ ਪਰਦਾ ਪੂਰਬ ਲਿਆ ਫੋਲ, ਅੱਖਰ ਅੱਖਰਾਂ ਵਿਚੋਂ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਵਡਿਆਈਆ । ਪਿਛਲਾ ਲੇਖਾ ਹਰਿ ਜੂ ਪੜ੍ਹ, ਸਾਚੀ ਖ਼ੁਸ਼ੀ ਮਨਾਇੰਦਾ । ਜਨਮ ਵਿਚੋਂ ਜਨਮ ਦੇ ਕੇ ਫੇਰ ਲਾਵੇ ਜੜ੍ਹ, ਬੂਟਾ ਆਪਣਾ ਆਪ ਲਹਿਰਾਇੰਦਾ । ਮਰਨ ਤੋਂ ਪਹਿਲੋਂ ਭਗਤ ਜਨ ਜਾਵੇ ਮਰ, ਮਰਨੀ ਸਤਿਗੁਰ ਇਕ ਸਮਝਾਇੰਦਾ । ਜੋ ਸੰਤ ਸਤਿ ਸਤਿਵਾਦੀ ਸੀਸ ਚਰਨੀ ਦੇਵੇ ਧਰ, ਸੋ ਧਰਤ ਧਵਲ ਸੋਭਾ ਪਾਇੰਦਾ । ਸਾਚੇ ਮੰਦਰ ਜਾਵੇ ਚੜ੍ਹ, ਮਹਲ ਅਟੱਲ ਇਕ ਵਖਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਿਆਲ ਆਪਣੀ ਦਇਆ ਕਮਾਇੰਦਾ । ਤ੍ਰੇਤਾ ਕਹੇ ਮੈਂ ਤੇਰਾ ਯੁਗ, ਯੁਗਤੀ ਆਪਣੀ ਦਿਆਂ ਜਣਾਈਆ । ਬੇਸ਼ਕ ਮੇਰੀ ਔਧ ਗਈ ਮੁੱਕ, ਮੇਰੀ ਆਸਾ ਸਕੇ ਨਾ ਕੋਇ ਮਿਟਾਈਆ । ਮੈਂ ਤੇਰਾ ਦਰਸਨ ਕਰਾਂ ਲੁਕ ਲੁਕ, ਵੇਖਾਂ ਚਾਈਂ ਚਾਈਆ । ਬਾਲਮੀਕ ਖ਼ਾਹਸ਼ ਮੈਥੋਂ ਰਹੀ ਪੁਛ, ਹੌਲੀ ਹੌਲੀ ਆਵਾਜ਼ ਲਗਾਈਆ । ਮੈਂ ਅੱਗੋਂ ਕਿਹਾ ਬੁੱਕ, ਸਚ ਸਚ ਦਿਤਾ ਦ੍ਰਿੜਾਈਆ । ਨੌਂ ਜੇਠ ਪੰਜ ਤਤ ਨਾਤਾ ਜਾਣਾ

ਛੁੱਟ, ਛੁਟੇ ਸਰਬ ਲੋਕਾਈਆ । ਏਸੇ ਕਾਰਨ ਮੈਂ ਪਿਛਲਾ ਖਾਤਾ ਲਿਆਂਦਾ ਪੁੱਟ, ਜੋ ਡੂੰਘੇ ਅੰਦਰ ਦਿਤਾ ਦਬਾਈਆ । ਉਸ ਵਿਚ ਪ੍ਰਭ ਨੇ ਲੇਖ ਲਿਖਿਆ ਕੁਛ, ਅਨਭਵ ਆਪਣਾ ਆਪ ਵੇਖ ਵਖਾਈਆ । ਜਨਮ ਵਿਚੋਂ ਜਨਮ ਦੇ ਕੇ ਫੇਰ ਬਣਾਵਾਂ ਆਪਣਾ ਪੁੱਤ, ਪਿਤਾ ਪੂਤ ਗੋਦ ਉਠਾਈਆ । ਉਜਲ ਕਰਾਂ ਮਾਤ ਮੁਖ, ਮੁਖ ਮੁਖੜਾ ਸਿਫ਼ਤ ਸਾਲਾਹੀਆ । ਏਸੇ ਕਾਰਨ ਹਰਿ ਕਰਤਾ ਆਇਆ ਚੁੱਪ, ਚਾਰ ਕੁੰਟ ਆਪਣਾ ਹੁਕਮ ਵਰਤਾਈਆ । ਜਿਸ ਦਾ ਕਾਇਆ ਚੋਲਾ ਜਾਣਾ ਸੀ ਛੁੱਟ, ਤਿਸ ਛੁਟਕੀ ਲਿਵ ਫੇਰ ਲਗਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਮਰਨ ਤੋਂ ਪਹਿਲਾਂ ਲਿਆ ਪੁਛ, ਪਿਛਲਾ ਲਹਿਣਾ ਝੋਲੀ ਪਾਈਆ ।

### ੩ ਅੱਸੂ ੨੦੨੧ ਬਿਕ੍ਰਮੀ ਪਾਲ ਸਿੰਘ ਦੇ ਗ੍ਰਿਹ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਪ੍ਰਭ ਕਰ ਰਿਛਾ, ਰੱਛਕ ਤੇਰੇ ਹੱਥ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੇ ਗਏ ਪਿਛਾ, ਸਦੀ ਚੌਧਵੀਂ ਸੰਗ ਨਾ ਕੋਇ ਨਿਭਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਭਵਿਖਤਾਂ ਵਿਚ ਦੱਸਦੇ ਗਏ ਪੁਰਖ ਅਕਾਲ ਪਿਤਾ, ਪਤਿਪਰਮੇਸ਼ਵਰ ਬੇਪਰਵਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਹਰ ਘਟ ਕਰੇ ਹਿਤਾ, ਹਿਤਕਾਰੀ ਹੋ ਕੇ ਵੇਖ ਵਖਾਈਆ । ਊਚੋ ਊਚ ਵਡ ਨੀਕਣ ਨੀਕਾ, ਰੂਪ ਅਨੂਪ ਸਮਝ ਕੋਇ ਨਾ ਪਾਈਆ । ਦਰੋਹੀ ਖ਼ੁਦਾਏ ਦੋ ਜਹਾਨ ਸ੍ਰੀ ਭਗਵਾਨ ਦਿਤੀ ਸਭ ਨੇ ਪਿੱਠਾ, ਕਰਵਟ ਸਕੇ ਨਾ ਕੋਇ ਬਦਲਾਈਆ । ਜਗਤ ਵਿਕਾਰ ਕੂੜ ਕੁੜਿਆਰ ਕਲਜੁਗ ਅੰਤ ਕਿਸੇ ਨਾ ਜਿੱਤਾ, ਹਾਰ ਗਈ ਸਰਬ ਲੋਕਾਈਆ ।
 ਤੇਰੇ ਨਾਮ ਦਾ ਰਸ ਹੋਇਆ ਫਿੱਕਾ, ਅੰਮ੍ਰਿਤ ਜਾਮ ਨਾ ਕੋਇ ਪਿਆਈਆ । ਜੀਵ ਜੰਤ ਸਾਧ ਸੰਤ ਮੱਥੇ ਟੇਕਣ ਪੱਥਰ ਇੱਟਾਂ, ਸਿਲ ਪੂਜਸ ਧਿਆਨ ਲਗਾਈਆ । ਤੇਰਾ ੨੧੭
ਰੂਪ ਸਤਿ ਸਰੂਪ ਸ਼ਬਦ ਸਵਾਮੀ ਕਿਸੇ ਨਾ ਡਿੱਠਾ, ਨਿਜ ਨੇਤਰ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪ੍ਰਭ ਦੇ ਮਾਣ ਵਡਿਆਈਆ । ਸਤਿ ਧਰਮ ਕਹੇ ਮੈਂ ਕੀ ਕੀ ਦੱਸਾਂ, ਤੁਧ ਨੂੰ ਹਾਲ ਸੁਣਾਈਆ । ਕੂੜ ਕੁੜਿਆਰਾ ਜਗਤ ਹੰਕਾਰਾ ਵਿਭਚਾਰਾ ਵੇਖਿਆ ਅੱਖਾਂ, ਬਿਨ ਨੈਣਾਂ ਨੈਣ ਖੁਲ੍ਹਾਈਆ । ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਰਾਓ ਰੰਕ ਨੌ ਸੱਤ ਪਿਆ ਰੱਟਾ, ਝਗੜਾ ਸਕੇ ਨਾ ਕੋਇ ਚੁਕਾਈਆ । ਤੇਰੇ ਪ੍ਰੇਮ ਪਤਿਪਰਮੇਸ਼ਵਰ ਅੰਤਰ ਆਤਮ ਕੋਈ ਨਾ ਰੱਤਾ, ਰੱਤੀ ਰਤ ਨਾ ਕੋਇ ਸੁਕਾਈਆ । ਭੈਣ ਭਾਈ ਸਾਕ ਸੱਜਣ ਬਣਿਆ ਕੋਈ ਨਾ ਸਕਾ, ਸਾਰੇ ਨਾਤਾ ਗਏ ਤੁੜਾਈਆ । ਖੇਲ ਵੇਖਿਆ ਤਤ ਅੱਠਾਂ ਨੌਂ ਦਵਾਰੇ ਮਨ ਵਾਸਨਾ ਨੱਚਣ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਸਚ ਗੁਸਾਈਆ । ਸਤਿ ਧਰਮ ਕਹੇ ਮੈਂ ਵੇਖਿਆ ਕੂੜ ਨਜ਼ਾਰਾ, ਕਲਜੁਗ ਅੰਤ ਧਿਆਨ ਲਗਾਈਆ । ਤੇਰਾ ਦਿਸੇ ਨਾ ਕੋਈ ਪਿਆਰਾ, ਨੇਤਰ ਨੈਣ ਨਾ ਕੋਇ ਤਕਾਈਆ । ਕਾਗ਼ਜ਼ ਕਲਮ ਸ਼ਾਹੀ ਕਰਨ ਨਿਮਸਕਾਰਾ, ਸੀਸ ਜਗਦੀਸ਼ ਨਾ ਕੋਇ ਝੁਕਾਈਆ । ਦੀਆ ਬਾਤੀ ਗ੍ਰਿਹ ਮੰਦਰ ਨਾ ਕੋਇ ਉਜਿਆਰਾ, ਕਮਲਾਪਾਤੀ ਮੇਲ ਨਾ ਕੋਇ ਮਿਲਾਈਆ । ਚਾਰ ਕੁੰਟ ਦਹਿ ਦਿਸ਼ਾ ਤੀਰਥ ਤਟ ਲੱਭਣ ਵਾਰੋ ਵਾਰਾ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਖੋਜਣ ਚਾਈਂ ਚਾਈਆ । ਪਤਿਪਰਮੇਸ਼ਵਰ ਸਤਿ ਸਵਾਮੀ ਤੇਰਾ ਨਜ਼ਰ ਨਾ ਆਏ ਕਿਸੇ ਕਿਨਾਰਾ, ਹਦ ਹਦੂਦ ਵੇਖਣ ਕੋਇ ਨਾ ਪਾਈਆ । ਤੇਰਾ ਭੇਵ ਅਭੇਦਾ ਦੱਸ ਕੇ ਗਏ ਗੁਰ ਅਵਤਾਰਾ, ਪੀਰ ਪੈਗ਼ੰਬਰ ਜਗਤ ਪੜ੍ਹਾਈਆ । ਕਲ ਕਲਕੀ ਨਰ ਨਰਾਇਣ ਲਏ ਅਵਤਾਰਾ, ਅਮਾਮ ਇਕੋ ਬੇਪਰਵਾਹੀਆ । ਜਿਸ ਦਾ ਮੁਕਾਮੇ ਹਕ ਸਚ ਘਰ ਬਾਰਾ, ਸਚਖੰਡ ਸਾਚੇ ਡੇਰਾ ਲਾਈਆ । ਜਿਸ ਦਾ ਇਕੋ ਸੁਤ ਦੁਲਾਰਾ, ਸ਼ਬਦੀ ਨਾਉਂ ਰਖਾਈਆ । ਥਿਰ ਘਰ ਵਸੇ ਵਸਣਹਾਰਾ, ਵਾਸਤਾ ਆਪਣੇ ਨਾਲ ਜੁੜਾਈਆ । ਵਿਸ਼ਨ ਬ੍ਰਹਮਾ ਸ਼ਿਵ ਕਰੇ ਪਨਿਹਾਰਾ, ਸੇਵਕ ਸੇਵਾ ਇਕ ਜਣਾਈਆ । ਤ੍ਰੈਗੁਣ

ਮਾਇਆ ਦੇਵਣਹਾਰ ਭੰਡਾਰਾ, ਪੰਜ ਤਤ ਕਰੇ ਕੁੜਮਾਈਆ । ਖਾਣੀ ਬਾਣੀ ਖੇਲ ਕਰੇ ਨਿਆਰਾ, ਜੇਰਜ ਅੰਡਜ ਉਤਭੁਜ ਸੇਤਜ ਸੋਭਾ ਪਾਈਆ । ਨਾਮ ਅਗੰਮੀ ਬੋਲ ਜੈਕਾਰਾ, ਤੂੰ ਹੀ ਤੂੰ ਹੀ ਰਾਗ ਅਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਵੰਡੇ ਵੰਡ ਅਗੰਮ ਅਪਾਰਾ, ਅਲਖ ਅਗੋਚਰ ਬੇਪਰਵਾਹ ਹਰਿ ਕਰਤਾ ਆਪਣੀ ਕਾਰ ਕਮਾਈਆ । ਪੁਰੀ ਲੋਅ ਬ੍ਰਹਿਮੰਡ ਖੰਡ ਕਰ ਪਸਾਰਾ, ਆਕਾਸ਼ ਪਾਤਾਲ ਜ਼ਿਮੀਂ ਅਸਮਾਨ ਗਗਨ ਗਗਨੰਤਰ ਸੋਭਾ ਪਾਈਆ । ਦੇ ਪਰਕਾਸ਼ ਰਵ ਸਸ ਸੂਰਜ ਚੰਨ ਸਿਤਾਰਾ, ਸੱਤ ਸਰੋਵਰ ਸਾਗਰ ਸੱਤ ਨੌ ਦਵਾਰਾ ਵੇਖ ਵਖਾਈਆ । ਸਤਿ ਧਰਮ ਕਹੇ ਪ੍ਰਭ ਮੈਂ ਹੋਇਆ ਮੁਰਦਾ, ਕਲਜੁਗ ਮਿਲੇ ਨਾ ਕੋਇ ਵਡਿਆਈਆ । ਮੇਰਾ ਲੇਖਾ ਚੁੱਕਿਆ ਧੁਰ ਦਾ, ਧਰਨੀ ਧਰਤ ਧਵਲ ਸੋਭਾ ਕੋਇ ਨਾ ਪਾਈਆ । ਸ੍ਰਿਸ਼ਟ ਸਬਾਈ ਸ਼ਬਦ ਭੁੱਲਿਆ ਗੁਰ ਦਾ, ਗੁਰੂ ਗੁਰਦੇਵ ਸਵਾਮੀ ਇਸ਼ਟ ਨਾ ਕੋਇ ਮਨਾਈਆ । ਤੇਰੇ ਨਾਲ ਪੁਰਖ ਅਕਾਲ ਕੋਈ ਨਾ ਜੁੜਦਾ, ਜੋੜੀ ਸਚ ਨਾ ਕੋਇ ਬਣਾਈਆ । ਮੈਂ ਨੇਤਰ ਤੱਕਾਂ ਕਲਜੁਗ ਬੇੜਾ ਰੁੜ੍ਹਦਾ, ਨਈਆ ਨੌਕਾ ਡੋਲੇ ਰਹੀ ਖਾਈਆ । ਲੇਖਾ ਚੁਕੇ ਅਵਤਾਰ ਗੁਰ ਦਾ, ਪੈਗ਼ੰਬਰ ਬੈਠੇ ਮੁਖ ਛੁਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਤਿ ਧਰਮ ਕਹੇ ਮੈਂ ਹੋਇਆ ਬੇਹਾਲ, ਬਿਹਬਲ ਹੋ ਕੇ ਦਿਆਂ ਦੁਹਾਈਆ । ਕੋਈ ਨਾ ਨਿਭਿਆ ਮੇਰੇ ਨਾਲ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਿਆ ਮੁਖ ਛੁਪਾਈਆ । ਜੂਹ ਜੰਗਲ ਤੇਈ ਅਵਤਾਰ ਕਰ ਕਰ ਥੱਕੇ ਭਾਲ, ਈਸਾ ਮੂਸਾ ਮੁਹੰਮਦ ਖੋਜ ਖੁਜਾਈਆ । ਨਾਨਕ ਗੋਬਿੰਦ ਦੱਸਿਆ ਇਕ ਦਲਾਲ, ਦਹਿ ਦਿਸ਼ਾ ਸਚ ਸਮਝਾਈਆ । ਸਭ ਦਾ ਖ਼ਾਲਕ ਮਾਲਕ ਪੁਰਖ ਅਕਾਲ, ਪਰਵਰਦਿਗਾਰ ਸੱਚਾ ਸ਼ਹਿਨਸ਼ਾਹੀਆ । ਜਿਸ ਦਾ ਜਲਵਾ ਨੂਰ ਜਲਾਲ, ਜਾਗਰਤ ਜੋਤ ਕਰੇ ਰੁਸ਼ਨਾਈਆ । ਏਥੇ ਓਥੇ ਦੋ ਜਹਾਨਾਂ ਬ੍ਰਹਿਮੰਡਾਂ ਖੰਡਾਂ ਆਪੇ ਸੁਰਤ ਸੰਭਾਲ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਆਪਣਾ ਪੜਦਾ ਲਾਹੀਆ । ਜਿਸ ਦੇ ਹੁਕਮੇ ਅੰਦਰ ਖੇਲਣ ਖੇਲ ਸ਼ਾਹ ਕੰਗਾਲ, ਊਚਾਂ ਨੀਚਾਂ ਆਪਣਾ ਹੁਕਮ ਵਰਤਾਈਆ । ਸੋ ਸਾਹਿਬ ਧੁਰ ਦਾ ਸੁਲਤਾਨ, ਸਚਖੰਡ ਨਿਵਾਸੀ ਪੁਰਖ ਅਬਿਨਾਸ਼ੀ ਇਕ ਅਖਵਾਈਆ । ਸੋ ਜੀਵਾਂ ਜੰਤਾਂ ਸਾਧਾਂ ਸੰਤਾਂ ਸਭ ਦਾ ਮਾਲਕ ਵੱਡਾ ਕਾਹਨ, ਲੱਖ ਚੁਰਾਸੀ ਗੋਪੀ ਰਿਹਾ ਹੰਢਾਈਆ । ਪ੍ਰਭ ਦਰ ਤੇਰੇ ਤੇ ਏਸੇ ਕਾਰਨ ਮੰਗਾਂ ਦਾਨ, ਖ਼ਾਲੀ ਝੋਲੀ ਅੱਗੇ ਡਾਹੀਆ । ਤੂੰ ਮਾਲਕ ਰਾਮਾਂ ਦਾ ਰਾਮ, ਇਮਾਮਾਂ ਦਾ ਇਮਾਮ, ਆਦਿ ਜੁਗਾਦਿ ਭੇਵ ਕੋਇ ਨਾ ਆਈਆ । ਪੀਰ ਪੈਗ਼ੰਬਰ ਤੇਰਾ ਕਲਮਿਆਂ ਵਿਚ ਦੇਂਦੇ ਗਏ ਪੈਗ਼ਾਮ, ਸੁਨੇਹੜਿਆਂ ਨਾਲ ਕਰਨ ਸ਼ਨਵਾਈਆ । ਕੋਟਨ ਕੋਟ ਤੇਰੇ ਸਿਫ਼ਤੀ ਰੱਖ ਕੇ ਨਾਮ, ਸ਼ਾਸਤਰ ਸਿਮਰਤ ਵੇਦ ਪੁਰਾਨ ਦਿਤਾ ਲਿਖਾਈਆ । ਦਰ ਸੱਜਦੇ ਤੇਰੇ ਕਰਦੇ ਵੇਖੇ ਪਰਨਾਮ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਬਰਦੇ ਬਣਾ ਕੇ ਰੱਖੇ ਗ਼ੁਲਾਮ, ਚਾਕਰ ਰੂਪ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸੱਚਾ ਵਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਕਹੇ ਮੋਹੇ ਹੋਇਆ ਸੋਗ, ਚਿੰਤਾ ਚਿਖਾ ਰਹੀ ਜਲਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਕੋਇ ਨਾ ਜਾਣੇ ਤੇਰਾ ਜੋਗ, ਗੇਰੂ ਕੱਪੜੇ ਸਾਰੇ ਰਹੇ ਰੰਗਾਈਆ । ਲੱਖ ਚੁਰਾਸੀ ਕਰੇ ਭੋਗ, ਤੇਰੇ ਵਸਲ ਦੀ ਅਸਲ ਸਮਝ ਕਿਸੇ ਨਾ ਆਈਆ । ਜੀਵਾਂ ਜੰਤਾਂ ਹੋਇਆ ਵਿਜੋਗ, ਵਿਛੜੇ ਸਕੇ ਨਾ ਕੋਇ ਮਿਲਾਈਆ । ਹਉਮੇ ਲੱਗਾ ਰੋਗ, ਮਾਇਆ ਮਮਤਾ ਰਹੀ ਸਤਾਈਆ । ਦੁਰਮਤ ਮੈਲ ਕੋਈ ਨਾ ਸਕੇ ਧੋਗ, ਪੜਦਾ ਪਰੇ ਨਾ ਕੋਇ ਸੁਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਤਿ ਧਰਮ ਕਹੇ ਪ੍ਰਭ ਮੈਂ ਪੜ੍ਹਦੇ ਵੇਖੇ ਨਮਾਜ਼, ਮੁਰੀਦ ਮੁਰਸ਼ਦ ਦੋਵੇਂ ਧਿਆਨ ਲਗਾਈਆ । ਰਸਨਾ ਜਿਹਵਾ ਬੱਤੀ ਦੰਦ ਮਸਲਿਆਂ ਨਾਲ ਮਾਰਨ ਆਵਾਜ਼, ਹੂ ਹੂ ਨਾਅਰਾ ਨਾਲ ਮਿਲਾਈਆ । ਨਾਦਾਂ ਵਿਚ ਗੌਂਦੇ ਰਾਗ, ਤਰਾਨਿਆਂ ਵਿਚ ਤਾਨ ਸੁਣਾਈਆ । ਪਰਵਰਦਿਗਾਰ ਸਾਂਝੇ ਯਾਰ ਤੇਰਾ ਕੋਈ ਨਾ ਖੋਲ੍ਹੇ ਰਾਜ਼, ਰਹਿਮਤ ਸਚ ਨਾ ਕੋਇ ਕਮਾਈਆ । ਸਦੀ ਚੌਧਵੀਂ ਸਾਰੇ ਹੋਏ ਬਰਬਾਦ, ਚੌਦਾਂ ਤਬਕ ਰਹੇ ਕੁਰਲਾਈਆ ।


੨੧੮

ਖੇੜਾ ਦਿਸੇ ਨਾ ਕੋਈ ਆਬਾਦ, ਇਬਾਦਤ ਸਚ ਨਾ ਕੋਇ ਕਮਾਈਆ । ਸ਼ਰਅ ਸ਼ਰੀਅਤ ਵੇਖੀ ਜਮਾਤ, ਜੁਮਲਾ ਅੱਖਰ ਹਕ ਨਾ ਕੋਇ ਪੜ੍ਹਾਈਆ । ਦਰ ਤੇਰੇ ਦਿਸੇ
ਨਾ ਕੋਈ ਮੁਮਤਾਜ, ਸੀਸ ਜਗਦੀਸ ਨਾ ਕੋਇ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਹੋ ਸਹਾਈਆ । ਸਤਿ ਧਰਮ ਕਹੇ
ਵੇਖੇ ਅਗਲੇ ਪਿਛਲੇ, ਚਾਰ ਜੁਗ ਧਿਆਨ ਲਗਾਈਆ । ਬਿਨ ਤੇਰੀ ਕਿਰਪਾ ਸਾਚੀ ਡੋਰ ਕੋਈ ਨਾ ਖਿਚ ਲਏ, ਤੰਦੀ ਤੰਦ ਨਾ ਕੋਇ ਹਿਲਾਈਆ । ਤੂੰ ਸਚ
ਸਵਾਮੀ ਤੇਰੇ ਭੇਵ ਅਭੇਦ ਦਿਲ ਦੇ, ਨਿਰਵੈਰ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਾਚਾ ਵਰ, ਸਿਰਜਣਹਾਰ
ਫੇਰਾ ਪਾਈਆ । ਸਿਰਜਣਹਾਰ ਆ ਕੇ ਤੱਕ, ਸਤਿ ਸਚ ਦਿਤਾ ਜਣਾਈਆ । ਨਵ ਨੌਂ ਚਾਰ ਉਬਲੇ ਰੱਤ, ਨਾੜੀ ਨਾੜੀ ਰਹੀ ਕੁਰਲਾਈਆ । ਕਿਸੇ ਦੀ ਝੋਲੀ
ਪਏ ਨਾ ਧੁਰ ਦਾ ਹਕ, ਹਕੀਕਤ ਬੈਠੀ ਮੁਖ ਛੁਪਾਈਆ । ਸ਼ਾਸਤਰ ਸਿਮਰਤ ਵੇਦ ਪੁਰਾਣ ਗੀਤਾ ਗਿਆਨ ਸਾਰੇ ਪੜ੍ਹ ਪੜ੍ਹ ਗਏ ਅੱਕ, ਅਕਲ ਬੁਧ ਚਲੀ ਨਾ ਕੋਇ
ਚਤੁਰਾਈਆ । ਅੱਠ ਸੱਠ ਸਰੋਵਰ ਤਟ ਤੀਰਥ ਜੀਵ ਜੰਤ ਆਏ ਨੱਠ, ਦੁਰਮਤ ਮੈਲ ਨਾ ਕੋਇ ਧੁਆਈਆ । ਸਤਿ ਧਰਮ ਦਾ ਨਜ਼ਰ ਨਾ ਆਇਆ ਕਿਸੇ ਹੱਟ,
ਵਣਜਾਰਾ ਰੂਪ ਨਾ ਕੋਇ ਵਟਾਈਆ । ਸ੍ਰੀ ਭਗਵਾਨ ਨੌਜਵਾਨ ਮਰਦ ਮਰਦਾਨ ਮਾਰਗ ਸੱਚਾ ਇਕ ਦੱਸ, ਦਹਿ ਦਿਸ਼ਾ ਵੇਖ ਵਖਾਈਆ । ਦੂਰ ਦੁਰਾਡੇ ਨੇਰਨ ਨੇਰੇ
ਆਪਣੇ ਮਿਲਣ ਦੀ ਖੋਲ੍ਹ ਅੱਖ, ਬਿਨ ਅੱਖਰਾਂ ਕਰ ਪੜ੍ਹਾਈਆ । ਗੁਰ ਅਵਤਾਰ ਕਹਿ ਕੇ ਗਏ ਕਲਜੁਗ ਅੰਤ ਹੋਵੇ ਪਰਗਟ, ਪੁਰਖ ਅਕਾਲ ਦੀਨ ਦਿਆਲ ਬੇਪਰਵਾਹੀਆ ।
ਪੀਰ ਪੈਗ਼ੰਬਰ ਤੇਰੇ ਉਤੇ ਓਟ ਰਹੇ ਰੱਖ, ਆਸਾ ਆਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਤਿ
 ਧਰਮ ਕਹੇ ਪ੍ਰਭ ਕਲਜੁਗ ਗਈ ਅਕਲ, ਆਕਲ ਰਹਿਣ ਕੋਇ ਨਾ ਪਾਈਆ । ਭਰਮ ਭੁਲੇਖਾ ਕੂੜੀ ਸ਼ਕਲ, ਸ਼ਿਕਵਾ ਸਕੇ ਨਾ ਕੋਇ ਚੁਕਾਈਆ । ਧਾਮ ਦਿਸੇ ੨੧੯
ਨਾ ਕਿਸੇ ਬੈਤੁਲ, ਮੁਕੱਦਸ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਨਿਰਵੈਰ ਨਿਰਾਕਾਰ ਨਿਰੰਕਾਰ ਸਚ ਸਵਾਮੀ
ਫੇਰਾ ਪਾਈਆ । ਫੇਰਾ ਪਾ ਪ੍ਰਭ ਆ ਕੇ ਠਾਕਰ, ਠੱਗੀ ਚੋਰੀ ਦੇ ਮੁਕਾਈਆ । ਪਾਰ ਕਰਾ ਡੂੰਘੇ ਸਾਗਰ, ਸਤਿ ਸਤਿਵਾਦੀ ਵੇਖ ਵਖਾਈਆ । ਨਿਰਮਲ ਕਰਮ
ਕਰ ਉਜਾਗਰ, ਕਲਜੁਗ ਜੀਵਾਂ ਦੁਰਮਤ ਮੈਲ ਧੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆ ਕੇ ਵੇਖ ਆਪਣਾ ਘਰ, ਲੋਕਮਾਤ ਬਿਨ ਚਰਨਾਂ
ਚਰਨ ਟਿਕਾਈਆ । ਸਤਿ ਧਰਮ ਦਾ ਸੁਣ ਕੇ ਨਾਅਰਾ, ਸਾਹਿਬ ਸੁਲਤਾਨ ਲਏ ਅੰਗੜਾਈਆ । ਸ਼ਬਦੀ ਸ਼ਬਦ ਕਰੇ ਇਸ਼ਾਰਾ, ਇਕੋ ਹੁਕਮ ਜਣਾਈਆ । ਖ਼ਬਰਦਾਰ
ਹੋ ਗੁਰੂ ਅਵਤਾਰਾ, ਪੀਰ ਪੈਗ਼ੰਬਰ ਲਓ ਅੰਗੜਾਈਆ । ਸ੍ਰਿਸ਼ਟ ਸਬਾਈ ਵੇਖੋ ਜਗਤ ਸੰਸਾਰਾ, ਦੋ ਜਹਾਨਾਂ ਖੋਜ ਖੁਜਾਈਆ । ਚਾਰ ਜੁਗ ਦਾ ਪਿਛਲਾ ਯਾਦ ਕਰੋ
ਵਿਹਾਰਾ, ਵਿਵਹਾਰੀ ਰਿਹਾ ਦ੍ਰਿੜਾਈਆ । ਕਾਗ਼ਜ਼ ਕਲਮ ਉਤੇ ਜੋ ਲੇਖ ਲਿਖਿਆ ਬਣ ਲਿਖਾਰਾ, ਸ਼ਾਹੀ ਦਿਤੀ ਜਗਤ ਵਡਿਆਈਆ । ਉਸ ਦਾ ਆਇਆ ਅੰਤ
ਕਿਨਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਦੇਸਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਉਠੋ ਝੱਟ, ਸੋਇਆ ਕੋਇ ਰਹਿਣ
ਨਾ ਪਾਈਆ । ਲੋਕਮਾਤ ਖੋਲ੍ਹ ਕੇ ਵੇਖੋ ਅੱਖ, ਆਖ਼ਰ ਇਕੋ ਵਾਰ ਜਣਾਈਆ । ਜੋ ਦੀਨ ਮਜ਼੍ਹਬ ਜ਼ਾਤ ਪਾਤ ਵਰਨ ਗੋਤ ਮਾਰਗ ਆਏ ਦੱਸ, ਸ਼ਹਾਦਤ ਅਬਾਦਤ
ਗ੍ਰੰਥਾਂ ਨਾਲ ਜਣਾਈਆ । ਖ਼ਾਲੀ ਵੇਖੋ ਮੰਦਰ ਮਸਜਿਦ ਸ਼ਿਵਦਵਾਲੇ ਮੱਠ, ਗੁਰੂਦਵਾਰੇ ਦੇਣ ਦੁਹਾਈਆ । ਸਾਧ ਸੰਤ ਕੋਈ ਨਾ ਰੱਖੇ ਕਿਸੇ ਪਤ, ਧੀਆਂ ਭੈਣਾਂ ਬਿਨ
ਅੱਖਾਂ ਨੈਣਾਂ ਨਾਲ ਤਕਾਈਆ । ਧੀਰਜ ਰਿਹਾ ਨਾ ਕਿਸੇ ਜਤ, ਸਤਿ ਸੰਤੋਖ ਨਾ ਕੋਇ ਵਡਿਆਈਆ । ਸਭ ਦੀ ਪੁੱਠੀ ਹੋਈ ਮਤ, ਮਨੂਆ ਉਠ ਉਠ ਦਹਿ ਦਿਸ਼
ਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਗੁਰ ਅਵਤਾਰ ਅੱਖ ਖੋਲ੍ਹਣ, ਲੋਕਮਾਤ ਧਿਆਨ ਲਗਾਈਆ ।

ਉਚੀ ਕੂਕ ਕੂਕ ਬੋਲਣ, ਵਾਹਵਾ ਤੇਰੀ ਬੇਪਰਵਾਹੀਆ । ਤੂੰ ਕਲਜੁਗ ਅੰਤਮ ਸਾਚੇ ਕੰਡੇ ਆਇਆ ਤੋਲਣ, ਲੱਖ ਚੁਰਾਸੀ ਖੋਜ ਖੁਜਾਈਆ । ਸੰਤ ਸੁਹੇਲੇ ਆਇਆ ਵਰੋਲਣ, ਨਾਮ ਮਧਾਣਾ ਹੱਥ ਉਠਾਈਆ । ਧੁਰ ਦਾ ਬਣਨ ਆਇਉਂ ਵਲੋਚਣ, ਸੁਰਤੀ ਸ਼ਬਦੀ ਮੇਲ ਮਿਲਾਈਆ । ਵਜਾਵਣ ਆਇਉਂ ਸੱਚਾ ਢੋਲਨ, ਅਨਹਦ ਨਾਦ ਸੁਣਾਈਆ । ਸਚ ਪ੍ਰੀਤੀ ਆਇਉਂ ਘੋਲੀ ਘੋਲਣ, ਗੁਰਮੁਖ ਆਪਣੇ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖੇ ਲੈਣਾ ਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖ ਜਗਤ ਜਹਾਨ, ਪ੍ਰਭ ਸਾਚੇ ਸੀਸ ਨਿਵਾਈਆ । ਤੇਰਾ ਖੇਲ ਸ੍ਰੀ ਭਗਵਾਨ, ਸੋ ਪੁਰਖ ਨਿਰੰਜਣ ਤੇਰੀ ਵਡਿਆਈਆ । ਹਰਿ ਪੁਰਖ ਨਿਰੰਜਣ ਤੇਰਾ ਨਿਸ਼ਾਨ, ਆਦਿ ਨਿਰੰਜਣ ਸਮਝ ਕੋਇ ਨਾ ਪਾਈਆ । ਅਬਿਨਾਸ਼ੀ ਕਰਤੇ ਤੇਰਾ ਦਾਨ, ਸ੍ਰੀ ਭਗਵਾਨ ਝੋਲੀ ਆਪ ਭਰਾਈਆ । ਪਾਰਬ੍ਰਹਮ ਤੂੰ ਵੇਖਣਹਾਰਾ ਮਾਰ ਧਿਆਨ, ਬ੍ਰਹਮ ਖੋਜੇਂ ਥਾਉਂ ਥਾਈਆ । ਸਚਖੰਡ ਤੇਰਾ ਅਸਥਾਨ, ਭੂਮਿਕਾ ਇਕੋ ਇਕ ਸੁਹਾਈਆ । ਥਿਰ ਘਰ ਸੁਤ ਦੁਲਾਰਾ ਨੌਜਵਾਨ, ਸ਼ਬਦੀ ਸਾਚਾ ਡੇਰਾ ਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਹੁੰਦਾ ਰਿਹੋਂ ਪਰਧਾਨ, ਪੰਜ ਤਤ ਕਾਇਆ ਚੋਲਾ ਜਗਤ ਹੰਢਾਈਆ । ਸਿਦਕ ਸਬੂਰੀ ਧਰਮ ਪਰਮਾਤਮ ਆਤਮ ਦੱਸਦਾ ਰਿਹੋਂ ਗਿਆਨ, ਅੱਖਰਾਂ ਨਾਲ ਕਰ ਪੜ੍ਹਾਈਆ । ਲੇਖਾ ਲਿਖਦਾ ਰਿਹੋਂ ਸ਼ਾਸਤਰ ਸਿਮਰਤ ਵੇਦ ਪੁਰਾਨ, ਕਾਤਬ ਹੋ ਕੇ ਕਲਮ ਚਲਾਈਆ । ਜਨ ਭਗਤਾਂ ਅੰਦਰ ਵੜ ਕੇ ਮੰਦਰ ਚੜ੍ਹ ਕੇ ਦੇਂਦਾ ਰਿਹੋਂ ਪੈਗ਼ਾਮ, ਧੁਰ ਦਾ ਰਾਗ ਅਲਾਈਆ । ਕਲਜੁਗ ਅੰਤ ਤੇਰਾ ਕੋਈ ਨਾ ਬੇਲੀ ਵਿਚ ਜਹਾਨ, ਸਗਲਾ ਸੰਗੀ ਨਜ਼ਰ ਕੋਇ ਨਾ ਆਈਆ । ਚਾਰੋਂ ਕੁੰਟ ਦਿਸੇ ਹਰਾਮ, ਸ਼ੈਤਾਨ ਕਰੇ ਲੜਾਈਆ । ਮੰਤਰ ਕੋਈ ਨਾ ਗਾਏ ਸਤਿਨਾਮ, ਨਾਮ ਸਤਿ ਨਾ ਕੋਇ ਸਮਾਈਆ । ਨਾਨਕ ਗੋਬਿੰਦ ਕਹਿਣ ਸ੍ਰੀ ਭਗਵਾਨ, ਤੇਰੇ ਹੱਥ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਲੈਣਾ ਲਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਤਿ, ਸਤਿ ਸਤਿਵਾਦੀ ਤੇਰੀ ਇਕ ਸ਼ਰਨਾਈਆ । ਜੋ ਅਸੀਂ ਮਾਰਗ ਆਏ ਦੱਸ, ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਜਗਤ ਜਣਾਈਆ । ਸੋ ਖੇੜਾ ਸਭ ਦਾ ਹੋਇਆ ਭੱਠ, ਕਲਜੁਗ ਅਗਨੀ ਤਤ ਤਪਾਈਆ । ਤੇਰੇ ਚਰਨ ਕਵਲ ਉਪਰ ਧਵਲ ਪਿਛੇ ਗਏ ਹਟ, ਧੂੜੀ ਖ਼ਾਕ ਨਾ ਕੋਇ ਰਮਾਈਆ । ਅੰਮ੍ਰਿਤ ਆਤਮ ਨਿਜਰ ਮਿਲੇ ਨਾ ਕਿਸੇ ਰਸ, ਸਚ ਮੇਘ ਨਾ ਕੋਇ ਬਰਸਾਈਆ । ਹੋਇਆ ਵਿਛੋੜਾ ਪੁਰਖ ਸਮਰਥ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਸਾਢੇ ਤਿੰਨ ਹੱਥ ਮੰਦਰ ਸਭ ਦਾ ਰਿਹਾ ਢੱਠ, ਅੰਤਮ ਮੜ੍ਹੀ ਗੋਰ ਡੇਰਾ ਰਹੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬੇੜਾ ਦੇ ਤਰਾਈਆ । ਸਤਿ ਧਰਮ ਕਹੇ ਪ੍ਰਭ ਤੇਰਾ ਸਹਾਰਾ, ਸਾਹਿਬ ਤੇਰੀ ਸਰਨਾਈਆ । ਤੂੰ ਸਤਿਗੁਰ ਸੱਚਾ ਮੀਤ ਮੁਰਾਰਾ, ਮਿਤਰ ਇਕ ਅਖਵਾਈਆ । ਤੇਰਾ ਗੋਬਿੰਦ ਸੁਤ ਦੁਲਾਰਾ, ਸ਼ਬਦੀ ਨਾਉਂ ਵਡਿਆਈਆ । ਜੋ ਲੇਖਾ ਲਿਖੇ ਅਗੰਮ ਅਪਾਰਾ, ਦ੍ਰਿਸ਼ਟ ਅਗੋਚਰ ਦਏ ਖੁਲ੍ਹਾਈਆ । ਜਿਸ ਦਾ ਵਣਜ ਅਨੋਖਾ ਵਪਾਰਾ, ਧੁਰ ਦਾ ਹੱਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਕਹੇ ਮੈਂ ਅੰਤਮ ਮੋਇਆ, ਮਰ ਜੀਵਤ ਰੂਪ ਨਾ ਕੋਇ ਵਟਾਈਆ । ਜਗਤ ਦਵਾਰੇ ਮਿਲੇ ਨਾ ਕੋਇ ਢੋਇਆ, ਢੇਰੀ ਖ਼ਾਕ ਨਜ਼ਰੀ ਆਈਆ । ਹੰਝੂਆਂ ਨੀਰ ਵਹਾ ਕੇ ਰੋਇਆ, ਕੂਕ ਕੂਕ ਸੁਣਾਈਆ । ਪੁਰਖ ਅਕਾਲ ਦੀਨ ਦਿਆਲ ਕਿਹੜੀ ਗ਼ਫ਼ਲਤ ਨੀਂਦ ਸੋਇਆ, ਸੁੱਤਾ ਲਏ ਨਾ ਕੋਇ ਅੰਗੜਾਈਆ । ਜਿਸ ਨੂੰ ਆਦਿ ਜੁਗਾਦਿ ਕਹਿੰਦੇ ਨਵਾਂ ਨਰੋਇਆ, ਨਾ ਮਰੇ ਨਾ ਜਾਈਆ । ਜਿਸ ਦਾ ਪਰਕਾਸ਼ ਅਗੰਮੀ ਲੋਇਆ, ਜੋਤੀ ਜੋਤ ਕਰੇ ਰੁਸ਼ਨਾਈਆ । ਜਿਸ ਨੇ ਲੱਖ ਚੁਰਾਸੀ ਘਰ ਘਰ ਅੰਦਰ ਆਪਣਾ ਬੀਜ ਬੋਇਆ, ਪਤ ਡਾਲ੍ਹੀ ਫਲ ਫੁੱਲ ਸਰਬ ਮਹਿਕਾਈਆ । ਜਿਸ ਨੇ ਜਗਤ ਜਹਾਨ ਜੁਗ ਚੌਕੜੀ ਆਪ ਬਲੋਇਆ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਤੁਧ ਬਿਨ ਨਜ਼ਰ ਕੋਇ ਨਾ

੨੨੦

੨੨੧

ਆਈਆ । ਸਤਿ ਧਰਮ ਕਹੇ ਮੈਨੂੰ ਹੋਈ ਚਿੰਦ, ਕਲਜੁਗ ਚਿਖਾ ਰਹੀ ਜਲਾਈਆ । ਸਾਚੀ ਦਿਸੇ ਨਾ ਕੋਈ ਬਿੰਦ, ਬੰਦਨਾ ਸਕੇ ਨਾ ਕੋਇ ਕਰਾਈਆ । ਰੋਂਦੇ ਵੇਖੇ ਸੁਰਪਤ ਰਾਜਾ ਇੰਦ, ਕਰੋੜ ਤੇਤੀਸਾ ਰਿਹਾ ਕੁਰਲਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਤੂੰ ਮਰਗਿੰਦ, ਬੇਅੰਤ ਤੇਰੀ ਸ਼ਹਿਨਸ਼ਾਹੀਆ । ਗੁਰ ਅਵਤਾਰ ਪੀਰ ਪੈਗੰਬਰ ਕਹਿਣ ਪ੍ਰਭ ਗਹਿਰ ਗੰਭੀਰ ਸਾਗਰ ਸਿੰਧ, ਹਉਂ ਮਛਲੀ ਅੰਤ ਕਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਰਗੁਣ ਭੇਵ ਦਏ ਖੁਲ੍ਹਾਈਆ । ਸਤਿ ਧਰਮ ਕਹੇ ਤੂੰ ਮੇਰਾ, ਮੈਂ ਤੇਰੀ ਓਟ ਤਕਾਈਆ । ਤੂੰ ਸਹਿਬ ਸੁਲਤਾਨ ਸ਼ਬਦੀ ਸ਼ੇਰਾ, ਭਬਕ ਇਕੋ ਦੇ ਸੁਣਾਈਆ । ਕੂੜੀ ਕਿਰਿਆ ਚੁੱਕੇ ਝੇੜਾ, ਲੇਖਾ ਮੁਕੇ ਜਗਤ ਲੋਕਾਈਆ । ਖੁਲ੍ਹਾ ਧਰਤ ਮਾਤ ਦਾ ਹੋਏ ਵਿਹੜਾ, ਚਾਰੋਂ ਕੁੰਟ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗੰਬਰ ਏਥੇ ਪਾ ਕੇ ਗਏ ਫੇਰਾ, ਤੇਰੇ ਹੁਕਮੇ ਅੰਦਰ ਸੇਵ ਕਮਾਈਆ । ਤੂੰ ਬੈਠਾ ਰਿਹੋਂ ਕਰਕੇ ਵੱਡਾ ਜੇਰਾ, ਜੇਰਜ ਅੰਡਜ ਉਤਭੁਜ ਸੇਤਜ ਆਪਣਾ ਮੁਖ ਛੁਪਾਈਆ । ਬਿਨ ਤੇਰੀ ਕਿਰਪਾ ਤੈਨੂੰ ਜਾਣੇ ਕਿਹੜਾ, ਸੋਚ ਸਮਝ ਚਲੇ ਨਾ ਕੋਇ ਚਤੁਰਾਈਆ । ਪ੍ਰਭ ਹੁਣ ਤਰਸਾਇਆ ਸਭ ਨੂੰ ਬਥੇਰਾ, ਆਪਣਾ ਆਪ ਪੜਦਾ ਪਾਈਆ । ਸਦੀ ਵੀਹਵੀਂ ਕਰ ਮਿਹਰਾ, ਮਿਹਰ ਨਜ਼ਰ ਉਠਾਈਆ । ਦਰਸ਼ਨ ਕਰਕੇ ਗੁਰਮੁਖ ਤੇਰਾ, ਤੇਰਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦੇ ਵਡਿਆਈਆ । ਸਤਿ ਧਰਮ ਕਹੇ ਮੈਂ ਭਗਤਾਂ ਮੀਤ, ਪ੍ਰਭ ਨਾਤਾ ਲਿਆ ਜੁੜਾਈਆ । ਛੱਡ ਕੇ ਮੰਦਰ ਮਸੀਤ, ਹਰਿਜਨ ਵੇਖਾਂ ਚਾਈਂ ਚਾਈਂਆ । ਜਿਨ੍ਹਾਂ ਦੇ ਅੰਦਰ ਤੇਰਾ ਗੀਤ, ਦਿਵਸ ਰੈਣ ਰਹੇ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲੇਖਾ ਲੇਖੇ ਲਾਈਆ । ਸ੍ਰੀ ਭਗਵਾਨ ਕਹੇ ਸਤਿ ਧਰਮ ਤੇਰੀ ਪੁੰਨੀ ਆਸ, ਪੁਰਖ ਅਬਿਨਾਸ਼ੀ ਪੂਰ ਕਰਾਈਆ । ਮੈਂ ਭਗਤਾਂ ਸਦਾ ਦਾਸ, ਸੇਵਕ ਚਾਕਰ ਰੂਪ ਵਟਾਈਆ । ਉਨ੍ਹਾਂ ਅੰਦਰ ਕਰਕੇ ਵਾਸ, ਘਰ ਘਰ ਬੈਠਾ ਸੋਭਾ ਪਾਈਆ । ਨਿਰਮਲ ਜੋਤ ਕਰ ਪਰਕਾਸ਼, ਨੂਰੋ ਨੂਰ ਕਰਾਂ ਰੁਸ਼ਨਾਈਆ । ਸ਼ਬਦ ਅਗੰਮੀ ਮਾਰ ਆਵਾਜ਼, ਅਨਹਦ ਨਾਦੀ ਨਾਦ ਸੁਣਾਈਆ । ਆਤਮ ਸੇਜਾ ਖੇਲ ਤਮਾਸ਼, ਨਿਰਗੁਣ ਸਰਗੁਣ ਵੇਖ ਵਖਾਈਆ । ਬਾਤਨ ਕਰਾਂ ਆਪਣੀ ਬਾਤ, ਜ਼ਾਹਰ ਨੂਰ ਜ਼ਹੂਰ ਕਰਾਂ ਰੁਸ਼ਨਾਈਆ । ਬਿਨ ਮੱਕੇ ਕਾਅਬਿਉਂ ਵਖਾਵਾਂ ਓਹ ਮਹਿਰਾਬ, ਜਿਸ ਦਾ ਮਾਲਕ ਮਹਿਬੂਬ ਗੁਸਾਈਆ । ਓਥੇ ਜਗੇ ਨਾ ਕੋਈ ਆਫ਼ਤਾਬ, ਜੋਤੀ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਸਤਿ ਧਰਮ ਤੇਰੀ ਪੂਰੀ ਮਨਸਾ, ਮਾਣਸਾਂ ਵਿਚੋਂ ਗੁਰਮੁਖਾਂ ਨਾਲ ਮਿਲਾਈਆ । ਜਿਨ੍ਹਾਂ ਦਾ ਰੂਪ ਅਗੰਮੀ ਹੰਸਾ, ਸੋਹੰ ਢੋਲਾ ਰਹੇ ਗਾਈਆ । ਓਹ ਸਤਿਗੁਰ ਦਾ ਸਾਚਾ ਬੰਸਾ, ਵਿਸ਼ਵ ਯੱਦ ਸਮਝਾਈਆ । ਓਥੇ ਕੋਈ ਨਾ ਹਉਮੇ ਹੰਗਤਾ, ਹੰ ਬ੍ਰਹਮ ਇਕ ਦ੍ਰਿੜਾਈਆ । ਲੇਖਾ ਚੁਕਿਆ ਪਾਂਧੇ ਪੰਡਤਾ, ਮੁੱਲਾ ਸ਼ੇਖ਼ ਗ੍ਰੰਥੀ ਪੰਥੀ ਲੋੜ ਰਹੀ ਨਾ ਰਾਈਆ । ਓਥੇ ਵੱਜੇ ਓਹ ਸੰਖਾ, ਜਿਸ ਦੀ ਧੁਨ ਸਮਝ ਕਿਸੇ ਨਾ ਪਾਈਆ । ਲੇਖਾ ਚੁਕਾਇਆ ਵਾਸਨਾ ਮਨ ਕਾ, ਮਨ ਕਾ ਮਣਕਾ ਦਿਤਾ ਭੁਆਈਆ । ਸਤਿਗੁਰੂ ਮਾਲਕ ਹੋਇਆ ਤਨ ਕਾ, ਤਤਵ ਤਤ ਆਪਣੇ ਲੇਖੇ ਲਾਈਆ । ਦੇ ਭੰਡਾਰਾ ਸਾਚੇ ਧਨ ਕਾ, ਸਚ ਖ਼ਜ਼ੀਨਾ ਦਏ ਵਰਤਾਈਆ । ਸਤਿ ਧਰਮ ਤੇਰਾ ਮੇਲਾ ਧੁਰ ਕੇ ਜਨ ਕਾ, ਗੁਰਮੁਖ ਸਾਚੇ ਜੋੜ ਜੁੜਾਈਆ । ਲੇਖਾ ਚੁੱਕੇ ਛੱਪਰ ਛੰਨ ਕਾ, ਸ਼ਹਿਨਸ਼ਾਹ ਆਪਣੀ ਗੋਦ ਬਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਸਲਾਹੀਆ । ਸਤਿ ਧਰਮ ਕਹੇ ਮੈਂ ਸੁਣ ਕੇ ਹੱਸਾਂ, ਹਸਤੀ ਤੇਰੀ ਨਜ਼ਰੀ ਆਈਆ । ਮੇਰੀਆਂ ਬਦਲ ਗਈਆ ਅੱਖਾਂ, ਅੱਖਰਾਂ ਛੁਟੀ ਪੜ੍ਹਾਈਆ । ਮੈਂ ਚਰਨੀ ਪ੍ਰਭ ਦੀ ਢੱਠਾਂ, ਜਿਸ ਨੂੰ ਗੁਰ ਅਵਤਾਰ ਪੀਰ ਪੈਗੰਬਰ ਰਹੇ ਮਨਾਈਆ । ਮੈਂ ਦਰ ਦਵਾਰੇ ਹੋ ਕੇ ਵਸਾਂ, ਜਿਸ ਦਾ ਵਾਸਤਾ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਨਾਤਾ ਲਿਆ ਜੁੜਾਈਆ । ਪੁਰਖ ਅਕਾਲ ਕਹੇ ਤੇਰਾ ਨਾਤਾ ਜੁੜਿਆ, ਜਨ ਭਗਤ ਕਰਾਂ ਕੁੜਮਾਈਆ ।

ਮੇਰੇ ਦਰ ਤੋਂ ਖ਼ਾਲੀ ਕੋਈ ਨਾ ਜਾਏ ਮੁੜਿਆ, ਸਭ ਦੀ ਝੋਲੀ ਦਿਆਂ ਭਰਾਈਆ । ਮੇਰਾ ਮੰਤਰ ਅੰਤਰ ਆਤਮ ਜਿਸ ਨੂੰ ਫੁਰਿਆ, ਫੁਰਨੇ ਸਭ ਦੇ ਬੰਦ ਕਰਾਈਆ । ਕਲਜੁਗ ਅੰਤ ਸ੍ਰੀ ਭਗਵੰਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਕਹੇ ਪ੍ਰਭ ਦੱਸਿਆ ਰਾਹ, ਰਹਿਬਰ ਇਕ ਅਖਵਾਈਆ । ਮੈਂ ਭਗਤਾਂ ਦੇਵਾਂ ਸਲਾਹ, ਗੁਰਮੁਖਾਂ ਸਚ ਦ੍ਰਿੜਾਈਆ । ਸਾਚੇ ਸੰਤੋ ਮੰਨੋ ਇਕ ਮਲਾਹ, ਜੋ ਬੇੜਾ ਜੁਗ ਜੁਗ ਰਿਹਾ ਚਲਾਈਆ । ਜਿਸ ਨੂੰ ਗੋਬਿੰਦ ਪਿਤਾ ਲਿਆ ਬਣਾ, ਪੁਰਖ ਅਕਾਲ ਸਿਫ਼ਤ ਸਾਲਾਹੀਆ । ਜਿਸ ਨੂੰ ਈਸਾ ਮੂਸਾ ਮੁਹੰਮਦ ਮੰਨੇ ਖ਼ੁਦਾ, ਮੁਕਾਮੇ ਹਕ ਸੋਭਾ ਪਾਈਆ । ਤਿਸ ਦੇ ਉਤੋਂ ਹੋਵੇ ਫ਼ਿਦਾ, ਫ਼ੈਸਲਾ ਧੁਰ ਦਾ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਸਤਿ ਧਰਮ ਕਹੇ ਮੈਂ ਕਰਾਂ ਸਲਾਮ, ਸੱਜਦਾ ਸੀਸ ਨਿਵਾਈਆ । ਸੂਫ਼ੀ ਮੁਰੀਦੋ ਸੁਣੋ ਮੇਰਾ ਪੈਗ਼ਾਮ, ਜੋ ਅਮਾਮ ਦਿਤਾ ਸੁਣਾਈਆ । ਕੂੜੀ ਕਿਰਿਆ ਛੱਡੋ ਹਰਾਮ, ਸ਼ੈਤਾਨ ਘਰੋਂ ਕਢਾਈਆ । ਸਾਬਤ ਕਰੋ ਸਚ ਈਮਾਨ, ਸਿਦਕ ਸਬੂਰੀ ਸਮਝਾਈਆ । ਮੀਆਂ ਬੀਵੀ ਗਾਓ ਇਕੋ ਗਾਣ, ਸੁਰਤੀ ਸ਼ਬਦੀ ਢੋਲਾ ਗਾਈਆ । ਹੁਕਮੀ ਖੇਲ ਸ੍ਰੀ ਭਗਵਾਨ, ਤੁਖ਼ਮ ਲੋਕਾਈ ਦਏ ਜਣਾਈਆ । ਜੋਧਾ ਸੂਰਬੀਰ ਨੌਜਵਾਨ, ਨੌਬਤ ਆਪਣਾ ਨਾਮ ਵਜਾਈਆ । ਲੇਖਾ ਜਾਣੇ ਦੋ ਜਹਾਨ, ਬ੍ਰਹਿਮੰਡ ਖੰਡ ਖੋਜ ਖੁਜਾਈਆ । ਗੋਬਿੰਦ ਸੁੱਟ ਕੇ ਚਿੱਲਾ ਤੀਰ ਕਮਾਨ, ਤਰਕਸ਼ ਪਰੇ ਹਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਬੇਪਰਵਾਹੀਆ । ਸ੍ਰੀ ਭਗਵਾਨ ਕਹੇ ਮੈਂ ਸਚ ਭਾਖਾਂ, ਭਾਖਿਆ ਭਾਸ਼ਾ ਵਿਚ ਬਦਲਾਈਆ । ਜੁਗ ਚੌਕੜੀ ਧੁਰ ਸੰਦੇਸਾ ਜੋ ਅੱਖਰਾਂ ਵਿਚ ਆਖਾਂ, ਨਿਰਅੱਖਰ ਦੀ ਧਾਰ ਪਰਗਟਾਈਆ । ਗੁਰ ਅਵਤਾਰਾਂ ਦੇਵਾਂ
੨੨੨ ਦਾਤਾਂ, ਪੀਰ ਪੈਗ਼ੰਬਰਾਂ ਝੋਲੀ ਪਾਈਆ । ਧੁਰ ਦਾ ਮਾਲਕ ਬਣ ਕੇ ਆਕਾ, ਆਕਬਤ ਵੇਖਾਂ ਚਾਈਂ ਚਾਈਆ । ਮੁਹੱਬਤ ਵਿਚ ਰਹਾਂ ਮੁਸ਼ਤਾਕਾ, ਜੋਤੀ ਜੋਤ ਸਰੂਪ ੨੨੨
ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਰਚਾਈਆ । ਹਰਿ ਸਾਚਾ ਖੇਲ ਰਚੌਂਦਾ ਏ । ਸਤਿ ਧਰਮ ਸਚ ਸਮਝੌਂਦਾ ਏ । ਲੱਖ ਚੁਰਾਸੀ ਕਾਇਆ ਮਾਟੀ ਵੇਖ ਕੱਚ, ਕੰਚਨ ਰੂਪ ਆਪ ਵਟੌਂਦਾ ਏ । ਪਰਗਟ ਹੋ ਪੁਰਖ ਸਮਰਥ, ਜੋਤੀ ਜਾਤਾ ਜੋਤ ਜਗੌਂਦਾ ਏ । ਜੋ ਗੁਰ ਅਵਤਾਰ ਗਏ ਦੱਸ, ਪੀਰ ਪੈਗ਼ੰਬਰਾਂ ਨਿਰਗੁਣ ਵੇਖ ਵਖੌਂਦਾ ਏ । ਨਿਰਗੁਣ ਨੂਰ ਕਰ ਪਰਗਟ, ਸ਼ਬਦੀ ਡੰਕ ਇਕ ਵਜੌਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮੌਂਦਾ ਏ । ਸਾਚੀ ਕਰਨੀ ਕਾਰ ਕਮਾਵਾਂਗਾ । ਕਲਜੁਗ ਕੂੜੀ ਕਿਰਿਆ ਮੇਟ ਮਿਟਾਵਾਂਗਾ । ਮਨ ਵਾਸਨਾ ਕੋਈ ਨਾ ਰਹੇ ਚੰਡਾਲ ਚੂਹੜੀ, ਚਿੰਤਾ ਚਿਖਾ ਵਿਚ ਜਲਾਵਾਂਗਾ । ਜਨ ਭਗਤਾਂ ਦੇ ਕੇ ਚਰਨਾਂ ਧੂੜੀ, ਮਸਤਕ ਟਿੱਕਾ ਨਾਮ ਲਗਵਾਂਗਾ । ਸਭ ਦੀ ਆਸਾ ਮਨਸਾ ਕਰਕੇ ਪੂਰੀ, ਮਾਣਸ ਆਪਣੀ ਗੋਦ ਬਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਰ ਵਖਾਵਾਂਗਾ । ਸਾਚੀ ਕਰਨੀ ਕਰ ਵਖਾਵੇਗਾ । ਪੁਰਖ ਅਬਿਨਾਸ਼ੀ ਦਇਆ ਕਮਾਵੇਗਾ । ਘਟ ਘਟ ਵਾਸੀ ਫੋਲ ਫੁਲਾਵੇਗਾ । ਮੰਡਲ ਰਾਸੀ ਰਾਸ ਰਚਾਵੇਗਾ । ਚਾਰ ਜੁਗ ਦਾ ਲਹਿਣਾ ਦੇਣਾ, ਸਭ ਦੀ ਝੋਲੀ ਪਾਵੇਗਾ । ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਮੰਨਿਆ ਕਹਿਣਾ, ਤਿਨ੍ਹਾ ਨੈਣਾਂ ਸਰਬ ਵਖਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਚਰਜ ਖੇਲ ਆਪ ਜਣਾਵੇਗਾ । ਅਚਰਜ ਖੇਲ ਆਪ ਜਣਾਉਂਦਾ ਏ । ਜੁਗ ਜੁਗ ਵੇਸ ਵਟਾਉਂਦਾ ਏ । ਨਿਰਗੁਣ ਸਰਗੁਣ ਧਾਰ ਚਲਾਉਂਦਾ ਏ । ਸ਼ਬਦ ਜੈਕਾਰ ਇਕ ਬੁਲਾਉਂਦਾ ਏ । ਸ੍ਰਿਸ਼ਟ ਸੰਸਾਰ ਸਰਬ ਉਠਾਉਂਦਾ ਏ । ਵਿਭਚਾਰ ਮੇਟ ਮਿਟਾਉਂਦਾ ਏ । ਪ੍ਰੇਮ ਪਿਆਰ ਇਕ ਵਖਾਉਂਦਾ ਏ । ਚਾਰ ਜੁਗ ਪੰਧ ਮੁਕਾਉਂਦਾ ਏ । ਨਿਰਗੁਣ ਨੂਰ ਚੰਦ ਚਮਕਾਉਂਦਾ ਏ । ਸੋਹੰ ਢੋਲਾ ਛੰਦ ਸੁਣਾਉਂਦਾ ਏ । ਜੋ ਧੁਰ ਦੀ ਮੰਗੀ ਮੰਗ, ਪੀਰ ਪੈਗ਼ੰਬਰਾਂ ਪੂਰ ਕਰਾਉਂਦਾ ਏ । ਜਿਸ ਨੇ ਛੱਡਿਆ ਪੁਰੀ ਅਨੰਦ, ਤਿਸ ਨੂੰ ਆਪਣੇ ਅਨੰਦ ਵਿਚ ਸਮਾਉਂਦਾ ਏ । ਅੰਦਰ

ਬਾਹਰ ਦੇ ਕੇ ਗੰਢ, ਪੱਲੂ ਇਕੋ ਜੋੜ ਜੁੜਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪਣੇ ਹੱਥ ਰਖਾਉਂਦਾ ਏ । ਸਾਚੀ ਕਰਨੀ ਕਾਰ ਕਮਾਵਾਂਗਾ । ਨਿਹਕਰਮੀ ਹੋ ਕੇ ਵੇਖ ਵਖਾਵਾਂਗਾ । ਵਰਨੀ ਬਰਨੀ ਡੇਰਾ ਢਾਹਵਾਂਗਾ । ਸਾਚੀ ਤਰਨੀ ਇਕ ਤਰਾਵਾਂਗਾ । ਅੱਖ ਖੋਲ੍ਹ ਹਰਨੀ ਫਰਨੀ, ਲੋਚਣ ਇਕੋ ਇਕ ਚਮਕਾਵਾਂਗਾ । ਜਿਨ੍ਹਾਂ ਪੌੜੀ ਦੱਸਾਂ ਚੜ੍ਹਨੀ, ਮੰਜ਼ਲ ਅਗਲਾ ਪੰਧ ਮੁਕਾਵਾਂਗਾ । ਇਕੋ ਪੱਟੀ ਦੱਸਾਂ ਪੜ੍ਹਨੀ, ਜਿਸ ਦੇ ਵਿਚੋਂ ਆਪਣਾ ਆਪ ਪਰਗਟਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੇ ਘਰ ਵੇਖ ਵਖਾਵਾਂਗਾ । ਘਰ ਸਾਚਾ ਵੇਖ ਵਖਾਏਗਾ । ਸਾਢੇ ਤਿੰਨ ਹੱਥ ਬੰਕ ਸੁਹਾਏਗਾ । ਸੁਖਮਨ ਟੇਢੀ ਬੰਕ ਪਾਰ ਕਰਾਏਗਾ । ਈੜਾ ਪਿੰਗਲ ਪੰਧ ਚੁਕਾਏਗਾ । ਸਚ ਸਰੋਵਰ ਇਕ ਨੁਹਾਏਗਾ । ਦੁਰਮਤ ਮੈਲ ਆਪ ਧੁਆਏਗਾ । ਕਾਗੋਂ ਹੰਸ ਰੂਪ ਵਟਾਏਗਾ । ਦੀਆ ਦੀਪਕ ਜੋਤ ਜਗਾਏਗਾ । ਕਾਇਆ ਕੋਟ ਇਕ ਸੁਹਾਏਗਾ । ਸ਼ਬਦ ਅਨਾਦ ਚੋਟ ਲਗਾਏਗਾ । ਦੇ ਕੇ ਦਰਸ ਆਪ ਅਮੋਘ, ਸਨਮੁਖ ਸਾਹਿਬ ਨਜ਼ਰੀ ਆਏਗਾ । ਜਨਮ ਕਰਮ ਦਾ ਕੱਟ ਕੇ ਰੋਗ, ਪੂਰਬ ਲੇਖਾ ਝੋਲੀ ਪਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਸੰਜੋਗੀ ਮੇਲ ਮਿਲਾਏਗਾ । ਧੁਰ ਸੰਜੋਗੀ ਮੇਲ ਮਿਲਾਵਾਂਗਾ । ਜਗਤ ਵਿਜੋਗੀ ਰੋਗ ਮਿਟਾਵਾਂਗਾ । ਜਨ ਭਗਤਾਂ ਦੇ ਕੇ ਅੰਦਰ ਸੋਝੀ, ਸੋਈ ਸੁਰਤ ਆਪ ਉਠਾਵਾਂਗਾ । ਲੇਖ ਮੁਕਾ ਕੇ ਜੰਞੂ ਬੋਦੀ, ਤਿਲਕ ਲਲਾਟੀ ਨਾਮ ਲਗਾਵਾਂਗਾ । ਧੁਰ ਦਾ ਬਣ ਕੇ ਅਗਾਧ ਬੋਧੀ, ਮੰਤਰ ਇਕੋ ਇਕ ਦ੍ਰਿੜਾਵਾਂਗਾ । ਖੇਲ ਕਰਾਂ ਬਣ ਕੇ ਚੋਜੀ, ਚੋਜ ਨਿਰਾਲੇ ਆਪ ਦਸਾਵਾਂਗਾ । ਜੋ ਜਨਮ ਕਰਮ ਦਾ ਹੋਇਆ ਰੋਗੀ, ਤਿਸ ਦਾ ਦੁਖੜਾ ਦੂਰ ਕਰਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,
 ਦੇਵਣਹਾਰਾ ਸਾਚਾ ਵਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕਲਜੁਗ ਵੇਲਾ ਅੰਤ ਅੰਤ ਵਖਾਵਾਂਗਾ । ਕਲਜੁਗ ਅੰਤਮ ਖੇਲ ਖਿਲਾਵਾਂਗਾ । ਗੁਰ ਅਵਤਾਰਾਂ ਨਾਲ ਮਿਲਾਵਾਂਗਾ । ੨੨੩
ਪੀਰ ਪੈਗ਼ੰਬਰਾਂ ਫੜ ਉਠਾਵਾਂਗਾ । ਵਿਸ਼ਨ ਬ੍ਰਹਮਾ ਸ਼ਿਵ ਹਿਲਾਵਾਂਗਾ । ਕਰੋੜ ਤੇਤੀਸਾ ਅੱਖ ਖੁਲ੍ਹਾਵਾਂਗਾ । ਬੀਸ ਇਕੀਸ ਸੋਭਾ ਪਾਵਾਂਗਾ । ਸਚ ਹਦੀਸ ਇਕ ਸੁਣਾਵਾਂਗਾ । ਰਾਗ ਛਤੀਸ ਵੇਖ ਵਖਾਵਾਂਗਾ । ਤੀਸ ਬਤੀਸ ਫੋਲ ਫੁਲਾਵਾਂਗਾ । ਹੋ ਕੇ ਆਪ ਸਾਹਿਬ ਜਗਦੀਸ, ਜਾਗਰਤ ਜੋਤ ਇਕ ਜਗਾਵਾਂਗਾ । ਰਾਜ ਰਾਜਾਨਾਂ ਸ਼ਾਹ ਸੁਲਤਾਨਾਂ ਖ਼ਾਲੀ ਕਰਕੇ ਖ਼ੀਸ, ਭਿਛਿਆ ਘਰ ਘਰ ਦਰ ਦਰ ਮੰਗ ਮੰਗਾਵਾਂਗਾ । ਲੇਖਾ ਜਾਣਾਂ ਹਸਤ ਕੀਟ, ਊਚ ਨੀਚ ਪੜਦਾ ਲਾਹਵਾਂਗਾ । ਸਤਿ ਧਰਮ ਦੀ ਦੱਸ ਕੇ ਰੀਤ, ਸਤਿਜੁਗ ਸਾਚਾ ਮਾਰਗ ਲਾਵਾਂਗਾ । ਕਾਇਆ ਕਾਅਬਾ ਮੰਦਰ ਮਸੀਤ, ਸ਼ਿਵਦਵਾਲਾ ਮੱਠ ਇਕ ਦਿਖਾਵਾਂਗਾ । ਜਿਸ ਘਰ ਵਸੇ ਸਾਹਿਬ ਅਨਡੀਠ, ਸੋ ਭਗਤ ਦਵਾਰ ਸੋਭਾ ਪਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਆਪਣਾ ਜੋੜ ਜੁੜਾਵਾਂਗਾ । ਹਰਿਜਨ ਸਾਚੇ ਜੋੜ ਜੁੜਾਵੇਗਾ । ਆਤਮ ਪਰਮਾਤਮ ਕਰਕੇ ਪੂਰੀ ਲੋੜ, ਪਿਛਲਾ ਲਹਿਣਾ ਝੋਲੀ ਪਾਵੇਗਾ । ਕਰਕੇ ਖੇਲ ਅਵਰ ਕਾ ਔਰ, ਅਗੰਮੀ ਕਾਰ ਕਮਾਵੇਗਾ । ਕਰ ਪਰਕਾਸ਼ ਅੰਧੇਰੇ ਘੋਰ, ਕਿਸ਼ਨਾ ਸ਼ੁਕਲਾ ਪੱਖ ਦੋਵੇਂ ਸੋਭਾ ਪਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਇਕੋ ਹੁਕਮ ਵਰਤਾਵੇਗਾ । ਗੁਰ ਅਵਤਾਰ ਪੀਰ ਪੈਗ਼ੰਬਰ ਨੇਤਰ ਖੋਲ੍ਹ ਆਓ ਅੱਗੇ, ਅਗਲਾ ਹਾਲ ਜਣਾਈਆ । ਤੇਈ ਦਸ ਤ੍ਰੈ ਪਿਛੇ ਅੱਗੇ, ਅਠਾਰਾਂ ਸੋਹਣੀ ਵੰਡ ਵੰਡਾਈਆ । ਹੁਕਮੇ ਅੰਦਰ ਫਿਰਨ ਭੱਜੇ, ਨੱਠਣ ਵਾਹੋ ਦਾਹੀਆ । ਕੌਣ ਵੇਲਾ ਸਾਹਿਬ ਸਵਾਮੀ ਦਿਤੇ ਸੱਦੇ, ਸਦਕੇ ਵਾਰੀ ਘੋਲ ਘੁਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਜਿਸ ਦੇ ਹੁਕਮੇ ਅੰਦਰ ਬੱਝੇ, ਬੰਦਨਾ ਕਰ ਸੀਸ ਨਿਵਾਈਆ । ਪੰਜ ਤਤ ਖ਼ਾਕੀ ਬਣਾਏ ਬੰਦੇ, ਅੰਤਮ ਬਦਲੀ ਦਿਤੀ ਕਰਾਈਆ । ਨਾਮ ਢੋਲੇ ਗਾਉਂਦੇ ਆਏ ਛੰਦੇ, ਮੰਤਰਾਂ ਨਾਲ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅੰਤਮ ਲੇਖਾ ਰਿਹਾ ਵਖਾਈਆ । ਸ੍ਰੀ ਭਗਵਾਨ ਕਹੇ ਪ੍ਰਭ ਆਪ, ਅੰਤਮ ਇਕ

ਦ੍ਰਿੜਾਈਆ । ਗੁਰ ਅਵਤਾਰੋ ਚਲੇ ਸਾਥ, ਲੋਕਮਾਤ ਵੇਖ ਵਖਾਈਆ । ਪੀਰ ਪੈਗ਼ੰਬਰ ਖੋਲ੍ਹੋ ਆਂਖ, ਲੋਚਨ ਇਕ ਰੁਸ਼ਨਾਈਆ । ਕਲਜੁਗ ਹੋਈ ਅੰਧੇਰੀ ਰਾਤ, ਭਿੰਨੜੀ ਰੈਣ ਨਾ ਕੋਇ ਸੁਹਾਈਆ । ਜਗਤ ਵਾਸਨਾ ਨਾਰ ਹੋਈ ਕਮਜ਼ਾਤ, ਕੁਲਖਣੀ ਰੂਪ ਵਟਾਈਆ । ਪ੍ਰੇਮ ਪਿਆਰ ਦੀ ਕਰੇ ਨਾ ਕੋਈ ਬਾਤ, ਜੂਠ ਝੂਠ ਲੜਾਈਆ । ਸਤਿਗੁਰ ਨਜ਼ਰ ਨਾ ਆਏ ਕਿਸੇ ਸਾਖਿਆਤ, ਸਿਖਿਆ ਸਾਰੇ ਗਏ ਭੁਲਾਈਆ । ਅੰਮ੍ਰਿਤ ਦੇਵੇ ਨਾ ਕੋਇ ਆਬੇਹਯਾਤ, ਹਯਾਤੀ ਸਕੇ ਨਾ ਕੋਇ ਬਦਲਾਈਆ । ਹੁਜਰਾ ਸੋਹੇ ਨਾ ਕੋਇ ਮਹਿਰਾਬ, ਮਹਿਬੂਬ ਨਜ਼ਰ ਕਿਸੇ ਨਾ ਆਈਆ । ਸਤਿਗੁਰ ਮਾਰੇ ਨਾ ਕੋਇ ਆਵਾਜ਼, ਸੁੱਤੀ ਸ੍ਰਿਸ਼ਟ ਨਾ ਕੋਇ ਉਠਾਈਆ । ਨਾਨਕ ਗੁਰ ਸਭ ਦਾ ਬਣਕੇ ਆਇਆ ਦਾਸ, ਨੀਚੋ ਨੀਚ ਅਖਵਾਈਆ । ਬੋਧ ਅਗਾਧਾ ਖੋਲ੍ਹ ਕੇ ਆਇਆ ਰਾਜ਼, ਪਰਾ ਪਸੰਤੀ ਮਧਮ ਬੈਖਰੀ ਚਾਰੇ ਬਾਣੀ ਅਲਾਈਆ । ਕੂੜੀ ਕਿਰਿਆ ਖੋਲ੍ਹ ਕੇ ਆਇਆ ਪਾਜ, ਪੜਦਾ ਦੂਈ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਪਿਆਲਾ ਮਦਿ ਦੱਸ ਕੇ ਆਇਆ ਸ਼ਰਾਬ, ਸ਼ਰਅ ਨਾ ਕੋਇ ਲੜਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਇਆ ਹੈਰਾਨ, ਕਲਜੁਗ ਅੰਤਮ ਵੇਖ ਵਖਾਈਆ । ਪੰਡਤ ਪਾਂਧੇ ਦਿਸੇ ਬੇਈਮਾਨ, ਬੇਵਾ ਰੂਪ ਵਟਾਈਆ । ਮੁੱਲਾ ਸ਼ੇਖ਼ ਬਗ਼ਲੀਂ ਰੱਖ ਕੁਰਾਨ, ਕਲਮੇ ਰਹੇ ਸੁਣਾਈਆ । ਸਾਧ ਸੰਤ ਰਸਨਾ ਮੰਤਰ ਪੜ੍ਹਨ ਸਤਿਨਾਮ, ਨੇਤਰ ਧੀਆਂ ਭੈਣਾਂ ਰਹੇ ਤਕਾਈਆ । ਗੁਰਦਰ ਮੰਦਰ ਮਸਜਿਦ ਮਠ ਸ਼ਿਵਦਵਾਲੇ ਵੜਿਆ ਸ਼ੈਤਾਨ, ਦਿਵਸ ਰੈਣ ਕਰੇ ਲੜਾਈਆ । ਗੁਰ ਕਾ ਸ਼ਬਦ ਨਾ ਕੋਇ ਗਿਆਨ, ਭਰਮੇ ਭੁੱਲੀ ਸਰਬ ਲੋਕਾਈਆ । ਅੰਤਰ ਆਤਮ ਵੇਖੇ ਮਾਰ ਨਾ ਕੋਇ ਧਿਆਨ, ਬਾਹਰੋਂ ਲੱਭਣ ਹਰਿ ਜੂ ਨਜ਼ਰ ਕਿਸੇ ਨਾ ਆਈਆ । ਸਚ ਭੂਮਿਕਾ ਸੋਹੇ ਨਾ ਕੋਇ ਅਸਥਾਨ, ਧਰਨੀ ਧਰਤ ਧਵਲ ਨਾ ਕੋਇ ਵਡਿਆਈਆ ।
 ਆਲਮ ਫ਼ਾਜ਼ਲ ਗਿਆਨੀ ਧਿਆਨੀ ਹੋਏ ਨਾਦਾਨ, ਹੰਕਾਰ ਵਿਕਾਰ ਨਾਲ ਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਦਿਸ਼ਾ ਰਿਹਾ ੨੨੪
ਵਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਵੇਖੋ ਹੋਇਆ ਅਸਚਰਜ, ਭੁੱਲੀ ਸ੍ਰਿਸ਼ਟ ਲੋਕਾਈਆ । ਕੂੜੀ ਕਿਰਿਆ ਵਿਸ਼ਿਆ ਕੋਲੋਂ ਆਏ ਵਰਜ, ਇੰਦਰੀਆਂ ਵਸ ਕਰਾਈਆ । ਜਨ ਭਗਤਾਂ ਦੀ ਲਿਖ ਕੇ ਦੇ ਕੇ ਆਏ ਫ਼ਰਦ, ਸਿਫ਼ਤਾਂ ਨਾਲ ਸਾਲਾਹੀਆ । ਗ਼ਰੀਬ ਨਿਮਾਣਿਆਂ ਕੋੜ੍ਹਿਆਂ ਕਮਲਿਆਂ ਸਭ ਨੇ ਵੰਡਣਾ ਦਰਦ, ਦੁਖੀਆਂ ਹੋਣਾ ਸਹਾਈਆ । ਇਕੋ ਪੁਰਖ ਅਕਾਲ ਅਗੇ ਕਰਨੀ ਅਰਜ਼, ਗੋਬਿੰਦ ਗੁਰ ਕਰੀ ਪੜ੍ਹਾਈਆ । ਓਹ ਸੂਰਬੀਰ ਦਾਤਾ ਜੋਧਾ ਮਰਦ, ਮਰਦਾਨਗੀ ਇਕ ਕਮਾਈਆ । ਕਿਸੇ ਦਾ ਹੋਣ ਨਾ ਦੇਵੇ ਹਰਜ, ਜੋ ਚਰਨ ਕਵਲ ਸੀਸ ਝੁਕਾਈਆ । ਜਨਮ ਜਨਮ ਦਾ ਪਿਛਲਾ ਲਾਹਵੇ ਕਰਜ਼, ਮਕਰੂਜ਼ ਲੇਖਾ ਦਏ ਮੁਕਾਈਆ । ਸਾਹਿਬ ਸਤਿਗੁਰ ਦਾ ਆਦਿ ਜੁਗਾਦਿ ਜੁਗ ਚੌਕੜੀ ਇਹੋ ਫ਼ਰਜ਼, ਗੁਰਮੁਖ ਗੁਰਸਿਖ ਹਰਿਜਨ ਹਰਿ ਭਗਤ ਡੁਬਦੇ ਲਏ ਤਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਸਾਡੀ ਤੋਬਾ , ਪ੍ਰਭ ਸਾਚੇ ਦਿਤਾ ਸੁਣਾਈਆ । ਅਸੀਂ ਵੇਖ ਕੇ ਆਏ ਚੌਦਾਂ ਲੋਕਾਂ, ਚੌਦਾਂ ਤਬਕ ਫੇਰਾ ਪਾਈਆ । ਸਾਚਾ ਗਾਏ ਨਾ ਕੋਈ ਸਲੋਕਾ ਕਲਮਾ ਹਕ ਨਜ਼ਰ ਕੋਇ ਨਾ ਆਈਆ । ਦੀਨ ਮਜ਼੍ਹਬ ਪਿਆ ਰੋਸਾ, ਜ਼ਾਤ ਪਾਤ ਕਰੇ ਲੜਾਈਆ । ਕਲਜੁਗ ਸੰਤ ਅੰਦਰੋਂ ਥੋਥਾ, ਬਾਹਰੋਂ ਬਹੁਤੀ ਕਰੇ ਪੜ੍ਹਾਈਆ । ਸਾਫ਼ ਦਿਸਿਆ ਨਾ ਕੋਈ ਸਾਢੇ ਤਿੰਨ ਹੱਥ ਮੰਦਰ ਕੋਠਾ, ਕੁਟੀਆ ਸਚ ਨਾ ਕੋਇ ਸੁਹਾਈਆ । ਘਰ ਪਰਕਾਸ਼ ਨਾ ਦੀਪਕ ਜੋਤਾ, ਨੂਰ ਜ਼ਹੂਰ ਨਾ ਕੋਇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਤੇਰੇ ਹੱਥ ਵਡਿਆਈਆ । ਪੁਰਖ ਅਕਾਲ ਅੱਗੋਂ ਹੱਸਿਆ, ਖ਼ੁਸ਼ੀਆਂ ਨਾਲ ਜਣਾਈਆ । ਕਲਜੁਗ ਵੇਖੋ ਰੈਣ ਅੰਧੇਰੀ ਮੱਸਿਆ, ਚਾਰੋਂ ਕੁੰਟ ਨਾ ਕੋਇ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜੋ ਮਾਰਗ ਭਗਤਾਂ ਦੱਸਿਆ, ਦਹਿ ਦਿਸ਼ਾ ਭੁੱਲੀ ਸਰਬ ਲੋਕਾਈਆ । ਕਲਜੁਗ ਕੋਲੋਂ ਕੋਈ ਨਾ ਦਿਸੇ ਬਚਿਆ, ਬੱਚੇ ਬੁੱਢੇ ਸਾਰੇ ਨਾਲ ਰਲਾਈਆ । ਕਾਇਆ ਭਾਂਡੇ

ਮਾਟੀ ਹੋਏ ਕੱਚਿਆ, ਕੰਚਨ ਰੰਗ ਨਾ ਕੋਇ ਚੜ੍ਹਾਈਆ । ਜਗਤ ਵਾਸਨਾ ਜਗਤ ਨੱਚਿਆ, ਕੁੱਦੇ ਟੱਪੇ ਵਾਹੋ ਦਾਹੀਆ । ਸਚ ਸਵਾਮੀ ਸਭ ਭੁਲਾਈ ਸਿਖਿਆ, ਚੋਟੀ ਸਿਖ਼ਰ ਨਾ ਕੋਇ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਆਪ ਵਡਿਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ ਪ੍ਰਭ ਤੇਰਾ ਛੱਡਿਆ ਜਗਤ, ਛੁੱਟੀ ਮਾਤ ਲੋਕਾਈਆ । ਹੁਣ ਤੇਰਾ ਸੁਹਜੰਣਾ ਆਇਆ ਵਕਤ, ਰੁਤੜੀ ਰੁੱਤ ਲੈ ਮਹਿਕਾਈਆ । ਸਾਰੇ ਦੋਏ ਜੋੜ ਕਰਨ ਅਰਜ਼, ਆਰਜ਼ੂ ਇਕ ਅਰਜ਼ੋਈਆ । ਆਪਣਾ ਖੇਲ ਕਰ ਅਸਚਰਜ, ਅਚਰਜ ਰੂਪ ਵਟਾਈਆ । ਛੁਰੀ ਜ਼ਬ੍ਹਾ ਵੇਖ ਕੇ ਕਰਦ, ਚਾਰੋਂ ਕੁੰਟ ਹੈਰਾਨੀ ਛਾਈਆ । ਅੱਗੋਂ ਪੁਰਖ ਅਕਾਲ ਬੋਲਿਆ ਗਰਜ਼, ਹੁਕਮ ਇਕ ਦ੍ਰਿੜਾਈਆ । ਜੇ ਤੁਸੀਂ ਨਹੀਂ ਸਕਦੇ ਵਰਜ, ਸਾਰੇ ਖ਼ਾਲੀ ਹੱਥ ਦਿਉ ਵਖਾਈਆ । ਫੇਰ ਮੈਂ ਆਪਣਾ ਪੂਰਾ ਕਰਾਂ ਫ਼ਰਜ਼, ਫ਼ਰਜ਼ ਜ਼ੁਲਮ ਸਭ ਦੇ ਉਤੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਕਹਿਣ, ਪ੍ਰਭ ਦੱਸੀਏ ਸਚ, ਸਤਿ ਸਤਿ ਦ੍ਰਿੜਾਈਆ । ਅੱਗੇ ਲੇਖਾ ਤੇਰੇ ਹੱਥ, ਹਉਂ ਲਿਖ ਕੇ ਆਏ ਸਮਝਾਈਆ । ਕਲਜੁਗ ਅੰਤਮ ਪਰਗਟ ਹੋਵੇ ਪੁਰਖ ਸਮਰਥ, ਦਾਤਾ ਬੇਪਰਵਾਹੀਆ । ਲੱਖ ਚੁਰਾਸੀ ਵਿਚੋਂ ਸੰਤ ਸੁਹੇਲੇ ਲਏ ਰੱਖ, ਭਗਤ ਭਗਵੰਤ ਮੇਲ ਮਿਲਾਈਆ । ਚਾਰ ਵਰਨਾਂ ਅਠਾਰਾਂ ਬਰਨਾਂ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਇਕੋ ਮਾਰਗ ਦੇਵੇ ਦੱਸ, ਹਿੱਸਿਆ ਵਿਚ ਵੰਡ ਨਾ ਕੋਇ ਵੰਡਾਈਆ । ਦੀਨ ਮਜ਼੍ਹਬ ਕਰ ਇਕੱਠ, ਝਗੜਾ ਦੂਈ ਦਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮਾਰਗ ਦਏ ਲਗਾਈਆ । ਸਚ ਮਾਰਗ ਇਕ ਲਗਾਵਾਂਗਾ । ਸਤਿਜੁਗ ਸਾਚੀ ਧਾਰ ਪਰਗਟਾਵਾਂਗਾ । ਕਲਜੁਗ ਅਗਨੀ ਅੱਗ ਬੁਝਾਵਾਂਗਾ । ਜਨ ਭਗਤਾਂ ਦਰਸ਼ਨ ਦੇ ਉਪਰ ਸ਼ਾਹਰਗ, ਘਰ ਸਾਚੇ ਵੇਖ ਵਖਾਵਾਂਗਾ । ਜੋ ਸਰਨ ਸਰਨਾਈ ਗਏ ਲੱਗ, ਸੋ ਕਾਗ ਹੰਸ ਬਣਾਵਾਂਗਾ । ਮੰਦਰ ਅੰਦਰ ਵੇਖਾਂ ਲੰਘ, ਪੌੜੇ ਚੜ੍ਹ ਕੇ ਖੋਜ ਖੁਜਾਵਾਂਗਾ । ਘਰ ਜੋਤ ਜਗਾ ਕੇ ਚੰਦ, ਅੰਧ ਅਗਿਆਨ ਮਿਟਾਵਾਂਗਾ । ਗੁਰਮੁਖ ਲਗਾ ਕੇ ਅੰਗ, ਆਪਣੀ ਗੋਦ ਬਹਾਵਾਂਗਾ । ਲਹਿਣਾ ਚੁਕਾ ਕੇ ਗੋਦਾਵਰੀ ਗੰਗ, ਅੰਮ੍ਰਿਤ ਸਰੋਵਰ ਇਕ ਨੁਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਪਰਮਾਨੰਦ, ਨਿਜਾ ਨੰਦ ਸਮਝਾਵਾਂਗਾ । ਗੁਰ ਅਵਤਾਰ ਕਹਿਣ ਪ੍ਰਭ ਤੋਹੇ ਤੌਫ਼ੀਕ, ਵਾਹਦ ਤੇਰੀ ਵਡਿਆਈਆ । ਤੂੰ ਮਾਲਕ ਵਸੇਂ ਕਰੀਬ, ਨੇੜਨ ਨੇੜਾ ਨਜ਼ਰੀ ਆਈਆ । ਤੇਰਾ ਖੇਲ ਨਿਰਾਲਾ ਅਜੀਬ, ਅਜਬ ਤੇਰੀ ਸਿਖਲਾਈਆ । ਪੀਰ ਪੈਗ਼ੰਬਰ ਤੇਰੇ ਅੱਗੇ ਰੱਖਦੇ ਕੁਰਾਨ ਮਜੀਦ, ਮੌਜੂਦਾ ਹੋ ਕੇ ਆਪ ਸੁਣਾਈਆ । ਸਾਨੂੰ ਕਰਦੇ ਇਕ ਤਾਕੀਦ, ਤਰਾ ਤਰਾ ਨਾਲ ਸਮਝਾਈਆ । ਅਸੀਂ ਬਾਲਕ ਤੇਰੇ ਅਜ਼ੀਜ਼, ਬਾਲਕ ਨੰਨ੍ਹੇ ਨਜ਼ਰੀ ਆਈਆ । ਸਾਨੂੰ ਦੱਸਣੀ ਇਕ ਤਹਿਜ਼ੀਬ, ਧੁਰ ਦੀ ਕਰ ਇਕ ਪੜ੍ਹਾਈਆ । ਤੂੰ ਮੁਰਸ਼ਦ ਮਾਲਕ ਹਉਂ ਮੁਰੀਦ, ਮੁਰਦੇ ਗੋਰ ਸਮਾਈਆ । ਤੇਰਾ ਖੇਲ ਬੇਨਜ਼ੀਰ, ਨਜ਼ਰ ਨਾ ਕੋਇ ਟਿਕਾਈਆ । ਸਾਹਿਬ ਦੱਸ ਸਚ ਤਸਵੀਰ, ਤਾਲਬ ਹੋ ਕੇ ਮੰਗ ਮੰਗਾਈਆ । ਸ਼ਰਅ ਤੋੜ ਕੂੜਾ ਜ਼ੰਜੀਰ, ਕੜੀ ਕੜੀ ਦੇ ਉਖੜਾਈਆ । ਤੂੰ ਦਾਤਾ ਗਹਿਰ ਗੰਭੀਰ, ਗਵਰ ਤੇਰੀ ਸ਼ਰਨਾਈਆ । ਕਲਜੁਗ ਅੰਤਮ ਆਇਆ ਅਖ਼ੀਰ, ਅਕਲ ਬੁਧ ਚਲੇ ਨਾ ਕੋਇ ਚਤੁਰਾਈਆ । ਇਹ ਮਾਲਕ ਕੋਈ ਨਾ ਦਿਸੇ ਧਨ ਦੌਲਤ ਜਾਗੀਰ, ਜਗਹ ਖ਼ਾਲੀ ਚਾਰੋਂ ਕੁੰਟ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਦੇ ਉਠਾਈਆ । ਪ੍ਰਭ ਪੜਦਾ ਆਪਣਾ ਆਪ ਉਠਾਉਂਦਾ ਏ । ਹਰਿਜਨ ਸੋਏ ਜਗਤ ਜਗਾਉਂਦਾ ਏ । ਦੁਰਮਤ ਮੈਲ ਧੋਏ, ਪਤਤ ਪੁਨੀਤ ਕਰਾਉਂਦਾ ਏ । ਸਚ ਮੁਹੱਬਤ ਦੱਸ ਮੋਹੇ, ਪ੍ਰੇਮੀ ਪ੍ਰੇਮਕਾ ਰੂਪ ਵਖਾਉਂਦਾ ਏ । ਹਰਿ ਕਾ ਭੇਵ ਨਾ ਜਾਣੇ ਕੋਇ, ਕੋਝੇ ਕਮਲੇ ਗਲੇ ਲਗਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੱਜਣ ਆਪ ਪਰਗਟਾਉਂਦਾ ਏ । ਗੁਰਮੁਖ ਸੱਜਣ ਪਰਗਟੇ ਇਕ, ਏਕੰਕਾਰ ਦਏ ਵਡਿਆਈਆ । ਜਿਸ

੨੨੫

ਦੇ ਨਾਲ ਅਗੰਮਾ ਹਿਤ, ਧੁਰ ਦਾ ਮੇਲ ਮਿਲਾਈਆ । ਕਰੇ ਠਗੌਰੀ ਕੋਈ ਨਾ ਚਿਤ, ਚੇਤਨ ਸੁਰਤੀ ਦਏ ਵਖਾਈਆ । ਦਰਸ਼ਨ ਦੇਵੇ ਨਿਤ, ਨਿਜ ਨੇਤਰ ਅੱਖ ਖੁਲ੍ਹਾਈਆ । ਪਤਿਪਰਮੇਸ਼ਵਰ ਬਣ ਕੇ ਪਿਤ, ਪਿਤਾ ਪੂਤ ਗੋਦ ਸੁਹਾਈਆ । ਸਤਿਜੁਗ ਸਾਚਾ ਲੇਖ ਦੇਵੇ ਲਿਖ, ਜਿਸ ਨੂੰ ਸਕੇ ਨਾ ਕੋਇ ਮਿਟਾਈਆ । ਦੋ ਜਹਾਨਾਂ ਲਹਿਣੇ ਦੇਣੇ ਦੇਵੇ ਨਜਿਠ, ਧੁਰ ਦਾ ਹੁਕਮ ਆਪ ਵਰਤਾਈਆ । ਦੋ ਜਹਾਨ ਆਪਣੀ ਦੇ ਸਿਖ, ਸਿਖਿਆ ਇਕ ਦ੍ਰਿੜਾਈਆ । ਸਭ ਦੀ ਪੂਰੀ ਕਰੇ ਇਛ, ਮਨਸਾ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਦੇ ਜਣਾਈਆ । ਲੇਖਾ ਧੁਰ ਦਾ ਦੱਸੇ ਆਪ, ਆਪਣੀ ਦਇਆ ਕਮਾਇੰਦਾ । ਭਗਤ ਜਨਾਂ ਦਾ ਇਕੋ ਜਾਪ, ਸੰਤਾਂ ਰਾਗ ਸੁਣਾਇੰਦਾ । ਗੁਰਮੁਖਾਂ ਮਾਈ ਬਾਪ, ਗੁਰਸਿਖਾਂ ਗੋਦ ਉਠਾਇੰਦਾ । ਚਰਨ ਪ੍ਰੀਤੀ ਇਕੋ ਨਾਤ, ਸਗਲਾ ਸੰਗ ਆਪ ਬਣਾਇੰਦਾ । ਆਤਮ ਪਰਮਾਤਮ ਸੱਚੀ ਜ਼ਾਤ, ਪੜਦਾ ਓਹਲਾ ਨਾ ਕੋਇ ਰਖਾਇੰਦਾ । ਚਾਰ ਵਰਨ ਜਣਾ ਕੇ ਇਕ ਜਮਾਤ, ਸੋਹੰ ਢੋਲਾ ਰਾਗ ਸੁਣਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਸਾਥ, ਬਣ ਸੰਗੀ ਸੰਗ ਨਿਭਾਇੰਦਾ ।

## ੪ ਅੱਸੂ ੨੦੨੧ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ

 ਸਤਿ ਧਰਮ ਕਹੇ ਪ੍ਰਭ ਮੇਰਾ ਸਾਥੀ ਦੇਹੁ ਜੁਗ, ਮੇਲਾ ਜਗਤ ਮਿਲਾਈਆ । ਤੇਰੇ ਪ੍ਰੇਮ ਦਾ ਬੂਟਾ ਰਿਹਾ ਸੁੱਕ, ਹਰਾ ਸਿੰਚ ਨਾ ਕੋਇ ਕਰਾਈਆ । ਕਲਜੁਗ ੨੨੬
ਕਿਰਿਆ ਜਾਏ ਮੁੱਕ, ਕੂੜ ਕੁੜਿਆਰਾ ਰਹਿਣ ਨਾ ਪਾਈਆ । ਮੈਂ ਗੁਰਮੁਖ ਵੇਖਾਂ ਤੇਰੇ ਸੁਤ, ਸੁਰਤੀ ਸ਼ਬਦ ਨਾਲ ਮਿਲਾਈਆ । ਉਜਲ ਹੋਏ ਉਨ੍ਹਾਂ ਮੁਖ, ਜੋ ਹਿਰਦੇ ਹਰਿ ਵਸਾਈਆ । ਠਾਕਰ ਹੋ ਕੇ ਸਵਾਮੀ ਤੁਠ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਵਸਤ ਅਮੋਲਕ ਦੇ ਸਚ ਸੁਚ, ਸਮਗਰੀ ਇਕੋ ਇਕ ਵਰਤਾਈਆ । ਗ਼ਰੀਬ ਨਿਮਾਣਿਆਂ ਵਿਚੋਂ ਨਿਕਲੇ ਭੁੱਖ, ਦੁਖੀਆਂ ਦੁੱਖ ਮਿਟਾਈਆ । ਤੇਰੀ ਜ਼ਾਤ ਸਰਬ ਮਨੁੱਖ, ਮਾਣਸ ਨਜ਼ਰੀ ਆਈਆ । ਆਲ੍ਹਣਿਉਂ ਡਿੱਗੇ ਬੋਟ ਚੁੱਕ, ਫੜ ਬਾਹੋਂ ਗਲੇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਸੰਗ ਦੇ ਜਣਾਈਆ । ਧਰਮ ਕਹੇ ਪ੍ਰਭ ਜੁਗ ਦੇ ਸੱਚਾ, ਸਚ ਸਚ ਦ੍ਰਿੜਾਈਆ । ਸਤਿਜੁਗ ਉਠੇ ਤੇਰਾ ਬੱਚਾ, ਬਚਪਨ ਦੇ ਜਣਾਈਆ । ਮੈਂ ਉਹਦੇ ਨਾਲ ਨਾਤਾ ਕਰਾਂ ਪੱਕਾ, ਧੁਰ ਦਾ ਮੇਲ ਮਿਲਾਈਆ । ਗੁਰਮੁਖਾਂ ਦਰਸ਼ਨ ਕਰਾਂ ਅੱਖਾਂ, ਨੇਤਰ ਅੱਖ ਖੁਲ੍ਹਾਈਆ । ਖ਼ੁਸ਼ੀਆਂ ਵਿਚ ਅੰਗਣ ਬਹਿ ਕੇ ਹੱਸਾਂ, ਘਰ ਘਰ ਸੋਭਾ ਪਾਈਆ । ਪਾਂਧੀ ਹੋ ਕੇ ਚਾਰੋਂ ਕੁੰਟ ਨੱਸਾਂ, ਭੱਜਾਂ ਥਾਉਂ ਥਾਈਆ । ਹਿਰਦੇ ਤੇਰਾ ਰੂਪ ਹੋ ਕੇ ਵੱਸਾਂ, ਵਸਲ ਸਚ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਸਤਿ ਕਹੇ ਪ੍ਰਭ ਜੁਗ ਦੇ ਇਕ, ਜਿਸ ਵਿਚ ਇਕ ਤੇਰੀ ਵਡਿਆਈਆ । ਧੁਰ ਦਾ ਲੇਖਾ ਦੇ ਲਿਖ, ਕਲਮ ਸ਼ਾਹੀ ਬੈਠੇ ਮੁਖ ਭੁਆਈਆ । ਸਰਬ ਸਵਾਮੀ ਬਣ ਪਿਤ, ਪਰਮੇਸ਼ਵਰ ਬੇਪਰਵਾਹੀਆ । ਚਾਰੋਂ ਕੁੰਟ ਆਏਂ ਦਿਸ, ਦਹਿ ਦਿਸ਼ਾ ਤੇਰੀ ਰੁਸ਼ਨਾਈਆ । ਕਰਵਟ ਲੈ ਬਦਲ ਪਿਠ, ਸਨਮੁਖ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਹੱਥ ਟਿਕਾਇਆ ਸਮਰਥ ਸਵਾਮੀ, ਸਤਿ ਧਰਮ ਮੰਗ ਮੰਗਾਈਆ । ਲੱਖ ਚੁਰਾਸੀ ਅੰਤਰਜਾਮੀ, ਘਟ ਘਟ ਵੇਖ ਵਖਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਧੁਰ ਦੀ ਲਿਖੀ ਬਾਣੀ, ਕਲਜੁਗ ਜੀਵ ਗਏ ਭੁਲਾਈਆ । ਹਿਰਦੇ ਸਚ ਨਾ ਕਿਸੇ ਵਖਾਨੀ, ਵਿਆਖਿਆ ਕਰ ਕਰ ਜਗਤ ਰਹੇ ਸੁਣਾਈਆ । ਜੋ

੨੨੭

ਸੰਦੇਸਾ ਦਿਤਾ ਸੁਤ ਭਾਨੀ, ਰਾਗਾਂ ਨਾਦਾਂ ਵਿਚ ਜਣਾਈਆ । ਜੋ ਅੰਮ੍ਰਿਤ ਨਾਮ ਗੋਬਿੰਦ ਬਖ਼ਸ਼ਿਆ ਠੰਡਾ ਪਾਣੀ, ਸਚ ਪਿਆਲਾ ਜਾਮ ਪਿਆਈਆ । ਚਾਰ ਵਰਨਾਂ ਦਿਤੀ ਇਕ ਨਿਸ਼ਾਨੀ, ਅਠਾਰਾਂ ਬਰਨਾਂ ਸਚ ਸਮਝਾਈਆ । ਪੁਰਖ ਅਕਾਲ ਸ਼ਹਿਨਸ਼ਾਹ ਸੁਲਤਾਨੀ, ਮਾਲਕ ਦੋ ਜਹਾਨ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਦੇ ਦ੍ਰਿੜਾਈਆ । ਸਤਿ ਧਰਮ ਕਹੇ ਜੁਗ ਆਪਣਾ ਬਖ਼ਸ਼, ਮਿਹਰ ਨਜ਼ਰ ਉਠਾਈਆ । ਜਿਸ ਦੇ ਅੰਦਰ ਤੇਰਾ ਅਕਸ, ਅਕਸਰ ਤੇਰਾ ਓਹੋ ਅਖਵਾਈਆ । ਮਿਹਰਵਾਨ ਹੋ ਕੇ ਬਖ਼ਸ਼, ਬਖ਼ਸ਼ਿਸ਼ ਰਹਿਮਤ ਝੋਲੀ ਪਾਈਆ । ਮਾਤ ਗਰਭ ਉਲਟਾ ਹੋਏ ਨਾ ਫੇਰ ਦਰਖ਼ਤ, ਦਸ ਦਸ ਮਾਸ ਨਾ ਅਗਨ ਤਪਾਈਆ । ਤੇਰੇ ਪ੍ਰੇਮ ਪਿਆਰ ਚੋਟ ਲੱਗੇ ਸਖ਼ਤ, ਕੂੜੀ ਕਿਰਿਆ ਪਰੇ ਹਟਾਈਆ । ਮਿਲੇ ਵਡਿਆਈ ਵਿਚ ਜਗਤ, ਜੀਵਨ ਜੁਗਤ ਦੇ ਸਮਝਾਈਆ । ਤੂੰ ਮਾਲਕ ਖ਼ਾਲਕ ਆਦਿ ਜੁਗਾਦੀ ਫ਼ਕਤ, ਫ਼ਿਕਰਿਆਂ ਨਾਲ ਕਰੇਂ ਪੜ੍ਹਾਈਆ । ਤੇਰੇ ਹੁਕਮੇ ਅੰਦਰ ਆਦਿ ਸ਼ਕਤ, ਚਤਰਭੁਜ ਬੈਠੀ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾ ਵਿਚ ਕਰਨ ਨਾ ਫ਼ਰਕ, ਗੁਰ ਅਵਤਾਰ ਭੱਜਣ ਵਾਹੋ ਦਾਹੀਆ । ਤੇਰਾ ਨੂਰ ਨੁਰਾਨਾ ਅਰਸ਼, ਫ਼ਰਸ਼ ਤੇਰੀ ਸ਼ਨਵਾਈਆ । ਤੂੰ ਸੂਰਬੀਰ ਮਰਦਾਨਾ ਮਰਦ, ਮਦਦ ਤੇਰੀ ਸਭ ਨੂੰ ਨਜ਼ਰੀ ਆਈਆ । ਤੇਰਾ ਸ਼ੁਮਾਰ ਕਦੇ ਨਾ ਹੋਵੇ ਵਿਚ ਅਦਦ, ਇਕ ਇਕਲੇ ਤੇਰੀ ਮਹਿੰਮਾ ਆਦਿ ਜੁਗਾਦਿ ਰਹੀ ਜਸ ਗਾਈਆ । ਕਲਜੁਗ ਕੂੜੀ ਕਿਰਿਆ ਮੇਟ ਤਸ਼ੱਦਦ, ਸਤਿ ਸਚ ਸਰਬ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਸਾਚਾ ਜੁਗ ਦੇਹੁ ਨਿਰੰਕਾਰ, ਨਿਰਵੈਰ ਤੇਰੀ ਸ਼ਰਨਾਈਆ । ਠਾਂਡੇ ਦਰ ਕਰੀ ਪੁਕਾਰ, ਪੁਨਹ ਪੁਨਹ ਸੀਸ ਝੁਕਾਈਆ । ਤੂੰ ਮਾਲਕ ਪੁਰਖ ਅਕਾਲ, ਖ਼ਾਲਕ ਦੀਨ ਦਿਆਲ ਨਜ਼ਰੀ ਆਈਆ । ਸਾਲਸ ਬਣ ਦੋ ਜਹਾਨ, ਖ਼ਾਲਸ ਖ਼ਾਲਸਾ ਲੈ ਪਰਗਟਾਈਆ । ਸੱਚਾ ਖੰਡਾ ਬਖ਼ਸ਼ ਮਿਆਨ, ਜਿਸ ਨੂੰ ਲੁਹਾਰ ਤਰਖਾਣ ਨਾ ਕੋਇ ਘੜਾਈਆ । ਅੰਮ੍ਰਿਤ ਆਤਮ ਪਿਆ ਜਾਮ, ਰਸ ਇਕੋ ਇਕ ਜਣਾਈਆ । ਸੁਤ ਦੁਲਾਰਾ ਸੂਰਬੀਰ ਇਕ ਵਖਾ ਜਵਾਨ, ਗੋਬਿੰਦ ਤੇਰਾ ਪੂਤ ਨਜ਼ਰੀ ਆਈਆ । ਜਿਸ ਦੇ ਹੱਥ ਸਚ ਨਿਸ਼ਾਨ, ਏਥੇ ਓਥੇ ਰਿਹਾ ਵਖਾਈਆ । ਓਹ ਕਾਹਨਾਂ ਵਿਚੋਂ ਕਾਹਨ, ਰਾਮਾਂ ਵਿਚੋਂ ਰਾਮ, ਪੀਰਾਂ ਵਿਚੋਂ ਪੀਰ, ਪੈਗ਼ੰਬਰਾਂ ਵਿਚੋਂ ਪੈਗ਼ੰਬਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਸਾ ਅੰਤਮ ਪੂਰ ਕਰਾਈਆ । ਜੁਗ ਦੇ ਪ੍ਰਭ ਆਪਣਾ ਸਤਿ, ਸਤਿ ਮਿਲੇ ਵਡਿਆਈਆ । ਹਰ ਘਟ ਉਪਜੇ ਬ੍ਰਹਮ ਮਤ, ਵਿਦਿਆ ਬ੍ਰਹਮ ਜਣਾਈਆ । ਨਿਜ ਨੇਤਰ ਖੁਲ੍ਹੇ ਅੱਖ, ਮੰਦਰ ਇਕ ਸੁਹਾਈਆ । ਸ਼ਬਦ ਅਗੰਮੀ ਵੱਜੇ ਨੱਦ, ਅਨਹਦ ਰਾਗ ਅਲਾਈਆ । ਸੇਜ ਸੁਹੰਜਣੀ ਮਿਲੇ ਪੁਰਖ ਸਮਰਥ, ਸੋਭਾਵੰਤ ਸੋਭਾ ਪਾਈਆ । ਪ੍ਰੇਮ ਪ੍ਰੀਤੀ ਅੰਦਰ ਪਏ ਹੱਸ, ਹੰਸਮੁਖ ਆਪਣਾ ਰਾਗ ਸੁਣਾਈਆ । ਭਗਤ ਸੁਹੇਲੇ ਕਰੇ ਵਸ, ਸੰਤ ਸੱਜਣ ਜੋੜ ਜੁੜਾਈਆ । ਗੁਰਮੁਖਾਂ ਰੱਖੇ ਦੇ ਕਰ ਹੱਥ, ਗੁਰਸਿਖ ਚਰਨ ਕਵਲ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਸੁਣ ਸ਼ਬਦ ਅਗੰਮ, ਸਚ ਦਿਆਂ ਦ੍ਰਿੜਾਈਆ । ਸੋ ਗੁਰਮੁਖ ਜੋ ਸਤਿਗੁਰ ਘਰ ਪਏ ਜੰਮ, ਸ਼ਬਦੀ ਰੂਪ ਵਟਾਈਆ । ਉਸ ਦਾ ਲੇਖਾ ਜਾਣੇ ਨਾ ਕੋਈ ਗੰਧਰਬ ਗਣ, ਕਰੋੜ ਤੇਤੀਸਾ ਸਮਝ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਓਸੇ ਨੂੰ ਲੈਣ ਮੰਨ, ਜਿਸ ਉਪਰ ਪ੍ਰਭ ਆਪਣੀ ਦਇਆ ਕਮਾਈਆ । ਦੋ ਜਹਾਨ ਕਹਿਣ ਧੰਨ ਧੰਨ, ਧੰਨ ਤੇਰੀ ਵਡਿਆਈਆ । ਲੋਕਮਾਤ ਚੜ੍ਹੇ ਅਰਸ਼ੀ ਚੰਨ, ਫ਼ਰਸ਼ ਹੋਏ ਰੁਸ਼ਨਾਈਆ । ਪੁਰਖ ਅਬਿਨਾਸ਼ੀ ਮਨ ਵਾਸਨਾ ਬੰਨੇ ਮੰਨ, ਮਤ ਮਤਵਾਲੀ ਵੇਖ ਵਖਾਈਆ । ਪੰਚ ਵਿਕਾਰਾ ਦੇ ਕੇ ਡੰਨ, ਕਾਇਆ ਮੰਦਰ ਬਾਹਰ ਕਢਾਈਆ । ਸਚ ਦਵਾਰੇ ਕਰ ਪਰਵਾਨ, ਪਰਵਾਨਾ ਨਾਮ ਹੱਥ ਫੜਾਈਆ । ਓਹ ਗੁਰਮੁਖ ਗੁਰਸਿਖ ਇਨਸਾਨਾਂ ਵਰਗਾ ਇਨਸਾਨ, ਬਾਹਰੋਂ ਸਭ ਨੂੰ ਨਜ਼ਰੀ ਆਈਆ । ਓਹਦੇ ਅੰਦਰ ਸ੍ਰੀ ਭਗਵਾਨ, ਸਚ ਸਵਾਮੀ ਸੋਭਾ ਪਾਈਆ । ਜਿਸ ਦੀ ਕਿਸੇ ਨਾ ਆਈ ਪਹਿਚਾਨ, ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਸਤਿ ਕਹੇ ਪ੍ਰਭ ਦੱਸ ਗੁਰਮੁਖ ਕਿਹੜਾ, ਚੁਰਾਸੀ ਵਿਚੋਂ ਦੇ ਜਣਾਈਆ । ਮੈਂ ਜਾ ਕੇ ਵੇਖਾਂ ਓਸ ਦਾ ਡੇਰਾ, ਜਿਸ ਗ੍ਰਿਹ ਬੈਠਾ ਸੋਭਾ ਪਾਈਆ । ਸ੍ਰੀ ਭਗਵਾਨ ਕਹੇ ਉਹ ਸਤਿ ਸਰੂਪ ਮੇਰਾ, ਪੰਜ ਤਤ ਕਾਇਆ ਚੋਲਾ ਜਗਤ ਹੰਢਾਈਆ । ਉਸ ਦਾ ਸਾਢੇ ਤਿੰਨ ਹੱਥ ਵਸੇ ਖੇੜਾ, ਬੰਕ ਦਵਾਰਾ ਸੋਭਾ ਪਾਈਆ । ਮਾਇਆ ਮਮਤਾ ਕੋਈ ਨਾ ਝੇੜਾ, ਕਾਮ ਕਰੋਧ ਨਾ ਕੋਇ ਲੜਾਈਆ । ਮੈਂ ਓਸ ਦਵਾਰੇ ਵਸਾਂ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਪ੍ਰੇਮ ਪ੍ਰੀਤੀ ਅੰਦਰ ਕਰਕੇ ਮਿਹਰਾ, ਮੁਹੱਬਤ ਨਾਲ ਮਿਲਾਈਆ । ਖੁਲ੍ਹਾ ਓਸ ਦਾ ਦਿਸੇ ਵਿਹੜਾ, ਪੁਰਖ ਅਬਿਨਾਸ਼ੀ ਛੱਪਰ ਛੰਨ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਗਲਾ ਲੇਖਾ ਦਿਆਂ ਸਮਝਾਈਆ । ਸਤਿ ਕਹੇ ਪ੍ਰਭ ਕੀ ਗੁਰਮੁਖ ਰੰਗ, ਕਵਣ ਰੂਪ ਨਜ਼ਰੀ ਆਈਆ । ਸ੍ਰੀ ਭਗਵਾਨ ਕਹੇ ਉਹ ਲੱਗਾ ਮੇਰੇ ਅੰਗ, ਅੰਗੀਕਾਰ ਰਿਹਾ ਕਰਵਾਈਆ । ਉਹਦੇ ਅੰਦਰ ਅਗੰਮੀ ਚੰਦ, ਜੋਤੀ ਜੋਤ ਕਰੇ ਰੁਸ਼ਨਾਈਆ । ਉਸ ਦੀ ਰਸਨਾ ਜਿਹਵਾ ਹੋਈ ਬੰਦ, ਬੱਤੀ ਦੰਦ ਨਾ ਕੋਇ ਸਾਲਾਹੀਆ । ਉਹਦੇ ਅੰਤਰ ਪਰਮਾਨੰਦ, ਨਿਜਾਨੰਦ ਦਰਸ਼ਨ ਪਾਈਆ । ਮੈਂ ਉਹਦਾ ਗਾਵਾਂ ਛੰਦ, ਉਹ ਮੇਰਾ ਰਾਗ ਅਲਾਈਆ । ਦੋਹਾਂ ਦਾ ਆਤਮ ਪਰਮਾਤਮ ਬਣਿਆ ਸਨਬੰਧ, ਨਾਤਾ ਇਕੋ ਜੋੜ ਜੁੜਾਈਆ । ਸੁਰਤੀ ਸ਼ਬਦੀ ਪਈ ਗੰਢ, ਲੋਕਮਾਤ ਨਾ ਕੋਇ ਖੁਲ੍ਹਾਈਆ । ਅੰਮ੍ਰਿਤ ਬਰਖ ਪਾਈ ਠੰਡ, ਅਗਨੀ ਤਤ ਬੁਝਾਈਆ । ਓਹ ਸਵਾਣੀ ਕਦੀ ਨਾ ਹੋਵੇ ਰੰਡ, ਜਿਸ ਦਾ ਮਾਲਕ ਇਕ ਅਖਵਾਈਆ । ਉਹ ਗੁਰਮੁਖ ਮਾਣੇ ਸਚ ਅਨੰਦ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਇਕ ਦ੍ਰਿੜਾਈਆ । ਧਰਮ ਕਹੇ ਪ੍ਰਭ ਗੁਰਮੁਖ ਕਵਣ ਧਾਮ ਵਸੇਰਾ, ਜੋ ਵਿਸਰ ਕਦੇ ਨਾ ਜਾਈਆ । ਜਿਸ ਗ੍ਰਿਹ ਵਸੇ ਨੇਰਨ ਨੇਰਾ, ਦੂਰ ਦੁਰਾਡਾ ਪੰਧ ਮੁਕਾਈਆ । ਸ੍ਰੀ ਭਗਵਾਨ ਕਹੇ ਮੈਂ ਜੁਗ ਜੁਗ ਬੰਨ੍ਹਾਂ ਬੇੜਾ, ਨਿਤ ਨਿਤ ਸੇਵ ਕਮਾਈਆ । ਲੱਖ ਚੁਰਾਸੀ ਮੇਰਾ ਨਿੱਕਾ ਜਿਹਾ ਵਿਹੜਾ, ਕੋਟਨ ਕੋਟ ਕਾਲ ਰਿਹਾ ਭੁਆਈਆ । ਲੇਖਾ ਜਾਣੇ ਗੁਰੂ ਗੁਰ ਚੇਰਾ, ਚੇਰਾ ਗੁਰ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਹੋਏ ਸਹਾਈਆ । ਉਠ ਸਤਿ ਵੇਖ ਮੇਰਾ ਗੁਰਮੁਖ, ਜਿਸ ਦੀ ਆਪ ਬਣਤ ਬਣਾਈਆ । ਓਸ ਦੇ ਅੰਦਰ ਇਕੋ ਸੁਖ, ਸਾਂਤਕ ਸਤਿ ਨਜ਼ਰੀ ਆਈਆ । ਜਗਤ ਕੁਟੰਬ ਮਿਟਿਆ ਦੁੱਖ, ਦਰਦੀ ਦਰਦ ਮੇਰੇ ਨਾਲ ਰਖਾਈਆ । ਦਰਸ ਪਾ ਸੂਰਾ ਸਰਬੰਗ, ਸੂਰਤ ਹਿਰਦੇ ਸਚ ਵਸਾਈਆ । ਕੂੜੀ ਕਿਰਿਆ ਢਾਹ ਕੇ ਕੰਧ, ਮੰਦਰ ਸੋਹਣਾ ਦਿਤਾ ਸੁਹਾਈਆ । ਸੋਹੰ ਢੋਲਾ ਗਾ ਕੇ ਛੰਦ, ਆਤਮ ਪਰਮਾਤਮ ਜੋੜ ਜੁੜਾਈਆ । ਸਾਢੇ ਤਿੰਨ ਹੱਥ ਅੰਦਰ ਹੋ ਕੇ ਬੰਦ, ਬੰਦਗੀ ਇਕੋ ਰਿਹਾ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਓਹਲਾ ਰਿਹਾ ਉਠਾਈਆ । ਆ ਵੇਖ ਗੁਰਮੁਖ ਮੀਤ, ਹਰਿ ਮਿਤਰ ਸਚ ਦ੍ਰਿੜਾਇੰਦਾ । ਜਿਸ ਦੀ ਜਗਤ ਨਿਰਾਲੀ ਰੀਤ, ਜੋਤ ਅਕਾਲੀ ਮੇਲ ਮਿਲਾਇੰਦਾ । ਨਾਤਾ ਛੱਡ ਕੇ ਮੰਦਰ ਮਸੀਤ, ਕਾਇਆ ਬੰਕ ਸੋਭਾ ਪਾਇੰਦਾ । ਸਤਿ ਸਚ ਕਰੇ ਪ੍ਰੀਤ, ਪ੍ਰੀਤਮ ਆਪਣਾ ਇਕ ਮਿਲਾਇੰਦਾ । ਮਿੱਠਾ ਹੋਏ ਕੌੜਾ ਰੀਠ, ਰਸ ਰਸ ਵਿਚੋਂ ਵਖਾਇੰਦਾ । ਜਗਤ ਨਿਮਾਣਾ ਹੋ ਕੇ ਨੀਚੋ ਨੀਚ, ਬਾਲਮੀਕ ਚਮਰੇਟੇ ਜੋੜ ਜੁੜਾਇੰਦਾ । ਜਿਸ ਦੀ ਧਾਰ ਸਦਾ ਬਾਰੀਕ, ਬਾਹਰੋ ਬਾਹਰ ਆਪਣੀ ਖੇਲ ਖਿਲਾਇੰਦਾ । ਜਿਸ ਦੀ ਸਾਰੇ ਕਰਦੇ ਗਏ ਉਡੀਕ, ਗੁਰ ਅਵਤਾਰ ਪੀਰ ਪੈਗੰਬਰ ਰਾਹ ਤਕਾਇੰਦਾ । ਸੋ ਸਵਾਮੀ ਸਾਹਿਬ ਸਤਿਗੁਰ ਗੁਰਮੁਖਾਂ ਉਤੇ ਕਰ ਬਖ਼ਸ਼ੀਸ਼, ਬਖ਼ਸ਼ਿਸ਼ ਆਪਣੀ ਝੋਲੀ ਪਾਇੰਦਾ । ਤ੍ਰੈ ਭਵਨ ਧਨੀ ਤ੍ਰੈਗੁਣ ਅਤੀਤਾ ਬੈਠਾ ਰਹੇ ਅਤੀਤ, ਮਹੱਲ ਅਟਲ ਡੇਰਾ ਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਵੇਖ ਵਖਾਇੰਦਾ । ਆ ਵੇਖ ਗੁਰਮੁਖ ਚੰਦਾ, ਰਵੀ ਮਿਲੀ ਵਡਿਆਈਆ । ਜਿਸ ਦੇ ਚਰਨ ਚੁੰਮੇ ਗੰਗਾ, ਗੋਦਾਵਰੀ ਸੁਰਸਤੀ ਜਮਨਾ ਨਿਉਂ ਨਿਉਂ ਲਾਗੇ ਪਾਈਆ । ਉਸ ਦਾ ਲੇਖਾ ਚੁੱਕਿਆ ਬੱਤੀ ਦੰਦਾਂ, ਰਸਨਾ ਜਿਹਵਾ ਬੈਠੀ ਪੰਧ ਮੁਕਾਈਆ ।

ਪ੍ਰਭ ਦਿਤਾ ਪਰਮਾਨੰਦਾ, ਪਾਰਬ੍ਰਹਮ ਪ੍ਰਭ ਆਪਣੀ ਬੂਝ ਬੁਝਾਈਆ । ਤਨ ਮਨ ਸੀਤਲ ਕੀਤਾ ਠੰਡਾ, ਅਗਨੀ ਅੱਗ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਬਹਿ ਵਖਾਈਆ । ਆ ਵੇਖ ਦਵਾਰਾ ਭਲਾ, ਸੋਹਣਾ ਸਚ ਦ੍ਰਿੜਾਈਆ । ਜਿਥੇ ਗੁਰਮੁਖ ਵਸੇ ਸਚ ਮਹੱਲਾ, ਮਹਿਫ਼ਲ ਨਾਮ ਲਗਾਈਆ । ਸ੍ਰੀ ਭਗਵਾਨ ਫੜਾਇਆ ਪੱਲਾ, ਧੁਰ ਦਾ ਜੋੜ ਜੁੜਾਈਆ । ਪੰਧ ਮੁਕਾ ਕੇ ਜਲਾਂ ਥਲਾਂ, ਸਮੁੰਦ ਸਾਗਰ ਚਰਨਾਂ ਹੇਠ ਦਬਾਈਆ । ਸਚ ਸਿੰਘਾਸਣ ਆ ਕੇ ਮੱਲਾ, ਪ੍ਰਿਥਮੀ ਆਕਾਸ਼ ਡੇਰਾ ਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲ ਮਿਲਾਵਾ ਸਹਿਜ ਸੁਭਾਈਆ । ਧਰਮ ਕਹੇ ਮੈਂ ਜਾਵਾਂ ਬਲਿਹਾਰ, ਗੁਰਮੁਖ ਧੰਨ ਤੇਰੀ ਵਡਿਆਈਆ । ਜਿਸ ਦਾ ਪ੍ਰੀਤਮ ਇਕ ਨਿਰੰਕਾਰ, ਕਰਤਾ ਪੁਰਖ ਘਰ ਘਰ ਕਾਰ ਕਮਾਈਆ । ਮੈਂ ਓਸ ਦਾ ਸੇਵਾਦਾਰ, ਚਾਕਰ ਰੂਪ ਵਟਾਈਆ । ਨਮੋ ਨਮੋ ਕਰਾਂ ਨਿਮਸਕਾਰ, ਨਿਉਂ ਨਿਉਂ ਲਾਗਾਂ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਿਸ ਦਿਤੀ ਮਾਣ ਵਡਿਆਈਆ । ਧਰਮ ਕਹੇ ਗੁਰਮੁਖ ਧੂੜੀ, ਮੈਂ ਟਿੱਕਾ ਖ਼ਾਕ ਰਮਾਈਆ । ਓਹਦੀ ਰੰਗਣ ਵੇਖ ਗੂੜ੍ਹੀ, ਗੂੜ੍ਹਾ ਰੰਗ ਮੈਨੂੰ ਗਿਆ ਭਾਈਆ । ਮੈਂ ਦਰਸ਼ਨ ਕਰਾਂ ਜ਼ਰੂਰੀ, ਜ਼ਰੂਰਤ ਆਪਣੇ ਨਾਲ ਰਲਾਈਆ । ਓਸ ਦੇ ਦਰ ਕਰਾਂ ਮਜ਼ਦੂਰੀ, ਦਿਵਸ ਰੈਣ ਪੀਸਣ ਪੀਸ ਸੇਵ ਕਮਾਈਆ । ਅਬਿਨਾਸ਼ੀ ਕਰਤਾ ਕਹੇ ਮੈਂ ਉਸ ਦਾ ਮਾਲਕ ਹਾਜ਼ਰ ਹਜ਼ੂਰੀ, ਹਰ ਦਮ ਆਪਣੇ ਨਾਲ ਮਿਲਾਈਆ । ਮਨਸਾ ਵਿਚੋਂ ਆਸਾ ਪੂਰੀ, ਆਸਾ ਵਿਚੋਂ ਮਨਸਾ ਰੋਗ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਸੋਹਣਾ ਘਰ ਵਖਾਈਆ । ਸਤਿ ਧਰਮ ਕਹੇ ਮੈਂ ਗੁਰਮੁਖ ਚਰਨ, ਵੇਖ ਵੇਖ ਬਿਗਸਾਈਆ । ਦੂਰ ਦੁਰਾਡਾ ਉਠ ਕੇ ਆਇਆ ਫੜਨ, ਬਣ ਕੇ ਪਾਂਧੀ ਪੰਧ ਮੁਕਾਈਆ । ਤਰਿਆਂ ਨਾਲ ਰਲਕੇ ਆਇਆ ਤਰਨ, ਅਨਤਾਰੂ ਪੱਤਨ ਘਾਟ ਬੈਠਾ ਡੇਰਾ ਲਾਈਆ । ਸਾਚੀ ਵਿਦਿਆ ਆਇਆ ਪੜ੍ਹਨ, ਜੋ ਅਬਿਨਾਸ਼ੀ ਕਰਤੇ ਦਿਤੀ ਸਿਖਾਈਆ । ਮੰਜ਼ਲ ਪੌੜੇ ਆਇਆ ਚੜ੍ਹਨ, ਜੋ ਗੁਰਮੁਖਾਂ ਅੰਦਰ ਦਿਤਾ ਲਗਾਈਆ । ਇਨ੍ਹਾਂ ਨਾਲ ਮਿਲ ਕੇ ਅਬਿਨਾਸ਼ੀ ਕਰਤੇ ਦਰਸ ਆਇਆ ਕਰਨ, ਦਹਿ ਦਿਸ਼ਾ ਵੇਖ ਵਖਾਈਆ । ਮੇਰਾ ਜੀਵਣ ਬਦਲੇ ਵਿਚ ਮਰਨ, ਮੁਰਦਿਆਂ ਵਿਚੋਂ ਮਰਦ ਲਏ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਰੰਗਣ ਦਏ ਚੜ੍ਹਾਈਆ । ਆਹ ਵੇਖ ਗੁਰਮੁਖ ਰੰਗ, ਰੰਗ ਰਤੜਾ ਆਪ ਜਣਾਇੰਦਾ । ਆਤਮ ਸੇਜਾ ਸਚ ਪਲੰਘ, ਪੁਰਖ ਅਬਿਨਾਸ਼ੀ ਡੇਰਾ ਲਾਇੰਦਾ । ਬੋਧ ਅਗਾਧ ਅਨਾਦ ਸ਼ਬਦ ਵਜੇ ਮਰਦੰਗ, ਸੁਰ ਤਾਲ ਨਜ਼ਰ ਕਿਸੇ ਨਾ ਆਇੰਦਾ । ਸੁਰਤੀ ਸ਼ਬਦੀ ਢੋਲਾ ਆਤਮ ਪਰਮਾਤਮ ਛੰਦ, ਪਾਰਬ੍ਰਹਮ ਪ੍ਰਭ ਆਪਣਾ ਰਾਗ ਅਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੁਰਮੁਖ ਘਰ ਇਕ ਸੁਹਾਇੰਦਾ । ਗੁਰਮੁਖ ਘਰ ਸਾਢੇ ਤਿੰਨ ਹੱਥ, ਹਰਿ ਸਤਿਗੁਰ ਬਣਤ ਬਣਾਈਆ । ਜਿਸ ਦੇ ਅੰਦਰ ਵਸਤ ਦਿਤੀ ਰੱਖ, ਸਮਗਰੀ ਸਚ ਬਣਾਈਆ । ਨਿਰਗੁਣ ਸਰਗੁਣ ਵੇਖੇ ਹੋ ਪਰਗਟ, ਪਰਗਟ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰਵਾਨ ਮਿਹਰ ਨੈਣ ਤਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖਾਂ ਵਿਚੋਂ ਗੁਰਮੁਖ ਨਿਸ਼ਾਨ, ਜਿਸ ਦਾ ਨਿਸ਼ਾਨਾ ਨਿਸ਼ਾਨਿਆਂ ਵਿਚੋਂ ਲਾਈਆ । ਗੁਰਮੁਖ ਸੰਸਥਾ ਹੋਏ ਸਥਾਪਤ, ਸਗਲਾ ਸੰਗ ਨਿਭਾਈਆ । ਜਿਸ ਸੰਸਥਾ ਦਾ ਮਾਲਕ ਸਰਬ ਵਿਆਪਕ, ਹਰ ਘਟ ਡੇਰਾ ਲਾਈਆ । ਨਿਤ ਨਵਿਤ ਦੀਨ ਦਿਆਲ ਯਾਚਕ, ਜੁਗਤੀ ਜਗਤ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਗੁਰਮੁਖ ਸੰਸਥਾ ਚਾਰ ਵਰਨ, ਬਰਨ ਅਠਾਰਾਂ ਮੇਲ ਮਿਲਾਈਆ । ਸਭ ਨੂੰ ਬਖ਼ਸ਼ੇ ਇਕੋ ਸ਼ਰਨ, ਸਿਰ ਆਪਣਾ ਹੱਥ ਟਿਕਾਈਆ । ਮਾਲਕ ਹੋ ਕੇ ਆਇਆ ਫੜਨ, ਜ਼ਾਮਨ ਹੋ ਕੇ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੁਰਮੁਖ ਸੰਸਥਾ ਗੁਰਮੁਖ ਪ੍ਰਬੰਧਕ, ਗੁਰਮੁਖ ਗੁਰਮੁਖ ਧਿਆਨ ਲਗਾਈਆ । ਗੁਰਮੁਖ


੨੨੯

ਬੋਧ ਅਗਾਧਾ ਪੰਡਤ, ਗੁਰਮੁਖ ਗੁਰਮੁਖ ਕਰੇ ਪੜ੍ਹਾਈਆ । ਗੁਰਮੁਖ ਹੁਕਮ ਗੁਰਮੁਖ ਸੰਗਤ, ਗੁਰਮੁਖ ਗੁਰਮੁਖ ਰਿਹਾ ਬਣਾਈਆ । ਜਿਸ ਦਾ ਨਾਮ ਪੁਰਖ ਅਕਾਲ ਕੀਤਾ ਅੰਕਤ, ਅੰਕ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਲੇਖਾ ਆਪ ਲਿਖਾਈਆ । ।

### ✪ ੪ ਅੱਸੂ ੨੦੨੧ ਬਿਕ੍ਰਮੀ ਡਾਕਟਰ ਪਾਲ ਸਿੰਘ ਦੇ ਗ੍ਰਿਹਿ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਦਵਾਰਾ ਵੱਖਰਾ, ਜਨ ਭਗਤਾਂ ਦਿਤਾ ਪਰਗਟਾਈਆ । ਜਿਥੇ ਗੋਬਿੰਦ ਵਿਛਾ ਕੇ ਆਪਣਾ ਸਥਰਾ, ਗੁਰਸਿਖ ਸਾਰੇ ਉਤੋਂ ਦਿਤੇ ਲੰਘਾਈਆ । ਮਾਣ ਵਡਿਆਈ ਰਿਹਾ ਨਾ ਕੋਈ ਨਖ਼ਰਾ, ਹੰਗਤਾ ਗੜ੍ਹ ਨਾ ਕੋਇ ਬਣਾਈਆ । ਮਾਰਗ ਦੱਸ ਦੇ ਸਭ ਨੂੰ ਪੱਧਰਾ, ਔਝੜ ਰਾਹ ਨਾ ਕੋਇ ਵਖਾਈਆ । ਕਲਜੁਗ ਅੰਤਮ ਕੂੜੀ ਕਿਰਿਆ ਚੁਕਾਵੇ ਬਦਲਾ, ਬਦਲ ਦੇਵੇ ਸਰਬ ਲੋਕਾਈਆ । ਸਚ ਸਿੰਘਾਸਣ ਬਹਿ ਕੇ ਕਰੇ ਅਦਲਾ, ਅਦਾਲਤ ਇਕੋ ਇਕ ਲਗਾਈਆ । ਪਿਛਲੀ ਪਿਛੇ ਰਹਿ ਗਈ ਮੰਜ਼ਲਾ, ਅੱਗੇ ਰਹਿਬਰ ਇਕ ਖ਼ੁਦਾਈਆ । ਜਿਸ ਦਾ ਢੋਲਾ ਨਾਮ ਗ਼ਜ਼ਲਾ, ਨਗ਼ਮੇ ਆਪਣੇ ਰਿਹਾ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਘਰ ਰਿਹਾ ਸਮਝਾਈਆ । ਸਤਿ ਧਰਮ ਸਚ ਦਵਾਰਾ, ਸੋ ਪੁਰਖ ਨਿਰੰਜਣ ਆਪ ਜਣਾਇੰਦਾ । ਜਿਸ ਗ੍ਰਿਹਿ ਵਸੇ ਏਕੰਕਾਰਾ, ਹਰਿ ਪੁਰਖ ਨਿਰੰਜਣ ਸੋਭਾ ਪਾਇੰਦਾ । ਜਿਸ ਮੰਦਰ ਦੀਪਕ ਇਕ ਉਜਿਆਰਾ, ਆਦਿ ਨਿਰੰਜਣ ਡਗਮਗਾਇੰਦਾ । ਜਿਸ ਦਵਾਰੇ ਇਕ ਵਰਤਾਰਾ, ਅਬਿਨਾਸ਼ੀ ਕਰਤਾ ਨਜ਼ਰੀ ਆਇੰਦਾ । ਜਿਸ ਗ੍ਰਿਹਿ ਇਕ ਜੈਕਾਰਾ, ਸ੍ਰੀ ਭਗਵਾਨ ਰਾਗ ਸੁਣਾਇੰਦਾ । ਜਿਸ ਘਰ ਇਕੋ ਵੇਖਣਹਾਰਾ, ਪਾਰਬ੍ਰਹਮ ਪ੍ਰਭ ਨਜ਼ਰੀ ਆਇੰਦਾ । ਸੋ ਮਹੱਲ ਅਟਲ ਉਚ ਮਨਾਰਾ, ਲੋਕ ਪਰਲੋਕ ਸੋਭਾ ਪਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਤਿ ਦਵਾਰ ਇਕ ਵਡਿਆਇੰਦਾ । ਸਤਿ ਦਵਾਰਾ ਭਗਤ ਮਹੱਲ, ਹਰਿ ਕਰਤਾ ਆਪ ਬਣਾਈਆ । ਜਗਤ ਜਹਾਨ ਰਹੇ ਅਟਲ, ਸਚਖੰਡ ਸਾਚੇ ਸੋਭਾ ਪਾਈਆ । ਜਗਤ ਹੁਲਾਰੇ ਨਾ ਜਾਏ ਹੱਲ, ਧੱਕਾ ਸਕੇ ਨਾ ਕੋਇ ਲਗਾਈਆ । ਕਲਜੁਗ ਅੰਤਮ ਖੇਲ ਕਰੇ ਪ੍ਰਭ ਅਛਲ ਅਛੱਲ, ਵਲ ਛਲ ਧਾਰੀ ਹੁਕਮ ਵਰਤਾਈਆ । ਗੁਰਮੁਖਾਂ ਦਾ ਨਗਰ ਬਣਾਇਆ ਅਬਚਲ, ਜਿਸ ਦਾ ਲੇਖਾ ਗੁਰ ਅਵਤਾਰ ਗਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚਾ ਗ੍ਰਿਹਿ ਇਕ ਸੁਹਾਈਆ । ਜਨ ਭਗਤਾਂ ਦਵਾਰਾ ਊਚੋ ਊਚ, ਅਗੰਮ ਅਥਾਹ ਰਿਹਾ ਬਣਾਈਆ । ਕਲਜੁਗ ਅੰਤਮ ਕਰਨਾ ਕੂਚ, ਕੂਚਾ ਗਲੀ ਦਏ ਦੁਹਾਈਆ । ਕਿਸੇ ਨਾ ਆਏ ਸਾਚੀ ਸੂਝ, ਸਮਝ ਵਿਚ ਨਾ ਕੋਇ ਟਿਕਾਈਆ । ਸਾਰੇ ਸੁੱਤੇ ਨੈਣ ਮੂੰਦ, ਅੱਖੀਂ ਅੱਖ ਨਾ ਕੋਇ ਪਲਟਾਈਆ । ਜਨ ਭਗਤਾਂ ਪ੍ਰਭ ਆਪੇ ਲਏ ਢੂੰਡ, ਗ੍ਰਿਹਿ ਖੋਜਤ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਚਾਈਂ ਚਾਈਆ । ਸਤਿ ਧਰਮ ਕਹੇ ਮੈਂ ਤੱਕਿਆ ਅੱਖੀਂ, ਭਗਤ ਦਵਾਰ ਨਜ਼ਰੀ ਆਈਆ । ਜਿਸ ਦੀ ਧਾਰ ਦਿਸੀ ਛੱਤੀ, ਛੱਤੀ ਛੱਤੀ ਵੰਡ ਵੰਡਾਈਆ । ਉਥੇ ਖੁਲ੍ਹੀ ਇਕੋ ਹੱਟੀ, ਵਣਜਾਰਾ ਹਰਿ ਜੂ ਡੇਰਾ ਲਾਈਆ । ਪੜ੍ਹਾਵੇ ਧੁਰ ਦੀ ਪੱਟੀ, ਢੋਲਾ ਨਾਮ ਸੁਣਾਈਆ । ਕਾਇਆ ਮਿੱਟੀ ਰੰਗ ਰੰਗੇ ਰੱਤੀ, ਰੁੱਤ ਆਪਣੇ ਨਾਲ ਮਿਲਾਈਆ । ਅੰਦਰ ਹੋ ਕੇ ਮਿਲੇ ਕਮਲਾਪਤੀ, ਪਤਿਪਰਮੇਸ਼ਵਰ ਬੇਪਰਵਾਹੀਆ । ਗੁਰਮੁਖ ਬਣਾਏ ਸੱਚੀ ਸਖੀ, ਸੁਖਨ ਆਪਣੇ ਨਾਲ ਪਰਨਾਈਆ । ਦੀਪਕ ਜੋਤ ਨਿਰੰਜਣ ਜਗਾਏ ਬੱਤੀ, ਘਰ ਮੰਦਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰਾ ਇਕ ਬੁਝਾਈਆ । ਗੁਰਮੁਖ ਦਵਾਰਾ ਸੋਹਣਾ ਉਚਾ, ਊਚੋ ਊਚ ਦਏ ਵਡਿਆਈਆ । ਤੀਰਥ ਤਟਾਂ ਨਾਲੋਂ ਸੁੱਚਾ, ਮੰਦਰਾਂ ਮੱਠਾਂ ਨਾਲੋਂ ਸੋਭਾ ਪਾਈਆ । ਉਥੇ ਹੰਕਾਰੀ ਪੁਜਾਰੀ ਕੋਈ ਨਾ ਰਹੇ ਵਾਸਨਾ ਕੁੱਤਾ, ਸਵਾਨ ਰੂਪ

੨੩੧

ਹੋ ਕੇ ਭੱਜੇ ਨਾ ਵਾਹੋ ਦਾਹੀਆ । ਉਸ ਦਾ ਮਾਲਕ ਪੁਰਖ ਅਕਾਲ ਦਾ ਪੁੱਤਾ, ਪਤ ਸਭ ਦੀ ਰਿਹਾ ਸਮਝਾਈਆ । ਜੋ ਮਿਹਰਵਾਨ ਹੋ ਕੇ ਤੁੱਠਾ, ਦਇਆਵਾਨ ਦਇਆ ਕਮਾਈਆ । ਜਿਥੇ ਬਾਲਮੀਕ ਰਸ ਪਿਆਇਆ ਲਵ ਕੁਸ਼ਾ, ਧੁਰ ਦੇ ਰਾਮ ਧਿਆਨ ਲਗਾਈਆ । ਉਥੇ ਸ਼ੇਰ ਆਇਆ ਇਕ ਬੱਗੀ ਮੁੱਛਾ, ਚੌਂਕੜ ਛਾੜ ਲਗਾਈਆ । ਸਾਢੇ ਤਿੰਨ ਹੱਥ ਦੂਰ ਆ ਕੇ ਢੁਕਾ, ਨਿਉਂ ਨਿਉਂ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਦ੍ਰਿੜਾਈਆ । ਭਗਤ ਦਵਾਰਾ ਇਕ ਰਮਣੀਕ, ਭੂਮਿਕਾ ਸੋਹਣੀ ਨਜ਼ਰੀ ਆਈਆ । ਜਿਸ ਦਾ ਮਜ਼੍ਹਬ ਨਾ ਕੋਈ ਸ਼ਰੀਕ, ਸ਼ਰਅ ਨਾ ਕੋਇ ਲੜਾਈਆ । ਉਥੇ ਇਕ ਹੱਥ ਸਰਬ ਤੌਫ਼ੀਕ, ਤੋਹਫ਼ੇ ਘਰ ਘਰ ਰਿਹਾ ਪਹੁੰਚਾਈਆ । ਧਾਮ ਸੁਹਾਇਆ ਪੂਰਬ ਬਾਲਮੀਕ, ਅੰਤ ਆਪੇ ਵੇਖ ਵਖਾਈਆ । ਜਿਥੇ ਸਾਢੇ ਤਿੰਨ ਹੱਥ ਮੁਨਾਰਾ ਬਣਿਆ ਠੀਕ, ਸੋ ਸੋਹਣਾ ਰੰਗ ਵਖਾਈਆ । ਜਿਥੇ ਸੱਤ ਰੰਗ ਨਿਸ਼ਾਨਾ ਝੁੱਲੇ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਭੂਮਿਕਾ ਦਏ ਵਡਿਆਈਆ । ਸਤਿ ਧਰਮ ਵੇਖ ਸਿੰਘਾਸਣ, ਸਿੰਘ ਸੂਰਬੀਰ ਜਣਾਈਆ । ਜਿਸ ਨੂੰ ਝੁਕਦੇ ਪ੍ਰਿਥਮੀ ਆਕਾਸ਼ਨ, ਗਗਨ ਮੰਡਲ ਸੱਜਦੇ ਕਰ ਕਰ ਖ਼ੁਸ਼ੀ ਮਨਾਈਆ । ਸੋ ਖੇਲੇ ਖੇਲ ਖ਼ਲਕ ਤਮਾਸ਼ਨ, ਚਾਰੋਂ ਕੁੰਟ ਖ਼ੁਸ਼ੀ ਮਨਾਈਆ । ਦੇਵੇ ਦਰਸ ਜ਼ਾਹਰ ਬਾਤਨ, ਭੇਵ ਅਭੇਦਾ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੰਦਰ ਇਕ ਸੁਹਾਈਆ । ਸਤਿ ਧਰਮ ਕਹੇ ਪ੍ਰਭ ਭਗਤ ਦਵਾਰਾ ਅੱਛਾ, ਸੋਹਣਾ ਨਜ਼ਰੀ ਆਈਆ । ਜਿਸ ਦੇ ਰਾਹ ਤਕਦੇ ਕੱਛ ਮੱਛਾ, ਦੂਰ ਦੁਰਾਡੇ ਅੱਖ ਉਠਾਈਆ । ਪੀਰ ਪੈਗ਼ੰਬਰ ਆਵੇ ਨੱਠਾ, ਬਣ ਕੇ ਪਾਂਧੀ ਰਾਹੀਆ । ਭਗਤ ਭਗਵਾਨ ਚਰਨੀ ਢੱਠਾ, ਮਾਣ ਅਭਿਮਾਨ ਰਹਿਣ ਕੋਇ ਨਾ ਪਾਈਆ । ਜਿਥੇ ਵੱਡੇ ਛੋਟੇ ਕੋਈ ਨਾ ਰੱਟਾ, ਸਭ ਨੂੰ ਇਕੋ ਨਜ਼ਰ ਵੇਖ ਵਖਾਈਆ । ਸਰਬ ਸਵਾਮੀ ਬਣ ਕੇ ਸਾਂਝਾ ਪਿਤਾ, ਪਤਿਪਰਮੇਸ਼ਵਰ ਆਪਣੀ ਦਇਆ ਕਮਾਈਆ । ਜਿਸ ਦੀ ਗੁਰ ਅਵਤਾਰ ਪੀਰ ਪੈਗ਼ੰਬਰ ਕਹਾਣੀ ਖੋਲ੍ਹ ਨਾ ਸਮਝਾਇਆ ਕਿੱਸਾ, ਕਿਸਮ ਵਿਚ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋ ਗੁਰਮੁਖ ਦਵਾਰਾ ਵੇਖ ਵਖਾਈਆ । ਸਤਿ ਧਰਮ ਕਹੇ ਮੈਂ ਵੇਖਾਂ ਦਵਾਰੇ ਓਸ, ਜਿਸ ਘਰ ਮਾਲਕ ਇਕ ਅਖਵਾਈਆ । ਜਿਹੜਾ ਜੁਗ ਚੌਕੜੀ ਬੈਠਾ ਰਿਹਾ ਖ਼ਾਮੋਸ਼, ਸ਼ਬਦ ਇਸ਼ਾਰੇ ਨਾਲ ਸਰਬ ਸਮਝਾਈਆ । ਸੋ ਕਲਜੁਗ ਅੰਤਮ ਕਰ ਪਰਕਾਸ਼ ਨਿਰਮਲ ਜੋਤ, ਜੋਤੀ ਜਾਤਾ ਵੇਸ ਵਟਾਈਆ । ਭਾਗ ਲਗਾਏ ਸਾਚੇ ਕੋਟ, ਗੜ੍ਹ ਬੰਕ ਰਿਹਾ ਸੁਹਾਈਆ । ਭੇਵ ਚੁਕਾਵੇ ਲੋਕ ਪਰਲੋਕ, ਸਚ ਸਲੋਕ ਇਕ ਸਮਝਾਈਆ । ਆਪਣੀ ਕਰ ਕੇ ਅਗਲੀ ਸੋਚ, ਪਿਛਲੀ ਸਮਝ ਰਿਹਾ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਸ਼ਹਿਨਸ਼ਾਹੀਆ । ਭਗਤ ਦਵਾਰ ਕਹੇ ਅੱਗੇ ਆ ਧਰਮ, ਤੈਨੂੰ ਦਿਆਂ ਵਡਿਆਈਆ । ਕਲਜੁਗ ਬੇਹਯਾਈ ਦੀ ਜਾਏ ਸ਼ਰਮ, ਸ਼ਰਅ ਮੇਰੇ ਨੇੜ ਕੋਇ ਨਾ ਆਈਆ । ਨਾ ਕੋਇ ਬਰਨ ਨਾ ਕੋਈ ਵਰਨ, ਦੀਨ ਮਜ਼੍ਹਬ ਨਾ ਕੋਇ ਸਮਝਾਈਆ । ਨਾ ਕੋਇ ਭੈ ਭਉ ਡਰਨ, ਲੱਖ ਚੁਰਾਸੀ ਨਾ ਕੋਇ ਸਮਝਾਈਆ । ਅਗਨੀ ਤਤ ਮੂਲ ਨਾ ਸੜਨ, ਜੋ ਚਲ ਆਇਣ ਸਰਨਾਈਆ । ਸੱਚਾ ਢੋਲਾ ਇਕੋ ਪੜ੍ਹਨ, ਸਤਿ ਸਤਿ ਸਤਿ ਰਾਗ ਅਲਾਈਆ । ਸਚ ਦਵਾਰੇ ਸੋਈ ਵੜਨ, ਜਿਨ੍ਹਾਂ ਮੇਲਾ ਮੇਲੇ ਆਪ ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲੇ ਖੇਲ ਸੱਚਾ ਸ਼ਹਿਨਸ਼ਾਹੀਆ । ਸਤਿ ਧਰਮ ਕਹੇ ਮੈਂ ਆ ਕੇ ਵੇਖਿਆ ਅਨੰਦ, ਹਰਿ ਕਰਤਾ ਰਿਹਾ ਜਣਾਈਆ । ਦਰਸ਼ਨ ਪਾ ਕੇ ਗੁਜਰੀ ਚੰਦ, ਚੰਦਨ ਟਿੱਕਾ ਧੂੜੀ ਮਸਤਕ ਲਾਈਆ । ਖ਼ੁਸ਼ੀ ਹੋਇਆ ਬੰਦ ਬੰਦ, ਬੰਦੀਖ਼ਾਨਾ ਦਿਤਾ ਤੁੜਾਈਆ । ਮੈਂ ਇਕੋ ਮੰਗ ਲਵਾਂ ਮੰਗ, ਖ਼ਾਲੀ ਝੋਲੀ ਘਰ ਭਰਾਈਆ । ਮੇਰੀ ਪ੍ਰੀਤੀ ਮੇਰੀ ਰੀਤੀ, ਮੇਰੀ ਨੀਤੀ ਜਨ ਭਗਤਾਂ ਨਾਲ ਜਾਏ ਹੰਢ, ਮਨਮੁਖ ਨੇੜ ਕੋਇ ਨਾ ਆਈਆ । ਮੈਂ ਪਹਿਲੀ ਵਾਰ ਵਿਚ ਸੰਸਾਰ ਹਰਿ ਨਿਰੰਕਾਰ ਸਚ ਦਵਾਰੇ ਖਾਵਾਂ ਸੁਗੰਧ, ਕਸਮ ਤੇਰੀ ਵਿਚ ਰਖਾਈਆ । ਜਨ

ਭਗਤਾਂ ਕੋਲੋਂ ਕਦੀ ਨਾ ਮੋੜਾਂ ਕੰਡ, ਪਿਛਾ ਦੇ ਨਾ ਮੁਖ ਭੁਆਈਆ । ਇਨ੍ਹਾਂ ਨਾਲ ਮਿਲ ਕੇ ਗਾਵਾਂ ਤੇਰਾ ਛੰਦ, ਸਾਚਾ ਢੋਲਾ ਇਕ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਸਤਿ ਧਰਮ ਕਹੇ ਮੈਂ ਹੋਇਆ ਪਰਦੇਸੀ, ਕਲਜੁਗ ਦੇਸ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਨਾਨਕ ਆਪਣੀ ਝਾੜੀ ਖੇਸੀ, ਮੋਢੇ ਭੂਰੀ ਗਿਆ ਰਖਾਈਆ । ਜਿਸ ਵੇਲੇ ਲਾਲੋ ਹੱਥ ਵਿਚ ਫੜ ਕੇ ਤੇਸੀ, ਕੂੜੀ ਕਿਰਿਆ ਦਿਤੀ ਝੜ੍ਹਾਈਆ । ਮੈਂ ਓਸ ਵੇਲੇ ਤੱਕਿਆ ਕੋਈ ਆਵੇ ਮਾਲਕ ਜੇਠੀ, ਜੇਠਾ ਪੁੱਤ ਲਏ ਬਚਾਈਆ । ਮੇਰੀ ਕੋਈ ਨਾ ਚਲੇ ਸ਼ੇਖ਼ੀ, ਸ਼ੇਖ਼ਾਂ ਦਿਤੀ ਮਤ ਭੁਆਈਆ । ਵਾਹ ਮੇਰੇ ਭਗਵਾਨ ਹੁਣ ਤੇਰੇ ਅੱਗੇ ਭੁਗਤ ਦੇਵੇ ਪੇਸ਼ੀ, ਪੀਰ ਪੈਗ਼ੰਬਰ ਸੀਸ ਨਿਵਾਈਆ । ਅਜੇਹੀ ਖੇਲ ਅਗੰਮੀ ਅੱਗੇ ਕਿਸੇ ਨਾ ਖੇਡੀ, ਲੋਕਮਾਤ ਨਾ ਵਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਧਰਮ ਕਹੇ ਮੈਨੂੰ ਪਿਛਲਾ ਯਾਦ, ਵੇਲਾ ਦਿਆਂ ਜਣਾਈਆ । ਜਿਸ ਵੇਲੇ ਬਜਵਾੜੇ ਕੀਤਾ ਆਬਾਦ, ਕੁੱਲੀ ਕੱਖ ਸੁਹਾਈਆ । ਆਯੂ ਵਿਚੋਂ ਰਹਿ ਕੇ ਨੌ ਰਾਤ, ਨੌ ਦਿਨ ਇਕ ਧਿਆਨ ਲਗਾਈਆ । ਨੌ ਦਵਾਰੇ ਵਾਸਨਾ ਕਰ ਬਰਬਾਦ, ਦਸਮ ਸਵਾਸ ਚੜ੍ਹਾਈਆ । ਓਸ ਵੇਲੇ ਆਈ ਅਗੰਮੀ ਆਵਾਜ਼, ਪੁਰਖ ਅਬਿਨਾਸ਼ੀ ਸ਼ਬਦ ਕਰੇ ਸ਼ਨਵਾਈਆ । ਕਲਜੁਗ ਅੰਤਮ ਖੇਲੇ ਖੇਲ ਪੁਰਖ ਅਬਿਨਾਸ਼, ਅਬਿਨਾਸ਼ੀ ਕਰਤਾ ਹੋਏ ਸਹਾਈਆ । ਸਚ ਦਵਾਰੇ ਪਾਵੇ ਰਾਸ, ਧੁਰ ਦਾ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੇਤਰ ਨੈਣ ਅੱਖ ਖੁਲ੍ਹਾਈਆ । ਬਾਲਮੀਕ ਅੰਤਰਗਤ, ਆਤਮ ਵੇਖ ਵਖਾਈਆ । ਵਾਹ ਸਾਹਿਬ ਪੁਰਖ ਸਮਰਥ, ਤੇਰਾ ਹੁਕਮ ਬੇਪਰਵਾਹੀਆ । ਬਿਨ ਕੰਨਾਂ ਸੁਣ ਕੇ ਗਿਆ ਹੱਸ, ਆਪਣੀ ਖ਼ੁਸ਼ੀ ਮਨਾਈਆ । ਠਾਕਰ ਅਗਲਾ ਲੇਖਾ ਦੱਸ, ਕੀ ਤੇਰੀ ਵਡਿਆਈਆ । ਕਲਜੁਗ ਹੋਵੇਂ ਕਿਵੇਂ ਪਰਗਟ, ਨਿਰਗੁਣ ਨੂਰ ਧਰਾਈਆ । ਮੈਂ ਵੇਖਾਂ ਕੇਹੜੀ ਅੱਖ, ਨੈਣਾਂ ਨਾਲ ਤਕਾਈਆ । ਸ੍ਰੀ ਭਗਵਾਨ ਸ਼ਬਦ ਸਰੂਪੀ ਫੜ ਕੇ ਹੱਥ, ਇਸ਼ਾਰੇ ਨਾਲ ਜਣਾਈਆ । ਮੈਂ ਲੇਖਾ ਯਾਦ ਰੱਖਾਂ ਸਚ, ਭੁੱਲ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਬਾਲਮੀਕ ਕਹੇ ਮੈਨੂੰ ਦੇ ਸਚ ਸੰਦੇਸ਼, ਤੇਰਾ ਚਰਨ ਧਿਆਨ ਲਗਾਈਆ । ਤੂੰ ਮਾਲਕ ਇਕ ਨਰੇਸ਼, ਨਰਾਇਣ ਤੇਰੀ ਵਡਿਆਈਆ । ਅਗੰਮੀ ਖੋਲ੍ਹ ਆਪਣਾ ਭੇਤ, ਭਾਵਨਾ ਨਾਲ ਸਮਝਾਈਆ । ਇਹ ਸੋਹਣਾ ਚੰਗਾ ਦੇਸ, ਜਿਥੇ ਬੈਠਿਆਂ ਤੇਰਾ ਰੂਪ ਨਜ਼ਰੀ ਆਈਆ । ਲਵ ਕੁਸ਼ ਕੱਖਾਂ ਵਿਚ ਲਪੇਟ, ਸੋਹਣੇ ਆਸਣ ਦਿਤੇ ਟਿਕਾਈਆ । ਤੇਰੀ ਮੁਹੱਬਤ ਨਾਲ ਰਹੇ ਖੇਡ, ਖ਼ੁਸ਼ੀਆਂ ਵਿਚ ਸਮਾਈਆ । ਸ੍ਰੀ ਭਗਵਾਨ ਕਿਹਾ ਮੈਂ ਤਾਰਾਂ ਏਨ੍ਹਾਂ ਨਾਲ ਸਮੇਤ, ਹੋਵਾਂ ਆਪ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬਾਲਮੀਕ ਕਹੇ ਮੈਨੂੰ ਆਈ ਨਹੀਂ ਕੁਛ ਸੋਚ, ਸਚ ਦੇ ਸਮਝਾਈਆ । ਜੁਗ ਜੁਗ ਦੀ ਬਖ਼ਸ਼ ਹੋਸ਼, ਹੌਸਲਾ ਦੇ ਵਧਾਈਆ । ਤੇਰੇ ਹੱਥ ਅਗੰਮੀ ਪਹੁੰਚ, ਪਛਾਣ ਤੇਰੀ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ੁਰਮਾਣਾ ਹੁਕਮ ਸੁਣਾਈਆ । ਧੁਰ ਫ਼ੁਰਮਾਣ ਸੁਣਾਏ ਦਰਦੀ, ਧੁਰ ਦਾ ਦਰਦ ਵੰਡਾਇੰਦਾ । ਤੇਰੀ ਮਨਜ਼ੂਰ ਸਾਚੀ ਅਰਜ਼ੀ, ਆਰਜ਼ੂ ਆਪਣੇ ਲੇਖੇ ਲਾਇੰਦਾ । ਪੁਰਖ ਅਬਿਨਾਸ਼ੀ ਬਣਕੇ ਫ਼ਰਜ਼ੀ, ਫ਼ਰਜ਼ ਆਪਣਾ ਤੋੜ ਨਿਭਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਇੰਦਾ । ਸਾਚਾ ਹੁਕਮ ਦੇਵੇ ਨਿਰੰਕਾਰ, ਅੰਤਰ ਅੰਤਰ ਆਪ ਸੁਣਾਈਆ । ਤ੍ਰੇਤਾ ਦੁਆਪਰ ਬੀਤੇ ਵਿਚ ਸੰਸਾਰ, ਕਲਜੁਗ ਲਹਿਣਾ ਝੋਲੀ ਪਾਈਆ । ਲਵ ਕੁਸ਼ ਦਾ ਕਰ ਆਧਾਰ, ਗੋਬਿੰਦ ਗੋਦ ਸੁਹਾਈਆ । ਨੀਂਹਾਂ ਹੇਠ ਏਨ੍ਹਾਂ ਸੁਆਲ, ਕੂੜੀ ਜੜ੍ਹ ਉਖੜਾਈਆ । ਅੰਤਮ ਦੀਆ ਦੀਪਕ ਇਕੋ ਬਾਲ, ਜੋਤੀ ਜੋਤ ਕਰੇ ਰੁਸ਼ਨਾਈਆ । ਸ਼ਬਦ ਸਰੂਪੀ ਸ਼ਾਹ ਸੁਲਤਾਨ, ਵਡ ਭੂਪੀ ਫੇਰਾ ਪਾਈਆ । ਏਹ ਵੇਖ ਕੇ ਤੇਰਾ ਮੈਦਾਨ, ਭੱਜਾ ਆਵੇ ਵਾਹੋ ਦਾਹੀਆ । ਜਿਸ ਦੇ ਉਤੇ ਲਾਇਆ ਨਿਸ਼ਾਨ, ਅੱਖਰਾਂ ਨਾਲ ਪੜ੍ਹਾਈਆ ।


੨੩੨

ਪੁਰਖ ਅਕਾਲ ਹੋਵੇ ਮਿਹਰਵਾਨ, ਮਿਹਰ ਨਜ਼ਰ ਉਠਾਈਆ । ਨਿਕਿਆਂ ਬੱਚਿਆਂ ਦੇ ਕੇ ਦਾਨ, ਤੇਰੀ ਭੂਮਿਕਾ ਲਏ ਪਰਗਟਾਈਆ । ਓਸੇ ਦਿਨ ਓਸੇ ਰਾਤ ਦੇਵੇ ਆਪ ਫ਼ਰਮਾਨ, ਫ਼ੁਰਨਾ ਇਕ ਫੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਤੇਰੇ ਹੱਥ ਟਿਕਾਈਆ । ਬਾਲਮੀਕ ਕਹੇ ਮੋਹੇ ਤੇਰੀ ਓਟ, ਆਸਰਾ ਨਜ਼ਰ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰੀ ਜੋਤ, ਮਾਲਕ ਬੇਪਰਵਾਹੀਆ । ਲੇਖਾ ਚੁਕਾਏ ਹਰਖ਼ ਸੋਗ, ਚਿੰਤਾ ਗ਼ਮ ਮਿਟਾਈਆ । ਮੈਂ ਵੇਖਾਂ ਤੇਰੀ ਉਹ ਮੌਜ, ਜਿਸ ਦਾ ਲੇਖ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਸਚ ਦੇ ਦ੍ਰਿੜਾਈਆ । ਬਾਲਮੀਕ ਬਾਲੀ ਬੁਧ, ਹਰਿ ਕਰਤਾ ਆਪ ਜਣਾਇੰਦਾ । ਜੁਗ ਚੌਕੜੀ ਦੇਵਣਹਾਰਾ ਸੁਧ, ਸੁਧਾਸਰ ਇਕੋ ਇਕ ਪਰਗਟਾਇੰਦਾ । ਸ਼ਾਹਸਵਾਰਾ ਅਸਵ ਬਹੇ ਕੁੱਦ, ਜੰਗਲ ਜੂਹ ਉਜਾੜ ਪਹਾੜ ਡੂੰਘੀ ਕੰਦਰ ਪੰਧ ਮੁਕਾਇੰਦਾ । ਭੇਵ ਅਭੇਦਾ ਖੋਲ੍ਹੇ ਗੁਝ, ਪੜਦਾ ਓਹਲਾ ਆਪ ਚੁਕਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਕਰੇ ਭਗਵੰਤ, ਭਗਵਨ ਵਡ ਵਡਿਆਈਆ । ਖੇਲੇ ਖੇਲ ਜੁਗਾ ਜੁਗੰਤ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਧਾਰ ਚਲਾਈਆ । ਲੱਖ ਚੁਰਾਸੀ ਬਣਾਏ ਬਣਤ, ਸਾਧ ਸੰਤ ਲਏ ਉਪਜਾਈਆ । ਜਿਸ ਵੇਲੇ ਕਲਜੁਗ ਆਵੇ ਅੰਤ, ਸਦੀ ਬੀਸਵੀਂ ਆਪਣਾ ਰੰਗ ਰੰਗਾਈਆ । ਕਰੇ ਖੇਲ ਆਪ ਅਨੰਤ, ਗਿਣਤੀ ਗਣਤ ਨਾ ਕੋਇ ਗਣਾਈਆ । ਤੇਰੇ ਮਿਲਣ ਦੀ ਸਚ ਬਣਾ ਕੇ ਬਣਤ, ਮੇਲ ਮਿਲਾਏ ਸਹਿਜ ਸੁਭਾਈਆ । ਜਿਸ ਨੂੰ ਸਮਝੇ ਕੋਈ ਨਾ ਪਾਂਧਾ ਪੰਡਤ, ਸ਼ਾਸਤਰ ਵੇਦ ਪੁਰਾਨ ਨਾ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲਹਿਣਾ ਦਏ ਚੁਕਾਈਆ । ਤੇਰਾ ਲਹਿਣਾ ਰੱਖੇ ਚੇਤੇ, ਚੇਤਨ ਸੁਰਤੀ ਨਾਲ ਮਿਲਾਇੰਦਾ । ਤੇਰੇ ਨੇਤਰ ਨੈਣ ਆਪੇ ਵੇਖੇ, ਲੋਚਣ ਆਪਣੀ ਅੱਖ ਖੁਲ੍ਹਾਇੰਦਾ । ਸਨਮੁਖ ਹੋ ਕੇ ਸਾਹਿਬ ਸਵਾਮੀ ਵੇਖੇ, ਦੂਰ ਦੁਰਾਡਾ ਡੇਰਾ ਢਾਇੰਦਾ । ਤੇਰੀ ਸੇਜਾ ਆਤਮ ਉਤੇ ਲੇਟੇ, ਸਚ ਸਿੰਘਾਸਣ ਸੋਭਾ ਪਾਇੰਦਾ । ਇਹ ਨਿੱਕੇ ਦੋਵੇਂ ਬੇਟੇ, ਗੋਬਿੰਦ ਰੰਗ ਰੰਗਾਇੰਦਾ । ਪਹਿਲੋਂ ਕਰ ਕੇ ਸਾਚੀ ਭੇਟੇ, ਨਿਰਗੁਣ ਸਰਗੁਣ ਜ਼ੀਰੋ ਵੀਹ ਅੰਕ ਬਣਾਇੰਦਾ । ਇਕ ਦਸ ਦਾ ਖੇਲ ਵੇਖੇ, ਏਕੰਕਾਰਾ ਆਪਣੀ ਕਲ ਧਰਾਇੰਦਾ । ਵੀਹ ਸੌ ਦਸ ਖੇਡ ਖੇਲੇ, ਭਾਂਡਾ ਭਰਮ ਭੰਨਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਸੁਨੇਹੜਾ ਇਕ ਘਲਾਇੰਦਾ । ਬਾਲਮੀਕ ਅੰਦਰ ਤੱਕਿਆ, ਬਾਹਰੋਂ ਨਜ਼ਰ ਕੁਛ ਨਾ ਆਈਆ । ਕਵਣ ਸੰਦੇਸਾ ਦੇਵੇ ਹੋਇਆ ਹੱਕਿਆ ਬੱਕਿਆ, ਨੇਤਰ ਨੈਣ ਚਾਰੋਂ ਕੁੰਟ ਵੇਖ ਵਖਾਈਆ । ਪੁਰਖ ਅਬਿਨਾਸ਼ੀ ਨਿਰਗੁਣ ਧਾਰ ਆਤਮ ਪਰਮਾਤਮ ਵਿਚੋਂ ਰੱਟਿਆ, ਜੋਤੀ ਜੋਤ ਕਰੇ ਰੁਸ਼ਨਾਈਆ । ਸ਼ਬਦ ਖੰਡੇ ਧਾਰ ਨਾਲ ਕੱਟਿਆ, ਸੁਰਤੀ ਸੁਰਤ ਦਿਤੀ ਬਦਲਾਈਆ । ਉਠ ਵੇਖ ਮੇਰੇ ਬੱਚਿਆ, ਅਗਲਾ ਲੇਖਾ ਦਿਆਂ ਜਣਾਈਆ । ਕਾਇਆ ਮਾਟੀ ਭਾਂਡੇ ਕੱਚਿਆ, ਤੇਰੀ ਕਾਇਆ ਗਗਰੀ ਲੇਖੇ ਪਾਈਆ । ਪਹਿਲੋਂ ਨੌਂ ਦਵਾਰੇ ਵਾਟੇ ਮਾਣਸ ਮਾਰਨ ਨੱਠਿਆ, ਭੱਜੇ ਵਾਹੋ ਦਾਹੀਆ । ਪ੍ਰੇਮ ਪ੍ਰੀਤੀ ਨਾਲ ਤੀਰ ਨਿਰਾਲਾ ਮਾਰ ਤੈਨੂੰ ਫਟਿਆ, ਪੱਟੀ ਆਪਣਾ ਨਾਮ ਰਖਾਈਆ । ਕਦੀ ਤੂੰ ਨਾ ਤੋਲਿਆ ਤੱਕੜੀ ਵੱਟਿਆ, ਨਾਮ ਕੰਡਾ ਇਕੋ ਇਕ ਦਰਸਾਈਆ । ਔਹ ਵੇਖ ਤ੍ਰੇਤਾ ਦੁਆਪਰ ਕਲਜੁਗ ਦੂਰ ਦੁਰਾਡਾ ਬਹਿ ਕੇ ਹੱਸਿਆ, ਉਚੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਤੇਰੇ ਹੱਥ ਟਿਕਾਈਆ । ਓ ਬਾਲਮੀਕ ਬਜਵਾੜੇ ਬੁੱਚੜ, ਤੈਨੂੰ ਸਚ ਦਿਆਂ ਸਮਝਾਈਆ । ਤੈਨੂੰ ਚੁੱਕ ਕੇ ਆਪਣੇ ਕੁੱਛੜ, ਆਪ ਆਪਣਾ ਮੇਲ ਮਿਲਾਈਆ । ਕਲਜੁਗ ਅੰਤ ਕਦੇ ਨਾ ਜਾਵਾਂ ਮੁਕਰ, ਮੁਜਰਮ ਹੋ ਕੇ ਕਦੇ ਨਾ ਮੁਖ ਭੁਆਈਆ । ਤੂੰ ਮੇਰਾ ਕੀਤਾ ਸ਼ੁਕਰ, ਮੈਂ ਤੇਰੇ ਸ਼ੁਕਰਾਨੇ ਵਿਚ ਖ਼ੁਸ਼ੀ ਮਨਾਈਆ । ਮੇਰੇ ਸਵਾਲ ਜਵਾਬ ਦਾ ਕੋਇ ਨਾ ਦੇਵੇ ਉੱਤਰ, ਗੁਰ ਅਵਤਾਰ ਪੀਰ ਪੈਗ਼ੰਬਰ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ

੨੩੩

ਵਡਿਆਈਆ । ਬਾਲਮੀਕ ਕਹੇ ਮੈਂ ਕੀ ਜਾਣਾਂ, ਕੀ ਤੇਰੀ ਵਡਿਆਈਆ । ਤੂੰ ਪੁਰਖ ਬਿਨ ਰੂਪ ਰੰਗ ਰੇਖ ਨਜ਼ਰ ਕਿਸੇ ਨਾ ਆਣਾ, ਸਚਖੰਡ ਬੈਠਾ ਡੇਰਾ ਲਾਈਆ । ਮੈਂ ਫਿਰਾਂ ਵਿਚ ਮਸਾਣਾਂ, ਧੂੰਆਂਧਾਰ ਵੇਖੀ ਲੋਕਾਈਆ । ਮੈਂ ਸਮਝਿਆ ਪ੍ਰਭ ਇਕ ਅੱਖੋਂ ਕਾਣਾ, ਕਿਸੇ ਨੂੰ ਡੋਬੇ ਕਿਸੇ ਨੂੰ ਤਾਰੇ ਕਿਸੇ ਨੂੰ ਸ਼ੌਹ ਦਰਿਆ ਰੁੜ੍ਹਾਈਆ । ਸ੍ਰੀ ਭਗਵਾਨ ਕਹੇ ਵਾਹ ਬਾਲ ਅੰਵਾਣੇ, ਤੇਰੀ ਵਾਰਤਾ ਮੋਹੇ ਚੰਗੀ ਭਾਈਆ । ਆਦਿ ਜੁਗਾਦਿ ਜੁਗ ਚੌਕੜੀ ਮੇਰੇ ਭਗਤ ਮੇਰੇ ਨਾਲੋਂ ਸਿਆਣੇ, ਜਿਨ੍ਹਾਂ ਮੇਰੀ ਸੋਭਾ ਗਾਈਆ । ਮੈਂ ਉਨ੍ਹਾਂ ਨਾਲ ਝਗੜਾ ਕਾਹਨੂੰ ਕਰਾਂ ਧਿੰਙਾਣੇ, ਜੋ ਮੇਰਾ ਮੇਰੇ ਅੰਦਰ ਧਿਆਨ ਲਗਾਈਆ । ਸਤਿਜੁਗ ਵਰਤਾ ਆਪਣੇ ਭਾਣੇ, ਭਾਣਾ ਸਭ ਨੂੰ ਦਿਆਂ ਸਮਝਾਈਆ । ਤਖ਼ਤੋਂ ਲਾਹ ਕੇ ਰਾਜੇ ਰਾਣੇ, ਸ਼ਾਹ ਸੁਲਤਾਨਾਂ ਖ਼ਾਕ ਰਲਾਈਆ । ਗੁਰਮੁਖ ਪਰਗਟਾ ਕੇ ਸੁਘੜ ਸਿਆਣੇ, ਸੁਚੱਜੇ ਸੋਹਣੇ ਦਿਆਂ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਹੀ ਸਲਾਮਤ ਰਿਹਾ ਸਮਝਾਈਆ । ਬਾਲਮੀਕ ਕਹੇ ਪ੍ਰਭ ਮੈਂ ਤੇਰੀ ਖ਼ਾਤਰ ਖ਼ਤਰਾ ਦਿਆਂ ਗਵਾਈਆ । ਏਹ ਤੇਰਾ ਸੰਦੇਸਾ ਮੇਰਾ ਪਾਤਰ, ਸਦ ਆਪਣੀ ਝੋਲੀ ਪਾਈਆ । ਜਿਸ ਵੇਲੇ ਕਲਜੁਗ ਆਵੇ ਆਖ਼ਰ, ਸਦੀ ਸਦੀਵੀ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਆਪਣਾ ਵਰ, ਦੂਜੇ ਦਰ ਮੰਗਣ ਕਦੇ ਨਾ ਜਾਈਆ । ਬਾਲਮੀਕ ਜਗਤ ਜਵਾਨ, ਭਗਵੰਤ ਭਗਤੀ ਵਿਚ ਬਦਲਾਈਆ । ਹੋ ਕੇ ਦਿਆਲ ਆਪ ਮਿਹਰਵਾਨ, ਘਰ ਮਹਿਮਾਨ ਲਏ ਬਠਾਈਆ । ਸਤਿ ਸਤਿਵਾਦੀ ਦੇ ਕੇ ਦਾਨ, ਬ੍ਰਹਮ ਬ੍ਰਹਿਮਾਦੀ ਭੇਵ ਖੁਲ੍ਹਾਈਆ । ਆਦਿ ਜੁਗਾਦੀ ਦੇ ਨਿਸ਼ਾਨ, ਅਨਾਦੀ ਹੱਥ ਫੜਾਈਆ । ਕਲਜੁਗ ਅੰਤ ਖੇਲ ਕਰੇ ਮਹਾਨ, ਮਹਿੰਮਾ ਅਕਥ ਕਥ ਦ੍ਰਿੜ੍ਹਾਈਆ । ਨੰਨ੍ਹੇ ਬੱਚੇ ਕਰ ਪਰਵਾਨ, ਬਾਲੇ ਸਾਚੀ ਸੇਵ ਲਗਾਈਆ । ਸਾਢੇ ਤਿੰਨ ਹੱਥ ਮਕਾਨ, ਛੱਤੀ ਫੁਟ ਜਗਤ ਨਿਸ਼ਾਨ, ਜੁਗ ਛੱਤੀ ਲਹਿਣਾ ਦਏ ਚੁਕਾਈਆ । ਤੇਰਾ ਲੇਖਾ ਵੇਖੇ ਆਣ, ਆਪ ਆਪਣਾ ਫੇਰਾ ਪਾਈਆ । ਅੰਤਰ ਬਖ਼ਸ਼ ਧਰਮ ਗਿਆਨ, ਬ੍ਰਹਮ ਦਏ ਸਮਝਾਈਆ । ਨਾਤਾ ਜੋੜ ਸ੍ਰੀ ਭਗਵਾਨ, ਵਿਸ਼ਵ ਆਪਣਾ ਰੰਗ ਚੜ੍ਹਾਈਆ । ਜਨ ਭਗਤਾਂ ਬਣਾ ਕੇ ਸਚ ਅਸਥਾਨ, ਅਸਥਲ ਮੰਦਰ ਦਏ ਵਡਿਆਈਆ । ਮਾਣ ਦਵਾ ਕੇ ਗੋਪੀ ਕਾਹਨ, ਸੀਤਾ ਰਾਮ ਜਗਤ ਬਣ ਕਟਾਈਆ । ਬਨਵਾਸੀ ਫਿਰੇ ਨਾ ਕੋਇ ਜਹਾਨ, ਉਦਾਸੀ ਨਜ਼ਰ ਕੋਇ ਨਾ ਆਈਆ । ਸਚ ਦਵਾਰਾ ਖੋਲ੍ਹਿਆ ਆਣ, ਆਪਣੀ ਕਲ ਧਰਾਈਆ । ਜਿਨ੍ਹਾਂ ਗੁਰਮੁਖਾਂ ਜਨ ਭਗਤਾਂ ਢੋਲਾ ਗਾਇਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤਿਨ੍ਹਾਂ ਦਾ ਭਾਗ ਹਿੱਸਾ ਸਕੇ ਨਾ ਕੋਇ ਵੰਡਾਈਆ ।



### ੪ ਅੱਸੂ ੨੦੨੧ ਬਿਕ੍ਰਮੀ ਮਹਿੰਦਰ ਸਿੰਘ ਦੇ ਗ੍ਰਿਹ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ

ਭਗਤ ਦਵਾਰ ਕਹੇ ਕੋਈ ਰਹੇ ਨਾ ਭਰਮ, ਭੁੱਲਿਆਂ ਦਿਆਂ ਜਣਾਈਆ । ਭਗਤ ਭਗਵਾਨ ਕੱਠੇ ਹੋਏ ਧਰਮ, ਧਰਮ ਗੰਢ ਪੁਆਈਆ । ਸਭ ਨੂੰ ਮਿਲ ਕੇ ਇਕ ਦੀ ਨਜ਼ਰ ਆਏ ਸਰਨ, ਸਰਨਗਤ ਸਮਝਾਈਆ । ਅਬਿਨਾਸ਼ੀ ਕਰਤੇ ਲੱਗਣਾ ਚਰਨ, ਚਰਨੋਦਕ ਮੁਖ ਚੁਆਈਆ । ਲਹਿਣਾ ਚੁੱਕੇ ਮਾਣਸ ਜਨਮ, ਜਨਮ ਜਨਮ ਨਾ ਕੋਇ ਭੁਆਈਆ । ਝਗੜਾ ਮੁੱਕੇ ਵਰਨ ਬਰਨ, ਜ਼ਾਤ ਪਾਤ ਵੰਡ ਨਾ ਕੋਇ ਵੰਡਾਈਆ । ਜੋ ਮੇਰੇ ਅੰਦਰ ਆ ਕੇ ਵੜਨ, ਪਿਛਲਾ ਪੰਧ ਗਵਾਈਆ । ਸੋ ਸਾਚਾ ਢੋਲਾ ਪੜ੍ਹਨ, ਸੋਹੰ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਸੋਹਣੀ ਬਣਤ ਬਣਾਈਆ । ਭਗਤ ਦਵਾਰ ਕਹੇ ਮੈਂ ਲੇਖਾ ਦੱਸਾਂ ਅਗਲਾ, ਹਰਿ ਦਾ ਭੇਵ ਜਣਾਈਆ । ਕੋਈ ਲੱਭਣ ਨਾ ਜਾਇਓ ਵਿਚੋਂ ਜੰਗਲਾਂ, ਬੇਲੇ ਢੂੰਡ ਨਾ ਕੋਇ ਢੁੰਡਾਈਆ । ਤੀਰਥਾਂ ਉਤੇ ਨਾ ਮਾਰਿਓ ਮਜਲਾਂ, ਅਠਸਠ

ਭੱਜਣਾਂ ਨਾ ਵਾਹੋ ਦਾਹੀਆ । ਰਾਗਾਂ ਨਾਦਾਂ ਨਾਲ ਲੋੜ ਰਹੇ ਨਾ ਗੌਣ ਦੀ ਗ਼ਜ਼ਲਾਂ, ਗ਼ਰਜ਼ ਸਭ ਦੀ ਪੂਰ ਕਰਾਈਆ । ਦਰ ਦਵਾਰੇ ਔਂਦਿਆਂ ਪ੍ਰਭ ਪਿਛਲਾ ਚੁਕਾਵੇ ਬਦਲਾ, ਅੰਤਰ ਆਤਮ ਦਏ ਬਦਲਾਈਆ । ਨਾਮ ਨਿਧਾਨ ਪਾ ਕੇ ਕਜਲਾ, ਨੇਤਰ ਨੈਣ ਅੱਖ ਖੁਲ੍ਹਾਈਆ । ਮੁਖ ਸ਼ਬਦ ਲਗਾ ਕੇ ਸਗਨਾ, ਧੁਰ ਦਾ ਜੋੜ ਜੁੜਾਈਆ । ਨਾਮ ਖ਼ੁਮਾਰੀ ਰੱਖ ਮਗਨਾ, ਮੰਗਲਾਚਾਰ ਜਣਾਈਆ । ਮਾਣਸ ਜਨਮ ਨਾ ਹੋਵੇ ਭੰਗਣਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਜਾਣੇ ਸਚ ਗੋਸਾਈਆ । ਭਗਤ ਦਵਾਰ ਕਹੇ ਜੋ ਅੰਦਰ ਵੜੇ, ਨੇਤਰ ਨੈਣ ਸ਼ਰਮਾਈਆ । ਪੁਰਖ ਅਬਿਨਾਸ਼ੀ ਢੋਲਾ ਪੜ੍ਹੇ, ਹਰਿ ਹਰਿ ਨਾਮ ਧਿਆਈਆ । ਤੂੰ ਮੇਰਾ ਮੈਂ ਤੇਰਾ ਆਇਆ ਘਰੇ, ਘਰ ਦੇ ਮਾਲਕ ਲੈਣਾ ਮਿਲਾਈਆ । ਜਨਮ ਕਰਮ ਦਾ ਮੁਕੇ ਡਰੇ, ਭੈ ਭੌ ਨਾ ਕੋਇ ਸਤਾਈਆ । ਅੰਤਮ ਅਧਵਿਚਕਾਰ ਕੋਈ ਨਾ ਅੜੇ, ਰਾਏ ਧਰਮ ਨਾ ਦਏ ਸਜ਼ਾਈਆ । ਪੁਰਖ ਅਕਾਲ ਦੀਨ ਦਿਆਲ ਇਕੋ ਆ ਕੇ ਖੜੇ, ਫੜ ਬਾਹੋਂ ਗੋਦ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਭਗਤ ਦਵਾਰ ਕਹੇ ਜੋ ਮੇਰਾ ਮਿਤਰ, ਸੰਗੀ ਸਾਚਾ ਸੰਗ ਨਿਭਾਈਆ । ਉਹ ਜਨਮ ਕਰਮ ਦਾ ਲਾਹ ਕੇ ਆਵੇ ਫ਼ਿਕਰ, ਜਗਤ ਫ਼ਿਕਰਾਂ ਨਾਲੋਂ ਪੱਲੂ ਤੁੜਾਈਆ । ਪ੍ਰੇਮ ਦੀ ਧਾਰੋਂ ਆਏ ਨਿੱਤਰ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਾਲਕ ਆਪਣੀ ਗੋਦ ਉਠਾਈਆ । ਧਰਮ ਦਵਾਰ ਕਹੇ ਜਿਸ ਬਣਨਾ ਮੇਰਾ ਸੱਜਣ, ਸਾਂਝਾ ਯਾਰ ਮਿਲਾਈਆ । ਜਿਸ ਦਾ ਇਕੋ ਨਾਮ ਭਜਨ, ਬੰਦਗੀ ਸਤਿ ਦ੍ਰਿੜਾਈਆ । ਜਿਸ ਦਾ ਇਕੋ ਧੂੜੀ ਮਜਨ, ਦੁਰਮਤ ਮੈਲ ਧੁਆਈਆ । ਇਕੋ ਨੇਤਰ ਅੰਜਨ, ਨਿਜ ਨੇਤਰ ਅੱਖ ਖੁਲ੍ਹਾਈਆ । ਜਿਸ ਦੇ ਦੋ ਜਹਾਨ ਨਗਾਰੇ ਵੱਜਣ, ਪੀਰ ਪੈਗ਼ੰਬਰ ਰਹੇ ਜਸ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਮਿਲਾਈਆ । ਭਗਤ ਦਵਾਰ ਕਹੇ ਮੇਰੀ ਧਾਰ ਅਵੱਲੀ, ਧਰਨੀ ਧਰਤ ਮਿਲੀ ਵਡਿਆਈਆ । ਮੇਰੀਆਂ ਨੀਹਾਂ ਹੇਠ ਉਹ ਅਨੋਖੀ ਕਲੀ, ਜਿਸ ਦਾ ਗੋਬਿੰਦ ਬੂਟਾ ਨਜ਼ਰੀ ਆਈਆ । ਉਹ ਆਦਿ ਜੁਗਾਦੀ ਵੱਡਾ ਵਲੀ, ਵਲ ਛਲ ਕਰ ਕੇ ਖੇਲ ਖਿਲਾਈਆ । ਸੂਰਬੀਰਾਂ ਵਿਚੋਂ ਬਲੀ, ਬਲਧਾਰੀ ਸੋਭਾ ਪਾਈਆ । ਜਿਸ ਮੇਰੇ ਪ੍ਰੇਮ ਦੀ ਔਣਾ ਗਲੀ, ਗਲਵਕੜੀ ਸ਼ਰਅ ਨਾ ਕੋਇ ਰਖਾਈਆ । ਸਚ ਦਵਾਰਾ ਲੈਣਾ ਮੱਲੀ, ਮਾਲਕ ਆਪਣੇ ਨਾਲ ਰਖਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਚ ਪਦਾਰਥ ਨਾਮ ਦਿਤੀ ਅਨੋਖੀ ਫਲੀ, ਫਲ ਗੁਰਮੁਖਾਂ ਰਹੀ ਲਗਾਈਆ ।।

### ✪ ੪ ਅੱਸੂ ੨੦੨੧ ਬਿਕ੍ਰਮੀ ਅਜੀਤ ਸਿੰਘ ਦੇ ਗ੍ਰਿਹ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਸਚ ਦਵਾਰੇ ਪੂਰੀ ਆਸਾ, ਆਸਾ ਪੂਰ ਦਇਆ ਕਮਾਇੰਦਾ । ਭਗਤ ਭਗਵਾਨ ਦੇ ਭਰਵਾਸਾ, ਭਾਂਡਾ ਭਰਮ ਭੰਨਾਇੰਦਾ । ਨਾਮ ਪਦਾਰਥ ਦੇ ਕੇ ਦਾਤਾ, ਵਸਤ ਅਮੋਲਕ ਝੋਲੀ ਪਾਇੰਦਾ । ਚਰਨ ਪ੍ਰੀਤੀ ਜੋੜ ਕੇ ਨਾਤਾ, ਨਾਦਾਨ ਆਪਣੇ ਨਾਲ ਮਿਲਾਇੰਦਾ । ਸਤਿ ਸਚ ਦੀ ਦੱਸ ਕੇ ਗਾਥਾ, ਸੋਹੰ ਨਾਮ ਜਪਾਇੰਦਾ । ਜਿਨ੍ਹਾਂ ਗੁਰਮੁਖਾਂ ਮੰਨਿਆ ਆਖਾ, ਆਖ਼ਰ ਮੰਜ਼ਲ ਫੜ ਬਹਾਇੰਦਾ । ਏਥੇ ਓਥੇ ਹੋ ਕੇ ਰਾਖਾ, ਠੱਗਾਂ ਚੋਰਾਂ ਪਰੇ ਹਟਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੇਵਕ ਹੋ ਕੇ ਸੇਵ ਕਮਾਇੰਦਾ । ਮਨਸਾ ਪੂਰ ਸਾਹਿਬ ਗੁਣਵੰਤ, ਗੰਭੀਰ ਗਹਿਰ ਅਖਵਾਈਆ । ਲੇਖੇ ਲਾ ਕੇ ਧੁਰ ਦੇ ਸੰਤ, ਸੱਜਣ ਹੋਏ ਸਹਾਈਆ । ਮੇਲ ਮਿਲਾ ਕੇ ਅਰਸ਼ੀ ਕੰਤ, ਫਰਸ਼ ਸੋਭਾ ਪਾਈਆ । ਮਾਣ ਦਵਾ ਕੇ ਕਾਗ ਹੰਸ, ਹਸਤੀ ਇਕ ਸਮਝਾਈਆ । ਜਨ ਬਣਾ ਕੇ ਸਾਚਾ ਬੰਸ, ਸੰਗਤ ਰੂਪ ਵਟਾਈਆ ।

੨੩੫

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੀਨਾਂ ਹੋਏ ਸਹਾਈਆ । ਆਸਾ ਮਨਸਾ ਹਰਿਜਨ ਪੁਨੀ, ਤ੍ਰਿਸਨਾ ਜਗਤ ਮਿਟਾਈਆ । ਨਾਮ ਸੁਣਾ ਕੇ ਆਪਣਾ ਧੁਨੀ, ਧੁਰ ਦੀ ਧਾਰ ਬੰਧਾਈਆ । ਗੁਰਮੁਖ ਬਣਾ ਕੇ ਸਾਚਾ ਗੁਣੀ, ਗਿਆਨ ਗੁਰੂ ਦ੍ਰਿੜਾਈਆ । ਓਢਨ ਦੇ ਕੇ ਸੀਸ ਚੁੰਨੀ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਆਪਣਾ ਦਏ ਸਮਝਾਈਆ । ਮਨਸਾ ਕਹੇ ਮੇਰਾ ਮੇਲਾ ਮਾਣਸ, ਜੁਗ ਜੁਗ ਵੇਖ ਵਖਾਈਆ । ਦਵਾਰ ਕਹੇ ਮੇਰਾ ਮਾਲਕ ਸਾਲਸ, ਸਾਹਿਬ ਬੇਪਰਵਾਹੀਆ । ਜਿਸ ਨੂੰ ਨਿੰਦਰਾ ਨਾ ਕੋਈ ਆਲਸ, ਖ਼ੁਸ਼ੀ ਗ਼ਮੀ ਨਾ ਵੰਡ ਵੰਡਾਈਆ । ਸਦਾ ਕਰੇ ਸਚ ਅਦਾਲਤ, ਧੁਰ ਫ਼ਰਮਾਨ ਸੁਣਾਈਆ । ਮਨਸਾ ਮਨ ਮੇਟਣਹਾਰ ਬਗ਼ਾਵਤ, ਅਦਾਵਤ ਨਜ਼ਰ ਕੋਇ ਨਾ ਆਈਆ । ਪ੍ਰੇਮ ਪ੍ਰੀਤੀ ਕਰੇ ਸਖ਼ਾਵਤ, ਸਚ ਵਸਤ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਕਰਤਾ ਦਏ ਸਮਝਾਈਆ । ਆਸਾ ਕਹੇ ਮੈਂ ਨਿਕੰਮੀ ਇਛਿਆ, ਇਸ਼ਟ ਸਕੀ ਨਾ ਕੋਈ ਮਨਾਈਆ । ਸਤਿਗੁਰ ਸਤਿ ਨਾ ਕੋਈ ਦਿਸਿਆ, ਦ੍ਰਿਸ਼ਟੀ ਦੀਦ ਨਾ ਕੋਈ ਖੁਲ੍ਹਾਈਆ । ਸਚ ਦਵਾਰ ਨਾ ਮਿਲਿਆ ਹਿੱਸਿਆ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਜਗਤ ਜਹਾਨ ਨਾ ਜਾਤਾ ਮਿਥਿਆ, ਥਿਰ ਰਹਿਣ ਕੋਇ ਨਾ ਪਾਈਆ । ਗੁਰ ਅਵਤਾਰਾਂ ਦੀ ਭੁੱਲੀ ਸਿਖਿਆ, ਪੈਗ਼ੰਬਰਾਂ ਛੁੱਟੀ ਪੜ੍ਹਾਈਆ । ਜੀਵ ਜਹਾਨ ਜਗਤ ਜਿਤਿਆ, ਜਿੱਤੀ ਮਾਤ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਦੇਣੀ ਮਾਣ ਵਡਿਆਈਆ । ਤ੍ਰਿਸ਼ਨਾ ਕਹੇ ਮੈਂ ਕਮਲੀ ਕੋਝੀ ਕੁਚੱਜੀ, ਕੋਝਲ ਰੂਪ ਵਟਾਈਆ । ਅੱਖ ਖੁੱਲ੍ਹੀ ਨਾ ਵੀਹਵੀਂ ਸਦੀ, ਸਦਕੇ ਵਾਰੀ ਨਾ ਘੋਲ ਘੁਮਾਈਆ । ਪ੍ਰਭ ਚਰਨ ਨਾ ਲੱਗੀ ਹੱਥ ਬੱਧੀ, ਬੰਦਨਾ ਸੀਸ ਨਾ ਕੋਇ ਕਰਾਈਆ । ਜਗਤ



ਵਿਕਾਰੇ ਵਿਚ ਹੋਈ ਗੰਦੀ, ਦੁਰਮਤ ਮੈਲ ਨਾ ਕੋਇ ਧੁਆਈਆ । ਬਿਨ ਹਰਿ ਕੰਤ ਸੁਹਾਗਣ ਹੋਈ ਰੰਡੀ, ਰੰਡੇਪਾ ਸਕੇ ਨਾ ਕੋਇ ਕਟਾਈਆ । ਪਵਣ ਮਿਲੀ ਨਾ

੨੩੬

ਕੋਇ ਸੁਗੰਧੀ, ਠੰਡੀ ਧਾਰ ਨਾ ਕੋਇ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰਾ ਲਹਿਣਾ ਲੇਖੇ ਲਾਈਆ । ਤ੍ਰਿਸ਼ਨਾ ਕਹੇ ਮੈਂ ਫਿਰੀ ਚਾਰੋਂ ਕੂਟ, ਕੁਟੰਬ ਵੇਖਿਆ ਜਗਤ ਲੋਕਾਈਆ । ਘਰ ਘਰ ਜੂਠ ਝੂਠ, ਦਿਵਸ ਰੈਣ ਦੁਹਾਈਆ । ਝਗੜਾ ਪਿਆ ਪੰਜ ਭੂਤ, ਭੇਵ ਅਭੇਦਾ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮੇਰੀ ਚੂਕ ਦਏ ਚੁਕਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਸਰੂਪ ਸਤਿ ਸਤਿ ਦਏ ਸਮਝਾਈਆ ।

### ❊ ੧੭ ਪੋਹ ੨੦੨੧ ਬਿਕ੍ਰਮੀ ਡਾਂ ਪਾਲ ਸਿੰਘ ਦੇ ਗ੍ਰਿਹਿ ਪਿੰਡ ਭਲਾਈਪੁਰ ਜ਼ਿਲਾ ਅੰਮ੍ਰਿਤਸਰ ❊

ਸਤਿਗੁਰ ਸ਼ਬਦ ਕਰੇ ਖ਼ਬਰਦਾਰ, ਦੋ ਜਹਾਨਾਂ ਖ਼ਬਰ ਸੁਣਾਈਆ । ਸਚਖੰਡ ਦਵਾਰ ਵੇਖੋ ਲੱਗਾ ਦਰਬਾਰ, ਧੁਰ ਦਰਬਾਰੀ ਆਪ ਲਗਾਈਆ । ਜਿਸ ਦਾ ਸੰਦੇਸ਼ਾ ਦੇਂਦੇ ਗਏ ਗੁਰ ਅਵਤਾਰ, ਪੀਰ ਪੈਗ਼ੰਬਰ ਹੁਕਮ ਜਣਾਈਆ । ਸੇਵਾ ਕਰਦੇ ਰਹੇ ਜੁਗ ਚਾਰ, ਚੌਕੜੀ ਅਪਣਾ ਫੇਰਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਜਿਸ ਨੂੰ ਕਰਦੇ ਰਹੇ ਨਿਮਸਕਾਰ, ਨਿਉਂ ਨਿਉਂ ਲਾਗਣ ਪਾਈਆ । ਭਗਤ ਸੁਹੇਲਾ ਇਕ ਅਕੇਲਾ ਜੋ ਪੈਜ ਰਖਦਾ ਵਿਚ ਸੰਸਾਰ, ਨਿਤ ਨਵਿਤ ਆਪਣਾ ਵੇਸ ਵਟਾਈਆ । ਜਿਸ ਦਾ ਭਵਿਖਤਾਂ ਵਿਚ ਇਜ਼ਹਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸ਼ਬਦ ਸਤਿਗੁਰ ਦਏ ਸੰਦੇਸ਼ਾ, ਹਰਿ ਕਰਤਾ ਵਡ ਵਡਿਆਈਆ । ਉਠੋ ਗੁਰ ਅਵਤਾਰ ਪੀਰ ਪੈਗ਼ੰਬਰੋ ਵੇਖੋ ਨਰ ਨਰੇਸ਼ਾ, ਨਿਰਗੁਣ ਨਿਰਵੈਰ ਪੁਰਖ ਅਕਾਲ ਵੇਸ ਵਟਾਈਆ । ਭਗਤ ਉਧਾਰਨ ਜਿਸ ਦਾ ਪੇਸ਼ਾ,

੨੩੭

ਸੰਤ ਸੁਹੇਲੇ ਲਏ ਤਰਾਈਆ । ਜੁਗ ਚੌਕੜੀ ਨਿਤ ਨਵਿਤ ਬਦਲਣਹਾਰਾ ਵੇਸਾ, ਨਿਰਗੁਣ ਸਰਗੁਣ ਸਰਗੁਣ ਨਿਰਗੁਣ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਸੁਣ ਸੰਦੇਸ਼ਾ ਉਠਿਆ ਗੋਬਿੰਦ, ਸਚਖੰਡ ਦਵਾਰ ਲਏ ਅੰਗੜਾਈਆ । ਸਭ ਦੀ ਮੇਟਾਂ ਸਗਲੀ ਚਿੰਦ, ਆਲਸ ਨਿੰਦਰਾ ਦੂਰ ਕਰਾਈਆ । ਦਰਸ ਦਿਖਾਵਾਂ ਗੁਣੀ ਗਹਿੰਦ, ਗਹਿਰ ਗੰਭੀਰ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਗੋਬਿੰਦ ਕਹੇ ਮੇਰੀ ਸੇਵਾ ਅਗੰਮ ਦੋ ਜਹਾਨ, ਸਮਝ ਕਿਸੇ ਨਾ ਆਈਆ । ਜੁਗ ਚੌਕੜੀ ਖੇਲ ਭਗਵਾਨ, ਦਰਗਾਹ ਸਾਚੀ ਵੇਖਾਂ ਬੈਠਾ ਚਾਈਂ ਚਾਈਆ । ਜਿਸ ਦਾ ਝੁਲਦਾ ਸਚ ਨਿਸ਼ਾਨ, ਲੋਕਮਾਤ ਨਜ਼ਰ ਕਿਸੇ ਨਾ ਆਈਆ । ਮੈਂ ਹੁਕਮੇ ਅੰਦਰ ਦੇ ਕੇ ਆਇਆ ਬਿਆਨ, ਸ਼ਬਦਾਂ ਨਾਦਾਂ ਰਾਗਾਂ ਵਿਚ ਸੁਣਾਈਆ । ਗ੍ਰੰਥਾਂ ਪੰਥਾਂ ਦੇ ਕੇ ਆਇਆ ਧਿਆਨ, ਸਾਚੀ ਸਿਖਿਆ ਇਕ ਦ੍ਰਿੜਾਈਆ । ਭੇਵ ਚੁਕਾ ਕੇ ਆਇਆ ਗੋਪੀ ਕਾਹਨ, ਸੀਤਾ ਰਾਮ ਪਰਦਾ ਲਾਹਿਆ । ਈਸਾ ਮੂਸਾ ਮੁਹੰਮਦ ਵੇਖ ਕੇ ਆਇਆ ਕਲਾਮ, ਕਲਮਾ ਕਾਇਨਾਤ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਆਪਣੇ ਹੱਥ ਰਖਾਈਆ । ਧੁਰ ਦਾ ਲੇਖਾ ਹਰਿ ਭਗਵੰਤ, ਹਰਿ ਕਰਤਾ ਆਪਣੇ ਹੱਥ ਰਖਾਇੰਦਾ । ਆਦਿ ਜੁਗਾਦੀ ਖੇਲੇ ਖੇਲ ਜੁਗਾ ਜੁਗੰਤ, ਜੁਗ ਕਰਤਾ ਵੇਸ ਵਟਾਇੰਦਾ । ਜਿਸ ਦਾ ਹੁਕਮ ਸਦਾ ਸਦਾ ਚਲੇ ਆਦਿ ਅੰਤ, ਨਿਤ ਨਵਿਤ ਆਪਣੀ ਧਾਰ ਚਲਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਇੰਦਾ । ਸਾਚੀ ਕਰਨੀ ਹਰਿ ਨਿਰੰਕਾਰਾ, ਹਰਿ ਕਰਤਾ ਆਪ ਕਰਾਈਆ । ਸਚਖੰਡ ਨਿਵਾਸੀ ਹੋ ਉਜਿਆਰਾ, ਜੋਤੀ ਜਾਤਾ ਪੁਰਖ ਬਿਧਾਤਾ ਆਪਣਾ ਫੇਰਾ ਪਾਈਆ । ਲੇਖਾ ਜਾਣ ਧੁਰ ਦਰਬਾਰਾ, ਭੇਵ ਅਭੇਦਾ ਆਪ ਖੁਲ੍ਹਾਈਆ । ਗੋਬਿੰਦ ਸੁਤ ਕਰ ਪਿਆਰਾ, ਪਰਮ ਪੁਰਖ ਦਏ ਵਡਿਆਈਆ । ਦਰ ਘਰ ਮੇਲਾ ਮੇਲਣਹਾਰਾ, ਜਗਤ ਜਗਦੀਸ਼ ਆਪਣੀ ਸੇਵਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚੀ ਸਿਖਿਆ ਇਕ ਸਮਝਾਈਆ । ਸਾਚੀ ਸਿਖਿਆ ਪੁਰਖ ਅਬਿਨਾਸ਼, ਹਰਿ ਕਰਤਾ ਆਪ ਜਣਾਈਆ । ਗੋਬਿੰਦ ਸੂਰਾ ਦਾਸੀ ਦਾਸ, ਬਣ ਸੇਵਕ ਸੇਵ ਕਮਾਈਆ । ਖੇਲੇ ਖੇਲ ਪ੍ਰਿਥਮੀ ਆਕਾਸ਼, ਦੋ ਜਹਾਨਾਂ ਖੋਜ ਖੁਜਾਈਆ । ਦੋਵੇਂ ਜੋੜ ਕਰੇ ਅਰਦਾਸ, ਸਚ ਬੇਨੰਤੀ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਚ ਬੇਨੰਤੀ ਕਰੇ ਏਕ, ਏਕਾ ਏਕ ਜਣਾਈਆ । ਪਰਮ ਪੁਰਖ ਸਚ ਦੱਸ ਆਪਣੀ ਟੇਕ, ਟਿੱਕਾ ਹੋ ਕੇ ਸੀਸ ਨਿਵਾਈਆ । ਕਵਣ ਸੁਹੰਜਣਾ ਤੇਰਾ ਦੇਸ, ਜਿਸ ਘਰ ਬੈਠਾ ਆਸਣ ਲਾਈਆ । ਭੂਪਤ ਭੂਪ ਬਣ ਨਰੇਸ਼, ਦੋ ਜਹਾਨਾਂ ਹੁਕਮ ਚਲਾਈਆ । ਸਜਦੇ ਕਰਦੇ ਵੇਖੇ ਗੁਰ ਅਵਤਾਰ ਪੀਰ ਪੈਗ਼ੰਬਰ ਨੇਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਆਪ ਜਣਾਈਆ । ਸਾਚੀ ਕਰਨੀ ਹਰਿ ਕਰਤਾਰ, ਹਰਿ ਕਰਤਾ ਆਪ ਜਣਾਈਆ । ਨਿਰਗੁਣ ਸਰਗੁਣ ਖੇਲ ਅਪਾਰ, ਭੇਦ ਆਪਣੇ ਵਿਚ ਛੁਪਾਈਆ । ਵਿਸ਼ਨ ਬ੍ਰਹਮਾ ਸ਼ਿਵ ਸੇਵਾਦਾਰ, ਜੁਗ ਚੌਕੜੀ ਹੁਕਮੇ ਵਿਚ ਭਵਾਈਆ । ਲੱਖ ਚੁਰਾਸੀ ਦੇ ਭੰਡਾਰ, ਅੰਡਜ ਜੇਰਜ ਉਤਭੁਜ ਸੇਤਜ ਰਚਨ ਰਚਾਈਆ । ਤੱਤਾਂ ਵਾਲਾ ਕਰ ਆਕਾਰ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਖੇਲ ਵਖਾਈਆ । ਆਤਮ ਜੋਤੀ ਦੇ ਅਧਾਰ, ਪਾਰਬ੍ਰਹਮ ਬ੍ਰਹਮ ਆਪਣਾ ਵੇਸ ਵਟਾਈਆ । ਸ਼ਬਦ ਸੰਦੇਸ਼ਾ ਵਾਰੋ ਵਾਰ, ਜੁਗ ਚੌਕੜੀ ਆਪ ਸੁਣਾਈਆ । ਹੁਕਮੇ ਅੰਦਰ ਕਰ ਖ਼ਬਰਦਾਰ, ਦੋ ਜਹਾਨਾਂ ਨੇਤਰ ਅੱਖ ਖੁਲ੍ਹਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨੇਤਾ ਵਿਚ ਸੰਸਾਰ, ਨੌ ਸੌ ਚੁਰਾਨਵੇ ਚੌਕੜੀ ਜੁਗ ਗਏ ਵਿਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਰੇ ਨਿਰੰਕਾਰਾ, ਹਰਿ ਕਰਤਾ ਵਡ ਵਡਿਆਈਆ । ਕਲਜੁਗ ਅੰਤਮ ਖੇਲ ਨਿਆਰਾ, ਸ਼ਾਹ

ਪਾਤਸ਼ਾਹ ਸ਼ਹਿਨਸ਼ਾਹ ਆਪ ਵਖਾਈਆ । ਆਦਿ ਜੁਗਾਦਿ ਜਿਸ ਦਾ ਅੰਤ ਨਾ ਪਾਰਾਵਾਰਾ, ਸੋ ਭੇਵ ਅਭੇਦਾ ਅਛਲ ਅਛੇਦਾ ਆਪ ਖੁਲ੍ਹਾਈਆ । ਜਿਸ ਨੂੰ ਝੁਕਦੇ ਗਏ ਗੁਰ ਅਵਤਾਰਾ, ਪੀਰ ਪੈਗ਼ੰਬਰ ਸਯਦਿਆਂ ਵਿਚ ਸੀਸ ਨਿਵਾਈਆ । ਜਿਸ ਦੇ ਦਰ ਤੇ ਭਗਤ ਸੰਤ ਬਣੇ ਰਹੇ ਭਿਖਾਰਾ, ਦਰ ਠਾਂਡੇ ਅਲਖ ਜਗਾਈਆ । ਸੋ ਵੇਖਣ ਆਇਆ ਮੀਤ ਮੁਰਾਰਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਭੇਵ ਰਿਹਾ ਖੁਲ੍ਹਾਈਆ । ਗੋਬਿੰਦ ਕਰੇ ਅਗੇ ਅਰਜੋਈ, ਪੁਰਖ ਅਕਾਲ ਜਣਾਈਆ । ਸੂਰਬੀਰ ਵਿਰਲਾ ਕੋਈ, ਕੋਟਾਂ ਵਿੱਚੋਂ ਨਜ਼ਰੀ ਆਈਆ । ਜਿਸ ਨੂੰ ਸਚਖੰਡ ਦਵਾਰੇ ਮਿਲੇ ਢੋਈ, ਦਰਗਾਹ ਮਾਣ ਵਡਿਆਈਆ । ਭਗਤਾਂ ਆਤਮ ਅੰਤਰ ਰੋਈ, ਨਿਜ ਨੇਤਰ ਨੀਰ ਵਹਾਈਆ । ਚਾਰ ਕੁੰਟ ਦਹਿ ਦਿਸ਼ਾ ਤੇਰੇ ਹੁਕਮੇ ਅੰਦਰ ਸਭ ਨੇ ਪਤ ਖੋਈ, ਪਤਿਪਰਮੇਸ਼ਵਰ ਨਾ ਕੋਇ ਮਨਾਈਆ । ਦੁਰਮਤ ਮੈਲ ਕਿਸੇ ਨਾ ਧੋਈ, ਪਾਪਾਂ ਭਰੀ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋ ਸਹਾਈਆ । ਗੋਬਿੰਦ ਕਹੇ ਮੈਂ ਵੇਖ ਕੇ ਜਗਤ ਜੁਗ ਦੁਨੀਆ, ਕਾਇਨਾਤ ਖੋਜ ਖੁਜਾਈਆ । ਸਾਚਾ ਨਜ਼ਰ ਨਾ ਆਵੇ ਕੋਈ ਰਿਖੀਆ ਮੁਨੀਆ, ਧੁਨੀਆ ਵਿਚ ਰਾਗ ਨਾ ਕੋਇ ਸੁਣਾਈਆ । ਆਤਮ ਪਰਮਾਤਮ ਦਾ ਮਿਲੇ ਕੋਇ ਨਾ ਗੁਨੀਆ, ਜਗਤ ਵਿਦਿਆ ਹੋਈ ਹਲਕਾਈਆ । ਤੇਰੀਆਂ ਰਬਾਬਾਂ ਸਤਾਰਾਂ ਕਾਇਆ ਮੰਦਰ ਅੰਦਰ ਕਿਸੇ ਨਾ ਸੁਣੀਆਂ, ਬਾਹਰੋਂ ਸਾਰੰਗੇ ਰਹੇ ਵਜਾਈਆ । ਭਾਗ ਲੱਗਾ ਨਾ ਕਿਸੇ ਕਾਇਆ ਕੁੱਲੀਆਂ, ਮਹਲਾਂ ਅਟਲਾਂ ਵਿਚ ਬਹਿ ਕੇ ਜਗਤ ਖ਼ੁਸ਼ੀਆਂ ਰਹੇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਦਰ ਤੇਰੇ ਅਲਖ ਜਗਾਈਆ । ਪੁਰਖ ਅਕਾਲ ਕਿਹਾ ਸੁਣ ਗੋਬਿੰਦ ਬੱਚੇ, ਅੰਤ ਦਿਆਂ ਜਣਾਈਆ । ਕਲਜੁਗ ਜੀਵ

 ਭਾਂਡੇ ਕੱਚੇ, ਚਾਰੋਂ ਕੁੰਟ ਨਜ਼ਰੀ ਆਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਜੋ ਚਾਰ ਜੁਗ ਦੇ ਲਿਖਾਏ ਪਟੇ, ਅੰਤਮ ਲੇਖਾ ਦਿਆਂ ਮੁਕਾਈਆ । ਬੀਸ ਅਕੀਸੇ ੨੩੮

ਰਹਿ ਜਾਣ ਹੱਕੇ ਬੱਕੇ, ਹਕ਼ੀਕ਼ਤ ਸਮਝ ਕਿਸੇ ਨਾ ਆਈਆ । ਚਾਰ ਕੁੰਟ ਦਹਿ ਦਿਸ਼ਾ ਦੀਨਾਂ ਮਜ਼੍ਹਬਾਂ ਜ਼ਾਤਾਂ ਪਾਤਾਂ ਵਿਚ ਫਿਰ ਫਿਰ ਥੱਕੇ, ਬਣ ਬਣ ਪਾਂਧੀ ਰਾਹੀਆ । ਕਿਸੇ ਨੇ ਹੱਜ ਕਰਾਇਆ ਮਦੀਨੇ ਮੱਕੇ, ਕੋਈ ਕਾਅਬਿਆਂ ਸੀਸ ਨਿਵਾਈਆ । ਕੋਈ ਸ਼ਾਸਤਰ ਸਿਮਰਤ ਵੇਦ ਪੁਰਾਨ ਦੱਸੇ, ਦਹਿ ਦਿਸ਼ਾ ਕਰੇ ਪੜ੍ਹਾਈਆ । ਕੋਈ ਖਾਣੀ ਬਾਣੀ ਰਸਨਾ ਜੇਹਵਾ ਬੱਤੀ ਦੰਦ ਰਟੇ, ਸਿਫ਼ਤਾਂ ਵਾਲੇ ਢੋਲੇ ਗਾਈਆ । ਕੋਈ ਫਿਰਦੇ ਤੀਰਥ ਅਠਸਠੇ, ਗੰਗਾ ਗੋਦਾਵਰੀ ਜਮਨਾ ਸੁਰਸਤੀ ਫੇਰਾ ਪਾਈਆ । ਕੋਈ ਸੀਸ ਪੁਵਾ ਕੇ ਘੱਟੇ, ਤਨ ਭਬੂਤ ਰਹੇ ਰਮਾਈਆ । ਕੋਈ ਪਾਣੀ ਨਹਾ ਕੇ ਠੰਡੇ, ਜਲਧਾਰਾ ਰਹੇ ਵਹਾਈਆ । ਕੋਈ ਲਟਕੇ ਪੁਠੇ ਨਾਲ ਡੰਡੇ, ਸਿਰ ਤਲੇ ਉਪਰ ਪਾਉਂ ਕਰਾਈਆ । ਕੋਈ ਫਿਰਦੇ ਪੈਰਾਂ ਨੰਗੇ, ਬਨ ਖੰਡ ਫੇਰੀਆਂ ਪਾਈਆ । ਕੋਈ ਵਾਹੋ ਦਾਹੀ ਫਿਰਦੇ ਭੱਜੇ, ਦਰ ਦਰ ਅਲਖ ਜਗਾਈਆ । ਕੋਈ ਮੰਦਰ ਮਸਜਿਦ ਸ਼ਿਵਦਵਾਲੇ ਮੱਠਾਂ ਵਿਚ ਸਜੇ, ਆਪਣਾ ਆਸਣ ਲਾਈਆ । ਕੋਈ ਕੂੜ ਕੁੜਿਆਰਾ ਖਾ ਕੇ ਰੱਜੇ, ਮਾਇਆ ਮਮਤਾ ਹੋਈ ਹਲਕਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਨੂੰ ਗੁਰ ਗੋਬਿੰਦ ਸੂਰਾ ਦੱਸੇ, ਇਕੋ ਵਾਰ ਜਣਾਈਆ । ਜਿਧਰ ਵੇਖਾਂ ਓਢਣ ਸਭ ਦੇ ਸਿਰ ਤੋਂ ਲੱਥੇ, ਸੀਸ ਜਗਦੀਸ਼ ਹੱਥ ਨਾ ਕੋਇ ਟਿਕਾਈਆ । ਕੋਟਨ ਕੋਟਾਂ ਵਿੱਚੋਂ ਭਗਤ ਸੁਹੇਲੇ ਥੋੜੇ ਲੱਭੇ, ਜਿਨ੍ਹਾਂ ਇਕ ਤੇਰੀ ਓਟ ਤਕਾਈਆ । ਇਕੋ ਦਰਸ਼ਨ ਕਰਨਾ ਤੇਰਾ ਤੀਜੀ ਅੱਖੇ, ਦੋਏ ਲੋਚਣ ਬੰਦ ਕਰਾਈਆ । ਪੁਰਖ ਅਕਾਲ ਤੇਰੀ ਸਰਨਾਈ ਢੱਠੇ, ਦੂਜਾ ਇਸ਼ਟ ਨਾ ਕੋਇ ਮਨਾਈਆ । ਕਿਸੇ ਨੂੰ ਪੂਜਣ ਲਾਇਆ ਵੱਟੇ, ਪੱਥਰਾਂ ਰਾਹ ਵਖਾਈਆ । ਕੋਈ ਸੂਰੀਆ ਪਾਣੀ ਡੱਟੇ, ਦੇਵਤ ਰਿਹਾ ਮਨਾਈਆ । ਕੋਈ ਦੀਨ ਮਜ਼੍ਹਬ ਦੇ ਪਾ ਕੇ ਰੱਟੇ, ਕਲਮਾ ਗਿਆ ਸੁਣਾਈਆ । ਕੋਈ ਮੂੰਹ ਦੇ ਭਾਰ ਢੱਠੇ, ਕੋਹਤੂਰ ਵਜੇ ਵਧਾਈਆ । ਕੋਈ ਹੁਜਰਿਆਂ ਵਿਚ ਸਜੇ, ਕੋਈ ਹੁਜਰਿਆਂ ਨਾਚ ਨਚਾਈਆ । ਕੋਈ ਕੁੰਦਰਾਂ ਵਿਚੋਂ ਲੱਭੇ, ਕੋਈ ਸਾਗਰ ਫੋਲ ਫੁਲਾਈਆ । ਕੋਈ ਅਗਨੀ ਨਾਲ ਤਪੇ, ਤਨ ਮਾਟੀ ਰਿਹਾ ਸੁਕਾਈਆ । ਕੋਈ ਸਿਫ਼ਤਾਂ ਵਾਲਾ

 ੨੩੯

ਨਾਮ ਜਪੇ, ਚਾਰ ਜੁਗ ਦੀ ਕਰੇ ਪੜ੍ਹਾਈਆ । ਗੁਰ ਗੋਬਿੰਦ ਕਿਹਾ ਮੈਂ ਵੇਖੇ ਨੇਤਰ ਸਭੇ, ਸਾਹਿਬ ਤੂੰ ਮਿਲਿਆ ਨਜ਼ਰ ਕੋਇ ਨਾ ਆਈਆ । ਏਸੇ ਕਰਕੇ ਸਦੀ ਵੀਹਵੀਂ ਹੋਇਆ ਸਭ ਤੋਂ ਅਗੇ, ਅਗਲਾ ਕ਼ਦਮ ਉਠਾਈਆ । ਮੈਂ ਜੀਵ ਜੰਤ ਵੇਖੇ ਖਾਂਦੇ ਕੱਟੇ ਵੱਛੇ, ਸੂਰਾਂ ਤਾਈਂ ਚਬਾਈਆ । ਤੇਰੇ ਪ੍ਰੇਮ ਕੋਈ ਨਾ ਬੱਝੇ, ਗੁਰ ਕਾ ਨੇਮ ਨਜ਼ਰ ਕੋਇ ਨਾ ਆਈਆ । ਕਲਜੁਗ ਵਾ ਤੱਤੀ ਵਗੇ, ਅਗਨੀ ਅੱਗ ਨਾ ਕੋਇ ਬੁਝਾਈਆ । ਸੰਤ ਸੁਹੇਲੇ ਅੰਦਰੋਂ ਮੂਲ ਨਾ ਰਹਿ ਗਏ ਸੱਚੇ, ਕਲਜੁਗ ਗੁਰੂ ਚੇਲੇ ਦੋਵੇਂ ਬੈਠੇ ਮੁਖ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਗੋਬਿੰਦ ਕਹੇ ਮੇਰੇ ਨਿਰੰਕਾਰਾ, ਸਚ ਦਿਆਂ ਦ੍ਰਿੜਾਈਆ । ਜੋ ਵੇਖਿਆ ਵਿਚ ਸੰਸਾਰਾ, ਦੀਦ ਚਸ਼ਮ ਨੈਣ ਉਠਾਈਆ । ਭਰਮੇ ਭੁਲਿਆ ਨਾਰੀ ਨਾਰਾ, ਨਰ ਨਰਾਇਣ ਨਾ ਕੋਇ ਮਨਾਈਆ । ਕਾਇਆ ਮੰਦਰ ਦੀਆ ਬਾਤੀ ਹੋਏ ਨਾ ਕੋਇ ਉਜਿਆਰਾ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਸ਼ਬਦ ਨਾਦ ਨਾ ਵਜੇ ਨਗਾਰਾ, ਨੌਬਤ ਨਾਮ ਨਾ ਕੋਇ ਸੁਣਾਈਆ । ਆਤਮ ਸੇਜਾ ਪਰਮਾਤਮ ਕਰੇ ਨਾ ਕੋਇ ਪਿਆਰਾ, ਲੱਖ ਚੁਰਾਸੀ ਕੂੜੀ ਸੇਜ ਹੰਢਾਈਆ । ਮੁਕਾਮੇ ਹਕ ਨਾ ਮਿਲਿਆ ਪਰਵਰਦਿਗਾਰਾ, ਤੁਆਰਫ਼ ਕਰੇ ਨਾ ਕੋਇ ਲੋਕਾਈਆ । ਜਲਵਾ ਨੂਰ ਨਾ ਕੋਇ ਨਜ਼ਾਰਾ, ਪਰਵਰਦਿਗਾਰ ਮੇਲ ਨਾ ਕੋਇ ਮਿਲਾਈਆ । ਚੌਦਾਂ ਲੋਕ ਚੌਦਾਂ ਤਬਕ ਤੱਕ ਕੇ ਵੇਖਿਆ ਤੇਰੀ ਮਜਲਸ ਦਾ ਦਿਸੇ ਨਾ ਕੋਇ ਅਖਾੜਾ, ਧੁਰ ਦਾ ਨਾਚ ਨਾ ਕੋਇ ਨਚਾਈਆ । ਕਲਜੁਗ ਸਾਧ ਸੰਤ ਚਾਰ ਕੁੰਟ ਫਿਰਦੇ ਕੋਟਨ ਕੋਟ ਲੱਖ ਹਜ਼ਾਰਾ, ਹਜ਼ਰਤ ਤੇਰਾ ਮੇਲ ਨਾ ਕੋਇ ਮਿਲਾਈਆ । ਮੈਂ ਏਸੇ ਕਰਕੇ ਸਤਾਰਾਂ ਪੋਹ ਦਿਵਸ ਵਿਚਾਰਾ, ਸ਼ਬਦ ਇਸ਼ਤਿਹਾਰ ਵਿਚ ਜਣਾਈਆ । ਫੜ ਉਠਾਵਾਂ ਤੇਈ ਅਵਤਾਰਾ, ਸੋਇਆ ਰਹਿਣ ਕੋਇ ਨਾ ਪਾਈਆ । ਈਸਾ ਮੂਸਾ ਮੁਹੰਮਦ ਕਰਕੇ ਖ਼ਬਰਦਾਰਾ, ਅਗਲੇ ਖ਼ੁਆਬ ਦਿਆਂ ਵਖਾਈਆ । ਭਗਤ ਅਠਾਰਾਂ ਦੱਸਾਂ ਇਕ ਅਖਾੜਾ, ਸਚ ਦਰਬਾਰਾ ਤੇਰਾ ਇਕ ਜਣਾਈਆ । ਨੌ ਸੌ ਚੁਰਾਨਵੇਂ ਚੌਕੜੀ ਜੁਗ ਪਿਛੋਂ ਇਹ ਆਇਆ ਤੇਰਾ ਮਾਤ ਵਿਹਾਰਾ, ਜਿਸ ਦਾ ਲੇਖਾ ਵੇਦ ਪੁਰਾਨ ਸ਼ਾਸਤਰ ਸਿਮਰਤ ਸਮਝ ਕੋਇ ਨਾ ਪਾਈਆ । ਤੂੰ ਠਾਕਰਾਂ ਦਾ ਠਾਕਰ ਅਵਤਾਰਾਂ ਦਾ ਅਵਤਾਰਾ, ਗੁਰੂਆਂ ਦਾ ਗੁਰ ਸਤਿਗੁਰ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇ ਮਾਣ ਵਡਿਆਈਆ । ਪੁਰਖ ਅਕਾਲ ਕਿਹਾ ਗੋਬਿੰਦ ਉਹ ਚਿੱਠੀ ਖੋਲ੍ਹ, ਜੇਹੜੀ ਮਾਛੂਵਾੜੇ ਦਿਤੀ ਫੜਾਈਆ । ਜਿਸ ਦੇ ਵਿਚ ਨਾਮ ਸ਼ਬਦ ਅਨਮੋਲ, ਨਿਰਗੁਣ ਸਰਗੁਣ ਦਏ ਗਵਾਹੀਆ । ਜਿਸ ਦਾ ਤੇਰੇ ਬਿਨਾ ਤੋਲੇ ਕੋਈ ਨਾ ਤੋਲ, ਤੋਲਣਹਾਰਾ ਤੇਰੀ ਸੇਵ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਚੀ ਵਡਿਆਈਆ । ਗੋਬਿੰਦ ਗੁਰ ਚਿੱਠੀ ਖੋਲ੍ਹ ਉਹ, ਜਿਸ ਦਾ ਲੇਖ ਬਿਨ ਅੱਖਰਾਂ ਦਿਤਾ ਲਿਖਾਈਆ । ਉਸ ਦੇ ਉਤੇ ਦਿਹਾੜਾ ਲਿਖਿਆ ਸਤਾਰਾਂ ਪੋਹ, ਵੀਹ ਸੌ ਬਿਕ੍ਰਮੀ ਨਾਲ ਰਲਾਈਆ । ਇਕੀਵੇਂ ਸਾਲ ਦਾ ਜੋਤੀ ਜਾਤਾ ਜਿਸ ਵੇਲੇ ਜਾਵੇ ਹੋ, ਹੋਕਾ ਦੇ ਕੇ ਦਏ ਸੁਣਾਈਆ । ਸਭ ਦੇ ਹਕ ਹਕੂਕ ਲਵੇ ਖੋਹ, ਖ਼ਾਲਸ ਆਪਣਾ ਹੁਕਮ ਮਨਾਈਆ । ਧੋਖੇ ਨਾਲ ਨਾ ਕਰੇ ਧ੍ਰੋਹ, ਧੁਰ ਦਾ ਹੁਕਮ ਇਕ ਵਰਤਾਈਆ । ਇਕੋ ਨਾਮ ਜਪਾਵੇ ਸੋ, ਸੋ ਪੁਰਖ ਨਿਰੰਜਣ ਬੇਪਰਵਾਹੀਆ । ਹੰ ਬ੍ਰਹਮ ਕਰਕੇ ਲੋ, ਨਿਰਾਕਾਰ ਦਏ ਵਡਿਆਈਆ । ਅੰਮ੍ਰਿਤ ਰਸ ਗੁਰਮੁਖਾਂ ਅੰਤਰ ਦੇਵੇ ਚੋ, ਬਾਹਰੋਂ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਚਿੱਠੀ ਦਾ ਦੂਜਾ ਅੱਖਰ ਸੋਹਣਾ ਅੰਕ, ਹਰਿ ਕਰਤਾ ਆਪ ਜਣਾਈਆ । ਗੋਬਿੰਦ ਇੱਕੋ ਸੋਹੇ ਤੇਰਾ ਬੰਕ, ਸੰਬਲ ਵਜੇ ਸਚ ਵਧਾਈਆ । ਓਸ ਵੇਲੇ ਲਹਿਣਾ ਦੇਣਾ ਚੁਕਣਾ ਭਗਤ ਸੁਹੇਲੇ ਜਨਕ, ਅਸ਼ਟਾਬਕਰ ਨਾਲ ਰਲਾਈਆ । ਬਟਵਾਰੇ ਵਜਣੀ ਤਨਕ, ਬਾਲਮੀਕ ਭੇਵ ਖੁਲ੍ਹਾਈਆ । ਰਵਿਦਾਸੇ ਚੁਕਣਾ ਸ਼ੰਕ, ਪੜਦਾ ਦਏ ਉਠਾਈਆ । ਅਗਲਾ ਅੱਖਰ ਭਗਤਾਂ ਨੂੰ ਮਿਲਣੀ ਸਨਦ, ਜੋ ਹਰਿ ਜੂ ਆਪ ਬਣਾਈਆ । ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਕੂੜੀ ਕਿਰਿਆ ਨਾਲ

ਕਰਨਾ ਅੰਤ, ਅੰਤਮ ਲੇਖਾ ਮਾਤ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਬਿੰਦ ਵੇਖ ਅੱਖਰ ਤੀਜਾ, ਤ੍ਰੈਲੋਕ ਰਿਹਾ ਸਮਝਾਈਆ । ਪੁਰਖ ਅਕਾਲ ਦੀਨ ਦਿਆਲ ਜਨ ਭਗਤਾਂ ਆਪ ਕਰੇ ਰੀਝਾ, ਨਿਰਗੁਣ ਹੋ ਕੇ ਸੇਵ ਕਮਾਈਆ । ਕਾਇਆ ਮੰਦਰ ਅੰਦਰ ਲੰਘੇ ਸਚ ਦਹਲੀਜ਼ਾ, ਨੌ ਦਵਾਰੇ ਪੰਧ ਮੁਕਾਈਆ । ਸਦੀ ਚੌਧਵੀਂ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਦਾ ਕਢ ਕੇ ਜਾਏ ਨਤੀਜਾ, ਧੁਰ ਦਾ ਮਾਲਕ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖ ਅਲੇਖ ਦਏ ਦ੍ਰਿੜਾਈਆ । ਚੌਥਾ ਅੱਖਰ ਲਿਖਿਆ ਵੀਹ ਸੌ ਇੱਕੀ, ਏਕੰਕਾਰਾ ਦਇਆ ਕਮਾਈਆ । ਗੋਬਿੰਦ ਚਾਰ ਵਰਨ ਦੀ ਬਣਨੀ ਸਾਚੀ ਸਿੱਖੀ, ਸਿਖਿਆ ਇਕੋ ਇਕ ਸਮਝਾਈਆ । ਵੱਡੀ ਸੋਹਣੀ ਸੁਹਾਵਣੀ ਹੋਣੀ ਮਿਤੀ, ਮਿਤਰ ਪਿਆਰਾ ਮੇਲ ਮਿਲਾਈਆ । ਰਹਿ ਜਾਣੀ ਪਿਛੇ ਕਹਾਣੀ ਬੀਤੀ, ਅਗਲੀ ਰੀਤੀ ਹੋਰ ਚਲਾਈਆ । ਜਨ ਭਗਤਾਂ ਬਣ ਪ੍ਰਭੂ ਆਪ ਨਜ਼ਦੀਕੀ, ਦੂਰ ਦੁਰਾਡਾ ਪੰਧ ਮੁਕਾਈਆ । ਚਾਰ ਵਰਨ ਜੋ ਸ਼ਰਅ ਕੀਤੀ, ਚਾਰ ਜੁਗ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਦੂਜੀ ਲਾਈਨ ਦਾ ਪਹਿਲਾ ਅੱਖਰ, ਗੋਬਿੰਦ ਧਿਆਨ ਲਗਾਈਆ । ਉਹ ਇਕੋ ਰੰਗ ਦੀ ਨਜ਼ਰੀ ਆਏ ਸਤਰ, ਜਿਸ ਦਾ ਰੂਪ ਨਾ ਕੋਇ ਬਦਲਾਈਆ । ਨਾਲੇ ਸੰਦੇਸ਼ਾ ਨਾਲੇ ਪੱਤਰ, ਹੁਕਮ ਨਾਲ ਵਡਿਆਈਆ । ਜਿਸ ਵੇਲੇ ਨਿਰਗੁਣ ਹੋ ਕੇ ਆਵਾਂ ਉਤਰ, ਨਿਹਕਲੰਕਾ ਨਾਉਂ ਧਰਾਈਆ । ਚਾਰ ਜੁਗ ਦੇ ਵਿਛੜੇ ਭਗਤ ਸੁਹੇਲੇ ਚੁੱਕਾਂ ਕੁੱਛੜ, ਫੜ ਬਾਹੋਂ ਗੋਦ ਉਠਾਈਆ । ਓਸ ਸਤਰ ਦੀ ਵੇਖ ਅਗਲੀ ਨੁੱਕਰ, ਜਿਸ ਦਾ ਨੁਕਤਾ ਇਕ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੁਕਤੇ ਅਗੇ ਨਾਂ ਬਾਲਮੀਕ, ਬਾਲਮ ਦਏ ਜਣਾਈਆ । ਇਸ ਦਾ ਲਹਿਣਾ ਕਲਜੁਗ ਅੰਤਮ ਠੀਕ, ਠਾਕਰ ਰਿਹਾ ਸਮਝਾਈਆ । ਪੁਰਖ ਅਬਿਨਾਸ਼ੀ ਵੇਖਣਾ ਹੋ ਅਤੀਤ, ਤ੍ਰੈਗੁਣ ਪੰਧ ਮੁਕਾਈਆ । ਲੇਖੇ ਲਾਉਣਾ ਨੀਚਾਂ ਦਾ ਨੀਚ, ਊਚੋਂ ਊਚ ਦਏ ਬਣਾਈਆ । ਪੁਰਖ ਅਕਾਲ ਕਿਹਾ ਇਸ ਤੇ ਗੋਬਿੰਦ ਕਰ ਤਸਦੀਕ਼, ਸ਼ਹਾਦਤ ਤੇਰੀ ਲਵਾਂ ਰਖਾਈਆ । ਵੀਹ ਸੌ ਇੱਕੀ ਬਿਕ੍ਰਮੀ ਸਤਾਰਾਂ ਪੋਹ ਓਸ ਦੀ ਅਖ਼ੀਰੀ ਤਾਰੀਖ਼, ਤਰੀਕੇ ਨਾਲ ਸਮਝਾਈਆ । ਤ੍ਰੇਤੇ ਜਿਸ ਧਾਮ ਤੇ ਇੱਕੀ ਸਾਲ ਬਹਿ ਕੇ ਰਿਹਾ ਉਡੀਕ, ਅੰਤਮ ਓਸੇ ਭੂਮਕਾ ਦਏ ਵਡਿਆਈਆ । ਗੋਬਿੰਦ ਕਿਹਾ ਪ੍ਰਭੂ ਮੈਨੂੰ ਨਜ਼ਰ ਆਇਆ ਕੁਛ ਹੋਰ ਠੀਕ, ਰਾਵੀ ਕੰਢਾ ਧਿਆਨ ਲਗਾਈਆ । ਮੈਂ ਥੋੜੀ ਦੱਸਾਂ ਤਾਰੀਫ਼, ਜਿਸ ਧਾਮ ਮਿਲੀ ਵਡਿਆਈਆ । ਦਿਨ ਅਠਾਸੀ ਬੈਠਾ ਵਿਚ ਰਮਣੀਕ, ਚੁਰਾਸੀਆਂ ਰੰਗ ਰੰਗਾਈਆ । ਓਥੇ ਰਖ ਕੇ ਇਕ ਉਡੀਕ, ਧਿਆਨ ਗਿਆ ਧਰਾਈਆ । ਉਹਦਾ ਸੱਜਣ ਕੋਲ ਨਜ਼ਦੀਕ, ਭੇਵ ਰਿਹਾ ਖੁਲ੍ਹਾਈਆ । ਜਿਸ ਸਾਹਿਬ ਦੇ ਨਾਲ ਸਚੀ ਪ੍ਰੀਤ, ਓਸੇ ਨਾਲ ਦਿਆਂ ਮਿਲਾਈਆ । ਉਹ ਕਰਨਹਾਰ ਬਖ਼ਸ਼ੀਸ਼, ਰਹਿਮਤ ਨਾਲ ਤਰਾਈਆ । ਤੇਰੇ ਬੰਸ ਦੇ ਤਰਨ ਨਾਲ ਨਸੀਬ, ਨਾਤਾ ਦੋਹਰਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਭੇਵ ਖੁਲ੍ਹਾਈਆ । ਗੋਬਿੰਦ ਕਹੇ ਨੁਕਤੇ ਅਗੇ ਮਿਲਿਆ ਨੁਕਤਾ, ਜੋ ਮੈਨੂੰ ਰਿਹਾ ਜਣਾਈਆ । ਜਿਸ ਵੇਲੇ ਆਵੇ ਕਰਤਾ ਭੁਗਤਾ, ਭਗਵਨ ਆਪਣਾ ਵੇਸ ਵਟਾਈਆ । ਉਹ ਭਗਤ ਸੁਹੇਲੇ ਸੱਜਣ ਪੁਛਦਾ, ਪਿਛਲਾ ਲਹਿਣਾ ਵੇਖ ਵਖਾਈਆ । ਦੋ ਜਹਾਨ ਲੁਕਾਇਆ ਮਾਇਆ ਪੜਦਿਆਂ ਵਿਚ ਨਾ ਲੁਕਦਾ, ਮੰਦਰਾਂ ਅੰਦਰਾਂ ਵਿਚ ਬੰਦ ਨਾ ਕੋਇ ਕਰਾਈਆ । ਤੂੰ ਮਾਲਕ ਬਣਕੇ ਆਵੇਂ ਸਚ ਸੁਚ ਦਾ, ਸਤਿ ਸਤਿਵਾਦੀ ਦਇਆ ਕਮਾਈਆ । ਗੁਰ ਗੋਬਿੰਦ ਕਿਹਾ ਮੈਂ ਅਗੇ ਕੁਛ ਨਹੀਂ ਪੁਛਦਾ, ਪੁਰਖ ਅਕਾਲ ਸਭ ਕੁਛ ਰਿਹਾ ਵਖਾਈਆ । ਜਿਸ ਵੇਲੇ ਸਚਖੰਡ ਨਿਵਾਸੀ ਆਪਣੀ ਧਾਰੋਂ ਉਠਦਾ, ਜੋਤੀ ਜੋਤ ਜੋਤ ਰੁਸ਼ਨਾਈਆ । ਉਹ ਮਾਲਕ ਖ਼ਾਲਕ ਹੋ ਕੇ ਭਗਤਾਂ ਉਤੇ ਤੁਠਦਾ, ਭਗਵਨ ਆਪਣਾ ਰੰਗ ਰੰਗਾਈਆ । ਉਹਨਾਂ ਦਾ ਮੰਜ਼ਲ ਪੈਂਡਾ ਮੁਕਦਾ, ਦਰਗਾਹ ਸਾਚੀ ਦਏ ਬਹਾਈਆ । ਜੋਤੀ ਜੋਤ ਸਰੂਪ ਹਰਿ,

੨੪੦

ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਵੇਖ ਵਖਾਈਆ । ਗੋਬਿੰਦ ਕਹੇ ਮੈਂ ਨੀਚੀ ਸਤਰ ਨੂੰ ਮਾਰਿਆ ਧਿਆਨ, ਤਰਹ ਤਰਹ ਜਣਾਈਆ । ਉਸ ਦੇ ਵਿਚ ਇਕ ਗਿਆਨ, ਸੋਹੰ ਢੋਲਾ ਦਿਤਾ ਸਮਝਾਈਆ । ਜਿਸ ਨੂੰ ਭੱਥਾ ਕਹਿ ਕੇ ਆਇਆ ਤੀਰ ਕਮਾਨ, ਚਿੱਲਾ ਬੇਪਰਵਾਹੀਆ । ਜਿਸ ਦਾ ਭੈ ਜ਼ਿਮੀਂ ਅਸਮਾਨ, ਦੋ ਜਹਾਨ ਨਾ ਸੀਸ ਉਠਾਈਆ । ਵਿਸ਼ਨ ਬ੍ਰਹਮਾ ਸ਼ਿਵ ਮੰਨਣ ਆਣ, ਹੁਕਮੇ ਅੰਦਰ ਭੱਜਣ ਵਾਹੋ ਦਾਹੀਆ । ਪੀਰ ਪੈਗ਼ੰਬਰ ਕਰਨ ਸਲਾਮ, ਸਯਦਾ ਇਕ ਰਖਾਈਆ । ਉਹ ਅਮਾਮਾਂ ਦਾ ਅਮਾਮ, ਨਜ਼ਾਮਾਂ ਦਾ ਨਜ਼ਾਮ, ਨਰ ਨਿਰੰਕਾਰ ਵੱਡੀ ਵਡਿਆਈਆ । ਗ਼ੁਲਾਮਾਂ ਦਾ ਗ਼ੁਲਾਮ, ਖ਼ਿਦਮਤਗਾਰ ਹੋ ਕੇ ਸੇਵ ਕਮਾਈਆ । ਨਿਸ਼ਾਨਾਂ ਦਾ ਨਿਸ਼ਾਨ, ਦੋ ਜਹਾਨਾਂ ਰਿਹਾ ਝੁਲਾਈਆ । ਗੋਬਿੰਦ ਕਿਹਾ ਮੈਂ ਸਚ ਕਰੀ ਪਹਿਚਾਨ, ਸੱਤ ਰੰਗ ਨਿਸ਼ਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਦਰਸਾਈਆ । ਗੋਬਿੰਦ ਕਹੇ ਚੌਥੀ ਸਤਰ ਦਾ ਸੋਹਣਾ ਲੇਖ, ਕਾਤਬ ਲਿਖਣ ਕੋਇ ਨਾ ਪਾਈਆ । ਜੇ ਜਾਤਾ ਤੇ ਇਕ ਦਸਮੇਸ਼, ਦੂਜਾ ਪੜ੍ਹਨ ਕੋਇ ਨਾ ਪਾਈਆ । ਉਸ ਦਾ ਅੰਕ ਤੇਰੇ ਪੂਤ ਸਪੂਤੇ ਕਰਨੇ ਭੇਟ, ਕਲਜੁਗ ਨੀਂਹ ਉਖੜਾਈਆ । ਨਾਲ ਜਣਾਈ ਅਰਜਨ ਸੀਸ ਪਈ ਤੱਤੀ ਰੇਤ, ਰਾਵੀ ਦਏ ਗਵਾਹੀਆ । ਸ਼ਹਾਦਤ ਮਿਲੀ ਬਹਾਦਰ ਤੇਗ਼, ਆਪਾ ਵਾਰ ਵਖਾਈਆ । ਨਾਮ ਜਣਾਇਆ ਜੋ ਨਾਨਕ ਨਿਰਗੁਣ ਸਰਗੁਣ ਦੱਸ ਕੇ ਗਿਆ ਭੇਤ, ਭੇਵ ਆਪ ਜਣਾਈਆ । ਮਾਰ ਕੇ ਬੁੱਕਲ ਢਾਈ ਗਜ਼ ਦਾ ਖੇਸ, ਖੂੰਡੀ ਹੱਥ ਲਟਕਾਈਆ । ਜਿਸ ਦੇ ਚਰਨ ਚੁੰਮੇ ਬਾਸ਼ਕ ਸ਼ੇਸ਼, ਵਿਸ਼ਨੂੰ ਖ਼ੁਸ਼ੀ ਮਨਾਈਆ । ਜਿਸ ਦਾ ਮਾਲਕ ਖ਼ਾਲਕ ਏਕ, ਨਰ ਨਿਰੰਕਾਰ ਧਿਆਈਆ । ਉਹ ਸਭ ਨੂੰ ਦੇ ਕੇ ਗਿਆ ਟੇਕ, ਸ਼ਬਦ ਰਾਗ ਸੁਣਾਈਆ । ਕਲਜੁਗ ਅੰਤਮ ਹਰਿ ਹਰਿ ਧਰਨਾ ਭੇਖ, ਕੋਈ ਜਨਮੇ
 ਪਿਤਾ ਨਾ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਣੀ ਮਾਣ ਵਡਿਆਈਆ । ਸਾਚੀ ਸਤਰ ਦਾ ਲੇਖ ਅਖ਼ੀਰੀ, ਅੱਖਰਾਂ ਵਾਲਾ ਜਣਾਈਆ । ੨੪੧
ਜਿਸ ਦੇ ਹੁਕਮੇ ਅੰਦਰ ਮਿਲੀ ਪੀਰੀ ਮੀਰੀ, ਸ਼ਾਹ ਹਕੀਰੀ ਵੇਖ ਵਖਾਈਆ । ਓਸ ਦਾ ਨੂਰ ਬੇਨਜ਼ੀਰੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਦੋ ਜਹਾਨ ਹੋਣ ਦੇਵੇ ਨਾ ਕਦੇ ਦਿਲਗੀਰੀ, ਦਿਲਬਰ ਬਣੇ ਸੱਚਾ ਮਾਹੀਆ । ਜਿਸ ਨੇ ਕਲਜੁਗ ਅੰਤ ਗੁਰੂਆਂ ਦੇ ਬਦਲੇ ਭਗਤਾਂ ਦੀ ਚਲੌਣੀ ਪੀੜ੍ਹੀ, ਪਿਰਹੜੀ ਆਪ ਅਖਵਾਈਆ । ਉਸ ਦਾ ਮੇਲ ਹੋਣਾ ਤਕਦੀਰੀ, ਸਚ ਖ਼ੁਲਾਸਾ ਨਾ ਕੋਇ ਸੁਣਾਈਆ । ਜਿਸ ਦਾ ਨਾਮ ਖੰਡਾ ਸ਼ਮਸ਼ੀਰੀ, ਸ਼ਹਿਨਸ਼ਾਹ ਬੇਪਰਵਾਹੀਆ । ਉਸ ਦੇ ਹੱਥ ਦੋ ਜਹਾਨਾਂ ਤਦਬੀਰੀ, ਤਕਦੀਰ ਸਭ ਦੀ ਦਏ ਬਦਲਾਈਆ । ਨਾਲੇ ਲਿਖੇ ਹਰਫ਼ ਨਾਲੇ ਅਗੇ ਮਾਰੇ ਲਕੀਰੀ, ਜਗਤ ਵਿਦਿਆ ਲਾਈਨ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਤੱਕੀ ਪ੍ਰੇਮ ਨਾਲ ਲਕੀਰ, ਜੋ ਬਿਨ ਕ਼ਲਮ ਸ਼ਾਹੀ ਲਗਾਈਆ । ਓਸ ਵਿਚ ਵੱਡਾ ਹੇਰ ਫੇਰ, ਭੇਵ ਅਭੇਦ ਨਾ ਕੋਇ ਜਣਾਈਆ । ਗੋਬਿੰਦ ਕਿਹਾ ਪ੍ਰਭ ਕਰ ਆਪਣੀ ਮਿਹਰ, ਪਰਦਾ ਦੇ ਉਠਾਈਆ । ਪੁਰਖ ਅਬਿਨਾਸ਼ੀ ਕਿਹਾ ਇਹਦਾ ਭਾਓ ਨਾ ਕੋਈ ਮੇਰ ਨਾ ਕੋਈ ਤੇਰ, ਤੇਰਾ ਮੇਰਾ ਰੂਪ ਇਕੋ ਨਜ਼ਰੀ ਆਈਆ । ਦੋਹਾਂ ਨੇ ਮਿਲ ਕੇ ਕਲਜੁਗ ਲੇਖਾ ਦੇਣਾ ਨਬੇੜ, ਲੋਕਮਾਤ ਰਹਿਣ ਨਾ ਪਾਈਆ । ਭਗਤ ਸੁਹੇਲੇ ਚਰਨ ਲਿਆਉਣੇ ਘੇਰ, ਸਚ ਘਰਾਨੇ ਵੇਖ ਵਖਾਈਆ । ਸ਼ਾਹ ਸੁਲਤਾਨ ਰਾਜ ਰਾਜਾਨ ਮਾਇਆ ਮਮਤਾ ਅੰਤਰ ਵੇਖੇ ਭੇੜ, ਜਗਤ ਕੂੜ ਲੜਾਈਆ । ਹੁਕਮੇ ਅੰਦਰ ਗੇੜਨਾ ਗੇੜ, ਉਲਟੀ ਲਠ ਭਵਾਈਆ । ਜਗਤ ਹਰੂਫ਼ਾਂ ਕਿਸੇ ਕੰਮ ਨਾ ਆਵੇ ਜ਼ਬਰ ਜ਼ੇਰ, ਜ਼ਾਹਰਾ ਪੀਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵਣਹਾਰ ਵਡਿਆਈਆ । ਲਕੀਰ ਦੇ ਅਗੇ ਇਕ ਮਿਲ ਗਈ ਸਿਹਾਰੀ, ਜੋ ਆਪਣਾ ਹਾਲ ਰਹੀ ਜਣਾਈਆ । ਗੋਬਿੰਦ ਵੇਖੀ ਤੇਰੀ ਪੁਰਖ ਅਕਾਲ ਨਾਲ ਯਾਰੀ, ਯਾਰ ਸਾਂਝਾ ਇਕ ਮਨਾਈਆ । ਉਸ ਦਾ ਲੇਖਾ ਲੇਖ ਅਗੰਮ ਅਪਾਰੀ, ਬੋਧ ਅਗਾਧ ਵਡੀ ਵਡਿਆਈਆ । ਉਸ ਦੇ ਪ੍ਰੇਮ ਦਾ

ਸਿਧਾ ਬਣਿਆ ਨਾ ਕੋਇ ਵਾਪਾਰੀ, ਸੌਦਾ ਹਕ ਵਸਤ ਝੋਲੀ ਕੋਇ ਨਾ ਪਾਈਆ । ਮੈਂ ਸਚ ਦੱਸਾਂ ਉਹ ਸ਼ਾਹ ਪਾਤਸ਼ਾਹ ਜਿਸ ਦੀ ਸਚੀ ਸਰਦਾਰੀ, ਸਿਕਦਾਰ ਇਕ ਅਖਵਾਈਆ । ਉਹ ਜੁਗ ਚੌਕੜੀ ਪੀਰ ਪੈਗ਼ੰਬਰ ਭੇਜੇ ਵਾਰੋ ਵਾਰੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਨਿਰਗੁਣ ਸਰਗੁਣ ਰੂਪ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਸਿਹਾਰੀ ਕਹੇ ਇਕ ਹੋਰ ਵਡਿਆਈ, ਗੋਬਿੰਦ ਦਿਆਂ ਜਣਾਈਆ । ਉਹ ਭਗਤਾਂ ਨਾਲ ਕਰੇ ਕੁੜਮਾਈ, ਸਿਧਾ ਆਪਣਾ ਮੇਲ ਮਿਲਾਈਆ । ਅੰਦਰ ਵੜ ਕੇ ਸੋਈ ਸੁਰਤ ਲਏ ਉਠਾਈ, ਸਚ ਸੁਆਣੀ ਅੱਖ ਖੁਲ੍ਹਾਈਆ । ਨਿਰਗੁਣ ਨੂਰ ਕਰ ਰੁਸ਼ਨਾਈ, ਅੰਧ ਅੰਧੇਰ ਦਏ ਮਿਟਾਈਆ । ਆਪਣੇ ਨਾਮ ਸ਼ਬਦ ਮੇਲ ਕੇ ਧੁਰ ਦਾ ਹਾਣੀ, ਅੰਮ੍ਰਿਤ ਜਾਮ ਪਾਨ ਦਏ ਕਰਾਈਆ । ਸਚ ਸੁਨੇਹੜਾ ਸੁਣਾ ਕੇ ਬਾਣੀ, ਬਾਣ ਨਿਰਾਲਾ ਤੀਰ ਲਗਾਈਆ । ਲੇਖਾ ਚੁਕਾ ਕੇ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਪੰਧ ਮੁਕਾਈਆ । ਮਾਣ ਦੇ ਕੇ ਬਖ਼ਸ਼ੇ ਚਰਨ ਧਿਆਨੀ, ਸਰਨ ਮਿਲੇ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਿਹਾਰੀ ਕਹੇ ਮੈਂ ਹੋਰ ਕੁਛ ਵੇਖਿਆ ਤੱਕਿਆ, ਤੇਰੇ ਅਗੇ ਦਿਆਂ ਜਣਾਈਆ । ਪੁਰਖ ਅਬਿਨਾਸ਼ੀ ਖੇਲ ਕਰੇ ਸਮਰਥਿਆ, ਬੇਪਰਵਾਹ ਬੇਪਰਵਾਹੀ ਵਿਚ ਸਮਾਈਆ । ਮੇਰੇ ਅੰਦਰ ਇਕ ਉਸਨੇ ਪੜਦਾ ਢਕਿਆ, ਜਿਸ ਨੂੰ ਸਕੇ ਨਾ ਕੋਇ ਖੁਲ੍ਹਾਈਆ । ਉਹ ਭਗਤਾਂ ਜੋਗਾ ਹਿੱਸਾ ਰੱਖਿਆ, ਦੂਸਰ ਹੱਥ ਨਾ ਕਦੇ ਫੜਾਈਆ । ਇਕ ਦਿਨ ਪੁਰਖ ਅਕਾਲ ਰਵਿਦਾਸ ਨੂੰ ਕਿਹਾ ਮੇਰੇ ਬੱਚਿਆ, ਥੋੜੇ ਸਮੇਂ ਲਈ ਤੈਨੂੰ ਪੁੱਤਰ ਲਿਆ ਬਣਾਈਆ । ਤੇਰਾ ਵੇਖ ਕੇ ਢੋਰਾਂ ਵਾਲਾ ਚੰਮ ਕੱਚਿਆ, ਕਾਚੀ ਮਾਟੀ ਰੰਗ ਚੜ੍ਹਾਈਆ । ਰਵਿਦਾਸ ਟਕਿਆਂ ਵਾਲਾ ਵਿਹਾਰ ਦੱਸਿਆ, ਆਪਣੀ ਸੇਵ ਕਮਾਈਆ । ਬਾਕੀ ਲੇਖਾ ਵੇਖ ਕੇ ਹੱਸਿਆ, ਵਾਹਵਾ ਤੇਰੀ ਬੇਪਰਵਾਹੀਆ । ਜਿਸ ਨੇ ਚਾਰ ਕੁਹਾਰ ਕੀਤੇ ਅਕੱਠਿਆਂ, ਪੰਚਮ ਤੇਲੀ ਮੇਲ ਮਿਲਾਈਆ । ਜਿਸ ਨੇ ਡੋਲੀ ਵਾਲੀ, ਦੁਲ੍ਹਣ ਦਾ ਸੀਨਾ ਫਟਿਆ, ਨਾਮ ਕਟਾਰ ਤੀਰ ਚਲਾਈਆ । ਜਿਸ ਨੇ ਪਿਓ ਪੁਤ ਪੰਜ ਘੁਮਿਆਰਾਂ ਨੂੰ ਚਰਨਾਂ ਸੱਦਿਆ, ਹੋਕਾ ਹਕ ਸੁਣਾਈਆ । ਜਿਸ ਬ੍ਰਾਹਮਣ ਨਾਲ ਖੇਲਿਆ ਖੇਲ ਵੇਖੀ ਸਮੱਸਿਆ, ਸਮਾਂ ਖ਼ੁਸ਼ੀਆਂ ਨਾਲ ਵਿਹਾਈਆ । ਜਿਸ ਦੀ ਸਪੁੱਤਰੀ ਨੇ ਪਾਨਹਾ ਗੰਢਣ ਵਾਲਾ ਰਸ ਚਟਿਆ, ਲਬਾਂ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਸਿਹਾਰੀ ਕਹੇ ਮੈਂ ਇਕ ਹੋਰ ਦੱਸਾਂ ਸਵਾਲ, ਸਹਿਜ ਸਹਿਜ ਜਣਾਈਆ । ਇਕ ਦਿਨ ਖ਼ੁਸ਼ੀ ਵਿਚ ਆ ਕੇ ਦੀਨ ਦਿਆਲ, ਮੈਨੂੰ ਠੋਕਰ ਦਿਤੀ ਲਗਾਈਆ । ਓਸ ਦੇ ਵਿੱਚੋਂ ਨਿਕਲਿਆ ਇਕ ਰੁਮਾਲ, ਜੋ ਗੋਬਿੰਦ ਤੇਰੇ ਹੱਥ ਫੜਾਈਆ । ਜਿਸ ਦਾ ਨਾਮ ਧੁਰ ਦੀ ਢਾਲ, ਲੁਹਾਰ ਤਰਖਾਣ ਨਾ ਕੋਇ ਘੜਾਈਆ । ਏਸ ਨੂੰ ਰੱਖਣਾ ਆਪ ਸੰਭਾਲ, ਤੱਤਾਂ ਵਾਲਾ ਹੱਥ ਨਾ ਕੋਇ ਲਗਾਈਆ । ਕਲਜੁਗ ਅੰਤ ਇਹਦਾ ਆਉਣਾ ਖ਼ਿਆਲ, ਅੰਤਰ ਅੰਤਰ ਦਏ ਜਣਾਈਆ । ਜਿਸ ਵੇਲੇ ਨਿਰਗੁਣ ਹੋ ਕੇ ਬਣੇ ਦਲਾਲ, ਸ਼ਬਦੀ ਵੇਸ ਵਟਾਈਆ । ਪੁਰਖ ਅਕਾਲਾ ਹੋਵੇ ਤੇਰੇ ਨਾਲ, ਜੋਤੀ ਜੋਤ ਜੋਤ ਰੁਸ਼ਨਾਈਆ । ਸੰਬਲ ਨਗਰ ਬਣੇ ਮੰਦਰ ਸਚੀ ਧਰਮਸਾਲ, ਆਸਣ ਸਿੰਘਾਸਣ ਇਕ ਵਿਛਾਈਆ । ਹੁਕਮੇ ਅੰਦਰ ਰਖ ਕੇ ਕਾਲ ਮਹਾਕਾਲ, ਮਾਅਕੂਲ ਹੁਕਮ ਜਣਾਈਆ । ਲੱਖ ਚੁਰਾਸੀ ਕੂੜੀ ਕਿਰਿਆ ਵੇਖ ਕੇ ਚਾਲ, ਅਬਿਨਾਸ਼ੀ ਕਰਤੇ ਦੇਈਂ ਜਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਹੋਵਣ ਬੇਹਾਲ, ਬੇਹਬਲ ਹੋ ਕੇ ਦੇਣ ਦੁਹਾਈਆ । ਸੁਰਤੀ ਕਰੇ ਨਾ ਕੋਇ ਸੰਭਾਲ, ਸ਼ਬਦੀ ਜੋੜ ਨਾ ਕੋਇ ਜੁੜਾਈਆ । ਦੁਖ ਭੁਖ ਦੇ ਨਾਲ ਰੋਵਣ ਕੰਗਾਲ, ਰੋਇਆਂ ਰੋਗ ਨਾ ਕੋਇ ਮਿਟਾਈਆ । ਤ੍ਰੈਗੁਣ ਮਾਇਆ ਤੋੜੇ ਨਾ ਕੋਇ ਜੰਜਾਲ, ਜਾਗਰਤ ਜੋਤ ਨਾ ਕੋਇ ਰੁਸ਼ਨਾਈਆ । ਓਸ ਵੇਲੇ ਪਰਗਟ ਹੋਵੇ ਪਤਿਪਰਮੇਸ਼ਵਰ ਸਾਹਿਬ ਸੁਵਾਮੀ ਆਪ, ਆਪਣਾ ਰੂਪ ਧਰਾਈਆ । ਤੇਰੇ ਨਾਲ ਮਿਲ ਕੇ ਤੇਰਾ ਰੂਪ ਸਤਿ ਸਰੂਪ ਦਏ ਜਾਪ, ਸੋਹੰ ਢੋਲਾ ਨਾਦ ਵਜਾਈਆ । ਤੂੰ ਨਿਰਗੁਣ ਸਰਗੁਣ ਸਰਗੁਣ ਨਿਰਗੁਣ ਹੋ ਕੇ ਵਸਣਾ ਸਾਥ, ਸਗਲਾ ਸੰਗ

੨੪੨

ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਸਿਹਾਰੀ ਤੋਂ ਅਗੇ ਬੋਲੀ ਬਿਹਾਰੀ, ਬਹੁੜੀ ਕਰ ਸੁਣਾਈਆ । ਗੋਬਿੰਦ ਸਚ ਦੱਸਾਂ ਉਹ ਮੇਰਾ ਪੁਰਖ ਅਕਾਲ ਨਿਰੰਕਾਰੀ, ਨਿਰਵੈਰ ਨਜ਼ਰੀ ਆਈਆ । ਜਿਸ ਨੇ ਕਲਜੁਗ ਅੰਤਮ ਬਣਨਾ ਆਪ ਵਪਾਰੀ, ਲੱਖ ਚੁਰਾਸੀ ਵੇਖ ਵਖਾਈਆ । ਚਾਰ ਕੁੰਟ ਦਹਿ ਦਿਸ਼ਾ ਬ੍ਰਹਿਮੰਡਾਂ ਖੰਡਾਂ ਫਿਰਨਾ ਵਾਰੋ ਵਾਰੀ, ਵਾਰਤਾ ਸਭ ਦੀ ਦਏ ਦੋਹਰਾਈਆ । ਦੂਜੇ ਉਤੇ ਕਰੇ ਨਾ ਕੋਇ ਇਤਬਾਰੀ, ਯਕੀਨ ਆਪਣਾ ਆਪਣੇ ਉਤੇ ਰਖਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਮਜ਼ਦੂਰੀ ਕਰ ਕੇ ਗਏ ਦਿਹਾੜੀ, ਲੋਕਮਾਤ ਸੇਵ ਕਮਾਈਆ । ਮੰਗਾਂ ਮੰਗਦੇ ਗਏ ਅੰਤਮ ਵਾਰੀ, ਖ਼ਾਲੀ ਝੋਲੀ ਆਪਣੀ ਡਾਹੀਆ । ਈਸਾ ਮੂਸਾ ਮੁਹੰਮਦ ਕਿਹਾ ਵਡ ਅਮਾਮ ਸਾਡਾ ਸਿਕਦਾਰੀ, ਸਦੀ ਚੌਧਵੀਂ ਵੇਖ ਵਖਾਈਆ । ਨਾਨਕ ਗੋਬਿੰਦ ਕਿਹਾ ਸੂਰਬੀਰ ਬਲਕਾਰੀ, ਪਤਿਪਰਮੇਸ਼ਵਰ ਵਡ ਵਡਿਆਈਆ । ਪਰਗਟ ਹੋਵੇ ਵਡ ਸੰਸਾਰੀ, ਦੋ ਜਹਾਨਾਂ ਹੁਕਮ ਮਨਾਈਆ । ਭਗਤ ਸੁਹੇਲਾ ਹੋ ਕੇ ਮੀਤ ਮੁਰਾਰੀ, ਗੁਰਮੁਖ ਮਿਤਰਾਂ ਦਏ ਵਡਿਆਈਆ । ਮੇਰੇ ਵਿਚੋਂ ਲੇਖਾ ਨਜ਼ਰੀ ਆਏ ਕਲਜੁਗ ਅੰਤਮ ਰਵਿਦਾਸ ਬਟਵਾਰੇ ਦੀ ਲਗਣੀ ਯਾਰੀ, ਧੁਰ ਦਾ ਮੇਲਾ ਮੇਲ ਮਿਲਾਈਆ । ਜਿਨ੍ਹਾਂ ਦੇ ਪਿਛੇ ਭਗਤ ਸੁਹੇਲੇ ਜਾਵੇ ਤਾਰੀ, ਬੇਲੇ ਜੰਗਲ ਕਾਹੀ ਪਾਰ ਕਰਾਈਆ । ਜਿਹੜਾ ਕੰਡਾ ਤਿੱਖੀ ਸੂਲ ਦਾ ਬਾਲਮੀਕ ਵੱਜਾ ਰਾਵੀ ਅਧਵਿਚਕਾਰੀ, ਜਿਸ ਦਾ ਨਿਸ਼ਾਨਾ ਅਜੇ ਮਿਟ ਨਾ ਜਾਈਆ । ਓਥੋਂ ਦੀ ਵਿਥਿਆ ਲਿਖ ਕੇ ਸਾਰੀ, ਸ਼ਬਦ ਕਹਾਣੀ ਲਈ ਬਣਾਈਆ । ਗੁਰ ਅਰਜਨ ਦੀ ਖ਼ਾਹਸ਼ ਅੰਤਮ ਵਾਰੀ, ਜੋ ਰਾਵੀ ਕੰਢੇ ਪਰਗਟਾਈਆ । ਓਸ ਭਠਿਆਲੇ ਦਾ ਕਰਜ਼ਾ ਲਾਹ ਕੇ ਭਾਰੀ, ਜੋ ਅਗਨੀ ਤੱਤ ਤਪਾਈਆ । ਓਸ ਕੰਨਿਆ ਦੀ ਕਰ ਕੇ ਪਾਰ ਕਿਨਾਰੀ, ਜੋ ਸੀਸ ਸਾਹਿਬ ਝੁਕਾਈਆ । ਓਸ ਦਰਬਾਨ ਨੂੰ ਦੇ ਕੇ ਸਚ ਸਰਦਾਰੀ, ਬਖ਼ਸ਼ੀ ਮਾਣ ਵਡਿਆਈਆ । ਜੁਗ ਚੌਕੜੀ ਦੇ ਵਿਛੜੇ ਕੱਠੇ ਕਰ ਕੇ ਇਕੋ ਵਾਰੀ, ਸਗਲਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਵਡਿਆਈਆ । ਬਿਹਾਰੀ ਕਹੇ ਮੈਂ ਹੋਰ ਕੁਛ ਦੱਸਾਂ, ਦਸਮੇਸ਼ ਤੈਨੂੰ ਸੀਸ ਨਿਵਾਈਆ । ਖ਼ੁਸ਼ੀਆਂ ਨਾਲ ਹਸਾਂ, ਚਿੰਤਾ ਗ਼ਮ ਰਿਹਾ ਨਾ ਰਾਈਆ । ਜੋ ਨਾਨਕ ਸਰਗੁਣ ਨਾਨਕ ਲੇਖ ਲਿਖਿਆ ਆਪਣਿਆਂ ਹੱਥਾਂ, ਦਿਤੀ ਮਾਣ ਵਡਿਆਈਆ । ਓਨ੍ਹਾਂ ਪੰਜਾਂ ਦੇ ਨਾਮ ਰੱਟਾਂ, ਜਿਨ੍ਹਾਂ ਨੂੰ ਦਰਗਾਹ ਮਿਲੀ ਵਡਿਆਈਆ । ਧੂੜੀ ਖ਼ਾਕ ਓਨ੍ਹਾਂ ਦੇ ਚਰਨਾਂ ਦੀ ਚੱਟਾਂ, ਆਪਣਾ ਮੁਖ ਪਵਿਤ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਬਿਹਾਰੀ ਕਹੇ ਮੈਂ ਵੇਖਿਆ ਪ੍ਰਭ ਨੂੰ ਲਿਖਦਾ, ਬਿਨ ਅੱਖਰਾਂ ਅੱਖਰ ਬਣਾਈਆ । ਉਹ ਪਿਆਰਾ ਤੇਰੇ ਸਾਚੇ ਗੁਰਸਿਖ ਦਾ, ਜੋ ਗੁਰਮੁਖ ਰੂਪ ਵਟਾਈਆ । ਜੋ ਪਿਆਸਾ ਸਤਿਗੁਰ ਚਰਨ ਪ੍ਰੀਤੀ ਭੁਖ ਦਾ, ਮਨਸਾ ਆਪ ਜਣਾਈਆ । ਓਸ ਦਾ ਸੰਗੀ ਹੋਵੇ ਆਪ ਦੁਖ ਸੁਖ ਦਾ, ਦੁਖ ਸੁਖ ਵਿਚ ਬਦਲਾਈਆ । ਗੋਬਿੰਦ ਤੇਰਾ ਪਹਿਲਾ ਨਾਤਾ ਗੁਜਰੀ ਕੁੱਖ ਦਾ, ਹੁਣ ਸ਼ਬਦੀ ਰੂਪ ਵਟਾਈਆ । ਏਹ ਨਾਤਾ ਕਦੇ ਨਾ ਤੁਟਦਾ, ਨਿਰਗੁਣ ਨਿਰਗੁਣ ਜੋੜ ਜੁੜਾਈਆ । ਹੁਣ ਵੇਲਾ ਰਹਿਣਾ ਨਹੀਂ ਕੋਈ ਲੁਕ ਦਾ, ਹੋਕਾ ਦੇ ਕੇ ਦੇਣਾ ਸੁਣਾਈਆ । ਵੇਖੋ ਮੇਲਾ ਪਿਉ ਪੁਤ ਦਾ, ਲੋਕਮਾਤ ਵਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਬਿਹਾਰੀ ਕਹੇ ਵੇਖ ਗੋਬਿੰਦ ਪੰਜ ਖਲੋਤੇ, ਸਚਖੰਡ ਦਵਾਰੇ ਪ੍ਰਭ ਚਰਨ ਮਿਲੀ ਸਰਨਾਈਆ । ਜਿਨ੍ਹਾਂ ਦੀ ਰਸਨਾ ਇਕੋ ਪ੍ਰਭ ਦਾ ਦਰਸ਼ਨ ਲੋਚੇ, ਦੂਜਾ ਇਸ਼ਟ ਨਾ ਕੋਇ ਮਨਾਈਆ । ਦਾਦੇ ਨਾਲ ਨਜ਼ਰ ਆਉਂਦੇ ਪੋਤੇ, ਧੁਰ ਦਾ ਸੋਹਣਾ ਜੋੜ ਜੁੜਾਈਆ । ਭਗਤਾਂ ਨਾਲ ਭਗਤ ਮਿਲ ਕੇ ਵਸੇ ਧਾਮ ਓਸੇ, ਦਰਗਾਹ ਸਾਚੀ ਖ਼ੁਸ਼ੀ ਮਨਾਈਆ । ਏਸ ਦੀ ਸੋਚ ਕਿਆ ਕੋਈ ਸੋਚੇ, ਸਮਝ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਨਜ਼ਰ ਉਠਾਈਆ । ਬਿਹਾਰੀ ਕਿਹਾ ਵੇਖ ਗੁਰਮੁਖ ਸੋਹਣੇ ਚੰਗੇ, ਜੋਬਨ ਰੱਤੇ ਨਜ਼ਰੀ ਆਈਆ । ਸਾਹਿਬ ਸਵਾਮੀ ਜਿਨ੍ਹਾਂ ਦੀਆਂ ਮੰਨੇ, ਪਤਿਪਰਮੇਸ਼ਵਰ

੨੪੩

੨੪੪

ਹੋਏ ਸਹਾਈਆ । ਉਹ ਦਰਗਾਹ ਦੇ ਬਣੇ ਸਾਚੇ ਚੰਦੇ, ਜੋਤੀ ਨੂਰ ਨੂਰ ਰੁਸ਼ਨਾਈਆ । ਅੰਦਰੋਂ ਬਾਹਰੋਂ ਸੀਤਲ ਧਾਰ ਠੰਡੇ, ਅਗਨੀ ਅੱਗ ਨਾ ਕੋਇ ਲਗਾਈਆ । ਮੰਜ਼ਲ ਚੜ੍ਹ ਕੇ ਅਖ਼ੀਰੀ ਡੰਡੇ, ਡੰਡੌਤ ਹਰਿ ਨੂੰ ਰਹੇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਿਹਾਰੀ ਕਹੇ ਵੇਖ ਪੰਜ ਹੋਏ ਮਨਜ਼ੂਰ, ਪ੍ਰਭ ਦੇਵੇ ਮਾਣ ਵਡਿਆਈਆ । ਜਿਨ੍ਹਾਂ ਦੇ ਪਿਛੇ ਕਲਜੁਗ ਨਾਤਾ ਤੁੱਟਾ ਕੂੜ, ਕੂੜੀ ਕਿਰਿਆ ਦਏ ਗਵਾਈਆ । ਭਗਤ ਭਗਵਾਨ ਲੋਕਮਾਤ ਹੋਏ ਮਸ਼ਹੂਰ, ਮਸ਼ਵਰਿਆਂ ਵਿਚ ਪਵੇ ਲੋਕਾਈਆ । ਜਗਤ ਹੰਕਾਰੀ ਤੁਟਣਾ ਗ਼ਰੂਰ, ਗ਼ੁਰਬਤ ਸਭ ਦੀ ਮੇਟ ਮਿਟਾਈਆ । ਜੋਤੀ ਜਲਵਾ ਜ਼ਾਹਰ ਕਰਨਾ ਨੂਰ, ਸ੍ਰਿਸ਼ਟੀ ਦ੍ਰਿਸ਼ਟੀ ਇਸ਼ਟੀ ਨਜ਼ਰੀਆ ਆਪ ਬਦਲਾਈਆ । ਜਨ ਭਗਤਾਂ ਭੰਡਾਰਾ ਕਰਨਾ ਭਰਪੂਰ, ਨਾਮ ਪਦਾਰਥ ਝੋਲੀ ਪਾਈਆ । ਪੂਰਬ ਜਨਮ ਦੇ ਬਖ਼ਸ਼ ਕਸੂਰ, ਦਸ਼ਮਲਬ ਨਾਲ ਉਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਬਿਹਾਰੀ ਕਹੇ ਪੰਜਾਂ ਦੀ ਸੇਵਾ ਅਨੋਖੀ, ਹਰਿ ਕਰਤੇ ਆਪ ਲਗਾਈਆ । ਪਤਾ ਨਹੀਂ ਓਸ ਕਿਵੇਂ ਸੋਚ ਸੋਚੀ, ਆਪਣੀ ਬਣਤ ਬਣਾਈਆ । ਉਹ ਠਾਕਰ ਸਵਾਮੀ ਧੁਰ ਦਾ ਮੌਜੀ, ਦੂਜਾ ਸੰਗ ਨਾ ਕੋਇ ਨਿਭਾਈਆ । ਦੋ ਜਹਾਨਾਂ ਸੱਚਾ ਖੋਜੀ, ਲੱਖ ਚੁਰਾਸੀ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਗੋਬਿੰਦ ਕਹੇ ਮੈਂ ਪੰਜ ਵੇਖੇ, ਸੋਹਣੇ ਗੁਰਮੁਖ ਨਜ਼ਰੀ ਆਈਆ । ਏਨ੍ਹਾਂ ਦੇ ਮੇਰੇ ਕੋਲ ਓਸੇ ਚਿੱਠੀ ਵਿਚ ਲੇਖੇ, ਪੰਜਵੀਂ ਸਤਰ ਰਹੀ ਸਮਝਾਈਆ । ਜਿਨ੍ਹਾਂ ਨੂੰ ਸਾਹਿਬ ਰਖਿਆ ਚੇਤੇ, ਅਭੁਲ ਭੁਲ ਕਦੇ ਨਾ ਜਾਈਆ । ਕਲਜੁਗ ਅੰਤਮ ਲਾਏ ਲੇਖੇ, ਸੋਹਣੀ ਵੰਡ ਵੰਡਾਈਆ । ਸਤਿ ਨਿਸ਼ਾਨਾ ਦੇ ਕੇ ਭੇਜੇ, ਲੋਕਮਾਤ ਭਗਤਾਂ ਦਏ ਵਡਿਆਈਆ । ਕੂੜੀ ਕਿਰਿਆ ਕੱਢ ਕੇ ਭਰਮ ਭੁਲੇਖੇ, ਭਾਂਡਾ ਭਰਮ ਭੌ ਭੰਨਾਈਆ । ਸੱਤ ਰੰਗ ਨਿਸ਼ਾਨਾ ਵੇਖ ਕੇ ਚਾਰ ਜੁਗ ਦੇ ਪਿਛਲੇ ਮੁਕ ਜਾਣ ਠੇਕੇ, ਠੇਕੇਦਾਰੀ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਆਪ ਕਮਾਈਆ । ਗੋਬਿੰਦ ਕਹੇ ਮੈਂ ਵੇਖਿਆ ਪੰਜਾਂ ਦਾ ਮੁਖੜਾ, ਮੇਰੇ ਅੰਤਰ ਖ਼ੁਸ਼ੀ ਆਈਆ । ਜਿਸ ਦਾ ਸੁਤ ਦੁਲਾਰਾ ਪੁਤਰਾ, ਸੋ ਆਪਣੇ ਰੰਗ ਸਮਾਈਆ । ਜਿਸ ਦਾ ਨਜ਼ਾਰਾ ਵੇਖਿਆ ਲੋਚਣਾ, ਨੇਤਰ ਅੱਖ ਖੁਲ੍ਹਾਈਆ । ਉਹਦੇ ਪੁਤ ਦੇ ਪੁੱਤਾਂ ਦਾ ਕੀ ਸੋਚਣਾ, ਜੋ ਆਪਾ ਵਾਰ ਭੇਟ ਕਰਾਈਆ । ਉਹਦਾ ਭਾਣਾ ਕਿਸੇ ਨਾ ਰੋਕਣਾ, ਨਾ ਕੋਈ ਮੇਟੇ ਮੇਟ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਬਿਹਾਰੀ ਦੇ ਅਗੇ ਆ ਗਿਆ ਔਂਕੜ, ਔਂਕੜ ਅਗਲੀ ਰਿਹਾ ਜਣਾਈਆ । ਜੁਗ ਚੌਕੜੀ ਖੇਲ ਸਾਰ ਪਾਸ਼ ਚੌਂਕੜ, ਚਾਰੇ ਜੁਗ ਚਾਰ ਕੁੰਟ ਭਵਾਈਆ । ਕੋਟਨ ਕੋਟਾਂ ਵਿਚੋਂ ਭਗਤ ਭਗਵੰਤ ਕੋਲ ਪਹੁੰਚਣ, ਮੈਂ ਸਚ ਦਿਆਂ ਸੁਣਾਈਆ । ਬਾਕੀ ਕਿਸੇ ਦਰਸ ਮਿਲੇ ਨਾ ਕਰਨਾ ਲੋਚਣ, ਲੋਚਾ ਪੂਰ ਨਾ ਕੋਇ ਵਖਾਈਆ । ਔਂਕੜ ਕਿਹਾ ਮੈਂ ਵਡਿਆਈ ਦੇਵਾਂ ਓਸ ਮੋਚਣ, ਜੋ ਚਮਿਆਰੀ ਰਵਿਦਾਸ ਕੁੱਖ ਟਿਕਾਈਆ । ਔਂਕੜ ਕਿਹਾ ਮੇਰਾ ਪਰਮ ਪੁਰਖ ਪਰਮਾਤਮ ਜੁਗ ਜੁਗ ਸਭ ਦੇ ਹਿਰਦੇ ਆਵੇ ਸੋਧਣ, ਸੁਧ ਆਪਣੀ ਆਪ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਔਂਕੜ ਕਹੇ ਪ੍ਰਭ ਪਰਗਟਾਏ ਆਪਣੇ ਲਾਲ, ਦੇਵਣਹਾਰ ਵਡਿਆਈਆ । ਸਾਚੀ ਸਿਖਿਆ ਇਕੋ ਸਿਖਾਲ, ਧੁਰ ਦਾ ਹੁਕਮ ਇਕ ਜਣਾਈਆ । ਵਿਸ਼ਨ ਬ੍ਰਹਮਾ ਸ਼ਿਵ ਜੋ ਬੈਠੇ ਆਪਣੀ ਧਰਮਸਾਲ, ਅੰਤਮ ਲੇਖਾ ਲੇਖੇ ਲਏ ਪਾਈਆ । ਬ੍ਰਹਮਾ ਕਰੇ ਆਪ ਬਹਾਲ, ਸਿੰਘ ਪਾਲ ਦਏ ਵਡਿਆਈਆ । ਸ਼ੰਕਰ ਲਹਿਣਾ ਚੁਕੇ ਆਣ, ਜਗਤ ਜਗਦੀਸ਼ ਵਜੇ ਵਧਾਈਆ । ਇੰਦਰ ਚਰਨ ਡਿੱਗੇ ਆਣ, ਆਪਣਾ ਪੰਧ ਮੁਕਾਈਆ । ਸਿੰਘ ਮਨਜੀਤ ਨੌਜਵਾਨ, ਤਖ਼ਤ ਬੈਠੇ ਚਾਈਂ ਚਾਈਆ । ਧਰੂ ਕਹੇ ਮੇਰਾ ਲੇਖਾ ਚੁੱਕਿਆ ਦਰ ਦਰਬਾਨ, ਦਰ ਦਰਵੇਸ਼ ਹੋ ਕੇ ਸੀਸ ਨਿਵਾਈਆ । ਪੁਰਖ ਅਬਿਨਾਸ਼ੀ ਹੋ ਮਿਹਰਵਾਨ, ਸਿੰਘ ਸਵਰਨ ਦਿਤੀ

ਵਡਿਆਈਆ । ਗੋਬਿੰਦ ਔਹ ਵੇਖ ਕਰ ਪਹਿਚਾਨ, ਸਤਿਜੁਗ ਧਿਆਨ ਲਗਾਈਆ । ਜਿਸ ਰਾਜੇ ਬਲ ਨੇ ਆਪਣਾ ਆਪ ਕੀਤਾ ਦਾਨ, ਬਾਵਨ ਭੇਟ ਚੜ੍ਹਾਈਆ । ਮਗਰ ਮਿਣਾਈ ਵਿਚ ਜਹਾਨ, ਢਾਈ ਕਰਮ ਲੇਖ ਪੂਰ ਕਰਾਈਆ । ਉਹਦਾ ਪਿਛਲਾ ਲਹਿਣਾ ਦੇਣਾ ਦੇਵੇ ਸ੍ਰੀ ਭਗਵਾਨ, ਕਲਜੁਗ ਅੰਤਮ ਹੋ ਸਹਾਈਆ । ਪੰਜਾਂ ਤੱਤਾਂ ਦਾ ਚੋਲਾ ਦੇ ਕੇ ਨਾਂ ਰਖ ਸਿੰਘ ਗੁਰਦਿਆਲ, ਲਾਲ ਧੁਰ ਦਾ ਲਿਆ ਬਣਾਈਆ । ਆਦਿ ਆਦਿ ਦਾ ਸੱਤ ਰੰਗ ਨਿਸ਼ਾਨ, ਜੋ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਸ਼ਬਦ ਵਿਚ ਵਖਾਈਆ । ਓਸ ਦੀ ਲੋਕਮਾਤ ਨੌਂ ਖੰਡ ਪ੍ਰਿਥਮੀ ਸੱਤ ਦੀਪ ਪਾਵੇ ਆਣ, ਸਿਰ ਸਕੇ ਨਾ ਕੋਇ ਉਠਾਈਆ । ਜਨ ਭਗਤ ਸੁਹੇਲੇ ਲੈ ਕੇ ਨਾਲ, ਦੀਨ ਦਿਆਲ ਖ਼ੁਸ਼ੀ ਮਨਾਈਆ । ਜਨਮ ਕਰਮ ਦੇ ਲੇਖੇ ਵਿਚੋਂ ਸਾਰੇ ਕਰੇ ਬਹਾਲ, ਚੁਰਾਸੀ ਗੇੜ ਨਾ ਕੋਇ ਰਖਾਈਆ । ਸਚ ਦਵਾਰੇ ਕੱਠੇ ਕੀਤੇ ਆਣ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ , ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਔਂਕੜ ਕਹੇ ਮੈਂ ਵੇਖੇ ਪੰਜ ਜੋਧੇ, ਦਰਗਾਹ ਸਾਚੀ ਸੋਭਾ ਪਾਈਆ । ਜਿਨ੍ਹਾਂ ਨੇ ਆਪਣੇ ਆਪ ਸੋਧੇ, ਸਿਧਾ ਮੇਲ ਮਿਲਿਆ ਬੇਪਰਵਾਹੀਆ । ਉਹ ਕਲਜੁਗ ਅੰਤਮ ਹੋ ਗਏ ਭਗਤਾਂ ਜੋਗੇ, ਲੋਕਮਾਤ ਸੇਵ ਕਮਾਈਆ । ਕੰਧੇ ਚੁਕ ਕੇ ਆਪਣੇ ਬੋਝੇ, ਭਗਤਾਂ ਹੌਲੇ ਭਾਰ ਰਖਾਈਆ । ਸੱਤ ਰੰਗ ਨਿਸ਼ਾਨਾ ਇਕ ਸੋਚੇ, ਸਚਖੰਡ ਧਿਆਨ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸੱਤ ਰੰਗ ਨਿਸ਼ਾਨਾ ਕਹੇ ਮੈਂ ਨੌਂ ਸੌ ਚੁਰਾਨਵੇ ਚੌਕੜੀ ਜੁਗ ਰਿਹਾ ਬਣਦਾ, ਸਚਖੰਡ ਬਹਿ ਬਹਿ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਵੇਖੇ ਜੋ ਸ੍ਰੀ ਭਗਵਾਨ ਰਿਹਾ ਜਣਦਾ, ਜਨ ਜਨਨੀ ਹੋ ਕੇ ਦਏ ਵਡਿਆਈਆ । ਖੇਲ ਵੇਖਿਆ ਜੋ ਲੱਖ ਚੁਰਾਸੀ ਘੜਦਾ ਭੰਨਦਾ, ਹੁਕਮੇ ਅੰਦਰ ਹੁਕਮ ਸਮਾਈਆ । ਲਹਿਣਾ ਦੇਣਾ ਵੇਖਿਆ ਗੁਜਰੀ ਚੰਨ ਦਾ, ਜੋ ਚਿੰਤਾ ਸਰਬ ਮੁਕਾਈਆ । ਪੁਰਖ ਅਕਾਲ ਓਸ ਦੀ ਮੰਨਦਾ, ਉਹ ਓਸ ਦੀ ਚਲੇ ਰਜ਼ਾਈਆ । ਉਹ ਓਸ ਦਾ ਭਾਣਾ ਮੰਨਦਾ, ਉਹ ਓਸੇ ਦਾ ਭਾਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਸੱਤ ਰੰਗ ਕਹੇ ਮੈਂ ਸਦ ਰੰਗਾਂ ਸਤਿ, ਸਤਿ ਸਤਿ ਵਰਤਾਈਆ । ਪੁਰਖ ਅਬਿਨਾਸ਼ੀ ਸ੍ਰਿਸ਼ਟ ਸਬਾਈ ਦੇ ਮਤਿ, ਗੁਰਮਤਿ ਇਕ ਜਣਾਈਆ । ਮੈਂ ਬਿਨਾਂ ਭਗਤਾਂ ਕਿਸੇ ਨੂੰ ਲਾਉਣ ਨਾ ਦੇਵਾਂ ਹੱਥ, ਅੰਗੀਕਾਰ ਨਾ ਕੋਇ ਕਰਾਈਆ । ਜਿਸ ਵੇਲੇ ਹੁਕਮ ਦੇਵੇ ਪੁਰਖ ਸਮਰਥ, ਲੋਕਮਾਤ ਸੇਵ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਗਿਆ ਲੰਘ, ਸਦੀ ਵੀਹਵੀਂ ਦਏ ਦੁਹਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਸੁਹਾਵਣਹਾਰਾ ਆਤਮ ਸੇਜ ਪਲੰਘ, ਸਾਢੇ ਤਿੰਨ ਹੱਥ ਮੰਦਰ ਡੇਰਾ ਲਾਈਆ । ਸਾਢੇ ਤਿੰਨ ਹੱਥ ਦਾ ਨਿਸ਼ਾਨਾ ਦੋ ਜਹਾਨਾਂ ਦੇਵੇ ਟੰਗ, ਸਤਿ ਸਤਿਵਾਦੀ ਧਾਰ ਚਲਾਈਆ । ਤੇਰਾਂ ਚੌਦਾਂ ਪੰਦਰਾਂ ਸੋਲਾਂ ਪੋਹ ਖੇਲ ਹੁੰਦਾ ਵੇਖਿਆ ਸੂਰੇ ਸਰਬੰਗ, ਸੋਹਣੀ ਬਣਤ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵੇ ਮਾਣ ਵਡਿਆਈਆ । ਸਤਾਰਾਂ ਪੋਹ ਕਹੇ ਮੈਂ ਆਇਆ ਜਗ, ਵੀਹ ਸੌ ਇੱਕੀ ਬਿਕ੍ਰਮੀ ਮਿਲੀ ਵਡਿਆਈਆ । ਸਚ ਦਵਾਰੇ ਚੜ੍ਹਿਆ ਭਜ, ਆਪਣਾ ਪਰਦਾ ਲਾਹੀਆ । ਓਸ ਦੇ ਹੱਥ ਵਿਚ ਰਿਹਾ ਸਜ, ਜਿਸ ਨੂੰ ਦਰਗਾਹ ਮਿਲੀ ਵਡਿਆਈਆ । ਗੁਰਦਿਆਲ ਸਿੰਘ ਕਹੇ ਮੈਂ ਲੇਖਾ ਮੰਗਣਾ ਅੱਜ, ਪ੍ਰਭ ਅਗੇ ਝੋਲੀ ਡਾਹੀਆ । ਜਿਸ ਦੇ ਪਿਛੇ ਤਖ਼ਤ ਤਾਜ ਦਿਤਾ ਛਡ, ਆਪਣਾ ਆਪ ਗੁਆਈਆ । ਪ੍ਰੇਮ ਪ੍ਰੀਤੀ ਅੰਦਰ ਬੱਝ, ਖ਼ਾਲੀ ਹੱਥ ਦਿਤੇ ਵਖਾਈਆ । ਓਸ ਦੇ ਕੋਲੋਂ ਪੂਰੀ ਕਰਨੀ ਆਸ, ਮਨਸਾ ਨਾਲ ਮਿਲਾਈਆ । ਪ੍ਰਭੂ ਜੇ ਤੂੰ ਭਗਤਾਂ ਦਾ ਦਾਸ, ਸੇਵਾ ਕਰ ਕੇ ਦੇ ਵਖਾਈਆ । ਤੇਰੇ ਸੰਤ ਸੁਹੇਲੇ ਸਿਧੇ ਆਉਣ ਤੇਰੇ ਪਾਸ, ਰਾਹ ਵਿਚ ਨਾ ਕੋਇ ਅਟਕਾਈਆ । ਜੇ ਕੋਈ ਬਿਖੜਾ ਪੈਂਡਾ ਡੂੰਘਾ ਦਿਸੇ ਘਾਟ, ਔਝੜ ਰਾਹ ਦੇ ਵਖਾਈਆ । ਮੈਂ ਵੇਖਣਾ ਅੱਜ ਸੋਹਣੀ ਕਿਹੜੀ ਭਗਤਾਂ ਜਮਾਤ, ਕਵਣ ਕਰਨ ਪੜ੍ਹਾਈਆ । ਓਧਰੋਂ ਖ਼ੁਸ਼ੀਆਂ ਨਾਲ ਗੀਤ ਗਾਉਂਦੀ ਆਈ ਸੁਹੰਜਣੀ ਰਾਤ, ਭਿੰਨੜੀ ਰੂਪ

੨੪੫

ਵਟਾਈਆ । ਮੈਂ ਵੀ ਵੇਖਾਂ ਮੁਖ ਨਕਾਬ ਪੜਦਾ ਚੁਕ ਕੇ ਮਾਰਾਂ ਝਾਤ, ਨੇਤਰ ਨੈਣਾਂ ਨਾਲ ਮਿਲਾਈਆ । ਜਿਨ੍ਹਾਂ ਦਾ ਪ੍ਰਭ ਦੇ ਨਾਲ ਨਾਤਾ ਜੁੜਿਆ ਸਾਕ, ਸੱਜਣ ਇਕ ਬਣਾਈਆ । ਉਹਨਾਂ ਨਾਲ ਕਿਵੇਂ ਹੋਇਆ ਇਤਫ਼ਾਕ, ਪਤਿਪਰਮੇਸ਼ਵਰ ਆਇਆ ਚਾਈਂ ਚਾਈਆ । ਕਿਸ ਬਿਧ ਕਰੇ ਸੋਹਣੀ ਬਾਤ, ਵਾਤਾਵਰਨ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਗੁਰਦਿਆਲ ਸਿੰਘ ਕਹੇ ਮੇਰੀ ਵਾਰੀ, ਮੇਰੇ ਹੱਥ ਵਿਚ ਸੱਤ ਰੰਗ ਦਾ ਝੰਡਾ, ਝੰਡਿਆਂ ਵਾਲਿਆਂ ਦਿਆਂ ਜਣਾਈਆ । ਪਰਮ ਪੁਰਖ ਦਾ ਨਿਸ਼ਾਨਾ ਝੁਲਦਾ ਵਿਚ ਬ੍ਰਹਿਮੰਡਾ, ਵਰਭੰਡਾ ਦਿਆਂ ਜਣਾਈਆ । ਜਿਸ ਦੇ ਹੱਥ ਵਿਚ ਅਗੰਮੀ ਡੰਡਾ, ਡੰਡੌਤ ਸਾਰਿਆਂ ਦਏ ਸਿਖਾਈਆ । ਜਿਸ ਦਾ ਅਰਜਨ ਨਾਲ ਲੇਖਾ ਰਾਵੀ ਕੰਢਾ, ਬਾਲਮੀਕ ਲਹਿਣਾ ਆਇਆ ਚੁਕਾਈਆ । ਜਿਸ ਦੀ ਅੱਡੀ ਵਿਚੋਂ ਚੁਭਿਆ ਅਜੇ ਨਾ ਕੱਢਿਆ ਕੰਡਾ, ਜੋਬਨ ਵਾਲੀ ਪੱਟੀ ਬੰਧੀ ਨਾ ਕਿਸੇ ਲਾਹੀਆ । ਉਸ ਦੇ ਦਵਾਰੇ ਸ੍ਰੀ ਭਗਵਾਨ ਆਇਆ ਨੱਠਾ, ਬਣ ਕੇ ਪਾਂਧੀ ਰਾਹੀਆ । ਇੱਕੀ ਸਾਲ ਜਿਸ ਥਾਂ ਤੇ ਬਹਿ ਕੇ ਮਸਾਣਾ ਵਿਚ ਫੋਲਦਾ ਰਿਹਾ ਸੀ ਘੱਟਾ, ਹੱਥਾਂ ਨਾਲ ਉਡਾਈਆ । ਓਸ ਭੂਮਿਕਾ ਉਤੇ ਪ੍ਰਭੂ ਦਾ ਸਿੰਘਾਸਣ ਡੱਠਾ, ਸਨਮੁਖ ਭਗਤ ਸੁਹੇਲੇ ਨਜ਼ਰੀ ਆਈਆ । ਵੇਖੋ ਰੋਂਦਾ ਆਇਆ ਧੰਨਾ ਜੱਟਾ, ਊਚੀ ਕੂਕ ਕੂਕ ਸੁਣਾਈਆ । ਕੀ ਹੋਇਆ ਜੇ ਮੈਨੂੰ ਪਹਿਲੇ ਮਿਲਿਉਂ ਵਿਚੋਂ ਪੱਥਰ ਵੱਟਾ, ਹੁਣ ਮੋਢਿਆਂ ਉਪਰ ਚੁਕ ਕੇ ਖ਼ੁਸ਼ੀ ਮਨਾਈਆ । ਨਾਮਾ ਕਹੇ ਨਹੀਂ ਛਪਰੀ ਵਾਲਾ ਰਿਹਾ ਰੱਟਾ, ਭਗਤ ਦਵਾਰੇ ਸੋਭਾ ਪਾਈਆ । ਰਵਿਦਾਸ ਕਹੇ ਮੈਂ ਲੋਕਾਂ ਦੱਸਾਂ, ਦਹਿ ਦਿਸ਼ਾ ਦਿਆਂ ਜਣਾਈਆ । ਜਿਸ ਨੇ ਹਰਿ ਦਾ ਦਰਸ਼ਨ ਪੌਣਾ ਅੱਖਾਂ, ਲੋਚਨ ਨੈਣ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਔਕੜ ਅਗੇ ਆਏ ਦੁਲੈਂਕੜੇ, ਦੂਹਰਾ ਤਾਲ ਵਜਾਈਆ । ਪ੍ਰਭ ਨੂੰ ਮਿਲਣ ਵਾਸਤੇ ਜੁਗ ਬੀਤ ਗਏ ਸੈਂਕੜੇ, ਗਣਤੀ ਗਣਤ ਨਾ ਕੋਇ ਗਣਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਦੱਸਦੇ ਗਏ ਉਹਦੇ ਖੇਲ ਮੁਹੱਬਤ ਮਿਹਰ ਦੇ, ਸਾਖਿਆਤ ਨਾ ਕੋਇ ਮਿਲਾਈਆ । ਹੁਕਮ ਮੰਨਦੇ ਰਹੇ ਭੈ ਵਿਚ ਪ੍ਰਭ ਸ਼ੇਰ ਦੇ, ਸਿੰਘ ਭਬਕ ਆਪਣਾ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਦੁਲੈਂਕੜੇ ਕਹਿਣ ਮੈਂ ਵੇਖੀ ਦੋਹਰੀ ਲਗਦੀ ਚੋਟ, ਹਰਿ ਕਰਤਾ ਆਪ ਲਗਾਈਆ । ਨਾਲੇ ਨੂਰ ਨਿਰਮਲ ਜੋਤ, ਦੂਜਾ ਸ਼ਬਦ ਨਾਦ ਵਜਾਈਆ । ਤੀਜੇ ਭਗਤਾਂ ਕਰਕੇ ਖੋਜ, ਚੌਥੇ ਘਰ ਜੋੜ ਜੁੜਾਈਆ । ਪੰਜਵੇਂ ਆਸਾ ਮਨਸਾ ਪੂਰੀ ਕਰਕੇ ਲੋਚ, ਛੇਵੇਂ ਦਰ ਦੇਵੇ ਮਾਣ ਵਡਿਆਈਆ । ਸਤਵੇਂ ਸਤਿ ਸਤਿਵਾਦੀ ਉਥੇ ਗਿਆ ਪਹੁੰਚ, ਜਿਥੇ ਭਗਤ ਸੁਹੇਲਾ ਬੈਠਾ ਆਪਣਾ ਧਿਆਨ ਲਗਾਈਆ । ਅੱਠਵੇਂ ਅੱਠਾਂ ਤੱਤਾਂ ਲੋਕਮਾਤ ਨਿਤ ਰਹਿਣਾ ਨਹੀਂ ਰੋਜ਼, ਅੰਤਮ ਲੇਖਾ ਜਾਣ ਚੁਕਾਈਆ । ਨਾਵੇਂ ਨੌਂ ਦਰਾਂ ਵਿਚ ਮਿਲਣੀ ਨਹੀਂ ਏਹ ਮੌਜ, ਕੂੜੇ ਰਸਾਂ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਬੇਪਰਵਾਹੀਆ । ਦੁਲੈਂਕੜੇ ਕਹਿਣ ਗੋਬਿੰਦ ਤਕ, ਚੌਂਹ ਤਰਫ਼ ਧਿਆਨ ਲਗਾਈਆ । ਗੋਬਿੰਦ ਕਹੇ ਅਵਤਾਰ ਗੁਰ ਪੈਗ਼ੰਬਰ ਆਓ ਝਟ, ਆਪਣਾ ਪੰਧ ਮੁਕਾਈਆ । ਵਿਸ਼ਨ ਬ੍ਰਹਮਾ ਸ਼ਿਵ ਹੁਕਮ ਸੁਣੋ ਨਠ, ਮੰਗੋ ਸਚ ਸਰਨਾਈਆ । ਭਗਤ ਸੁਹੇਲੇ ਚਰਨ ਜਾਓ ਢਠ, ਮਾਣ ਅਭਿਮਾਨ ਗਵਾਈਆ । ਵੇਦ ਪੁਰਾਨ ਸ਼ਾਸਤਰ ਸਿਮਰਤ ਸਾਰੇ ਕਰੋ ਇਕੱਠ, ਵੇਲਾ ਵਕਤ ਦਏ ਗਵਾਹੀਆ । ਨੇਤਰ ਰੋਵੇ ਤੀਰਥ ਅਠਸਠ, ਗੰਗਾ ਗੋਦਾਵਰੀ ਜਮਨਾ ਸੁਰਸਤੀ ਖੁਲ੍ਹੀ ਮੀਂਢੀ ਸੀਸ ਪੱਟੀ ਨਾ ਕੋਇ ਗੁੰਦਾਈਆ । ਕਲਜੁਗ ਭੱਜਾ ਫਿਰੇ ਕੂੜਾ ਖੇਲ ਵੇਖੇ ਬਾਜ਼ੀਗਰ ਨਟ, ਨਟੂਆ ਆਪਣਾ ਸਵਾਂਗ ਵਰਤਾਈਆ । ਸ਼ਬਦ ਅਗੰਮੀ ਸਚ ਸੰਦੇਸ਼ਾ ਜਨ ਭਗਤਾਂ ਰਿਹਾ ਦੱਸ, ਘਰ ਘਰ ਸੁੱਤਿਆਂ ਰਿਹਾ ਉਠਾਈਆ । ਗੁਰਮੁਖ ਸੱਜਣ ਸਹੇਲਿਓ ਸਤਿਗੁਰ ਦਵਾਰੇ ਖੋਲ੍ਹੋ ਆਪਣੀ ਅੱਖ, ਪ੍ਰਤੱਖ ਗੁਸਾਈਂ ਨਜ਼ਰੀ ਆਈਆ । ਜਿਹੜਾ ਗੋਬਿੰਦ ਅੰਦਰ ਰਿਹਾ ਵਸ, ਕਰੇ ਖੇਲ ਹੋ ਕੇ ਪੁਰਖ ਸਮਰਥ ਮਹਿੰਮਾ ਅਕਥ ਕਥ ਜਣਾਈਆ । ਜੋਤੀ ਜੋਤ ਸਰੂਪ ਹਰਿ,


੨੪੬

ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਗੋਬਿੰਦ ਕਿਹਾ ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਸਾਰੇ ਆਓ ਨਜ਼ਦੀਕ, ਬਿਨ ਕ਼ਦਮਾਂ ਪੰਧ ਮੁਕਾਈਆ । ਵੇਖੋ ਏਹ ਉਹ ਜਿਸ ਦੀ ਸਦਾ ਇਕ ਤੌਫ਼ੀਕ਼, ਤੋਹਫ਼ੇ ਜੁਗ ਜੁਗ ਸਭ ਦੀ ਝੋਲੀ ਪਾਈਆ । ਜਿਸ ਨੂੰ ਵਾਹਦ ਕਹਿੰਦੇ ਲਾਸ਼ਰੀਕ, ਗਾਡ ਹੋ ਕੇ ਗੁਡ ਰੀਮਾਰਕਸ ਦੇ ਕੇ ਸਭ ਦੇ ਲੇਖੇ ਪਾਈਆ । ਇਸ ਦੀ ਧਾਰ ਬੇਨਜ਼ੀਰ ਬਾਰੀਕ, ਤਾਰੀਫ਼ ਵਿਚ ਨਾ ਕੋਇ ਸੁਣਾਈਆ । ਜਿਸ ਨੂੰ ਝੁਕਦੇ ਗਏ ਸਭ ਦੇ ਸੀਸ, ਸੁਲਹਕੁਲ ਅਖਵਾਈਆ । ਉਸ ਦੇ ਨਾਲ ਕਰੋ ਪ੍ਰੀਤ, ਜੋ ਪ੍ਰੀਤਮ ਬੇਪਰਵਾਹੀਆ । ਆਦਿ ਜੁਗਾਦਿ ਜੁਗ ਚੌਕੜੀ ਜੋ ਪਾਰ ਉਤਾਰੇ ਊਚ ਨੀਚ, ਜ਼ਾਤ ਪਾਤ ਦੀਨ ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਜਿਸ ਦਾ ਨਾਮ ਨਿਸ਼ਾਨਾ ਦੋ ਜਹਾਨਾਂ ਲਗੇ ਠੀਕ, ਕੂੜੇ ਠੀਕਰ ਭੰਨ ਵਖਾਈਆ । ਤ੍ਰੈਭਵਨ ਧਨੀ ਤ੍ਰੈਗੁਣ ਅਤੀਤਾ ਬੈਠਾ ਰਹੇ ਅਤੀਤ, ਤ੍ਰੈਗੁਣ ਵਿਚ ਕਦੇ ਨਾ ਆਈਆ । ਜਿਸ ਦਾ ਵਸੇਰਾ ਲੱਖ ਚੁਰਾਸੀ ਹਸਤ ਕੀਟ, ਘਟ ਘਟ ਅੰਦਰ ਰਿਹਾ ਸਮਾਈਆ । ਸੋ ਲਹਿਣਾ ਦੇਣਾ ਚੁਕਾਵਣ ਆਇਆ ਬਾਲਮੀਕ, ਪੁਰਖ ਅਬਿਨਾਸ਼ੀ ਬੇਪਰਵਾਹੀਆ । ਜਿਸ ਦੇ ਪਿਛੇ ਸ਼ਹਾਦਤਾਂ ਦੇ ਕੇ ਹੁੰਦੇ ਗਏ ਸ਼ਹੀਦ, ਆਪਾ ਵਾਰ ਖ਼ੁਸ਼ੀ ਮਨਾਈਆ । ਉਸ ਦੀ ਸਾਰੇ ਸੁਣ ਲਓ ਇਕ ਨਸੀਹਤ, ਜੋ ਹੁਕਮ ਨਾਲ ਸੁਣਾਈਆ । ਗੁਰ ਅਵਤਾਰੋ ਪੀਰ ਪੈਗ਼ੰਬਰੋ ਸਚ ਸਮਝੋ ਤੁਹਾਡੀ ਇਕੋ ਸਰਬ ਵਲਦੀਅਤ, ਵਾਲਦ ਪਿਤਾ ਬਾਪ ਫ਼ਾਦਰ ਇਕੋ ਨਜ਼ਰੀ ਆਈਆ । ਗੋਬਿੰਦ ਕਹੇ ਮੈਂ ਕਰਨ ਆਇਆ ਤਸਦੀਕ਼, ਲੇਖ ਲਿਖਿਆ ਬਿਨ ਕ਼ਲਮ ਸ਼ਾਹੀਆ । ਬੀਸ ਇਕੀਸਾ ਹਰਿ ਜਗਦੀਸਾ ਜਨ ਭਗਤਾਂ ਆਪਣੇ ਨਾਮ ਦੀ ਕਰ ਜਾਏ ਵਸੀਯਤ, ਦਾਖ਼ਲ ਖ਼ਾਰਜ ਆਪੇ ਦਏ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਲੇਖ ਚੁਕਾਈਆ । ਗੋਬਿੰਦ ਕਹੇ ਮੈਂ ਤਕਿਆ ਨਜ਼ਾਰਾ, ਬੇਨਜ਼ੀਰ ਰਿਹਾ ਵਖਾਈਆ । ਵੇਖਿਆ ਉਹ ਕਿਨਾਰਾ, ਜਿਥੇ ਭਠਿਆਲੇ ਭੱਠੀ ਤਤ ਤਪਾਈਆ । ਵੇਖਿਆ ਉਹ ਦਰਬਾਰਾ, ਜਿਸ ਦਰਬਾਰ ਦਾ ਮਾਲਕ ਬੇਪਰਵਾਹੀਆ । ਵੇਖਿਆ ਉਹ ਅਖਾੜਾ, ਜਿਸ ਗ੍ਰਹਿ ਗੁਰਮੁਖ ਆਪਣੀ ਖ਼ੁਸ਼ੀ ਮਨਾਈਆ । ਵੇਖਿਆ ਰਵਿਦਾਸ ਚੁਮਾਰਾ, ਜੋ ਮਾਣਸ ਜਨਮ ਵਿਚੋਂ ਮਾਣਸ ਆਇਆ ਬਦਲਾਈਆ । ਪੁਰਖ ਅਕਾਲ ਕੀਤਾ ਪਿਆਰਾ, ਦਰ ਦਵਾਰ ਦਿਤੀ ਵਡਿਆਈਆ । ਲਹਿਣੇ ਵਿਚ ਪਿਛਲਾ ਲੇਖ ਦੇਣੇ ਵਿਚ ਅਗਲਾ ਲਿਖਾਰਾ, ਧੁਰ ਦੀ ਧਾਰ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਗੋਬਿੰਦ ਕਹੇ ਬਾਲਮੀਕ ਵੇਖਿਆ, ਜਿਸ ਹਰਿ ਹਰਿ ਬਣਤ ਬਣਾਈਆ । ਜਨਮ ਕਰਮ ਦੀ ਮੇਟ ਕੇ ਰੇਖਿਆ, ਰਿਖੀਆਂ ਮੁਨੀਆਂ ਵਿਚੋਂ ਦਿਤੀ ਵਡਿਆਈਆ । ਸੈਰ ਕਰਾ ਕੇ ਆਪਣੇ ਦੇਸਿਆ, ਪਰਦਾ ਉਹਲਾ ਦਿਤਾ ਉਠਾਈਆ । ਪਿਛਲਾ ਚੁਕਾ ਕੇ ਪੇਸ਼ਿਆ, ਅਗਲਾ ਮਾਰਗ ਇਕ ਸਮਝਾਈਆ । ਆਪ ਬਣ ਕੇ ਦਰ ਦਰਵੇਸ਼ਿਆ, ਸਾਚੀ ਸੇਵ ਕਮਾਈਆ । ਭੂਪਤ ਭੂਪ ਰੂਪ ਵਟਾ ਕੇ ਨਰ ਨਰੇਸ਼ਿਆ, ਸ਼ਾਹ ਸੁਲਤਾਨ ਹੋਇਆ ਆਪ ਸਹਾਈਆ । ਜਿਸ ਵੇਲੇ ਬਾਲਮੀਕ ਨੇ ਤਖ਼ਤ ਨਿਵਾਸੀ ਏਕਾ ਵੇਖਿਆ, ਸੀਸ ਜਗਦੀਸ ਪੰਚ ਮੁਖੀ ਤਾਜ ਸੁਹਾਈਆ । ਉਸੇ ਵੇਲੇ ਬਿਨ ਚਰਨਾਂ ਤੋਂ ਚਰਨਾਂ ਉਤੇ ਲੇਟਿਆ, ਕ਼ਦਮਾਂ ਉਤੇ ਆਪਣਾ ਸੀਸ ਟਿਕਾਈਆ । ਮੈਂ ਤੇਰੇ ਉਤੋਂ ਸਭ ਕੁਛ ਵੇਚਿਆ, ਮੈਂ ਮੇਰਾ ਰਿਹਾ ਨਾ ਰਾਈਆ । ਪੁਰਖ ਅਕਾਲ ਹਸ ਕੇ ਕਿਹਾ ਬੇਟਿਆ, ਤੇਰੇ ਪ੍ਰੇਮ ਪਿਛੇ ਸੀਸ ਦਾ ਤਾਜ ਭਗਤਾਂ ਭੇਟ ਚੜ੍ਹਾਈਆ । ਬਾਲਮੀਕ ਦਰਸ਼ਨ ਕਰਕੇ ਨੇਤ ਨੇਤਿਆ, ਧੂੜੀ ਟਿੱਕਾ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਇਆ ਸਹਾਈਆ । ਬਾਲਮੀਕ ਵੇਖਿਆ ਕਿਉਂ ਤਾਜ ਲੱਥਾ, ਸੀਸ ਜਗਦੀਸ ਖ਼ਾਲੀ ਨਜ਼ਰੀ ਆਈਆ । ਓਨ ਆਪਣੇ ਹੱਥ ਮਾਰਿਆ ਉਤੇ ਹੱਥਾ, ਮਸਤਕ ਰੇਖ ਦਿਤੀ ਬਦਲਾਈਆ । ਜਾਂ ਵੇਖਿਆ ਪਰਮ ਪੁਰਖ ਪਰਮਾਤਮ ਸਥਰ ਸੇਜ ਲੱਥਾ, ਆਪਣਾ ਮਾਣ ਤਾਣ ਮਿਟਾਈਆ । ਭਗਤਾਂ ਨਾਲੋਂ ਪਹਿਲੇ ਜਨ ਭਗਤਾਂ ਅਗੇ ਢੱਠਾ, ਨੀਵਾਂ ਹੋ ਕੇ ਸੇਵ ਕਮਾਈਆ । ਸ਼ਬਦ ਸੁਣਾਇਆ ਬਟਵਾਰੇ ਹੰਕਾਰ

੨੪੭

ਵਿਕਾਰ ਦਾ ਮੇਰੇ ਦਰ ਤੇ ਰਹੇ ਨਾ ਰੱਟਾ, ਕੂੜੇ ਰੱਟੇ ਦਿਆਂ ਮੁਕਾਈਆ । ਓਸ ਨੇ ਕਿਹਾ ਹੇ ਪਰਮ ਪੁਰਖ ਪਰਮਾਤਮ ਤੂੰ ਆਦਿ ਜੁਗਾਦੀ ਸੱਚਾ, ਸਚ ਤੇਰੀ ਵਡਿਆਈਆ । ਬੇਸ਼ਕ ਤੇਰਾ ਜਗਤ ਮਿੱਟੀ ਦਾ ਪੁਤਲਾ ਭਾਂਡਾ ਕੱਚਾ, ਕਾਚੀ ਗਗਰੀਆ ਬੈਠਾ ਡੇਰਾ ਲਾਈਆ । ਮਨ ਵਾਸਨਾ ਸੰਸਾਰ ਵਿਚ ਨੱਚਾ, ਮਨਸਾ ਨਾਲ ਰਖਾਈਆ । ਫੇਰ ਵੀ ਕਿਰਪਾ ਕਰ ਓਂਕਾਰਿਆ ਆਪ ਬਣਾਇਆ ਆਪਣਾ ਬੱਚਾ, ਬੱਚਾ ਕਹਿ ਕੇ ਲਿਆ ਬੁਲਾਈਆ । ਪ੍ਰਭੂ ਇਕ ਤੇਰੇ ਕੋਲੋਂ ਮੰਗ ਮੰਗਾਂ, ਸਿੱਧੀ ਆਪਣੀ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਦੇਣੀ ਮਾਣ ਵਡਿਆਈਆ । ਪੁਰਖ ਅਕਾਲ ਕਿਹਾ ਕੀ ਤੈਨੂੰ ਲੋੜ ? ਆਪਣੀ ਕਹਾਣੀ ਦੇ ਜਣਾਈਆ । ਬਾਲਮੀਕ ਕਿਹਾ ਹੱਥ ਜੋੜ, ਬੇਨੰਤੀ ਇਕ ਸੁਣਾਈਆ । ਜਿਵੇਂ ਠਗ ਚੋਰ ਯਾਰ ਨੂੰ ਮੈਨੂੰ ਲਿਆ ਜੋੜ, ਆਪਣਾ ਬੰਧਨ ਪਾਈਆ । ਜਿਸ ਵੇਲੇ ਕਲਜੁਗ ਅੰਧੇਰਾ ਹੋਵੇ ਘੋਰ, ਤੇਰੇ ਭਗਤਾਂ ਨੂੰ ਮੇਲਾ ਕਵਣ ਲਏ ਮਿਲਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਪੱਲੂ ਜਾਵਣ ਛੋੜ, ਸੱਜਣ ਸਖ਼ਾ ਸਖ਼ਾਈ ਨਜ਼ਰ ਕੋਇ ਨਾ ਆਈਆ । ਦੱਸ ਕੌਣ ਪਕੜੇ ਉਹਨਾਂ ਦੀ ਡੋਰ, ਜਿਹੜੇ ਡੋਰ ਤੇਰੇ ਉਤੇ ਰਖਾਈਆ । ਸ੍ਰੀ ਭਗਵਾਨ ਕਿਹਾ ਮੈਨੂੰ ਭਗਤਾਂ ਦੀ ਸਦਾ ਲੋੜ, ਬਿਨ ਭਗਤਾਂ ਮੇਰੀ ਮਾਤਲੋਕ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਬਾਲਮੀਕ ਕਿਹਾ ਮੇਰੀ ਹੋਰ ਅਰਜ਼, ਤੇਰੇ ਅਗੇ ਅਰਜ਼ੋਈਆ । ਜੇ ਤੂੰ ਭਗਤਾਂ ਵੰਡੇਂ ਦਰਦ, ਦੁਖੀਆਂ ਦੁਖ ਗਵਾਈਆ । ਆਪਣੇ ਨਾਲ ਕਰ ਕੇ ਲਿਖਤ ਪੜ੍ਹਤ, ਸਿਧਾ ਜੋੜ ਜੁੜਾਈਆ । ਕਿਸੇ ਦਾ ਭਰਨ ਨਾ ਦੇਵੇਂ ਧੜਤ, ਮਜ਼ਦੂਰੀ ਅਵਰ ਨਾ ਕੋਇ ਕਰਾਈਆ । ਪੁਰਖ ਅਕਾਲ ਕਿਹਾ ਜਿਸ ਵੇਲੇ ਨਿਰਗੁਣ ਨਿਰੰਕਾਰ ਨਿਰਾਕਾਰ ਹੋ ਕੇ ਆਵਾਂ ਪਰਤ, ਪਤਿਪਰਮੇਸ਼ਵਰ ਰੂਪ ਵਟਾਈਆ । ਬਾਲਮੀਕ ਤੇਰੇ ਦਵਾਰੇ ਤੇ ਜਨ ਭਗਤਾਂ ਕੋਲੋਂ ਆਪਣੇ ਸਿਰ ਤੇ ਰਖਾਵਾਂ ਖੜਗ, ਭੈ ਵਿਚ ਭਗਤਾਂ ਸੇਵ ਕਮਾਈਆ । ਬਣ ਕੇ ਜੋਧਾ ਸੂਰਬੀਰ ਮਰਦਾਨਾ ਮਰਦ, ਮਦਦ ਕਰਾਂ ਥਾਉਂ ਥਾਈਂਆ । ਭਗਤ ਉਧਾਰਦਿਆਂ ਮੇਰਾ ਕੀ ਹੋਣਾ ਹਰਜ, ਹਾਜ਼ਰ ਹਜ਼ੂਰ ਹੋ ਕੇ ਦਰਸ ਦਿਆਂ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੇ ਲਹਿਣੇ ਬਿਨ ਲਹਿਣਿਉਂ ਝੋਲੀ ਪਾਈਆ । ਬਾਲਮੀਕ ਕਿਹਾ ਇਕ ਹੋਰ ਸੰਦੇਸ਼ਾ, ਧੁਰ ਦਰਬਾਰੀ ਦਿਆਂ ਜਣਾਈਆ । ਕੀ ਧਾਰੇਂ ਆਪਣਾ ਭੇਸਾ, ਨਿਰਗੁਣ ਸਾਹਿਬ ਦੇ ਸਮਝਾਈਆ । ਪੁਰਖ ਅਕਾਲ ਕਿਹਾ ਪਹਿਲੋਂ ਸੁਤ ਬਣਾਵਾਂ ਦਸ ਦਸਮੇਸ਼ਾ, ਦਹਿ ਦਿਸ਼ਾ ਵਜੇ ਵਧਾਈਆ । ਉਸ ਦੇ ਅੰਦਰ ਬਾਹਰ ਰਹਾਂ ਹਮੇਸ਼ਾ, ਘੜੀ ਪਲ ਵਿਛੜ ਨਾ ਜਾਈਆ । ਜਿਸ ਵੇਲੇ ਮਾਛੂਵਾੜੇ ਸੁਆਵਾਂ ਸੂਲਾਂ ਸੇਜਾ, ਜੰਗਲਾਂ ਵਿਚ ਫਿਰਾਈਆ । ਸਚ ਸੰਦੇਸ਼ਾ ਇਕੋ ਭੇਜਾਂ, ਧੁਰ ਦਾ ਹੁਕਮ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਵੇ ਮਾਣ ਵਡਿਆਈਆ । ਬਾਲਮੀਕ ਕਿਹਾ ਪ੍ਰਭ ਮੇਰੀ ਮੰਨ, ਦੋਏ ਜੋੜ ਸੀਸ ਨਿਵਾਈਆ । ਆਪਣੇ ਸੀਸ ਤਾਜ ਉਹੋ ਬੰਨ੍ਹ, ਮੈਂ ਵੇਖ ਕੇ ਖ਼ੁਸ਼ੀ ਮਨਾਈਆ । ਤੇਰੇ ਹੁੰਦਿਆਂ ਪਾਤਸ਼ਾਹ ਤੇਰੇ ਭਗਤਾਂ ਦੇਵੇ ਕੋਇ ਨਾ ਡੰਨ, ਡੰਕਾ ਹੋਰ ਨਾ ਕੋਇ ਵਜਾਈਆ । ਸਾਰੇ ਰਸਨਾ ਕਹਿਣ ਧੰਨ ਧੰਨ, ਪ੍ਰਭੂ ਧੰਨ ਤੇਰੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲਹਿਣਾ ਝੋਲੀ ਪਾਈਆ । ਪੁਰਖ ਅਕਾਲ ਕਿਹਾ ਮੈਂ ਸੁਹੌਣਾ ਸੀਸ, ਦੇਵਾਂ ਮਾਣ ਵਡਿਆਈਆ । ਰੂਪ ਧਰ ਕੇ ਹਰਿ ਜਗਦੀਸ਼, ਜਗਦੀਸ਼ਰ ਖੇਲ ਵਖਾਈਆ । ਸਭ ਤੋਂ ਵਖਰੀ ਨਿਰਾਲੀ ਚਲਾ ਕੇ ਰੀਤ, ਧੁਰ ਦਾ ਹੁਕਮ ਦਿਆਂ ਵਰਤਾਈਆ । ਸਿੱਧੀ ਭਗਤਾਂ ਨਾਲ ਕਰ ਕੇ ਪ੍ਰੀਤ, ਪ੍ਰੀਤਮ ਹੋ ਕੇ ਜੋੜ ਜੁੜਾਈਆ । ਮੇਰਾ ਭਗਤ ਨਾ ਕੋਇ ਜਾਏ ਮੰਦਰ ਮਸੀਤ, ਸ਼ਿਵਦਵਾਲਾ ਮਠ ਕਿਸੇ ਕੰਮ ਨਾ ਆਈਆ । ਉਹਨਾਂ ਦੇ ਅੰਦਰ ਵੜ ਕੇ ਦੱਸਾਂ ਆਪਣਾ ਗੀਤ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਰਹਿਮਤ ਨਾਲ ਕਰਾਂ ਬਖ਼ਸ਼ੀਸ਼, ਬਖ਼ਸ਼ਿਸ਼ ਸਭ ਦੀ ਝੋਲੀ ਪਾਈਆ । ਬਾਲਮੀਕ ਦੀ ਰੋ ਕੇ ਨਿਕਲੀ ਚੀਕ, ਉਚੀ ਕੂਕ ਸੁਣਾਈਆ । ਵੇਖੀਂ ਕਿਤੇ ਮੇਰੇ ਵਾਂਗ ਨਾ ਪਾਈਂ ਕਿਸੇ ਦੀ ਲੰਮੀ

੨੪੮

ਤਰੀਕ, ਅਧਵਾਟਿਆਂ ਵਿਚ ਫਿਰਾਈਆ । ਬਿਨ ਤੇਰੀ ਕਿਰਪਾ ਕਾਇਆ ਕਿਸੇ ਨਾ ਹੋਵੇ ਠੰਡੀ ਸੀਤ, ਕੋਟਨ ਕੋਟ ਗਏ ਧੂਣੀਆਂ ਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖੇ ਨਾਲ ਮਿਲਾਈਆ । ਸ੍ਰੀ ਭਗਵਾਨ ਕਹੇ ਸੁਣ ਬਾਲਮੀਕ ਸੁਹੇਲੇ, ਸਚ ਦਿਆਂ ਜਣਾਈਆ । ਤੂੰ ਇੱਕੀ ਸਾਲ ਰਹਿਣਾ ਬੇਲੇ, ਨਾਤਾ ਜਗਤ ਨਾਲੋਂ ਤੁੜਾਈਆ । ਤੇਰੇ ਕੋਲ ਰਹਿਣੇ ਦੋ ਲੇਲੇ, ਜਿਨ੍ਹਾਂ ਦੀ ਬਕਰੀ ਇਕੋ ਮਾਈਆ । ਉਹਨਾਂ ਦੇ ਨਾਲ ਖੇਲ ਪ੍ਰਭੂ ਖੇਲੇ, ਖ਼ਾਲਕ ਮਾਲਕ ਦਇਆ ਕਮਾਈਆ । ਓਧਰੋਂ ਸ਼ਿਕਾਰ ਖੇਲਣ ਵਾਲੇ ਹੱਥੀਂ ਫੜ ਕੇ ਆਵਣ ਨੇਜ਼ੇ, ਬਲਮਾਂ ਨਾਉਂ ਧਰਾਈਆ । ਜੀਵ ਮਾਰਨੇ ਜਿਨ੍ਹਾਂ ਦੇ ਪੇਸ਼ੇ, ਤੇਰੇ ਵਾਲੀ ਅਦਾ ਰਖਾਈਆ । ਜਿਸ ਵੇਲੇ ਆਵਣ ਤੇਰੇ ਨੇੜੇ, ਤੂੰ ਹੱਥ ਦੇਣਾ ਉਠਾਈਆ । ਓਹ ਮਿਤਰੋ ਦੋਸਤੋ ਸੱਜਣੋ ਮੈਂ ਵੀ ਮਨੁਸ਼ ਲੁੱਟੇ ਬਥੇਰੇ, ਮਗਰ ਕੰਮ ਕੋਈ ਨਾ ਆਈਆ । ਕਿਉਂ ਝੂਠੇ ਕਰਦੇ ਝੇੜੇ, ਝਗੜਾ ਦਿਓ ਮੁਕਾਈਆ । ਆਉ ਵੇਖੋ ਅੰਦਰ ਵੜ ਕੇ ਮੇਰੇ ਖੇੜੇ, ਕੁੰਡੀ ਖਿੜਕੀ ਦਿਆਂ ਖੁਲ੍ਹਾਈਆ । ਓਨੇ ਚਿਰ ਨੂੰ ਇਕ ਜੰਗਲ ਵਿਚੋਂ ਆਇਆ ਸ਼ੇਰੇ, ਆਪਣੀ ਭਬਕ ਲਗਾਈਆ । ਓਥੇ ਆ ਗਏ ਸਾਰੇ ਘੇਰੇ, ਪੱਲੂ ਸਕੇ ਨਾ ਕੋਇ ਛੁਡਾਈਆ । ਹਕ਼ੀਕਤ ਹਕ ਕਿਹੜਾ ਨਬੇੜੇ, ਮਾਰਨ ਆਏ, ਮੌਤ ਸਾਨੂੰ ਅਗੇ ਰਹੀ ਡਰਾਈਆ । ਓਧਰੋਂ ਇਕ ਰਿਖੀ ਆ ਜਾਏ ਓਸੇ ਡੇਰੇ, ਹੱਥ ਕਰਮੰਡਲੀ ਇਕ ਰਖਾਈਆ । ਢੋਲਾ ਗਾਵੇ ਮੇਰੇ ਮੇਰੇ, ਸੋਹੰ ਰਾਗ ਅਲਾਈਆ । ਹੱਥੋਂ ਉਹਨਾਂ ਦੇ ਡਿਗ ਪਏ ਨੇਜ਼ੇ, ਨਿਗਾਹ ਦਿਤੀ ਬਦਲਾਈਆ । ਨੇਤਰ ਨੀਵਾਂ ਹੋ ਕੇ ਵੇਖੇ, ਅੱਖ ਨਾ ਕੋਇ ਉਠਾਈਆ । ਬਾਲਮੀਕ ਤਕਿਆ ਪ੍ਰਭ ਚੜ੍ਹਿਆ ਆਤਮ ਸੇਜੇ, ਸੋਹਣਾ ਜੋੜ ਜੁੜਾਈਆ । ਓਸ ਸ਼ੇਰ ਨੇ ਕਿਹਾ ਮੇਰੇ ਕਿਸ ਬਿਧ ਲੱਗਣ ਲੇਖੇ, ਲੇਖਾ ਦਏ ਚੁਕਾਈਆ । ਬਲਮੀਕ ਕਿਹਾ ਜੇਹੜਾ ਮੈਨੂੰ ਏਥੇ ਭੇਜੇ, ਓਹ ਲਹਿਣੇ ਰਿਹਾ ਮੁਕਾਈਆ । ਧੁਰ ਦੀ ਆਵਾਜ਼ ਆਈ ਕਲਜੁਗ ਅੰਤਮ ਰਖੇ ਚੇਤੇ, ਅਭੁਲ ਭੁਲ ਕਦੇ ਨਾ ਜਾਈਆ । ਜਿਸ ਵੇਲੇ ਬਾਲਮੀਕ ਪਾਲ ਸਿੰਘ ਹੋ ਕੇ ਪ੍ਰਭ ਨੂੰ ਪਹਿਲੀ ਵਾਰ ਵੇਖੇ, ਨੇਤਰ ਨੈਣਾਂ ਨਾਲ ਮਿਲਾਈਆ । ਉਹੋ ਸ਼ੇਰ ਫਿਰ ਦਰਵਾਜ਼ੇ ਉਤੇ ਖੜਾ ਪ੍ਰਭ ਨੇ ਪਾਏ ਭੁਲੇਖੇ, ਭੁਲੇਖੇ ਵਾਲਾ ਬੇਪਰਵਾਹੀਆ । ਬਿਨਾ ਹਿਸਾਬ ਕਿਤਾਬ ਪਰਦਾ ਫੋਲ ਨਾ ਖੋਲ੍ਹੇ ਭੇਤੇ, ਆਦਿ ਜੁਗਾਦੀ ਸਭ ਕੁਛ ਆਪਣੇ ਵਿਚ ਬੰਦ ਰਖਾਈਆ । ਓਸੇ ਦਾ ਕਾਰਨ ਹਰਿਸੰਗਤ ਹਰਿਭਗਤ ਸਾਚੇ ਸੰਤ ਨਿਜ ਨੇਤਰ ਨਰ ਨਰਾਇਣ ਆਪ ਪੇਖੇ, ਪੇਖ ਪੇਖ ਆਪਣੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਬਾਲਮੀਕ ਇਕ ਹੋਰ ਮੰਗ ਮੰਗੀ, ਆਪਣੀ ਆਸ ਰਖਾਈਆ । ਪ੍ਰਭੂ ਦੱਸ ਮੇਰਾ ਫੇਰ ਹੋਵੇ ਕੌਣ ਸੰਗੀ, ਜੋ ਤੇਰਾ ਜੋੜ ਜੁੜਾਈਆ । ਸ੍ਰੀ ਭਗਵਾਨ ਕਿਹਾ ਓਸ ਅਜੇ ਰੰਬੀ ਨਹੀਂ ਚੰਡੀ, ਤਿੱਖੀ ਆਰ ਨਾ ਕੋਇ ਕਰਾਈਆ । ਓਸ ਦੀ ਮਾਂ ਅਜੇ ਨਹੀਂ ਜੰਮੀਂ, ਜਿਸ ਨੇ ਪੁੱਤਰ ਜੰਮਣਾ ਨੂਰ ਨੁਰਾਨਾ ਨੂਰ ਖ਼ੁਦਾਈਆ । ਉਸ ਨੇ ਬਣਨਾ ਤੇਰਾ ਤਨੀ, ਮੇਲਾ ਸਹਿਜ ਸੁਭਾਈਆ । ਘੁਟ ਕੇ ਬੰਨ੍ਹਣੀ ਗੰਢ ਕੰਨੀ, ਖੁਲ੍ਹ ਕਦੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਲੇਖੇ ਪਾਈਆ । ਬਾਲਮੀਕ ਕਿਹਾ ਪ੍ਰਭੂ ਮੈਨੂੰ ਆਇਆ ਇਕ ਖ਼ਿਆਲ, ਖ਼ਿਮਾ ਕਰ ਕੇ ਦੇਣਾ ਜਣਾਈਆ । ਥੋੜ੍ਹਾ ਮੈਨੂੰ ਦੱਸ ਦੇ ਉਹਦਾ ਅਹਿਵਾਲ, ਮੈਂ ਨਿਸ਼ਾਨੀਆਂ ਤੋਂ ਲਵਾਂ ਪਹਿਚਾਣ, ਆਪਣੀ ਪਹਿਚਾਣ ਉਹਦੇ ਨਾਲ ਮਿਲਾਈਆ । ਅਬਿਨਾਸ਼ੀ ਕਰਤੇ ਕਿਹਾ ਹੋ ਕੇ ਮਿਹਰਵਾਨ, ਮਿਹਰ ਨਜ਼ਰ ਟਿਕਾਈਆ । ਬੰਦਿਆਂ ਵਰਗਾ ਬੰਦਾ ਇਨਸਾਨ, ਪੰਜਾਂ ਤੱਤਾਂ ਵਾਲਾ ਰੂਪ ਵਟਾਈਆ । ਉਸ ਦੇ ਅੰਦਰ ਨੂਰ ਮਹਾਨ, ਸਚ ਪ੍ਰੇਮ ਸ੍ਰੀ ਭਗਵਾਨ, ਰਸਨਾ ਬੋਲੇ ਨਾ ਕੋਇ ਜ਼ਬਾਨ, ਸਤਿ ਸਰੂਪੀ ਨਜ਼ਰੀ ਆਈਆ । ਗੁਰਮੁਖ ਸਿੰਘ ਕਹਿ ਕੇ ਮਾਪੇ ਉਹਨੂੰ ਬੁਲਾਣ, ਭਾਈ ਭੈਣ ਕਹਿਣ ਸਾਡਾ ਨਾਤਾ ਜੁੜਿਆ ਜਹਾਨ, ਨਾਰ ਕਹੇ ਸੁਹਾਗੀ ਕੰਤ ਮਿਲਿਆ ਆਣ, ਬਟਵਾਰੇ, ਪੁਰਖ ਅਬਿਨਾਸ਼ੀ ਉਹਨੂੰ ਕਹੇ ਇਹ ਭਗਤਾਂ ਦਾ ਨਿਸ਼ਾਨ, ਨਿਸ਼ਾਨਾ ਉਚਾ ਨਜ਼ਰੀ ਆਈਆ । ਜਿਸ ਦਾ ਲੇਖਾ ਪਰੇ ਜ਼ਿਮੀਂ ਅਸਮਾਨ, ਤਬਕ ਸਬਕ ਪੜ੍ਹ ਨਾ ਕੋਇ ਸੁਣਾਈਆ । ਜੋਤੀ ਜੋਤ


੨੪੯

 ੨੫੦

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਲਏ ਮਿਲਾਈਆ । ਬਾਲਮੀਕ ਕਹੇ ਪ੍ਰਭ ਮੇਲ ਕਿਵੇਂ ਮਿਲਦਾ, ਸਤਿ ਸਚ ਦੇ ਸਮਝਾਈਆ । ਭੇਵ ਖੁਲ੍ਹੇ ਕਿਵੇਂ ਦਿਲ ਦਾ, ਆਸ ਆਸ ਨਾਲ ਮਿਲਾਈਆ । ਪੁਰਖ ਅਬਿਨਾਸ਼ੀ ਕਿਹਾ ਬਿਨ ਹੁਕਮੋਂ ਕੋਈ ਨਾ ਹਿਲਦਾ, ਵੇਸ ਅਵੇਸ ਨਾ ਕੋਇ ਵਟਾਈਆ । ਜਿਸ ਵੇਲੇ ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਖੇਲ ਖੇਲਦਾ, ਭਗਤ ਭਗਵੰਤ ਲਏ ਪਰਗਟਾਈਆ । ਓਹ ਮਾਲਕ ਬਣਾ ਕੇ ਸੱਜਣ ਸੁਹੇਲ ਦਾ, ਸੰਤ ਸੁਹੇਲੇ ਲਏ ਉਠਾਈਆ । ਇਹ ਰੰਗ ਵਖਰਾ ਓਸ ਨਵੇਲ ਦਾ, ਜੋ ਸਚਖੰਡ ਬੈਠਾ ਬੇਪਰਵਾਹੀਆ । ਓਸ ਦੇ ਹੱਥ ਪਰਚਾ ਪਾਸ ਫ਼ੇਲ ਦਾ, ਜੋ ਅੰਦਰ ਬਾਹਿਰ ਗੁਪਤ ਜ਼ਾਹਿਰ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਏ ਵਡਿਆਈਆ । ਬਾਲਮੀਕ ਕਿਹਾ ਕੀ ਓਹ ਸੋਹਣਾ ਚੰਗਾ, ਚੰਗੀ ਤਰਹ ਦੇ ਜਣਾਈਆ । ਸ੍ਰੀ ਭਗਵਾਨ ਕਿਹਾ ਜਿਸ ਦੀ ਸੇਵਾ ਕਰਨ ਗਿਆ ਗੰਗਾ, ਕਸੀਰਾ ਕੰਗਣ ਰੂਪ ਵਟਾਈਆ । ਪ੍ਰਭ ਨੇ ਓਸ ਨੂੰ ਦਿਤਾ ਇਕ ਅਨੰਦਾ, ਨਿਜ ਆਤਮ ਰਸ ਚਖਾਈਆ । ਢੋਆ ਢੋਵਣ ਵਾਲਾ ਹੋਵੇ ਬੰਦਾ, ਪ੍ਰਭ ਦੀ ਬੰਦਗੀ ਵਿਚ ਸਮਾਈਆ । ਕੋਈ ਸਮਝ ਨਾ ਸਕੇ ਨੇਤਰ ਅੰਧਾ, ਭਗਤਾਂ ਮੇਲ ਮਿਲਾਈਆ । ਓਹ ਸੀਤਲ ਧਾਰ ਸਭ ਨਾਲੋਂ ਠੰਡਾ, ਸਾਂਤਕ ਸਤਿ ਵਰਤਾਈਆ । ਓਹ ਟੁੱਟੀਆਂ ਨੂੰ ਪਾਵੇ ਗੰਢਾਂ, ਪਾਨਹੀ ਗੰਢ ਕੇ ਝਟ ਲੰਘਾਈਆ । ਓਸ ਦਾ ਪੁਰਖ ਅਕਾਲ ਨਾਲ ਹੋਵੇ ਸੰਗਾ, ਸੋਹਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਾਲਮੀਕ ਰਿਹਾ ਜਣਾਈਆ । ਬਾਲਮੀਕ, ਰਵਿਦਾਸ ਤੋਂ ਹੋਵੇ ਗੁਰਮੁਖ, ਗੁਰ ਸਤਿਗੁਰ ਦਏ ਵਡਿਆਈਆ । ਅੰਤਰ ਪ੍ਰਭ ਨੂੰ ਮਿਲਣ ਦੀ ਰਖੇ ਭੁਖ, ਬਾਹਰੋਂ ਨਜ਼ਰ ਕਿਸੇ ਨਾ ਆਈਆ । ਜਿਸ ਦੇ ਨਾਲ ਮਿਲ ਕੇ ਧੁਰ ਦਾ ਮਿਲਦਾ ਸੁਖ, ਸੁਖ ਸਾਗਰ ਵਿਚ ਸਮਾਈਆ । ਜਿਸ ਦੀ ਭਾਗ ਲਗਣਾ ਕੁਖ, ਉਹ ਧੰਨ ਜਣੇਂਦੀ ਮਾਈਆ । ਓਸ ਦਾ ਸੋਹਣਾ ਲਾਡਲਾ ਪੁਤ, ਪਾਟੇ ਚੀਥੜ ਤਨ ਹੰਢਾਈਆ । ਬਾਕੀ ਦੀ ਲਿਵ ਜਨਮ ਤੋਂ ਬਾਅਦ ਜਾਵੇ ਛੁਟ, ਓਸ ਦੀ ਲਿਵ ਦੂਣ ਸਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਛ ਭੇਵ ਦਏ ਖੁਲ੍ਹਾਈਆ । ਪੁਰਖ ਅਕਾਲ ਕਿਹਾ ਬਾਲਮੀਕ ਵੇਖ ਭੇਵ ਖੁਲ੍ਹਦਾ, ਹਰਿ ਪਰਦਾ ਆਪ ਉਠਾਈਆ । ਪੁਰਖ ਅਬਿਨਾਸ਼ੀ ਮਾਲਕ ਹੋਵੇ ਭਗਤਾਂ ਦੀ ਕੁਲ ਦਾ, ਕੁਲ ਮਾਲਕ ਦਇਆ ਕਮਾਈਆ । ਲਹਿਣਾ ਚੁਕਾਵੇ ਆਪਣੇ ਪਿਆਰ ਮੁਲ ਦਾ, ਘਰ ਸਾਚੇ ਜੋੜ ਜੁੜਾਈਆ । ਗੁਰਮੁਖ ਬੂਟਾ ਕਦੇ ਨਾ ਹੁਲਦਾ, ਪਤ ਟਹਿਣੀ ਦਏ ਮਹਿਕਾਈਆ । ਦੋ ਜਹਾਨ ਫਲਦਾ ਫੁਲਦਾ, ਸੁਗੰਧੀ ਮਹਿਕ ਵਾਂਗ ਮਹਿਕਾਈਆ । ਗੁਲਸ਼ਨ ਅੰਦਰ ਗ਼ੁੰਚਾ ਅਗੰਮੀ ਖਿਲਦਾ, ਆਪਣਾ ਰੂਪ ਵਟਾਈਆ । ਸਾਚੇ ਕੰਡੇ ਤਰਾਜ਼ੂ ਤੁਲਦਾ, ਕੂੜੇ ਤੱਕੜ ਨਾ ਕੋਇ ਚੜ੍ਹਾਈਆ । ਰਸ ਮਿਲਦਾ ਪ੍ਰਭੂ ਦੇ ਨਾਮ ਜਪਿਆਂ ਬੁਲ ਦਾ, ਅੰਤਰ ਆਤਮ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਆਪਣੇ ਰੰਗ ਰੰਗਾਈਆ । ਬਾਲਮੀਕ ਕਿਹਾ ਕੀ ਹੋਰ ਵਡਿਆਈ, ਵਡ ਵੱਡੇ ਦੇ ਸਮਝਾਈਆ । ਸ੍ਰੀ ਭਗਵਾਨ ਕਿਹਾ ਜਦ ਮੇਰੀ ਵਾਰੀ ਆਈ, ਲੋਕਮਾਤ ਦਿਆਂ ਜਣਾਈਆ । ਜਿਨ੍ਹਾਂ ਬਖ਼ਸ਼ਾਂ ਸਚ ਸਰਨਾਈ, ਸਤਿ ਸਤਿਵਾਦੀ ਦਿਆਂ ਬਣਾਈਆ । ਆਤਮ ਪਰਮਾਤਮ ਕਰ ਕੁੜਮਾਈ, ਨਾਤਾ ਧੁਰ ਦਾ ਜੋੜ ਜੁੜਾਈਆ । ਸੋਹੰ ਢੋਲਾ ਰਾਗ ਸੁਣਾਈ, ਪੂਰਬ ਲੇਖਾ ਝੋਲੀ ਪਾਈਆ । ਆਤਮ ਧੁਨ ਕਰ ਸ਼ਨਵਾਈ, ਸੰਸਾ ਰੋਗ ਮਿਟਾਈਆ । ਰਵਿਦਾਸ ਚੁਮਾਰਾ ਲੇਖਾ ਦਏ ਲਿਖਾਈ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਵੇਲੇ ਵੀਹ ਸੌ ਇੱਕੀ ਬਿਕ੍ਰਮੀ ਆਈ, ਏਕੰਕਾਰ ਕਰੇ ਰੁਸ਼ਨਾਈਆ । ਤੇਰੀ ਇੱਕੀ ਸਾਲ ਦੀ ਘਾਲ ਲੇਖੇ ਲਾਈ, ਪੂਰਬ ਲਹਿਣਾ ਦਏ ਮੁਕਾਈਆ । ਭਗਤ ਸੁਹੇਲੇ ਸੰਗ ਬਣਾਈ, ਧੁਰ ਦਾ ਜੋੜ ਜੁੜਾਈਆ । ਦੂਰ ਦੁਰਾਡੇ ਨੇਰਨ ਨੇਰੇ ਇਕੱਠੇ ਕਰਕੇ ਲਿਆਏ ਗੁਸਾਈਂ, ਗਹਿਰ ਗੰਭੀਰ ਆਪਣੀ ਦਇਆ ਕਮਾਈਆ । ਪੂਰਬ ਜਨਮ ਦੇ ਵਿਛੜੇ ਨਾਲ ਮਿਲਾਈ, ਆਸਾ ਤ੍ਰਿਸ਼ਨਾ ਪੂਰ ਕਰਾਈਆ । ਨਾਨਕ ਦੀ ਲੇਖਣੀ ਲੇਖੇ ਲਾਈ, ਸਿੱਧਾਂ ਸਿਧਾ ਰਾਹ ਵਖਾਈਆ ।

ਔਹ ਵੇਖੇ ਸੱਤੇ ਬੈਠੇ ਚਾਈਂ ਚਾਈਂ, ਨੇਤਰ ਨੈਣਾਂ ਨੀਰ ਵਹਾਈਆ । ਗਿਧ ਕਹੇ ਮੈਨੂੰ ਮਿਲੀ ਵਡਿਆਈ, ਜਿਸ ਵਿਸ਼ਟੇ ਤੋਂ ਲਿਆ ਬਚਾਈਆ । ਮੱਖਣ ਲੁਬਾਣਾ ਕਹੇ ਮੈਂ ਵੇਖਾਂ ਆਪਣਾ ਭਾਈ, ਜੋ ਸਿੰਘ ਅਜਮੇਰ ਨਾਉਂ ਧਰਾਈਆ । ਕੋਇਲ ਕਹੇ ਮੈਂ ਗਾਵਾਂ ਚਾਈਂ ਚਾਈਂ, ਤੇਗ਼ ਬਹਾਦਰ ਦਾ ਬੇਟਾ, ਦੋ ਜਹਾਨਾਂ ਦਾ ਨੇਤਾ, ਭਗਤਾਂ ਦਾ ਮੀਤਾ, ਪੂਰਬ ਦਾ ਚੇਤਾ, ਵਿਚੋਂ ਖੇਤਾਂ ਆਪਣੇ ਨਾਲ ਮਿਲਾਈਆ । ਅਗੇ ਧੁਰ ਦਰਗਾਹ ਦਾ ਲੈ ਕੇ ਠੇਕਾ, ਜਨ ਭਗਤਾਂ ਸੁਨੇਹੜਾ ਇਕੋ ਭੇਜਾ, ਸੱਤ ਰੰਗ ਨਿਸ਼ਾਨਾ ਰਿਹਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਬਾਲਮੀਕ ਕਿਹਾ ਪ੍ਰਭ ਸਚ ਦ੍ਰਿੜਾ ਦੇ, ਦਿਆਲੂ ਹੋ ਕੇ ਦਇਆ ਕਮਾਈਆ । ਅੱਜ ਦਾ ਪੂਰਾ ਭੇਵ ਖੁਲ੍ਹਾ ਦੇ, ਕਿਉਂ ਸਤਾਰਾਂ ਪੋਹ ਮਿਲੀ ਵਡਿਆਈਆ । ਪੁਰਖ ਅਬਿਨਾਸ਼ੀ ਕਿਹਾ ਦੂਜੀ ਵਾਰ ਸਿਰ ਤੋਂ ਤਾਜ ਲਾਹ ਦੇ, ਪਰਦਾ ਦਿਆਂ ਉਠਾਈਆ । ਜਿਸ ਵੇਲੇ ਮੇਰੇ ਭਗਤ ਮੇਰਾ ਧਿਆਨ ਲਗਾਂਦੇ, ਮੈਂ ਨਿਉਂ ਨਿਉਂ ਕੇ ਉਹਨਾਂ ਚਰਨਾਂ ਉਤੇ ਸੀਸ ਟਿਕਾਈਆ । ਓਹ ਆਪਣੇ ਭੈ ਦਾ ਖੰਡਾ ਮੇਰੇ ਉਤੇ ਚਮਕਾਂਦੇ, ਪ੍ਰਭੂ ਭੁਲ ਕਦੇ ਨਾ ਜਾਈਆ । ਮੈਂ ਵੇਖਾਂ ਜੇ ਹੋਵਣ ਥੱਕੇ ਮਾਂਦੇ, ਫੜਕੇ ਆਪਣੇ ਗਲੇ ਲਗਾਈਆ । ਜੇ ਉਹ ਢੋਲੇ ਆਵਣ ਗਾਂਦੇ, ਗਹਿਰ ਗੰਭੀਰ ਹੋ ਕੇ ਦਰਸ ਦਿਖਾਈਆ । ਸਤਾਰਾਂ ਪੋਹ ਕਬੀਰ ਜੁਲਾਹਾ ਮਿਲਿਆ ਸੀ ਘਰ ਆਪਣਾਂ ਦੇ, ਆਪਣ ਦੇ ਅੰਦਰ ਦਰਸ਼ਨ ਪਾਈਆ । ਓਸ ਤੋਂ ਬਾਅਦ ਪਿਆਰ ਹੋਏ ਸੀ ਸਾਂਝੇ, ਸਗਲਾ ਸੰਗ ਨਿਭਾਈਆ । ਭਗਤ ਭਗਵਾਨ ਮਿਲ ਕੇ ਢੋਲੇ ਗਾਂਦੇ, ਤੂੰ ਮੇਰਾ ਮੈਂ ਤੇਰਾ ਤੇਰਾ ਮੇਰਾ ਭੇਵ ਰਿਹਾ ਨਾ ਰਾਈਆ । ਇਕ ਦੂਜੇ ਤੋਂ ਬਲਿਹਾਰੀ ਬਲਿਹਾਰ ਬਲ ਬਲ ਜਾਂਦੇ, ਆਪ ਆਪਣਾ ਮੇਟ ਮਿਟਾਈਆ । ਵਕਤ ਸੁਹੰਜਣੇ ਸੋਹਣੇ ਸੁਹਾਂਦੇ, ਦੋ ਜਹਾਨ ਖ਼ੁਸ਼ੀ ਮਨਾਈਆ । ਗੁਰ ਅਵਤਾਰ ਪੀਰ
੨੫੧ ਪੈਗ਼ੰਬਰ ਖ਼ੁਸ਼ੀਆਂ ਮਨਾਂਦੇ, ਵਾਹਵਾ ਪ੍ਰਭੂ ਦੀ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ੨੫੧
ਬਾਲਮੀਕ ਕਿਹਾ ਭਗਤਾਂ ਫ਼ਰਜ਼ ਤੈਨੂੰ ਝੁਕਣਾ, ਕਿਉਂ ਪ੍ਰਭੂ ਤੂੰ ਝੁਕ ਕੇ ਸੀਸ ਨਿਵਾਈਆ । ਅਬਿਨਾਸ਼ੀ ਕਰਤੇ ਕਿਹਾ ਬਿਨ ਮੇਰੀ ਕਿਰਪਾ ਪੈਂਡਾ ਕਿਸੇ ਨਾ ਮੁਕਣਾ, ਭਗਤ ਨਜ਼ਰ ਕੋਇ ਨਾ ਆਈਆ । ਬਿਨ ਮਿਹਰਵਾਨ ਗੋਦੀ ਕਿਸੇ ਨਾ ਚੁਕਣਾ, ਕੂੜਾ ਨਾਤਾ ਜਗਤ ਲੋਕਾਈਆ । ਮੈਂ ਬਿਨ ਭਗਤਾਂ ਆਦਿ ਜੁਗਾਦਿ ਕਿਸੇ ਨਾ ਝੁਕਣਾ, ਹੰਕਾਰੀਆਂ ਮੇਟਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਭੇਵ ਚੁਕਾਈਆ । ਬਾਲਮੀਕ ਕਿਹਾ ਪ੍ਰਭ ਸੀਸ ਤਾਜ ਰਖ, ਮੇਰੀ ਮੰਨ ਅਰਜ਼ੋਈਆ । ਤੇਰਾ ਦਰਸ ਕਰਾਂ ਪ੍ਰਤੱਖ, ਸਾਖ਼ਿਆਤ ਤੂੰ ਹੀ ਨਜ਼ਰੀ ਆਈਆ । ਧੰਨ ਵਡਿਆਈ ਜੇ ਭਗਤਾਂ ਅਗੇ ਗਿਉਂ ਢਠ, ਢਠਿਆਂ ਲਏਂ ਉਠਾਈਆ । ਨਾਤਾ ਤੋੜ ਕੇ ਤੱਤ ਅੱਠ, ਨੌਂ ਦਵਾਰੇ ਪਾਰ ਲੰਘਾਈਆ । ਦਸਮ ਦਵਾਰੀ ਸੇਜ ਸੁਹਾ ਕੇ ਪਲੰਘ, ਰੰਗ ਆਪਣਾ ਦਏਂ ਰੰਗਾਈਆ । ਥੋੜ੍ਹਾ ਦੇ ਕੇ ਏਥੇ ਅਨੰਦ, ਫੇਰ ਅਗੇ ਲਏਂ ਚਲਾਈਆ । ਸੁੰਨ ਅਗੰਮ ਦਾ ਮੇਟ ਕੇ ਪੰਧ, ਥਿਰ ਘਰ ਸਾਚੇ ਦਏਂ ਵਡਿਆਈਆ । ਜਿਥੇ ਸ਼ਬਦ ਦੁਲਾਰਾ ਤੇਰਾ ਗਾਵੇ ਛੰਦ, ਸੋਹੰ ਢੋਲਾ ਰਾਗ ਅਲਾਈਆ । ਓਸ ਤੋਂ ਅਗੇ ਹੋਵੇ ਸੰਗ, ਸ਼ਬਦ ਧੁਨ ਰਾਗ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਸੋਭਾ ਪਾਈਆ । ਪੁਰਖ ਅਬਿਨਾਸ਼ੀ ਕਹੇ ਵੇਖ ਸੀਸ ਤਾਜ ਰਖਿਆ, ਰੱਖਿਆ ਕਰਾਂ ਹਰ ਘਟ ਥਾਈਂਆ । ਸ੍ਰਿਸ਼ਟ ਸਬਾਈ ਵੇਖ ਮਿਥਿਆ, ਥਿਰ ਕੋਇ ਰਹਿਣ ਨਾ ਪਾਈਆ । ਓਧਰੋਂ ਗੋਬਿੰਦ ਖੋਲ੍ਹ ਵਖਾਈ ਚਿਠੀਆ, ਜਿਸ ਦਾ ਅੰਕ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਚਿਠੀ ਵਿਚੋਂ ਲੱਭਾ ਇਕ ਨਿਸ਼ਾਨ, ਸਚ ਨਿਸ਼ਾਨਾ ਦਏ ਜਣਾਈਆ । ਜਿਸ ਵੇਲੇ ਕਿਰਪਾ ਕਰੇ ਸ੍ਰੀ ਭਗਵਾਨ, ਵੀਹ ਸੌ ਇੱਕੀ ਮਿਲੇ ਵਡਿਆਈਆ । ਉਹ ਭਗਤ ਸੁਹੇਲਾ ਇਕ ਅਕੇਲਾ ਸਾਚੇ ਸੰਤਾਂ ਮਿਲੇ ਆਣ, ਨਿਰਗੁਣ ਆਪਣਾ ਫੇਰਾ ਪਾਈਆ । ਮਿਹਰਵਾਨ ਹੋ ਕੇ ਦੇਵੇ ਦਾਨ, ਦਾਤਾ ਹੋ ਕੇ ਦਇਆ ਕਮਾਈਆ ।

ਜੁਗ ਜਨਮ ਦੇ ਵਿਛੜੇ ਇਕੱਠੇ ਕੀਤੇ ਆਣ, ਸਚ ਦਵਾਰੇ ਲਏ ਬਹਾਈਆ । ਪਹਿਲੋਂ ਬਾਲਮੀਕ ਦੀਆਂ ਆਸਾ ਮਨਸਾ ਪੂਰੀਆਂ ਕਰਕੇ ਵਿਚ ਜਹਾਨ, ਮਿਹਰਵਾਨ ਹੋ ਕੇ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧਰਨੀ ਧਰਤ ਧਵਲ ਵੇਖ ਵਖਾਈਆ । ਪੋਹ ਸਤਾਰਾਂ ਵੇਖ ਕੇ ਧਰਨੀ, ਆਪਣਾ ਹਾਲ ਸੁਣਾਈਆ । ਓਧਰੋਂ ਗੁਰ ਅਵਤਾਰ ਪੀਰ ਪੈਗ਼ੰਬਰ ਡਿਗ ਪਏ ਚਰਨੀ, ਚਰਨੋਦਕ ਲੈ ਲੈ ਖ਼ੁਸ਼ੀ ਮਨਾਈਆ । ਓਧਰੋਂ ਵਿਸ਼ਨ ਬ੍ਰਹਮਾ ਸ਼ਿਵ ਆਪਣੀ ਦੱਸਣ ਕਰਨੀ, ਨਵ ਨੌਂ ਚਾਰ ਜੋ ਸੇਵ ਕਮਾਈਆ । ਓਧਰੋਂ ਦੇਵਤ ਸੁਰ ਪੁਛਣ ਆਪਣੀ ਮਰਨੀ, ਕਿਸ ਬਿਧ ਲੇਖੇ ਦਏ ਮੁਕਾਈਆ । ਓਧਰੋਂ ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਕਹੇ ਤੇਰੀ ਕਿਹੜੀ ਤੁਕ ਪੜ੍ਹਨੀ, ਜੋ ਤੁਖ਼ਮ ਤਾਸੀਰ ਤੇਰੇ ਨਾਲ ਮਿਲਾਈਆ । ਓਧਰੋਂ ਤ੍ਰੈਗੁਣ ਮਾਇਆ ਪੰਜ ਤਤ ਪ੍ਰਕਿਰਤੀ ਦਵਾਰੇ ਆਈ ਡਰਦੀ, ਮਰਦੀ ਮਰਦੀ ਹਾਲ ਸੁਣਾਈਆ । ਮੈਂ ਦੋ ਜਹਾਨਾਂ ਵਿਚ ਕੋਈ ਜ਼ਾਤ ਨਾ ਵੇਖੀ ਜੋ ਤੇਰੇ ਅਗੇ ਅੜਦੀ, ਜੋ ਨਿਉਂ ਨਿਉਂ ਨਾ ਤੇਰੇ ਅਗੇ ਸੀਸ ਝੁਕਾਈਆ । ਕਲਮਾ ਕਾਇਨਾਤ ਕਹੇ ਤੇਰੇ ਹੁਕਮ ਤੋਂ ਬਿਨਾ ਰਸੂਲਾਂ ਦੀ ਆਸਾ ਨਿਮਾਜ਼ ਕੋਇ ਨਾ ਪੜ੍ਹਦੀ, ਸਯਦਾ ਸੀਸ ਨਾ ਕੋਇ ਨਿਵਾਈਆ । ਸੁਰਤੀ ਕਿਸੇ ਨਾ ਹੁੰਦੀ ਮਾਲਕ ਆਪਣੇ ਘਰ ਦੀ, ਦਰ ਦਰ ਧੱਕੇ ਖਾਈਆ । ਪ੍ਰਭ ਘੜੀ ਸੁਹੰਜਣੀ ਦੱਸ ਆਪਣਾ ਖੇਲ ਕਰਨ ਦੀ, ਕਰਤੇ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਮਿਹਰ ਕਹੇ ਮੈਂ ਦੱਸਾਂ ਮਹਿਬੂਬ, ਮੁਹੱਬਤ ਵਿਚ ਜਣਾਈਆ । ਜੋ ਵਸੇ ਮਹਲ ਅਟਲ ਉਚ ਅਰੂਜ, ਅਰਸ਼ ਫ਼ਰਸ਼ ਸਮਝ ਕੋਇ ਨਾ ਪਾਈਆ । ਜੋ ਦਰਗਾਹ ਸਾਚੀ ਮੁਕਾਮੇ ਹੱਕ ਵਸੇ ਮਹਿਫ਼ੂਜ਼, ਹਿਫ਼ਾਜ਼ਤ ਅਵਰ ਨਾ ਕੋਇ ਜਣਾਈਆ । ਜਿਸ ਦੀ ਆਦਿ ਜੁਗਾਦਿ ਜੁਗ ਚੌਕੜੀ ਸਮਝੇ ਨਾ ਕੋਈ ਹਦੂਦ, ਬੇਹਦ ਬੇਪਰਵਾਹੀਆ । ਜਹਾਂ ਤਕੋ ਤਹਾਂ ਸਦਾ ਮੌਜੂਦ, ਦੋ ਜਹਾਨਾਂ ਰਿਹਾ ਸਮਾਈਆ । ਸਦੀ ਵੀਹਵੀਂ ਪਿਛਲਾ ਹੁਕਮ ਕਰੇ ਮੌਕੂਫ਼, ਮੁਕੰਮਲ ਆਪਣਾ ਹੁਕਮ ਜਣਾਈਆ । ਜਿਸ ਦੀ ਸਿਫ਼ਤ ਕਲਮਿਆਂ ਕਲਾਮਾਂ ਨਗ਼ਮਿਆਂ ਨਾਮਾਂ ਵਿਚ ਲਿਖਦੇ ਆਏ ਹਰੂਫ਼, ਹਜ਼ਰਤ ਪੈਗ਼ੰਬਰ ਕਰ ਕੇ ਗਏ ਪੜ੍ਹਾਈਆ । ਸੋ ਆਪਣੀ ਕਰਨੀ ਵਿਚ ਹੋਇਆ ਮਸਰੂਫ਼, ਸਾਹਿਬ ਮੁਸਾਹਿਬ ਹੋ ਕੇ ਸੇਵ ਕਮਾਈਆ । ਜਨ ਭਗਤਾਂ ਦੇਣ ਆਇਆ ਸਬੂਤ, ਸਾਬਤ ਸੂਰਤ ਇਕ ਵਖਾਈਆ । ਬਾਹਰੋਂ ਤਕੋ ਤੱਤਾਂ ਵਾਲਾ ਕਲਬੂਤ, ਅੰਦਰ ਨਾ ਆਦਮ ਜੇ ਵੇਖੋ ਤੇ ਖ਼ਾਦਮ ਨਜ਼ਰੀ ਆਈਆ । ਜਿਸ ਨੇ ਭਗਤਾਂ ਕੀਤਾ ਤੁਆਵਣ, ਲੇਖਾ ਚੁਕਾਇਆ ਬਲ ਰਾਜਾ ਬਾਵਨ, ਸੱਤ ਰੰਗ ਹੱਥ ਝੁਲਾਈਆ । ਗੁਰ ਅਵਤਾਰ ਪੈਗ਼ੰਬਰ ਭਗਤ ਕਹਿਣ ਇਕਾਵਨ, ਏਕੰਕਾਰ ਤੇਰੀ ਸਰਨਾਈਆ । ਸਰਬ ਸਵਾਮੀ ਭਗਤਨ ਪਕੜੀਂ ਦਾਮਨ, ਪਲੂ ਗੰਢ ਬੰਧਾਈਆ । ਅਸੀਂ ਵੇਖਿਆ ਤੂੰ ਸਭ ਦੇ ਸਾਹਮਣੇ ਹੋਵੇਂ ਜ਼ਾਮਨ, ਜ਼ੁਮੇਂਵਾਰੀ ਆਪਣੇ ਉਤੇ ਟਿਕਾਈਆ । ਨਾ ਕੋਈ ਸ਼ੱਤਰੀ ਰਿਹਾ ਬ੍ਰਾਹਮਣ, ਸ਼ੂਦਰ ਵੈਸ਼ ਦਿਤੇ ਮਿਟਾਈਆ । ਕਲਜੁਗ ਵੇਖ ਅੰਧੇਰੀ ਸ਼ਾਮਨ, ਸਾਚਾ ਚੰਦ ਕੀਤਾ ਰੁਸ਼ਨਾਈਆ । ਨੂਰ ਨੁਰਾਨਾ ਕੋਟਨ ਭਾਨਣ, ਸੂਰਜ ਚੰਦ ਨੈਣ ਸ਼ਰਮਾਈਆ । ਭਗਤ ਭਗਵਾਨ ਮਿਲ ਮਿਲ ਦਰਸ਼ਨ ਪਾਵਣ, ਪਤਿਤ ਪੁਨੀਤ ਰੂਪ ਵਟਾਈਆ । ਮਨ ਹੰਕਾਰੀ ਰਹੇ ਨਾ ਰਾਵਣ, ਕੂੜੀ ਲੰਕਾ ਗੜ੍ਹ ਤੁੜਾਈਆ । ਸੁਰਤੀ ਸ਼ਬਦੀ ਮੇਲ ਕੇ ਕਾਹਨਣ, ਘਨਈਆ ਬੰਸਰੀ ਨਾਮ ਸਚ ਸੁਣਾਈਆ । ਨਾਮ ਦ੍ਰਿੜਾ ਕੇ ਧੁਰ ਦਾ ਸਤਿ ਨਾਮਨ, ਨਮੋ ਨਮੋ ਦਏ ਸਮਝਾਈਆ । ਡੰਕਾ ਵਜੇ ਦੋ ਜਹਾਨਣ, ਫ਼ਤਹਿ ਇਕੋ ਹੱਥ ਰਖਾਈਆ । ਜਨ ਭਗਤ ਸੁਹੇਲਾ ਬਣ ਕੇ ਆਇਆ ਤਾਰਨ, ਜਗਤ ਦੁਹੇਲਾ ਵਕ਼ਤ ਚੁਕਾਈਆ । ਲੱਖ ਚੁਰਾਸੀ ਵਿਚੋਂ ਆਇਆ ਉਭਾਰਨ, ਫੜ ਬਾਹੋਂ ਪਾਰ ਕਰਾਈਆ । ਆਇਆ ਪੈਜ ਸਵਾਰਨ, ਸਿਰ ਆਪਣਾ ਹੱਥ ਟਿਕਾਈਆ । ਵਿਛੜੇ ਆਇਆ ਮਿਲਾਵਣ, ਮਿਲਣੀ ਜਗਦੀਸ਼ ਕਰਾਈਆ । ਤ੍ਰਿਸ਼ਨਾ ਮੇਟਣ ਆਇਆ ਤਾਮਨ, ਤ੍ਰਿਖਾ ਦੂਰ ਕਰਾਈਆ । ਦੇਵਣ ਆਇਆ ਨਾਮ ਨਿਧਾਨਣ, ਨਿਜ ਆਤਮ ਦਏ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ

੨੫੨

 ੨੫੩

ਨਜ਼ਰ ਇਕ ਉਠਾਈਆ । ਬਾਲਮੀਕ ਕਹੇ ਮੈਂ ਬਣਿਆ ਪਾਲ, ਪ੍ਰਿਤਪਾਲਕ ਤੇਰੀ ਸਰਨਾਈਆ । ਮੈਨੂੰ ਖ਼ੁਸ਼ੀ ਹੋਈ ਮੈਂ ਤਕੇ ਤੇਰੇ ਲਾਲ, ਜੋ ਸਨਮੁਖ ਸੋਭਾ ਪਾਈਆ । ਜਿਨ੍ਹਾਂ ਦੇ ਪਿਛੇ ਪੂਰਬ ਜਨਮ ਦੇ ਰਸਤਿਆਂ ਵਿਚ ਬੈਠੇ ਕੀਤੇ ਬਹਾਲ, ਬਾਹਰੋਂ ਫੜ ਕੇ ਨਾਲ ਲਿਆਈਆ । ਉਹਨਾਂ ਦਾ ਮਿਲ ਕੇ ਵਜੇ ਤਾਲ, ਨਿਰਗੁਣ ਸਰਗੁਣ ਦੋਹਰੀ ਚੋਟ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇਣੀ ਮਾਣ ਵਡਿਆਈਆ । ਪਾਲ ਸਿੰਘ ਕਹੇ ਮੈਂ ਵੇਖਿਆ ਖ਼ੁਦ, ਨੇਤਰ ਅੱਖ ਖੁਲ੍ਹਾਈਆ । ਜੋ ਸਤਾਰਾਂ ਪੋਹ ਏਸ ਭੂਮਿਕਾ ਗਏ ਪੁਜ, ਆਪਣਾ ਪੰਧ ਮੁਕਾਈਆ । ਉਹ ਪਾਣੀ ਦਾ ਪਾਣੀ ਨਹੀਂ ਵਿਰੋਲਿਆ ਚਿੱਟਾ ਦੁੱਧ, ਸਤਿ ਸਰੂਪ ਨਜ਼ਰੀ ਆਈਆ । ਉਹਨਾਂ ਦਾ ਭੇਵ ਪਿਛਲਾ ਕੁਝ, ਕਛ ਮਛ ਦੇਣ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲਹਿਣਾ ਝੋਲੀ ਪਾਈਆ । ਭਗਵਾਨ ਕਹੇ ਸੁਣ ਬਾਲਮੀਕ ਬਟਵਾਰੇ, ਬਜਵਾੜੇ ਦਿਆਂ ਜਣਾਈਆ । ਜਿਹੜੇ ਲੁੱਟੇ ਦਿਨ ਦਿਹਾੜੇ, ਉਹ ਰਾਤੀਂ ਸਾਰੇ ਪਾਰ ਲੰਘਾਈਆ । ਦੋਵੇਂ ਇਕੱਠੇ ਹੋ ਗਏ ਇਕ ਕਿਨਾਰੇ, ਜਿਨ੍ਹਾਂ ਦਾ ਤਟ ਬਣਿਆ ਇਕ ਬੇਪਰਵਾਹੀਆ । ਇਕੱਠੇ ਕੀਤੇ ਏਕੰਕਾਰੇ, ਅਕਲ ਕਲ ਆਪ ਵਰਤਾਈਆ । ਮੁਫ਼ਲਿਸ ਗ਼ਰੀਬ ਦਰ ਆਏ ਸਾਰੇ ਪਾਰ ਉਤਾਰੇ, ਅਧਵਿਚਕਾਰ ਨਾ ਕੋਇ ਰਖਾਈਆ । ਕੀ ਹੋਇਆ ਜੇ ਕਬੀਰ ਚੜ੍ਹ ਕੇ ਆਪਣੇ ਮਹਲ ਮੁਨਾਰੇ, ਉਚੀ ਕੂਕ ਦਿਤਾ ਸੁਣਾਈਆ । ਰਵਿਦਾਸ ਨਾਲ ਰਖ ਕੇ ਰੰਬੀ ਆਰੇ, ਚਮਿਆਰੇ ਚੰਮ ਦ੍ਰਿਸ਼ਟੀ ਦਿਤੀ ਗਵਾਈਆ । ਜਿਨ੍ਹਾਂ ਦੇ ਦਰ ਦਾ ਭਿਖਾਰੀ ਆਪ ਕਰਤਾਰੇ, ਕੁਦਰਤ ਕਾਦਰ ਵੇਖਣ ਆਈਆ । ਗੁਰ ਅਵਤਾਰ ਪੀਰ ਪੈਗ਼ੰਬਰ ਤਕ ਤਕ ਹਾਰੇ, ਨੇਤਰ ਨੈਣ ਅੱਖ ਖੁਲ੍ਹਾਈਆ । ਕੀ ਕਰੇ ਖੇਲ ਪਰਵਰਦਿਗਾਰੇ, ਮਹਿਬੂਬ ਮੁਹੱਬਤ ਵਿਚ ਸਮਾਈਆ । ਓਹ ਵਾਹਵਾ ਗੋਬਿੰਦ ਬੋਲੇ ਇਕ ਜੈਕਾਰੇ, ਧੁਰ ਦਾ ਨਾਦ ਵਜਾਈਆ । ਜਿਸ ਹੇਮਕੁੰਡ ਬਰਫ਼ਾਂ ਵਿਚ ਠਾਰੇ, ਸੋ ਠਾਕਰ ਆਪਣੇ ਨਾਲ ਮਿਲਾਈਆ । ਜੋ ਦਿਸੇ ਸਚਖੰਡ ਦਵਾਰੇ, ਨਿਰਗੁਣ ਹੋ ਕੇ ਸੋਭਾ ਪਾਈਆ । ਉਹ ਕਲਜੁਗ ਅੰਤਮ ਭਗਤਾਂ ਦੇ ਹੋਇਆ ਦਵਾਲੇ, ਦੋਹਾਂ ਧਿਰਾਂ ਦਾ ਮਾਲਕ ਆਪਣਾ ਫੇਰਾ ਪਾਈਆ । ਨਾਲੇ ਪਿਛਲੇ ਦੇਵੇ ਹਵਾਲੇ, ਅਗੇ ਰਖੇ ਨਾਲੇ, ਵਿਛੋੜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਬਾਲਮੀਕ ਕਹੇ ਦੱਸ ਕੀ ਮੈਂ ਇਹ ਸਾਰੇ ਸਚੇ, ਜਿਹੜੇ ਤੇਰਾ ਸੰਗ ਬਣਾ ਕੇ ਆਈਆ । ਪੁਰਖ ਅਕਾਲ ਕਹੇ ਇਹਨਾਂ ਵਿਚੋਂ ਇੱਕੀ ਬਚੇ, ਬਾਕੀ ਸਾਰੇ ਤੇਰੇ ਧੱਕੇ ਖਾ ਖਾ ਮੇਰਾ ਨਾਮ ਧਿਆਈਆ । ਉਹਨਾਂ ਕਿਹਾ ਜੇ ਏਸ ਦੀ ਪਤ ਰਖੇਂ, ਕਿਉਂ ਨਾ ਸਾਨੂੰ ਮਿਲੇ ਵਡਿਆਈਆ । ਪੁਰਖ ਅਕਾਲ ਕਿਹਾ ਮੇਰੇ ਕੋਲ ਹਕ਼ੀਕ਼ਤ ਹਕੇ, ਹਕ ਸਭ ਦੀ ਝੋਲੀ ਪਾਈਆ । ਜਨ ਭਗਤੋ ਤੁਸੀਂ ਮੇਰੇ ਇਕੋ ਜਿਹੇ ਬੱਚੇ, ਦੂਜੀ ਵੰਡ ਨਾ ਕੋਇ ਵੰਡਾਈਆ । ਵੇਖੋ, ਗੁਰ ਅਵਤਾਰ ਪੀਰ ਪੈਗ਼ੰਬਰ ਤੁਹਾਨੂੰ ਅਗੇ ਕਹਿਣ ਸੱਚੇ, ਝੂਠਾ ਇਲਜ਼ਾਮ ਨਾ ਕੋਇ ਲਗਾਈਆ । ਜੋ ਪਰਮ ਪੁਰਖ ਦੀ ਆਵੀ ਵਿਚ ਪੱਕੇ, ਉਸ ਦਾ ਕੱਚਾ ਪਾਸਾ ਰਹਿਣ ਕੋਇ ਨਾ ਪਾਈਆ । ਵਿਸ਼ਨ ਬ੍ਰਹਮਾ ਸ਼ਿਵ ਅਗੋਂ ਨਾ ਕੋਈ ਕੁਛ ਦੱਸੇ, ਸਾਰੇ ਨਿਉਂ ਨਿਉਂ ਸੀਸ ਨਿਵਾਈਆ । ਮੇਰਾ ਭਗਤ ਸੁਹੇਲਾ ਏਥੇ ਓਥੇ ਦੋ ਜਹਾਨ ਖ਼ੁਸ਼ੀਆਂ ਨਾਲ ਹੱਸੇ, ਹਸਤੀ ਆਪਣੀ ਹਸਰਤਾਂ ਨਾਲ ਪ੍ਰਭ ਦੀ ਝੋਲੀ ਪਾਈਆ । ਓਸ ਦਰਗਾਹ ਵਿਚ ਵਸੇ, ਜਿਸ ਦਾ ਮਾਲਕ ਇਕੋ ਬੇਪਰਵਾਹੀਆ । ਉਹ ਕਿਉਂ ਨਾ ਤੁਹਾਡੀ ਪਤ ਰਖੇ, ਜੋ ਪਤਣ ਜਾ ਕੇ ਆਪਣੇ ਘਾਟ ਲਏ ਲੰਘਾਈਆ । ਕ੍ਰਿਸ਼ਨ ਦੇ ਯਾਰ ਬਧਕ ਵਰਗੇ ਸੱਦੇ, ਜਿਨ੍ਹਾਂ ਤੀਰ ਨਿਸ਼ਾਨਾ ਦਿਤਾ ਲਗਾਈਆ । ਉਹਦੇ ਤੀਰ ਉਹਦੇ ਨਾਲ ਬੱਝੇ, ਉਹਦੇ ਸੂਕਰ ਉਤੇ ਆਪਣਾ ਰੰਗ ਰੰਗਾਈਆ । ਜੋ ਪੰਛੀ ਅਸਮਾਨਾਂ ਉਤੋਂ ਡਿੱਗੇ, ਫਿਰ ਭੱਠੀ ਡਾਹੀ ਅੱਗੇ, ਅਰਜਨ ਲੋਹ ਤਪਾਈਆ । ਉਸ ਦੇ ਸਿਰ ਰਖ ਕੇ ਆਇਆ ਹੱਥੇ, ਸਮਰਥ ਬੇਪਰਵਾਹੀਆ । ਇਹ ਕਿਉਂ ਸਾਰੇ ਕੀਤੇ ਇਕੱਠੇ, ਸੱਚੀ ਦਿਆਂ ਜਣਾਈਆ । ਤ੍ਰੇਤੇ ਅੰਦਰ ਇਕ ਵਾਰ ਇਹ ਸਾਰੇ ਅੰਦਰੋਂ ਮੰਗ ਰਹੇ ਮੰਗੇ, ਜਿਸ ਵੇਲੇ ਬਟਵਾਰਾ ਲੁਟ ਲੁਟ ਖ਼ੀਸੇ ਖ਼ਾਲੀ ਰਿਹਾ ਕਰਾਈਆ ।

ਇਹਦੇ ਕੋਲੋਂ ਸਾਡੀ ਕੇਹੜਾ ਪਤ ਰੱਖੇ, ਜੋ ਹੋਵੇ ਆਣ ਸਹਾਈਆ । ਸ੍ਰੀ ਭਗਵਾਨ ਕਿਹਾ ਤੁਸੀਂ ਬੱਚਿਆਂ ਦੇ ਬੱਚੇ, ਇਹ ਮੇਰੀ ਬੇਪਰਵਾਹੀਆ । ਯਾਦ ਰੱਖੋ ਕਲਜੁਗ ਅੰਤ ਬਣਾਵਾਂਗਾ ਅੰਦਰੋਂ ਆਤਮ ਵਾਲੇ ਬੱਚੇ, ਜਿਸ ਤਨ ਖ਼ਾਕੀ ਮਗਰ ਆਪੇ ਭੱਜੇ ਵਾਹੋ ਦਾਹੀਆ । ਉਹ ਕਿਹੜੀ ਹੋਵੇ ਰਾਤੀ, ਸਾਰੇ ਮੰਗ ਮੰਗਾਈਆ । ਪੁਰਖ ਅਕਾਲ ਕਿਹਾ ਸਤਾਰਾਂ ਪੋਹ ਦੀ ਉਹ ਪਰਭਾਤੀ, ਪ੍ਰਭ ਦੇਵੇ ਮਾਣ ਵਡਿਆਈਆ । ਜਨਮ ਜਨਮ ਦੇ ਵਿਛੜਿਆਂ, ਕਰਮ ਕਰਮ ਦੇ ਨਿਖੜਿਆਂ, ਧਰਮ ਧਰਮ ਦੇ ਬਿਖੜਿਆਂ ਆਪਣੀ ਨਾਲ ਲਗਾਏ ਛਾਤੀ, ਸ਼ਹਿਨਸ਼ਾਹ ਆਪਣਾ ਮੇਲ ਮਿਲਾਈਆ । ਘਰ ਵਿਚ ਘਰ ਜਗਾਏ ਦੀਵਾ ਬਾਤੀ, ਨਿਜ ਨੇਤਰ ਕਰੇ ਰੁਸ਼ਨਾਈਆ । ਬਾਲਮੀਕ ਨਾਲ ਮਿਲਾਏ ਉਸ ਦਾ ਸਾਥੀ, ਜਿਸ ਦਾ ਜਨਮ ਰਵਿਦਾਸ ਪਹਿਲਾ ਰਹੇ ਗਾਈਆ । ਉਸ ਦਾ ਲਹਿਣਾ ਅਗਲੇ ਦਿਨ ਮਕੌਣਾ ਬਾਕੀ, ਬਾਕਾਇਦਾ ਤਰਤੀਬ ਨਾਲ ਲਿਖਾਈਆ । ਜਨ ਭਗਤੋ ਤੁਹਾਡੀ ਐਸ ਜਨਮ ਦੀ ਬਦਲ ਗਈ ਹਯਾਤੀ, ਹਾਜ਼ਰ ਹੋ ਕੇ ਦਇਆ ਕਮਾਈਆ । ਪਰਮ ਪੁਰਖ ਪਰਮਾਤਮ ਆਇਆ ਸਚਖੰਡ ਨਿਵਾਸੀ, ਨਿਵਾਸ ਆਪਣੇ ਚਰਨ ਰਖਾਈਆ । ਅਗੇ ਤੋਂ ਪਿਛੇ ਤੋਂ ਤੁਹਾਡੇ ਪ੍ਰੇਮ ਦਾ ਬਣਿਆ ਰਿਹਾ ਪਾਠੀ, ਜਨ ਭਗਤਾਂ ਢੋਲੇ ਗਾਈਆ । ਕੀ ਹੋਇਆ ਜੇ ਤੁਸੀਂ ਕ਼ਦਮਾਂ ਨਾਲ ਚਲ ਕੇ ਵਾਟੀ, ਉਹ ਸਚਖੰਡ ਛਡ ਕੇ ਭੱਜਾ ਵਾਹੋ ਦਾਹੀਆ । ਜਾਂ ਵੇਖੇ ਤੇ ਗੁਰਸਿਖ ਵੇਖੇ ਇਕ ਜਮਾਤੀ, ਇਕੋ ਢੋਲਾ ਰਹੇ ਗਾਈਆ । ਗੁਰ ਅਵਤਾਰ ਪੀਰ ਪੈਗ਼ੰਬਰੋ ਇਹ ਕਿੱਡੀ ਸੋਹਣੀ ਸਾਖੀ, ਸਾਖ਼ਿਆਤ ਰਿਹਾ ਸਮਝਾਈਆ । ਜਿਸ ਦਾ ਹਿੱਸਾ ਨਾ ਵੰਡਿਆ ਤੇ ਨਾ ਵੰਡੇ ਉਰਦੂ ਫ਼ਾਰਸੀ, ਅੰਗਰੇਜ਼ੀ ਹਿੰਦੀ ਪੰਜਾਬੀ ਸਭ ਦਾ ਸਾਂਝਾ ਰਾਹ ਵਖਾਈਆ । ਕੋਈ ਤੰਦ ਸਿਤਾਰ ਨਾ ਵਜਾਏ ਰਬਾਬੀ, ਏਹੀ ਲੇਖਾ ਰਿਹਾ ਜਣਾਈਆ । ਸਭ ਦੀ ਆਤਮ ਸਭ ਦਾ ਪਰਮਾਤਮ ਸਭ ਦਾ ਸਾਥੀ, ਸਗਲਾ
੨੫੪ ਸੰਗ ਦਏ ਜਣਾਈਆ । ਉਹ ਅਨਾਥਾਂ ਦਾ ਨਾਥੀ, ਦਾਸਾਂ ਦਾ ਦਾਸੀ, ਸਵਾਸਾਂ ਦਾ ਸਵਾਸੀ, ਮੰਡਲਾਂ ਦਾ ਰਾਸੀ, ਗੋਪੀ ਕਾਹਨ ਨਾਚ ਨਚਾਈਆ । ਭਗਤਾਂ ਦੀ ਪਰਭਾਤੀ, ੨੫੪
ਸੁੱਖਾਂ ਦੀ ਰਾਤੀ, ਅੰਮ੍ਰਿਤ ਦੀ ਬੂੰਦ ਸਵਾਂਤੀ, ਕਰਨ ਆਇਆ ਠੰਡੀ ਛਾਤੀ, ਸਤਿ ਸਾਂਤਕ ਰੂਪ ਵਟਾਈਆ । ਵੇਸ ਵਟਾ ਕੇ ਲੋਕਮਾਤੀ, ਗੁਰਮੁਖਾਂ ਦੇਵੇ ਦਾਨ ਅੰਦਰ ਵੜਕੇ ਮਾਰੇ ਧਿਆਨ ਬਜਰ ਕਪਾਟੀ ਖੋਲ੍ਹ ਕੇ ਤਾਕੀ, ਤਕਵਾ ਆਪਣਾ ਦਏ ਜਣਾਈਆ । ਸਚ ਸਮਝੋ ਇਹ ਮਿਲਿਆ ਇਤਫ਼ਾਕੀ, ਲਹਿਣਾ ਦੇਣਾ ਚੁਕਾਏ ਬਾਕੀ, ਮਿਹਰਵਾਨ ਮਹਿਬੂਬ ਹੋਇਆ ਸਹਾਈਆ । ਨਿਗਾਹ ਮਾਰੇ ਵਿਚ ਮਹਿਰਾਬੀ, ਪਿਆਵਣਹਾਰਾ ਜਾਮ ਹਯਾਤੇ ਆਬੀ, ਬਖ਼ਸ਼ਣਹਾਰਾ ਜਨਮ ਕਰਮ ਦੀ ਆਜ਼ਾਦੀ, ਬਰਬਾਦੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਉਠਾਈਆ । ਵੀਹ ਸੌ ਇੱਕੀ ਦੂਰੋਂ ਪਈ ਬੋਲ, ਗੋਬਿੰਦ ਲਏ ਅੰਗੜਾਈਆ । ਜਗਤ ਸਿੰਘਾਸਣ ਸਾਰੇ ਗਏ ਡੋਲ, ਅਡੁਲ ਨਜ਼ਰ ਕੋਇ ਨਾ ਆਈਆ । ਪ੍ਰਭ ਦਾ ਨਾਉਂ ਲੈ ਕੇ ਸਾਰੇ ਮਾਰਦੇ ਰੋਲ, ਰੌਲੇ ਵਿਚ ਲੋਕਾਈਆ । ਸਭ ਦੇ ਪਰਦੇ ਆ ਕੇ ਫੋਲ, ਜੋ ਕਲਜੁਗ ਕੂੜੇ ਗੁਰੂ ਰੂਪ ਵਟਾਈਆ । ਲੇਖਾ ਆ ਕੇ ਵੇਖ ਉਪਰ ਧੌਲ, ਧਰਨੀ ਰਹੀ ਕੁਰਲਾਈਆ । ਬੀਸ ਇਕੀਸੇ ਤੇਰਾ ਕੌਲ, ਇਕ਼ਰਾਰ ਗਿਆ ਆਈਆ । ਫ਼ਰਕ ਪੈਣ ਨਹੀਂ ਦੇਣਾ ਰਤੀ ਚੌਲ, ਚੌਗਿਰਦ ਦੇਣਾ ਜਣਾਈਆ । ਆਪਣੇ ਨਾਮ ਦਾ ਵਜਾਵੇ ਸੱਚਾ ਢੋਲ, ਮਰਦੰਗਾ ਇਕੋ ਹੱਥ ਉਠਾਈਆ । ਜੇਹੜੇ ਤੇਰੇ ਭਗਤ ਉਹਨਾਂ ਸੱਦੇ ਕੋਲ, ਕੁਲ ਆਪਣੀ ਲਏ ਬਦਲਾਈਆ । ਝੂਠੀ ਮਾਇਆ ਵਿਚੋਂ ਰੋਲ, ਵਰੋਲ ਕੇ ਆਪਣੇ ਗਲੇ ਲਗਾਈਆ । ਦਏ ਵਡਿਆਈ ਉਪਰ ਧੌਲ, ਧਰਨੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਦਇਆ ਕਮਾਈਆ । ਗੋਬਿੰਦ ਕਹੇ ਮੈਂ ਵੇਖਿਆ ਧੁਰ ਦਾ ਹਾਕਮ, ਤਖ਼ਤ ਨਿਵਾਸੀ ਦਇਆ ਕਮਾਈਆ । ਸ੍ਰਿਸ਼ਟ ਸਬਾਈ ਹੋਇਆ ਮਾਤਮ, ਗ਼ਮੀ ਖ਼ੁਸ਼ੀ ਨਾ ਕੋਇ ਬਦਲਾਈਆ । ਹਰਿ ਕੇ ਰੂਪ ਦੇ ਪਿਛੇ ਨਾ ਕੋਇ ਮਹਾਤਮ, ਮਹਾਤਮਾ ਆਤਮਾ ਨਾ ਕੋਇ ਉਠਾਈਆ । ਜਲਵਾ ਕਰੇ ਕੋਈ ਨਾ ਬਾਤਨ, ਨੂਰ ਨੂਰ ਨਾ ਕੋਇ ਮਿਲਾਈਆ । ਰੂਹ ਬੁਤ ਨਾ ਦਿਸੇ ਪਾਕਨ, ਖ਼ਾਕੀ ਵਜੂਦ ਨਾ ਕੋਇ ਵਡਿਆਈਆ ।

ਜਨ ਭਗਤ ਸੁਹੇਲੇ ਥੋੜ੍ਹੇ ਦਿਸਣ ਦਾਸਨ, ਜੋ ਦਰਸੀ ਹੋ ਕੇ ਦਰਸ਼ਨ ਕਰਕੇ ਦਹਿ ਦਿਸ਼ਾ ਪ੍ਰੇਮ ਪ੍ਰੀਤੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਜ਼ਰ ਵਿਚੋਂ ਕਢਾਈਆ । ਸਿੰਘਾਸਣ ਤੋਂ ਪਹਿਲੋਂ ਧਰਤੀ ਕਰੇ ਪੁਕਾਰ, ਜਨ ਭਗਤਾਂ ਰਹੀ ਸੁਣਾਈਆ । ਮੈਨੂੰ ਕਰਾਓ ਉਹਦਾ ਦੀਦਾਰ, ਜਿਸ ਦਾ ਦੀਦ ਇਕ ਰੁਸ਼ਨਾਈਆ । ਜਿਸ ਦੇ ਸਭ ਕੁਛ ਅਖ਼ਤਿਆਰ, ਦੋ ਜਹਾਨਾਂ ਸ੍ਰੀ ਭਗਵਾਨਾ ਹੁਕਮ ਸੁਣਾਈਆ । ਜੋ ਆਦਿ ਜੁਗਾਦੀ ਧੁਰ ਦਾ ਯਾਰ, ਯਰਾਨੇ ਭਗਤਾਂ ਸੂਫ਼ੀਆਂ ਨਾਲ ਰਖਾਈਆ । ਜਿਸ ਦਾ ਜੱਨਤਾਂ ਤੋਂ ਬਾਹਰ ਮਜ਼ਾਰ, ਦਰਗਾਹ ਸਾਚੀ ਧਾਮ ਬੈਠਾ ਆਸਣ ਲਾਈਆ । ਜਿਸ ਦੀ ਕਲਮਿਆਂ ਤੋਂ ਬਾਹਰ ਕਲਾਮ, ਜਿਸ ਦਾ ਅੱਖਰਾਂ ਤੋਂ ਬਾਹਰ ਨਿਸ਼ਾਨ, ਜਗਤ ਜਹਾਨ ਵੇਖਣ ਕੋਇ ਨਾ ਪਾਈਆ । ਜਿਸ ਦਾ ਸਦਾ ਸਦਾ ਨਿਤ ਨਵਾਂ ਨਿਜ਼ਾਮ, ਹੁਕਮ ਸੰਦੇਸ਼ਾ ਧੁਰ ਪੈਗ਼ਾਮ, ਪੈਗ਼ੰਬਰਾਂ ਦਾ ਪੈਗ਼ੰਬਰ ਧੁਰ ਦਾ ਅਮਾਮ, ਅਮਨ ਦਾ ਦਾਤਾ ਇਕੋ ਨਜ਼ਰੀ ਆਈਆ । ਭਗਤਾਂ ਦਾ ਭਗਵਾਨ, ਸੰਤਾਂ ਦਾ ਮਿਹਰਵਾਨ, ਬਟਵਾਰੇ ਦੇ ਦਰ ਤੇ ਬੈਠਾ ਆਣ, ਗੋਪੀਆਂ ਦਾ ਕਾਹਨ, ਸੀਤਾ ਦਾ ਰਾਮ, ਸੁਰਤੀ ਦਾ ਬਿਸਰਾਮ, ਮੂਰਤੀ ਦਾ ਧਿਆਨ, ਅਕਾਲ ਅਕਾਲ ਨਜ਼ਰੀ ਆਈਆ । ਦਰਦੀਆਂ ਦਾ ਦਰਬਾਨ, ਦਰਵੇਸ਼ਾਂ ਦਾ ਧਿਆਨ, ਨਰੇਸ਼ਾਂ ਦਾ ਕਾਲ ਨਿਰੰਕਾਰ ਇਕ ਅਖਵਾਈਆ । ਸ਼ਬਦਾਂ ਦਾ ਗਿਆਨ, ਅਨੰਤਾਂ ਦਾ ਦਾਨ, ਸੁਤਾਂ ਦਾ ਭਾਨ, ਨੂਰ ਚੰਦ ਰੁਸ਼ਨਾਈਆ । ਕਰਤਿਆਂ ਦਾ ਕਲਿਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਪਾਰ ਲੰਘਾਈਆ । ਧਰਨੀ ਕਹੇ ਮੇਰੀ ਰੁਤੀ ਵੇਖ ਮਿੱਟੀ, ਜੋ ਧੂੜ ਨਜ਼ਰੀ ਆਈਆ । ਜਿਸ ਵੇਲੇ ਬੈਠਾ ਸੀ ਬਾਲਮੀਕ ਰਿਖੀ, ਆਪਣਾ ਆਸਣ ਲਾਈਆ । ਇਕ ਦਿਨ ਓਸ ਨੇ ਹੱਥ ਵਿਚ ਸੋਟੀ ਫੜ ਕੇ ਤਿੱਖੀ, ਮੇਰੇ ਵਿਚ ਦਿਤੀ ਚੁਭਾਈਆ । ਮੈਂ ਡਾਹ ਕੇ ਆਪਣੀ ਪਿੱਠੀ, ਬੈਠੀ ਸੀਸ ਨਿਵਾਈਆ । ਅੰਦਰੋਂ ਦੁਹੱਥੜਾ ਮਾਰ ਕੇ ਪਿੱਟੀ, ਰੋ ਰੋ ਕੁਰਲਾਈਆ । ਮੈਂ ਵਜੂਦੋਂ ਨਿੱਕੀ, ਮੇਰੀ ਚਲੇ ਨਾ ਕੋਇ ਚਤੁਰਾਈਆ । ਓਧਰੋਂ ਇਕ ਰਾਹੀ ਆਇਆ ਜਿਸ ਦੇ ਉਤੇ ਚਾਦਰ ਚਿੱਟੀ, ਓਢਣ ਇਕੋ ਨਜ਼ਰੀ ਆਈਆ । ਓਸ ਨੇ ਵੇਖਿਆ ਮੈਂ ਰੋਂਦੀ ਉਹਨੂੰ ਦਿਸੀ, ਹੌਕਿਆਂ ਨਾਲ ਸੁਣਾਈਆ । ਉਹ ਮੈਨੂੰ ਮਿਲ ਕੇ ਇਕ ਦੇ ਗਿਆ ਚਿੱਠੀ, ਤਿੰਨਾਂ ਹਰਫ਼ਾਂ ਵਿਚ ਵਡਿਆਈਆ । ਜਿਸ ਵੇਲੇ ਪਰਮ ਪੁਰਖ ਪਰਮਾਤਮ ਸੰਤਾਂ ਦੀ ਬਣਾਵੇ ਸਿੱਖੀ, ਸਾਖ਼ਿਆਤ ਹੋਏ ਸਹਾਈਆ । ਓਸ ਵੇਲੇ ਕਮਲੀਏ ਓਸ ਨੂੰ ਲੇਖਾ ਦੱਸੀਂ, ਆਪਣਾ ਹਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਅਭੁਲ ਭੁਲ ਕਦੇ ਨਾ ਜਾਈਆ । ਮਿੱਟੀ ਕਹੇ ਮਿੱਟੀ ਪ੍ਰਭ ਦੀ, ਸਿੰਘਾਸਣ ਥੱਲੇ ਧਿਆਨ ਲਗਾਈਆ । ਜੋ ਸਾਂਭ ਰੱਖੀ ਚਿਰ ਦੀ, ਚਿਰੀ ਵਿਛੁੰਨੀ ਆਪਣੀ ਝੋਲੀ ਪਾਈਆ । ਜਿਸ ਵਿਚ ਆਸ ਓਸ ਪਿਰ ਦੀ, ਜੋ ਪ੍ਰੇਮੀਆਂ ਦਾ ਪ੍ਰੇਮੀ, ਨੇਮੀਆਂ ਦਾ ਨੇਮੀ, ਹੇਮੀਆਂ ਦਾ ਹੇਮੀ, ਹੇਮਕੁੰਡ ਵਾਲੇ ਨੂੰ ਨਾਲ ਮਿਲਾਈਆ । ਜਿਸ ਨੇ ਤਾਰੇ ਸਧਨਾ ਸੈਣੀ, ਰਵਿਦਾਸ ਚੁਮਾਰੇ ਦਿਤੀ ਵਡਿਆਈਆ । ਓਸ ਦਾ ਦਰਸ਼ਨ ਕਰਾਂ ਨੈਣੀਂ, ਨਿਜ ਘਰ ਦਰਸ਼ਨ ਆਪਣੇ ਪਾਈਆ । ਉਹਦੀ ਭਗਤਾਂ ਦੀ ਸੰਗਤ ਦੀ ਚੰਗੀ ਲਗੀ ਬਹਿਣੀ, ਜਿਹੜੇ ਚੁਪ ਚੁਪੀਤੇ ਆਤਮ ਅਤੀਤੇ ਸਚ ਪ੍ਰੀਤੇ ਵਿਚ ਸਮਾਈਆ । ਨਾ ਢੋਲਕ ਤੇ ਨਾ ਛੈਣੇ, ਪਰਮ ਪੁਰਖ ਦੇ ਭਾਣੇ ਜਿਨ੍ਹਾਂ ਨੇ ਸਹਿਣੇ, ਸਦ ਸਦ ਖ਼ੁਸ਼ੀ ਮਨਾਈਆ । ਜਿਨ੍ਹਾਂ ਦੇ ਮੁਕੇ ਪਿਛਲੇ ਲਹਿਣੇ, ਅਗਲੇ ਦੇਣੇ ਦੇਵਣਹਾਰ ਦੇ ਦੇ ਆਪਣੀ ਖ਼ੁਸ਼ੀ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਹੋਏ ਸਹਾਈਆ । ਉਹ ਮਿੱਟੀ ਕਹੇ ਮੇਰੀ ਆਸ ਅੰਦਰੂਨੀ, ਬਾਹਰੋਂ ਸੁਣਨ ਕੋਇ ਨਾ ਪਾਈਆ । ਮੇਰਾ ਨਾਤਾ ਤੁਟਿਆ ਬੈਰੂਨੀ, ਸਚ ਦਿਆਂ ਸਮਝਾਈਆ । ਮੈਂ ਦਰ ਮਾਲਕ ਦੇ ਹੋਈ ਮਮਨੂਨੀ, ਨਿਉਂ ਨਿਉਂ ਸੀਸ ਝੁਕਾਈਆ । ਤੂੰ ਸਾਹਿਬ ਬੜਾ ਅਸੂਲੀ, ਅਸਲੀਅਤ ਦੇ ਸਮਝਾਈਆ । ਤੇਰਾ ਭਗਤਾਂ ਨੂੰ ਮਿਲਣਾ ਗੱਲ ਮਾਮੂਲੀ, ਤੈਨੂੰ ਲਭਣਾ ਦੁਸ਼ਵਾਰ ਲਭਿਆਂ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਮਿੱਟੀ ਕਹੇ ਮੈਂ ਮਿੱਟੀ ਨਹੀਂ ਮਾਟੀ,

੨੫੫

ਮਟਕੇ ਬਣੌਣ ਵਾਲੀ ਨਜ਼ਰੀ ਆਈਆ । ਜਿਸ ਵਿਚ ਗਵਾਲਿਆਂ ਦੇ ਘਰੋਂ ਦੁਧ ਜੰਮਿਆਂ ਵਿਚ ਚਾਟੀ, ਚਟੂਰੇ ਕਹਿਕੇ ਖ਼ੁਸ਼ੀ ਵਖਾਈਆ । ਜਿਸ ਵੇਲੇ ਗੋਬਿੰਦ ਹੋ ਕੇ ਭੰਨੇ ਮਾਰ ਸਾਟੀ, ਠੀਕਰੀਆਂ ਤੋੜ ਵਖਾਈਆ । ਓਸ ਵੇਲੇ ਯਾਦ ਰਖੀਂ ਮੈਨੂੰ ਇਕ ਗੱਲ ਆਖੀ, ਹੌਲੀ ਜਿਹੀ ਦਿਤੀ ਸਮਝਾਈਆ । ਜੇ ਤੂੰ ਨਾ ਮੇਰੀ ਪਤ ਰਾਖੀ, ਤੈਨੂੰ ਗੋਬਿੰਦ ਕਹੇ ਕੋਈ ਨਾ ਰਾਈਆ । ਓਸ ਨੇ ਕਿਹਾ ਆਹ ਲੈ ਮੇਰੀ ਪਾਤੀ, ਪਤਣ ਦੇ ਕੰਢੇ ਤੈਨੂੰ ਦਿਆਂ ਫੜਾਈਆ । ਜਿਸ ਵੇਲੇ ਆਇਆ ਮੇਰਾ ਪੁਰਖ ਅਬਿਨਾਸ਼ੀ, ਧੁਰ ਦਾ ਮੇਰਾ ਜੋੜ ਜੁੜਾਈਆ । ਉਹਨੇ ਬਟਵਾਰੇ ਦਾ ਲਹਿਣਾ ਦੇਣਾ ਬਾਕੀ, ਹਿਸਾਬ ਕਿਤਾਬ ਲੇਖੇ ਵਿਚੋਂ ਚੁਕਾਈਆ । ਉਹ ਤਾਜਾਂ ਦਾ ਮਾਲਕ, ਖ਼ਲਕ ਦਾ ਖ਼ਾਲਕ, ਭਗਤਾਂ ਦਾ ਪਾਲਕ, ਸੰਤਾਂ ਦਾ ਸਾਲਸ ਹੋ ਕੇ ਵੇਸ ਵਟਾਈਆ । ਖ਼ਾਲਸਾਂ ਦਾ ਖ਼ਾਲਸ, ਭਗਤਾਂ ਦੀ ਅਮਾਨਤ, ਸਹੀ ਸਲਾਮਤ ਉਹਨਾਂ ਦੇ ਹੱਥ ਫੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਖ਼ਾਲਕ ਕਹੇ ਮੈਂ ਬੇਸ਼ਕ ਖ਼ਾਕੀ, ਖ਼ਾਕੇ ਸਭ ਦੇ ਰਿਹਾ ਬਣਾਈਆ । ਜਿੰਨਾਂ ਚਿਰ ਮੇਰੀ ਧੂੜ ਕਿਸੇ ਮਸਤਕ ਲਗੇ ਨਾ ਓਨਾਂ ਚਿਰ ਨਾ ਮੁਕਦੀ ਵਾਟੀ, ਗੁਰ ਪੀਰ ਰਹਿਮ ਨਾ ਕੋਇ ਕਮਾਈਆ । ਮੈਂ ਭਗਤਾਂ ਦਾ ਸਦਾ ਸਾਥ ਦੇਵਾਂ ਬਣਕੇ ਸਾਥੀ, ਸਗਲਾ ਸੰਗ ਨਿਭਾਈਆ । ਜੇ ਗੁਰਮੁਖ ਮੰਨਣ ਮੇਰੀ ਆਖੀ, ਗੁਰਮੁਖ ਮੇਰੇ ਵਾਂਗ ਖ਼ਾਕ ਹੋ ਕੇ ਪ੍ਰਭ ਚਰਨ ਧੂੜ ਲਗਾ ਕੇ ਆਪਣਾ ਆਪ ਦੇਣ ਤਜਾਈਆ । ਕਿਉਂ ਨਾ ਜਗੇ ਉਹਨਾਂ ਦਾ ਦੀਵਾ ਬਾਤੀ, ਘਰ ਆਏ ਕਿਉਂ ਨਾ ਸੱਚਾ ਮਾਹੀਆ । ਉਹ ਕਿਸ ਤਰਹ ਵਿਛੋੜਾ ਹੋਵੇ ਭਗਤਾਂ ਦਾ ਸਾਰੀ ਰਾਤੀ, ਇਕੱਲਿਆਂ ਨੀਂਦ ਕਦੇ ਨਾ ਆਈਆ । ਗੋਬਿੰਦ ਲੇਖਾ ਪੁਰਖ ਸਮਰਾਥੀ, ਦਾਸਾਂ ਦਾ ਦਾਸ, ਸਵਾਸਾਂ ਦਾ ਸਵਾਸ, ਆਸਾਂ ਦਾ ਆਸ, ਪਰਕਾਸ਼ਾਂ ਦਾ ਪਰਕਾਸ਼, ਨਿਵਾਸਾਂ ਦਾ ਨਿਵਾਸ, ਬਹੁਭਾਂਤੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਹਰਿਜਨ ਸਾਚੇ ਪਾਰ ਲੰਘਾਈਆ । ਖ਼ਾਕ ਕਹੇ ਤਾਂ ਮੰਨਾਂ ਜੇ ਸਿਰ ਤੋਂ ਲਾਹਵੇਂ ਕਲਗੀ, ਕਲਗੀ ਵਾਲੇ ਆਪਣੀ ਕਲ ਵਰਤਾਈਆ । ਮੇਰਾ ਗ਼ਰੀਬਣੀ ਦਾ ਹੋਵੇਂ ਦਰਦੀ, ਭਗਵਨ ਹੋ ਕੇ ਦਰਦ ਵੰਡਾਈਆ । ਮੈਨੂੰ ਤੇਰੇ ਥੱਲੇ ਬੈਠਿਆਂ ਲਗੇ ਮੂਲ ਨਾ ਸਰਦੀ, ਜਗਤ ਠੰਡਕ ਨਜ਼ਰ ਨਾ ਆਈਆ । ਪਿਛਲੀ ਰਾਤ ਧੂੜ ਭਗਤਾਂ ਦੀ ਸੇਵਾ ਰਹੀ ਕਰਦੀ, ਟਿੱਕੇ ਮਸਤਕ ਸਭ ਦੇ ਲਾਈਆ । ਮੈਂ ਬੈਠੀ ਰਹੀ ਡਰਦੀ, ਆਪਣੀ ਨਾ ਅੱਖ ਖੁਲ੍ਹਾਈਆ । ਜਿਸ ਵੇਲੇ ਰੈਣ ਆਈ ਮੇਰੇ ਯਾਰ ਦੀ, ਯਰਾਨਾ ਪਿਛਲਾ ਯਾਦ ਕਰਾਈਆ । ਬਾਲਮੀਕ ਹੁਣ ਲੋੜ ਨਹੀਂ ਕਿਸੇ ਵਿਚਾਰ ਦੀ, ਵਿਚਰੇ ਹੋਏ ਲੇਖੇ ਪੂਰ ਕਰਾਈਆ । ਮੈਂ ਓਸ ਨੂੰ ਕਦੇ ਨਾ ਵਿਸਾਰਦੀ, ਜੋ ਵਿਸਰ ਗਿਆਂ ਆਪਣੇ ਨਾਲ ਜੁੜਾਈਆ । ਮੈਂ ਭੁੱਖੀ ਓਸ ਦੇ ਪਿਆਰ ਦੀ, ਜਿਸ ਦਾ ਪ੍ਰੇਮ ਪ੍ਰੇਮਿਕਾ ਸਕੇ ਨਾ ਕੋਇ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਪਿਛਲੀ ਧੂੜੀ ਦੀ ਲੇਖੇ ਲਾਏ ਮਜ਼ਦੂਰੀ, ਜ਼ਰੂਰੀ ਆਪਣੇ ਚਰਨਾਂ ਨਾਲ ਛੁਹਾਈਆ । ਚਰਨਾਂ ਨਾਲ ਛੋਹ ਕੇ ਗਾਉਂਦੀ ਉਠੀ ਗੀਤ, ਭਗਤਾਂ ਰਹੀ ਸੁਣਾਈਆ । ਵੀਰੋ ਤੁਹਾਡਾ ਮੀਤ, ਪੀਰੋ ਤੁਹਾਡਾ ਬੇਪਰਵਾਹੀਆ । ਗੁਰ ਅਵਤਾਰੋ ਤੁਹਾਡਾ ਮਿਤਰ ਠੀਕ, ਪਰਮੇਸ਼ਵਰ ਨੂਰ ਖ਼ੁਦਾਈਆ । ਜਿਸ ਦੇ ਵਿਚ ਇਕ ਤੌਫ਼ੀਕ, ਤੁਆਰਫ਼ ਸਿੱਧਾ ਆਪਣੇ ਨਾਲ ਕਰਾਈਆ । ਨਾ ਭਾਗ ਵੇਖੇ ਨਾ ਨਸੀਬ, ਨਾ ਕਰਮ ਜਨਮ ਸਮਝਾਈਆ । ਜਿਸ ਉਪਰ ਕਿਰਪਾ ਕੀਤੀ ਓਸ ਦਾ ਲੇਖੇ ਲਗਾ ਸੀਸ, ਜਗਦੀਸ ਆਪਣੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾ ਦਾਨੀ ਇਕ ਅਖਵਾਈਆ । ਧੂੜ ਕਹੇ ਪ੍ਰਭ ਬੰਨ੍ਹ ਲੈ ਸੇਹਰਾ, ਤਾਜ ਤਖ਼ਤ ਤੇਰਾ ਤੋਹੇ ਭਾਈਆ । ਸ਼ਹਿਨਸ਼ਾਹ ਹੋ ਕੇ ਕਰੇਂ ਮਿਹਰਾ, ਰਹਿਮਤ ਮੇਘ ਬਰਸਾਈਆ । ਭਗਤਾਂ ਅੰਦਰ ਲਾ ਕੇ ਡੇਰਾ, ਡੰਕਾ ਇਕ ਵਜਾਈਆ । ਸੰਤਾਂ ਵਸਾ ਕੇ ਸਾਚੇ ਖੇੜਾ, ਘਰ ਮੰਦਰ ਸੁਹਾਈਆ । ਗੁਰਮੁਖਾਂ ਭੇਵ ਚੁਕਾ ਕੇ ਮੇਰਾ ਤੇਰਾ, ਪੜਦਾ ਦਿਤਾ ਉਠਾਈਆ । ਗੁਰਮੁਖਾਂ ਕਰ ਕੇ ਸਚ ਨਿਬੇੜਾ, ਬੇੜਾ ਬੰਨੇ ਦਿਤਾ ਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ

੨੫੬

ਭਗਵਾਨ, ਤੇਰਾ ਲੇਖਾ ਜਾਣੇ ਕਿਹੜਾ, ਵੇਦ ਕਤੇਬ ਸ਼ਾਸਤਰ ਸਿਮਰਤ ਪੁਰਾਨ ਅੰਜੀਲ ਕੁਰਾਨ ਤੇਰੀਆਂ ਸਿਫ਼ਤਾਂ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਤਿ ਸਤਿਵਾਦੀ ਭੇਵ ਖੁਲ੍ਹਾਈਆ ।

ਸਭ ਦੇ ਬਚਨ ਅਨੋਖੇ ਸੁਣ ਕੇ ਬੋਲੀ ਰੈਣ ਭਿੰਨੜੀ, ਭੁਲਿਆਂ ਭਟਕਿਆਂ ਰਹੀ ਸੁਣਾਈਆ । ਪਤਾ ਨਹੀਂ ਅਗੇ ਖੇਲ ਕਿੰਨੜੀ, ਵੱਡੀ ਛੋਟੀ ਨਾ ਕੋਈ ਸਮਝਾਈਆ । ਇਕੋ ਵੇਖਿਆ ਭਗਤਾਂ ਨਾਲ ਭਗਵਾਨ ਦੀ ਹੁੰਦੀ ਮਿਲਣੀ, ਮਿਲਾਪ ਇਕੋ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਆਪਣੀ ਦਇਆ ਕਮਾਈਆ । ਭਿੰਨੜੀ ਰੈਣ ਕਹੇ ਮੇਰਾ ਨਿਕਲਿਆ ਹਾਸਾ, ਹਸਤੀ ਵੇਖੀ ਬੇਪਰਵਾਹੀਆ । ਮੈਂ ਸਮਝ ਨਾ ਸਕੀ ਇਹ ਕੀ ਖੇਲ ਕਿਹੜਾ ਤਮਾਸ਼ਾ, ਕਿਹੜਾ ਨਟੂਆ ਆਪਣਾ ਸਾਂਗ ਵਰਤਾਈਆ । ਮੈਂ ਜਾਣ ਨਾ ਸਕੀ ਦਾਸੀ ਕੇ ਦਾਸਾ, ਕਿ ਦਸਤਗੀਰ ਹੋ ਕੇ ਆਪਣਾ ਦਸਤ ਮਿਲਾਈਆ । ਮੈਨੂੰ ਕਿਸੇ ਦੱਸਿਆ ਇਹਦਾ ਓਹਨਾਂ ਨਾਲ ਸਾਥਾ, ਜਿਨ੍ਹਾਂ ਨੂੰ ਬਖ਼ਸ਼ੇ ਆਪ ਭਰਵਾਸਾ, ਭਾਂਡਾ ਭਰਮ ਭਉ ਭੰਨਾਈਆ । ਉਹਨਾਂ ਦਾ ਮੰਨੇ ਆਖਾ, ਜਿਨ੍ਹਾਂ ਨਾਲ ਇਹਦਾ ਜੁੜਿਆ ਨਾਤਾ, ਬਿਧਾਤਾ ਬਿਧ ਆਪਣੀ ਦਏ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰਨੀ ਆਪਣੇ ਹੱਥ ਰਖਾਈਆ । ਭਿੰਨੜੀ ਰੈਣ ਕਹੇ ਮੋਹੇ ਚਾਉ ਘਨੇਰਾ, ਘੜੀ ਪਲ ਖ਼ੁਸ਼ੀ ਮਨਾਈਆ । ਮੇਰੇ ਅੰਤਰ ਅੰਦਰ ਲਾਇਆ ਸਚ ਵਸੇਰਾ, ਸਿੰਘਾਸਣ ਸਾਹਿਬ ਸੁਹਾਈਆ । ਚਾਰੋਂ ਕੁੰਟ ਭਗਤਾਂ ਘੇਰਾ, ਸੋਹਣਾ ਰੰਗ ਚੜ੍ਹਾਈਆ । ਇਕੱਠਿਆਂ ਦਾ ਇਕੱਠਾ ਕਰੇ ਨਿਬੇੜਾ, ਵਖਰੀ ਵੰਡ ਨਾ ਕੋਇ ਜਣਾਈਆ । ਬੇੜੀ ਉਤੇ ਚਾੜ੍ਹ ਕੇ ਤਾਰਿਆ ਬੇੜਾ, ਬੇੜੇ ਦਾ ਮਾਲਕ ਖੇਵਟ ਖੇਟਾ, ਪਿਉ ਪਿਤਾ ਪੂਤ ਬੇਟਾ, ਆਪਣਾ ਖੇਲ ਵਖਾਈਆ । ਆਰ ਪਾਰ ਵਖਾ ਕੇ ਲੇਖਾ, ਲਹਿਣਾ ਆਇਆ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਾਤਾਰ ਦਇਆਵਾਨ ਵਿਚ ਧਿਆਨ ਸਰਬ ਰਖਾਈਆ । ਭਿੰਨੜੀ ਰੈਣ ਕਹੇ ਮੈਂ ਵੇਖੇ ਚੋਟੀ ਪਰਬਤ, ਜੰਗਲ ਜੂਹ ਉਜਾੜ ਪਹਾੜ ਸਮੁੰਦ ਸਾਗਰ ਖੋਜ ਖੁਜਾਈਆ । ਹੇਮਕੁੰਡ ਦਾ ਮਾਲਕ ਕਹੇ ਵੇਖਿਆ ਸੋਹਣਾ ਕਰਤਬ, ਕਲ ਕਰਤਾ ਆਪਣਾ ਆਪ ਪਰਗਟਾਈਆ । ਜਨ ਭਗਤਾਂ ਲੇਖਾ ਜਾਣੇ ਹਰਦਮ, ਅੰਤਰ ਆਤਮ ਖੋਜ ਖੁਜਾਈਆ । ਮਿਹਰਵਾਨ ਹੋ ਕੇ ਹੋਇਆ ਮਹਿਰਮ, ਮਹਿਬੂਬ ਨੂਰ ਖ਼ੁਦਾਈਆ । ਪਿਆਰ ਮੁਹੱਬਤ ਵਿਚ ਹੋਇਆ ਸਹਿਮਤ, ਜਨਮ ਮਰਨ ਦਾ ਸਹਿਮ ਗਵਾਈਆ । ਰਹੀਮਾਂ ਦਾ ਮਾਲਕ ਕਰਨ ਆਇਆ ਰਹਿਮਤ, ਰਹਿਮਾਨ ਆਪਣੀ ਰਮਜ਼ ਲਗਾਈਆ । ਜਨ ਭਗਤੋ ਤੁਹਾਨੂੰ ਕਰਨੀ ਪਏ ਨਾ ਕੋਈ ਮਿਹਨਤ, ਸ਼ਬਦ ਇਸ਼ਾਰੇ ਨਾਲ ਪਾਰ ਲੰਘਾਈਆ । ਜਿਸ ਨੂੰ ਪਰਮ ਪੁਰਖ ਦੀ ਇਕ ਵਾਰ ਲਗ ਗਈ ਸੈਨਤ, ਓਹ ਸੈਂਕੜੇ ਜਨਮਾਂ ਦਾ ਪਾਪ ਗਿਆ ਧਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰਗਾਹ ਸਾਚੀ ਦਏ ਬਹਾਈਆ । ਭਿੰਨੜੀ ਰੈਣ ਕਹੇ ਮੈਂ ਤਕਿਆ ਸ਼ਾਹੋ ਭੂਪ, ਰਾਜ ਰਾਜਾਨਾ ਨਜ਼ਰੀ ਆਈਆ । ਨੂਰਾਂ ਦਾ ਨੂਰ ਸਤਿ ਸਰੂਪ, ਜ਼ਹੂਰਾਂ ਦਾ ਜ਼ਹੂਰ ਜਲਵਾਗਰ ਆਪ ਅਖਵਾਈਆ । ਜਿਸ ਦਾ ਵਸੇਰਾ ਚਾਰੇ ਕੂਟ, ਦਹਿ ਦਿਸ਼ਾ ਕਰੇ ਰੁਸ਼ਨਾਈਆ । ਉਹ ਨਾਤਾ ਤੋੜੇ ਝੂਠ, ਕੂੜ ਦਏ ਮਿਟਾਈਆ । ਸੰਤ ਸੁਹੇਲੇ ਬਣਾ ਕੇ ਪੂਤ, ਪਿਤਾ ਪੂਤ ਗੋਦ ਉਠਾਈਆ । ਉਜਲ ਕਰ ਕੇ ਮੁਖ, ਮੁਫ਼ਤ ਆਪਣਾ ਨਾਮ ਝੋਲੀ ਪਾਈਆ । ਮਾਤ ਗਰਭ ਦਾ ਦਸ ਦਸ ਮਾਸ ਅਗਨ ਤਪਣ ਦਾ ਰਹੇ ਕਿਸੇ ਨਾ ਦੁਖ, ਉਲਟਾ ਰੁਖ਼ ਨਾ ਕੋਇ ਲਟਕਾਈਆ । ਅੰਤਕਾਲ ਅੰਤ ਪਤਿਪਰਮੇਸ਼ਵਰ ਆਪਣੀ ਗੋਦੀ ਲਏ ਚੁਕ, ਚਾਰ ਕੁੰਟ ਚੁਕੰਨਾ ਹੋ ਕੇ ਆਪਣੀ ਸੇਵ ਕਮਾਈਆ । ਜੇ ਕੋਈ ਭਗਤ ਅਗੋਂ ਲਏ ਪੁੱਛ, ਪ੍ਰਭੂ ਤੇਰਾ ਕਿਹੜਾ ਘਰ ਕਿਹੜਾ ਦਰ ਕਿਹੜਾ ਥਾਂ, ਕਿਹੜਾ ਪਿਤਾ ਕਿਹੜੀ ਮਾਂ, ਕਿਹੜਾ ਗੋਦ ਉਠਾਈਆ । ਓਥੇ ਸ੍ਰੀ ਭਗਵਾਨ

੨੫੭

ਨੂੰ ਇਕੋ ਕਰਨੀ ਪਏ ਹਾਂ, ਹਮਾਰਾ ਦੇਸ ਗੁਰਮੁਖ ਭੇਖ, ਜਿਸ ਵਿਚ ਅਲੇਪ ਨਿਰਗੁਣ ਬੈਠਾ ਆਸਣ ਲਾਈਆ । ਉਠ ਬੱਚਿਆ ਨਿਜ ਨੇਤਰ ਪੇਖ, ਤੈਨੂੰ ਦੱਸਾਂ ਆਪਣਾ ਦੇਸ, ਜਿਥੇ ਕੋਟਨ ਕੋਟ ਰੁਲਦੇ ਵਿਸ਼ਨ ਬ੍ਰਹਮਾ ਸ਼ਿਵ ਮਹੇਸ਼, ਗੁਰ ਅਵਤਾਰ ਪੀਰ ਪੈਗ਼ੰਬਰ ਦੋਏ ਜੋੜ ਵਾਸਤਾ ਪਾਈਆ । ਆਦਿ ਜੁਗਾਦਿ ਸਦਾ ਰਹਾਂ ਹਮੇਸ਼, ਨਿਤ ਨਵਿਤ ਇਕੋ ਰੰਗ ਸਮਾਈਆ । ਜਿਸ ਘਰ ਵਿਚ ਮਿਲਦੀ ਪ੍ਰਭ ਚਰਨ ਦੀ ਟੇਕ, ਟਿੱਕਾ ਇਕੋ ਦੇਵੇ ਮਸਤਕ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਜੇ ਕੋਈ ਭਗਤ ਪੁਛੇ ਪ੍ਰਭ ਤੇਰਾ ਕਿਹੜਾ ਇਸ਼ਕ, ਆਸ਼ਕਾਂ ਨਾਲੋਂ ਵਖਰਾ ਦੇ ਸਮਝਾਈਆ । ਪੁਰਖ ਅਕਾਲ ਕਹੇ ਓਹ ਭਗਤ, ਵੇਖ ਮੇਰੇ ਚਰਨਾਂ ਦਾ ਇਸ਼ਕ ਖੁਲ੍ਹੇ ਤੇਰੀ ਦ੍ਰਿਸ਼ਟ, ਜਿਸ ਨੂੰ ਤਰਸੇ ਰਾਮ ਤੇ ਵਸ਼ਿਸ਼ਟ, ਵਿਸ਼ਿਆਂ ਵਾਲਾ ਰਾਮ ਪਰਨਾਮ ਕਰ ਕਰ ਸੀਸ ਨਿਵਾਈਆ । ਅੱਖ ਖੋਲ੍ਹ ਆਹ ਵੇਖ ਮੇਰੇ ਕੋਲ ਫ਼ਰਿਸਤ, ਜਿਸ ਨਾਲ ਫ਼ੈਸਲੇ ਹਕ ਸੁਣਾਈਆ । ਓਹ ਭਗਤੋ, ਵੇਖੋ ਰੋਂਦੇ ਤੁਹਾਡੇ ਥੱਲੇ ਸਵਰਗ ਤੇ ਬਹਿਸ਼ਤ, ਤੁਹਾਡੇ ਚਰਨ ਚੁੰਮ ਚੁੰਮ ਆਪਣੀ ਖ਼ੁਸ਼ੀ ਮਨਾਈਆ । ਕਿਉਂ ਮੇਰਾ ਹੱਥ ਤੁਹਾਡੀ ਪਨਾਹ ਪੁਸ਼ਤ, ਤੁਹਾਡੇ ਨੇੜ ਨਾ ਆਵੇ ਕੋਈ ਦੁਸ਼ਟ, ਦੂਤੀ ਸਾਰੇ ਦਿਆਂ ਖਪਾਈਆ । ਜੋ ਕਿਹਾ ਸੋ ਦਰੁਸਤ, ਰਵਿਦਾਸ ਚੁਮਾਰਾ ਲਿਖ ਲਿਖ ਦਏ ਗਵਾਹੀਆ । ਸਭ ਨੇ ਆਪਣੀ ਕਰਨੀ ਲੈਣੀ ਭੁਗਤ, ਬਿਨ ਭਗਤੀਉਂ ਭਗਤ ਪਾਰ ਲੰਘਾਈਆ । ਇਹੋ ਜੇਹਾ ਅਗੇ ਸਮਾਂ ਕਿਸੇ ਨੂੰ ਨਹੀਂ ਮਿਲਿਆ ਵਕਤ, ਜੋ ਵਕਤ ਦਾ ਮਾਲਕ ਆਪਣੇ ਗਲੇ ਲਗਾਈਆ । ਨਾ ਕਿਸੇ ਵਿਚ ਆਪਣੀ ਆਈ ਸ਼ਕਤ, ਸਾਰੇ ਨਿਉਂ ਨਿਉਂ ਸੀਸ ਨਿਵਾਈਆ । ਹੁਕਮੇ ਅੰਦਰ ਕਰਦੇ ਰਹੇ ਹਰਕਤ, ਲੋਕਮਾਤ ਫੇਰਾ ਪਾਈਆ । ਇਕੋ ਪ੍ਰਭ ਦੇ ਵਿਚ ਬਰਕਤ, ਜੋ ਬੰਦੀਖ਼ਾਨਾ ਦਏ ਖੁਲ੍ਹਾਈਆ । ਜੇ ਕੋਈ ਪਿਛੇ ਰਹਿ ਗਿਆ ਫ਼ਰਕ, ਬਾਲਮੀਕ
 ਹੁਣ ਲੇਖਾ ਸਾਫ਼ ਲੈ ਕਰਾਈਆ । ਔਹ ਵੇਖ ਗੋਬਿੰਦ ਨਾਲ ਲੱਗੀ ਸ਼ਰਤ, ਸਾਹਮਣੇ ਹੁਕਮ ਰਿਹਾ ਮਨਾਈਆ । ਮੈਂ ਵੇਖਣੇ ਦੋਵੇਂ ਤਰਫ਼, ਇਕ ਗੋਬਿੰਦ ਤੇ ਇਕ ਭਗਤ, ੨੫੮
ਦੋਹਾਂ ਦਾ ਮੇਲਾ ਸਹਿਜ ਸੁਭਾਈਆ । ਇਹੋ ਖੇਲ ਅਸਚਰਜ, ਜਿਸਨੂੰ ਸਮਝਣ ਵਾਲਾ ਨਜ਼ਰ ਕੋਇ ਨਾ ਆਈਆ । ਪਾਰਬ੍ਰਹਮ ਪਤਿਪਰਮੇਸ਼ਵਰ ਮਰਦਾਂ ਦਾ ਮਰਦ, ਦਰਦਾਂ ਦਾ ਦਰਦ, ਕਰਦਾਂ ਦਾ ਕਰਦ, ਲੱਖ ਚੁਰਾਸੀ ਕਟ ਵਢ ਠੀਕ ਕਰਾਈਆ । ਇਹ ਗੋਬਿੰਦ ਦੀ ਅਰਜ਼, ਆਪਣਾ ਪੂਰਾ ਕਰਨਾ ਫ਼ਰਜ਼, ਦੋ ਜਹਾਨਾਂ ਵਜੌਣਾ ਆਪਣਾ ਤਾਲ ਤਰਜ਼, ਤਲਵਾੜਾ ਇਕੋ ਨਾਮ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤੋ ਤੁਹਾਨੂੰ ਫੇਰੇ ਜਹਾਨ ਵਿਚ ਨਿਧੜਕ, ਚਿਤਰ ਗੁਪਤ ਰਾਏ ਧਰਮ ਤੁਹਾਡੇ ਪੈਰਾਂ ਹੇਠਾਂ ਆਪਣੇ ਹੱਥ ਰਿਹਾ ਵਿਛਾਈਆ । ਨਾਲੇ ਡਰੇ ਨਾਲੇ ਰੋਵੇ ਨਾਲੇ ਪੁੱਛੇ ਭਗਤੋ ਤੁਹਾਡਾ ਜੇ ਕੋਈ ਹੋ ਗਿਆ ਹਰਜ, ਮੈਥੋਂ ਹਰਜਾਨਾ ਲਓ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਲੇ ਸਹਿਜ ਸੁਭਾਉ ਕਰਾਈਆ । ਭਿੰਨੜੀ ਰੈਣ ਕਹੇ ਵੇਖੋ ਨੀ ਮੈਂ ਅੰਦਰੋਂ ਹਸਦੀ, ਹਸਤੀ ਵੇਖ ਬੇਪਰਵਾਹੀਆ । ਖ਼ੁਸ਼ੀਆਂ ਨਾਲ ਨਸਦੀ, ਪਿਛਲਾ ਪੰਧ ਮੁਕਾਈਆ । ਭਗਤਾਂ ਨੂੰ ਦੱਸਦੀ, ਦਹਿ ਦਿਸ਼ਾ ਸੁਣਾਈਆ । ਖੇਲ ਪੁਰਖ ਸਮਰਥ ਦੀ, ਵੇਖੋ ਜਗਤ ਲੋਕਾਈਆ । ਇਕ ਗਲ ਸਚੀ, ਇਹਨੂੰ ਕੋਈ ਬਖ਼ਸ਼ੀ ਹੋਈ ਅੱਖ ਤਕਦੀ, ਦੂਜਾ ਵੇਖਣ ਕੋਇ ਨਾ ਪਾਈਆ । ਕਿਉਂ ਇਸ ਦੇ ਵਿਚ ਨੂਰੀ ਚਮਕ ਹਕ ਦੀ, ਜੋ ਹਕੀਕਤ ਦਏ ਸਮਝਾਈਆ । ਗੁਰਮੁਖ ਸਖ਼ੀ ਵੇਖ ਕਦੀ ਨਾ ਥਕਦੀ, ਥਕਾਵਟ ਆਪਣੀ ਲਏ ਗਵਾਈਆ । ਭਗਤ ਸੁਹੇਲੀ ਕਦੇ ਨਾ ਅਕਦੀ, ਆਕ਼ਬਤ ਵਿਚ ਵੇਖੇ ਨੂਰ ਖ਼ੁਦਾਈਆ । ਸਿਰ ਚਰਨਾਂ ਉਤੇ ਸਟਦੀ, ਕ਼ਦਮਬੋਸੀ ਲੈ ਲੈ ਆਪਣਾ ਰਸ ਮਖ਼ਮੂਰੀ ਵਿਚ ਬਦਲਾਈਆ । ਇਹ ਖੇਲ ਨਹੀਂ ਕਿਸੇ ਦੇ ਵਸ ਦੀ, ਜਿਸ ਨੂੰ ਭਾਵੇ ਆਪਣੇ ਨਾਲ ਲਏ ਮਿਲਾਈਆ । ਗੋਬਿੰਦ ਕਿਹਾ ਇਹ ਧਾਰ ਤਿੱਖੀ ਓਸ ਫੱਟ ਦੀ, ਜਿਸ ਦਾ ਫੱਟੜ ਕੀਤਾ ਉਠ ਕੋਇ ਨਾ ਜਾਈਆ । ਪੁਰਖ ਅਕਾਲ ਕਿਹਾ ਗੋਬਿੰਦ ਇਹ ਭਗਤ ਜੜ੍ਹ ਤੇਰੀ ਰਤ ਦੀ, ਜੋ ਗੁਰਮੁਖ ਨਜ਼ਰੀ ਆਈਆ । ਨੀਆਂ ਵਾਲੀ ਕਹਾਣੀ ਸਚ ਦਸਦੀ, ਛੋਟੇ ਬੱਚੇ ਦੇਣ ਗਵਾਹੀਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਭਿੰਨੜੀ ਰੈਣ ਕਹੇ ਮੇਰੇ ਨੇਤਰਾਂ ਅਥਰੂ ਕਿਰੇ ਮੋਤੀ, ਅੰਬਰ ਧਾਰ ਵਹਾਈਆ । ਮੈਂ ਪੁਛਿਆ ਕਿਉਂ, ਓਹਨਾਂ ਕਿਹਾ ਕਮਲੀਏ ਤੂੰ ਤਕਿਆ ਨਹੀਂ ਉਹ ਮਾਲਕਾਂ ਦਾ ਮਾਲਕ ਨੂਰਾਂ ਦਾ ਨੂਰ ਜੋਤੀ, ਜੋਤ ਸਰੂਪ ਬੈਠਾ ਆਸਣ ਲਾਈਆ । ਤੂੰ ਕਿਥੇ ਰਹੀ ਸੋਤੀ, ਸੁੱਤੀ ਨਾ ਲਈ ਅੰਗੜਾਈਆ । ਤੈਨੂੰ ਅਜੇ ਤਕ ਕ਼ਲਮ ਦੀ ਹੁੱਜ ਨਹੀਂ ਮਾਰੀ ਮੋਚੀ, ਜਿਹੜਾ ਲੇਖੇ ਰਿਹਾ ਲਿਖਾਈਆ । ਉਹ ਗੁਰਮੁਖਾਂ ਦਾ ਗੁਰਮੁਖ ਗੁਰਸਿਖਾਂ ਨੂੰ ਦੇਵੇ ਸੋਝੀ, ਦੂਜਾ ਭੌ ਚੁਕਾਈਆ । ਕਿਉਂ ਮੇਲਾ ਮਿਲਿਆ ਨਾਲ ਪ੍ਰੀਤਮ ਚੋਜੀ, ਚੁਗਲੀ ਨਿੰਦਿਆ ਸਾਰੀ ਦਿਤੀ ਤਜਾਈਆ । ਉਹ ਪਿਛਲਾ ਪ੍ਰਭ ਦਾ ਖੋਜੀ, ਰਾਤੀਂ ਸੁੱਤਿਆਂ ਦਿਨੇ ਜਾਗਦਿਆਂ ਵੇਖੇ ਭੱਜੇ ਵਾਹੋ ਦਾਹੀਆ । ਉਹ ਪ੍ਰੇਮ ਪਿਆਰ ਦਾ ਰੋਗੀ, ਦੁਖੜਾ ਆਪਣਾ ਰਿਹਾ ਫੁਲਾਈਆ । ਪ੍ਰਭੂ ਤੇਰੀ ਮੇਰੀ ਗੱਲ ਘਰੋਗੀ, ਘਰ ਦੀ ਘਰ ਵਿਚ ਦੇ ਸਮਝਾਈਆ । ਹੁਣ ਸਾਥੋਂ ਕਿਹੜੀ ਕਰੌਣੀ ਗੋਡੀ, ਰੰਬੇ ਹੱਥ ਫੜਾਈਆ । ਤੈਨੂੰ ਲਭਦੇ ਚਲੇ ਗਏ ਬੇਦੀ ਸੋਢੀ, ਗੋਬਿੰਦ ਦਏ ਗਵਾਹੀਆ । ਤੂੰ ਮੇਲੀ ਧੁਰ ਸੰਜੋਗੀ, ਮਿਲਾਪ ਆਪਣੇ ਨਾਲ ਰਖਾਈਆ । ਸਾਨੂੰ ਦਿਸੇ ਨਾ ਕੋਈ ਵਿਰੋਧੀ, ਸਭ ਘਟ ਤੇਰਾ ਨੂਰ ਨਜ਼ਰੀ ਆਈਆ । ਜਿਹੜਾ ਬੁਰਾ ਕਹੇ ਉਹਨੂੰ ਅਜੇ ਤੇਰੀ ਨਹੀਂ ਆਈ ਸੋਝੀ, ਜੇ ਸਮਝਾ ਦੇਵੇਂ ਓਹਵੀ ਸਾਡੇ ਵਰਗਾ ਬਹਿ ਬਹਿ ਖ਼ੁਸ਼ੀ ਮਨਾਈਆ । ਆਪੇ ਭਗਤਾਂ ਦੇ ਹੱਥ ਲਾਵੇ ਗੋਡੀਂ, ਗੋਡਿਆਂ ਤੋਂ ਥੱਲੇ ਚਰਨਾਂ ਵਲ ਧਿਆਨ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਚ ਦੇ ਸਮਝਾਈਆ । ਭਿੰਨੜੀ ਰੈਣ ਕਹੇ ਪ੍ਰਭੂ ਵੇਖੋ ਰੰਗੀਲਾ, ਰੰਗਾਂ ਵਾਲਿਓ ਸਭ ਦੀ ਰੰਗਤ ਰਿਹਾ ਬਦਲਾਈਆ । ਜਿਸ ਦਾ ਕਲਜੁਗ ਸਤਿਜੁਗ ਸਤਿਜੁਗ ਕਲਜੁਗ ਦੋਹਾਂ ਦਾ ਇਕ ਵਸੀਲਾ, ਵਾਸਤਾ ਆਪਣੇ ਨਾਲ ਜੁੜਾਈਆ । ਪਹਿਲੋਂ ਭਗਤਾਂ ਦਾ ਵੇਖ ਕ਼ਬੀਲਾ, ਫੇਰ ਕ਼ਬਰਾਂ ਵਿਚੋਂ ਪੀਰ ਪੈਗ਼ੰਬਰ ਲਏ ਉਠਾਈਆ । ਅਗੇ ਲੈਣ ਨਾ ਦੇਵੇ ਭੇਟਾ, ਤਾਬੇਦਾਰੀ ਦਾ ਇਕੋ ਹੁਕਮ ਮਨਾਈਆ । ਸਤਾਰਾਂ ਪੋਹ ਕਹੇ ਵੇਖੋ ਕਿੱਡਾ ਸੋਹਣਾ ਠੰਡਾ ਮਹੀਨਾ, ਮਿਹਰ ਉਤੇ ਮਿਹਰ ਰਿਹਾ ਬਰਸਾਈਆ । ਕਿਰਪਾ ਕਰੇ ਤੇ ਬਖ਼ਸ਼ੇ ਏਕ ਯਕੀਨਾ, ਬੇਇਤਬਾਰੀ ਹੋਈ ਸਰਬ ਲੋਕਾਈਆ । ਦਇਆ ਕਰੇ ਬਣਾਏ ਆਪਣੇ ਅਧੀਨਾ, ਹੰਕਾਰੀ ਹੋ ਕੇ ਸਾਰੇ ਰਹੇ ਕੁਰਲਾਈਆ । ਕਿਰਪਾ ਕਰੇ ਠੰਡਾ ਕਰੇ ਸੀਨਾ, ਚਾਰ ਕੁੰਟ ਕਲਜੁਗ ਅਗਨੀ ਅੱਗ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਵਾਰਸ ਹੋ ਕੇ ਆਪਣੀ ਸੇਵ ਕਮਾਈਆ । ਭਿੰਨੜੀ ਰੈਣ ਕਹੇ ਮੈਂ ਵੇਖਿਆ ਵਾਰਸ ਦਿੰਦਾ ਵਿਰਸਾ, ਵਸਤ ਅਮੋਲਕ ਇਕ ਵਰਤਾਈਆ । ਜਨਮ ਕਰਮ ਬਦਲ ਕੇ ਮੇਟੇ ਅਗਲੀ ਹਿਰਸਾ, ਹਵਸ ਦੇਵੇ ਬੁਝਾਈਆ । ਜਨਮ ਮਰਨ ਦੀ ਖੇਲ ਕਰ ਕੇ ਬਿਰਥਾ, ਸਿੱਧਾ ਇਕੋ ਰਾਹ ਵਖਾਈਆ । ਪਰਦਾ ਲਾਹ ਕੇ ਘਰ ਥਿਰ ਦਾ, ਸਾਚੇ ਮੰਦਰ ਦਏ ਵਡਿਆਈਆ । ਜਿਨ੍ਹਾਂ ਦਾ ਲੇਖਾ ਚਿਰ ਦਾ, ਚਿਰੀ ਵਿਛੁਨਿਆਂ ਲੇਖਾ ਲੇਖੇ ਲਏ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਪਿਛੇ ਆਪੇ ਫਿਰਦਾ, ਫ਼ਾਇਦਾ ਘਰ ਘਰ ਰਿਹਾ ਪਹੁੰਚਾਈਆ ।

੨੫੯

ਜੇ ਹੋਵੇ ਨਾ ਸੂਮ, ਜਗ ਲੁਟ ਲੁਟ ਸਾਰਾ ਖਾਈਆ । ਪਹਿਲੋਂ ਭਗਤਾਂ ਨਾਲ ਮਿਲਾ ਕੇ ਤਾਸੀਰ ਆਪਣੇ ਖ਼ੂਨ, ਖ਼ਾਲਸ ਲਵਾਂ ਬਣਾਈਆ । ਫੇਰ ਅੰਮ੍ਰਿਤ ਪੀਣ ਦਾ ਜਾਮ ਨਾਲੇ ਦੱਸਾਂ ਮਾਜੂਨ, ਕਿਸ ਬਿਧ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਕੁਛ ਦੇਵਣਹਾਰ ਵਡਿਆਈਆ । ਜੇ ਸੂਮ ਨਾ ਹੁੰਦਾ ਕਲਜੁਗ ਲੈਂਦਾ ਲੁਟ, ਠਗ ਚੋਰ ਯਾਰ ਬਹੁਤੇ ਨਜ਼ਰੀ ਆਈਆ । ਵੇਖੋ ਕਿੰਨਿਆਂ ਤੋਂ ਓਹਲੇ ਕਿੰਨਿਆਂ ਤੋਂ ਪੜਦੇ ਵਿਚ ਲੁਕਾ ਕੇ ਰਖਿਆ ਤੁਹਾਡਾ ਘੁਟ,

ਕੋਲ ਬਹਿਣ ਵਾਲਿਆਂ ਨੂੰ ਸਮਝ ਨਾ ਦਿਤੀ ਰਾਈਆ । ਜਿਨ੍ਹਾਂ ਨੂੰ ਪਿਐਣਾ ਉਹਨਾਂ ਨੂੰ ਹੌਲੀ ਹੌਲੀ ਰਿਹਾ ਪੁਛ, ਦੂਰ ਦੁਰਾਡੇ ਲਹਿਣੇ ਰਿਹਾ ਚੁਕਾਈਆ । ਜਿੰਨਾਂ ਚਿਰ ਪਿਓ ਕੋਲੋਂ ਪੁਤ ਨਾ ਹੋਵਣ ਖ਼ੁਸ਼, ਓਨਾਂ ਚਿਰ ਕੌਣ ਇੱਜ਼ਤ ਕਰ ਕੇ ਖ਼ੁਸ਼ੀ ਦਏ ਵਖਾਈਆ । ਜੇ ਰਵਿਦਾਸ ਤੂੰ ਰਿਹੋਂ ਚੁਪ, ਮੈਂ ਵੀ ਰਿਹਾ ਲੁਕ, ਤੂੰ ਪਿਉਂ ਬੁੱਕ, ਮੈਂ ਵੀ ਪਵਾਂ ਉਠ, ਭਗਤਾਂ ਉਪਰ ਤੁਠ, ਘੁਟ ਅੰਮ੍ਰਿਤ ਦਿਆਂ ਵਰਤਾਈਆ । ਇਹ ਗੁਸਤਾਖ਼ੀ ਨਹੀਂ ਕਹਿਣਾ ਮੁਆਫ਼ੀ ਵਾਲੀ ਸੁਖ, ਵਿਛੋੜੇ ਵਾਲਾ ਦੁਖ ਅੰਦਰੋਂ ਦਿਆਂ ਕਢਾਈਆ । ਗੋਦੀ ਵਿਚ ਚੁਕ, ਉਜਲ ਕਰਕੇ ਮੁਖ, ਨਾਭੀ ਵਿਚੋਂ ਅੰਮ੍ਰਿਤ ਪਿਆਵਾਂ ਆਪਣਾ ਘੁਟ, ਘੁੱਟ ਕੇ ਆਪਣੇ ਨਾਲ ਲਗਾਈਆ । ਫੇਰ ਕਿਹੜਾ ਜਾਵੇ ਛੁਟ, ਕਿਹੜਾ ਜਾਵੇ ਰੁਠ, ਜਿਸ ਵੇਲੇ ਰੁਸਿਆਂ ਲਏ ਮਨਾਈਆ । ਮੇਰੇ ਕੋਲ ਸਭ ਕੁਛ, ਕਿਸੇ ਹੋਰ ਨੂੰ ਨਹੀਂ ਦੇਣਾ ਕੁਛ, ਸਭ ਤੁਹਾਡੀ ਝੋਲੀ ਪਾਈਆ । ਜਿਸ ਬੱਚੇ ਲਈ ਲਿਆ ਪੁਛ, ਉਹ ਬਾਲਾ ਤੇਰੀ ਅੰਦਰ ਕੁੱਖ, ਨਿਰਗੁਣ ਨੂਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡਿਆਈਆ । ਜੇ ਸੂਮ ਨਾ ਹੁੰਦਾ ਤੇਰਾ ਪਿਤਾ ਮਨ ਦਾ, ਅੰਦਰੋਂ ਦਿੰਦਾ ਹਿਲਾਈਆ । ਫੇਰ ਨਾਤਾ ਜੋੜਦਾ ਤਨ ਦਾ, ਬ੍ਰਹਮ ਦਿੰਦਾ ਭੁਲਾਈਆ । ਤੇਰੀ ਬੇਨੰਤੀ ਹੁਣ ਮੰਨਦਾ, ਅਗੇ ਦਿਆਂ ਸਮਝਾਈਆ । ਜਿਸ ਨੂੰ ਘੜਦਾ ਓਸ ਨੂੰ ਭੰਨਦਾ, ਭੰਨ ਕੇ ਫੇਰ ਆਪਣੇ ਵਿਚ ਮਿਲਾਈਆ । ਕਿਉਂ ਉਹ ਤੇਰੇ ਵਰਗਾ ਸੋਹਣਾ ਬਾਲ ਜਣਦਾ, ਜਿਸ ਦਾ ਨੂਰ ਜ਼ਹੂਰ ਕਰੇ ਰੁਸ਼ਨਾਈਆ । ਜਿਸ ਵੇਲੇ ਉਹਦਾ ਲੇਖਾ ਚੁਕਣਾ ਕਾਇਆ ਮਾਟੀ ਖਲ ਦਾ, ਜਾਣ ਤੋਂ ਪਹਿਲੋਂ ਖ਼ਾਲਸ ਆਪਣਾ ਦਰਸ ਦਏ ਦਿਖਾਈਆ । ਅਗੇ ਵਸੇਰਾ ਕਰੇ ਓਸ ਘਰ ਦਾ, ਜਿਸ ਘਰ ਗੁਰਮੁਖ ਨਜ਼ਰੀ ਆਈਆ । ਏਸੇ ਕਾਰਨ ਹਾਰ ਨਹੀਂ ਸੀ ਲਭਦਾ, ਜੇ ਲਭ ਜਾਂਦਾ ਫਿਰ ਬੇਨੰਤੀ ਕਰਨ ਦੀ ਲੋੜ ਰਹਿੰਦੀ ਨਾ ਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਦਾ ਸਮੇਂ ਅਨੁਸਾਰ ਭਗਤਾਂ ਦਿੰਦਾ ਫੱਬਦਾ, ਆਪਣੀ ਲੋੜ ਰੱਖੇ ਨਾ ਰਾਈਆ ।

 ੨੬੦

### ❊ ੧੮ ਪੋਹ ੨੦੨੧ ਬਿਕ੍ਰਮੀ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❊

ਹੁਕਮ ਦੇਵੇ ਪੁਰਖ ਅਕਾਲ ਗ਼ਰੀਬ ਨਿਵਾਜ਼ੇ, ਵਾਜਬ ਆਪਣਾ ਹੁਕਮ ਸੁਣਾਈਆ । ਸੁਤ ਦੁਲਾਰੇ ਥਿਰ ਘਰ ਦੇ ਪਿਆਰੇ ਖੋਲ੍ਹ ਚਾਰੇ ਦਰਵਾਜ਼ੇ, ਉੱਤਰ ਪੂਰਬ ਪੱਛਮ ਦੱਖਣ ਦਿਸ਼ਾ ਬੰਦ ਰਹਿਣ ਕੋਇ ਨਾ ਪਾਈਆ । ਸੱਤ ਰੰਗ ਨਿਸ਼ਾਨਾ ਮਾਰੇ ਵਾਜੇ, ਕੂਕ ਕੂਕ ਸੁਣਾਈਆ । ਪੀਰ ਪੈਗ਼ੰਬਰੋ ਛਡ ਕੇ ਆ ਜਾਓ ਮੱਕੇ ਕਾਅਬੇ, ਆਪਣਾ ਪੰਧ ਮੁਕਾਈਆ । ਗੁਰ ਅਵਤਾਰੋ ਮੰਦਰਾਂ ਵਾਲੇ ਤੋੜ ਦਿਓ ਨਾਤੇ, ਨਾਤਵਾਂ ਸਾਰੇ ਨਜ਼ਰੀ ਆਈਆ । ਜਨ ਭਗਤ ਸੁਹੇਲੇ ਟਕੌਣੇ ਛੱਡੋ ਮਾਥੇ, ਸੀਸ ਇਕੋ ਇਕ ਨਿਵਾਈਆ । ਸਾਚੇ ਸੰਤੋ ਭੁਲ ਜਾਓ ਰਕਤ ਬੂੰਦ ਵਾਲੇ ਮਾਪੇ, ਪਿਤਾ ਪੁਰਖ ਅਕਾਲ ਇਕ ਮਨਾਈਆ । ਗੁਰਮੁਖੋ ਪੂਰੇ ਕਰ ਲਓ ਘਾਟੇ, ਦੇਵਣਹਾਰ ਸਦਾ ਵਡਿਆਈਆ । ਗੁਰਸਿਖੋ ਗੋਬਿੰਦ ਵੇਖੋ ਸਾਥੇ, ਸਗਲਾ ਸੰਗ ਬਣਾਈਆ । ਜੋ ਵੜਿਆ ਨਿਰਗੁਣ ਹੋ ਕੇ ਜਨ ਭਗਤਾਂ ਦੇ ਅਹਾਤੇ, ਚਾਰ ਦੀਵਾਰੀ ਗੁਰਮੁਖਾਂ ਦੀ ਨਜ਼ਰੀ ਆਈਆ । ਜੋਧੇ ਸੂਰਬੀਰ ਵੱਡੇ ਬੈਠੇ ਰਾਠੇ, ਆਪਣਾ ਬਲ ਧਰਾਈਆ । ਹੁਣ ਅਸਾਂ ਰਹਿਣ ਨਹੀਂ ਦੇਣੇ ਆਪਣੇ ਚੀਥੜ ਪਾਟੇ, ਪਿਛਲੇ ਤੇਰੀ ਝੋਲੀ ਭਰਾਈਆ । ਚਲਣਾ ਅਗੇ ਪਿਛੇ ਨਹੀਂ ਅਧਵਾਟੇ, ਮੰਜ਼ਲ ਤੇਰੀ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਰਿਹਾ ਜਣਾਈਆ । ਸ਼ਬਦ ਸੁਤ ਕਹੇ ਮੇਰੇ ਭਗਵਾਨ, ਚਰਨ ਕਵਲ ਸਰਨਾਈਆ । ਮੈਂ ਵੇਖ ਕੇ ਤੇਰਾ ਨਿਸ਼ਾਨ, ਚਾਰੋਂ ਕੁੰਟ ਦਿਆਂ ਦੁਹਾਈਆ । ਜਨ ਭਗਤੋ ਤੁਹਾਡਾ ਖੁਲ੍ਹ ਗਿਆ ਮਕਾਨ, ਜਿਸ ਦਾ ਕੁਫ਼ਲ ਬੰਦ ਨਾ ਕੋਇ ਕਰਾਈਆ । ਨਾਲੇ ਇਛਿਆ ਨਾਲੇ ਭਿਛਿਆ ਨਾਲੇ ਦਾਨ, ਨਾਲੇ ਸਿਖਿਆ ਰਿਹਾ ਸੁਣਾਈਆ । ਨਾਲੇ ਪ੍ਰੀਤੀ ਨਾਲੇ ਮਾਣ, ਨਾਲੇ

ਨੀਤੀ ਰਿਹਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਵਡਿਆਈਆ । ਚਾਰ ਦਰਵਾਜ਼ੇ ਕਹਿਣ ਅਸੀਂ ਗਏ ਖੁਲ੍ਹ, ਸ਼ਬਦ ਸੁਤ ਦਿਤੀ ਵਡਿਆਈਆ । ਜਨ ਭਗਤਾਂ ਜਿਸ ਨੇ ਪੌਣਾ ਮੁਲ, ਓਸੇ ਦੀ ਸੇਵ ਕਮਾਈਆ । ਅਸਾਂ ਵੇਖਿਆ ਮਾਲਕ ਖ਼ਾਲਕ ਬੇਪਰਵਾਹ ਸੁਲਹਕੁਲ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਅਖਵਾਈਆ । ਜੋ ਤੋਲ ਕੇ ਆਪਣਾ ਤੋਲ, ਗੁਰਮੁਖ ਗੁਰਸਿਖ ਲਏ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੇ ਮਾਣ ਵਡਿਆਈਆ । ਜਨ ਭਗਤ ਕਹਿਣ ਵੇਖੋ ਘਰ ਆਇਆ ਪ੍ਰਭ ਸੂਮ, ਜਿਸ ਨੇ ਗੰਢ ਨਾ ਕਦੇ ਖੁਲ੍ਹਾਈਆ । ਜੁਗ ਚੌਕੜੀ ਬੱਚੇ ਰੋਂਦੇ ਗਏ ਮਾਸੂਮ, ਥੋੜ੍ਹੀ ਥੋੜ੍ਹੀ ਵਸਤ ਮਾਮੂਲੀ ਮਾਤ ਵਰਤਾਈਆ । ਬਾਕੀ ਸਭ ਨੂੰ ਕਰ ਕੇ ਮਹਿਰੂਮ, ਖ਼ਾਲੀ ਹੱਥ ਰਿਹਾ ਫਿਰਾਈਆ । ਰਵਿਦਾਸ ਕਹੇ ਮੈਨੂੰ ਰੀਤੀ ਇਹਦੀ ਮਾਲੂਮ, ਬਿਨਾ ਮੰਗਿਆਂ ਕਿਸੇ ਨੂੰ ਦੇਵੇ ਕੁਛ ਨਾ ਰਾਈਆ । ਇਹਦਾ ਸਭ ਤੋਂ ਵਖਰਾ ਕ਼ਾਨੂੰਨ, ਜਿਸ ਦਾ ਲਾਅ ਨਾ ਕੋਇ ਸਮਝਾਈਆ । ਅੱਖਰਾਂ ਵਾਲਾ ਨਹੀਂ ਮਜ਼ਮੂਨ, ਰਸਨਾ ਵਾਲੀ ਨਾ ਕੋਇ ਪੜ੍ਹਾਈਆ । ਗੁਰੂਆਂ ਵਾਲਾ ਨਹੀਂ ਅਸੂਲ, ਪੀਰਾਂ ਵਾਲੀ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਦਰਵਾਜ਼ੇ ਕਹਿਣ ਅਸੀਂ ਵੇਖਿਆ ਦਰ, ਦਰਦੀ ਬੇਪਰਵਾਹੀਆ । ਸਾਰੇ ਰਹੇ ਬੈਠੇ ਡਰ, ਸਿਰ ਨਾ ਕੋਇ ਉਠਾਈਆ । ਪਤਾ ਨਹੀਂ ਕੀ ਕੁਛ ਕਰਨੀ ਦਏ ਕਰ, ਕਰਤਾ ਨਿਹਕਰਮੀ ਆਪਣਾ ਕਰਮ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਸਮਝਾਈਆ । ਜਨ ਭਗਤ ਕਹਿਣ ਵੇਖੋ ਘੇਰਾ, ਗੁਰਮੁਖ ਲਿਆ ਪਾਈਆ । ਪੁਰਖ ਅਬਿਨਾਸ਼ੀ ਘਟ ਘਟ ਵਾਸੀ ਖੁੱਲ੍ਹਾ ਵੇਖ ਕੇ ਵਿਹੜਾ, ਅੰਤਰ ਆਪਣਾ ਆਸਣ ਲਾਈਆ । ਨਾਲੇ ਕਟਦਾ ਜਾਏ ਚੁਰਾਸੀ ਦਾ ਗੇੜਾ,
੨੬੧ ਨਾਲੇ ਆਪਣੇ ਨਾਲ ਮਿਲਾਈਆ । ਨਾਲੇ ਬੰਨ੍ਹਦਾ ਜਾਏ ਬੇੜਾ, ਭਾਰ ਆਪਣੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ੨੬੧
ਸਚੀ ਵਡਿਆਈਆ । ਚਾਰ ਦਰਵਾਜ਼ੇ ਰਹੇ ਬੋਲ, ਚਾਰ ਕੁੰਟ ਜਣਾਈਆ । ਭਗਤ ਸੁਹੇਲੇ ਆ ਜਾ ਭਗਤਾਂ ਕੋਲ, ਭਗਵਨ ਆਪਣੀ ਦਇਆ ਕਮਾਈਆ । ਜੇ ਤੂੰ ਕਰੇਂ ਟਾਲ ਮਟੋਲ, ਤੇਰਾ ਨਿਸ਼ਾਨਾ ਕੰਮ ਕਿਸੇ ਨਾ ਆਈਆ । ਅਗੇ ਮਾਰਨ ਦੇਣਾ ਨਹੀਂ ਰੋਲ, ਵਲ ਛਲ ਤੇਰੀ ਚਲੇ ਨਾ ਕੋਇ ਚਤੁਰਾਈਆ । ਹੁਣ ਬਹਿਣ ਨਹੀਂ ਦੇਣਾ ਤੈਨੂੰ ਅਡੋਲ, ਚਾਰੋਂ ਕੁੰਟ ਦੇਣਾ ਭੁਆਈਆ । ਨਹੀਂ ਤੇ ਸਾਡੀਆਂ ਅੰਦਰੋਂ ਘੁੰਡੀਆਂ ਖੋਲ੍ਹ, ਕਿਉਂ ਬੈਠਾ ਮੁਖ ਭਵਾਈਆ । ਰਵਿਦਾਸ ਹਨੋਰੇ ਨਾਲ ਕਹੇ ਤੇਰੇ ਸਭ ਕੁਛ ਕੋਲ, ਮੇਰੀ ਕਾਇਆ ਕੁੱਲੀ ਦੇ ਵਡਿਆਈਆ । ਜੇ ਆਇਆ ਉਪਰ ਧਰਨੀ ਧੌਲ, ਭਾਗਾਂ ਵਾਲੇ ਸਾਰੇ ਦੇ ਬਣਾਈਆ । ਤੈਨੂੰ ਚੰਗਾ ਨਹੀਂ ਲਗਦਾ ਕਰਨਾ ਮਖ਼ੌਲ, ਮਸਖ਼ਰਾ ਰੂਪ ਨਾ ਕੋਇ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਭਗਤ ਕਹਿਣ ਕੀ ਹੋਇਆ ਜੇ ਮੰਗੀਆਂ ਮੰਗਾਂ, ਮੰਗਣ ਦੀ ਆਦਤ ਤੇਰੀ ਨਜ਼ਰੀ ਆਈਆ । ਇਹ ਸਭ ਤੋਂ ਹੋਇਆ ਚੰਗਾਂ, ਤੂੰ ਫਿਰਦਾ ਫਿਰਦਾ ਘਰ ਗ਼ਰੀਬਾਂ ਫੇਰਾ ਪਾਈਆ । ਏਥੇ ਲੋੜ ਰਹੀ ਨਾ ਮਾਈ ਗੰਗਾ, ਤੇਰੀ ਧੂੜ ਬੇਪਰਵਾਹੀਆ । ਤੇਰਾ ਸ਼ਬਦੀ ਇਕੋ ਡੰਡਾ, ਬ੍ਰਹਿਮੰਡਾਂ ਰਿਹਾ ਡਰਾਈਆ । ਰਵਿਦਾਸ ਦੇ ਕੋਲ ਉਹਵੀ ਹੈ ਨਹੀਂ ਸੁੱਕਾ ਮੰਡਾ, ਜਿਹੜਾ ਝੋਲੇ ਵਿਚ ਰਖਾਈਆ । ਨਾ ਕੋਈ ਸੁੱਕਾ ਹੋਇਆ ਗੰਡਾ, ਜੋ ਲਾਜ਼ਮਾ ਦਏ ਬਣਾਈਆ । ਨਾ ਕੋਈ ਭੇਖ ਨਾ ਪਖੰਡਾ, ਨਾ ਚਲੇ ਕੋਈ ਚਤੁਰਾਈਆ । ਜੇ ਬਖ਼ਸ਼ੇਂ ਤੇ ਇਕ ਅਨੰਦਾ, ਆਨੰਦ ਆਤਮ ਦੇ ਵਖਾਈਆ । ਜੇ ਚਾੜ੍ਹੇ ਤੇ ਨੂਰੀ ਚੰਦਾ, ਚੰਦ ਵਾਂਗ ਰੁਸ਼ਨਾਈਆ । ਜੇ ਹੋਵੇ ਆਪ ਬਖ਼ਸ਼ੰਦਾ, ਫਿਰ ਲੋੜ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਚਾ ਜਿੰਦਾ ਰਿਹਾ ਖੁਲ੍ਹਾਈਆ । ਜਨ ਭਗਤ ਕਹਿਣ ਆਏ ਨੂਰ ਰੱਬੀ, ਕੁਛ ਲੇਖਾ ਦੇ ਜਣਾਈਆ । ਤੇਰੀ ਵਸਤ ਸਾਨੂੰ ਹੱਥਾਂ ਵਿਚ ਨਾ ਲੱਭੀ, ਤੱਤਾਂ ਵਾਲੀ ਨਜ਼ਰ ਕੋਇ ਨਾ ਆਈਆ । ਦੋਏ ਖਲੋਤੇ ਹੱਥ ਬੱਧੀ, ਦੋਏ ਜੋੜ ਚਰਨ ਸਰਨਾਈਆ ।

ਰਵਿਦਾਸ ਕਿਹਾ ਇਕ ਦਿਨ ਮਾਂ ਮੇਰੀ ਸੀ ਅੱਕੀ, ਮੇਰੇ ਸਿਰ ਵਿਚ ਲਫੜ ਦਿਤਾ ਲਗਾਈਆ । ਮੈਂ ਓਸ ਵੇਲੇ ਚਬਦਾ ਸਾਂ ਦਾਣੇ ਮੱਕੀ, ਦੰਦਾਂ ਨਾਲ ਦਬਾਈਆ ।
ਫੇਰ ਓਸ ਮੇਰੀ ਘੁੱਟੀ ਸੰਘੀ, ਕਿੱਥੋਂ ਮੇਰਾ ਜੰਮਿਆ ਪੁਤ ਸ਼ਦਾਈਆ । ਮੈਂ ਰੋ ਕੇ ਉਚੀ ਭੁੱਬੀਂ, ਦਿਤੀ ਹਾਲ ਦੁਹਾਈਆ । ਉਸ ਨੇ ਮੈਨੂੰ ਹੋਰ ਮਾਰ ਮਾਰੀ ਗੁਝੀ,
ਵੱਖੀ ਖੱਬੀ ਵਿਚ ਸੱਟ ਟਿਕਾਈਆ । ਮੈਂ ਕਿਹਾ ਡੁੱਬ ਮਰਾਂ ਕਿਸੇ ਵਿਚ ਨਦੀ, ਜੀਵਣ ਨਾਲੋਂ ਮਰਨਾ ਚੰਗਾ ਆਈਆ । ਜੇ ਕੋਈ ਟੁੱਟ ਜਾਂਦੀ ਹੱਡੀ, ਮੇਰਾ ਸਾਥੀ
ਸਾਥ ਨਾ ਕੋਇ ਰਖਾਈਆ । ਜੇ ਕੋਈ ਮੈਨੂੰ ਸਿਖਿਆ ਦੇਵੇ ਚੰਗੀ, ਮੈਂ ਆਪਣੀ ਕਾਰ ਕਰਕੇ ਝਟ ਲਵਾਂ ਲੰਘਾਈਆ । ਮੈਨੂੰ ਘਰ ਦੇ ਰੋਟੀ ਨਹੀਂ ਦੇਂਦੇ ਮੰਗੀ, ਦਬਕਿਆਂ
ਨਾਲ ਦੁਰਕਾਈਆ । ਮੈਥੋਂ ਝੱਲੀ ਨਹੀਂ ਜਾਂਦੀ ਤੰਗੀ, ਦੁਖੀਆ ਹੋ ਕੇ ਰਿਹਾ ਸੁਣਾਈਆ । ਫੇਰ ਵੀਚਾਰ ਆਈ ਮੈਂ ਸੁਣਦਾ ਖ਼ੁਦਾ ਪਰਮਾਤਮ ਬੜਾ ਢੰਗੀ, ਉਹ ਸਭ
ਨੂੰ ਦੇਵੇ ਰਿਜ਼ਕ ਸਬਾਈਆ । ਗ਼ਰੀਬਾਂ ਦੀ ਕਟੇ ਤੰਗੀ, ਦੁਖੀਆਂ ਦਾ ਦਰਦ ਵੰਡਾਈਆ । ਪਿਠ ਹੋਣ ਨਾ ਦੇਵੇ ਨੰਗੀ, ਸਿਰ ਆਪਣਾ ਹੱਥ ਟਿਕਾਈਆ । ਤੋੜ
ਕੇ ਕੂੜੀ ਕਿਰਿਆ ਖ਼ਾਨਾਬੰਦੀ, ਆਪਣੀ ਬੰਦਗੀ ਦਏ ਸਮਝਾਈਆ । ਇਹਵੀ ਕਿਰਪਾ ਕਰਕੇ ਜੇ ਮੇਰੀ ਆਤਮਾ ਵਿਚ ਭਰ ਦੇਵੇ ਸੁਗੰਧੀ, ਸੋਹਣਾ ਰਸ ਚਖਾਈਆ ।
ਓਨੇ ਚਿਰ ਨੂੰ ਇਕ ਪੈ ਗਿਆ ਟੇਡੀ ਡੰਡੀ, ਤਿੰਨ ਸੌ ਕਰਮ ਨਗਰ ਤੋਂ ਬਾਹਰ ਡੇਰਾ ਲਾਈਆ । ਓਥੇ ਇਕ ਸਾਧ ਮਿਲਿਆ ਪਖੰਡੀ, ਜਿਸ ਨੇ ਮਾਲਾ ਦਿਤੀ ਫੜਾਈਆ ।
ਇਸ ਦੇ ਵਿਚ ਇਕੋ ਧਾਰ ਚੰਗੀ, ਜੋ ਘਰ ਦੇ ਲੜਿਆਂ ਬੱਚਿਆਂ ਨੂੰ ਮੇਰੀ ਸੇਵਾ ਵਿਚ ਲਗਾਈਆ । ਅਗੋਂ ਰਵਿਦਾਸ ਨੇ ਮੂੰਹ ਵਿੰਗਾ ਕਰ ਕੇ ਕੱਢ ਕੇ ਕਿਹਾ
ਦੰਦੀ, ਤੇਰੇ ਵਰਗਿਆਂ ਦੀ ਮੈਨੂੰ ਲੋੜ ਰਹੀ ਨਾ ਰਾਈਆ । ਤੂੰ ਭੁੱਖਾ ਮੈਂ ਨੰਗਾ ਸਾਡਾ ਕਿਸ ਤਰਹ ਬਣੇ ਸੰਗੀ, ਸੱਜਣਾ ਤੇਰੀ ਮੇਰੀ ਬਣਤ ਨਾ ਕੋਇ ਬਣਾਈਆ ।
੨੬੨ ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਰਵਿਦਾਸ ਕਹੇ ਕਿਉਂ ਮੈਨੂੰ ਪਈ ਮਾਰ, ਅੰਦਰੇ ਅੰਦਰ ਰਿਹਾ ਪਛਤਾਈਆ । ੨੬੨
ਜੇ ਕੋਈ ਮੈਂ ਸਿੱਖ ਲਵਾਂ ਵਿਹਾਰ, ਆਪਣਾ ਬਲ ਧਰਾਈਆ । ਕਿਉਂ ਮੈਂ ਜੰਮਿਆ ਘਰ ਚਮਿਆਰ, ਚਮਰੇਟਾ ਮੇਰਾ ਪਿਤਾ ਮਾਈਆ । ਜਿਹੜਾ ਢੋਰਾਂ ਦਾ ਠੇਕੇਦਾਰ,
ਸਾਢੇ ਤਿੰਨ ਰੁਪਈਏ ਦਿਹਾੜੀ ਰੋਜ਼ ਕਮਾਈਆ । ਅਸੀਂ ਛੇ ਭੈਣ ਭਰਾ ਤੇ ਸਾਡਾ ਸਤਵਾਂ ਇਕ ਹੋਰ ਯਾਰ, ਜੋ ਬਾਲਿਆਂ ਵਾਂਗੂ ਬਾਲਾ ਹੋ ਕੇ ਸੋਹਣਾ ਪਿਆਰ ਵਖਾਈਆ ।
ਬਹੁਤਾ ਟੱਬਰ ਕਰ ਕੇ ਸਾਨੂੰ ਦੇਂਦਾ ਨਹੀਂ ਕੋਈ ਉਧਾਰ, ਭੁੱਖੇ ਰਹਿ ਰਹਿ ਝਟ ਲੰਘਾਈਆ । ਇਕ ਦਿਨ ਕੋਲ ਚਲਿਆ ਗਿਆ ਲੋਹਾਰ, ਜਾ ਕੇ ਅਰਜ਼ ਦਿਤੀ ਸੁਣਾਈਆ ।
ਜੇ ਕੋਈ ਮੈਨੂੰ ਰੰਬੀ ਬਣਾ ਦਏਂ ਆਰ, ਤੇਰਾ ਧੰਨ ਧੰਨ ਕਹਿ ਕਹਿ ਸ਼ੁਕਰ ਮਨਾਈਆ । ਓਹਨੇ ਘਰੋਂ ਦਿਤਾ ਦੁਰਕਾਰ, ਫੜ ਬਾਹੋਂ ਬਾਹਰ ਕਢਾਈਆ । ਕਿੱਥੋਂ ਕਮਲਾ
ਆ ਗਿਆ ਚਮਿਆਰ, ਐਵੇਂ ਰਿਹਾ ਸਤਾਈਆ । ਨਿਰਾਸਾ ਹੋ ਕੇ ਉਦਾਸੀ ਵਿਚ ਘਰੋਂ ਚਲਿਆ ਗਿਆ ਬਾਹਰ, ਟੁੱਟੀ ਚਾਦਰ ਹੇਠਾਂ ਲਈ ਵਿਛਾਈਆ । ਪਹਿਲੋਂ
ਦੱਖਣ ਦਿਸ਼ਾ ਡਿੱਗਾ ਮੂੰਹ ਦੇ ਭਾਰ, ਫੇਰ ਉੱਤਰ ਆਪਣੇ ਨੈਣ ਉਪਰ ਉਠਾਈਆ । ਫੇਰ ਪੂਰਬ ਹੋਇਆ ਵੱਖੀ ਭਾਰ, ਪੱਛਮ ਹੋ ਕੇ ਆਪਣੇ ਹੱਥ ਲਏ ਫੈਲਾਈਆ ।
ਜੇ ਤੂੰ ਗ਼ਰੀਬਾਂ ਦਾ ਯਾਰ, ਦੁਖੀਆਂ ਦਾ ਦਿਲਦਾਰ, ਨਿਮਾਣਿਆਂ ਦਾ ਸਹਾਰ, ਧੁਰ ਦਾ ਕਰਤਾਰ ਕੁਦਰਤ ਦਾ ਮਾਲਕ ਇਕ ਅਖਵਾਈਆ । ਮੈਨੂੰ ਬਖ਼ਸ਼ ਕੋਈ ਰੁਜ਼ਗਾਰ,
ਮੈਂ ਜ਼ਿੰਦਗੀ ਦੇ ਦਿਨ ਕਟ ਲਵਾਂ ਚਾਰ, ਏਹੋ ਮੇਰੇ ਅੰਦਰ ਭਾਈਆ । ਥੱਲਿਉਂ ਚਾਦਰ ਖਿਚ ਕੇ ਉਪਰ ਲਈ ਤਾਣ, ਨਾਲੇ ਰੋਵੇ ਨਾਲੇ ਕਹੇ ਮੇਰੇ ਭਗਵਾਨ, ਕਿਉਂ
ਮੇਰੀ ਬਣਤ ਬਣਾਈਆ । ਜੇ ਤੂੰ ਮੈਨੂੰ ਬਣਾਇਆ ਇਨਸਾਨ, ਕੁਝ ਦੇ ਦੇ ਪੀਣ ਖਾਣ, ਦੇਂਦਿਆਂ ਤੈਨੂੰ ਤੋਟ ਰਹੇ ਨਾ ਰਾਈਆ । ਉਸ ਨੇ ਕਿਹਾ ਰਵਿਦਾਸ ਤੂੰ
ਅਜੇ ਅੰਞਾਣ, ਤੇਰਾ ਲਹਿਣਾ ਦੇਣਾ ਫੇਰ ਵਿਚ ਜਹਾਨ, ਜਿਸ ਵੇਲੇ ਬਣ ਕੇ ਮਹਿਮਾਨ ਤੇਰੇ ਦਰ ਤੇ ਆਈਆ । ਆਹ ਲੈ ਮੇਰਾ ਨਿਸ਼ਾਨ, ਇਕ ਰੰਬੀ ਤੇ ਇਕ ਆਰ,
ਜਿਸ ਨਾਲ ਚਲੇ ਤੇਰਾ ਵਿਹਾਰ, ਇਹਨੂੰ ਬਦਲ ਨਾ ਲਈਂ ਜ਼ਿੰਦਗੀ ਵਿਚ ਦੂਜੀ ਵਾਰ, ਬਿਨ ਇਸ ਦੇ ਤੇਰਾ ਕੰਮ ਨਾ ਕੋਇ ਚਲਾਈਆ । ਉਸ ਫੜ ਕੇ ਚਾਰ ਚੁਫੇਰੇ

ਵੇਖਿਆ ਕਿਸ ਘੜੀ ਲੁਹਾਰ, ਕਿਸ ਹੱਥਾ ਬਣਾਇਆ ਤਰਖਾਣ, ਕਿਸ ਮੁੱਠੀ ਦਿਤੀ ਲਗਾਈਆ । ਓਹਦੇ ਵਿਚੋਂ ਇਕ ਅੱਖਰ ਮਿਲਿਆ ਜਿਸ ਉਤੇ ਲਿਖਿਆ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਪਾਤਸ਼ਾਹਾਂ ਦਾ ਪਾਤਸ਼ਾਹ ਤੇਰੇ ਉਤੇ ਦਇਆ ਕਮਾਈਆ । ਉਸ ਨੇ ਕਿਹਾ ਧੰਨ ਮਿਹਰਵਾਨ ਮਿਹਰਵਾਨ ਮਿਹਰਵਾਨ, ਤੇਰੀ ਬੇਪਰਵਾਹੀਆ । ਜਿਸ ਵੇਲੇ ਰੰਬੀ ਚੁਕ ਕੇ ਹੱਥ ਵਿਚ ਲੱਗਾ ਉਠਾਣ, ਓਹਨੂੰ ਆਇਆ ਇਕ ਗਿਆਨ, ਸੁਰਤੀ ਆਪਣੀ ਆਪ ਲਏ ਅੰਗੜਾਈਆ । ਅੰਦਰੋਂ ਆਵਾਜ਼ ਆਈ ਬਿਨਾ ਜ਼ਬਾਨ, ਉਚੀ ਉਚੀ ਕਰੇ ਕਲਾਮ, ਤੂੰ ਹੀ ਤੂੰ ਹੀ ਰਾਗ ਅਲਾਈਆ । ਰਵਿਦਾਸ ਚਾਰੋਂ ਕੁੰਟ ਮਾਰੇ ਧਿਆਨ, ਕੌਣ ਗਾਣਾ ਗਾਵੇ ਗਾਣ, ਨਜ਼ਰ ਨਾ ਆਵੇ ਕੋਈ ਇਨਸਾਨ, ਜੋ ਮੈਨੂੰ ਰਿਹਾ ਸੁਣਾਈਆ । ਓਨੇਂ ਚਿਰ ਨੂੰ ਹੌਲੀ ਜਿਹੀ ਸਿਰ ਵਿਚ ਇੰਵ ਕਰ ਕੇ ਧੱਪੜ ਮਾਰਿਆ ਪ੍ਰਭ ਨੇ ਆਣ, ਉਸ ਨੂੰ ਦਿਸ ਪਿਆ ਦੋ ਜਹਾਨ, ਅੰਦਰੋਂ ਖ਼ੁਸ਼ੀ ਤੇ ਬਾਹਰੋਂ ਨੇਤਰ ਨੀਰ ਵਹਾਣ, ਵਾਹ ਵਾਹ ਤੇਰੀ ਬੇਪਰਵਾਹੀਆ । ਪ੍ਰਭੂ ਨੇ ਕਿਹਾ ਚੁੱਪ ਨਾ ਬੋਲੀਂ ਜ਼ਬਾਨ, ਜੇ ਬੋਲਿਉਂ ਤੇ ਸ੍ਰਿਸ਼ਟੀ ਤੇ ਆ ਜਾਊ ਤੁਫ਼ਾਨ, ਦ੍ਰਿਸ਼ਟੀ ਕਿਸੇ ਦੀ ਸਾਬਤ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਸਦਾ ਆਪਣੀ ਵਡਿਆਈਆ । ਜਿਸ ਵੇਲੇ ਰਵਿਦਾਸ ਹੱਥ ਵਿਚ ਫੜੀ ਰੰਬੀ, ਰਾਮ ਰਹੀਮ ਨਜ਼ਰੀ ਆਈਆ । ਓਧਰੋਂ ਭੱਜੀ ਆ ਗਈ ਉਹਦੀ ਅੰਮੀਂ, ਜਿਸ ਨੇ ਧੱਕਾ ਦਿਤਾ ਲਾਈਆ । ਉਸਨੂੰ ਬੈਠਾ ਅਡੋਲ ਵੇਖ ਕੇ ਕੰਬੀ, ਹਾਏ ਸ਼ੁਦਾਈਆਂ ਤੋਂ ਪਰੇ ਹੋ ਗਿਆ ਸ਼ੁਦਾਈਆ । ਉਸਨੂੰ ਵੇਖ ਕੇ ਰਵਿਦਾਸ ਨੇ ਆਪਣਿਆਂ ਗੋਡਿਆਂ ਉਤੋਂ ਪਾੜ ਦਿਤੀ ਤੰਬੀ, ਜਾਮਾ ਲੀਰੋ ਲੀਰ ਵਖਾਈਆ । ਓਸ ਦੀ ਮਾਂ ਨੇ ਕਿਹਾ ਅੱਜ ਇਹਨੂੰ ਕੋਈ ਹੋਰ ਮਿਲ ਗਿਆ ਪਖੰਡੀ, ਜਿਹੜਾ ਉਲਟਾ ਰਾਹ ਗਿਆ ਵਖਾਈਆ ।

੨੬੩ ਉਸ ਨੇ ਆਪਣੀ ਪਿਠ ਕਰ ਕੇ ਨੰਗੀ, ਪੁੱਠੇ ਹੱਥਾਂ ਦੀ ਪਿਛੇ ਦੁਹੱਥੜ ਦਿਤੀ ਲਾਈਆ । ਮੇਰੇ ਪ੍ਰਭ ਦੀ ਮੇਰੀ ਪਿਠ ਉਤੇ ਮੰਜੀ, ਸਿੰਘਾਸਣ ਸੋਹਣਾ ਇਕ ਸੁਹਾਈਆ । ੨੬੩

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਜਾਣੇ ਥਾਉਂ ਥਾਈਂਆ । ਰਵਿਦਾਸ ਹੱਥ ਵਿਚ ਫੜ ਲਈ ਆਰ, ਆਰ ਪਾਰ ਵੇਖ ਵਖਾਈਆ । ਜਿਸ ਦੀ ਨੋਕ ਉਤੇ ਸੋਹੰ ਧਾਰ, ਪਾਰਬ੍ਰਹਮ ਬ੍ਰਹਮ ਰਹੀ ਸਮਝਾਈਆ । ਓਸ ਉਲਟਾ ਕਰ ਕੇ ਤਕਿਆ ਨਜ਼ਰ ਆਇਆ ਨਿਹਕਲੰਕ ਕਲ ਕਲਕੀ ਅਵਤਾਰ, ਜੋ ਕਾਲਖ ਟਿੱਕੇ ਦਏ ਧਵਾਈਆ । ਰਵਿਦਾਸ ਨੇ ਓਸੇ ਵੇਲੇ ਰੰਬੀ ਨੂੰ ਕਰ ਕੇ ਨਿਮਸਕਾਰ, ਓਸ ਆਰ ਨਾਲ ਧੂੜੀ ਟਿੱਕਾ ਮਸਤਕ ਲਾਈ ਛਾਰ, ਥੋੜ੍ਹੀ ਜਿਹੀ ਅੰਦਰ ਦਿਤੀ ਖੁਭਾਈਆ । ਲਹੂ ਦੀ ਥਾਂ ਜੋਤ ਜਗੀ ਨਿਰੰਕਾਰ, ਨੂਰੋ ਨੂਰ ਡਗਮਗਾਈਆ । ਅੰਦਰੇ ਗੁਲਸ਼ਨ ਅੰਦਰੇ ਬਹਾਰ, ਅੰਦਰੇ ਮੁਰੀਦ ਅੰਦਰੇ ਮੁਰਸ਼ਦ ਦਏ ਦੀਦਾਰ, ਬਾਹਰੋਂ ਮਿਲਣ ਦੀ ਫੁਰਸਤ ਰਹੀ ਨਾ ਰਾਈਆ । ਫੇਰ ਸੋਚਿਆ ਕਿਸ ਕੰਮ ਆਵੇ ਰੰਬੀ ਇਹ ਆਰ, ਖ਼ਾਲੀ ਹੱਥਾਂ ਉਤੇ ਰਿਹਾ ਟਿਕਾਈਆ । ਓਨੇਂ ਚਿਰ ਨੂੰ ਅਬਿਨਾਸ਼ੀ ਕਰਤੇ ਕੰਨ ਤੋਂ ਫੜ ਕੇ ਹਲੂਣਾ ਦਿਤਾ ਮਾਰ, ਕਰ ਕੇ ਖ਼ਬਰਦਾਰ, ਉਠ ਵੇਖ ਦਿਲਦਾਰ, ਦਿਲ ਦਾ ਜਾਨੀ ਦਇਆ ਕਮਾਈਆ । ਔਹ ਆਦਿ ਸ਼ਕਤ ਖੜੀ ਨਾਰ ਮੁਟਿਆਰ, ਦੁਰਗਾ ਦੋਵੇਂ ਹੱਥ ਬੰਧੇ ਨੇਤਰ ਨੀਰ ਵਹਾਵੇ ਜ਼ਾਰੋ ਜ਼ਾਰ, ਲਾਲ ਭੂਸ਼ਣ ਤਨ ਪਹਿਨਾਈਆ । ਮੇਰੇ ਕੱਚੇ ਤੰਦ ਦੇ ਨਾਲ ਕਰ ਪਿਆਰ, ਜਿਸ ਦੀ ਗੰਢ ਪਵੇ ਜੁਗ ਚਾਰ, ਨੇਤਰ ਵੇਖ ਨਾ ਸਕੇ ਕੋਈ ਸੰਸਾਰ, ਬੰਧਨ ਧੁਰ ਦਾ ਦੇਵੇ ਪਾਈਆ । ਰਵਿਦਾਸ ਕਿਹਾ ਇਹਦੀ ਕੀ ਕ਼ੀਮਤ ਕਿਤਨਾ ਤੋਲਿਆਂ ਵਿਚ ਭਾਰ, ਲੰਮਾਂ ਕਿੰਨਾਂ ਲਿਆ ਬਣਾਈਆ । ਉਹਨਾਂ ਕਿਹਾ ਇਹ ਧੁਰ ਦੀ ਸਵਾਣੀ ਲਿਆਈ ਕਰ ਕੇ ਤਿਆਰ, ਜਿਸ ਦਾ ਤੰਦ ਟੁੱਟੇ ਨਾ ਵਿਚ ਸੰਸਾਰ, ਜੋੜੇ ਗੰਢਦਾ ਰਹੋ ਜੁਗ ਚਾਰ, ਪਾਨਹੀ ਸਭ ਦੀ ਠੀਕ ਕਰਾਈਆ । ਇਹ ਓਨਾਂ ਚਿਰ ਰਹੇ ਤੇਰੇ ਨਾਲ, ਜਿੰਨਾਂ ਚਿਰ ਨਿਰਗੁਣ ਹੋ ਕੇ ਆਏ ਨਾ ਦੀਨ ਦਿਆਲ, ਤੇਰੇ ਮੰਦਰ ਅੰਦਰ ਬਹਿ ਕੇ ਵੇਖੇ ਤੇਰਾ ਹਾਲ, ਹਾਲਤ ਪਿਛਲੀ ਦਏ ਜਣਾਈਆ । ਅਗੋਂ ਫੇਰ ਰਵਿਦਾਸ ਨੇ ਕੀਤਾ ਸਵਾਲ, ਆਪਣੀ ਆਸ਼ਾ ਦਿਤੀ ਪਰਗਟਾਈਆ । ਇਹਨੂੰ ਮੈਂ ਰਖਣਾ ਕਿਥੇ ਸੰਭਾਲ, ਮੈਥੋਂ ਚੋਰ ਯਾਰ

ਠਗ ਲੁਟ ਕੋਇ ਨਾ ਜਾਈਆ । ਆਦਿ ਸ਼ਕਤ ਕਿਹਾ ਤੂੰ ਆਪਣੇ ਖੱਬੇ ਚਰਨ ਦੇ ਅੰਗੂਠੇ ਨਾਲ ਮਾਰੀਂ ਵਲ ਚਾਰ, ਸਵਾ ਗਿਠ ਖਿੱਚ ਕੇ ਫੇਰ ਆਪਣੇ ਨਾਲ ਮੁਖ ਲਗਾਈਆ । ਇਹ ਦਿਵਸ ਰੈਣ ਵਧਦਾ ਰਹੇ ਦੁਗਣੇ ਤੋਂ ਚੌਗੁਣਾ ਜਿਸ ਦੀ ਗਿਣਤੀ ਦਾ ਨਹੀਂ ਸ਼ੁਮਾਰ, ਨਾਪਾਂ ਵਿਚ ਨਾਪ ਨਾ ਕੋਇ ਕਰਾਈਆ । ਦੁਰਗਾ ਕਿਹਾ ਮੈਂ ਆਪਣੀ ਹੱਥੀਂ ਵਟ ਦਿਉਂ ਚਾੜ੍ਹ, ਪਾਣੀ ਪਾਨਹੇ ਵਾਲਾ ਨਾਲ ਲਗਾਈਆ । ਓਧਰੋਂ ਆਵਾਜ਼ ਆਈ ਹਰਿ ਕਰਤਾਰ, ਸ਼ਬਦੀ ਰਾਗ ਸੁਣਾਈਆ । ਇਸ ਦੀ ਸੇਵਾ ਦੱਸਾਂ ਅਪਾਰ, ਹੁਕਮ ਨਾਲ ਲਗਾਈਆ । ਦਸਾਂ ਦਾ ਲੇਖਾ ਵੀਹਾਂ ਦਾ ਉਧਾਰ, ਝਟ ਏਸੇ ਨਾਲ ਲੰਘਾਈਆ । ਜਿਸ ਵੇਲੇ ਤੇਰਾ ਖੇੜਾ ਬੇੜਾ ਹੋਵੇ ਤਿਆਰ, ਵਿਹੜਾ ਖੁਲ੍ਹਾ ਦਿਆਂ ਵਖਾਈਆ । ਸਾਰੇ ਇਕੱਠੇ ਕਰ ਕੇ ਯਾਰ, ਯਰਾਨਾ ਨੁਰਾਨਾ ਜ਼ਿਮੀਂ ਅਸਮਾਨਾਂ ਤੇਰੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਟਿਕਾਈਆ । ਜਿਸ ਵੇਲੇ ਰਵਿਦਾਸ ਨੇ ਰੰਬੀ ਦਾ ਉਤਲਾ ਵੇਖਿਅ ਹੱਥਾ, ਚੌੜੇ ਸਿਰ ਵਾਲਾ ਨਜ਼ਰੀ ਆਈਆ । ਉਸ ਦੇ ਵਿਚ ਨੌਂ ਸੌ ਚੁਰਾਨਵੇ ਅੱਖਾਂ, ਜੁਗ ਚੌਕੜੀ ਦਾ ਲੇਖਾ ਰਹੀਆਂ ਸਮਝਾਈਆ । ਨਾਲੇ ਦੱਸਣ ਉਹ ਰਵਿਦਾਸ ਤੂੰ ਅਜੇ ਨਿੱਕਾ ਜਿਹਾ ਬੱਚਾ, ਤਨ ਮਾਟੀ ਦਾ ਕੱਚਾ, ਤੈਨੂੰ ਨਹੀਂ ਪਤਾ ਕੀ ਕਰੇ ਤੇਰਾ ਬੇਪਰਵਾਹੀਆ । ਤੂੰ ਪਿਛਲਾ ਚੇਤਾ ਯਾਦ ਨਹੀਂ ਰੱਖਾ, ਜਿਸ ਵੇਲੇ ਹੋਇਆ ਸੈਂ ਸਨਮੁਖਾ, ਬ੍ਰਹਮੇਂ ਦਾ ਬੇਟਾ ਨਜ਼ਰੀ ਆਈਆ । ਹੁਣ ਮਿਲ ਗਿਉਂ ਫੇਰ ਮਸਾਂ ਮਸਾਂ, ਮੱਠ ਕਹੇ ਮੈਂ ਨਾਲ ਖ਼ੁਸ਼ੀਆਂ ਦੇ ਹੱਸਾਂ, ਦਿਲੋਂ ਜਾਣੀਂ ਮੈਂ ਤੇਰੇ ਨਾਲ ਵਸਾਂ, ਵਿਛੋੜਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵਡੀ ਵਡਿਆਈਆ । ਹੱਥਾ ਕਹੇ ਏਸ ਰੰਬੀ ਦੀ ਵੇਖ ਪਿਛਲੀ ਤਰਫ਼, ਰਵਿਦਾਸ ਪਿਛੇ ਹੋ ਕੇ ਧਿਆਨ ਲਗਾਈਆ । ਜਿਸ
 ਦੇ ਉਤੇ ਲਿਖਿਆ ਇਕੋ ਹਰਫ਼, ਹੂਬਹੂ ਸੋਹੰ ਨਜ਼ਰੀ ਆਈਆ । ਉਸ ਦੇ ਉਤੇ ਲੱਗਾ ਸੀ ਇਕ ਸੋਹਣਾ ਜਿਹਾ ਵਰਕ, ਨਾ ਚਾਂਦੀ ਨਾ ਸੁਵਰਨ ਬਣੌਣ ਵਾਲਾ ਸੁਨਿਆਰ ੨੬੪
ਨਜ਼ਰ ਕੋਇ ਨਾ ਆਈਆ । ਨਾਲੇ ਲਿਖੀ ਸੀ ਓਸ ਦੇ ਉਤੇ ਇਹ ਸ਼ਰਤ, ਜਿਸ ਵੇਲੇ ਪਰਮ ਪੁਰਖ ਪਰਮੇਸ਼ਵਰ ਆਵੇ ਪਰਤ, ਮਾਣ ਵਡਿਆਈ ਦੇਵੇ ਉਤੇ ਧਰਤ, ਧਰਨੀ ਹੌਲਾ ਭਾਰ ਕਰਾਈਆ । ਜਨ ਭਗਤ ਸੁਹੇਲੇ ਹੁਕਮ ਨਾਲ ਲਏ ਵਰਜ, ਪੁੱਠੀ ਨਰਦ ਸਿੱਧੀ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਆਰ ਕਹੇ ਰਵਿਦਾਸ ਵੇਖ ਮੇਰੇ ਅਧ, ਅਧਵਾਟੇ ਬੈਠਾ ਧੁਰਦਰਗਾਹੀਆ । ਜਿਸ ਵੇਲੇ ਤੂੰ ਉਤੋਂ ਲਾਵੇਂ ਸੱਟ, ਥੱਲਿਉਂ ਦਏਂ ਦਬਾਈਆ । ਓਸ ਵੇਲੇ ਉਹਦੀ ਖੁਲ੍ਹੇ ਅੱਖ, ਤੇਰੇ ਵਲ ਧਿਆਨ ਲਗਾਈਆ । ਜੇ ਡੋਲਣ ਲਗੇਂ ਤੈਨੂੰ ਦੱਸ ਦੇਵੇ ਸਚ, ਝੂਠ ਕੰਮ ਕਿਸੇ ਨਾ ਆਈਆ । ਜੇ ਤੇਰਾ ਅੰਦਰੋਂ ਮਨ ਪਏ ਨਚ, ਫੜ ਕੇ ਮੂੰਹ ਦੇ ਭਾਰ ਸੁਟਾਈਆ । ਸਿਰ ਤੇ ਰਖ ਆਪਣਾ ਹੱਥ, ਹਥੇਲੀ ਤੇਰੇ ਨਾਲ ਘਸਾਈਆ । ਤੂੰ ਮੇਰਾ ਮੈਂ ਤੇਰੇ ਵਸ, ਜਹਾਨਾਂ ਮੈਦਾਨਾਂ ਪਵੇ ਨਾ ਕਦੇ ਜੁਦਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਆਪਣੀ ਆਪ ਉਠਾਈਆ । ਦਸਤਾ ਕਹੇ ਮੇਰੇ ਉਤੇ ਵੇਖੋ ਚੜ੍ਹਿਆ ਛੱਲਾ, ਚਾਰ ਕੁੰਟ ਬੈਠਾ ਘੇਰਾ ਪਾਈਆ । ਉਹਦੇ ਅੰਦਰ ਵੇਖੀ ਉਹਦੀ ਰਾਣੀ ਅੱਲਾ, ਖੁਲ੍ਹੀ ਗੁੱਤ ਦੇਵੇ ਹਾਲ ਦੁਹਾਈਆ । . . . . . . . . . . ਦਾਤਾ ਬੇਪਰਵਾਹੀਆ । ਉਸ ਨੇ ਸੱਤ ਰੰਗ ਨਿਸ਼ਾਨੇ ਦਾ ਮੇਰੇ ਵਲ ਸੁਟ ਦਿਤਾ ਪੱਲਾ, ਕੰਨੀ ਮੇਰੇ ਹੱਥ ਫੜਾਈਆ । ਓਧਰੋਂ ਆਦਿ ਸ਼ਕਤ ਪ੍ਰੇਮ ਦਾ ਪਾਣੀ ਲੈ ਆਈ ਛੰਨਾ, ਚਰਨੋਦਕ ਪ੍ਰਭ ਦਾ ਮੰਗ ਮੰਗਾਈਆ । ਤੇਰਾ ਵੀ ਹੋ ਜਾਏ ਭਲਾ, ਭਲਿਆ ਮਾਣਸਾ ਤੇਰੇ ਮੁਖ ਲਗਾਈਆ । ਰਵਿਦਾਸ ਕਿਹਾ ਏਸ ਦਾ ਕੀ ਫਲਾ, ਮੈਨੂੰ ਦੇ ਸਮਝਾਈਆ । ਓਨੇਂ ਚਿਰ ਨੂੰ ਪ੍ਰਭ ਦੇ ਚਰਨ ਕਵਲ ਦਾ ਨਜ਼ਰੀ ਆਇਆ ਤਲਾ, ਜਿਸ ਦੀ ਪਾਨਹੀ ਪਾਨਹੀ ਦਾ ਰੂਪ ਸਕੇ ਨਾ ਕੋਇ ਸਮਝਾਈਆ । ਨਾ ਕੋਈ ਜਾਣੇ ਢੋਰੀ ਬਣੇ ਕਿ ਖੱਲਾ, ਢੋਰਾਂ ਦਾ ਢੋਰ ਨਜ਼ਰ ਕੋਇ ਨਾ ਆਈਆ । ਰਵਿਦਾਸ ਕਿਹਾ ਇਹਵੀ ਕੂੜ ਛਲਾ, ਵਲ ਛਲਧਾਰੀ ਆਪਣੀ ਖੇਲ ਖਿਲਾਈਆ । ਜੋਤੀ ਜੋਤ ਸਰੂਪ

ਹਰਿ, ਆਪ ਆਪਣੀ ਕਿਰਪਾ ਕਰ, ਆਪਣੇ ਲੇਖੇ ਵਿਚ ਰਖਾਈਆ । ਰੰਬੀ ਕਹੇ ਉਹ ਵੇਖ ਆਪਣੀ ਫਟੀ ਚਾਦਰ, ਜਿਹੜੀ ਸੱਤਾਂ ਗੰਢਾਂ ਨਾਲ ਜੋੜ ਜੁੜਾਈਆ । ਸੱਤ ਰੰਗ ਦਾ ਮਾਲਕ ਉਤੇ ਬੈਠਾ ਕਰੀਮ ਕ਼ਾਦਰ, ਕਰਤਾ ਬੇਪਰਵਾਹੀਆ । ਤੈਨੂੰ ਦੇਵਣ ਆਇਆ ਆਦਰ, ਮਿਹਰ ਨਜ਼ਰ ਇਕ ਉਠਾਈਆ । ਫਿਰ ਆਵਾਜ਼ ਆਈ ਇਹ ਰਵੀ ਤੇਰੀ ਨਹੀਂ ਇਹ ਤੇਗ਼ ਬਹਾਦਰ ਦੀ ਚਾਦਰ, ਜਿਸ ਦਾ ਰਾਹ ਚਾਂਦਨੀ ਚੌਕ ਤਕਾਈਆ । ਜਿਸ ਦਾ ਸੁਤ ਹੋਣਾ ਉਜਾਗਰ, ਗੋਬਿੰਦ ਮਿਲੇ ਵਡਿਆਈਆ । ਉਸ ਨੇ ਮੰਨਣਾ ਮੇਰਾ ਆਰਡਰ, ਹੁਕਮੇ ਸੀਸ ਨਿਵਾਈਆ । ਲੇਖਾ ਚੁਕੌਣਾ ਮਕ਼ਤੂਲ ਕ਼ਾਤਲ, ਦੋ ਜਹਾਨਾਂ ਵੇਖ ਵਖਾਈਆ । ਫਿਰ ਦਰਸ਼ਨ ਦੇਵਾਂ ਬਾਤਨ, ਜ਼ਾਹਰ ਕਰਾਂ ਰੁਸ਼ਨਾਈਆ । ਗੁਰ ਅਵਤਾਰ ਪੀਰ ਪੈਗ਼ੰਬਰ ਜਿਸ ਦੇ ਢੋਲੇ ਸਿਫ਼ਤੀ ਆਖਣ, ਆਖ਼ਰ ਓਹੋ ਰੂਪ ਵਟਾਈਆ । ਤੇਰਾ ਕਰ ਕੇ ਆਪਣਾ ਸਾਥਣ, ਧੁਰ ਦਾ ਸੰਗੀ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਅਗੰਮਾ ਆਪਣੇ ਹੱਥ ਰਖਾਈਆ । ਰਵਿਦਾਸ ਕਿਹਾ ਕਿਸ ਬਿਧ ਆਰ ਨਾਲ ਕਢਾਂ ਮੋਰੀ, ਉਤੇ ਭਾਰ ਰਖਾਈਆ । ਕਿਸ ਬਿਧ ਵੱਟਾਂ ਡੋਰੀ, ਸੋਹਣਾ ਵਟ ਚੜ੍ਹਾਈਆ । ਕਿਸ ਬਿਧ ਟੁੱਟਿਆਂ ਲਵਾਂ ਜੋੜੀ, ਮੇਲਾ ਦਿਆਂ ਮਿਲਾਈਆ । ਕਿਸ ਬਿਧ ਲਾਵਾਂ ਉਤੇ ਕੋਰੀ, ਆਪਣੀ ਸੇਵ ਕਮਾਈਆ । ਆਵਾਜ਼ ਆਈ ਐਵੇਂ ਨਾ ਕਰ ਬਹੁੜੀ ਬਹੁੜੀ, ਤੇਰਾ ਲੇਖਾ ਆਪੇ ਦਏ ਭੁਗਤਾਈਆ । ਕਿਸੇ ਆਏ ਨੂੰ ਨਾ ਮੋੜੀਂ, ਦਰ ਤੋਂ ਨਾ ਹੋੜੀਂ, ਪ੍ਰੇਮ ਨਾਲ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਜਿਸ ਵੇਲੇ ਪਹਿਲੀ ਵਾਰ ਰਵਦਾਸ ਨੇ ਆਰ ਦੱਬੀ, ਸੁੱਕਾ ਚੰਮ ਪਿਆ ਕੁਰਲਾਈਆ । ਓਹ ਤੇਰੇ ਅੰਦਰ ਚਮਿਆਰਾ ਨੂਰ ਰੱਬੀ, ਕਿਉਂ ਮੋਇਆਂ ਨੂੰ ਮਾਰ ਮੁਕਾਈਆ । ਉਹ ਥਾਂ ਸੀ ਪਿਛਲਾ ਹਿਸਾ ਵਾਲਾ ਅੱਡੀ, ਜੋ ਸਖ਼ਤੀ ਨਾਲ ਸੁਣਾਈਆ । ਮੇਰੀ ਵਿਨ੍ਹ ਦਿਤੀ ਤਿੰਨਾਂ ਤਹਿਵਾਂ ਵਾਲੀ ਹੱਡੀ, ਦੁਖ ਨਾਲ ਦੁਖ ਦਿਤਾ ਮਿਲਾਈਆ । ਰਵਿਦਾਸ ਹੈਰਾਨ ਹੋ ਕੇ ਓਥੇ ਆਰ ਛੱਡੀ, ਇਹ ਸੇਵਾ ਨਾ ਮੈਨੂੰ ਭਾਈਆ । ਮੈਂ ਗੁਜ਼ਾਰਾ ਕਰ ਲਾਂ ਖਾ ਕੇ ਅੱਧੀ, ਅੱਧੀ ਨਾਲੋਂ ਅੱਧੀ ਆਪਣੇ ਨਾਲ ਰਖਾਈਆ । ਓਧਰੋਂ ਜੋਤ ਅਕਾਲਣ ਧਾਰ ਸ਼ਬਦ ਹੋ ਕੇ ਆਈ ਭੱਜੀ, ਹੌਲੀ ਜਿਹੀ ਕੰਨ ਵਿਚ ਦਿਤਾ ਸੁਣਾਈਆ । ਵੇਖੀਂ ਇਹ ਕਾਰ ਨਾ ਛੱਡੀਂ, ਇਹ ਸਾਹਿਬ ਹੁਕਮ ਗੁਸਾਈਆਂ । ਤੂੰ ਉਹਨੂੰ ਕਹਿ ਮੈਂ ਟੁੱਟਿਆਂ ਰਿਹਾ ਗੰਢੀ, ਦੁਖੀਆਂ ਦਾ ਦੁਖ ਪ੍ਰਭ ਦੀ ਝੋਲੀ ਪਾਈਆ । ਇਹ ਬਚਨ ਸੁਣ ਕੇ ਉਹ ਟੁੱਟੀ ਪਾਨਹੀ ਹਸੀ, ਖ਼ੁਸ਼ੀ ਹੋ ਕੇ ਅੰਦਰ ਖ਼ੁਸ਼ੀ ਮਨਾਈਆ । ਇਹ ਗੱਲ ਸੱਚੀ ਜਿਹੜੀ ਓਸ ਸਵਾਣੀ ਦੱਸੀ, ਰਵਿਦਾਸ ਬੰਨ੍ਹੇ ਡੋਰੀ ਨਾਲ ਰੱਸੀ, ਹੱਥਾਂ ਨਾਲ ਖਿਚ ਕੇ ਜਾਵੇ ਕਸੀ, ਧੁਰ ਦੀ ਗੰਢ ਪਵਾਈਆ । ਓਨੇ ਚਿਰ ਨੂੰ ਉਹਦੀ ਪੀੜ ਹੋ ਗਈ ਮੱਠੀ, ਫੇਰ ਚਰਨਾਂ ਉਤੇ ਢੱਠੀ, ਮੈਨੂੰ ਦੱਸ ਉਹ ਕਿਹੜੀ ਸੂਤਰ ਵਾਲੀ ਅੱਟੀ, ਜਿਸ ਦੇ ਵਿਚੋਂ ਤੰਦ ਖਿਚਾਈਆ । ਮੈਂ ਵੇਖਾਂ ਉਹ ਹੱਟੀ, ਜਿਥੋਂ ਮਿਲਦੀ ਇਹ ਖੱਟੀ, ਜਿਸ ਦੇ ਨਾਲ ਆਪਣੀ ਕਾਰ ਕਮਾਈਆ । ਰਵਿਦਾਸ ਕਿਹਾ ਓਹ ਕਮਲੀਏ ਇਹ ਪ੍ਰਭ ਦੀ ਰਤੀ ਸਮਝ ਨਾ ਸਕੇ ਮਤੀ, ਤੂੰ ਸਮਝ ਨਾ ਸਕੀ ਸਖ਼ੀ, ਕਿਉਂ ਤੇਰਾ ਕਾਹਨ ਤੈਨੂੰ ਨਜ਼ਰ ਨਾ ਆਈਆ । ਜਿਸ ਵੇਲੇ ਮੇਰੇ ਪ੍ਰਭ ਦਾ ਦਰਸ਼ ਪਾਵੇਂ ਅੱਖੀਂ, ਤੂੰ ਨੰਗੇ ਪੈਰੀਂ ਆਵੇਂ ਨੱਠੀ, ਤੈਨੂੰ ਭੁਲ ਜਾਏ ਆਪਣੀ ਖੱਟੀ, ਤੇਰੇ ਹਿਰਦੇ ਉਤੋਂ ਆਪੇ ਪਾਗ਼ਲਾਂ ਵਾਲੀ ਖੁਲ੍ਹ ਜਾਏ ਪੱਟੀ, ਦੁਹਾਗਣ ਵੈਰਾਗਣ ਹੋ ਕੇ ਦਏ ਦੁਹਾਈਆ । ਇਹ ਗੱਲ ਸੱਚੀ ਪਾਨਹੀ ਕਹੇ ਕਿ ਪੱਕੀ, ਉਸ ਨੇ ਕਿਹਾ ਹਾਂ ਹੋਰ ਕਿਸੇ ਨਾ ਦੱਸੀਂ, ਤੇਰਾ ਦੱਸਿਆ ਕੰਮ ਕਿਸੇ ਨਾ ਆਈਆ । ਜਿੰਨਾਂ ਚਿਰ ਮੈਂ ਨਾ ਦੇਵਾਂ ਮਤੀ, ਉਨਾ ਚਿਰ ਵਾ ਨਾ ਲਗੇ ਤੱਤੀ, ਕੋਈ ਦਰਸ ਪਾਵੇ ਨਾ ਅੱਖੀਂ, ਹਕ਼ੀਕ਼ਤ ਮਿਲੇ ਕਿਸੇ ਨਾ ਹਕੀ, ਹਾਕਮ ਰੋਂਦੇ ਮਾਰਨ ਧਾਹੀਆ । ਜਿਨ੍ਹਾਂ ਦਾ ਮਾਲਕ ਬਣਿਆ ਧੁਰ ਦਾ ਪਤੀ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਰਵਿਦਾਸ ਨੇ ਜਿਸ ਵੇਲੇ ਰੰਬੀ ਦਾ ਪਾਇਆ ਚੀਰ, ਟੁਕੜਾ ਢਾਈ ਉਂਗਲਾ ਦਾ ਪਰੇ ਹਟਾਈਆ । ਉਹ ਗ਼ਰੀਬਾਂ ਦੀ ਜੁੱਤੀ ਕਹੇ

੨੬੫

ਹਾਏ ਮੈਨੂੰ ਹੋਈ ਪੀੜ, ਹੋਕਾ ਦੇ ਕੇ ਰਹੀ ਸੁਣਾਈਆ । ਓਹ ਗ਼ਰੀਬਾਂ ਨੂੰ ਦੇ ਕੇ ਅੱਧ ਵਿਚੋਂ ਚੀਰ, ਦੋ ਟੁਕੜੇ ਦਿਤੇ ਕਰਾਈਆ । ਨਹੀਂ, ਤਲੇ ਕਿਹਾ ਕੋਈ ਸੂਫ਼ੀਆਂ ਵਰਗਾ ਫ਼ਕੀਰ, ਸੁਫ਼ਨੇ ਵਿਚ ਪਾਰ ਲੰਘਾਈਆ । ਪਤਾ ਨਹੀਂ ਏਸ ਮੈਨੂੰ ਕਰਨਾਂ ਲੀਰੋ ਲੀਰ, ਮੇਰਾ ਅੰਗ ਅੰਗ ਕਟਾਈਆ । ਨਾਲੇ ਰੋਵੇ ਨਾਲੇ ਨੇਤਰ ਵਹਾਵੇ ਨੀਰ, ਹੰਝੂਆਂ ਜਲਧਾਰ ਬੰਧਾਈਆ । ਰਵਿਦਾਸ ਨੇ ਓਸੇ ਵੇਲੇ ਜੁੱਤੀ ਦੇ ਚਾਰ ਤਰਫ਼ ਮਾਰ ਦਿਤੀ ਲਕੀਰ, ਰੰਬੀ ਚਾਰੋਂ ਤਰਫ਼ ਘੁੰਮਾਈਆ । ਓਸੇ ਵੇਲੇ ਆ ਗਈ ਧੀਰ, ਕਹੇ, ਹੈਂ ! ਇਹ ਕੀ ਤੇਰੀ ਵਡਿਆਈਆ । ਓਸ ਨੇ ਕਿਹਾ ਗ਼ਰੀਬਾਂ ਨੂੰ ਵੇਖ ਕੇ ਮੇਰਾ ਪ੍ਰਭੂ ਹੋਵੇ ਦਿਲਗੀਰ, ਨਿਰਾਲੇ ਕਰ ਕੇ ਸੇਵ ਕਮਾਈਆ । ਮੈਂ ਨੀਚਾਂ ਦਾ ਨੀਚ, ਜ਼ਾਤ ਕਮੀਨੀ ਵਿਚ ਜਨਮ ਆਪਣਾ ਲਿਆ ਬਦਲਾਈਆ । ਬਿਨਾ ਮੇਰੇ ਪ੍ਰਭ ਤੋਂ ਸੁਣੀ ਨਹੀਂ ਜਾਂਦੀ ਦੁਖੀਆ ਦੀ ਚੀਕ, ਜੋ ਓਸ ਦੇ ਦੁਖ ਵਿਚ ਰਹੇ ਕੁਰਲਾਈਆ । ਉਹ ਭਗਤਾਂ ਨੂੰ ਸਦਾ ਰਿਹਾ ਉਡੀਕ, ਨੇਤਰ ਨੈਣ ਅੱਖ ਖੁਲ੍ਹਾਈਆ । ਕੋਈ ਕਰਕੇ ਵੇਖੇ ਪ੍ਰੀਤ, ਅੰਦਰੋਂ ਬਾਹਰੋਂ ਕਰ ਦਏ ਠਾਂਡਾ ਸੀਤ, ਸਤਿ ਸਤਿ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੀਰਜ ਧੀਰ ਰਿਹਾ ਵਖਾਈਆ । ਜਿਸ ਵੇਲੇ ਰੰਬੀ ਦੀ ਅਗਲੀ ਲੱਗੀ ਨੋਕ, ਥੋੜ੍ਹਾ ਮੁਖ ਛੁਹਾਈਆ । ਓਸ ਵੇਲੇ ਜਾਗ ਪਏ ਚੌਦਾਂ ਲੋਕ, ਚੌਦਾਂ ਤਬਕ ਲੈਣ ਅੰਗੜਾਈਆ । ਰਵਿਦਾਸ ਨੇ ਗਾਇਆ ਅੰਦਰੋਂ ਸੋਹੰ ਸਲੋਕ, ਤੂੰ ਮੇਰਾ ਮੈਂ ਤੇਰਾ ਸਦਾ ਚਲਾਂ ਤੇਰੀ ਰਜ਼ਾਈਆ । ਪੁਰਖ ਅਕਾਲ ਕਿਹਾ ਤੂੰ ਨਾ ਜਾਣੇਂ ਤੂੰ ਮੇਰਾ ਮੈਂ ਤੇਰੀ ਜੋਤ, ਜੋਤ ਨਾਲ ਮੇਰੀ ਰੁਸ਼ਨਾਈਆ । ਅੰਦਰ ਵੜ ਕੇ ਵੇਖ ਤੇਰੀ ਮੇਰੀ ਇਕੋ ਗੋਤ, ਦੂਜਾ ਬਰਨ ਨਾ ਕੋਈ ਬਣਾਈਆ । ਮੈਨੂੰ ਐ ਜਾਪਦਾ ਰਵਿਦਾਸਾ ਕਦੇ ਤੇਰੇ ਨਾਲ ਮਿਲ ਕੇ ਮਾਨਣੀ ਮੌਜ, ਮਜਲਸ ਭਗਤਾਂ ਵਿਚ ਲਗਾਈਆ । ਫੇਰ ਓਥੇ ਕਰਾਂਗੇ ਕੋਈ ਹੋਰ ਸੋਚ, ਜਿਸ ਬਿਧ ਨਾਲ ਕਲਜੁਗ ਸਤਿਜੁਗ ਰੂਪ ਵਟਾਈਆ । ਰਵਿਦਾਸ ਕਿਹਾ ਮੈਂ ਕੀ ਜਾਣਾਂ ਤੇਰੀ ਖੋਜ, ਤੂੰ ਖੋਜਿਆਂ ਹੱਥ ਕਿਸੇ ਨਾ ਆਈਆ । ਪੁਰਖ ਅਕਾਲ ਕਿਹਾ ਮੈਂ ਨਿਤ ਦਰਸ਼ਨ ਦੇਵਾਂ ਰੋਜ਼, ਤੇਰੇ ਦਰਸ ਦੀ ਰੋਜ਼ੀ ਆਪਣਾ ਉਧਾਰ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਜਿਸ ਵੇਲੇ ਰੰਬੀ ਨੇ ਕੀਤਾ ਟੁਕੜਾ, ਹਿੱਸਾ ਦਿਤਾ ਵੰਡਾਈਆ । ਓਸ ਵੇਲੇ ਆਵਾਜ਼ ਆਈ ਚਾਰੇ ਨੁੱਕਰਾ, ਨੁਕਤਿਆਂ ਨਾਲ ਸਮਝਾਈਆ । ਵਾਹ ਮੇਰੇ ਪੁੱਤਰਾ, ਮੇਰੀ ਪਤ ਰਖਣੀ, ਬੋਲਿਆ ਧੁਰਦਰਗਾਹੀਆ । ਰਵਿਦਾਸ ਕਿਹਾ ਮੈਂ ਤੇਰੇ ਕੁਛੜੋਂ ਕਦੇ ਨਾ ਉਤਰਾਂ, ਬਾਲਕ ਹੋ ਕੇ ਗੋਦੀ ਵਿਚ ਸੋਭਾ ਪਾਈਆ । ਪੁਰਖ ਅਕਾਲ ਕਿਹਾ ਮੈਂ ਵੀ ਕੀਤੇ ਇਕਰਾਰ ਤੋਂ ਕਦੇ ਨਾ ਮੁਕਰਾਂ, ਲਹਿਣਾ ਜੁਗ ਜੁਗ ਝੋਲੀ ਪਾਈਆ । ਸਮੇਂ ਸਿਰ ਏਹੋ ਜੇਹਾਂ ਪੁੱਤਰਾਂ, ਪੁਖ਼ਤਾ ਆਪਣਾ ਰੰਗ ਚੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਆਪਣੇ ਹੱਥ ਰਖਾਈਆ । ਇਕ ਦਿਨ ਰੰਬੀ ਨੇ ਟੁਕੜੇ ਕੀਤੇ ਤਿੰਨ, ਤਿੰਨੇ ਰਹੇ ਕੁਰਲਾਈਆ । ਜੇ ਸਾਨੂੰ ਰੱਬ ਦਾ ਨਜ਼ਰ ਆਵੇ ਚਿੰਨ੍ਹ, ਉਸ ਨੂੰ ਫੜ ਕੇ ਦਈਏ ਸਮਝਾਈਆ । ਕਿਉਂ ਸਾਨੂੰ ਰੰਬੀਆਂ ਆਰਾਂ ਨਾਲ ਰਿਹਾਂ ਵਿੰਨ੍ਹ, ਦੁਖੀਆਂ ਨੂੰ ਦੁਖ ਨਾਲ ਸਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਚੀ ਵਡਿਆਈਆ । ਰੰਬੀ ਆਰ ਕਹੇ ਮੈਨੂੰ ਐਂ ਜਾਪਦੀ, ਪ੍ਰਭ ਕੁਛ ਅਗਲਾ ਲੇਖਾ ਰਿਹਾ ਜਣਾਈਆ । ਜਿਸ ਵੇਲੇ ਕਲਜੁਗ ਸ੍ਰਿਸ਼ਟੀ ਭਰਨੀ ਪਾਪ ਦੀ, ਦੁਰਮਤ ਰੰਗ ਰੰਗਾਈਆ । ਮਦਦ ਮੁਕਣੀ ਗੁਰ ਅਵਤਾਰ ਪੀਰ ਪੈਗ਼ੰਬਰ ਸਾਥ ਦੀ, ਸਗਲਾ ਸੰਗ ਨਾ ਕੋਇ ਬਣਾਈਆ । ਪਤ ਰਹਿਣੀ ਨਾ ਤੀਰਥ ਤਾਟ ਦੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਪਰਦਾ ਰਹਿਣ ਕੋਈ ਨਾ ਪਾਈਆ । ਸਮਝ ਮੁਕਣੀ ਰਸੂਲ ਪਾਕ ਦੀ, ਖ਼ਾਕੀ ਬੰਦੇ ਦੇਣ ਦੁਹਾਈਆ । ਨਿਮਾਜ਼ ਮੁਕਣੀ ਸਚ ਮਹਿਰਾਬ ਦੀ, ਮਹਿਬੂਬ ਮਿਲਣ ਕੋਇ ਨਾ ਆਈਆ । ਮੁਲਾਕਾਤ ਚੁਕਣੀ ਵਾਹਦ ਜਨਾਬ ਦੀ, ਜਲਵਾ ਨੂਰ ਨਾ ਕੋਇ ਰੁਸ਼ਨਾਈਆ । ਵਡਿਆਈ ਮੁਕਣੀ ਸਚ ਆਦਾਬ ਦੀ, ਧੁਰ ਸਲਾਮ ਨਾ ਕੋਇ ਕਰਾਈਆ । ਲੜੀ ਟੁਟਣੀ ਸਾਚੇ ਸਤਿਨਾਮ ਦੀ, ਰਾਮ ਰਾਮ ਹਿਰਦੇ ਨਾ ਕੋਇ ਵਸਾਈਆ । ਖੇਲ ਮੁਕਣੀ ਦੀਨ

ਮਜ਼੍ਹਬ ਸ਼ੈਤਾਨ ਦੀ, ਜ਼ਾਤ ਪਾਤ ਦਏ ਗਵਾਈਆ । ਐਉਂ ਭਾਸੇ, ਰਵਿਦਾਸਾ, ਓਸ ਵੇਲੇ ਲੋੜ ਪੈਣੀ ਸੋਹੰ ਜਾਪ ਦੀ, ਤੇਰੇ ਅੰਦਰ ਦੀ ਧਾਰ ਤੇਰੀ ਕਲਮ ਦਾ ਪਿਆਰ ਤੇਰੇ ਅੱਖਰਾਂ ਦਾ ਵਿਸਥਾਰ ਰਿਹਾ ਜਣਾਈਆ । ਰਵਿਦਾਸ ਕਿਹਾ ਚੁਪ ਰੌਲਾ ਨਾ ਪਾ ਵਿਚ ਸੰਸਾਰ, ਇਹ ਹੁਕਮ ਦਿਤਾ ਮੇਰੇ ਯਾਰ, ਜਿਸ ਵੇਲੇ ਖੇਲ ਕਰਾਂ ਬਣ ਕਰਤਾਰ, ਨਿਰੰਕਾਰ ਹੋ ਕੇ ਤੇਰਾ ਆਕਾਰ ਦੇਵਾਂ ਪਰਗਟਾਈਆ । ਮੇਰੇ ਸ਼ਬਦਾਂ ਦਾ ਇਸ਼ਤਿਹਾਰ, ਦੋ ਜਹਾਨ ਕਰੇ ਖ਼ਬਰਦਾਰ, ਲੋਆਂ ਪੁਰੀਆਂ ਬ੍ਰਹਿਮੰਡਾਂ ਖੰਡਾਂ ਦਿਆਂ ਜਗਾਈਆ । ਭਗਤ ਸੁਹੇਲੇ ਉਠਾ ਕੇ ਵਾਰੋ ਵਾਰ, ਖਿਚ ਕੇ ਲਿਆਵਾਂ ਚਰਨ ਦਵਾਰ, ਜਿਥੇ ਬੈਠਾ ਸਰਦਾਰਾਂ ਦਾ ਸਰਦਾਰ, ਤਖ਼ਤ ਨਿਵਾਸੀ ਗਹਿਰ ਗੰਭੀਰ ਬੇਨਜ਼ੀਰ ਆਸਣ ਲਾਈਆ । ਜਿਸ ਦਾ ਕਿਸੇ ਨਹੀਂ ਕੀਤਾ ਇਤਬਾਰ, ਅਗੇ ਗੁਰਮੁਖ ਕਰ ਕੇ ਜਾਏ ਹੁਸ਼ਿਆਰ, ਹੁਸ਼ਿਆਰੀ ਆਪਣੇ ਨਾਲ ਰਖਾਈਆ । ਚਰਨ ਪ੍ਰੀਤੀ ਬਖ਼ਸ਼ ਪਿਆਰ, ਆਤਮ ਅਤੀਤੀ ਕਰੇ ਆਧਾਰ, ਨੀਤੀ ਵਿਚੋਂ ਨੀਤੀ ਦਏ ਬਦਲਾਈਆ । ਰੰਬੀ ਕਹੇ ਫੇਰ ਸਾਡਾ ਕੀ ਵਿਹਾਰ, ਜੇ ਤੂੰ ਨਾ ਰਿਹੋਂ ਚਮਿਆਰ, ਅਸੀਂ ਕਿਹੜੀ ਕਰੀਏ ਕਾਰ, ਸਾਨੂੰ ਦੇ ਸਮਝਾਈਆ । ਰਵਿਦਾਸ ਕਿਹਾ ਮੇਰਾ ਪ੍ਰਭੂ ਹੋਵੇ ਦਿਆਲ, ਤੁਹਾਨੂੰ ਮਾਰਗ ਦਏ ਸਿਖਾਲ, ਪ੍ਰਤੱਖ ਵਖਾ ਕੇ ਆਪਣੇ ਲਾਲ, ਨੇਤਰ ਨੈਣ ਅੱਖ ਖੁਲ੍ਹਾਈਆ । ਤੁਸਾਂ ਸੇਵਾ ਕਰਨੀ ਵਾਰੋ ਵਾਰ, ਅੰਦਰ ਵੜ ਕੇ ਚੋਭੇ ਦੇਣੇ ਮਾਰ, ਆਰ ਤੇਰੀ ਇਹ ਵਡਿਆਈਆ । ਰੰਬੀ ਤੂੰ ਕੂੜ ਕੁੜਿਆਰਾ ਦੇਣਾ ਪਾੜ, ਅੰਦਰ ਸਾਫ਼ ਕਰਨੀ ਬਹੱਤਰ ਨਾੜ, ਬਾਹਰ ਕਢਣਾ ਕਰੋਧ ਹੰਕਾਰ, ਸ਼ੈਤਾਨ ਤੇਰੇ ਹੁੰਦਿਆ ਰਹਿਣ ਕੋਇ ਨਾ ਪਾਈਆ । ਡੋਰੀ ਤੂੰ ਮਿਲੌਣਾ ਓਸ ਸਾਂਝੇ ਯਾਰ, ਜਿਸ ਦੀ ਗੰਢ ਰਹੇ ਜੁਗ ਚਾਰ, ਜਿਸ ਦਾ ਵਿਛੋੜਾ ਮਿਲ ਕੇ ਵਿਛੋੜਿਆਂ ਵਿਚੋਂ ਬਾਹਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਣੇ ਨਾਲ ਸਮਝਾਈਆ । ਰੰਬੀ ਕਿਹਾ ਕਿਸ ਬਿਧ ਵੜਾਂ ਅੰਦਰ, ਗੁਰਮੁਖਾਂ ਡੇਰਾ ਲਾਈਆ । ਆਰ ਕਿਹਾ ਕਿਸ ਬਿਧ ਜਾਵਾਂ ਅੰਧੇਰੀ ਕੰਦਰ, ਆਪਣਾ ਫੇਰਾ ਪਾਈਆ । ਰਵਿਦਾਸ ਕਿਹਾ ਜਿਸ ਵੇਲੇ ਉਹ ਸਮਾਂ ਆਇਆ ਮੇਰਾ ਸਾਹਿਬ ਚਾਰ ਤਰਫ਼ ਦੇ ਖੋਲ੍ਹ ਦੇਵੇ ਜੰਦਰ, ਗੁਰਮੁਖਾਂ ਦਾ ਸਿੱਧਾ ਰਾਹ ਚਾਰੋਂ ਕੁੰਟ ਰਖਾਈਆ । ਸਚਖੰਡ ਕੀ ਪ੍ਰਭੂ ਨੇ ਵਾੜਨੇ ਡੰਗਰ, ਕੀ ਢੋਰਾਂ ਖਲ ਟੰਗਾਈਆ । ਕੀ ਪ੍ਰਭੂ ਨੇ ਉਥੇ ਕੋਈ ਨਚੌਣੇ ਬੰਦਰ, ਜੋ ਮਨ ਵਾਸਨਾ ਵਿਚ ਭੱਜਣ ਵਾਹੋ ਦਾਹੀਆ । ਕੀ ਓਥੇ ਲਟਕੌਣੇ ਸੂਰਜ ਚੰਦਰ, ਜੋ ਹੁਕਮੇ ਅੰਦਰ ਦੇਣ ਰੁਸ਼ਨਾਈਆ । ਸਚ ਪੁਛੋ, ਓਥੇ ਭਗਤ ਸੁਹੇਲੇ ਸਦਾ ਦਵਾਰ ਤੇ ਮੰਗਣ, ਪ੍ਰੇਮ ਝੋਲੀ ਅਗੇ ਡਾਹੀਆ । ਜਿਨ੍ਹਾਂ ਨੂੰ ਲੋਕਮਾਤ ਆਏ ਸੱਦਣ, ਸੱਦਾ ਹੁਕਮ ਸੁਣਾਈਆ । ਫੇਰ ਉਹ ਏਸ ਡੋਰੀ ਵਿਚ ਬੱਝਣ, ਜਿਹੜੀ ਰਵਿਦਾਸ ਚੁਮਾਰੇ ਹੱਥ ਫੜਾਈਆ । ਅੱਠੇ ਪਹਿਰ ਰਹਿਣ ਮਗਨ, ਅੰਤਰ ਆਤਮ ਇਕ ਲਿਵ ਲਾਈਆ । ਜੇ ਕੋਈ ਸ਼ਹਿਨਸ਼ਾਹਾਂ ਦਾ ਸ਼ਹਿਨਸ਼ਾਹ ਪਾਤਸ਼ਾਹਾਂ ਦਾ ਪਾਤਸ਼ਾਹ ਰਾਜਿਆਂ ਦਾ ਰਾਜਾ ਮੇਰੇ ਭਗਤ ਨੂੰ ਆਪਣੀ ਬੇਟੀ ਦਾ ਦੇਣ ਆਵੇ ਸਗਣ, ਮੇਰਾ ਭਗਤ ਧੱਕੇ ਨਾਲ ਪਰੇ ਸੁਟਾਈਆ । ਮੈਨੂੰ ਓਸ ਦੀ ਲਗੀ ਲਗਨ, ਜਿਹੜਾ ਅੰਦਰ ਬਾਹਰ ਸੇਜ ਹੰਢਾਈਆ । ਮੈਂ ਆ ਕੇ ਓਸ ਮਾਹੀ ਦੇ ਪਤਣ, ਆਪਣਾ ਪਤਾ ਦਿਤਾ ਗਵਾਈਆ । ਭਗਤ ਕਹੇ ਮੈਂ ਇਕੋ ਜਾਣਿਆ ਇਕੋ ਮੇਰਾ ਸੱਜਣ, ਬਾਕੀ ਝੂਠੀ ਜਗਤ ਲੋਕਾਈਆ । ਜੋ ਭਗਤਾਂ ਭੱਜਾ ਆਇਆ ਲੱਭਣ, ਦਾਤਾ ਦਾਨ ਆਇਆ ਵੰਡਣ, ਚਾਰੋਂ ਕੁੰਟ ਵੇਖ ਵਖਾਈਆ । ਟੁੱਟੀ ਆਇਆ ਗੰਢਣ, ਆਪਣੀ ਪਿਠ ਬਦਲਾਈਆ । ਕਰਵਟ ਲੈ ਕੇ ਗੁਰਮੁਖਾਂ ਦੇ ਅੰਦਰ ਆਇਆ ਲੰਘਣ, ਵੱਡਿਉਂ ਨਿੱਕਾ ਰੂਪ ਵਟਾਈਆ । ਜਨਮ ਕਰਮ ਦੇ ਤੋੜਨ ਆਇਆ ਬੰਧਨ, ਬੰਦੀਖ਼ਾਨਾ ਦਏ ਗਵਾਈਆ । ਪ੍ਰੇਮ ਰਸ ਦਾ ਦੇਵੇ ਅਨੰਦਨ, ਅਨੰਦ ਇਕੋ ਇਕ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਦਾਤਾ ਬੇਪਰਵਾਹੀਆ । ਰੰਬੀ ਕਹੇ ਮੈਂ ਹੁੰਗਾਰਾ ਦੇਵਾਂ ਨਾਲ ਹੂੰ, ਹੌਲੀ ਜਿਹੀ ਸੁਣਾਈਆ । ਜਿਸ ਵੇਲੇ ਆਵੇਂ ਪ੍ਰਭ ਤੂੰ, ਤੂੰਹੀ ਤੂੰਹੀ ਰਾਗ ਸਰਬ ਸੁਣਾਈਆ । ਭਗਤਾਂ ਦੀ ਲੰਘੇ ਬਿਨਾ ਸਰਦਲ ਵਾਲੀ ਬਰੂਹ, ਜਿਸ ਦਾ ਦਰਵਾਜ਼ਾ ਆਪਣੇ ਹੁਕਮ ਨਾਲ ਖੁਲ੍ਹਾਈਆ ।

੨੬੭

ਓਸ ਮੰਦਰ ਅੰਦਰ ਵੜ ਕੇ ਪਏਂ ਕੂ, ਜਿਥੇ ਕੂਕ ਫ਼ਰਿਆਦ ਸੁਣਨ ਵਾਲਾ ਨਜ਼ਰ ਕੋਇ ਨਾ ਆਈਆ । ਜੇ ਭਗਤ ਲੱਭਣ ਤੇ ਨਜ਼ਰ ਆਵੇਂ ਹੂਬਹੂ, ਹੁਲੀਆ ਆਪਣਾ ਫੇਰ ਬਦਲਾਈਆ । ਪਾਕ ਕਰ ਕੇ ਬੁਤ ਰੂਹ, ਦੇਵੇਂ ਮਾਣ ਵਡਿਆਈਆ । ਭਗਤ ਉਧਾਰਨਾ ਪੰਜਾਬੀ ਲੱਛਣ ਕਰਨਾ ਛੂਹ, ਇਸ਼ਾਰੇ ਨਾਲ ਪਾਰ ਲੰਘਾਈਆ । ਅਸਾਂ ਵੇਖਿਆ ਤੂੰ ਝਟ ਬਦਲ ਦਿਤਾ ਧਰੂ, ਸਵਰਨ ਦਿਤੀ ਵਡਿਆਈਆ । ਬ੍ਰਹਮਾ ਪਾ ਕੇ ਆਪਣੇ ਵੱਡੇ ਖੂਹ, ਪਾਲ ਸਿੰਘ ਪਾਲਕੀ ਦਿਤਾ ਚੜ੍ਹਾਈਆ । ਸ਼ੰਕਰ ਆਪਣੀ ਧਾਰ ਪਰੋ, ਜਗਤ ਜਗਦੀਸ਼ ਹੁਕਮ ਮਨਾਈਆ । ਇੰਦ ਇੰਦਰਾਸਣ ਰਹੀ ਨਾ ਲੋ, ਸਿੰਘਾਸਣ ਗਿਆ ਤਜਾਈਆ । ਹੁਕਮੇਂ ਅੰਦਰ ਬਿਠਾਏ ਓਹ, ਜਿਸ ਬਾਲੇ ਮਿਲੀ ਵਡਿਆਈਆ । ਭਗਤਾਂ ਬਖ਼ਸ਼ ਕੇ ਮੋਹ, ਮੁਹੱਬਤ ਨਾਤੇ ਰਿਹਾ ਜੁੜਾਈਆ । ਪਾਲ ਸਿੰਘਾ ਯਾਦ ਈ ਸੋਲਾਂ ਮੱਘਰ ਓਹ, ਵੀਹ ਸੌ ਦਸ ਬਿਕ੍ਰਮੀ ਜਿਸ ਵੇਲੇ ਆਦਿ ਸ਼ਕਤ ਦੁਰਗਾ ਅਸ਼ਟਮ ਕਾਲਕਾ ਕਮਲੀ ਤੇਰੇ ਸਾਹਮਣੇ ਹੋ ਕੇ ਰੋ ਰੋ ਦੇਣ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਚਾਦਰ ਟੁੱਟੀ ਹੋਈ ਕਹੇ ਮੈਂ ਬਣ ਗਈ ਫੂੜ੍ਹੀ, ਰਵਿਦਾਸ ਹੱਥਾਂ ਲਈ ਦਬਾਈਆ । ਇਕ ਦਿਨ ਮੈਂ ਉਹਦੇ ਤੋਂ ਮੰਗੀ ਮਜ਼ਦੂਰੀ, ਮੇਰਾ ਲੇਖਾ ਦੇ ਮੁਕਾਈਆ । ਓਸ ਨੇ ਕਿਹਾ ਮੈਂ ਦੇਵਾਂ ਜ਼ਰੂਰੀ, ਕ਼ਰਜ਼ਾ ਪਿਛਲਾ ਦਿਆਂ ਮੁਕਾਈਆ । ਇਕ ਦਿਨ ਉਹ ਢਿੱਡੋਂ ਭੁੱਖਾ ਓਹਦੇ ਮੋਢੇ ਉਤੇ ਕਾਲੀ ਸੀ ਭੂਰੀ, ਉਹ ਵੀ ਉਤੋਂ ਲਾਹ ਕੇ ਮੇਰੇ ਉਤੇ ਦਿਤੀ ਪਾਈਆ । ਨੰਗਾ ਹੋ ਕੇ ਪੈਰੋਂ ਬਹਿ ਗਿਆ ਇਹ ਵੀ ਮੇਰੀ ਮਜ਼ਬੂਰੀ, ਖ਼ਾਲੀ ਹੱਥ ਦਏ ਵਖਾਈਆ । ਓਨੇ ਚਿਰ ਨੂੰ ਇਹ ਹਾਲਤ ਵੇਖ ਕੇ ਰੋ ਪਈ ਫੂੜ੍ਹੀ, ਫੁਰਨਿਆਂ ਵਿਚ ਦਏ ਦੁਹਾਈਆ । ਰਵਿਦਾਸਾ ਤੇਰੀ ਕਿਹਦੇ ਨਾਲ ਯਾਰੀ ਗੂੜ੍ਹੀ, ਜਿਸ ਨੇ ਸਬਰ ਪਿਆਲਾ ਦਿਤਾ ਪਿਆਈਆ । ਓਸੇ ਵੇਲੇ ਪ੍ਰਭ ਨੇ

੨੬੮ ਦਰਸ਼ਨ ਦਿਤਾ ਹਾਜ਼ਰ ਹਜ਼ੂਰੀ, ਸਨਮੁਖ ਹੋ ਕੇ ਨਜ਼ਰੀ ਆਈਆ । ਸ੍ਰੀ ਭਗਵਾਨ ਨੇ ਏਸੇ ਤਰਹ ਥੱਲਿਉਂ ਫੜ ਕੇ ਚਰਨ ਦੀ ਧੂੜੀ, ਆਪਣੇ ਮਸਤਕ ਲਈ ਘਸਾਈਆ । ੨੬੮

ਜਨ ਭਗਤੋ ਤੁਹਾਡੀ ਫੇਰ ਦੇਵਾਂ ਮਜ਼ਦੂਰੀ, ਹਰਿ ਸੰਗਤ ਲੇਖੇ ਆਪਣਾ ਨਾਮ ਲਗਾਈਆ । ਰਵਿਦਾਸ ਨੇ ਰੋ ਕੇ ਕਿਹਾ ਪ੍ਰਭੂ ਤੇਰੀ ਇਹ ਖੇਲ ਮੈਂ ਨਾ ਜਾਣਾ ਕੂੜੀ, ਤੂੰ ਕੂੜਿਆਂ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਉਹ ਫੂੜ੍ਹੀ ਕਹੇ ਇਕ ਦਿਨ ਰਵਿਦਾਸ ਭੁੱਖਾ ਸੀ ਤਿੰਨ ਦਿਨ ਦਾ, ਖ਼ੁਸ਼ੀਆਂ ਨਾਲ ਗੰਢ ਪੁਆਈਆ । ਬਿਨ ਮਣਕਿਆਂ ਮਾਲਾ ਆਪਣੀ ਗਿਣਦਾ, ਹਿਰਦੇ ਹਰਿ ਹਰਿ ਰਿਹਾ ਧਿਆਈਆ । ਜਾਂ ਪਾਸਾ ਵੱਟਿਆ ਉਹਦੇ ਗੋਡੇ ਤੋਂ ਸੱਤ ਉਂਗਲਾਂ ਉਪਰ ਚੁਭਿਆ ਇਕ ਤਿਨਕਾ, ਆਪਣਾ ਜ਼ੋਰ ਲਗਾਈਆ । ਉਸ ਦਾ ਥੋੜ੍ਹਾ ਜਿਹਾ ਅੰਦਰ ਰਹਿ ਗਿਆ ਛਿਲਕਾ, ਜੋ ਖ਼ੂਨ ਨਾਲ ਮਿਲਕੇ ਆਪਣਾ ਰੰਗ ਰੰਗਾਈਆ । ਓਸ ਅੰਦਰ ਵੜ ਕੇ ਵੇਖਿਆ ਖੇਲ ਓਸ ਦੇ ਦਿਲ ਦਾ, ਅਜਬ ਕਹਾਣੀ ਨਜ਼ਰੀ ਆਈਆ । ਜਿਸ ਵੇਲੇ ਲੋਕ ਕਹਿਣ ਰਵਿਦਾਸ ਹੁਣ ਭੁੱਖਾ ਓਸੇ ਦਿਨ ਪ੍ਰਭੂ ਮਿਲਦਾ, ਏਸੇ ਕਰ ਕੇ ਤ੍ਰਿਪਤ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਲੇਖਾ ਲੇਖਾ ਆਪਣੇ ਹੱਥ ਰਖਾਈਆ । ਫੂੜ੍ਹੀ ਕਹੇ ਮੈਂ ਇਕ ਦਿਨ ਇਕੱਲੀ ਹੱਸਾਂ, ਏਧਰ ਓਧਰ ਸਾਥੀ ਨਜ਼ਰ ਕੋਇ ਨਾ ਆਈਆ । ਮੈਂ ਆਖਿਆ ਮੈਂ ਆਪਣੀ ਖ਼ੁਸ਼ੀ ਕਿਹਨੂੰ ਦੱਸਾਂ, ਕਿਹਨੂੰ ਦਿਆਂ ਸੁਣਾਈਆ । ਨਾ ਮੇਰੀਆਂ ਅੱਖਾਂ, ਕਿਹੜੇ ਮੱਥੇ ਉਤੇ ਹੱਥ ਰਖਾਈਆ । ਚਾਰੋਂ ਕੁੰਟ ਧਿਆਨ ਮਾਰਿਆ ਨਾ ਪੈਰਾਂ ਨਾ ਲੱਤਾਂ, ਮੈਂ ਕਿਧਰ ਉਠ ਕੇ ਨੱਠਾਂ, ਬਣ ਪਾਂਧੀ ਪੰਧ ਮੁਕਾਈਆ । ਸਬਰ ਕਰ ਕੇ ਕਹਿੰਦੀ ਮੈਂ ਓਸ ਦੀਆਂ ਆਸਾਂ ਰੱਖਾਂ, ਜੋ ਹਰ ਘਟ ਹਰ ਥਾਂ ਹੋਏ ਸਹਾਈਆ । ਓਧਰੋਂ ਪਰਮ ਪੁਰਖ ਪਰਮਾਤਮ ਰਵਦਾਸ ਨੂੰ ਮਿਲਣ ਆਇਆ ਨੱਠਾ, ਬਹੁਰੂਪੀਆ ਆਪਣਾ ਰੂਪ ਵਟਾਈਆ । ਹੱਥ ਵਿਚ ਦੋ ਡੰਡੇ ਸੁਥਰੇ ਵਾਂਗ ਮਾਰੇ ਸੱਟਾਂ, ਸੋਹਣਾ ਤਾਲ ਬਣਾਈਆ । ਪੈਰਾਂ ਨਾਲ ਨੱਚ ਕੇ ਉਡਾਇਆ ਘੱਟਾ, ਰਵਿਦਾਸ ਦੇ ਮੁਖ ਦੇ ਉਤੇ ਪਾਈਆ । ਫੂੜ੍ਹੀ ਕਿਹਾ ਮੈਂ ਓਸ ਨੂੰ ਜਾ ਕੇ ਚੱਟਾਂ, ਜਿਸ ਦਾ ਰਸ ਅੰਮ੍ਰਿਤ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਕਮਲੀਏ ਆ ਤੈਨੂੰ ਹੋਰ

ਕੁਛ ਦੱਸਾਂ, ਅਗਲੀ ਕਹਾਣੀ ਸੁਣਾਈਆ । ਜਿਸ ਵੇਲੇ ਮੈਂ ਨਿਰਗੁਣ ਜੋਤੀ ਜਾਮਾ ਧਰ ਕੇ ਵੇਸ ਵਟਾਵਾਂ ਵਿਚ ਜੱਟਾਂ, ਜੱਟ ਤੇਰਾ ਭਗਤ ਲਵਾਂ ਬਣਾਈਆ । ਤੈਨੂੰ ਇਹੋ ਰਵਿਦਾਸ ਫੇਰ ਵਖਾਵਾਂ ਅੱਖਾਂ, ਆਖ਼ਰ ਆਪਣਾ ਰੰਗ ਰੰਗਾਈਆ । ਖ਼ੁਸ਼ੀਆਂ ਨਾਲ ਬਹਿ ਕੇ ਰਾਹ ਦੱਸੇ ਚਰਨਾਂ ਵਿਚ ਰੱਖਾਂ, ਕਾਮਲ ਮੁਰਸ਼ਦ ਹੋ ਕੇ ਆਪਣੀ ਦਇਆ ਕਮਾਈਆ । ਮਨਮੁਖਾਂ ਤੋਂ ਦੋ ਜਹਾਨਾਂ ਬਾਹਰ ਨੱਠਾਂ, ਲੱਭਿਆਂ ਹੱਥ ਕਿਸੇ ਨਾ ਆਈਆ । ਓਨੇ ਚਿਰ ਨੂੰ ਰਵਿਦਾਸ ਆਪਣਾ ਹੱਥ ਮਾਰਿਆ ਓਤੇ ਪੱਟਾਂ, ਥੋੜ੍ਹੀ ਜਿਹੀ ਧਾਰ ਲਹੂ ਦੀ ਨਜ਼ਰੀ ਆਈਆ । ਓਸ ਨੇ ਕਿਹਾ ਏਸ ਨੂੰ ਪ੍ਰਭੂ ਵਾਸਤੇ ਸਾਂਭ ਕੇ ਰੱਖਾਂ, ਜਿਸ ਵੇਲੇ ਆਵੇ ਉਹਨੂੰ ਮਸਤਕ ਦਿਆਂ ਲਗਾਈਆ । ਫਿਰ ਕਲਜੁਗ ਭਗਤਾਂ ਨੂੰ ਦੱਸਾਂ, ਸਚ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕੁਦਰਤ ਦਾ ਮਾਲਕ ਕੁਦਰਤੀ ਮੇਲ ਮਿਲਾਈਆ । ਫੂੜ੍ਹੀ ਕਹੇ ਇਕ ਦਿਨ ਮੇਰੇ ਵਿਚ ਪੈ ਗਿਆ ਵਟ, ਵਿਚੋਂ ਉਚੀ ਨਜ਼ਰੀ ਆਈਆ । ਜਿਸ ਵੇਲੇ ਰਵਿਦਾਸ ਕਰਨ ਲਗਾ ਸੀ ਸਾਫ਼, ਉਤੇ ਆਪਣਾ ਹੱਥ ਫਿਰਾਈਆ । ਮੇਰੇ ਜਰਮ ਕਰਮ ਦਾ ਉਤਰ ਗਿਆ ਤਾਪ, ਦੁਖ ਰੋਗ ਰਿਹਾ ਨਾ ਰਾਈਆ । ਜਿਸ ਵੇਲੇ ਓਨ੍ਹ ਕੰਨੀ ਖਿੱਚੀ ਆਪ, ਸਿੱਧਾ ਦਿਤਾ ਕਰਾਈਆ । ਮੇਰੇ ਮੂੰਹ ਵਿਚੋਂ ਨਿਕਲਿਆ ਸੋਹੰ ਜਾਪ, ਵਾਹ ਵਾਹ ਤੇਰੀ ਵਡ ਵਡਿਆਈਆ । ਓਸੇ ਵੇਲੇ ਰਵਿਦਾਸ ਨੇ ਕਿਹਾ ਮੈਂ ਨਹੀਂ ਉਹ ਮੇਰਾ ਬਾਪ, ਜਿਹੜਾ ਦੋਹਾਂ ਦਾ ਨਾਤਾ ਰਿਹਾ ਜੁੜਾਈਆ । ਦੂਜੀ ਕੰਨੀ ਖਿਚ ਕੇ ਕਿਹਾ ਉਠ ਉਹਦੇ ਵਲ ਝਾਕ, ਆਪਣੀ ਅੱਖ ਖੁਲ੍ਹਾਈਆ । ਤੀਜੀ ਕੰਨੀ ਨੂੰ ਮਾਰਕੇ ਹਾਥ, ਸੁੱਤੀ ਨੂੰ ਲਿਆ ਉਠਾਈਆ । ਚੌਥੀ ਆਪੇ ਪਈ ਜਾਗ, ਆਲਸ ਨਿੰਦਰਾ ਦੂਰ ਕਰਾਈਆ । ਰਵਿਦਾਸ ਉਹ ਕਿਥੇ ਤੇਰਾ ਰਸੂਲ ਪਾਕ, ਓਸ ਦਾ ਇਸਮ ਦੇ ਵਖਾਈਆ । ਰਵਿਦਾਸ ਨੇ ਹੌਲੀ ਜਿਹੀ ਆਪਣੇ ਥਲਿਉਂ ਚੁਕ ਕੇ ਸਾਫ਼, ਪੜਦਾ ਦਿਤਾ ਉਠਾਈਆ । ਇਕ ਮਾਰ ਕੇ ਮੱਥੇ ਤੇ ਹਾਥ, ਫੇਰ ਦਿਤਾ ਸਮਝਾਈਆ । ਜਾਂ ਤੱਕਿਆ ਨਿਰਗੁਣ ਨੂਰ ਜੋਤ ਪਰਕਾਸ਼, ਨੂਰੋ ਨੂਰ ਕਰੇ ਰੁਸ਼ਨਾਈਆ । ਸਫ਼ ਕਹੇ ਵੇ ਰਵਿਦਾਸ ਇਹ ਕੀ ਤੇਰੇ ਮਾਥ, ਜਿਸ ਦਾ ਨੂਰ ਮੈਥੋਂ ਨਾ ਝਲਿਆ ਜਾਈਆ । ਵੇਖ ਕੇ ਜਲਵਾ ਥੱਲੇ ਡਿੱਗੀ ਸਾਫ਼, ਹੋਸ਼ ਹਵਾਸ ਰਹੀ ਨਾ ਰਾਈਆ । ਉਤੋਂ ਰਵਿਦਾਸ ਨੇ ਹੌਲੀ ਜਿਹੀ ਲਾਈ ਥਾਪ, ਥਪਕੀ ਨਾਲ ਉਠਾਈਆ । ਇਹ ਸਾਰਿਆਂ ਦਾ ਸੱਜਣ ਸਾਕ, ਡਰੌਂਦਾ ਨਹੀਂ ਡਰਦਿਆਂ ਨੂੰ ਆਪਣੇ ਗਲੇ ਲਗਾਈਆ । ਤੂੰ ਸੁਣਿਆ ਈ ਇਹਦਾ ਕੋਈ ਭਖਿਵਤ ਵਾਕ, ਇਹ ਕੀ ਰਿਹਾ ਜਣਾਈਆ । ਦੱਸਦਾ ਜਿਸ ਵੇਲੇ ਆਵਾਂ ਲੋਕਮਾਤ, ਨਿਹਕਲੰਕ ਰੂਪ ਵਟਾਈਆ । ਜਨ ਭਗਤਾਂ ਸਾਰਿਆਂ ਦਾ ਇਕੇ ਵਾਰ ਬਣਾਂ ਬਾਪ, ਇਕੱਠੇ ਗੋਦੀ ਲਵਾਂ ਉਠਾਈਆ । ਜਨਮ ਕਰਮ ਦੀ ਬਦਲ ਕੇ ਜ਼ਾਤ, ਜ਼ਾਤ ਆਪਣੀ ਵਿਚ ਮਿਲਾਈਆ । ਏਥੇ ਓਥੇ ਦੋ ਜਹਾਨਾਂ ਦੇ ਕੇ ਸਾਥ, ਸਗਲਾ ਸੰਗ ਬਣਾਈਆ । ਚਾਰ ਕੁੰਟ ਦਾ ਖੋਲ੍ਹ ਕੇ ਤਾਕ, ਕੁਫ਼ਲ ਸਾਰੇ ਦਿਆਂ ਤੁੜਾਈਆ । ਚਲਾ ਕੇ ਸਚ ਰਿਵਾਜ, ਰਿਆਇਤ ਰਵਾਇਤ ਝੋਲੀ ਪਾਈਆ । ਮੇਰਾ ਭਗਤ ਕਿਸੇ ਦਾ ਨਾ ਹੋਵੇ ਮੁਹਤਾਜ, ਦੂਜੇ ਦਰ ਨਾ ਮੰਗਣ ਜਾਈਆ । ਜਿਸ ਦਾ ਧਨਾਢ ਹੋਵੇ ਬਾਪ, ਕਿਉਂ ਚਾਚਿਆਂ ਅਗੇ ਝੋਲੀ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਗੁਰਮੁਖ ਗੁਰਸਿਖ ਹਰਿਜਨ ਹਰਿਭਗਤ ਧੁਰ ਦੇ ਧਨੀ ਲਏ ਬਣਾਈਆ । ਸਫ਼ ਕਹੇ ਰਵਿਦਾਸ ਤੂੰ ਕਿਸ ਤਰਹ ਉਲਟਿਆ ਮੇਰਾ ਸਫ਼ਾ, ਫਿਰ ਦੇ ਵਖਾਈਆ । ਉਹਦੇ ਅੰਦਰ ਬੇਪਰਵਾਹ ਦਾ ਗੱਫ਼ਾ, ਅਤੋਟ ਅਤੁਟ ਜਣਾਈਆ । ਉਹ ਕਹਿੰਦੀ ਹਾਏ ਮੇਰਿਆ ਰੱਬਾ, ਕਿਉਂ ਬੈਠਾ ਛੁਪਾ ? ਇਹ ਭੁੱਖਾ ਤੇਰੇ ਪਿਆਰ ਦਾ ਬੱਧਾ, ਤੇਰੀ ਸੇਵ ਕਮਾਈਆ । ਪਤਾ ਨਹੀਂ ਕਿਸ ਦੇ ਨਾਲ ਰੱਜਾ, ਤਿੰਨ ਤਿੰਨ ਦਿਨ ਰੋਟੀ ਖਾਣ ਵਾਲਾ ਮੁਖ ਮੁਖ ਨਾ ਕਦੇ ਖੁਲ੍ਹਾਈਆ । ਔਹ ਵੇਖ ਜਿਹੜਾ ਉਹਦੀ ਸਵਾਣੀ ਰਖ ਗਈ ਡੱਬਾ, ਸੁੱਕੇ ਟੁਕੜੇ ਉਹਦੇ ਵਿਚੋਂ ਚੂਹੇ ਗਏ ਚੁਰਾਈਆ । ਗ਼ਰੀਬਣੀ ਕੋਲ ਪੜਦਾ ਨਹੀਂ ਸੀ ਜਿਸ ਦੇ ਨਾਲ ਉਹਨੂੰ ਕੱਜਾ, ਖ਼ਾਲੀ ਹੱਥ ਗਈ ਫੜਾਈਆ । ਰਵਿਦਾਸ ਕਿਹਾ ਚੁਪ ਕਰ ਸਫ਼ੇ, ਤੂੰ ਕੀ ਜਾਣੇ, ਮੈਨੂੰ ਕਿਹੜਾ ਮਿਲਦਾ ਮਜ਼ਾ, ਰਸੀਆ ਦਾ ਰਸ

੨੬੯

ਮੇਰੇ ਅੰਦਰ ਗਿਆ ਵਸ, ਹਸ ਹਸ ਆਪਣੇ ਨਾਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੋਹਣੀ ਖੇਲ ਰਿਹਾ ਵਖਾਈਆ । ਫੂੜ੍ਹੀ ਕਹੇ ਰਵਿਦਾਸ ਮੇਰੇ ਵੇਖ ਤਾਣੇ ਪੇਟੇ ਵਾਲੇ ਧਾਗੇ, ਆਰ ਪਾਰ ਸਭ ਨੇ ਦਿਤੇ ਲੰਘਾਈਆ । ਵਿਚੋਂ ਬਹੁਤੇ ਸੋਏ ਥੋੜ੍ਹੇ ਜਾਗੇ, ਜਾਗਦਿਆਂ ਨੂੰ ਜਗਤ ਦਾ ਮਾਲਕ ਨਜ਼ਰੀ ਆਈਆ । ਰਵਿਦਾਸ ਕਿਹਾ ਨਹੀਂ ਇਹ ਵੀ ਵਡਭਾਗੇ, ਜੋ ਤੇਰੇ ਮੇਰੇ ਨਾਲ ਮਿਲ ਕੇ ਖ਼ੁਸ਼ੀ ਮਨਾਈਆ । ਅਜੇ ਤੂੰ ਹੋਰ ਵੇਖਣੇ ਕਲਜੁਗ ਵਾਧੇ, ਸਦੀ ਵੀਹਵੀਂ ਰਾਹ ਤਕਾਈਆ । ਉਸ ਵੇਲੇ ਘਰ ਘਰ ਪੈਣੇ ਸਿਆਪੇ, ਬਿਨ ਹਰਿ ਨਾਮੇ ਰੋਵੇ ਕੁਰਲਾਈਆ । ਪੁੱਤਰਾਂ ਨੇ ਮਾਰਨੇ ਮਾਪੇ, ਮਾਪੇ ਧੀਆਂ ਕੋਲੋਂ ਦੋਹਰੇ ਖ਼ਸਮ ਕਰਾਈਆ । ਕਵਾਰੀਆਂ ਪਹਿਨਣ ਕੰਗਣ ਛੱਲਾ ਛਾਪੇ, ਕਜਲ ਨੈਣਾਂ ਧਾਰ ਵਖਾਈਆ । ਰਵਿਦਾਸ ਵਰਗੇ ਕਿਸੇ ਦੇ ਲੱਭਣੇ ਨਹੀਂ ਚੀਥੜ ਪਾਟੇ, ਜਗਤ ਲਬਾਸ ਲਏ ਬਦਲਾਈਆ । ਏਸੇ ਕਰਕੇ ਪੈਣੇ ਘਾਟੇ, ਕਲਜੁਗ ਸ਼ਾਹ ਪਾਤਸ਼ਾਹ ਹੱਥ ਕਿਸੇ ਨਾ ਆਈਆ । ਇਕ ਸਚੀ ਦੱਸਾਂ ਬਾਤੇ, ਅਗਲੀ ਕਹਾਣੀ ਦਿਆਂ ਸੁਣਾਈਆ । ਪ੍ਰਭ ਨੇ ਕਿਰਪਾ ਕਰ ਕੇ ਸਭ ਤੋਂ ਵਖਰੀ ਬਣੌਣੀ ਇਕ ਜਮਾਤੇ, ਇਕੋ ਅੱਖਰ ਦੇਣਾ ਪੜ੍ਹਾਈਆ । ਜਿਨ੍ਹਾਂ ਮਿਲ ਕੇ ਗੌਣੀ ਸੋਹੰ ਗਾਥੇ, ਗਾ ਗਾ ਸ਼ੁਕਰ ਮਨਾਈਆ । ਉਥੇ ਮੰਗਣ ਅਨਾਥ ਅਨਾਥੇ, ਦੀਨਾਂ ਦੁਖੀਆਂ ਦਰਦ ਵੰਡਾਈਆ । ਫੇਰ ਸਭ ਦੇ ਪੂਰੇ ਕਰੇ ਘਾਟੇ, ਘਾਟੀ ਆਪਣੀ ਲਏ ਚੜ੍ਹਾਈਆ । ਗੁਰਮੁਖ ਗੁਰਸਿਖ ਭੁਲ ਜਾਣ ਆਪਣੇ ਮਾਪੇ, ਜਿਨ੍ਹਾਂ ਨੂੰ ਆਪਣੀ ਗੋਦ ਬਹਾਈਆ । ਚਰਨ ਪ੍ਰੀਤੀ ਜੋੜ ਕੇ ਨਾਤੇ, ਸਗਲਾ ਸੰਗ ਦਏ ਵਖਾਈਆ । ਕੌਣ, ਰਵਿਦਾਸ ਕਹੇ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਆਪੇ, ਦੂਜਾ ਸੰਗ ਨਾ ਕੋਇ ਰਖਾਈਆ । ਰਵਿਦਾਸ ਤੇਰਾ ਸਦਾ ਸਾਥੇ, ਸੰਗ ਆਪਣਾ ਲਏ ਬਣਾਈਆ । ਅਜੇ ਗੋਬਿੰਦ ਦੇ ਦੋਂਹ ਪੁੱਤਰਾਂ ਦੇ ਹੋਰ ਤੁਹਾਡੇ ਨਾਲ ਜੁੜਨੇ ਨਾਤੇ, ਜਿਨ੍ਹਾਂ



ਦਾ ਲੇਖਾ ਹਿਸਾਬ ਵਿਚ ਨਾ ਅਜੇ ਲਿਆਈਆ । ਛੱਬੀ ਪੋਹ ਉਹਨਾਂ ਦੇ ਫੋਲਣੇ ਖਾਤੇ, ਕਿਉਂ ਵੇਲਾ ਵਕਤ ਦਏ ਗਵਾਹੀਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ,

੨੭੦

ਕਿਰਪਾ ਕਰ ਕੇ ਨਾਲੇ ਅੰਮ੍ਰਿਤ ਪਿਆਏ ਆਪਣੇ ਉਸ ਸਚੇ ਬਾਟੇ, ਜਿਸ ਦੇ ਉਤੇ ਸੱਤ ਰੰਗ ਨਿਸ਼ਾਨਾ ਝੁਲ ਕੇ ਖ਼ੁਸ਼ੀ ਮਨਾਈਆ । ਬਾਟਾ ਕਹਿੰਦਾ ਮੈਂ ਨਹੀਂ ਬਣਨਾ ਬਰਤਨ, ਮੈਨੂੰ ਠਠਿਆਰ ਨਾ ਕੋਇ ਬਣਾਈਆ । ਮੈਂ ਭਗਤਾਂ ਦੇ ਨਾਲ ਰਖਣਾ ਮਿਲਵਰਤਣ, ਅੰਦਰ ਬਹਿ ਕੇ ਡੇਰਾ ਲਾਈਆ । ਜਿਨ੍ਹਾਂ ਦੇ ਨੇਤਰ ਅੰਦਰੋਂ ਫ਼ਰਕਣ, ਬਾਹਰੋਂ ਪ੍ਰਭ ਦੇ ਨਾਲ ਰਖਾਈਆ । ਆਪੇ ਮਿਲਾਂ ਉਹਨਾਂ ਦੀ ਸਾਰੀ ਮੇਟਾਂ ਧੜਕਣ, ਦਰਦੀਆਂ ਦਰਦ ਵੰਡਾਈਆ । ਅਗੇ ਜਾਂਦਿਆਂ ਰਹੇ ਕੋਈ ਨਾ ਅੜਚਣ, ਸਿੱਧਾ ਰਸਤਾ ਦਿਆਂ ਬਣਾਈਆ । ਜਿਹੜੇ ਤੇਰੇ ਵਿਛੋੜੇ ਵਿਚ ਪ੍ਰਭੂ ਤੜਫਣ, ਉਹਨਾਂ ਗਲੇ ਦਿਆਂ ਮਿਲਾਈਆ । ਮੈਨੂੰ ਮਿਲ ਕੇ ਫੇਰ ਲੋਕਮਾਤ ਨਾ ਪਰਤਣ, ਜੋ ਤੇਰੇ ਭਗਤ ਤੇਰੇ ਵਿਚ ਸਮਾਈਆ । ਬੇਸ਼ਕ ਗੁਰ ਅਵਤਾਰ ਪੀਰ ਪੈਗ਼ੰਬਰ ਮੈਨੂੰ ਵਰਜਣ, ਮੈਂ ਕਿਸੇ ਦੇ ਰੋਕਿਆਂ ਪਿਛੇ ਹਟ ਕਦੇ ਨਾ ਜਾਈਆ । ਜੇ ਯਾਦ ਕੀਤਾ ਰਾਵੀ ਦੇ ਕੰਢੇ ਅਰਜਨ, ਉਸ ਦਾ ਲੇਖਾ ਆਇਆ ਮੁਕਾਈਆ । ਉਹ ਮੱਛੀ ਨਾ ਦਿਤੀ ਤੜਫਨ, ਚਰਨ ਛੋਹ ਨਾਲ ਪਾਰ ਲੰਘਾਈਆ । ਬਾਲਮੀਕ ਦੀ ਪੂਰੀ ਕੀਤੀ ਹਰਸਣ, ਪਿਛਲਾ ਲੇਖਾ ਫੋਲ ਫੁਲਾਈਆ । ਸਵਾਧਾਨ ਹੋ ਕੇ ਮਰਦ ਮਰਦਨ, ਮਦਦ ਕਰੇ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਕਰੇ ਸਚਾ ਅਦਲ, ਇਨਸਾਫ਼ ਆਪਣਾ ਹੁਕਮ ਵਰਤਾਈਆ । ਫੂੜ੍ਹੀ ਕਹੇ ਇਕ ਦਿਨ ਰਵਿਦਾਸ ਨੇ ਮੇਰੇ ਹੱਥ ਰਖਿਆ ਛਾਤੀ, ਹੌਲੀ ਜਿਹੀ ਉਤੇ ਟਿਕਾਈਆ । ਮੇਰੀ ਸਹਿਜ ਨਾਲ ਖੁਲ੍ਹ ਗਈ ਤਾਕੀ, ਅਵਰ ਦਾ ਅਵਰਾ ਰੂਪ ਵਟਾਈਆ । ਨਜ਼ਰ ਆਇਆ ਉਹ ਕਮਲਾਪਾਤੀ, ਜਿਹੜਾ ਤੁਹਾਡੇ ਸਾਹਮਣੇ ਬਹਿ ਕੇ ਦਰਸ ਦਿਖਾਈਆ । ਮੈਨੂੰ ਨੁਹਾਰ ਤੋਂ ਨਜ਼ਰ ਆਇਆ ਉਹ ਸਾਥੀ, ਪਿਛਲਾ ਅਗੇ ਹੋ ਕੇ ਫੇਰਾ ਪਾਈਆ । ਮੈਂ ਤੁਹਾਨੂੰ ਨਹੀਂ ਤਕਦੀ ਮੈਂ ਅੰਦਰੋਂ ਵੇਖਾਂ ਉਹਦੀ ਜ਼ਾਤੀ, ਜੋ ਜ਼ਾਹਰ ਜ਼ਹੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਜੋ ਆਪਣੀ ਦਇਆ ਕਮਾਈਆ । ਫੂੜ੍ਹੀ ਕਹੇ ਇਕ ਦਿਨ ਮੈਨੂੰ ਰਵਿਦਾਸ

ਨੇ ਲਿਆ ਲਪੇਟ, ਆਪਣੀ ਬਗ਼ਲ ਵਿਚ ਟਿਕਾਈਆ । ਮੈਂ ਪੁਛਿਆ ਇਹ ਕੀ ਖੇਡ, ਮੈਨੂੰ ਦੇ ਸਮਝਾਈਆ । ਉਸਨੇ ਕਿਹਾ ਅਜੇ ਮੇਰਾ ਮਾਹੀ ਔਣਾ ਮੈਂ ਉਹਦੀ ਵਿਛੌਣੀ ਸੇਜ, ਖ਼ੁਸ਼ੀਆਂ ਨਾਲ ਉਤੇ ਬਹਾਈਆ । ਮੈਂ ਸੁੱਕੇ ਟੁਕੜਿਆਂ ਦੀ ਉਹਦੇ ਲਈ ਰਖਣੀ ਦੇਗ਼, ਕੱਚਿਆਂ ਚਨਿਆਂ ਨਾਲੋਂ ਸਖ਼ਤ ਨਜ਼ਰੀ ਆਈਆ । ਫਿਰ ਵਖੌਣੀ ਉਹਨੂੰ ਆਪਣੀ ਜੇਬ, ਕਿਤੇ ਜੇਬਕਤਰਾ ਬਣ ਕੇ ਮੇਰਾ ਪ੍ਰੇਮ ਨਾ ਲਏ ਚੁਰਾਈਆ । ਫੂੜ੍ਹੀ ਕਿਹਾ ਰਵਿਦਾਸ ਮੈਨੂੰ ਕੁਛ ਹੋਰ ਨਜ਼ਰੀ ਆਇਆ ਉਹਦਾ ਲੇਖਾ ਕੁਛ ਕੁੰਟ ਹੇਮ, ਭੇਵ ਰਿਹਾ ਜਣਾਈਆ । ਓਸ ਨੇ ਕਿਸੇ ਨਾਲ ਨਿਭੌਣਾ ਨੇਮ, ਜਿਸਦਾ ਇਕਰਾਰ ਨੇੜੇ ਆਈਆ । ਰਵਿਦਾਸ ਕਿਹਾ ਚੁਪ ਕਰ ਇਹ ਉਹਦਾ ਲੈਣ ਦੇਣ, ਉਹ ਆਪੇ ਵੇਖ ਵਖਾਈਆ । ਫੂੜ੍ਹੀ ਕਹੇ ਮੈਨੂੰ ਐਂ ਨਜ਼ਰ ਆਉਂਦਾ ਜਿਵੇਂ ਸਭ ਦਾ ਸਾਂਝਾ ਸੈਣ, ਸੱਜਣ ਇਕ ਅਖਵਾਈਆ । ਜਿਨ ਮਾਵਾਂ ਨੂੰ ਹਟੌਣਾ ਪੁੱਤਰਾਂ ਮਰਿਆਂ ਪਿਛੋਂ ਕੋਈ ਨਾ ਪਾਵੇ ਵੈਣ, ਉਹ ਗੋਬਿੰਦ ਰੂਪ ਵਟਾਈਆ । ਰਵਿਦਾਸ ਮੈਂ ਇਹੋ ਲਗੀ ਤੈਨੂੰ ਕਹਿਣ, ਉਹ ਕਿਹੋ ਜੇਹਾ, ਰਵਿਦਾਸ ਕਿਹਾ ਛਡ ਠਾਂਹ ਉਹ ਕਲਗੀ ਵਾਲਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਬੇਪਰਵਾਹੀਆ । ਸਫ਼ ਕਹੇ ਮੇਰੇ ਲਪੇਟ ਆਏ ਢਾਈ ਵਲ, ਸਿੱਧੀ ਤੋਂ ਗੋਲਮੋਲ ਦਿਤਾ ਬਣਾਈਆ । ਇੰਜ ਜਾਪੇ ਇਹਦਾ ਕੁਛ ਮੈਨੂੰ ਮਿਲਣਾ ਫਲ, ਲਾਭ ਲੈਣਾ ਝੋਲੀ ਪਾਈਆ । ਰਵਿਦਾਸ ਕਿਹਾ ਤੈਨੂੰ ਪਤਾ ਨਹੀਂ ਅਜੇ ਤੂੰ ਜਾਣਾ ਮਾਛੂਵਾੜੇ ਦੀ ਝਲ, ਕੱਖ ਕਾਹੀ ਰੂਪ ਵਟਾਈਆ । ਜਿਸ ਵੇਲੇ ਗੋਬਿੰਦ ਨੂੰ ਪ੍ਰਭ ਮਿਲਣ ਦਾ ਵਜਣਾ ਸਲ, ਜਲ ਥਲ ਸਾਰੇ ਦੇਣ ਦੁਹਾਈਆ । ਓਨ ਤਕਣਾ ਉਹਦੇ ਵਲ, ਸਿੱਧੀ ਅੱਖ ਕਰਾਈਆ । ਓਸ ਕਹਿਣਾ ਦੂਜੀ ਵਾਰ ਮੇਰੇ ਸੁਤ ਤੂੰ ਮਾਤ ਚਲ, ਮੈਂ ਤੇਰੇ ਅੰਦਰ ਵੜ ਕੇ ਡੇਰਾ ਲਾਈਆ । ਪਰਬਤਾਂ ਦਾ ਪਰਬਤ ਕਿਸੇ ਕੋਲੋਂ ਨਾ ਜਾਵਾਂ ਹਲ,
 ਜ਼ਿਮੀਂ ਅਸਮਾਨਾਂ ਵਿਚ ਮੇਰਾ ਭਾਰ ਨਾ ਕੋਇ ਉਠਾਈਆ । ਜਿਸ ਵੇਲੇ ਕਿਰਪਾ ਕਰ ਕੇ ਮਿਹਰ ਨਜ਼ਰ ਨਾਲ ਤਕਾਂ ਭਗਤਾਂ ਵਲ, ਵਲਵਲੇ ਸਾਰੇ ਦਿਆਂ ਗਵਾਈਆ । ੨੭੧
ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਨਿਹਚਲ ਧਾਮ ਅਟਲ, ਅਟਲ ਪਦਵੀਂ ਦਿਆਂ ਬਣਾਈਆ । ਸਫ਼ ਕਹੇ ਰਵਿਦਾਸ ਮੈਨੂੰ ਬਗ਼ਲ ਵਿਚ ਨਾ ਘੁਟ, ਕਿਉਂ ਰਿਹਾ ਦਬਾਈਆ । ਮੈਂ ਤੇਰੇ ਹੱਥੋਂ ਨਹੀਂ ਜਾਂਦੀ ਛੁਟ, ਤੇਰੇ ਨਾਲ ਪ੍ਰੇਮ ਲਿਆ ਪਾਈਆ । ਰਵਿਦਾਸ ਕਿਹਾ ਤੂੰ ਕਰ ਚੁਪ, ਤੈਨੂੰ ਦਿਆਂ ਸਮਝਾਈਆ । ਏਸੇ ਤਰਹ ਪ੍ਰਭੂ ਨੇ ਭਗਤ ਚੁਕਣੇ ਆਪਣੀ ਕੁੱਖ, ਜਿਸ ਤਰਹ ਮੈਂ ਤੈਨੂੰ ਆਪਣੇ ਰੰਗ ਰੰਗਾਈਆ । ਸਫ਼ ਕਹੇ ਮੈਂ ਤੈਨੂੰ ਕੁਛ ਹੋਰ ਲਵਾਂ ਪੁਛ, ਬੇਨੰਤੀ ਇਕ ਸੁਣਾਈਆ । ਰਵਿਦਾਸ ਕਿਹਾ ਕੀ ਲੋੜ, ਉਹ ਬਾਪ ਭਗਤ ਉਹਦੇ ਪੁਤ, ਫ਼ਰਕ ਰਿਹਾ ਨਾ ਰਾਈਆ । ਜਿਹਨਾਂ ਨੇ ਉਹਨੂੰ ਜਾਣਾ ਝੁਕ, ਝੁਕਿਆਂ ਲਏ ਉਠਾਈਆ । ਰੰਬੀ ਉਠ ਕੇ ਭੱਜੀ ਕਹਿਣ ਲਗੀ ਨੀ ਸਫ਼ੇ, ਮੇਰੀਏ ਭੈਣੇ, ਉਹਨਾਂ ਬੋਲਣੀ ਇਕ ਤੁਕ, ਅੰਦਰ ਵੇਖ ਜੋ ਮੇਰੇ ਵਿਚ ਦਿਤੀ ਟਿਕਾਈਆ । ਉਹਨਾਂ ਦਾ ਪੈਂਡਾ ਅਗੇ ਜਾਣਾ ਮੁਕ, ਫੇਰ ਅਗੇ ਜਨਮ ਕੋਇ ਨਾ ਪਾਈਆ । ਸਫ਼ ਕਹੇ ਕੀ ਭਗਤਾਂ ਨੂੰ ਪ੍ਰਭ ਨੇ ਦੇਣਾ ਸਭ ਕੁਛ, ਬਿਨ ਮੰਗਿਆਂ ਝੋਲੀ ਪਾਈਆ । ਰਵਿਦਾਸ ਕਹੇ ਪਿਤਾ ਦੇ ਘਰ ਦਾ ਮਾਲਕ ਹੋਵੇ ਪੁਤ, ਪੁੱਤਰਾਂ ਬਿਨਾ ਧਨ ਦੌਲਤ ਕੰਮ ਕਿਸੇ ਨਾ ਆਈਆ । ਭਗਤਾਂ ਬਿਨਾ ਪ੍ਰਭ ਨੂੰ ਲੋਕਮਾਤ ਕੋਈ ਨਾ ਲਏ ਪੁਛ, ਔਤਰਾ ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਰਵਿਦਾਸ ਕਹੇ ਸਫੇ ਛਡ ਅੱਜ ਦੀ ਕਹਾਣੀ ਏਥੇ ਜਾਏ ਮੁਕ, ਮੇਰਾ ਲਹਿਣਾ ਦੇਣਾ ਪ੍ਰਭ ਦੇ ਘਰੋਂ ਨਜ਼ਰੀ ਆਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਗੁਰਮੁਖੋ ਗੁਰਸਿਖੋ ਸਾਚੇ ਸੰਤੋ ਸਾਚੇ ਭਗਤੋ ਪਿਆਰ ਨਾਲ ਤੁਹਾਡੇ ਅਗੇ ਜਾਵੇ ਝੁਕ, ਵਿਹਾਰ ਨਾਲ ਅਰਸ਼ਾਂ ਤੋਂ ਪਾਰ ਲੰਘਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੂਰ ਦੁਰਾਡਾ ਨੇੜੇ ਆਇਆ ਢੁਕ, ਪਾਂਧੀ ਬਣ ਕੇ ਆਪਣਾ ਪੰਧ ਮੁਕਾਈਆ ।

੨੭੨

✻ ੧੮ ਪੋਹ ੨੦੨੧ ਬਿਕ੍ਰਮੀ ਪਾਲ ਸਿੰਘ ਦੇ ਨਵਿਤ ਪਿੰਡ ਭਲਾਈਪੁਰ ਜ਼ਿਲਾ ਅੰਮ੍ਰਿਤਸਰ ✻

ਸਫ਼ ਕਹੇ ਮੈਨੂੰ ਇਕ ਦਿਨ ਕਿਸੇ ਨੇ ਕਿਹਾ ਨੀ ਤੂੰ ਤਪੜੀ, ਕੱਚੇ ਤੰਦਾਂ ਵਾਲੀ ਨਜ਼ਰੀ ਆਈਆ । ਮੈਂ ਕਿਹਾ ਮੈਂ ਓਸ ਥਾਂ ਅੱਪੜੀ, ਜਿਥੇ ਮੰਜ਼ਲ ਬੇਪਰਵਾਹੀਆ । ਓਥੇ ਨਾ ਕੋਈ ਬ੍ਰਾਹਮਣ ਨਾ ਕੋਈ ਖਤਰੀ, ਸ਼ੂਦਰ ਵੈਸ਼ ਰੂਪ ਨਾ ਕੋਇ ਵਟਾਈਆ । ਓਥੇ ਨਾ ਕੋਈ ਪੰਡਤ ਵਾਚੇ ਪਤਰੀ, ਨਾ ਕੋਈ ਮੁਲਾ ਸ਼ੇਖ਼ ਮੁਸਾਇਕ ਮਸਲੇ ਰਿਹਾ ਸੁਣਾਈਆ । ਨਾ ਕੋਈ ਮੱਝ ਗਾਂ ਲਵੇਰੀ ਬਕਰੀ, ਨਾ ਕੋਈ ਚਰਵਾਹਾ ਨਜ਼ਰੀ ਆਈਆ । ਨਾ ਕੋਈ ਧੜੀ ਵੱਟਾ ਜਗਤ ਤਰਾਜ਼ੂ ਤੱਕੜੀ, ਇਕੋ ਕੰਡਾ ਬੇਪਰਵਾਹੀਆ । ਨਾ ਰੰਬੀ ਆਰ ਨਾ ਸਬਰੀ, ਜਗਤ ਸਮੱਗਰੀ ਵੇਖਣ ਕੋਇ ਨਾ ਪਾਈਆ । ਕੀ ਦੱਸਾਂ ਓਥੇ ਇਕੋ ਨਿਰਮਲ ਜੋਤ ਇਕੱਗਰੀ, ਏਕੰਕਾਰਾ ਇਕੋ ਸੋਭਾ ਪਾਈਆ । ਜਿਸ ਦੇ ਕੋਲ ਪ੍ਰੇਮ ਪ੍ਰੀਤੀ ਭਗਤਾਂ ਦੀ ਸਮੱਗਰੀ, ਜੁਗ ਜੁਗ ਰਿਹਾ ਵਰਤਾਈਆ । ਪਾਤਸ਼ਾਹਾਂ ਦਾ ਪਾਤਸ਼ਾਹ ਆਦਲਾਂ ਦਾ ਅਦਲੀ, ਅਦਾਲਤ ਇਕ ਲਗਾਈਆ । ਜਿਸ ਵੇਲੇ ਚਾਹੇ ਜੁਗਾਂ ਦੀ ਕਰ ਦੇਵੇ ਬਦਲੀ, ਤਬਾਦਲੇ ਆਪਣੇ ਹੱਥ ਰਖਾਈਆ । ਜਗਤ ਵਿਦਿਆ ਜਿਸ ਵਿਚ ਪਗਲੀ, ਮਨ ਮਤਿ ਬੁਧਿ ਦੀ ਕਰਦੇ ਰਹੇ ਲੜਾਈਆ । ਕੋਈ ਸਮਝ ਨਾ ਜਾਣੇ ਅਗਲੀ, ਅੱਖਰਾਂ ਵਾਲੀ ਡਿਗਰੀ ਕੰਮ ਕਿਸੇ ਨਾ ਆਈਆ । ਮੈਂ ਮੰਜ਼ਲ ਉਹ ਲੰਘ ਗਈ, ਆਪਣਾ ਪੰਧ ਮੁਕਾਈਆ । ਮੈਂ ਦਰਸ਼ਨ ਕਰਨ ਨੰਦ ਚੰਦ ਲਈ, ਜੋ ਨੂਰੀ ਜੋਤ ਰੁਸ਼ਨਾਈਆ । ਮੈਂ ਭੱਜੀ ਓਸ ਦੇ ਸੰਗ ਲਈ, ਜੋ ਧੁਰ ਦਾ ਨਾਤਾ ਰਿਹਾ ਬਣਾਈਆ । ਮੈਂ ਪਿਆਸੀ ਓਸ ਦੀ ਠੰਡ ਲਈ, ਜੋ ਤਪਦਿਆਂ ਹਿਰਦਿਆਂ ਸ਼ਾਂਤ ਕਰਾਈਆ । ਜਿਸ ਨੇ ਸਦਾ ਸਦਾ ਆਪਣੀ ਬਖ਼ਸ਼ਿਸ਼ ਭਗਤਾਂ ਨੂੰ ਵੰਡ ਲਈ, ਗੁਰਮੁਖਾਂ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰਾਹ ਰਿਹਾ ਵਖਾਈਆ । ਤਪੜੀ ਕਹੇ ਮੈਨੂੰ ਇਕ ਦਿਨ ਪੁੱਛਣ ਆਈ ਸਹੇਲੀ, ਸਖ਼ੀ ਸਚ ਦੇ ਸੁਣਾਈਆ । ਤੂੰ ਕਿਸ ਤਰਹ ਰਹੇਂ ਅਕੇਲੀ, ਮਿੱਟੀ ਉਤੇ ਆਸਣ ਲਾਈਆ । ਮੈਂ ਕਿਹਾ ਮੇਰੇ ਮਾਲਕ ਦਾ ਇਕ ਹੋਰ ਮਾਲਕ ਜੋ ਸਭਨਾ ਦਾ ਬੇਲੀ, ਬੇਲਿਆਂ ਵਿਚ ਆਪਣੀ ਦਇਆ ਕਮਾਈਆ । ਦਿਵਸ ਰੈਣ ਮੈਨੂੰ ਕੋਈ ਨਾ ਸਮਝਿਓ ਵੇਲ੍ਹੀ, ਮੈਂ ਓਸੇ ਪੀਰ ਦੇ ਪੈਰਾਂ ਹੇਠਾਂ ਆਪਣਾ ਆਪ ਵਛਾਈਆ । ਇਹੋ ਖੇਲ ਭਗਤਾਂ ਨਾਲ ਪ੍ਰਭ ਨੇ ਖੇਲੀ, ਖ਼ਲਕਤ ਵਾਲਿਓ ਖ਼ਾਲਕ ਦੀ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਦਾ ਵਡਿਆਈਆ । ਤਪੜੀ ਕਹੇ ਇਕ ਦਿਨ ਮੈਨੂੰ ਕਿਸੇ ਪੁੱਛਿਆ ਆਣ, ਮੈਨੂੰ ਚੋਰੀ ਚੋਰੀ ਦੇ ਸਮਝਾਈਆ । ਨੀ ਉਹ ਕਿਹੋ ਜਿਹਾ ਭਗਵਾਨ, ਜਿਹੜਾ ਭਗਤਾਂ ਅੰਦਰ ਡੇਰਾ ਲਾਈਆ । ਮੈਂ ਹਸ ਕੇ ਕਿਹਾ ਤੁਸੀਂ ਕੀ ਸਮਝੋ ਉਹਨੂੰ ਅੰਞਾਣ, ਅੱਖਾਂ ਦਿਓ ਅੰਧਿਓ, ਖ਼ੁਦਾ ਦਿਓ ਬੰਦਿਓ, ਵਿਕਾਰ ਦਿਓ ਗੰਦਿਓ, ਮਨ ਮਮਤਾ ਦੂਰ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਆਪਣੀ ਖੇਲ ਖਲਾਈਆ । ਫੂੜ੍ਹੀ ਕਹੇ ਇਕ ਦਿਨ ਮੇਰੀ ਆਈ ਸਾਥਣ, ਨੇੜੇ ਆ ਕੇ ਰਹੀ ਸੁਣਾਈਆ । ਉਠ ਛਡ ਇਹ ਥਾਂ ਤੇਰਾ ਮਹਲਾਂ ਵਿਚ ਕਰਾਂ ਆਸਣ, ਸੋਹਣਾ ਰੂਪ ਵਟਾਈਆ । ਜਿਥੇ ਮਹਾਰਾਜਿਆਂ ਦੀ ਰਾਣੀ ਮਾਇਆ ਤ੍ਰੈਗੁਣ ਬਹਵੇ ਕਰ ਕੇ ਦਾਤਣ, ਦੰਦਾਸਾ ਰੂਪ ਚੜ੍ਹਾਈਆ । ਸੋਹਣੇ ਸਾਫ਼ ਸੁਥਰੇ ਭੂਸ਼ਣ ਪਾ ਕੇ ਬਣੇ ਫੁਲ ਗੁਲਾਬਣ ਜੋਬਨਵੰਤੀ ਆਪਣਾ ਜੋਬਨ ਰਹੀ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੇਰਾ ਲੇਖਾ ਲੇਖੇ ਵਿਚੋਂ ਲਏ ਪਰਗਟਾਈਆ । ਮੈਂ ਕਿਹਾ ਸੁਣ ਮੇਰੀ ਭੈਣ, ਤੈਨੂੰ ਦਿਆਂ ਜਣਾਈਆ । ਮੈਨੂੰ ਚੰਗਾ ਮੰਦਰਾਂ ਨਾਲੋਂ ਏਥੇ ਰਹਿਣ, ਇਹ ਭੂਮਿਕਾ ਸੋਹਣੀ ਨਜ਼ਰੀ ਆਈਆ । ਜਿਸ ਉਤੇ ਭਗਤ ਭਗਵਾਨ ਇਕੱਠੇ ਹੋ ਕੇ ਬਹਿਣ, ਓਥੇ ਜਗਤ ਦੁਸ਼ਾਲਿਆਂ ਦੀ ਲੋੜ ਰਹੇ ਨਾ ਰਾਈਆ । ਉਹਨਾਂ ਨੂੰ ਤਕ ਕੇ ਮੇਰੇ ਖ਼ੁਸ਼ੀ ਹੁੰਦੇ ਨੈਣ, ਮੇਰਾ ਅੰਤਰ ਮਰਦੰਗ ਇਕ ਵਜਾਈਆ । ਮੈਂ ਕੂੜੇ ਵਹਿਣ ਵਿਚ ਨਹੀਂ ਜਾਣਾ ਵਹਿਣ, ਆਪਣਾ ਆਪ ਰੁੜ੍ਹਾਈਆ । ਮੇਰਾ ਮਾਲਕ ਆਪੇ ਦੇਵੇ ਮੇਰਾ ਦੇਣ, ਲੇਖਾ ਧੁਰ ਦਾ ਝੋਲੀ

੨੭੩

ਪਾਈਆ । ਓਸ ਦੇ ਕੋਲ ਸਾਚੇ ਨਾਮ ਦੀ ਵਡੀ ਰਸੈਣ, ਜਿਸ ਰਸੈਣ ਨਾਲ ਭਗਤਾਂ ਦੇ ਸੁਵਰਨਾਂ ਦੇ ਮੰਦਰ ਰਿਹਾ ਬਣਾਈਆ । ਮੈਂ ਕਾਮ ਕਰੋਧ ਲੋਭ ਮੋਹ ਹੰਕਾਰ ਨਾਲ ਨਹੀਂ ਜਾਣਾ ਖਹਿਣ, ਆਸਾ ਮਨਸਾ ਨਾਲ ਕਰਨੀ ਨਾ ਕੋਇ ਲੜਾਈਆ । ਕਿਉਂ ਮੈਨੂੰ ਇਕੋ ਆਸਾ ਭਰਵਾਸਾ ਪਰਮ ਪੁਰਖ ਮੇਰਾ ਮੈਨੂੰ ਮਿਲੇ ਨਰਾਇਣ, ਜਿਸ ਦੇ ਨੈਣ ਮੇਰੇ ਨੈਣਾਂ ਗਏ ਚੁਰਾਈਆ । ਜਿਸ ਵੇਲੇ ਉਹ ਮੈਨੂੰ ਆਵੇ ਲੈਣ, ਮੈਂ ਭੱਜਾਂ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਤਪੜੀ ਕਹੇ ਇਕ ਦਿਨ ਰਵਿਦਾਸ ਆ ਗਿਆ ਚੁਪ ਚੁਪੀਤਾ, ਹੱਥ ਮੱਥੇ ਉਤੇ ਰਖਾਈਆ । ਕੋਲ ਢਾਈਆਂ ਹੱਥਾਂ ਦਾ ਫ਼ੀਤਾ, ਧਰਤੀ ਦਿਤੀ ਮਿਣਾਈਆ । ਉਹਦੇ ਅੰਦਰ ਪ੍ਰੇਮ ਦਾ ਲਾਇਆ ਬਾਗ਼ੀਚਾ, ਚਾਰੋਂ ਕੁੰਟ ਲਕੀਰ ਖਿਚਾਈਆ । ਫੇਰ ਵੇਖਿਆ ਤਕ ਕੇ ਨਾਲ ਰੀਝਾਂ, ਨੇਤਰ ਨੈਣ ਮਿਲਾਈਆ । ਅਗੋਂ ਨਜ਼ਰੀ ਆਇਆ ਮਾਰਗ ਸਿੱਧਾ, ਜੋ ਸਿੱਧਾ ਰਸਤਾ ਰਿਹਾ ਵਖਾਈਆ । ਮੰਦਰ ਦਿਸਿਆ ਨਿੱਘਾ, ਸਰਦੀ ਗਰਮੀ ਦੋਵੇਂ ਗਿਆ ਭੁਲਾਈਆ । ਪ੍ਰਭ ਨੂੰ ਵੇਖਿਆ ਪਿੰਡਿਉਂ ਨੰਗਾ ਨਾ ਕੋਈ ਝੱਗਾ, ਝੌਂਪੜੀ ਨਜ਼ਰ ਕੋਇ ਨਾ ਆਈਆ । ਨਾ ਕਾਲਾ ਨਾ ਦਿਸੇ ਬੱਗਾ, ਇਕੋ ਰੰਗ ਸਮਾਈਆ । ਨਾ ਨਜ਼ਰ ਆਏ ਅੱਗਾ ਨਾ ਪਿੱਛਾ, ਕਿੰਨਾਂ ਲੰਮਾਂ ਕਿੰਨਾਂ ਚੌੜਾ ਕਿਹੜੇ ਧਾਮ ਆਸਣ ਲਾਈਆ । ਓਸੇ ਵੇਲੇ ਚਰਨੀ ਢਹਿ ਕੇ ਡਿੱਗਾ, ਨੇਤਰ ਨੈਣਾਂ ਨੀਰ ਵਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਰਮ ਪੁਰਖ ਪਤਿਪਰਮੇਸ਼ਵਰ ਬਣ ਕੇ ਪਿਤਾ, ਪਤਵੰਤਾ ਹੋ ਕੇ ਸਤਵੰਤਿਆਂ ਆਪਣੀ ਗੋਦ ਉਠਾਈਆ । ਰਵਿਦਾਸ ਇਕ ਦਿਨ ਆਪਣੀ ਪੁਰਾਣੀ ਗਠੜੀ, ਗੋਡੇ ਹੇਠਾਂ ਲਈ ਟਿਕਾਈਆ । ਉਹ ਰਗੜ ਦੇ ਨਾਲ ਸੀ ਗਈ ਰਗੜੀ, ਹੇਠੋਂ ਰਹੀ ਕੁਰਲਾਈਆ । ਓਨੇ ਚਿਰ ਨੂੰ ਇਕ ਜੋਕਾਂ ਲੌਂਣ ਵਾਲੀ ਕੋਲ ਆ ਗਈ ਗਗੜੀ, ਮਿੱਟੀ ਦਾ ਕੁੱਜਾ ਹੱਥ ਉਠਾਈਆ । ਓਸ ਨੇ ਕਿਹਾ ਇਹ ਕੋਈ ਪਾਗ਼ਲ ਬੈਠਾ ਜੰਗਲੀ, ਆਪਣਾ ਆਸਣ ਲਾਈਆ । ਇਸ ਤੋਂ ਵਸਤ ਕੀ ਮੰਗਣੀ, ਭੁੱਖਿਆਂ ਵਾਲਾ ਵੇਸ ਧਰਾਈਆ । ਗਠੜੀ ਬੋਲੀ ਮੇਰੀ ਗੱਲ ਸੁਣ ਅਗਲੀ, ਤੈਨੂੰ ਦਿਆਂ ਜਣਾਈਆ । ਇਹ ਪ੍ਰੇਮੀ ਪਿਆਰਾ ਆਇਆ ਜਗ ਲਈ, ਇਹਨੂੰ ਆਪਣੀ ਲੋੜ ਨਾ ਰਾਈਆ । ਕੁਛ ਇਸ ਦੇ ਕੋਲੋਂ ਮੰਗ ਲਈਂ, ਭਗਤਾਂ ਝੋਲੀ ਰਿਹਾ ਭਰਾਈਆ । ਉਹ ਅਗੋਂ ਦੀ ਨੀਵੀਂ ਅੱਖੀਂ ਲੰਘ ਗਈ, ਹਿਰਦੇ ਵਿਚ ਇਕੋ ਆਸ ਤਕਾਈਆ । ਜੇ ਬਖ਼ਸ਼ੇਂ ਤੇ ਆਪਣਾ ਸੰਗ ਦਈਂ, ਹੋਰ ਲੋੜ ਨਾ ਕੋਇ ਜਣਾਈਆ । ਚੁਰਾਸੀ ਦੇ ਗੇੜ ਵਿਚੋਂ ਕੱਢ ਲਈਂ, ਆਪਣਾ ਪ੍ਰਭੂ ਦੇਣਾ ਮਿਲਾਈਆ । ਭੈਣ ਭਰਾਵਾਂ ਵਾਂਗੂ ਮਿਲ ਕੇ ਵਸਤ ਵੰਡ ਲਈਂ, ਹਿੱਸਾ ਮੇਰਾ ਮੇਰੀ ਝੋਲੀ ਪਾਈਆ । ਰਵਿਦਾਸ ਨੇ ਓਸੇ ਵੇਲੇ ਇਕ ਲਕੀਰ ਆਪਣੀ ਛਾਤੀ ਉਤੇ ਕੱਢ ਲਈ, ਹੌਲੀ ਜਿਹੀ ਦਿਤਾ ਸੁਣਾਈਆ । ਤੂੰ ਆਪਣਾ ਅੱਧ ਮੇਰੇ ਕੋਲੋਂ ਵੰਡ ਲਈਂ, ਪਰਦਾ ਉਹਲਾ ਨਾ ਕੋਈ ਰਖਾਈਆ । ਏਸੇ ਕਾਰਨ ਪਾਲ ਸਿੰਘ ਤੇਰੀ ਭਰਾ ਵਾਲੀ ਗੰਢ ਪਈ, ਮਾਲਕ ਦੋਹਾਂ ਦਾ ਇਕੋ ਨਜ਼ਰੀ ਆਈਆ । ਹਰਿਸੰਗਤ ਹਰਿਭਗਤ ਏਸੇ ਰੰਗਣ ਵਿਚ ਰੰਗ ਲਈ, ਰੰਗ ਆਪਣਾ ਦਿਤਾ ਚੜ੍ਹਾਈਆ । ਮਹਾਰਾਜ ਆਇਆ ਕਿਸੇ ਕਾਰਨ ਮਾਰਨ ਪੰਧ ਨਹੀਂ, ਪਾਂਧੀਆਂ ਨੂੰ ਆਪਣੇ ਨਾਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਇਆਵਾਨ ਦਇਆ ਕਰੇ ਆਪਣੇ ਅਨੰਦ ਲਈ, ਬਿਨ ਭਗਤਾਂ ਦੇ ਪ੍ਰਭ ਨੂੰ ਅਨੰਦ ਨਾ ਕੋਇ ਵਖਾਈਆ । ਜੇ ਹੋਰ ਕੁਛ ਹੋਇਆ ਤੇ ਉਹ ਗੁਜਰੀ ਦੇ ਚੰਦ ਲਈ, ਨਿਰਗੁਣ ਸਰਗੁਣ ਅਪਣੀ ਖੇਲ ਵਖਾਈਆ । ਜਿਸ ਜੁਗ ਜਨਮ ਦੀ ਟੁੱਟੀ ਗੰਢ ਲਈ, ਰੁੱਸਿਆਂ ਲਿਆ ਮਨਾਈਆ । ਜੇ ਆਇਆ ਤੇ ਪ੍ਰੇਮ ਪ੍ਰੀਤੀ ਦੇ ਫੰਧ ਲਈ, ਜਮ ਦੀ ਫ਼ਾਸੀ ਰਿਹਾ ਕਟਾਈਆ । ਸੋਹਣਾ ਹੋਇਆ ਸੋਹਣੀ ਮੰਗ ਮੰਗ ਲਈ, ਪ੍ਰਭ ਖ਼ਾਲੀ ਝੋਲੀ ਦਏ ਭਰਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਸੇ ਕਾਰਨ ਹਰਿ ਸੰਗਤ ਸਦ ਲਈ, ਬਿਨਾ ਕਾਰਨੋਂ ਕਿਸੇ ਦੇ ਕੰਮ ਦਾ ਹਰਜਾਨਾ ਨਾ ਕੋਇ ਕਰਾਈਆ । ਪ੍ਰੇਮ ਡੋਰੀ ਅੰਦਰ ਬੰਧ ਲਈ, ਚਾਰੋਂ ਕੁੰਟ ਗੰਢ ਦਿਤੀ ਪਵਾਈਆ । ਹੁਣ ਅੰਦਰ ਉਹਲਾ ਨਾ ਕੰਧ ਰਹੀ, ਪਰਦਾ ਦਿਤਾ

ਉਠਾਈਆ । ਨਾ ਕਰਮਾਂ ਵਾਲੀ ਤੁਹਾਡੇ ਸਿਰ ਤੇ ਪੰਡ ਰਹੀ, ਝਗੜਾ ਦਿਤਾ ਮੁਕਾਈਆ । ਨਾ ਸੁਰਤ ਤੁਹਾਡੀ ਰੰਡ ਰਹੀ, ਕੰਤ ਸੁਹਾਗੀ ਹਰਿ ਆਪਣਾ ਜੋੜ ਜੁੜਾਈਆ । ਨਾ ਬ੍ਰਹਿਮੰਡਾਂ ਵਾਲੀ ਵੰਡ ਰਹੀ, ਸਚਖੰਡ ਸਾਚੇ ਧਾਮ ਬਹਾਈਆ । ਨਾ ਕੁਆਰੀਆਂ ਵਾਲੀ ਕੱਚੀ ਵੰਗ ਰਹੀ, ਨਾਮ ਕੰਗਣ ਹੱਥ ਵਿਚ ਦਿਤਾ ਪਾਈਆ । ਨਾ ਰੁਸ਼ਨਾਈ ਵਾਲੀ ਸੂਰਜ ਚੰਦ ਰਹੀ, ਜੋਤੀ ਜੋਤ ਵਿਚ ਮਿਲਾਈਆ । ਨਾ ਅੰਮ੍ਰਿਤ ਧਾਰ ਪਾਣੀ ਵਾਲੀ ਠੰਡ ਰਹੀ, ਸਾਚੇ ਸੋਮੇ ਵਿਚ ਦਿਤਾ ਨੁਹਾਈਆ । ਓ ਗੁਰਮੁਖੋ ਤੁਹਾਡੇ ਚਰਨਾਂ ਦੀ ਸੇਵਾ ਕਰਨ ਵਾਲੀ ਨਾ ਮਾਈ ਗੰਗ ਰਹੀ, ਗੋਦਾਵਰੀ ਸੁਰਸਤੀ ਜਮਨਾ ਦੂਰ ਦੁਰਾਡੀਆਂ ਵੇਖੋ ਰੋਵਣ ਮਾਰਨ ਧਾਈਆ । ਵੇਖ ਕੇ ਪ੍ਰਭ ਦੀ ਖੇਲ ਅਸ਼ਟਭੁਜ ਦੁਰਗਾ ਦੰਗ ਰਹੀ, ਜਿਸ ਨੇ ਦੰਗਾ ਸੁੰਭ ਨਸੁੰਭ ਨਾਲ ਦਿਤਾ ਕਰਾਈਆ । ਬ੍ਰਹਮਾ ਵਿਸ਼ਨ ਸ਼ਿਵ ਕਹਿਣ ਭਗਤਾਂ ਦੀ ਆਸ਼ਾ ਐਥੋਂ ਦੀ ਲੰਘ ਗਈ, ਜਾਂਦੀ ਨਜ਼ਰ ਕਿਸੇ ਨਾ ਆਈਆ । ਗੁਰ ਅਵਤਾਰਾਂ ਪੀਰ ਪੈਗੰਬਰਾਂ ਸਾਫ਼ ਕਿਹਾ ਲੋਕਮਾਤ ਇਕ ਪ੍ਰੀਤੀ ਭਗਤਾਂ ਦੀ ਭਗਵਾਨ ਨਾਲ ਹੰਢ ਗਈ, ਬਾਕੀ ਕੂੜੇ ਨਾਤੇ ਸਾਰੇ ਗਏ ਛੁਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤੋ ਤੁਹਾਨੂੰ ਮਾਣ ਤਾਣ ਦੇ ਕੇ ਭਗਵਾਨ ਫੇਰ ਚੜ੍ਹੇ ਸ਼ਬਦ ਸਰੂਪੀ ਜੰਗ ਲਈ, ਜੰਗਜੂ ਬਹਾਦਰ ਇਕੋ ਇਕ ਅਖਵਾਈਆ । ਹੁਕਮ ਦੇਵੇ ਅਸਵ ਦੇ ਤੰਗ ਲਈ, ਸ਼ਾਹ ਅਸਵਾਰਾ ਆਪਣੀ ਦਇਆ ਕਮਾਈਆ । ਹੁਕਮ ਦੇਵੇ ਨਾਮ ਦੇ ਮਰਦੰਗ ਲਈ, ਸਚ ਨਗਾਰਾ ਇਕ ਵਜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਨ, ਸਚ ਪ੍ਰੀਤੀ ਮਿਲ ਭਗਤਾਂ ਨਾਲ ਵੰਡ ਲਈ, ਵਖਰੀ ਰਖੀ ਨਾ ਕੋਇ ਲੁਕਾਈਆ ।


੨੭੪

❊ ੧੧ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਗਿਆਨੀ ਗੁਰਮੁਖ ਸਿੰਘ ਜੀ ਦੀ ਸਪੁੱਤਰੀ ਦੀ ਕੁੜਮਾਈ ਦੇ ਸਮੇਂ ਜੇਠੂਵਾਲ ❊

ਪੂਰਬ ਲਹਿਣਾ ਜਨਮ ਸੰਜੋਗ, ਮਿਲੇ ਮਾਣ ਵਡਿਆਈਆ । ਨਾਮ ਸ਼ਨਵਾਈ ਸਚ ਸਲੋਕ, ਢੋਲਾ ਅਗੰਮ ਅਥਾਹੀਆ । ਪ੍ਰੇਮ ਪਿਆਰ ਦੀ ਸਾਚੀ ਮੋਖ, ਸਾਹਿਬ ਸਤਿਗੁਰ ਝੋਲੀ ਪਾਈਆ । ਅੰਤਰ ਅੰਤਰ ਧੁਰ ਦੀ ਮੌਜ, ਹਰਿ ਕਰਤਾ ਦਏ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਮੇਲਾ ਰਿਹਾ ਮਿਲਾਈਆ । ਧੁਰ ਦਾ ਮੇਲਾ ਹਰਿ ਨਿਰੰਕਾਰ, ਹਰਿ ਕਰਤਾ ਆਪ ਕਰਾਈਆ । ਲੇਖਾ ਜਾਣੇ ਜਾਨਣਹਾਰ, ਬੇਪਰਵਾਹ ਵੱਡੀ ਵਡਿਆਈਆ । ਗੁਰ ਅੰਗਦ ਦਾ ਉਧਾਰ, ਲਹਿਣਾ ਰਿਹਾ ਮੁਕਾਈਆ । ਅਗਲਾ ਲੇਖਾ ਵਿਚ ਸੰਸਾਰ, ਸਾਹਿਬ ਸਵਾਮੀ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਸਚ ਸਰਨਾਈ ਦੇਵੇ ਆਪ, ਆਪਣੀ ਦਇਆ ਕਮਾਇੰਦਾ । ਸਿਰ ਰਖੇ ਦੇ ਕਰ ਹਾਥ, ਮਿਹਰ ਨਜ਼ਰ ਉਠਾਇੰਦਾ । ਧੁਰ ਦਾ ਬਣ ਕੇ ਸੱਜਣ ਸਾਕ, ਨਾਤਾ ਤੋੜ ਨਿਭਾਇੰਦਾ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲਹਿਣਾ ਦੇਣਾ ਦੇਵੇ ਸਾਖਿਆਤ, ਆਪ ਆਪਣਾ ਹੁਕਮ ਵਰਤਾਇੰਦਾ ।

✻ ੨੪ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਮਹਿੰਦਰ ਸਿੰਘ ਦੇ ਗ੍ਰਹਿ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✻

ਕਲਜੁਗ ਕਹੇ ਮੇਰੀ ਮੁਕੀ ਔਧ, ਜਨ ਭਗਤਾਂ ਸੀਸ ਨਿਵਾਈਆ । ਜਿਨ੍ਹਾਂ ਨੂੰ ਪੁਰਖ ਅਕਾਲ ਕੀਤਾ ਬੋਧ, ਅੰਧ ਅਗਿਆਨ ਦਿਤਾ ਮਿਟਾਈਆ । ਆਤਮ ਪਰਮਾਤਮ ਲਈ ਸੋਧ, ਸਵੱਛ ਸਰੂਪ ਆਪਣਾ ਦਰਸ ਵਖਾਈਆ । ਅੰਦਰੋਂ ਕਟ ਕੇ ਹਉਮੇ ਰੋਗ, ਦੂਈ ਦੁਖੜਾ ਦਿਤਾ ਗਵਾਈਆ । ਸਤਿ ਸਤਿ ਦਾ ਕਰ ਕੇ ਧੁਰ ਸੰਜੋਗ, ਜੁਗ ਜਨਮ ਦੇ ਵਿਛੜੇ ਮੇਲ ਮਿਲਾਈਆ । ਨਾਮ ਸੁਣਾ ਕੇ ਸਚ ਸਲੋਕ, ਤੂੰ ਮੇਰਾ ਤੇਰਾ ਇਕੋ ਢੋਲਾ ਦਿਤਾ ਦ੍ਰਿੜਾਈਆ । ਲੇਖਾ ਚੁਕਾ ਕੇ ਚੌਦਾਂ ਲੋਕ, ਚੌਦਾਂ ਤਬਕਾਂ ਪੰਧ ਮੁਕਾਈਆ । ਸਚ ਪ੍ਰੀਤੀ ਬਖ਼ਸ਼ ਕੇ ਧੁਰ ਦੀ ਓਟ, ਕਵਲ ਚਰਨ ਉਪਰ ਧਰਨ ਦਿਤੀ ਸਰਨਾਈਆ । ਨਾਮ ਤਨ ਨਗਾਰੇ ਲਾ ਕੇ ਚੋਟ, ਸੋਈ ਸੁਰਤੀ ਦਿਤੀ ਉਠਾਈਆ । ਮਾਇਆ ਮਮਤਾ ਹਉਮੇ ਹੰਗਤਾ ਕੂੜੀ ਕਿਰਿਆ ਕਢ ਕੇ ਖੋਟ, ਸਚ ਸੁਗੰਧੀ ਨਾਮ ਭਰਾਈਆ । ਨਿਰਮਲ ਨੂਰ ਪਰਕਾਸ਼ ਕਰ ਕੇ ਜੋਤ, ਜੋਤੀ ਜੋਤ ਕਰੀ ਰੁਸ਼ਨਾਈਆ । ਜਿਥੇ ਕੋਈ ਨਾ ਸਕਿਆ ਪਹੁੰਚ, ਮੰਜ਼ਲ ਦਿਤੀ ਬੇਪਰਵਾਹੀਆ । ਆਦਿ ਅੰਤ ਅਖ਼ੀਰੀ ਇਕੋ ਮੌਜ, ਮਜਲਸ ਆਪਣੀ ਦਿਤੀ ਵਖਾਈਆ । ਜਿਥੇ ਕੋਈ ਨਾ ਸਕੇ ਰੋਕ, ਅਧ ਵਿਚਕਾਰ ਨਾ ਕੋਇ ਅਟਕਾਈਆ । ਸਚਖੰਡ ਦਵਾਰਾ ਬਖ਼ਸ਼ ਕੇ ਕਿਲਾ ਕੋਟ, ਕੋਟਨ ਕੋਟਾਂ ਵਿਚੋਂ ਪਾਰ ਲੰਘਾਈਆ । ਕਲਜੁਗ ਕਹੇ ਮੇਰੀ ਅੰਤ ਅਖ਼ੀਰੀ ਮੁੱਕੀ ਸੋਚ, ਸਮਝ ਸਮਝ ਦਿਤੀ ਬਦਲਾਈਆ । ਜਿਸ ਦੇ ਦਰਸ਼ਨ ਗੁਰ ਅਵਤਾਰ ਪੀਰ ਪੈਗ਼ੰਬਰ ਨਵ ਨੌ ਚਾਰ ਰਹੇ ਲੋਚ, ਸੋ ਲੋਚਾ ਪੂਰ
੨੭੫ ਆਸਾ ਮਨਸਾ ਵਿਚ ਸਮਾਈਆ । ਜਿਸ ਦੀ ਖਾਣੀ ਬਾਣੀ ਕਰਦੀ ਰਹੀ ਖੋਜ, ਗਹਿਰ ਗੰਭੀਰ ਬੇਨਜ਼ੀਰ ਆਪਣੀ ਨਜ਼ਰ ਰਿਹਾ ਉਠਾਈਆ । ਗੁਰਮੁਖਾਂ ਆਵਣ ੨੭੫
ਜਾਵਣ ਪਤਿਤ ਪਾਵਨ ਧੁਰ ਦਾ ਕਟ ਵਿਜੋਗ, ਸਾਚਾ ਮੇਲਾ ਮੇਲੇ ਸਹਿਜ ਸੁਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਵੱਡੀ ਵਡਿਆਈਆ । ਕਲਜੁਗ ਕਹੇ ਮੇਰਾ ਅੰਤ ਅਖ਼ੀਰ, ਤਾ ਆਖ਼ਰ ਦਿਆਂ ਜਣਾਈਆ । ਮੈਂ ਨਜ਼ਰੀ ਤਕਿਆ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਪੀਰਾਂ ਦਾ ਪੀਰ, ਪੈਗ਼ੰਬਰਾਂ ਦਾ ਪੈਗ਼ੰਬਰ ਸਵੰਬਰ ਸਾਚਾ ਰਿਹਾ ਰਚਾਈਆ । ਜਿਸ ਦਾ ਸ਼ਬਦ ਨਿਰਾਲਾ ਅਨੋਖਾ ਤੀਰ, ਅਣਿਆਲਾ ਤਿੱਖੀ ਮੁਖੀ ਧਾਰ ਜਣਾਈਆ । ਜੋ ਦੋ ਜਹਾਨਾਂ ਮੰਜ਼ਲ ਪੈਂਡਾ ਪੰਧ ਰਿਹਾ ਚੀਰ, ਚਾਰ ਕੁੰਟ ਦਹਿ ਦਿਸ਼ਾ ਵੇਖੇ ਥਾਉਂ ਥਾਈਂਆ । ਜਿਸ ਮਿਹਰ ਨਜ਼ਰ ਨਾਲ ਜਨ ਭਗਤਾਂ ਬਦਲ ਦਿਤੀ ਤਕਦੀਰ, ਤਦਬੀਰ ਨਾਲ ਤਾਸੀਰ ਦਿਤੀ ਬਦਲਾਈਆ । ਲੇਖੇ ਲਾ ਕੇ ਸ਼ਾਹ ਹਕੀਰ ਫ਼ਕੀਰ, ਦੀਨ ਮਜ਼੍ਹਬ ਸ਼ਰਅ ਜ਼ੰਜੀਰ ਦਿਤੀ ਕਟਾਈਆ । ਦੂਰ ਦੁਰਾਡਾ ਹਕ ਖ਼ੁਦਾਈ ਨਜ਼ਰੀ ਆਏ ਮਹਿਰਾਬ ਮਹਿਬੂਬ ਨਜ਼ਦੀਕ, ਗ੍ਰਹਿ ਮੰਦਰ ਅੰਦਰ ਮੇਲ ਮਿਲਾਇਆ ਸਹਿਜ ਸੁਭਾਈਆ । ਜਿਸ ਦਾ ਖੇਲ ਨਿਰਾਲਾ ਤੱਕਿਆ ਅਜਬ ਅਜੀਬ, ਜਗਤ ਬੁੱਧੀ ਭੇਵ ਕੋਇ ਨਾ ਆਈਆ । ਜਿਸ ਦਾ ਧੁਰ ਦਾ ਕਲਮਾ ਕ਼ੁਦਰਤ ਕ਼ਾਦਰ ਕਦਰਾਂ ਵਾਲੀ ਦੱਸੇ ਹਦੀਸ, ਹਜ਼ਰਤਾਂ ਦਾ ਹਜ਼ਰਤ ਹਾਜ਼ਰ ਹੋ ਕੇ ਆਪਣਾ ਹੁਕਮ ਵਰਤਾਈਆ । ਲੇਖਾ ਚੁਕਾ ਕੇ ਬੀਸ ਇਕੀਸ, ਬਿਸਤਰੇ ਸਭ ਦੇ ਦਿਤੇ ਬੰਧਾਈਆ । ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸ਼ਬਦ ਅਨਾਦੀ ਪਾਰਬ੍ਰਹਮ ਪਤਿਪਰਮੇਸ਼ਵਰ ਦੋ ਜਹਾਨ ਸ੍ਰੀ ਭਗਵਾਨ ਸਚ ਸਵਾਮੀ ਦੇਵਣਹਾਰ ਆਪਣੀ ਤਰਤੀਬ, ਤਰਹ ਤਰਹ ਗੁਰ ਅਵਤਾਰ ਪੀਰ ਪੈਗ਼ੰਬਰ ਵਿਸ਼ਨ ਬ੍ਰਹਮਾ ਸ਼ਿਵ ਆਦਿ ਸ਼ਕਤ ਸਰਬ ਦਿਤੇ ਸਮਝਾਈਆ । ਕਲਜੁਗ ਕਹੇ ਮੇਰੀ ਕੂੜ ਕੁੜਿਆਰੀ ਭਗਤਾਂ ਅੰਦਰੋਂ ਮੇਟ ਕੇ ਲੀਕ, ਸ਼ਬਦ ਅਗੰਮੀ ਕਰ ਕੇ ਤਸਦੀਕ਼, ਬਿਨ ਅਬਾਦਤ ਸਚ ਸ਼ਹਾਦਤ ਦਿਤੀ ਭੁਗਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਲਜੁਗ ਕਹੇ ਮੇਰੀ ਅੰਤ ਅੰਤ ਜਨ ਭਗਤੋ ਅਰਦਾਸ, ਭਗਵਨ ਲੇਖਾ ਰਿਹਾ ਮੁਕਾਈਆ । ਜਿਨ੍ਹਾਂ ਦਾ ਸਾਹਿਬ ਉਹਨਾਂ ਦੇ ਵਸਿਆ ਪਾਸ,

੨੭੬

ਤਿਨ੍ਹਾਂ ਦਾ ਲਹਿਣਾ ਦੇਣਾ ਦਿਤਾ ਚੁਕਾਈਆ । ਮੇਰੀ ਅੰਤ ਅਖ਼ੀਰੀ ਖ਼ਾਹਿਸ਼, ਮੈਂ ਵਸਾਂ ਸਵਾਸ ਸਵਾਸ, ਬੀਸ ਬੀਸੇ ਪੂਰੀ ਹੋਈ ਆਸ, ਨਿਰਾਸਤਾ ਆਪਣਾ ਮੁਖ ਭਵਾਈਆ । ਮੈਂ ਤਕ ਕੇ ਵੇਖਿਆ ਪ੍ਰਿਥਮੀ ਆਕਾਸ਼, ਲੱਖ ਚੁਰਾਸੀ ਪੰਜ ਤੱਤ ਕਾਇਆ ਵੇਖਿਆ ਲਬਾਸ, ਮੰਡਲ ਮੰਡਪ ਗੋਪੀ ਕਾਹਨ ਜੰਗਲ ਜੂਹ ਉਜਾੜ ਪਹਾੜ ਉਚੇ ਟਿੱਲੇ ਪਰਬਤ ਪੈਂਦੀ ਵੇਖੀ ਰਾਸ, ਰਸਤਾ ਤੱਕਿਆ ਬੇਪਰਵਾਹੀਆ । ਮੰਦਰ ਮਸਜਿਦ ਸ਼ਿਵਦਵਾਲੇ ਮਠ ਸਿਮਰਨ ਪੂਜਾ ਪਾਠ ਵੇਖੀ ਨਿਮਾਜ਼, ਅੰਦਰ ਵੜ ਕੇ ਮਹਲ ਚੜ੍ਹ ਕੇ ਵੇਖਿਆ ਨਾ ਕਿਸੇ ਆਗਾਜ਼, ਰਾਜ਼ ਸਕਿਆ ਨਾ ਕੋਇ ਖੁਲ੍ਹਾਈਆ । ਮੈਂ ਹੈਰਾਨ ਹੋ ਕੇ ਵੈਰਾਨ ਹੋ ਕੇ ਸ਼ੈਤਾਨ ਹੋ ਕੇ ਨੌਜਵਾਨ ਹੋ ਕੇ ਨਿਗਹਬਾਨ ਹੋ ਕੇ ਜਨ ਭਗਤਾਂ ਕਹਾਂ ਸ਼ਾਬਾਸ਼, ਧਿਆਨ ਧੁਰ ਦਾ ਇਕ ਲਗਾਈਆ । ਜਿਨ੍ਹਾਂ ਮੇਰੇ ਅੰਦਰ ਰਹਿ ਕੇ ਆਪਣੇ ਮੰਦਰ ਲਿਆ ਝਾਕ, ਜਿਥੇ ਪ੍ਰਭੂ ਦਾ ਮੇਲਾ ਹੋਇਆ ਨਾਲ ਇਤਫ਼ਾਕ, ਨਾਤਾ ਤੁਟ ਗਿਆ ਕੂੜੇ ਸਾਕ, ਸੱਜਣ ਮਿਲਿਆ ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਜਿਸ ਨੇ ਗੁਰ ਅਵਤਾਰਾਂ ਪੀਰ ਪੈਗ਼ੰਬਰਾਂ ਪੂਰੇ ਕੀਤੇ ਭਵਿਖਤ ਵਾਕ, ਨੌ ਖੰਡ ਪ੍ਰਿਥਮੀ ਖੋਲ੍ਹੇ ਤਾਕ, ਸ਼ਬਦ ਅਗੰਮੀ ਚੜ੍ਹੇ ਰਾਕ, ਦੋ ਜਹਾਨਾਂ ਆਪਣੇ ਹੱਥ ਵਿਚ ਪਕੜੇ ਵਾਗ, ਦੂਜਾ ਵਾਗੀ ਰਹਿਣ ਨਾ ਕੋਇ ਪਾਈਆ । ਬੀਸ ਬੀਸਾ ਹਰਿ ਜਗਦੀਸਾ ਸਭ ਦਾ ਲੇਖਾ ਕਰੇ ਬੇਬਾਕ, ਸਚ ਦਵਾਰੇ ਸਨਮੁਖ ਹੋ ਕੇ ਸਾਰੇ ਹੋਏ ਲਾਜਵਾਬ, ਅਹਿਬਾਬ ਰਬਾਬ ਤੰਦ ਸਤਾਰ ਧੁਰ ਦੀ ਆਪਣੀ ਇਕ ਵਜਾਈਆ । ਜਨ ਭਗਤਾਂ ਦੇ ਕੇ ਚਰਨ ਪ੍ਰੀਤੀ ਧੁਰ ਦਾ ਲਾਭ, ਆਸਾ ਮਨਸਾ ਪੂਰੀ ਕਰ ਕੇ ਮੁਰਾਦ, ਮੁਰਦੇ ਮੁਹੱਬਤ ਨਾਲ ਜ਼ਿੰਦਾ ਲਏ ਕਰਾਈਆ । ਵਸਦਾ ਖੇੜਾ ਬਿਨਾ ਉਜੜਿਆਂ ਹੋਏ ਆਬਾਦ, ਆਤਮ ਅੰਤਰ ਪਏ ਜਾਗ, ਸਚ ਪ੍ਰੀਤੀ ਉਪਜੇ ਵੈਰਾਗ, ਜਗਤ ਤ੍ਰਿਸ਼ਨਾ ਆਗ ਦਏ ਬੁਝਾਈਆ । ਜਿਸ ਹੰਸ ਬਣਾਏ ਕਾਗ, ਤੂੰ ਮੇਰਾ ਮੈਂ ਤੇਰਾ ਸੋਹੰ ਸ਼ਬਦ ਸੁਣਾਏ ਆਵਾਜ਼, ਪਰਦਾ ਓਹਲਾ ਲਾਹ ਕੇ ਦੇਸ ਮਾਝ, ਸੀਸ ਜਗਦੀਸ਼ ਰਖ ਕੇ ਤਾਜ, ਤਾਜਾਂ ਵਾਲੇ ਤਖ਼ਤ ਨਿਵਾਸੀ ਤਖ਼ਤਾ ਦੀਨ ਦੁਨੀ ਦਏ ਉਲਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਮਹਿਬੂਬ ਮੁਹੱਬਤ ਵਿਚ ਖੇਲੇ ਖੇਲ ਹਕ ਗੁਸਾਂਈਆ । ਕਲਜੁਗ ਕਹੇ ਮੈਨੂੰ ਕੋਈ ਨਾ ਕਿਹੋ ਕਮਲਾ, ਕਲਮੇ ਵਾਲਿਆਂ ਕਲਮਾ ਅਗਲਾ ਦਿਆਂ ਪੜ੍ਹਾਈਆ । ਲੱਖ ਚੁਰਾਸੀ ਜੀਵ ਜੰਤ ਸਾਧ ਸੰਤ ਪੀਰ ਪੈਗ਼ੰਬਰ ਗੁਰ ਅਵਤਾਰ ਲੇਖਾ ਅਮਲਾਂ, ਆਮਲ ਕਾਮਲ ਮੁਰਸ਼ਦ ਧੁਰ ਦਾ ਹੁਕਮ ਰਿਹਾ ਜਣਾਈਆ । ਜਨ ਭਗਤ ਸੁਹੇਲੇ ਧੁਰ ਦੇ ਵੇਖਾਂ ਸੱਜਣਾਂ, ਸਾਜਣ ਹੋ ਕੇ ਖੋਜ ਖੁਜਾਈਆ । ਚਰਨ ਪ੍ਰੀਤੀ ਸਾਚੀ ਰੀਤੀ ਧੂੜੀ ਇਸ਼ਨਾਨ ਕਰਾਵਾਂ ਮਜਨਾ, ਕੂੜ ਕੁੜਿਆਰੀ ਦੁਰਮਤ ਮੈਲ ਧਵਾਈਆ । ਬਿਨ ਮੱਕੇ ਕਾਅਬਿਉਂ ਕਰਾਵਾਂ ਧੁਰ ਦਾ ਹੱਜਣਾ, ਹਾਜ਼ਰ ਹੋ ਕੇ ਹਜ਼ਰਤ ਦਿਆਂ ਮਿਲਾਈਆ । ਜਿਸ ਏਥੇ ਓਥੇ ਦੋ ਜਹਾਨ ਪਰਦਾ ਕਜਣਾ, ਨਾਮ ਦੁਸ਼ਾਲਾ ਸੀਸ ਓਢਣ ਦਏ ਟਿਕਾਈਆ । ਜਿਸ ਦਾ ਲੇਖਾ ਕੋਈ ਸਮਝ ਨਾ ਸਕੇ ਅਗਲਾ, ਪਿਛਲੇ ਪੜ੍ਹ ਪੜ੍ਹ ਥੱਕੀ ਜਗਤ ਲੋਕਾਈਆ । ਕਲਜੁਗ ਕਹੇ ਮੈਂ ਕਲਜੁਗ ਜੀਵਾਂ ਕੀਤਾ ਕੰਗਲਾ, ਸਾਚੀ ਵਸਤ ਨਾਮ ਅਮੋਲਕ ਧਨ ਦੌਲਤ ਧੁਰ ਦੀ ਹੱਥ ਕਿਸੇ ਨਾ ਆਈਆ । ਗੁਰਮੁਖ ਗੁਰਸਿਖ ਸਚ ਪ੍ਰੀਤੀ ਮਨ ਆਤਮ ਰੰਗਲਾ, ਪਰਮਾਤਮ ਮਿਲ ਮਿਲ ਢੋਲਾ ਗਾਈਆ । ਅੱਠੇ ਪਹਿਰ ਦਿਵਸ ਰੈਣ ਤਨ ਮਨ ਅੰਦਰ ਰਹੇ ਚਾਰ ਮੰਗਲਾ, ਗੀਤ ਗੋਬਿੰਦ ਬਿਨ ਰਸਨਾ ਜੇਹਵਾ ਗਾਈਆ । ਕਲਜੁਗ ਕਹੇ ਜਨ ਭਗਤੋ ਮੈਂ ਅੰਤ ਏਹੋ ਮੰਗ ਮੰਗ ਲਾਂ, ਮਾਂਗਤ ਹੋ ਕੇ ਆਪਣੀ ਝੋਲੀ ਡਾਹੀਆ । ਪ੍ਰਭੂ ਤੇਰੀ ਚਰਨ ਪ੍ਰੀਤੀ ਸਦਾ ਸਦਾ ਸਦ ਅਨੰਦ ਲਾਂ, ਅਨੰਦ ਚੰਦ ਆਪਣਾ ਨੂਰੀ ਨੂਰ ਦੇਣਾ ਚਮਕਾਈਆ । ਆਪਣੀ ਮੰਜ਼ਲ ਦਾ ਪੈਂਡਾ ਲੰਘ ਲਾਂ, ਪਾਂਧੀ ਹੋ ਕੇ ਆਪਣਾ ਪੰਧ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿਜਨ ਸਾਚੇ ਵੇਖੇ ਥਾਉਂ ਥਾਈਂਆ । ਸਚ ਪੋਸ਼ਾਕ ਨਾਮ ਹੋ ਰਹੀ ਤਿਆਰ, ਤ੍ਰੈਗੁਣ ਅਤੀਤਾ ਤ੍ਰੈਭਵਨ ਧਨੀ ਰਿਹਾ ਬਣਾਈਆ । ਜਿਸ ਨੂੰ ਜਾਨਣਹਾਰਾ ਇਕ ਇਕਲਾ ਏਕੰਕਾਰ, ਅਕਲ ਕਲਧਾਰੀ ਆਪਣੀ ਕਲ ਰਿਹਾ ਵਰਤਾਈਆ । ਜਨ ਭਗਤ ਦਾ ਬਣੇ

ਸ਼ਿੰਗਾਰ, ਜਗਤ ਜਹਾਨ ਨਾ ਪਾਵੇ ਸਾਰ, ਮਨ ਮਤਿ ਬੁਧਿ ਸਕੇ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੋਸ਼ਾਕ ਕਹੇ ਮੈਂ ਬਣਨਾ ਕੱਪੜ, ਤਨ ਮਾਟੀ ਖ਼ਾਕੀ ਦਿਆਂ ਵਡਿਆਈਆ । ਮੈਂ ਓਥੇ ਜਾਣਾ ਅੱਪੜ, ਜਿਥੇ ਮੰਜ਼ਲ ਬੇਪਰਵਾਹੀਆ । ਨਾ ਕੋਈ ਛੰਨ ਤੇ ਨਾ ਕੋਈ ਛੱਪਰ, ਮਹਲ ਅਟਲ ਨਜ਼ਰ ਕੋਇ ਨਾ ਆਈਆ । ਨਾ ਕੋਈ ਅੱਖਰ ਲਗ ਮਾਤਰ ਨਾ ਕੋਈ ਸਤਰ, ਹਿੰਦਸਿਆਂ ਵਾਲੀ ਵੰਡ ਨਾ ਕੋਇ ਵੰਡਾਈਆ । ਨਾ ਕੋਈ ਕ਼ਲਮ ਦਵਾਤ ਸ਼ਾਹੀ ਪੱਤਰ, ਨਾ ਕੋਈ ਕਾਤਬ ਲੇਖਾ ਰਿਹਾ ਜਣਾਈਆ । ਇਕੋ ਨੂਰ ਜ਼ਹੂਰ ਬ੍ਰਹਮ ਪਾਰਬ੍ਰਹਮ ਨਿਰੰਤਰ, ਨਰ ਨਿਰੰਕਾਰ ਨਿਰਾਕਾਰ ਸੋਭਾ ਪਾਈਆ । ਨਾ ਕੋਈ ਰਾਗ ਧੁੰਨ ਸ਼ਬਦ ਮੰਤਰ, ਗਾਇਣ ਗਾਥਾ ਨਾ ਕੋਇ ਦ੍ਰਿੜਾਈਆ । ਜਿਸ ਧਾਮ ਤੇ ਕੋਈ ਨਾ ਪਹੁੰਚਿਆ ਸੰਤਨ, ਕਬੀਰ ਜੁਲਾਹਾ ਤਕ ਕੇ ਖ਼ੁਸ਼ੀ ਮਨਾਈਆ । ਗੁਰਮੁਖ ਓਸ ਪਹੁੰਚਣਾ ਪਤਣ, ਜਿਥੇ ਖੇਵਟ ਖੇਟਾ ਸ਼ਹਿਨਸ਼ਾਹੀਆ । ਸਚ ਦਵਾਰਾ ਵੇਖਣਾ ਓਹ ਵਤਨ, ਜਿਸ ਵਤਨ ਵਿਚੋਂ ਬੇਵਤਨ ਹੋ ਕੇ ਲੋਕਮਾਤ ਫੇਰਾ ਪਾਈਆ । ਸਤਿਗੁਰ ਸ਼ਬਦ ਪੋਸ਼ਾਕ ਕਹੇ ਭਗਤਾਂ ਦਾ ਭਗਤੀ ਵਾਲਾ ਪੂਰਾ ਹੋਇਆ ਯਤਨ, ਯਥਾਰਥ ਇਕੋ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਬਣਤ ਰਿਹਾ ਬਣਾਈਆ । ਪੋਸ਼ਾਕ ਕਹੇ ਮੈਨੂੰ ਕੋਈ ਨਾ ਸੀਏ ਨਾਲ ਸੂਈ ਧਾਗਾ, ਜਗਤ ਕਲਾ ਨਾ ਕੋਇ ਵਡਿਆਈਆ । ਜਗਤ ਕੂੜ ਕੁੜਿਆਰ ਨਾਲ ਮੈਨੂੰ ਕਦੇ ਨਾ ਲਗੇ ਦਾਗ਼ਾ, ਮੈਲਾ ਰੂਪ ਨਾ ਕੋਇ ਵਟਾਈਆ । ਮੈਂ ਓਸ ਦੀ ਰੱਖਾਂ ਲਾਜਾ, ਜਿਸ ਨੂੰ ਮਿਲਿਆ ਪ੍ਰਭੂ ਵਡਭਾਗਾ, ਭਾਗਾਂ ਵਾਲਿਆਂ ਭਾਗ ਧੁਰ ਦਾ ਝੋਲੀ ਪਾਈਆ । ਨੰਗੇ ਪਿੰਡੇ ਰਵਿਦਾਸ ਮਾਰੀ ਇਕ ਆਵਾਜ਼ਾ, ਬੋਲ ਕੇ ਕਿਹਾ ਗ਼ਰੀਬ ਨਿਵਾਜ਼ਾ, ਸ਼ਾਹ ਪਾਤਸ਼ਾਹ ਤੇਰੀ ਸਰਨਾਈਆ । ਮਹਿਬੂਬ ਮਹਿਮਾਨ ਹੋ ਕੇ ਮੁਹੱਬਤ ਵਿਚ ਆ ਜਾ, ਆਪ ਆਪਣਾ ਰੰਗ ਰੰਗਾਈਆ । ਤਨ ਬਸਤਰ ਇਕ ਪਹਿਨਾ ਜਾ, ਤਨ ਖ਼ਾਕੀ ਆਪਣੇ ਰੰਗ ਰੰਗਾਈਆ । ਅਬਿਨਾਸ਼ੀ ਕਰਤੇ ਕਿਹਾ ਇਹ ਲੇਖਾ ਵਡ ਹਿਸਾਬਾ, ਬਿਨ ਕ਼ਲਮ ਸ਼ਾਹੀ ਦਿਆਂ ਜਣਾਈਆ । ਜਿਸ ਵੇਲੇ ਜੋਤੀ ਜਲਵਾ ਧਰ ਕੇ ਆਇਆ ਦੇਸ ਮਾਝਾ, ਮਜਲਸ ਭਗਤਾਂ ਵਿਚ ਰਖਾਈਆ । ਓਸ ਵੇਲੇ ਤੇਰਾ ਤਨ ਨਾ ਹੋਵੇ ਨਾਂਗਾ, ਸੋਹਣਾ ਬਸਤਰ ਦਿਆਂ ਪਹਿਨਾਈਆ । ਜਿਸ ਬਸਤਰ ਦਾ ਜਗਤ ਜਹਾਨ ਵਿਚ ਕੋਈ ਨਾ ਹੋਵੇ ਗਾਹਕਾ, ਬਿਨ ਕ਼ੀਮਤ ਤੇਰੇ ਹੱਥ ਫੜਾਈਆ । ਉਹ ਬਸਤਰ ਆਪਣੀ ਆਸ ਰਖ ਕੇ ਆਪਣੇ ਵੇਲੇ ਨਾਲ ਜਾਗਾ, ਆਪਣੀ ਆਪ ਲਏ ਅੰਗੜਾਈਆ । ਪਾਰਬ੍ਰਹਮ ਪਤਿਪਰਮੇਸ਼ਵਰ ਪਰਵਰਦਿਗਾਰ ਸਾਂਝੇ ਯਾਰ ਧੁਰ ਦੇ ਠਾਕਰ ਮੇਰੀ ਰਖ ਲਾਜਾ, ਦੇ ਮਾਣ ਸੱਚੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਕਾਇਆ ਮੰਦਰ ਅੰਦਰ ਆਤਮ ਪਰਮਾਤਮ ਸਤਿ ਪ੍ਰੇਮ ਸਚ ਨੇਮ ਦੀ ਪਹਿਨਾਏ ਉਹ ਪੋਸ਼ਾਕਾ, ਜਿਸ ਪੋਸ਼ਾਕ ਦਾ ਕਾਇਆ ਮਾਟੀ ਹੱਡ ਮਾਸ ਨਾੜੀ ਰਕਤ ਅੰਦਰ ਲਬਾਸ ਦਏ ਛੁਪਾਈਆ ।

### ❊ ੨੪ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਹਰਭਜਨ ਸਿੰਘ ਦੇ ਗ੍ਰਿਹਿ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❊

ਧਰਨੀ ਕਹੇ ਇਕ ਦਿਨ ਬਾਲਮੀਕ ਬੈਠਾ ਨਾਲ ਧਿਆਨ, ਅੰਤਰ ਅੰਤਰ ਧਿਆਨ ਲਗਾਈਆ । ਓਸ ਸੁਣਿਆ ਅਗੰਮੀ ਇਕ ਫ਼ਰਮਾਨ, ਧੁਰ ਸੰਦੇਸ਼ਾ ਸ਼ਹਿਨਸ਼ਾਹੀਆ । ਸੁਣ ਕੇ ਹੋਇਆ ਹੈਰਾਨ, ਕਵਣ ਢੋਲੇ ਰਿਹਾ ਗਾਈਆ । ਕਿਰਪਾ ਕਰ ਸ੍ਰੀ ਭਗਵਾਨ, ਆਪਣਾ ਹੁਕਮ ਦਿਤਾ ਜਣਾਈਆ । ਬਾਲ ਰਿਸ਼ੀ ਖੇਲ ਮਹਾਨ, ਮਹਿੰਮਾ ਅਗੰਮ ਅਥਾਹੀਆ । ਜਿਸ ਵੇਲੇ ਜੁਗ ਚੌਕੜੀ ਬੀਤੇ ਵਿਚ ਜਹਾਨ, ਕਲਜੁਗ ਵੇਲਾ ਅੰਤਮ ਦਏ ਗਵਾਹੀਆ । ਓਸ ਵੇਲੇ ਕਿਰਪਾ ਕਰੇ ਆਪ ਮਿਹਰਵਾਨ, ਨਜ਼ਰ

੨੭੭

ਮਿਹਰ ਇਕ ਉਠਾਈਆ । ਸਚ ਦਵਾਰੇ ਚਰਨ ਛੁਹਾਏ ਆਣ, ਰੂਪ ਅਨੂਪਾ ਵੇਸ ਵਟਾਈਆ । ਜਿਸ ਦੀ ਕਰੇ ਨਾ ਕੋਈ ਪਹਿਚਾਣ, ਭਾਂਡਾ ਭਰਮ ਨਾ ਕੋਇ ਭੰਨਾਈਆ । ਉਹ ਸ਼ਖੀਆਂ ਦਾ ਸੁਲਤਾਨ, ਰਾਮਾਂ ਦਾ ਰਾਮ ਨੂਰ ਖ਼ੁਦਾਈਆ । ਜਿਹੜੀ ਭੂਮੀ ਹੁਣ ਨਜ਼ਰ ਆਵੇ ਸ਼ਮਸ਼ਾਨ, ਮੁਰਦੇ ਰਹੀ ਜਲਾਈਆ । ਏਥੇ ਭਗਤ ਕਰੇ ਪਰਵਾਨ, ਪਰਵਾਨਾ ਆਪਣਾ ਹੱਥ ਫੜਾਈਆ । ਓਧਰੋਂ ਆ ਗਿਆ ਨੌਜਵਾਨ, ਪਾਲੀ ਚੋਖਰਾਂ ਸੇਵ ਕਮਾਈਆ । ਓਨ ਵੇਖਿਆ ਮਾਰ ਧਿਆਨ, ਕਵਣ ਸੁੰਨ ਸਮਾਧੀ ਵਿਚ ਸਮਾਈਆ । ਸਹਿਜ ਸੁਭਾਓ ਚਰਨ ਨਮਸਤੇ ਕੀਤੀ ਆਣ, ਧੂੜੀ ਟਿੱਕਾ ਖ਼ਾਕ ਰਮਾਈਆ । ਬਾਲਮੀਕ ਬਦਲ ਕੇ ਆਪਣਾ ਧਿਆਨ, ਝਟ ਪੁਸ਼ਤ ਪਨਾਹ ਆਪਣਾ ਹੱਥ ਦਿਤਾ ਟਿਕਾਈਆ । ਓਧਰੋਂ ਆਇਆ ਧੁਰ ਫ਼ਰਮਾਨ, ਹਰਿ ਸੁਨੇਹੜਾ ਸਚ ਜਣਾਈਆ । ਰਿਸ਼ੀ ਏਸ ਦੀ ਕਰ ਪਹਿਚਾਣ, ਨੇਤਰ ਨੇਤਰਾਂ ਨਾਲ ਜੁੜਾਈਆ । ਅੰਤਮ ਲਹਿਣਾ ਦੇਣਾ ਮੈਂ ਦੇਵਾਂ ਬਣ ਕੇ ਗੁਣ ਨਿਧਾਨ, ਗੁਣਵੰਤਾ ਹੋ ਕੇ ਝੋਲੀ ਪਾਈਆ । ਬਾਲਮੀਕ ਸੀਸ ਨਿਵਾਇਆ ਕਿਹਾ ਵਾਹ ਮੇਰੇ ਮਿਹਰਵਾਨ, ਤੇਰੀ ਬੇਪਰਵਾਹੀਆ । ਓਸ ਪਾਲੀ ਨੇ ਮੰਗ ਲਿਆ ਦਾਨ, ਝੋਲੀ ਆਪਣੀ ਅਗੇ ਡਾਹੀਆ । ਮੇਰੀ ਪ੍ਰੀਤੀ ਰਹੇ ਨਾਲ, ਜਗਤ ਕੰਗਾਲ ਮਿਲੇ ਮਾਣ ਵਡਿਆਈਆ । ਬਾਲਮੀਕ ਕਿਹਾ ਮੇਰੇ ਲਾਲ, ਲਾਲ ਰੰਗ ਦੇਵਾਂ ਰੰਗਾਈਆ । ਤੇਰਾ ਮੇਰੇ ਅਗੇ ਸੁਆਲ, ਮੈਂ ਧੁਰ ਦਰਗਾਹੀ ਦਿਆਂ ਪੁਚਾਈਆ । ਜਿਸ ਦੇ ਕੋਲ ਸਭ ਦਾ ਅਹਿਵਾਲ, ਲੇਖਾ ਜਾਣੇ ਥਾਉਂ ਥਾਈਂਆ । ਜੁਗ ਚੌਕੜੀ ਜੋ ਬਦਲਣਹਾਰਾ ਚਾਲ, ਆਪਣਾ ਹੁਕਮ ਵਰਤਾਈਆ । ਓਸ ਪਾਲੀ ਬੇਹਾਲ ਹੋ ਕੇ ਕਿਹਾ ਮੇਰੀ ਕਰਨੀ ਸੰਭਾਲ, ਸਭਾ ਆਪਣੀ ਲੈਣਾ ਮਿਲਾਈਆ । ਰਿਸ਼ੀ ਸਹਿਜ ਸੁਭਾਓ ਕਿਹਾ ਤੇਰਾ ਬਣਾਂ ਆਪ ਦਲਾਲ, ਦਲਾਲੀ ਦੋ ਜਹਾਨ ਕਮਾਈਆ । ਜਿਸ ਵੇਲੇ ਵੇਲਾ ਵਕਤ ਪਹੁੰਚਿਆ ਆਣ, ਸ੍ਰੀ ਭਗਵਾਨ ਦਿਆਂ ਮਿਲਾਈਆ ।
੨੭੮ ਸ਼ਬਦ ਅਗੰਮੀ ਚੜ੍ਹਾ ਕੇ ਬਬਾਨ, ਮੰਜ਼ਲ ਮੰਜ਼ਲ ਪੰਧ ਚੁਕਾਈਆ । ਧਰਨੀ ਕਿਹਾ ਮੈਂ ਵੇਖ ਕੇ ਹੋਈ ਹੈਰਾਨ, ਕਿਸ ਬਿਧ ਰਿਹਾ ਲੇਖਾ ਲੇਖੇ ਵਿਚ ਪਾਈਆ । ਬਾਲਮੀਕ ੨੭੮
ਦਾ ਸਾਥੀ ਬਾਲ ਅੰਞਾਣ, ਬਾਲੀ ਬੁਧਿ ਹਿਰਦਾ ਸੁਧ ਖ਼ੁਸ਼ੀ ਵਖਾਈਆ । ਭਜਨ ਸਿੰਘ ਭੱਜਿਆ ਨਹੀਂ ਭੱਜੇ ਜਾਂਦਿਆਂ ਨੂੰ ਮਿਲਾਇਆ ਆਣ, ਆਣ ਆਪਣੀ ਰਿਹਾ ਪਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਲੇਖਾ ਪੂਰਬ ਰਿਹਾ ਚੁਕਾਈਆ ।

### ✻ ੨੪ ਵਿਸਾਖ ਸ਼ਹਿਨਸ਼ਾਹੀ ਸੰਮਤ ੧ ਪਾਲ ਸਿੰਘ ਦੇ ਗ੍ਰਹਿ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✻

ਧਰਨੀ ਕਹੇ ਮੈਂ ਭਾਗਾਂ ਵਾਲੀ ਭੂਮੀ, ਮੇਰੇ ਅੰਤਰ ਵਜੀ ਵਧਾਈਆ । ਜਿਸ ਨੂੰ ਖੋਜਦੇ ਰਿਖੀ ਮੁਨੀ, ਮਾਨਵ ਭਜਣ ਵਾਹੋ ਦਾਹੀਆ । ਜਿਸ ਨੂੰ ਲਭਦੇ ਵਡ ਗੁਣ ਗੁਣੀ, ਗੁਣਵਾਨ ਖੋਜ ਖੁਜਾਈਆ । ਸੋ ਸਾਹਿਬ ਸਵਾਮੀ ਪੁਕਾਰ ਸਚ ਸੁਣੀ, ਸਚਖੰਡ ਨਿਵਾਸੀ ਦਇਆ ਕਮਾਈਆ । ਆਪਣੇ ਨਾਮ ਨਿਧਾਨ ਦੀ ਸੁਣਾਵਣ ਆਇਆ ਧੁਨੀ, ਰਾਗ ਅਗੰਮੀ ਢੋਲਾ ਗਾਈਆ । ਵਸਤ ਦੇਵਣ ਆਇਆ ਅਨਮੁੱਲੀ, ਦੌਲਤ ਬੇਪਰਵਾਹੀਆ । ਜਿਥੇ ਸੋਹੇ ਇਹ ਕੁਲੀ, ਕੁਲ ਮਾਲਕ ਖ਼ੁਸ਼ੀ ਮਨਾਈਆ । ਮੈਨੂੰ ਉਹ ਕਥਾ ਕਹਾਣੀ ਨਹੀਂ ਭੁੱਲੀ, ਜਿਹੜੀ ਬਾਲਮੀਕ ਇੱਕੀ ਸਾਲ ਤਪਸਿਆ ਗਿਆ ਕਮਾਈਆ । ਖਾ ਕੇ ਰੁੱਖੀ ਸੁੱਕੀ ਗੁੱਲੀ, ਸੁੱਕੇ ਟੁਕੜਿਆਂ ਝਟ ਲੰਘਾਈਆ । ਪਾਣੀ ਥੋੜ੍ਹਾ ਲਾ ਕੇ ਬੁਲੀਂ, ਬਲ ਆਪਣਾ ਗਿਆ ਵਧਾਈਆ । ਉਸੇ ਦੀ ਫੁਲਵਾੜੀ ਫੁੱਲੀ, ਆਪਣੀ ਰੁਤ ਰਹੀ ਬਦਲਾਈਆ । ਓਸੇ ਦੀ ਪ੍ਰੇਮ ਪ੍ਰੀਤੀ ਲਹਿਰ ਝੁੱਲੀ, ਪਵਣ ਠੰਡੀ ਠੰਡਕ ਰਹੀ ਪਾਈਆ । ਓਸੇ ਦੀ ਪ੍ਰੀਤੀ ਚਰਨਾਂ ਉਤੇ ਘੋਲ ਘੁੱਲੀ, ਘਾਇਲ ਹੋ ਕੇ ਰਹੀ ਜਣਾਈਆ । ਓਸੇ ਦੀ ਸੁਰਤ ਅੰਦਰੋਂ ਖੁਲ੍ਹੀ, ਸਾਵਧਾਨ ਹੋ ਕੇ ਢੋਲਾ ਗਾਈਆ । ਧਰਨੀ ਕਹੇ ਮੈਨੂੰ ਵਸਤ ਮਿਲੀ ਅਨਮੁੱਲੀ, ਕਰਤੇ ਝੋਲੀ ਦਿਤੀ ਪਾਈਆ । ਮੇਰੀ ਪਤ ਟਹਿਣੀ ਮੂਲ ਨਾ ਫੁੱਲੀ, ਫੁਲ ਸੋਹਣਾ ਦਿਤਾ ਲਗਾਈਆ ।

 ੨੭੯

ਲੋਕਮਾਤ ਮੇਰੀ ਖ਼ਾਕ ਨਾ ਰੁਲੀ, ਰੁਲਦੀ ਖ਼ਾਕ ਨੂੰ ਪਾਕ ਦਿਤਾ ਬਣਾਈਆ । ਆਪਣੇ ਪ੍ਰੇਮ ਪਿਆਰ ਦੀ ਅੰਮ੍ਰਿਤ ਦੇ ਕੇ ਨਿਝਰ ਚੁਲੀ, ਚੇਲਾ ਗੁਰੂ ਇਕੋ ਰੰਗ ਰੰਗਾਈਆ । ਜਿਸ ਦੀ ਬੂੰਦ ਸਵਾਂਤੀ ਮੂਲ ਨਾ ਡੁੱਲ੍ਹੀ, ਕਤਰਾ ਕਤਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸਾਚਾ ਵਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਾਰ ਹੌਲਾ ਰਿਹਾ ਕਰਾਈਆ ।

ਧਰਨੀ ਕਹੇ ਮੈਂ ਕਿਹਾ ਨਿਧੜਕ, ਹੌਸਲੇ ਨਾਲ ਜਣਾਈਆ । ਭਗਤਾਂ ਦੀ ਸਿੱਧੀ ਸੜਕ, ਰਹਿਬਰ ਹੋ ਕੇ ਰਿਹਾ ਲਗਾਈਆ । ਮੰਜ਼ਲ ਵਿਚ ਨਹੀਂ ਕੋਈ ਅਟਕ, ਰਸਤਾ ਬਿਖੜਾ ਨਾ ਕੋਇ ਜਣਾਈਆ । ਅਧ ਵਿਚਕਾਰ ਕੋਈ ਨਾ ਰਹੇ ਲਟਕ, ਜਿਸ ਨੂੰ ਪਲੂ ਰਿਹਾ ਫੜਾਈਆ । ਜਗਤ ਨਾਲੋਂ ਚਾਲ ਨਿਰਾਲੀ ਕਰੇ ਮਟਕ, ਵਖਰਾ ਰੰਗ ਰੰਗਾਈਆ । ਭੈ ਭਉ ਚੁਕਾ ਕੇ ਕਰੇ ਬੇਖਟਕ, ਕੂੜਾ ਖਟਕਾ ਦਏ ਗਵਾਈਆ । ਲੇਖੇ ਲਾ ਕੇ ਬੂੰਦ ਰਕਤ, ਸੁਤ ਅਨਾਦੀ ਲਏ ਬਣਾਈਆ । ਆਤਮ ਪਰਮਾਤਮ ਦੇ ਕੇ ਸ਼ਕਤ, ਸਾਖਿਆਤ ਹੋਏ ਸਹਾਈਆ । ਲੇਖਾ ਚੁਕਾਵਣ ਆਇਆ ਭਗਤਾਂ ਦਾ ਫ਼ਕਤ, ਫ਼ਿਕਰਾ ਇਕੋ ਰਿਹਾ ਸੁਣਾਈਆ । ਭਰਮ ਭੁਲੇਖੇ ਪਾ ਕੇ ਜਗਤ, ਗੁਰਮੁਖ ਜੀਵਣ ਜੁਗਤੀ ਆਪਣੀ ਰਿਹਾ ਦ੍ਰਿੜਾਈਆ । ਆਤਮ ਦਰਸੀ ਹੋ ਕੇ ਦੇਵੇ ਦਰਸ, ਨਿਜ ਨੇਤਰ ਨੈਣ ਨੇਤਰ ਦਏ ਦਰਸਾਈਆ । ਜਨਮ ਜਨਮ ਦੀ ਮੇਟ ਕੇ ਹਰਸ, ਅਗਲੀ ਹਵਸ ਰਿਹਾ ਬੁਝਾਈਆ । ਏਸ ਦੀ ਕਿਆ ਕੋਈ ਕਰੇ ਪਰਖ, ਕਸਵਟੀ ਕਵਣ ਚੜ੍ਹਾਈਆ । ਜਿਸ ਨੇ ਗੁਰ ਅਵਤਾਰ ਪੀਰ ਪੈਗੰਬਰ ਕੋਟਨ ਕੋਟ ਵਿਸ਼ਨ ਬ੍ਰਹਮਾ ਸ਼ਿਵ ਆਪਣੇ ਅੰਦਰ ਕਰ ਕੇ ਹੜਪ, ਤੜਪ ਜਗਤ ਦਿਤੀ ਲਗਾਈਆ । ਜਿਸ ਦਾ ਨਾਮ ਨਿਧਾਨਾ ਦੋ ਜਹਾਨਾਂ ਸ਼ਬਦ ਖੰਡਾ ਖੜਗ, ਲੱਖ ਚੁਰਾਸੀ ਝਟਕ ਝਟਕ ਰਿਹਾ ਵਖਾਈਆ । ਓਸ ਦੀ ਇਕੋ ਸਚ ਪ੍ਰੇਮ ਵਾਲੀ ਰਗੜ, ਜਨ ਭਗਤਾਂ ਦੀ ਆਤਮ ਨਾਲ ਪਰਮਾਤਮ ਹੋ ਕੇ ਦਏ ਛੁਹਾਈਆ । ਮੂਰਖ ਮੁਗਧ ਅੰਞਾਣ ਮਨ ਮਤਿ ਰਹੇ ਝਗੜ, ਝਗੜੇ ਵਿਚ ਸਰਬ ਲੋਕਾਈਆ । ਜਿਨ੍ਹਾਂ ਨੂੰ ਅੰਦਰੋ ਅੰਦਰ ਲਏ ਪਕੜ, ਸੁਰਤੀ ਸ਼ਬਦੀ ਡੋਰ ਬੰਧਾਈਆ । ਤੋਲ ਤੋਲ ਲਏ ਆਪਣੇ ਤੱਕੜ, ਨਾਮ ਤਰਾਜ਼ੂ ਕੰਡੇ ਲਏ ਉਠਾਈਆ । ਉਹ ਭਗਤ ਜਨ ਫ਼ਕੀਰਾਂ ਦੇ ਫ਼ੱਕਰ, ਫ਼ਿਕਰਾਂ ਦੇ ਫ਼ਿਕਰ ਸਾਰੇ ਜਾਣ ਮੁਕਾਈਆ । ਜਿਨ੍ਹਾਂ ਦਾ ਪੁਰਖ ਅਕਾਲ ਕਰੇ ਜ਼ਿਕਰ, ਧੁਰ ਦੇ ਢੋਲਿਆਂ ਵਿਚ ਗਾਈਆ । ਤਿਨ੍ਹਾਂ ਦਾ ਸਵਾਮੀ ਬਣ ਕੇ ਮਿਤਰ, ਮਿਤਰਤਾ ਦਏ ਜਣਾਈਆ । ਨੂਰ ਨੂਰ ਵਿਚੋਂ ਆਵੇ ਨਿਤਰ, ਜ਼ਹੂਰ ਜ਼ਹੂਰ ਕਰੇ ਰੁਸ਼ਨਾਈਆ । ਧਰਤੀ ਕਹੇ ਮੇਰਾ ਪ੍ਰੇਮ ਪ੍ਰੀਤੀ ਦਾ ਬਾਲਮੀਕ ਨਾਲ ਇਸ਼ਕ, ਆਸ਼ਕ ਮਾਸ਼ੂਕ ਦੋਹਾਂ ਤੋਂ ਵਖਰੀ ਆਪਣੀ ਧਾਰ ਚਲਾਈਆ । ਸੁਖ ਛਡ ਕੇ ਸਵਰਗ ਬਹਿਸ਼ਤ, ਆਪਣਾ ਕਦਮ ਉਠਾਈਆ । ਖ਼ੁਸ਼ੀ ਹੋਈ ਵੇਖ ਕੇ ਜਿਨ੍ਹਾਂ ਨੂੰ ਮਿਲ ਗਿਆ ਇਕੋ ਇਸ਼ਟ, ਰਾਮ ਵਸ਼ਿਸ਼ਟ ਜਿਨ੍ਹਾਂ ਦਾ ਸੰਗ ਨਿਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਜਗਤ ਜਨਮ ਦੀ ਭਗਤਾਂ ਦੀ ਸਦਾ ਆਪਣੇ ਕੋਲ ਰਖੇ ਲਿਸਟ, ਫ਼ਰਿਸਤ ਹੱਥ ਨਾ ਕਿਸੇ ਫੜਾਈਆ ।

## ✪ ੪ ਮਾਘ ਸ਼ਹਿਨਸ਼ਾਹੀ ਸੰਮਤ ੧ ਗਿਆਨੀ ਗੁਰਮੁਖ ਸਿੰਘ ਦੇ ਗ੍ਰਹਿ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਮਾਘ ਕਹੇ ਮੈਂ ਗੁਰਮੁਖ ਵੇਖਾਂ ਮੰਗਦੇ, ਮਾਂਗਤ ਹੋ ਕੇ ਝੋਲੀ ਡਾਹੀਆ । ਅੰਤਰ ਆਤਮ ਤਨ ਵਜੂਦ ਰੰਗਦੇ, ਕਾਇਆ ਮਾਟੀ ਖ਼ਾਕੀ ਸੋਭਾ ਪਾਈਆ । ਦੁਰਮਤ ਮੈਲ ਪਾਪ ਧੋ ਕੇ ਚੰਮ ਦੇ, ਚੰਮ ਦ੍ਰਿਸ਼ਟੀ ਜਾਣ ਬਦਲਾਈਆ । ਭੇਵ ਮੁਕਾ ਕੇ ਹੰ ਬ੍ਰਹਮ, ਦੇ, ਪਾਰਬ੍ਰਹਮ ਪ੍ਰਭ ਪਤਿਪਰਮੇਸ਼ਵਰ ਦਰਸ਼ਨ ਪਾਈਆ । ਪੁਰਖ ਅਕਾਲ ਦੇ ਗ੍ਰਹਿ ਜੰਮਦੇ, ਜਨਮ ਜਨਮ ਵਿਚੋਂ ਬਦਲਾਈਆ । ਮਾਨਸ ਜਨਮ ਬੇੜਾ ਬੰਨ੍ਹਦੇ, ਨਾਤਾ ਜਗਤ ਵਾਲਾ ਤੁੜਾਈਆ । ਝਗੜੇ ਮੁਕਾ ਕੇ ਖ਼ੁਸ਼ੀ ਗ਼ਮ ਦੇ, ਇਕੋ ਰੰਗ ਰਹੇ ਸਮਾਈਆ । ਲੇਖੇ ਮੁਕਾ ਕੇ ਮਮਤਾ ਮਮ ਦੇ, ਸੀਸ ਜਗਦੀਸ਼ ਇਕ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿ ਦੇਵਣਹਾਰ ਸਰਨਾਈਆ । ਮਾਘ ਕਹੇ ਮੰਗਤਿਆਂ ਵਿਚੋਂ ਨਜ਼ਰੀ ਆਈ ਮੰਗਤੀ, ਜੁਗ ਚੌਕੜੀ ਦਏ ਗਵਾਹੀਆ । ਜਿਸ ਨੂੰ ਸਮਝੇ ਨਾ ਕੋਈ ਪੰਡਤੀ, ਵੇਦ ਸ਼ਾਸਤਰ ਪੁਰਾਨ ਨਾ ਕੋਇ ਦ੍ਰਿੜਾਈਆ । ਭੇਵ ਜਾਣੇ ਧਾਰ ਨਾ ਕੋਈ ਮਨ ਦੀ, ਬੁਧੀ ਪੜਦਾ ਨਾ ਕੋਇ ਉਠਾਈਆ । ਖੇਲ ਨਹੀਂ ਕਿਸੇ ਪੰਜ ਤਤ ਕਾਇਆ ਤਨ ਦੀ, ਤਤਵ ਤਤ ਨਾ ਕੋਇ ਵਡਿਆਈਆ । ਚਾਲ ਅਵੱਲੜੀ ਸ੍ਰੀ ਭਗਵਨ ਦੀ, ਪਾਰਬ੍ਰਹਮ ਪ੍ਰਭ ਖੇਲ ਖਿਲਾਈਆ । ਵਸਤ ਪਿਛਲੀ ਬਲ ਵਾਲੇ ਅੰਨ ਦੀ, ਹੁਕਮੇ ਅੰਦਰ ਲਈ ਮੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਮਾਘ ਕਹੇ ਮੈਂ ਮੰਗਤੇ ਵੇਖੇ ਜਗ, ਜੁਗ ਚੌਕੜੀ ਧਿਆਨ ਲਗਾਈਆ । ਗੁਰ ਅਵਤਾਰ ਪੈਗ਼ੰਬਰ ਪ੍ਰਭ ਨੂੰ ਰਹੇ ਲੱਭ, ਬਿਨ ਅੱਖਾਂ ਅੱਖ ਖੁਲ੍ਹਾਈਆ । ਗੁਰਮੁਖ ਗੁਰਸਿਖ ਸੰਤ ਸੁਹੇਲੇ ਰਹੇ ਭੱਜ, ਭੱਜਣ ਵਾਹੋ ਦਾਹੀਆ ।



ਨਾਮ ਸੰਦੇਸ਼ਿਆਂ ਵਿਚ ਰਹੇ ਸੱਦ, ਨਾਅਰੇ ਕਲਮਿਆਂ ਵਿਚ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ ।

੨੮੦

ਮਾਘ ਕਹੇ ਮੈਂ ਵੇਖਾਂ ਪੂਰਬ ਲਹਿਣਾ, ਲੇਖਾ ਲੇਖੇ ਵਿਚੋਂ ਪਰਗਟਾਈਆ । ਸਤਿਜੁਗ ਖੇਲ ਕੀਤਾ ਨਰ ਨਰਾਇਣਾ, ਨਰ ਹਰਿ ਦਇਆ ਕਮਾਈਆ । ਪੁਰਖ ਅਕਾਲ ਅਗੰਮੀ ਸ਼ਬਦੀ ਢੋਲਾ ਕਹਿਣਾ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਥੋੜਾ ਲੇਖਾ ਬਾਲਮੀਕ ਲਿਖਿਆ ਵਿਚ ਰਮਾਇਣਾ, ਸਤਰਾਂ ਸਾਢੇ ਤਿੰਨ ਵੰਡ ਵੰਡਾਈਆ । ਰਵਦਾਸ ਚਮਾਰ ਨੇਤਰ ਲੋਚਣ ਤੱਕ ਕੇ ਆਪਣੇ ਨੈਣਾਂ, ਅੱਖ ਪਰਤੱਖ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਕੀ ਦੱਸਾਂ ਕਾਰ, ਸੋਚ ਸਮਝ ਰਹੀ ਨਾ ਰਾਈਆ । ਜੁਗ ਚੌਕੜੀ ਬੀਤੇ ਵਿਚ ਸੰਸਾਰ, ਸਤਿਜੁਗ ਤਰੇਤਾ ਦੁਆਪਰ ਕਲਜੁਗ ਆਪਣਾ ਪੰਧ ਮੁਕਾਈਆ । ਸੰਦੇਸ਼ੇ ਦੇ ਕੇ ਗਏ ਗੁਰੂ ਅਵਤਾਰ, ਪੈਗ਼ੰਬਰ ਕਲਮਾ ਕਾਇਨਾਤ ਪੜ੍ਹਾਈਆ । ਬੋਧ ਅਗਾਧਾ ਸ਼ਬਦ ਅਨਾਦਾ ਖੋਲ੍ਹੇ ਨਾ ਕੋਇ ਕਿਵਾੜ, ਪੜਦਾ ਪੜਦਾ ਨਾ ਕੋਇ ਚੁਕਾਈਆ । ਚਾਰ ਕੁੰਟ ਦਹਿ ਦਿਸ਼ਾ ਫਿਰੀ ਦਰੋਹੀ ਜੰਗਲ ਵਿਚ ਉਜਾੜ, ਪਹਾੜ ਰਹੇ ਕੁਰਲਾਈਆ । ਸਦਮਾ ਹੋਇਆ ਪੁਰਖ ਨਾਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਪੂਰਬ ਲੇਖਾ ਕਹੇ ਮੇਰੀ ਕਿਸੇ ਨਾ ਲਿਖੀ ਲਿਖਤ, ਕ਼ਲਮ ਸ਼ਾਹੀ ਵੰਡ ਨਾ ਕੋਇ ਵੰਡਾਈਆ । ਸਮਝ ਆਈ ਨਾ ਦੁਨੀ ਦ੍ਰਿਸ਼ਟ, ਸ੍ਰਿਸ਼ਟ ਜੀਵ ਨਾ ਕੋਇ ਵਡਿਆਈਆ । ਥੋੜਾ ਇਸ਼ਾਰਾ ਕੀਤਾ ਰਾਮ ਵਸ਼ਿਸ਼ਟ, ਵਾਸਨਾ ਸ਼ਬਦੀ ਇਕ ਜਣਾਈਆ । ਕੂੜੀ ਕਿਰਿਆ ਅੰਤਮ ਹੋਵੇ ਨਿਸ਼ਟ, ਨਸ਼ਟ ਕਰੇ ਬੇਪਰਵਾਹੀਆ । ਜਿਸ ਦੇ ਕੋਲ ਆਦਿ ਜੁਗਾਦਿ ਫ਼ਰਿਸਤ, ਨਿਹਕਰਮੀ ਕਰਮਾਂ ਖੋਜ ਖੁਜਾਈਆ । ਭੇਵ ਜਾਣੇ ਵੈਰਾਗੀ ਤਿਆਗੀ ਬੈਰਾਗੀ ਗ੍ਰਹਿਸਤ, ਕੰਤ ਸੁਹਾਗੀ ਖੋਜ ਖੁਜਾਈਆ । ਝਗੜਾ ਮੁਕਾਵੇ ਟਾਂਕ ਜਿਸਤ, ਇਕੋ ਏਕਾ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਕੀ ਦਸਾਂ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਆਦਿ ਜੁਗਾਦੀ

ਦਾਤਾ ਦਾਨੀ ਗੁਣੀ ਗਹੀਰ, ਗਹਿਰ ਗਵਰ ਵਡ ਵਡਿਆਈਆ । ਜਿਸ ਦੀ ਅਕਸ ਵਿਚ ਨਹੀਂ ਤਸਵੀਰ, ਰੂਪ ਰੰਗ ਨਾ ਕੋਈ ਪਰਗਟਾਈਆ । ਦੋ ਜਹਾਨਾਂ ਮਾਲਕ ਖ਼ਾਲਕ ਵੱਡਾ ਪੀਰ, ਪਾਰਬ੍ਰਹਮ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਧੁਰ ਦਾ ਹੁਕਮ ਕਹੇ ਮੈਨੂੰ ਆਈ ਯਾਦ, ਬਲ ਦਵਾਰਾ ਨਜ਼ਰੀ ਆਈਆ । ਸ਼ਬਦ ਅਗੰਮੀ ਵੱਜੀ ਆਵਾਜ਼, ਹੁਕਮ ਰਹੀ ਸੁਣਾਈਆ । ਮੰਗਤੇ ਮੰਗਤਿਆਂ ਦਾ ਖੋਲ੍ਹ ਰਾਜ਼, ਪੜਦਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਭੇਵ ਦੇ ਸਮਝਾਈਆ । ਪੜਦਾ ਕਹੇ ਮੈਂ ਰਖਣਾ ਉਹਲਾ, ਸਤਿ ਸਤਿ ਦੇਣਾ ਜਣਾਈਆ । ਸ਼ਬਦੀ ਹੁਕਮ ਬਣੇ ਵਿਚੋਲਾ, ਗੁਪਤ ਜ਼ਾਹਰ ਖੇਲ ਖਿਲਾਈਆ । ਕੂੜਾ ਪਾਏ ਕੋਈ ਨਾ ਰੌਲਾ, ਸਤਿ ਸਚ ਦਏ ਸਮਝਾਈਆ । ਯਾਦ ਕਰਾਏ ਧੁਰ ਦਾ ਬੋਲਾ, ਅਨਬੋਲਤ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਜਣਾਈਆ । ਮਾਘ ਕਹੇ ਮੋਹੇ ਆਈ ਵੀਚਾਰ, ਸਤਿਜੁਗ ਪਿਛਲਾ ਯਾਦ ਆਈਆ । ਪੁਰਖ ਅਬਿਨਾਸ਼ੀ ਬਣ ਭਿਖਾਰ, ਮੰਗਣ ਜਾਏ ਚਾਈਂ ਚਾਈਆ । ਬਾਵਨ ਰੂਪ ਆਪਣਾ ਧਾਰ, ਦਰ ਠਾਂਡੇ ਆਸਣ ਲਾਈਆ । ਭੇਖੀ ਹੋ ਕੇ ਨਰ ਨਿਰੰਕਾਰ, ਮਾਲਾ ਮਣਕੇ ਰਿਹਾ ਵਖਾਈਆ । ਪਾਟੇ ਚੀਥੜ ਚੋਲੀ ਅਪਰ ਅਪਾਰ, ਬਹੱਤਰ ਕੰਨੀਆਂ ਗੰਢ ਪਵਾਈਆ । ਸੱਤ ਰੰਗ ਦੀ ਬੰਨ੍ਹ ਦਸਤਾਰ, ਲੀਰੋ ਲੀਰ ਲੀਰ ਵਖਾਈਆ । ਟੁੱਟਾ ਜੁਤਾ ਕਰ ਤਿਆਰ, ਅੱਧਾ ਖੱਬਾ ਚਰਨ ਨੰਗਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਮਾਘ ਕਹੇ ਮੈਂ ਮਾਂਗਤ ਵੇਖਿਆ ਦਰਵੇਸ਼, ਪੁਰਖ ਅਕਾਲਾ ਨਜ਼ਰੀ ਆਈਆ । ਜੋ ਵੇਸ ਵਟਾਏ ਨਿਤ ਹਮੇਸ਼, ਨਿਰਗੁਣ ਸਰਗੁਣ ਖੇਲ ਖਿਲਾਈਆ । ਬਲ ਦਵਾਰੇ ਕਰੇ ਆਦੇਸ਼, ਡੰਡੌਤ ਇਕੋ ਇਕ ਜਣਾਈਆ । ਨਾਲ ਲੈ ਕੇ ਪੰਜ ਰੇਠ, ਪੰਜਾਂ ਉਂਗਲੀਆਂ ਹੇਠ ਦਬਾਈਆ । ਜਿਸ ਦਾ ਸਮਝੇ ਕੋਈ ਨਾ ਭੇਤ, ਅਮੀਰ ਵਜ਼ੀਰ ਰਹੇ ਕੁਰਲਾਈਆ । ਸਭ ਤੋਂ ਵੱਖਰੀ ਕਰ ਕੇ ਖੇਲ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਵੇਖਿਆ ਕਰਤਾਰ, ਬਵਲਾ ਬੌਰਾ ਰੂਪ ਵਟਾਈਆ । ਬਿਰਧ ਅਵਸਥਾ ਵਿਚ ਸੰਸਾਰ, ਬਣਿਆਂ ਪਾਂਧੀ ਰਾਹੀਆ । ਇਕੋ ਢੋਲਾ ਗਾਵੇ ਅਪਰ ਅਪਾਰ, ਤੂੰ ਹੀ ਤੂੰ ਹੀ ਰਾਗ ਅਲਾਈਆ । ਭੁੱਖਿਆਂ ਬੀਤ ਗਏ ਜੁਗ ਚਾਰ, ਬ੍ਰਾਹਮਣ ਪੇਟ ਨਾ ਕੋਇ ਭਰਾਈਆ । ਖ਼ਾਲੀ ਦਿਸਦੇ ਸਰਬ ਦਵਾਰ, ਭੰਡਾਰਾ ਸਚ ਨਾ ਕੋਇ ਵਰਤਾਈਆ । ਗ਼ਰੀਬਾਂ ਕਰੇ ਨਾ ਕੋਇ ਪਿਆਰ, ਮੁਹੱਬਤ ਸਤਿ ਨਾ ਕੋਇ ਕਮਾਈਆ । ਨਾਲੇ ਰੋਵੇ ਧਾਹਾਂ ਮਾਰ, ਉਚੀ ਕੂਕ ਕੂਕ ਸੁਣਾਈਆ । ਮੈਂ ਨਹੀਂ ਵੇਖਿਆ ਰਾਜ ਦਰਬਾਰ, ਦਰ ਦਰਬਾਰ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਖੇਲ ਕਹੇ ਮੈਂ ਵੇਖਿਆ ਖਿਲਾਰੀ, ਹਰਿ ਕਰਤਾ ਬੇਪਰਵਾਹੀਆ । ਰੂਪ ਧਾਰ ਅਗੰਮ ਅਪਾਰੀ, ਨਿਰਗੁਣ ਸਰਗੁਣ ਆਸਣ ਲਾਈਆ । ਸਮਝ ਸਕੇ ਨਾ ਜੀਵ ਗਵਾਰੀ, ਦਰ ਦਰਬਾਨ ਭੇਵ ਕਿਸੇ ਨਾ ਪਾਈਆ । ਸਾਢੇ ਤਿੰਨ ਉਚੀ ਕੂਕ ਕੀਤੀ ਪੁਕਾਰੀ, ਹੋਕਾ ਦੇ ਕੇ ਦਿਤਾ ਸੁਣਾਈਆ । ਉਠ ਕੇ ਚਲਿਆ ਬੁੱਢਾ ਭਿਖਾਰੀ, ਬ੍ਰਾਹਮਣ ਵੇਤਾ ਫੇਰਾ ਪਾਈਆ । ਨੇਤਰ ਰੋਵੇ ਜ਼ਾਰੋ ਜ਼ਾਰੀ, ਨੈਣਾਂ ਨੀਰ ਵਹਾਈਆ । ਲੰਮੀ ਵਾਹਵਾ ਹਿੱਲੇ ਦਾੜ੍ਹੀ, ਢਾਈ ਹੱਥ ਨਜ਼ਰੀ ਆਈਆ । ਤਿੰਨ ਦਫਾ ਦੋਵਾਂ ਹੱਥਾਂ ਨਾਲ ਝਾੜੀ, ਦੋ ਜਹਾਨ ਰਹੇ ਸ਼ਰਮਾਈਆ । ਕੂਕ ਪੁਕਾਰੇ ਸੱਚੀ ਨਹੀਂ ਕੋਈ ਸਰਦਾਰੀ, ਛਤਰਧਾਰੀ ਪੂਰੀ ਆਸ ਨਾ ਕੋਇ ਕਰਾਈਆ । ਬਿਨਾ ਪੁਰਖ ਅਕਾਲ ਚੰਗੀ ਨਹੀਂ ਕੋਈ ਯਾਰੀ, ਯਾਰਾਨਾ ਤੋੜ ਨਾ ਕੋਇ ਨਿਭਾਈਆ । ਓਧਰੋਂ ਆ ਗਈ ਤੇਰਾਂ ਸਾਲ ਦੀ ਕੰਨਿਆਂ ਕਵਾਰੀ, ਜਿਸ ਦਾ ਪਿਤਾ ਯਸ਼ੀਮ ਨਜ਼ਰੀ ਆਈਆ । ਉਹਦਾ ਦਾਦਾ ਸੀ ਪਰਸ਼ੋਤਮ ਬੜਾ ਉਪਕਾਰੀ, ਨਿਤ ਬ੍ਰਾਹਮਣ ਸੇਵ ਕਮਾਈਆ । ਉਹ ਨੰਨ੍ਹੀ ਬੱਚੀ ਜਾ ਡਿੱਗੀ ਚਰਨ

੨੮੨

ਦਵਾਰੀ, ਮਸਤਕ ਧੂੜੀ ਟਿੱਕਾ ਲਾਈਆ । ਚਲੋ ਪਿਤਾ ਮੈਂ ਸੇਵ ਕਰਾਂ ਤੁਮਹਾਰੀ, ਘਰ ਭੋਜਨ ਦੇਵਾਂ ਛਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਿਰਧ ਕਹੇ ਤੂੰ ਅਜੇ ਬਾਲੀ ਬੱਚੀ, ਸਚ ਦਿਆਂ ਸਮਝਾਈਆ । ਪਹਿਲਾਂ ਦਿਆਂ ਪ੍ਰੇਮ ਦੀ ਰੱਤੀ, ਨਾਮ ਖ਼ੁਮਾਰੀ ਦਿਆਂ ਚੜ੍ਹਾਈਆ । ਫੇਰ ਪੜ੍ਹਾ ਕੇ ਅਗੰਮੀ ਪੱਟੀ, ਨਿਰ ਅੱਖਰ ਦਿਆਂ ਸਮਝਾਈਆ । ਫਿਰ ਵਖਾਵਾਂ ਸਾਚੀ ਹੱਟੀ, ਮੈਥੋਂ ਵਸਤ ਖ਼ਰੀਦਣੀ ਚਾਈਂ ਚਾਈਂਆ । ਨਿਰਗੁਣ ਜੋਤ ਦੀ ਦੇਵਾਂ ਸੱਚੀ ਬੱਤੀ, ਅਗਨੀ ਅੱਗ ਲਏ ਜਲਾਈਆ । ਤੇਰੀ ਪ੍ਰੀਤ ਸਮਝ ਕੇ ਹੱਕੀ, ਹਕ਼ੀਕਤ ਦਿਆਂ ਦ੍ਰਿੜਾਈਆ । ਉਹ ਕੰਨਿਆਂ ਝਟ ਰੋ ਪਈ ਅੱਖੀਂ, ਨੇਤਰ ਨੀਰ ਰਹੀ ਵਖਾਈਆ । ਉਸ ਦੇ ਕੋਲ ਸੀ ਇਕ ਪੱਖੀ, ਹੌਲੀ ਹੌਲੀ ਝੱਲ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਿਰਧ ਕਹੇ ਮੈਂ ਬ੍ਰਾਹਮਣ ਬੁੱਢਾ, ਕ਼ਦਮ ਕ਼ਦਮ ਨਾ ਕੋਇ ਉਠਾਈਆ । ਮੈਂ ਕੀ ਦੱਸਾਂ ਭੇਵ ਗੁੱਝਾ, ਕਿਸ ਨੂੰ ਦਿਆਂ ਸਮਝਾਈਆ । ਸਤਿਜੁਗ ਪੈਂਡਾ ਦਿਸਦਾ ਮੁਕਾ, ਅੰਤ ਰਿਹਾ ਬਦਲਾਈਆ । ਮੈਨੂੰ ਟੁੱਕਰ ਦੇ ਦੇ ਸੁੱਕਾ, ਖਾ ਕੇ ਖ਼ੁਸ਼ੀ ਮਨਾਈਆ । ਕੰਨਿਆਂ ਰੋ ਪਈ ਮਾਰ ਕੇ ਭੁੱਬਾਂ, ਉਚੀ ਦਏ ਦੁਹਾਈਆ । ਮੈਨੂੰ ਬਖ਼ਸ਼ ਸਾਚੀ ਬੁਧਾ, ਭੇਵ ਦੇ ਖੁਲ੍ਹਾਈਆ । ਮੇਰਾ ਪਿਤਾ ਇਕ ਲੱਤ ਤੋਂ ਡੁੱਡਾ, ਲੰਗੜਾ ਨਜ਼ਰੀ ਆਈਆ । ਉਹਦਾ ਰਾਜੇ ਦੇ ਘਰ ਹੁੱਦਾ, ਹੋਕਾ ਦੇ ਕੇ ਸੱਦੇ ਲੋਕਾਈਆ । ਸਾਡਾ ਨੇੜੇ ਵਸਦਾ ਝੁੱਗਾ, ਵਿਚ ਮੇਰੀ ਬੁੱਢੀ ਮਾਈਆ । ਜਿਸ ਦੀਆਂ ਚਾਰ ਧੀਆਂ ਤੇ ਇਕੋ ਮੁੰਡਾ, ਨਰਾਇਣ ਨਾਉਂ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕੰਨਿਆਂ ਕਹੇ ਸੁਣ ਵੱਡੇ ਬਾਬੇ, ਬਾਬਲ ਦਿਆਂ ਜਣਾਈਆ । ਤੇਰੇ ਬਸਤਰ ਵੇਖੇ ਸਾਦੇ, ਗ਼ਰੀਬ ਨਿਮਾਣਾ ਨਜ਼ਰੀ ਆਈਆ । ਮੈਨੂੰ ਸਾਫ਼ ਦਿਸਦੇ ਇਰਾਦੇ, ਅੰਦਰੋਂ ਅੰਦਰ ਸਫ਼ਾਈਆ । ਤੂੰ ਵਸ ਪੈ ਗਿਉਂ ਡਾਢ੍ਹੇ, ਰਾਜ ਦਵਾਰ ਡੇਰਾ ਲਾਈਆ । ਮੇਰੀ ਇਛਿਆ ਤੈਨੂੰ ਭੋਜਨ ਛਕਾਵਾਂ ਆਪਣੇ ਹਾਂਡੇ, ਹਾਂਡੀ ਮੇਰੀ ਮਾਤਾ ਬਣਾਈਆ । ਨੰਨ੍ਹੇ ਨਿਕੇ ਬਾਲ ਮਿਲ ਕੇ ਖਾਂਦੇ, ਪੰਜੇ ਭੈਣ ਭਾਈ ਖ਼ੁਸ਼ੀ ਮਨਾਈਆ । ਪੁਰਖ ਅਕਾਲ ਦੇ ਗੀਤ ਗਾਂਦੇ, ਅੱਠੇ ਪਹਿਰ ਧਿਆਨ ਰਖਾਈਆ । ਤੇਰੇ ਗੋਡੇ ਦਿਸਦੇ ਥੱਕੇ ਮਾਂਦੇ, ਪੈਰ ਛਾਲੇ ਰਹੇ ਵਖਾਈਆ । ਤੇਰੇ ਗਿੱਟੇ ਦਿਸਣ ਨਾਂਗੇ, ਧੋਤੀ ਉਪਰ ਲਈ ਟਿਕਾਈਆ । ਸਾਡੇ ਗ੍ਰਿਹ ਚਰਨ ਪਾ ਜਾ ਜਾਂਦੇ ਜਾਂਦੇ, ਏਹੋ ਮੰਗ ਮੰਗਾਈਆ । ਬਿਰਧ ਕਿਹਾ ਮੈਂ ਵੇਖਾਂ ਆਂਢੇ ਗਵਾਂਢੇ, ਚਾਰੋਂ ਕੁੰਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪੁਰਖ ਅਕਾਲ ਉਠ ਕੇ ਗਿਆ ਬੈਠ, ਪਿੱਠ ਦਵਾਰ ਨਾਲ ਲਗਾਈਆ । ਬੈਠ ਕੇ ਗਿਆ ਲੇਟ, ਬਾਜੂ ਹੇਠਾਂ ਰਖਾਈਆ । ਲੇਟ ਕੇ ਹੋਇਆ ਮੂੰਧੇ ਪੇਟ, ਹੱਥ ਗਰਦਨ ਉਤੇ ਟਿਕਾਈਆ । ਹੱਸ ਕੇ ਕਿਹਾ ਬੇਟ, ਬੇਟੀ ਕਹਿ ਕੇ ਲਿਆ ਬੁਲਾਈਆ । ਮੈਨੂੰ ਤੇਰਾ ਆਇਆ ਹੇਤ, ਪ੍ਰੇਮ ਨਾਲ ਸਮਝਾਈਆ । ਤੂੰ ਅੱਛੇ ਘਰਾਨੇ ਦੀ ਨੇਕ, ਨੰਨ੍ਹੀ ਨਜ਼ਰੀ ਆਈਆ । ਤੂੰ ਮੈਨੂੰ ਲਿਆ ਵੇਖ, ਮੈਂ ਤੈਨੂੰ ਦਿਆਂ ਵਡਿਆਈਆ । ਘਰ ਨੂੰ ਦੇਵਾਂ ਭੇਜ, ਸਹਿਜ ਨਾਲ ਸਮਝਾਈਆ । ਜੋ ਪੱਕਿਆ ਲਿਆਵੀਂ ਲਪੇਟ, ਬੁੱਕਲ ਵਿਚ ਛੁਪਾਈਆ । ਖ਼ੁਸ਼ੀਆਂ ਨਾਲ ਲਵੀਂ ਖੇਡ, ਹੌਲੀ ਜਹੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਰਤਾਈਆ । ਕੰਨਿਆਂ ਕਰ ਕੇ ਨਿਮਸਕਾਰ, ਭੱਜੀ ਚਾਈਂ ਚਾਈਂਆ । ਰਸਤੇ ਵਿਚ ਡਿੱਗੀ ਵਾਰੀ ਦੋ ਚਾਰ, ਆਪਣੀ ਸੁਰਤ ਭੁਲਾਈਆ । ਖ਼ੁਸ਼ੀਆਂ ਨਾਲ ਲੰਘਿਆਂ ਬਾਰ, ਕ਼ਦਮ ਅਗੇ ਦਿਤਾ ਵਧਾਈਆ । ਆਵਾਜ਼ ਮਾਂ ਨੂੰ ਲਈ ਮਾਰ, ਮਾਤਾ ਕਹਿ ਕੇ ਲਿਆ ਬੁਲਾਈਆ । ਭੁੱਖਾ ਬ੍ਰਾਹਮਣ ਵੇਖਿਆ ਦਰ ਦਰਬਾਰ, ਬਲ ਦਵਾਰੇ ਦਏ ਦੁਹਾਈਆ । ਮੈਨੂੰ ਓਸ ਦਾ ਆਇਆ ਪਿਆਰ, ਪ੍ਰੀਤੀ ਵਿਚ ਜਣਾਈਆ । ਓਸ ਨੇ ਕਰਨਾ ਆਹਾਰ, ਭੁੱਖੇ ਭੁੱਖ ਗਵਾਈਆ । ਮੈਨੂੰ ਦੁਪੜਾਂ ਦੇ ਦੇ ਦੋ ਚਾਰ, ਛੇ ਸੱਤ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ,

ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਾਂ ਕਿਹਾ ਸੁਣ ਬੱਚੀ ਭੋਲੀ ਭਾਲੀ, ਸਚ ਦਿਆਂ ਸਮਝਾਈਆ । ਤੂੰ ਨੱਢੀ ਅਜੇ ਬਾਲੀ, ਸਮਝ ਕੋਇ ਨਾ ਆਈਆ । ਪਾਤਸ਼ਾਹਾਂ ਦੇ ਦਰ ਜੋ ਮਿਲਦਾ ਸੋ ਲੈ ਕੇ ਜਾਵੇ ਡਾਲੀ, ਖ਼ਾਲੀ ਹੱਥ ਨਾ ਕੋਇ ਆਈਆ । ਪਤਾ ਨਹੀਂ ਉਹ ਕੇਹੋ ਜੇਹਾ ਸਵਾਲੀ, ਜਿਸ ਦੀ ਆਸ ਪੂਰੀ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਆਪ ਵਰਤਾਈਆ । ਬੱਚੀ ਕਿਹਾ ਦੇ ਦੇ ਜੋ ਰਿੱਦਾ ਪੱਕਾ, ਨਿਉਂ ਨਿਉਂ ਲਾਗੇ ਪਾਈਆ । ਓਧਰੋਂ ਆ ਗਿਆ ਭਈਆ ਸਕਾ, ਖ਼ੁਸ਼ੀ ਨਾਲ ਦ੍ਰਿੜਾਈਆ । ਮੈਂ ਵੀ ਬੁੱਢਾ ਵੇਖਿਆ ਢੱਠਾ, ਹੱਥ ਮੱਥੇ ਉਤੇ ਟਿਕਾਈਆ । ਛੋਟੀਆਂ ਭੈਣਾਂ ਪਾ ਲਿਆ ਰੱਟਾ, ਕੂਕ ਕੂਕ ਸੁਣਾਈਆ । ਬਿਰਧ ਨੂੰ ਤਾਪ ਵੇਖਿਆ ਚੜ੍ਹਿਆ ਮੱਠਾ ਮੱਠਾ, ਅੱਖਾਂ ਲਾਲ ਰਿਹਾ ਜਣਾਈਆ । ਵੱਡੀ ਭੈਣ ਨੇ ਫੜਿਆ ਪੱਖਾ, ਸੋਹਣੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਕੰਨਿਆਂ ਕਹੇ ਸੁਣ ਮਾਂ ਪਿਆਰੀ, ਮਮਤਾ ਵਿਚ ਦਿਆਂ ਜਣਾਈਆ । ਮੈਨੂੰ ਅੰਦਰੋਂ ਆਵਾਜ਼ ਆਏ ਇਕ ਨਿਆਰੀ, ਹੌਲੀ ਹੌਲੀ ਰਹੀ ਸੁਣਾਈਆ । ਛੇਤੀ ਛੇਤੀ ਕਰੋ ਤਿਆਰੀ, ਬੁੱਢਾ ਭੁੱਖਾ ਦਏ ਦੁਹਾਈਆ । ਚਾਰੇ ਭੈਣਾਂ ਚਲੋ ਇਕੋ ਵਾਰੀ, ਵਸਤ ਵੱਖੋ ਵੱਖ ਉਠਾਈਆ । ਕੋਈ ਵੇਖ ਨਾ ਲਏ ਰਾਜ ਦਰਬਾਰੀ, ਦਰ ਦਵਾਰੇ ਨਿਗਾਹ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਾਰ ਆਪ ਭੁਗਤਾਈਆ । ਖ਼ੁਸ਼ੀ ਨਾਲ ਮਾਤਾ ਦਿਤਾ ਭੱਤਾ, ਇਕ ਦੂਜੇ ਉਤੇ ਦਿਤਾ ਟਿਕਾਈਆ । ਨਾਲ ਬਚਨ ਕੀਤਾ ਸੱਚਾ, ਸੁਖ਼ਨ ਦਿਤਾ ਸੁਣਾਈਆ । ਪਹਿਲੋਂ ਜਾ ਕੇ ਟੇਕਿਓ ਮੱਥਾ, ਦੋਏ ਜੋੜ ਵਾਸਤਾ ਪਾਈਆ । ਫਿਰ ਬੋਲ ਬੋਲਿਓ ਕੱਠਾ, ਪ੍ਰਭ ਤੇਰੀ ਬੇਪਰਵਾਹੀਆ ।
੨੮੩ ਥੋੜ੍ਹਾ ਨਮਕ ਦਿਤਾ ਮੱਠਾ, ਹਿੱਸਾ ਵੰਡ ਵੰਡਾਈਆ । ਬਿਨਾ ਚਖਿਉਂ ਪਾਇਆ ਖੱਟਾ, ਰਸ ਸਵਾਦ ਨਾ ਕੋਇ ਵਡਿਆਈਆ । ਉਤੇ ਦੇ ਕੇ ਹੱਥਾਂ ਨਾਲ ਦੋਪੱਟਾ, ੨੮੩
ਪਟਕਾ ਦਿਤਾ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਖੇਲ ਆਪਣਾ ਆਪ ਵਰਤਾਈਆ । ਓਧਰ ਬੁੱਢਾ ਬ੍ਰਾਹਮਣ ਰਿਹਾ ਤੱਕ, ਅੱਖ ਆਪਣੀ ਆਪ ਉਠਾਈਆ । ਖੇਲ ਕਰਾਂ ਹੋ ਸਮਰਥ, ਪੜਦਾ ਜਗਤ ਜਗ ਜਣਾਈਆ । ਮੇਲ ਮਿਲਾਉਣਾ ਏਨ੍ਹਾਂ ਸਚ, ਜੋ ਸਾਚੀ ਸੇਵ ਕਮਾਈਆ । ਸਾਚਾ ਮਾਰਗ ਦੇਣਾ ਦੱਸ, ਕਰਨੀ ਇਕ ਪੜ੍ਹਾਈਆ । ਅੰਮ੍ਰਿਤ ਦੇਣਾ ਰਸ, ਰਸਤਾ ਦੇਣਾ ਸਮਝਾਈਆ । ਜਿਨ੍ਹਾਂ ਗਾਉਣਾ ਮੇਰਾ ਜਸ, ਪ੍ਰਭ ਦੀ ਸਿਫ਼ਤ ਸਾਲਾਹੀਆ । ਏਨ੍ਹਾਂ ਅੰਤਰ ਜਾਣਾ ਵਸ, ਨਾਤਾ ਪ੍ਰੇਮ ਪਿਆਰ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰ ਸੱਚੀ ਸਰਨਾਈਆ । ਓਧਰੋਂ ਕੰਨਿਆਂ ਰਲ ਕੇ ਭੈਣਾਂ ਚਾਰ, ਆਈਆਂ ਚਾਈਂ ਚਾਈਂਆ । ਖ਼ੁਸ਼ੀਆਂ ਨਾਲ ਬੋਲ ਜੈਕਾਰ, ਗੀਤ ਇਕੋ ਦਿਤਾ ਗਾਈਆ । ਬਾਪੂ ਤੇਰੇ ਨਾਲ ਪਿਆਰ, ਸਰਨ ਦੇ ਸਰਨਾਈਆ । ਜੋ ਚੁੱਕ ਕੇ ਲਿਆਂਦਾ ਭਾਰ, ਅਗੇ ਦਿਤਾ ਟਿਕਾਈਆ । ਓਸ ਹੱਸ ਕੇ ਕਿਹਾ ਹੋ ਖ਼ੁਸ਼ਹਾਲ, ਖ਼ੁਸ਼ੀਆਂ ਵਿਚ ਜਣਾਈਆ । ਕਿੱਥੇ ਤੁਹਾਡਾ ਵੀਰ ਪੰਜਵਾਂ ਲਾਲ, ਮੈਨੂੰ ਦਿਓ ਵਖਾਈਆ । ਉਹ ਪਿਛੇ ਪਿਛੇ ਕਰਦਾ ਆਵੇ ਹਾਲ ਹਾਲ, ਬਹੁੜੀ ਬਹੁੜੀ ਸੁਣਾਈਆ । ਮੈਂ ਵੀ ਕੰਨਿਆ ਹੁੰਦਾ ਮੈਨੂੰ ਲਿਆਉਂਦੀਆਂ ਨਾਲ, ਆਪ ਆਪਣਾ ਸੰਗ ਬਣਾਈਆ । ਅਬਿਨਾਸ਼ੀ ਕਰਤੇ ਕਿਹਾ ਮੈਂ ਵੀ ਤੇਰੀ ਕਰਾਂ ਸੰਭਾਲ, ਸਿਰ ਆਪਣਾ ਹੱਥ ਟਿਕਾਈਆ । ਜੇ ਤੂੰ ਪਿਛੋਂ ਮਿਲਿਉਂ ਆਣ, ਤੈਨੂੰ ਨਿੱਕਾ ਦਿਆਂ ਬਣਾਈਆ । ਜੇ ਕੰਨਿਆਂ ਬਣਨ ਦਾ ਧਿਆਨ, ਏਹ ਵੀ ਆਸਾ ਪੂਰ ਵਖਾਈਆ । ਪੰਜਾਂ ਇਕੱਠੇ ਕਰ ਕਰਾਂ ਕਲਿਆਣ, ਸਿਰ ਆਪਣਾ ਹੱਥ ਟਿਕਾਈਆ । ਅੱਜ ਤੁਹਾਡਾ ਬਣਿਆ ਮੈਂ ਮਹਿਮਾਨ, ਮਿਹਰਵਾਨ ਹੋ ਕੇ ਫੇਰਾ ਪਾਈਆ । ਪੜਦਾ ਲਾਹ ਕੇ ਉਤੋਂ ਪਕਵਾਨ, ਤਿੰਨ ਵੇਰਾਂ ਚਖ ਕੇ ਲਿਆ ਖਾਈਆ । ਤਿੰਨ ਜੁਗ ਦਾ ਲਹਿਣਾ ਕਰ ਪਰਵਾਨ, ਪਰਵਾਨਾ ਸ਼ਬਦੀ ਹੱਥ ਫੜਾਈਆ । ਹੁਕਮ ਦੇ ਕੇ ਧੁਰ ਫ਼ਰਮਾਨ, ਧੁਰ ਸੰਦੇਸ਼ਾ ਇਕ ਜਣਾਈਆ । ਜਿਸ ਵੇਲੇ ਕਲਜੁਗ ਅੰਤ ਨਿਰਗੁਣ

ਹੋ ਕੇ ਆਵਾਂ ਵਿਚ ਜਹਾਨ, ਨਿਰਵੈਰ ਹੋ ਕੇ ਫੇਰਾ ਪਾਈਆ । ਲਹਿਣਾ ਦੇਣਾ ਚੁਕਾਵਾਂ ਲੱਖ ਚੁਰਾਸੀ ਵਿਚੋਂ ਕਰ ਪਹਿਚਾਨ, ਬੇਪਹਿਚਾਨ ਰਹਿਣ ਕੋਇ ਨਾ ਪਾਈਆ । ਓਸੇ ਦਾ ਲੇਖਾ ਮੁੱਕਿਆ ਆਣ, ਲਹਿਣਾ ਰਿਹਾ ਦਿਵਾਈਆ । ਸ਼ਬਦ ਸੰਦੇਸ਼ਾ ਦੇ ਸ੍ਰੀ ਭਗਵਾਨ, ਹੁਕਮੀ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਪੁਰਖ ਅਕਾਲ ਥੋੜਾ ਜਿਹਾ ਪਕਵਾਨ ਛਕ, ਸ਼ਹਿਨਸ਼ਾਹ ਦਿਤਾ ਜਣਾਈਆ । ਬੱਚਿਓ ਉਪਰ ਵੇਖੋ ਮੇਰੀ ਅੱਖ, ਅੱਖ ਚੋਂ ਅੱਖ ਪਾਰ ਦਿਤੀ ਲੰਘਾਈਆ । ਪਹਿਲੋਂ ਦੇਵਾਂ ਤੁਹਾਡਾ ਹੱਕ, ਲਹਿਣਾ ਜੁਗ ਜੁਗ ਝੋਲੀ ਪਾਈਆ । ਤਿੰਨ ਜੁਗ ਪੜਦਾ ਰਖਾਂ ਢੱਕ, ਚੌਥੇ ਜੁਗ ਕਰਾਂ ਰੁਸ਼ਨਾਈਆ । ਪ੍ਰੇਮ ਪ੍ਰੀਤੀ ਦੇ ਕੇ ਸਤਿ, ਸਤਿ ਸਤਵੰਤੇ ਲਵਾਂ ਬਣਾਈਆ । ਨਾਮ ਰੰਗਣ ਚਾੜ੍ਹ ਕੇ ਰਤ, ਰਤਨ ਅਮੋਲਕ ਹੀਰੇ ਲਵਾਂ ਬਣਾਈਆ । ਏਥੇ ਓਥੇ ਰਖਾਂ ਪਤ, ਪਤਿਪਰਮੇਸ਼ਵਰ ਹੋ ਕੇ ਦਇਆ ਕਮਾਈਆ । ਅੰਮ੍ਰਿਤ ਜਾਮ ਦਾ ਦੇਵਾਂ ਰਸ, ਰਸਤਾ ਇਕੋ ਦਿਆਂ ਵਖਾਈਆ । ਸਹਿਜ ਸਭਾਉ ਕਰਾਂ ਇਕੱਠ, ਮੇਲਾ ਆਪਣਾ ਲਵਾਂ ਮਿਲਾਈਆ । ਮਾਤ ਪਿਤਾ ਘਰ ਜਨਮ ਹੋਵੇ ਅੱਡ ਅੱਡ, ਨਾਤਾ ਜਗਤ ਵਾਲਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੰਜੇ ਰੋ ਪਏ ਬਾਲੇ ਨੱਢੇ, ਵੈਰਾਗ ਅੰਦਰੇ ਅੰਦਰ ਆਈਆ । ਹੁਣ ਕਿਸ ਬਿਧ ਸਾਨੂੰ ਛੱਡੇਂ, ਝੱਲੀ ਨਾ ਜਾਏ ਜੁਦਾਈਆ । ਨਾਤਾ ਜੁੜਿਆ ਮਾਸ ਨਾੜੀ ਹੱਡੇ, ਪੰਜ ਤਤ ਵੱਜੀ ਵਧਾਈਆ । ਦੀਨ ਦੁਨੀ ਵਿਚੋਂ ਕਿਹੜਾ ਕੱਢੇ, ਬਾਹਰ ਲਏ ਕਢਾਈਆ । ਪੁਰਖ ਅਕਾਲ ਬਹਾ ਕੇ ਸੱਜੇ ਖੱਬੇ, ਬੁੱਢਾ ਰੂਪ ਆਪਣੇ ਉਤੇ ਲਏ ਟਿਕਾਈਆ । ਮੇਰੇ ਪ੍ਰੇਮ ਪਿਆਰ ਵਿਚ ਰਿਹੋ ਬੱਧੇ, ਨਾਤਾ ਸਕੇ ਨਾ ਕੋਇ ਤੁੜਾਈਆ । ਜਿਸ ਵੇਲੇ ਆਇਆ ਉਪਰ ਜਗ ਜਗੇ, ਕਲ ਕਲਕੀ ਫੇਰਾ ਪਾਈਆ । ਤੱਤੀ ਵਾਉ ਇਕੋ ਵਗੇ, ਚਾਰ ਕੁੰਟ ਦਏ ਜਲਾਈਆ । ਤੁਹਾਡਾ ਪ੍ਰੇਮ ਪਿਆਰ ਇਕੋ ਦਰ ਲੱਭੇ, ਦੂਜਾ ਦਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਵੇਖੀ ਉਹ ਕੰਨਿਆ, ਜੋ ਬਾਵਨ ਸੀਸ ਨਿਵਾਈਆ । ਜਿਸ ਉਤੇ ਹਰਿ ਜੂ ਮੰਨਿਆ, ਮਿਹਰ ਨਜ਼ਰ ਉਠਾਈਆ । ਜੁਗ ਚੌਕੜੀ ਬੇੜਾ ਬੰਨ੍ਹਿਆ, ਜਨਮ ਜਨਮ ਦਾ ਲਹਿਣਾ ਦੇਵੇ ਝੋਲੀ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਖ਼ਸ਼ਣਹਾਰ ਸੱਚੀ ਸਰਨਾਈਆ । ਮਾਘ ਕਹੇ ਮੈਂ ਵੇਖਾਂ ਉਹ ਨਜ਼ਾਰਾ, ਬਿਨ ਅੱਖਾਂ ਨਜ਼ਰੀ ਆਈਆ । ਬਲਖ ਦਿਸੇ ਬਲ ਦਵਾਰਾ, ਬਾਹਰ ਵੱਜੇ ਵਧਾਈਆ । ਬਿਰਧ ਬਾਲਾਂ ਦਾ ਪਿਆਰਾ, ਸੋਹਣਾ ਰੂਪ ਨਜ਼ਰੀ ਆਈਆ । ਸ਼ਬਦੀ ਹੋਏ ਹੁਸ਼ਿਆਰਾ, ਕਲਜੁਗ ਅੰਤ ਰਿਹਾ ਜਣਾਈਆ । ਤੁਹਾਡਾ ਲੇਖਾ ਚੁਕਾਵਾਂ ਵਿਚ ਸੰਸਾਰਾ, ਸੰਸਾਰ ਸਾਗਰ ਵਿਚੋਂ ਪਾਰ ਲੰਘਾਈਆ । ਚੌਹਾਂ ਨੂੰ ਜਨਮ ਦਵਾਵਾਂ ਦੁਬਾਰਾ, ਇਕ ਨੂੰ ਸਿਹ ਬਾਰ ਰੂਪ ਬਦਲਾਈਆ । ਹਾਜ਼ਰ ਹੋ ਕੇ ਕਰਾਂ ਵਿਵਹਾਰਾ, ਹਜ਼ੂਰ ਹੋ ਕੇ ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਬੱਚਿਆਂ ਕਿਹਾ ਤੂੰ ਬਹੁਤ ਬਿਰਧ ਉਤੇ ਦਿਸੇ ਬੁੜ੍ਹਾਪਾ, ਡੰਗੋਰੀ ਸਹਾਰਾ ਨਜ਼ਰੀ ਆਈਆ । ਤੇਰਾ ਸਾਡੇ ਨਾਲ ਜੁੜ ਗਿਆ ਸਾਕਾ, ਮਿਹਰਵਾਨ ਹੋ ਕੇ ਦਇਆ ਕਮਾਈਆ । ਸਾਨੂੰ ਅਗਲਾ ਦੱਸ ਖ਼ਾਕਾ, ਪੜਦਾ ਦੇ ਉਠਾਈਆ । ਭਾਵੇਂ ਤੂੰ ਬੱਚਿਆਂ ਨਾਲ ਚੰਗੀਆਂ ਕੀਤੀਆਂ ਬਾਤਾਂ, ਪ੍ਰੇਮ ਨਾਲ ਜਣਾਈਆ । ਕੁਛ ਅਗਲੀਆਂ ਬਖ਼ਸ਼ ਦਾਤਾਂ, ਦਰ ਤੇਰੇ ਮੰਗ ਮੰਗਾਈਆ । ਪ੍ਰਭੂ ਕਿਹਾ ਮੈਂ ਮੰਗਤਾ ਤੁਹਾਡਾ, ਬੱਚਿਓ ਤੁਹਾਥੋਂ ਖਾ ਕੇ ਖ਼ੁਸ਼ੀ ਮਨਾਈਆ । ਕਲਜੁਗ ਅੰਤਮ ਹੋਵੇ ਖੇਲ ਤਮਾਸ਼ਾ, ਖ਼ਾਲਕ ਹੋ ਕੇ ਦਿਆਂ ਦ੍ਰਿੜਾਈਆ । ਤੁਹਾਡੀ ਪੂਰੀ ਕਰਾਂ ਆਸਾ, ਤ੍ਰਿਸ਼ਨਾ ਦਿਆਂ ਬੁਝਾਈਆ । ਤੁਹਾਡਾ ਪਿਆਰ ਨਾ ਕਦੇ ਗਵਾਚਾ, ਤੁਹਾਡੇ ਵਿਚੋਂ ਲਵਾਂ ਪਰਗਟਾਈਆ । ਸਾਢੇ ਤਿੰਨ ਹੱਥ ਦਾ ਬਣਾ ਕੇ ਢਾਂਚਾ, ਮਾਣਸ ਜਨਮ ਦਿਆਂ ਦਵਾਈਆ । ਪੰਜਾਂ ਦਾ ਬਣਾ ਕੇ ਸਾਥਾ, ਸਗਲਾ ਸੰਗ ਜੁੜਾਈਆ । ਤੁਸੀਂ ਹੁਣ ਮੇਰਾ ਮੰਨਿਓ ਆਖਾ, ਘਰਾਂ

੨੮੪

ਨੂੰ ਜਾਣਾ ਚਾਈਂ ਚਾਈਆ । ਮੇਰੀਆਂ ਹੁਣ ਕੁਛ ਬਲ ਨਾਲ ਬਾਤਾਂ, ਆਪਣਾ ਆਪ ਲੈਣਾ ਬਦਲਾਈਆ । ਕੰਨਿਆਂ ਕਿਹਾ ਉਹ ਰਾਜਾ ਸਭ ਦਾ ਪਿਤਾ ਮਾਤਾ, ਰਈਅਤ ਖ਼ੁਸ਼ੀ ਰਿਹਾ ਵਸਾਈਆ । ਬਾਵਨ ਕਿਹਾ ਫੇਰ ਵੀ ਤੁਹਾਡਾ ਰਖਾਵਾਂ ਸਾਥਾ, ਕਲਜੁਗ ਅੰਤਮ ਜੋੜ ਜੁੜਾਈਆ । ਦਾਸਾਂ ਦਾ ਹੋਵੇ ਦਾਸੀ ਦਾਸਾ, ਸੇਵਕਾਂ ਦਾ ਸੇਵਕ ਰੂਪ ਧਰਾਈਆ । ਮੇਰੇ ਉਤੇ ਕਰਿਓ ਭਰਵਾਸਾ, ਸ਼ਾਬਾਸ਼ ਕਹੇ ਲੋਕਾਈਆ । ਹੁਣ ਪਾਤਾਲ ਵਿਚ ਦੇਣਾ ਵਾਸਾ, ਸਿਤਲ ਲੋਕ ਰਾਹ ਤਕਾਈਆ । ਜਿਸ ਦਵਾਰੇ ਤੋਂ ਮੈਂ ਨਹੀਂ ਕੁਛ ਪੀਤਾ ਤੇ ਨਹੀਂ ਕੁਛ ਖਾਧਾ, ਰਾਜ ਭੋਜ ਰਸਨਾ ਨਾ ਕੁਛ ਲਗਾਈਆ । ਇਹ ਵੀ ਇਸ਼ਾਰਾ ਦੇ ਕੇ ਗਿਆ ਬਲ ਦਾ ਦਾਦਾ, ਦਇਆਵਾਨ ਹੋ ਕੇ ਪੂਰਾ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕੰਨਿਆਂ ਕਿਹਾ ਤੇਰਾ ਕਿਸ ਬਿਧ ਹੋਵੇ ਦਰਸ਼ਨ, ਦੀਦਾਰ ਸਮਝ ਕੋਇ ਨਾ ਆਈਆ । ਮਨ ਵਾਸਨਾ ਮਿਟੇ ਹਰਸਨ, ਹਵਸ ਰਹੇ ਨਾ ਰਾਈਆ । ਲੋਚਨ ਦੀਦ ਪਰਸਨ, ਪਰਸ ਤੇਰੀ ਖ਼ੁਸ਼ੀ ਮਨਾਈਆ । ਮਨ ਵੈਰਾਗੀ ਹੋ ਕੇ ਕਰੇ ਤੜਪਨ, ਕੂਕ ਕੂਕ ਸੁਣਾਈਆ । ਕਿਸ ਬਿਧ ਤੇਰਾ ਹੋਵੇ ਲੋਕਮਾਤ ਪਰਤਨ, ਪਤਿਪਰਮੇਸ਼ਵਰ ਦੇ ਸਮਝਾਈਆ । ਕਵਣ ਦਵਾਰ ਲੰਘੇਂ ਸਰਦਲ, ਦਰ ਦਹਿਲੀਜ਼ ਚਰਨ ਟਿਕਾਈਆ । ਕਵਣ ਕਰੇ ਤੇਰੀ ਅਰਦਲ, ਸ਼ਾਹੋ ਭੂਪ ਕਿਸ ਬਿਧ ਅਖਵਾਈਆ । ਪੁਰਖ ਅਕਾਲ ਕਿਹਾ ਮੈਂ ਜੋਤੀ ਸ਼ਬਦੀ ਧਾਰ ਹੋਵਾਂ ਮਰਦਨ, ਮਰਦ ਮਰਦਾਨਾ ਵੇਸ ਵਟਾਈਆ । ਸਭ ਦੀ ਜਗਤ ਆਸਾ ਪੂਰੀ ਕਰਾਂ ਅਰਜ਼ਨ, ਮਨਸਾ ਸਭ ਦੀ ਵੇਖ ਵਖਾਈਆ । ਮੈਂ ਸਭ ਦਾ ਲਹਿਣਾ ਦੇਣਾ ਦੇਵਾਂ ਕਰਜਨ, ਮਕਰੂਜ਼ ਹੋ ਕੇ ਦਿਆਂ ਚੁਕਾਈਆ । ਮੈਨੂੰ ਪਤਾ ਬਾਲੇ ਨੱਢੇ ਬੱਚੇ ਕਿਸ ਤਰ੍ਹਾਂ ਪਰਚਨ, ਓਸੇ ਤਰ੍ਹਾਂ ਲਵਾਂ ਪਰਚਾਈਆ । ਖ਼ੁਸ਼ੀਆਂ ਨਾਲੇ ਖੇਡਣ ਹੱਸਣ, ਹੰਸੀਆਂ ਵਿਚੋਂ ਹੰਸੀਆਂ ਦਿਆਂ ਵਟਾਈਆ । ਨਾਲੇ ਤੁਹਾਡਾ ਜਨਮ ਕਰਮ ਆਵਾਂ ਦੱਸਣ, ਪੜਦਾ ਓਹਲਾ ਮਾਤ ਉਠਾਈਆ । ਬੱਚੀ ਨੱਢੀ ਕੰਨਿਆ ਕੁਆਰੀ ਓਸ ਵੇਲੇ ਵਿਹਾਰੀ ਤੇਰਾ ਨਾਮ ਹੋਵੇ ਗੁਰਦਰਸ਼ਨ, ਦਰਸ਼ਨ ਦਾ ਦਰਸ਼ਨ ਦਾਸਾਂ ਦਾ ਦਾਸ ਨੂਰੋ ਨੂਰ ਚੰਦ ਦਾ ਚੰਦ ਚੰਦ ਨਿਰਗੁਣ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕੰਨਿਆ ਕਹੇ, ਪ੍ਰਭੂ ਕੀ ! ਮੈਂ ਕਿਹੜਾ ਥਾਲ ਪਰੋਸਾਂ, ਸੇਵਾ ਸਚ ਨਾ ਕੋਇ ਕਮਾਈਆ । ਤਿੰਨੇ ਭੈਣਾਂ ਕਹਿਣ ਸਾਨੂੰ ਏਸ ਉਤੇ ਰੋਸਾ, ਕਿਉਂ ਨਹੀਂ ਸਾਨੂੰ ਪਹਿਲੋਂ ਦਿਤਾ ਸਮਝਾਈਆ । ਭਾਵੇਂ ਸਾਡੇ ਪਿਉ ਦਾ ਨਿੱਕਾ ਜਿਹਾ ਕੋਠਾ, ਚੌਦਾਂ ਹੱਥਾਂ ਵਾਲਾ ਲਿਆ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸ੍ਰੀ ਭਗਵਾਨ ਕਿਹਾ ਮੈਨੂੰ ਸਮਝੋ ਨਾ ਬਿਰਧ ਬ੍ਰਾਹਮਣ, ਬ੍ਰਾਹਮਣ ਬ੍ਰਹਮ ਨਾ ਕੋਇ ਵਡਿਆਈਆ । ਮੈਂ ਤੁਹਾਡਾ ਅਗੇ ਬਣਨਾ ਜ਼ਾਮਨ, ਜ਼ਾਮਨੀ ਆਪਣੀ ਵਿਚ ਰਖਾਈਆ । ਸ਼ਬਦੀ ਧਾਰ ਪਕੜਾਉਣਾ ਦਾਮਨ, ਦਮਾਂ ਦਾ ਲੇਖਾ ਆਪਣੇ ਵਿਚ ਲਟਕਾਈਆ । ਸਾਚਾ ਦੇ ਕੇ ਅਗੰਮੀ ਨਾਮਨ, ਨਾਮ ਰੰਗ ਲੈਣਾ ਰੰਗਾਈਆ । ਆਪ ਹੋਏ ਪਤਿਤ ਪਾਵਨ, ਦੁਰਮਤ ਮੈਲ ਦੇਣੀ ਧੁਆਈਆ । ਜਗਤ ਤ੍ਰਿਸ਼ਨਾ ਰਹੇ ਕੋਈ ਨਾ ਕਾਮਨ, ਕੂੜੀ ਕਿਰਿਆ ਤੋਂ ਲੈਣਾ ਬਚਾਈਆ । ਨੇਤਰ ਲੋਚਣ ਬਿਨਾ ਦਰਸ ਤੋਂ ਦਰਸ ਪਾਵਣ, ਅੱਠੇ ਪਹਿਰ ਨਜ਼ਰੀ ਆਈਆ । ਅੰਮ੍ਰਿਤ ਮੇਘ ਬਰਸਦਾ ਰਹੇ ਅਗੰਮੀ ਸਾਵਣ, ਜਿਸ ਦੀ ਥਿਤ ਵਾਰ ਨਾ ਕਿਸੇ ਬਦਲਾਈਆ । ਚਰਨ ਧੂੜੀ ਮਿਲੇ ਧੁਰ ਦਾ ਨਹਾਵਣ, ਸਰ ਸਰੋਵਰ ਨਾਤਾ ਦਏ ਤੁੜਾਈਆ । ਭਾਗ ਲਗਾ ਕੇ ਕਾਇਆ ਗਰਾਮਨ, ਘਰ ਗ੍ਰਿਹਿ ਦੇਣਾ ਵਖਾਈਆ । ਹੁਣ ਮੇਰਾ ਰੂਪ ਬਲ ਦਵਾਰੇ ਬਾਵਨ, ਬੱਲ ਦਵਾਰੇ ਵਲ ਛਲ ਸ੍ਰਿਸ਼ਟੀ ਨੂੰ ਛਲ ਕੇ, ਭਗਤਾਂ ਅੰਦਰ ਰਲ ਕੇ, ਸਚ ਦਵਾਰੇ ਘੱਲ ਕੇ, ਖ਼ਲਕਤ ਤੋਂ ਬਾਹਰ ਲੈਣਾ ਕਢਾਈਆ । ਬੱਚਿਉਂ ਆਪ ਆਵਾਂ ਚਲ ਕੇ, ਨਿਰਗੁਣ ਨਿਰਗੁਣ ਜੋਤ ਬਲ ਕੇ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਤੁਸੀਂ ਮੇਰਾ ਪਕਵਾਨ ਲਿਆਉਣਾ ਰਲ ਕੇ, ਭੈਣਾਂ ਭੈਣਾਂ ਨਾਤਾ ਦਿਆਂ ਬਣਾਈਆ । ਜੋਤੀ ਜੋਤ ਸਰੂਪ ਹਰਿ,

੨੮੫

ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕੰਨਿਆ ਕਿਹਾ ਆਹ ਫੜ ਇਕ ਗਲਾਸ, ਜੋ ਕਲਸ ਵਾਲਾ ਨਜ਼ਰੀ ਆਈਆ । ਬਾਵਨ ਕਿਹਾ ਮੇਰੀ ਖ਼ੁਸ਼ੀ ਨਾਲ ਬੁਝ ਗਈ ਪਿਆਸ, ਤ੍ਰਿਸ਼ਨਾ ਰਹੀ ਨਾ ਰਾਈਆ । ਨਿੱਕੇ ਬੱਚੇ ਅਗੇ ਹੋ ਗਏ ਪਾਸ, ਨੇੜੇ ਹੋ ਕੇ ਰਹੇ ਸੁਣਾਈਆ । ਸਾਨੂੰ ਪਿਆਉਣ ਦੀ ਬੁੱਢਿਆਂ ਨੂੰ ਚੰਗੀ ਜਾਚ, ਛਾਤੀ ਉਤੇ ਚੜ੍ਹ ਕੇ ਮੂੰਹ ਵਿਚ ਦਈਏ ਉਲਟਾਈਆ । ਨਾਲ ਕਰਨ ਹਾਸ ਬਿਲਾਸ, ਖ਼ੁਸ਼ੀਆਂ ਨਾਲ ਸੁਣਾਈਆ । ਬਾਵਨ ਕਿਹਾ ਸੁਣੋ ਬਾਤ, ਤੁਹਾਨੂੰ ਦਿਆਂ ਜਣਾਈਆ । ਜਿਸ ਵੇਲੇ ਕਲਜੁਗ ਆਵੇ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਮੈਂ ਆਵਾਂ ਤੁਹਾਡੇ ਪਾਸ, ਨਿਰਗੁਣ ਵੇਸ ਵਟਾਈਆ । ਕਿਸੇ ਲੱਭਾਂ ਨਾ ਉਤੇ ਆਕਾਸ਼, ਪ੍ਰਿਥਮੀ ਨਾ ਅੱਖ ਖੁਲ੍ਹਾਈਆ । ਸ਼ਬਦ ਸੰਦੇਸ਼ਾ ਦੇ ਕੇ ਦੱਸਾਂ ਤੁਹਾਨੂੰ ਜਾਚ, ਰਾਹ ਦਿਆਂ ਵਖਾਈਆ । ਤੁਸਾਂ ਆਟਾ ਗੁੰਨ੍ਹਣਾ ਵਿਚ ਪਰਾਤ, ਪਾਣੀ ਵਿਚ ਛੁਹਾਈਆ । ਤੁਹਾਡੀ ਚਵਾਂ ਦੀ ਜਮਾਤ, ਸਹਿਜੇ ਦਿਆਂ ਰਲਾਈਆ । ਏਸੇ ਕਾਰਨ ਕਰ ਕੇ ਜਗਜੀਤ ਸੁਖਵੰਤ ਕਸ਼ਮੀਰ ਕੱਠੀਆਂ ਹੋਈਆਂ ਆਜ, ਪੰਜਵਾਂ ਭਾਈ ਦਵਿੰਦਰ ਨਿੱਕੀ ਨੰਨ੍ਹੀ ਬੱਚੀ ਨਜ਼ਰੀ ਆਈਆ । ਤੁਹਾਡਾ ਖਾਣਾ ਬੱਚਿਓ ਖਾਧਾ ਨਾਲ ਸਵਾਦ, ਇਹ ਵੀ ਰਵਦਾਸ ਦੀ ਵਡਿਆਈਆ । ਪਿਛਲਾ ਬਾਲਮੀਕ ਦਾ ਲਿਹਾਜ, ਜੋ ਨਾਤਾ ਰਿਹਾ ਜੁੜਾਈਆ । ਹੁਣ ਬੁੱਢਾ ਨਹੀਂ ਅਪਾਹਜ, ਰਾਜ ਦਰਬਾਰ ਨਾ ਕੋਇ ਵਖਾਈਆ । ਨਵੀਂ ਸਾਜਨ ਸਾਜ, ਭਗਵਨ ਭਗਤ ਰਿਹਾ ਬਣਾਈਆ । ਨਵੇਂ ਜੁਗ ਦਾ ਸਾਜਨ ਸਾਜ, ਸਤਿਜੁਗ ਬੂਟੇ ਰਿਹਾ ਲਗਾਈਆ । ਕਿਸੇ ਕਾਰਨ ਪੂਰਬ ਲੇਖੇ ਵਿਚੋਂ ਚੌਥੇ ਜੁਗ ਰਾਤ, ਰੈਣ ਭਿੰਨੜੀ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡੀ ਵੇਖ ਕੇ ਅਗੰਮੀ ਸੌਗ਼ਾਤ, ਆਪਣੀ ਝੋਲੀ ਪਾਈਆ । ਚਾਰ ਮਾਘ ਕਹੇ ਮੈਂ ਵੇਖਿਆ ਅੱਜ ਦਾ ਭੋਜਨ, ਭਜਨ ਬੰਦਗੀ ਵਾਲਿਆਂ ਹੱਥ ਕਿਸੇ ਨਾ ਆਈਆ । ਨਾਨਕ ਨੂੰ ਮਿਲਿਆ ਉਪਰ ਕਰੋੜਾਂ ਤੇ ਕੋਟਾਂ ਜੋਜਨ, ਪ੍ਰਭ ਚਰਨ ਮਿਲੀ ਸਰਨਾਈਆ । ਜਿਥੇ ਭਗਤ ਭਗਵਾਨ ਇਕ ਦੂਜੇ ਨੂੰ ਲੋਚਨ, ਦੂਜਾ ਨਜ਼ਰ ਕੋਇ ਨਾ ਆਈਆ । ਮਨ ਬੁਧ ਮਿਟੇ ਸੋਚਨ, ਆਤਮ ਪਰਮਾਤਮ ਰਾਹ ਤਕਾਈਆ । ਓਥੇ ਗੁਰ ਅਵਤਾਰ ਪੈਗ਼ੰਬਰ ਮੂਲ ਨਾ ਰੋਕਣ, ਵਿਸ਼ਨ ਬ੍ਰਹਮਾ ਸ਼ਿਵ ਨਾ ਸਿਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਭੋਜਨ ਕਹੇ ਮੇਰੀ ਨਿੱਕੀ ਸੋਹਣੀ ਇਕ ਦੁਪੜ, ਵਿਚ ਨਿਮਕ ਦਿਤਾ ਲਗਾਈਆ । ਉਤੋਂ ਦਿਤਾ ਚੋਪੜ, ਘਿਰਤ ਨਾਲ ਵਡਿਆਈਆ । ਅਸੀਂ ਓਥੇ ਗਏ ਉਪੜ, ਜਿਥੇ ਪਿਛੇ ਨਾ ਕੋਇ ਪਰਤਾਈਆ । ਜਾਂ ਵੇਖਿਆ ਭਗਤ ਭਗਵਾਨ ਦਾ ਨਾਤਾ ਪਿਤਾ ਪੁੱਤਰ, ਦੂਜਾ ਰੰਗ ਨਾ ਕੋਇ ਰੰਗਾਈਆ । ਜਿਸ ਨੂੰ ਨਾਨਕ ਕਿਹਾ ਆਪਣੀ ਧਾਰੋਂ ਆਏ ਉਤਰ, ਉੱਤਰ ਪੂਰਬ ਪੱਛਮ ਦੱਖਣ ਵੇਖ ਵਖਾਈਆ । ਓਸ ਦਾ ਸਾਰੇ ਕਰਦੇ ਸ਼ੁਕਰ, ਸ਼ੁਕਰਾਨੇ ਵਿਚ ਢੋਲੇ ਰਹੇ ਗਾਈਆ । ਓਹ ਕੌਲ ਇਕਰਾਰ ਤੋਂ ਕਦੇ ਨਾ ਜਾਏ ਮੁੱਕਰ, ਜੁਗ ਜੁਗ ਲਹਿਣੇ ਰਿਹਾ ਚੁਕਾਈਆ । ਗ਼ਰੀਬਾਂ ਦਾ ਖਾ ਕੇ ਟੁੱਕੜ, ਅਹਿਸਾਨ ਆਪਣੇ ਸਿਰ ਰਖਾਈਆ । ਅਗੇ ਭੰਡਾਰਾ ਨਾ ਦੇਵੇ ਮੁੱਕਣ, ਭੁੱਖਿਆਂ ਦਏ ਰਜਾਈਆ । ਗੋਦੀ ਆਇਆ ਚੁੱਕਣ, ਫੜ ਬਾਹੋਂ ਗਲੇ ਲਗਾਈਆ । ਵਿਛੜਿਆਂ ਨੂੰ ਆਇਆ ਪੁਛਣ, ਸਹਿਜੇ ਲਏ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਰਿਹਾ ਜਣਾਈਆ । ਟੁੱਕੜਾ ਕਹੇ ਟੁਕੜੇ ਦਾ ਬਣਿਆ ਪਰਸਾਦ, ਪਰਸਾਦ ਨਾਲ ਪਰਸਾਦਾ ਲਿਆ ਬਣਾਈਆ । ਜਿਸ ਨੇ ਪਿਛਲੀ ਕਰਾਈ ਯਾਦ, ਯਾਦ ਯਾਦ ਵਿਚੋਂ ਪਰਗਟਾਈਆ । ਸ੍ਰੀ ਭਗਵਾਨ ਦੇ ਕੇ ਜਾਵੇ ਦਾਦ, ਵਸਤ ਅਮੋਲਕ ਇਕ ਵਰਤਾਈਆ । ਜਨ ਭਗਤੋ ਤੁਹਾਡਾ ਭਗਤ ਭੰਡਾਰਾ ਦੇਂਦਾ ਰਹੇ ਸਵਾਦ, ਅਨਰਸ ਰਸ ਰਸ ਵਿਚ ਭਰਾਈਆ । ਹੁਣ ਕੋਈ ਬੱਲ ਵਾਲਾ ਨਹੀਂ ਰਾਜ, ਰਾਜਿਆਂ ਦੇ ਰਾਜੇ ਗੁਰਮੁਖ ਰਿਹਾ ਬਣਾਈਆ । ਤੁਹਾਡੇ ਪਿੱਛੇ ਆਇਆ ਭਾਜ, ਪੈਂਡਾ ਪੰਧ ਮੁਕਾਈਆ । ਸ਼ਬਦੀ ਦੇ ਕੇ ਆਵਾਜ਼, ਸੁਤਿਆਂ ਲਿਆ ਉਠਾਈਆ । ਜੋਤੀ ਜੋਤ ਸਰੂਪ ਹਰਿ,

੨੮੬

ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਨਾਲ ਤਰਾਈਆ । ਪਰਸਾਦਾ ਕਹੇ ਮੈਂ ਚੜ੍ਹ ਗਿਆ ਉਸ ਦੀ ਭੇਟ, ਜਿਸਦੀ ਭੇਟਾ ਹੋਵੇ ਲੋਕਾਈਆ । ਮੈਂ ਭਰਿਆ ਓਸ ਦਾ ਪੇਟ, ਜੋ ਪਟਨੇ ਵਾਲਾ ਨਾਲ ਮਿਲਾਈਆ । ਪ੍ਰੇਮੀਆਂ ਕਰੇ ਹੇਤ, ਗੁਰਮੁਖਾਂ ਰੰਗ ਚੜ੍ਹਾਈਆ । ਨਜ਼ਰੀ ਆਵੇ ਨੇਤਨ ਨੇਤ, ਨਿਜ ਨੇਤਰ ਕਰ ਰੁਸ਼ਨਾਈਆ । ਪੂਰਬ ਲਹਿਣਾ ਵੇਖ, ਵਿਛੜਿਆਂ ਲਿਆ ਮਿਲਾਈਆ । ਪਿਛਲਾ ਦੱਸ ਕੇ ਭੇਤ, ਪੜਦਾ ਦਿਤਾ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮੰਗਤੀ ਕਹੇ ਮੈਂ ਮੰਗਣੀ ਸਚ ਪ੍ਰੀਤ, ਪ੍ਰੀਤਮ ਅਗੇ ਝੋਲੀ ਡਾਹੀਆ । ਪ੍ਰੀਤਮ ਕਹੇ ਮੈਂ ਦੱਸਣੀ ਸਾਚੀ ਰੀਤ, ਸੰਦੇਸ਼ਾ ਸਚ ਸੁਣਾਈਆ । ਤੂੰ ਮੇਰਾ ਮੈਂ ਤੇਰਾ ਗਾਣਾ ਇਕੋ ਗੀਤ, ਇਕੋ ਰਾਗ ਅਲਾਈਆ । ਕਾਇਆ ਹੋਵੇ ਠਾਂਡੀ ਸੀਤ, ਅਗਨੀ ਅੱਗ ਦੇਣੀ ਬੁਝਾਈਆ । ਸਾਫ਼ ਪਵਿਤਰ ਰਖਣੀ ਨੀਤ, ਨਿਜ ਨੇਤਰ ਕਰ ਰੁਸ਼ਨਾਈਆ । ਰਹਿਣਾ ਸਦਾ ਅਤੀਤ, ਤ੍ਰੈਗੁਣ ਡੇਰਾ ਢਾਹੀਆ । ਪੁਰਖ ਅਕਾਲ ਦੀਨ ਦਿਆਲ ਆਪੇ ਵਸੇ ਬੀਚ, ਪੜਦਾ ਦਏ ਉਠਾਈਆ । ਸਚ ਭੰਡਾਰੇ ਦੀ ਸਤਿ ਧਰਮ ਦੀ ਚਲਣ ਲੱਗੀ ਰੀਤ, ਰੀਤੀ ਦੇਣੀ ਬਦਲਾਈਆ । ਚੌਦਾਂ ਮਹੀਨੇ ਗੁਰਮੁਖ ਸਿੰਘ ਪਹਿਲੋਂ ਲਗਵਾਉਣਾ ਕਰਨਾ ਭੋਗ ਠੀਕ, ਠਾਕਰ ਅਗੇ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਪਰਸ਼ਾਦਾ ਕਹੇ ਮੈਨੂੰ ਫਿਰ ਲੱਗਣ ਲੱਗਾ ਭੋਗ, ਗਿਆਰਾਂ ਸਾਲਾਂ ਪਿਛੋਂ ਵਾਰੀ ਆਈਆ । ਭਗਤਾਂ ਵਾਲਾ ਬਦਲਣ ਲੱਗਾ ਜੋਗ, ਜੁਗਤੀ ਦਏ ਗਵਾਹੀਆ । ਕੱਟਣ ਲੱਗਾ ਰੋਗ, ਹਉਮੇਂ ਦਏ ਮਿਟਾਈਆ । ਮਿਲਣ ਲੱਗਾ ਧੁਰ ਸੰਜੋਗ, ਵਿਛੜਿਆਂ ਲਏ ਜੁੜਾਈਆ । ਸ਼ਬਦੀ ਸ਼ਬਦ ਕਰੇ ਚੋਜ, ਸੁਤਿਆਂ ਲਏ ਉਠਾਈਆ । ਆਤਮ ਪਰਮਾਤਮ ਦੀ ਦੇਵੇ ਮੌਜ, ਮਨਸਾ ਮੋਹ ਮਨ ਦਏ ਮਿਟਾਈਆ । ਕਿਸੇ ਦਵਾਰੇ ਰਹਿਣ ਨਾ ਦੇਵੇ ਤੋਟ, ਅਤੁਟ ਦਏ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਧਾਰ ਇਕ ਜਣਾਈਆ । ਭੋਗ ਕਹੇ ਕਿਸੇ ਨਾ ਜਾਣਿਆ ਇਹ ਕਿਉਂ ਲਗਦਾ, ਸ਼ਾਸਤਰ ਸਿਮਰਤ ਵੇਦ ਪੁਰਾਨ ਕਹਿਣ ਕੋਇ ਨਾ ਪਾਈਆ । ਸ੍ਰੀ ਭਗਵਾਨ ਆਦਿ ਜੁਗਾਦਿ ਕਦੇ ਨਾ ਰੱਜਦਾ, ਤ੍ਰਿਸ਼ਨਾ ਸਕੇ ਨਾ ਕੋਇ ਮਿਟਾਈਆ । ਭਗਤਾਂ ਦੇ ਪ੍ਰੇਮ ਪਿਆਰ ਅੰਦਰ ਇਨ੍ਹਾਂ ਦਾ ਭੰਡਾਰਾ ਚਖਦਾ, ਰਸਨਾ ਜਿਹਵਾ ਨਾਲ ਛੁਹਾਈਆ । ਅਗੇ ਲਹਿਣਾ ਦੇਵੇ ਹੱਕ ਦਾ, ਹਕੀਕਤ ਝੋਲੀ ਪਾਈਆ । ਇਸ਼ਾਰਾ ਦੇ ਕੇ ਅੱਖ ਦਾ, ਅੱਖੀਆਂ ਦਏ ਬਦਲਾਈਆ । ਸਦਾ ਅੰਦਰ ਹੋਵੇ ਵਸਦਾ, ਵਿਛੋੜਾ ਕਟੇ ਜੁਦਾਈਆ । ਨਾਮ ਸੰਦੇਸ਼ਾ ਦੇਵੇ ਜਸ ਦਾ, ਸਿਫ਼ਤਾਂ ਵਿਚ ਸਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਭ ਦਾ ਲੇਖੇ ਲਾਵੇ ਦਿਨ ਅੱਜ ਦਾ, ਜੋ ਚਲ ਆਏ ਸਰਨਾਈਆ ।

### ✪ ੫ ਮਾਘ ਸ਼ਹਿਨਸ਼ਾਹੀ ਸੰਮਤ ੧ ਪਾਲ ਸਿੰਘ ਲਾਂਗਰੀ ਦੇ ਘਰ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਮਾਘ ਕਹੇ ਧੁਰ ਫ਼ਰਮਾਨਾ ਹੁਕਮ ਦਰੁਸਤ, ਟੇਢੀ ਧਾਰ ਨਾ ਕੋਇ ਬਣਾਈਆ । ਜਨ ਭਗਤ ਸੁਹੇਲੇ ਕਰੇ ਚੁਸਤ, ਆਲਸ ਨਿੰਦਰਾ ਕੂੜ ਮਿਟਾਈਆ । ਨਾਮ ਭੰਡਾਰਾ ਵੰਡੇ ਮੁਫ਼ਤ, ਅਨਡਿਠੜੀ ਦੌਲਤ ਝੋਲੀ ਪਾਈਆ । ਭੇਵ ਖੁਲ੍ਹਾ ਕੇ ਇਕ ਅੰਗੁਸ਼ਤ, ਬਾਲਿਸ਼ਤ ਲੇਖਾ ਦਏ ਮੁਕਾਈਆ । ਨਜ਼ਰ ਦਰਸਾਏ ਧੁਰ ਦਾ ਉਰਸ, ਅਰਸ਼ ਅਜ਼ੀਮ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਖੇਲ ਇਕ ਵਖਾਈਆ । ਮਾਘ ਕਹੇ ਮੈਂ ਸੁਣਾਂ ਫ਼ਰਮਾਣ ਅਨੋਖਾ, ਫ਼ੁਰਨਿਆਂ ਤੋਂ ਬਾਹਰ ਜਣਾਈਆ । ਜਿਸ ਦੇ ਵਿਚ ਨਹੀਂ ਕੋਈ ਧੋਖਾ, ਧੂੰਆਂਧਾਰ ਤੋਂ ਲਏ ਬਚਾਈਆ । ਚਰਨ ਪ੍ਰੀਤੀ ਬਖ਼ਸ਼ੇ ਇਕੋ ਓਟਾ, ਓੜਕ ਆਪਣਾ ਰੰਗ

੨੮੮

ਰੰਗਾਈਆ । ਸੰਤ ਸੁਹੇਲੇ ਲੱਭੇ ਵਿਚੋਂ ਕੋਟਾ, ਕੋਟੀ ਕੋਟ ਖੋਜ ਖੁਜਾਈਆ । ਸ਼ਬਦ ਦਮਾਮੇ ਮਾਰੇ ਚੋਟਾ, ਚੋਟੀ ਚੜ੍ਹ ਕੇ ਚੋਟ ਲਗਾਈਆ । ਸਚ ਪਰਕਾਸ਼ ਕਰੇ ਨਿਰਮਲ ਜੋਤਾ, ਜੋਤੀ ਜੋਤ ਜੋਤ ਰੁਸ਼ਨਾਈਆ । ਜਨ ਭਗਤਾਂ ਮੇਟੇ ਪਿਛਲੀ ਅਗਲੀ ਸੋਚਾ, ਸਚ ਸਚ ਦਏ ਜਣਾਈਆ । ਨਾਮ ਸੰਦੇਸ਼ਾ ਦੇ ਕੇ ਹੋਕਾ, ਹੁਕਮ ਇਕ ਮਨਾਈਆ । ਹਰਿ ਕਾ ਭਾਣਾ ਕਿਸੇ ਨਾ ਰੋਕਾ, ਨਾ ਕੋਈ ਮੇਟੇ ਮੇਟ ਮਿਟਾਈਆ । ਢੋਲਾ ਗਾਇਆ ਸਚ ਸਲੋਕਾ, ਵੱਜੇ ਸਚ ਵਧਾਈਆ । ਮਾਰਗ ਰਹੇ ਕੋਈ ਨਾ ਔਖਾ, ਮੰਜ਼ਲ ਇਕੋ ਦਏ ਚੜ੍ਹਾਈਆ । ਪੜ੍ਹਨਾ ਪਏ ਕੋਈ ਨਾ ਪੋਥਾ, ਬਗ਼ਲ ਕੁਰਾਨ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਮਾਘ ਕਹੇ ਮੈਂ ਸੁਣਦਾ ਸਦਾ ਖ਼ੁਸ਼ਜੰਰੀ, ਖ਼ੁਸ਼ੀਆਂ ਵਿਚ ਜਣਾਈਆ । ਪੁਰਖ ਅਕਾਲਾ ਸ਼ੇਰ ਬੱਬਰੀ, ਭਬਕ ਆਪਣਾ ਨਾਮ ਸੁਣਾਈਆ । ਫਿਰੇ ਦਰੋਹੀ ਉਪਰ ਅੰਬਰੀ, ਜ਼ਿਮੀਂ ਜ਼ਮਾਂ ਰਿਹਾ ਕੁਰਲਾਈਆ । ਜਿਸ ਨੇ ਭਗਤਾਂ ਭਰਤੀ ਕੀਤੀ ਜਬਰੀ, ਨਾਮ ਪੈਮਾਨਾਂ ਆਪਣੇ ਹੱਥ ਉਠਾਈਆ । ਆਸਾ ਕਹੇ ਆਸਾ ਰਹੇ ਨਾ ਕੋਈ ਬੇਸਬਰੀ, ਸਾਂਤਕ ਸਤਿ ਰਿਹਾ ਵਰਤਾਈਆ । ਕੂੜ ਕੁੜਿਆਰੀ ਕਰ ਕੇ ਪਧਰੀ, ਹਮਵਾਰ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਮਾਘ ਕਹੇ ਮੈਂ ਸੁਣਿਆ ਸਚ ਸੰਦੇਸ਼ਾ, ਸਦੀਆਂ ਦੇ ਪਿਛੋਂ ਆਵਾਜ਼ ਸੁਣਾਈਆ । ਦੋ ਜਹਾਨ ਮੁਕਣਾ ਠੇਕਾ, ਠੇਕੇਦਾਰੀ ਰਹਿਣ ਕੋਇ ਨਾ ਪਾਈਆ । ਭਗਤ ਭਗਵਾਨ ਕਰਨਾ ਏਕਾ, ਏਕੰਕਾਰ ਇਕੋ ਰੰਗ ਚੜ੍ਹਾਈਆ । ਨਵ ਨੌਂ ਚਾਰ ਪੂਰਬ ਕਰਾਉਣਾ ਚੇਤਾ, ਭੇਵ ਅਭੇਦਾ ਅੰਤ ਖੁਲ੍ਹਾਈਆ । ਦੋ ਜਹਾਨਾਂ ਬਣਨਾ ਧੁਰ ਦਾ ਨੇਤਾ, ਨਰ ਨਿਰੰਕਾਰ ਵੱਡੀ ਵਡਿਆਈਆ । ਮਿਹਰਵਾਨ ਰਹੇ ਹਮੇਸ਼ਾ, ਸਦਾ ਸਦ ਆਪਣੀ ਦਇਆ ਕਮਾਈਆ । ਜਨਮ ਕਰਮ ਚੁਕਾਏ ਲੇਖਾ, ਲਿਖਤ ਭਵਿਖਤ ਦਏ ਸਮਝਾਈਆ । ਸ਼ਬਦੀ ਧਾਰ ਉਪਜਾ ਕੇ ਬੇਟਾ, ਪੇਟ ਆਪਣਾ ਕਰੇ ਸਫ਼ਾਈਆ । ਸੰਤ ਸੁਹੇਲਾ ਬਣ ਕੇ ਖੇਵਟ ਖੇਟਾ, ਨਈਆ ਨੌਕਾ ਨਾਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਵਰਤਾਈਆ । ਮਾਘ ਕਹੇ ਮੈਂ ਸੁਣਾਂ ਆਵਾਜ ਅਗੰਮ, ਬਿਨਾ ਸਰਵਨ ਖ਼ੁਸ਼ੀ ਮਨਾਈਆ । ਲੇਖਾ ਚੁਕਾ ਕੇ ਮਾਟੀ ਚੰਮ, ਸ੍ਰੀ ਭਗਵਾਨ ਫੇਰਾ ਪਾਈਆ । ਹਰਖ਼ ਸੋਗ ਮੇਟ ਕੇ ਗ਼ਮ, ਚਿੰਤਾ ਚਿਖਾ ਦਿਤੀ ਤਜਾਈਆ । ਪਵਨ ਸਵਾਸ ਛੱਡ ਕੇ ਦਮ, ਘਟ ਘਟ ਰਿਹਾ ਸਮਾਈਆ । ਧੁਰ ਦਾ ਸੰਦੇਸ਼ਾ ਨਾਮ, ਨਰ ਨਿਰੰਕਾਰਾ ਆਪ ਵਰਤਾਈਆ । ਭਾਗ ਲਗਾ ਕੇ ਖੇੜਾ ਗਰਾਮ, ਗੁਰਮੁਖਾਂ ਦਏ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਪ੍ਰਭ ਦੀ ਨਹੀਂ ਕੋਈ ਕਰਾਮਾਤ, ਨਿਹਕਰਮੀ ਕਰਮ ਕਮਾਈਆ । ਲੇਖਾ ਲਿਖੇ ਨਾਲ ਕ਼ਲਮ ਦਵਾਤ, ਕਲਮਾ ਕਲਾਮ ਹੱਕ ਸੁਣਾਈਆ । ਆਪਣੀ ਦੱਸੇ ਵੱਖਰੀ ਜ਼ਾਤ, ਅਜਾਤੀ ਡੇਰਾ ਢਾਈਆ । ਕਲਜੁਗ ਮੇਟੇ ਕੂੜੀ ਅੰਧੇਰੀ ਰਾਤ, ਸਤਿ ਚੰਦ ਕਰੇ ਰੁਸ਼ਨਾਈਆ । ਸਚ ਉਜਲਾ ਹੋਏ ਪਰਭਾਤ, ਧੁੰਦੂਕਾਰਾ ਦਏ ਗੁਆਈਆ । ਭਗਤਾਂ ਪੂਰੀ ਹੋਵੇ ਆਸ, ਗੁਰਮੁਖਾਂ ਜੋੜ ਜੁੜਾਈਆ । ਚਿਤ ਆਵੇ ਸਵਾਸ ਸਵਾਸ, ਚੇਤਨ ਸੁਰਤੀ ਦਏ ਕਰਾਈਆ । ਅੰਦਰ ਬਾਹਰ ਵਸੇ ਪਾਸ, ਦੂਰ ਦੁਰਾਡਾ ਪੰਧ ਮੁਕਾਈਆ । ਮੰਜ਼ਲ ਵਖਾ ਕੇ ਅਗੰਮੀ ਘਾਟ, ਪਤਨ ਇਕੋ ਦਏ ਸਮਝਾਈਆ । ਭਗਤ ਸੁਹੇਲੇ ਮੇਲੇ ਆਪ, ਗੁਰ ਚੇਲੇ ਜੋੜ ਜੁੜਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਭਗਤਾਂ ਦਾ ਬਣ ਕੇ ਮਾਈ ਬਾਪ, ਪਾਪ ਕੋਟ ਜਨਮ ਕਾਇਆ ਕੁਟੀਆ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਬਿਨ ਸੱਦਿਆਂ ਦੇਵੇ ਸਾਥ, ਸਾਥੀ ਹੋ ਕੇ ਸਗਲਾ ਸੰਗ ਨਿਭਾਈਆ ।

੨੮੯

### ✪ ੫ ਮਾਘ ਸ਼ਹਿਨਸ਼ਾਹੀ ਸੰਮਤ ੧ ਡਾ੦ ਪਾਲ ਸਿੰਘ ਦੇ ਗ੍ਰਿਹ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਮਾਘ ਕਹੇ ਮੇਰਾ ਮੇਟਿਆ ਭਰਮ, ਸਹਿੰਸਾ ਨਜ਼ਰ ਕੋਇ ਨਾ ਆਇੰਦਾ । ਪੁਰਖ ਅਬਿਨਾਸ਼ੀ ਮਿਹਰ ਨਜ਼ਰ ਕਰ ਕਰੇ ਕਰਮ, ਨਿਹਕਰਮੀ ਵੇਖ ਵਖਾਇੰਦਾ । ਜਨ ਭਗਤਾਂ ਲੇਖੇ ਲਾਏ ਜਨਮ, ਜਰਮ ਆਪਣੇ ਘਰ ਜਣਾਇੰਦਾ । ਝਗੜਾ ਮੁਕਾ ਕੇ ਜਗਤ ਮਰਨ, ਮਰਨ ਤੋਂ ਪਹਿਲੇ ਮੁਰੀਦ ਮੁਰਸ਼ਦ ਵਿਚ ਟਿਕਾਇੰਦਾ । ਬਖ਼ਸ਼ੀਸ਼ ਵਿਚ ਬਖ਼ਸ਼ ਕੇ ਸਰਨ, ਸਰਨਗਤ ਇਕੋ ਇਕ ਦਰਸਾਇੰਦਾ । ਜੁਗ ਚੌਕੜੀ ਪੂਰਾ ਕਰਨ ਆਇਆ ਪਰਨ, ਪਰਨਾਮ ਬੰਦਨਾ ਡੰਡਾਵਤ ਇਕ ਦਸਾਇੰਦਾ । ਜੁਗ ਵਿਛੜੇ ਜਗ ਆਇਆ ਫੜਨ, ਪਾਂਧੀ ਹੋ ਕੇ ਪੰਧ ਚੁਕਾਇੰਦਾ । ਨਵੀਂ ਘਾੜਨ ਆਇਆ ਘੜਨ, ਠਠਿਆਰ ਹੋ ਕੇ ਠੋਕਰ ਨਾਮ ਲਗਾਇੰਦਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਆਪਣੇ ਗ੍ਰਿਹ ਵਸਾਇੰਦਾ । ਮਾਘ ਕਹੇ ਮੇਰਾ ਭੁਲੇਖਾ ਹੋਇਆ ਦੂਰ, ਭਰਮ ਰਿਹਾ ਨਾ ਰਾਈਆ । ਭਗਤ ਭਗਵਾਨ ਤੱਕਿਆ ਹਾਜ਼ਰ ਹਜ਼ੂਰ, ਹੁਜਰਿਆਂ ਦਾ ਲੇਖਾ ਦਿਤਾ ਮਿਟਾਈਆ । ਜੁਗ ਚੌਕੜੀ ਜੋ ਮਜ਼ਦੂਰੀ ਨਾਮ ਕਰਦੇ ਰਹੇ ਮਜ਼ਦੂਰ, ਲੇਖਾ ਓਹਨਾਂ ਝੋਲੀ ਪਾਈਆ । ਦੇਵਣਹਾਰਾ ਦੇਣ ਦੇਵੇ ਜ਼ਰੂਰ, ਜ਼ਰੂਰਤ ਆਪੇ ਪੂਰ ਕਰਾਈਆ । ਮੈਂ ਹੋਵਾਂ ਬੜਾ ਮਸ਼ਕੂਰ, ਖ਼ੁਸ਼ੀਆਂ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਮਾਘ ਕਹੇ ਮੈਂ ਬਿਨ ਰੁੱਤੀ ਹੋਵਾਂ ਖ਼ੁਸ਼ਹਾਲ, ਥਿਤ ਵਾਰ ਵੰਡ ਨਾ ਕੋਇ ਵੰਡਾਈਆ । ਇਕੋ ਜਲਵਾ ਨੂਰ ਤੱਕਾਂ ਪੁਰਖ ਅਕਾਲ, ਚਾਰ ਕੁੰਟ ਦਹਿ ਦਿਸ਼ਾ ਨਜ਼ਰੀ ਆਈਆ । ਸ਼ਬਦ ਅਗੰਮੀ ਸੁਣਾਂ ਤਾਲ, ਅਨਹਦ ਨਾਦੀ ਨਾਦ ਸ਼ਨਵਾਈਆ । ਜਿਸ ਦਾ ਸ਼ਾਸਤਰ ਵੇਦ ਪੁਰਾਨ ਦੇਣ ਅਹਿਵਾਲ, ਅੰਜੀਲ ਕੁਰਾਨ ਖਾਣੀ ਬਾਣੀ ਸਿਫ਼ਤ ਸਾਲਾਹ ਢੋਲੇ ਗਾਈਆ । ਉਹ ਠਾਕਰ ਸਵਾਮੀ ਕਰਨੀ ਕਰਤਾ ਦਇਆਨਿਧ ਦੀਨ ਦਿਆਲ, ਦਇਆਵਾਨ ਅਖਵਾਈਆ । ਭਗਤ ਸੁਹੇਲਾ ਇਕ ਇਕੇਲਾ ਆਤਮ ਅੰਤਰ ਨਿਰੰਤਰ ਮਿਲੇ ਆਣ, ਨਿਰਗੁਣ ਸਰਗੁਣ ਆਪਣਾ ਰੰਗ ਚੜ੍ਹਾਈਆ । ਜਗਤ ਨੇਤਰ ਚਾਰ ਕੁੰਟ ਦਹਿ ਦਿਸ਼ਾ ਨਜ਼ਰ ਨਾ ਆਵੇ ਜੀਵ ਜਹਾਨ, ਦੋਏ ਲੋਚਣ ਕੰਮ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਕਰੇ ਖੇਲ ਸਾਚਾ ਹਰਿ, ਸਹਿਜ ਸੁਆਮੀ ਅੰਤਰਜਾਮੀ ਪਰਵਰਦਿਗਾਰ ਬੇਪਰਵਾਹੀਆ । ਮਾਘ ਕਹੇ ਮੈਂ ਤੱਕਾਂ ਚਾਰ ਕੁੰਟ ਦਹਿ ਦਿਸ਼ਾ ਖੋਲ੍ਹ ਅੱਖ, ਬਿਨ ਅੱਖਾਂ ਅੱਖ ਵਖਾਈਆ । ਕਾਇਆ ਮਾਟੀ ਸਾਢੇ ਤਿੰਨ ਹੱਥ ਭਾਂਡੇ ਦਿਸਣ ਸੱਖ, ਹਰਿ ਹਿਰਦੇ ਨਾਮ ਨਾ ਕੋਇ ਵਸਾਈਆ । ਰਸਨਾ ਜੇਹਵਾ ਬੱਤੀ ਦੰਦ ਜਗਤ ਵਿਦਿਆ ਪੜ੍ਹ ਪੜ੍ਹ ਗਏ ਥੱਕ, ਆਤਮ ਪਰਮਾਤਮ ਜੋੜ ਨਾ ਕੋਇ ਜੁੜਾਈਆ । ਭੇਵ ਖੁਲ੍ਹਿਆ ਨਾ ਹਕ਼ੀਕ਼ਤ ਹੱਕ, ਲਾਸ਼ਰੀਕ ਸ਼ਿਰਕਤ ਨਾ ਕੋਇ ਮਿਟਾਈਆ । ਸ਼ਬਦੀ ਨਾਦ ਨਾ ਸੁਣਿਆ ਸਚ, ਅਨਹਦ ਨਾਦੀ ਨਾਦ ਨਾ ਕੋਇ ਵਜਾਈਆ । ਨਾਮ ਰੰਗਣ ਰੰਗੇ ਕੋਈ ਨਾ ਰੱਤ, ਕੂੜੀ ਕਿਰਿਆ ਬਾਹਰ ਨਾ ਕੋਇ ਕਢਾਈਆ । ਸਚ ਸੁਆਮੀ ਅੰਤਰਜਾਮੀ ਦਰਸ਼ਨ ਪਾਏ ਨਾ ਕੋਇ ਪੁਰਖ ਸਮਰਥ, ਨਿਜ ਲੋਚਣ ਨੈਣ ਨੇਤਰ ਗਿਆਨ ਖੁਲ੍ਹਾਈਆ । ਮਾਇਆ ਮਮਤਾ ਹਉਮੇਂ ਹੰਗਤਾ ਸ੍ਰਿਸ਼ਟੀ ਦ੍ਰਿਸ਼ਟੀ ਕੀਤੀ ਵੱਖ, ਇਸ਼ਟੀ ਏਕੰਕਾਰ ਨਾ ਕੋਇ ਜਣਾਈਆ । ਸਵਰਗ ਬਹਿਸ਼ਤੀ ਰਹੇ ਲੱਭ, ਚੌਦਾਂ ਲੋਕ ਚੌਦਾਂ ਤਬਕ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਹੁਕਮ ਇਕ ਵਰਤਾਈਆ । ਮਾਘ ਕਹੇ ਮੈਂ ਵੇਖਿਆ ਦੋ ਜਹਾਂ, ਬ੍ਰਹਿਮੰਡ ਖੰਡ ਜੇਰਜ ਅੰਡਜ ਉਤਭੁਜ ਸੇਤਜ ਖੋਜ ਖੁਜਾਈਆ । ਚਾਰ ਕੁੰਟ ਦਹਿ ਦਿਸ਼ਾ ਨਵ ਨੌਂ ਚਾਰ ਦਿਸੇ ਵੈਰਾਂ, ਪੱਤ ਡਾਲੀ ਫਲ ਫੁਲਵਾੜੀ ਹੱਕ ਨਾ ਕੋਇ ਮਹਿਕਾਈਆ । ਬਿਨਾ ਰਸਨਾ ਜੇਹਵਾ ਬੱਤੀ ਦੰਦ ਜਪੇ ਕੋਈ ਨਾ ਨਾਂ, ਅਜਪਾ ਜਾਪ ਸਮਝ ਕਿਸੇ ਨਾ ਆਈਆ । ਸਚ ਟਿਕਾਣਾ ਉਚ ਮਹੱਲ ਅਟਲ ਦਿਸੇ ਨਾ ਕਿਸੇ ਨਿਸ਼ਾਂ, ਨਿਸ਼ਾਨਾ ਜਗਤ ਗਿਆ ਭੁਲਾਈਆ । ਹੰਸ ਬੁਧੀ ਹੋਈ ਕਾਂ, ਮਨ ਵਾਸਨਾ ਕਾਗ

ਵਾਂਗ ਕੁਰਲਾਈਆ । ਸਾਚਾ ਖੇੜਾ ਨਗਰ ਨਾ ਦਿਸੇ ਗਰਾਂ, ਗ੍ਰਹਿ ਮੰਦਰ ਅੰਦਰ ਬਜਰ ਕਪਾਟੀ ਪੜਦਾ ਨਾ ਕੋਇ ਉਠਾਈਆ । ਪੁਰਖ ਅਕਾਲ ਦੀਨ ਦਿਆਲ ਅਬਿਨਾਸ਼ੀ ਕਰਤਾ ਪਰਵਰਦਿਗਾਰ ਸਾਂਝਾ ਯਾਰ ਲੱਭਦੇ ਥਾਂ ਥਾਂ, ਮੰਦਰ ਮਸਜਿਦ ਸ਼ਿਵਦਵਾਲੇ ਮੱਠ ਟਿੱਲੇ ਪਰਬਤ ਡੂੰਘੀ ਕੰਦਰ ਸਮੁੰਦ ਸਾਗਰ ਫੋਲ ਫੁਲਾਈਆ । ਕਾਇਆ ਅੰਦਰ ਮਾਰੇ ਨਾ ਕੋਈ ਧਿਆਨ, ਨਿਜ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਦ੍ਰਿੜਾਈਆ । ਮਾਘ ਕਹੇ ਮੈਂ ਵੇਖਿਆ ਚਾਰ ਕੁੰਟ ਜਗ, ਜਗ ਜੀਵਨ ਦਾਤਾ ਅਚਰਜ ਖੇਲ ਵਰਤਾਈਆ । ਮਨ ਵਾਸਨਾ ਕੂੜੀ ਕਿਰਿਆ ਮਾਇਆ ਮਮਤਾ ਹਉਮੇਂ ਹੰਗਤਾ ਤ੍ਰਿਸ਼ਨਾ ਲੱਗੀ ਅੱਗ, ਤਨ ਵਜੂਦ ਪੰਜ ਤਤ ਕਾਇਆ ਮਾਟੀ ਰਿਹਾ ਜਲਾਈਆ । ਹੱਕ ਹਕੀਕਤ ਕਿਸੇ ਨਜ਼ਰ ਨਾ ਆਇਆ ਸਚ ਮਹਿਬੂਬ ਵਿਚ ਨਾ ਕੋਇ ਸਮਾਈਆ । ਦੀਨ ਮਜ਼੍ਹਬ ਜ਼ਾਤ ਪਾਤ ਹਿੱਸਿਆਂ ਵਾਲੀ ਹਦੂਦ, ਵਿਸ਼ਵ ਧਾਰ ਨਾ ਕੋਇ ਪਰਗਟਾਈਆ । ਭਗਤ ਸੁਹੇਲਾ ਇਕ ਇਕੇਲਾ ਸ੍ਰੀ ਭਗਵਾਨ ਏਥੇ ਓਥੇ ਦੋ ਜਹਾਨ ਜਾਣੇ ਮੌਜੂਦ, ਖ਼ਾਲੀ ਬੁਤਖ਼ਾਨਾ ਨਜ਼ਰ ਕੋਇ ਨਾ ਆਈਆ । ਜਿਸ ਦਾ ਮਹੱਲ ਅਟਲ ਉਚ ਮੁਨਾਰਾ ਅਰਸ਼ ਕੁਰਸ਼ ਅਰੂਜ, ਮਹਿਫ਼ੂਜ਼ ਬੈਠਾ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਾਘ ਕਹੇ ਮੈਂ ਜਗਤ ਸਦੀ ਚੌਧਵੀਂ ਮਾਸਟਰ ਪੈਗ਼ੰਬਰ ਵੇਖੇ ਉਸਤਾਦ, ਜਗਤ ਇਲਮ ਕਰਨ ਪੜ੍ਹਾਈਆ । ਅੰਤਰ ਆਤਮ ਪਰਮਾਤਮ ਖੋਲ੍ਹੇ ਕੋਈ ਨਾ ਰਾਜ਼, ਹਕੀਕਤ ਹੱਕ ਨਾ ਕੋਇ ਸਮਝਾਈਆ । ਮਨੂਆ ਫੜੇ ਨਾ ਕੋਇ ਗੁਸਤਾਖ, ਮਨ ਕਾ ਮਣਕਾ ਨਾ ਕੋਇ ਭੁਆਈਆ । ਸਾਚੇ ਸੁਆਲ ਦਾ ਹੱਲ ਕਰੇ ਨਾ ਕੋਇ ਜੁਆਬ, ਜਮਅ ਤਫਰੀਕ ਸਾਰੇ ਰਹੇ ਸਮਝਾਈਆ । ਆਤਮ ਪਰਮਾਤਮ ਮੇਲ ਮਿਲਾਏ ਨਾ ਕੋਇ ਨਾਲ ਇਤਫ਼ਾਕ, ਦੂਈ ਦਵੈਤ ਬਾਹਰ ਨਾ ਕੋਇ ਕਢਾਈਆ । ਬਲੈਕ ਬੋਰਡਾਂ ਉਤੇ ਲਿਖ ਕੇ ਨਾਲ ਚਾਕ, ਕਾਲੇ ਉਤੇ ਚਿੱਟਾ ਪਾ ਕੇ ਕਾਲੀ ਧਾਰ ਮੇਟ ਨਾ ਕੋਇ ਮਿਟਾਈਆ । ਕੁਤਬਖ਼ਾਨਿਆਂ ਵਿਚੋਂ ਲੈ ਕਿਤਾਬ, ਸਤਰਾਂ ਵਾਲੀ ਕਰਨ ਪੜ੍ਹਾਈਆ । ਧੁਰ ਦਾ ਮੇਲ ਮਿਲਾਏ ਨਾ ਕੋਈ ਨਾਲ ਵਾਹਦ, ਵਾਕਿਫ਼ਕਾਰ ਨਜ਼ਰ ਕੋਇ ਨਾ ਆਈਆ । ਸਾਚੀ ਚੜ੍ਹੇ ਨਾ ਕੋਈ ਜਮਾਤ, ਵਿਦਿਆਰਥੀ ਵਿਦਿਆ ਸਮਝ ਕਿਸੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਕਰਨੀ ਕਾਰ ਕਮਾਈਆ । ਮਾਘ ਕਹੇ ਮੈਂ ਵੇਖੇ ਵਿਦਿਆਵਾਨ ਬਹੁ ਪੰਡਤੀ, ਗਿਆਨ ਧਿਆਨ ਰਹੇ ਦ੍ਰਿੜਾਈਆ । ਗੜ੍ਹ ਤੁੱਟਾ ਨਾ ਹਉਮੇਂ ਹੰਗਤੀ, ਹੰ ਬ੍ਰਹਮ ਨਾ ਕੋਇ ਜਣਾਈਆ । ਜਗਤ ਵਾਸਨਾ ਭੁੱਖੀ ਨੰਗਤੀ, ਵਾਹਵਾ ਘਰ ਘਰ ਅਲਖ ਰਹੀ ਜਗਾਈਆ । ਇਹ ਖੇਲ ਸਾਰੀ ਮਨ ਦੀ, ਬੁਧ ਬਿਬੇਕ ਨਾ ਕੋਇ ਵਡਿਆਈਆ । ਜਿਸ ਨੂੰ ਸਮਝ ਨਹੀਂ ਆਈ ਆਪਣੇ ਤਨ ਦੀ, ਸਾਢੇ ਤਿੰਨ ਹੱਥ ਅੰਦਰ ਪੜਦਾ ਓਹਲਾ ਨਾ ਸਕਿਆ ਉਠਾਈਆ । ਸਮਝ ਆਈ ਨਾ ਆਪਣੇ ਕੰਨ ਦੀ, ਜੋ ਧੁਰ ਸ਼ਬਦ ਅਗੰਮੀ ਸੁਣੇ ਚਾਈਂ ਚਾਈਂਆ । ਕਲਜੁਗ ਖੇਲ ਅੰਤ ਹੈਰਾਨ ਦੀ, ਹੈਰਾਨੀ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸਮਝਾਈਆ । ਮਾਘ ਕਹੇ ਮੈਂ ਕੋਟਨ ਕੋਟ ਵੇਖੇ ਪੜ੍ਹਦੇ, ਤਾਲੀਮ ਮਕਤਬ ਪਾਠਸ਼ਾਲਿਆਂ ਵਿਚ ਪਾਈਆ । ਸਾਚੀ ਮੰਜ਼ਲ ਕੋਈ ਨਾ ਚੜ੍ਹਦੇ, ਅਗਲਾ ਪੰਧ ਨਾ ਕੋਇ ਮੁਕਾਈਆ । ਦਰਸ਼ਨ ਪਾਉਣ ਨਾ ਨਿਰਗੁਣ ਨਿਰਵੈਰ ਨਰ ਹਰਿ ਦੇ, ਜੋਤੀ ਜੋਤ ਨਾ ਕੋਇ ਰੁਸ਼ਨਾਈਆ । ਸਚ ਸਰਨਾਈ ਬੇਪਰਵਾਹੀ ਪਤਿਪਰਮੇਸ਼ਵਰ ਮੂਲ ਨਾ ਪੜਦੇ, ਧੂੜੀ ਟਿੱਕਾ ਖ਼ਾਕ ਨਾ ਕੋਇ ਰਮਾਈਆ । ਜਗਤ ਕਿਤਾਬਾਂ ਵਰਕੇ ਰਹੇ ਉਥਲਦੇ, ਮਨ ਦਾ ਪਤਰਾ ਨਾ ਕੋਇ ਪਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਕਰਨੀ ਕਹੇ ਮੈਂ ਵੇਖੀ ਜਗਤ ਦਾਤ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਜਗਤ ਵਿਦਿਆ ਲੇਖਾ ਨਾਲ ਕ਼ਲਮ ਦਵਾਤ, ਕਾਗ਼ਜ਼ ਕਾਲੇ ਰਹੇ ਕਰਾਈਆ । ਆਪਣੀ ਸਮਝੀਂ ਕਿਸੇ ਨਾ ਜ਼ਾਤ, ਪੜਦਾ ਓਹਲਾ ਨਾ ਕੋਇ ਉਠਾਈਆ । ਹਕ਼ੀਕ਼ਤ ਵਿਚੋਂ

੨੯੦

 ੨੯੧

ਖੋਲ੍ਹੇ ਕੋਈ ਨਾ ਰਾਜ਼, ਰਾਮ ਰਾਮ ਨਾ ਕੋਇ ਮਿਲਾਈਆ । ਪਿਛਲੀ ਕਰਦੇ ਯਾਦ, ਪੂਰਬ ਰਹੇ ਸੁਣਾਈਆ । ਆਪਣਾ ਖੇੜਾ ਕਰੇ ਨਾ ਕੋਇ ਆਬਾਦ, ਕਾਇਆ ਮੰਦਰ ਨਾ ਵੱਜੇ ਵਧਾਈਆ । ਹਿੱਸਿਆਂ ਵਾਲਾ ਸਮਝੇ ਕੋਈ ਨਾ ਬਾਬ, ਇਬਾਰਤ ਇਕ ਨਾ ਕੋਇ ਲਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਦਏ ਵਡਿਆਈਆ । ਮਾਘ ਕਹੇ ਮੈਂ ਵੇਖਿਆ ਭਗਤਾਂ ਅੰਦਰ ਰੰਗ, ਲਲਾਰੀ ਨਜ਼ਰ ਕੋਇ ਨਾ ਆਈਆ । ਸੁਣਿਆ ਅਗੰਮੀ ਛੰਦ, ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਰਹੇ ਗਾਈਆ । ਵੇਖਿਆ ਅਨੋਖਾ ਪਲੰਘ, ਜਿਸ ਦਾ ਪਾਵਾ ਚੂਲ ਬਾਡੀ ਵੰਡ ਨਾ ਕੋਇ ਵੰਡਾਈਆ । ਆਤਮ ਪਰਮਾਤਮ ਬਿਨ ਅੱਖਾਂ ਤੱਕਿਆ ਸੰਗ, ਸਗਲਾ ਸੰਗ ਨਿਭਾਈਆ । ਬਿਨ ਸੂਰਜ ਚੰਦ ਚਾੜ੍ਹ ਕੇ ਚੰਦ, ਨਿਰਗੁਣ ਜੋਤ ਕਰੇ ਰੁਸ਼ਨਾਈਆ । ਹਰਖ਼ ਸੋਗ ਮੇਟ ਕੇ ਗ਼ਮ, ਖ਼ੁਸ਼ੀ ਖ਼ੁਸ਼ੀ ਵਿਚੋਂ ਬਦਲਾਈਆ । ਨਾਤਾ ਤੋੜ ਕੇ ਹੱਡ ਮਾਸ ਨਾੜੀ ਚੰਮ, ਚੰਮ ਦ੍ਰਿਸ਼ਟੀ ਦਏ ਗਵਾਈਆ । ਖੇਲ ਕਰੇ ਸ੍ਰੀ ਭਗਵਨ, ਭਗਤ ਸੁਹੇਲੇ ਲਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗ੍ਰਿਹ ਮੰਦਰ ਵੇਖ ਵਖਾਈਆ । ਮਾਘ ਕਹੇ ਮੈਂ ਭਗਤਾਂ ਅੰਦਰ ਮਾਰੀ ਝਾਕੀ, ਪੜਦਾ ਅੰਦਰੋਂ ਦਿਤਾ ਉਠਾਈਆ । ਓਨ੍ਹਾਂ ਦੀ ਖੁਲ੍ਹੀ ਵੇਖੀ ਤਾਕੀ, ਤਕਵਾ ਇਕੋ ਉਪਰ ਰਖਾਈਆ । ਗ੍ਰਿਹ ਮੰਦਰ ਅੰਦਰ ਬੈਠਾ ਪੁਰਖ ਅਬਿਨਾਸ਼ੀ, ਪਰਵਰਦਿਗਾਰ ਸਾਂਝਾ ਯਾਰ ਜਲਵਾ ਨੂਰ ਖ਼ੁਦਾਈਆ । ਬਿਨ ਗੋਪੀ ਕਾਹਨ ਸੁਹਾਵੇ ਮੰਡਲ ਰਾਸੀ, ਖੇਲ ਆਪਣਾ ਆਪ ਜਣਾਈਆ । ਇਕੋ ਨੂਰ ਜੋਤ ਜੋਤ ਪਰਕਾਸ਼ੀ, ਰੂਪ ਰੰਗ ਰੇਖ ਨਾ ਕੋਇ ਦਰਸਾਈਆ । ਏਥੇ ਓਥੇ ਦੋ ਜਹਾਨ ਅੰਦਰ ਬਾਹਰ ਗੁਪਤ ਜ਼ਾਹਰ ਆਤਮ ਪਰਮਾਤਮ ਬਣ ਸਾਥੀ, ਪਾਰਬ੍ਰਹਮ ਬ੍ਰਹਮ ਆਪਣੇ ਵਿਚ ਸਮਾਈਆ । ਜਨ ਭਗਤਾਂ ਔਖੀ ਮੰਜ਼ਲ ਚਾੜ੍ਹ ਕੇ ਘਾਟੀ, ਸਚਖੰਡ ਦਵਾਰਾ ਏਕੰਕਾਰਾ ਨਰ ਨਿਰੰਕਾਰਾ ਦਏ ਵਖਾਈਆ । ਜਨਮ ਜਨਮ ਦੀ ਪੂਰੀ ਕਰੇ ਆਸੀ, ਆਸਾ ਤ੍ਰਿਸ਼ਨਾ ਇਕੋ ਵਾਰ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਮਾਘ ਕਹੇ ਮੈਂ ਭਗਤਾਂ ਅੰਦਰ ਸਹਿਜੇ ਲਿਆ ਤੱਕ, ਇਕ ਧਿਆਨ ਲਗਾਈਆ । ਓਹ ਸਭ ਕੁਛ ਬੈਠੇ ਛੱਡ, ਦੀਨ ਦੁਨੀ ਗਏ ਮੁਕਾਈਆ । ਸ੍ਰਿਸ਼ਟੀ ਤੋਂ ਹੋ ਕੇ ਅੱਡ, ਦ੍ਰਿਸ਼ਟੀ ਪ੍ਰਭ ਦੇ ਵਿਚ ਟਿਕਾਈਆ । ਪੁਰਖ ਅਕਾਲ ਦੀ ਬਣ ਕੇ ਯਦ, ਇਕੋ ਨਾਤਾ ਰਹੇ ਜੁੜਾਈਆ । ਨੌਂ ਦਵਾਰ ਪਾਰ ਕਰ ਕੇ ਹੱਦ, ਸੁਖਮਨ ਟੇਢੀ ਬੰਕ ਪੰਧ ਮੁਕਾਈਆ । ਸ਼ਬਦ ਅਗੰਮੀ ਨਾਦ ਗਾਵਣ ਇਕੋ ਛੰਦ, ਛੰਦ ਇਕੋ ਰਹੇ ਸੁਣਾਈਆ । ਨਿਜ ਆਤਮ ਪਰਮਾਤਮ ਲੈ ਕੇ ਅਨੰਦ, ਪਰਮਾਨੰਦ ਵਿਚ ਸਮਾਈਆ । ਭੇਵ ਖੁਲ੍ਹਾ ਕੇ ਹੰ ਬ੍ਰਹਮ, ਪਾਰਬ੍ਰਹਮ ਮਿਲ ਕੇ ਖ਼ੁਸ਼ੀ ਵਖਾਈਆ । ਸਚ ਦਵਾਰੇ ਚੜ੍ਹ ਕੇ ਚੰਨ, ਜੋਤੀ ਜੋਤ ਕਰਨ ਰੁਸ਼ਨਾਈਆ । ਪੁਰਖ ਅਕਾਲ ਸਰਬ ਸਵਾਮੀ ਅੰਤਰਜਾਮੀ ਜਨ ਭਗਤਾਂ ਕਹੇ ਧੰਨ, ਧੰਨ ਧੰਨ ਧੰਨ ਜਗਤ ਵਡਿਆਈਆ । ਮਾਘ ਕਹੇ ਮੈਂ ਭਗਤਾਂ ਤੱਕਿਆਂ ਇਸ਼ਾਰਾ, ਬਿਨ ਅੱਖਾਂ ਰਹੇ ਲਗਾਈਆ । ਜੋਤ ਨੂਰ ਇਕ ਉਜਿਆਰਾ, ਨੂਰੋ ਨੂਰ ਕਰੇ ਰੁਸ਼ਨਾਈਆ । ਸ਼ਬਦ ਅਗੰਮ ਵੱਜੇ ਨਗਾਰਾ, ਸੋਈ ਸੁਰਤ ਰਿਹਾ ਉਠਾਈਆ । ਕਾਗਦ ਕ਼ਲਮ ਨਾ ਲਿਖਣਹਾਰਾ, ਵੇਦ ਕਤੇਬ ਅੰਤ ਕਹਿਣ ਕੋਇ ਨਾ ਪਾਈਆ । ਸਭ ਤੋਂ ਵੱਖਰਾ ਸਭ ਤੋਂ ਨਿਆਰਾ, ਨਿਰਵੈਰ ਨਿਰੰਕਾਰ ਆਪਣੀ ਕਾਰ ਕਮਾਈਆ । ਸਾਚੀ ਸਖ਼ੀਆਂ ਮਿਲ ਕੇ ਲਾਵੇ ਸਤਿ ਅਖਾੜਾ, ਧਰਮ ਦਵਾਰਾ ਇਕੋ ਸੋਭਾ ਪਾਈਆ । ਜਿਸ ਗ੍ਰਿਹ ਵਸੇ ਤੇਈ ਅਵਤਾਰਾ, ਈਸਾ ਮੂਸਾ ਮੁਹੰਮਦ ਬੈਠੇ ਸਜਦਿਆਂ ਵਿਚ ਸੀਸ ਝੁਕਾਈਆ । ਗੁਰ ਦਸ ਕਰ ਨਿਮਸਕਾਰਾ, ਭਗਤ ਅਠਾਰਾਂ ਚਰਨ ਧੂੜ ਖ਼ਾਕ ਰਮਾਈਆ । ਸੋ ਸਾਹਿਬ ਸਵਾਮੀ ਅੰਤਰਜਾਮੀ ਵੇਖੇ ਵਿਗਸੇ ਵੇਖਣਹਾਰਾ, ਦੀਨ ਦਿਆਲ ਦਇਆਨਿਧ ਆਪਣੀ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਸਾਚੇ ਲਏ ਉਠਾਈਆ । ਮਾਘ ਕਹੇ ਮੈਂ ਭਗਤ ਭਗਵਾਨ ਦਾ ਵੇਖਿਆ ਮਿਲਾਪ, ਦੂਜਾ ਨਜ਼ਰ ਕੋਇ ਨਾ ਆਈਆ । ਬਿਨ ਰਸਨਾ ਜਿਹਵਾ ਬੱਤੀ ਦੰਦ ਕਰਦੇ ਜਾਪ,

ਅਨਬੋਲਤ ਰਾਗ ਸੁਣਾਈਆ । ਬਿਰਹੋਂ ਵਿਛੋੜੇ ਅੰਦਰ ਬਿਨ ਨੈਣਾਂ ਨੀਰ ਤੋਂ ਵੈਰਾਗ, ਵੈਰਾਗੀ ਹੋ ਕੇ ਰਹੇ ਜਣਾਈਆ । ਇਕ ਦੂਜੇ ਨੂੰ ਮਿਲ ਕੇ ਨਾਤਾ ਜੁੜੇ ਨਾਰ ਕੰਤ ਸੁਹਾਗ, ਘਰ ਠਾਂਡੇ ਵੱਜੇ ਵਧਾਈਆ । ਸਚ ਦਵਾਰੇ ਸਚਖੰਡ ਮੁਕਾਮੇ ਹੱਕ ਹੋਣ ਵਿਸਮਾਦ, ਬਿਸਮਿਲ ਹੋ ਕੇ ਆਪਣਾ ਆਪ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਦਿ ਜੁਗਾਦਿ ਜੁਗ ਚੌਕੜੀ ਦੀਨ ਦੁਨੀ ਬਦਲ ਦੇਣ ਸਮਾਜ, ਸਾਚਾ ਹੁਕਮ ਇਕ ਪਰਗਟਾਈਆ । ਮਾਘ ਕਹੇ ਭਗਤ ਭਗਵਾਨ ਜੋੜਾ ਵੇਖਿਆ ਜੁੜਦਾ, ਕਲਜੁਗ ਅੰਤ ਵੱਜੇ ਵਧਾਈਆ । ਜੀਵ ਜਹਾਨ ਵੇਖਿਆ ਰੁੜ੍ਹਦਾ, ਮਾਇਆ ਮਮਤਾ ਧੱਕਾ ਰਹੀ ਲਾਈਆ । ਕੋਈ ਭੇਵ ਨਾ ਜਾਣੇ ਸ਼ਬਦੀ ਸਤਿਗੁਰ ਦਾ, ਜੋ ਸਤਿ ਸਤਿਵਾਦੀ ਨਾਦੀ ਬ੍ਰਹਿਮਾਦੀ ਵੇਖ ਵਖਾਈਆ । ਕੋਈ ਰਸ ਨਾ ਮਾਣੇ ਧੁਰ ਦੇ ਤਾਲ ਸੁਰ ਦਾ, ਸੁਰਤੀ ਸ਼ਬਦ ਨਾ ਕੋਇ ਜੁੜਾਈਆ । ਅੰਤਰ ਆਤਮ ਨਿਰੰਤਰ ਫੁਰਨਾ ਕਿਸੇ ਨਾ ਫੁਰਦਾ, ਮਨ ਵਾਸਨਾ ਸਾਰੇ ਰਹੇ ਗਾਈਆ । ਜੋ ਦਿਨੇ ਜਾਗਦਿਆਂ ਰਾਤੀਂ ਸੁਤਿਆਂ ਦਰਸ਼ਨ ਪਾਵੇ ਨਿਰਗੁਣ ਜੋਤ ਪੁਰਖ ਅਕਾਲ ਦਾ, ਪਰਕਾਸ਼ ਪਰਕਾਸ਼ ਵਿਚ ਸਮਾਈਆ । ਨਜ਼ਾਰਾ ਤੱਕੇ ਕਾਇਆ ਮੰਦਰ ਸੱਚੀ ਧਰਮਸਾਲ ਦਾ, ਬੰਕ ਦਵਾਰਾ ਸੋਭਾ ਪਾਈਆ । ਝਗੜਾ ਮੁੱਕੇ ਕਾਲ ਮਹਾਂਕਾਲ ਦਾ, ਰਾਏ ਧਰਮ ਨਾ ਦਏ ਸਜਾਈਆ । ਜਲਵਾ ਤੱਕੇ ਨੂਰ ਜਮਾਲ ਦਾ, ਨੂਰੋ ਨੂਰ ਨੂਰ ਰੁਸ਼ਨਾਈਆ । ਲੇਖਾ ਚੁੱਕੇ ਤ੍ਰੈਗੁਣ ਜੰਜਾਲ ਦਾ, ਜਾਗਰਤ ਜੋਤ ਹੋਏ ਰੁਸ਼ਨਾਈਆ । ਜਨ ਭਗਤਾਂ ਸ੍ਰੀ ਭਗਵਾਨ ਆਪੇ ਸੁਰਤ ਸੰਭਾਲਦਾ, ਲੱਖ ਚੁਰਾਸੀ ਵਿਚੋਂ ਲਏ ਉਠਾਈਆ । ਲੇਖਾ ਮੁਕਾ ਕੇ ਸ਼ਾਹ ਕੰਗਾਲ, ਦਾ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਊਚ ਨੀਚ ਵੰਡ ਨਾ ਕੋਇ ਵੰਡਾਈਆ । ਪਦਾਰਥ ਦੇਵੇ ਨਾਮ ਸਾਚੇ ਧਨ ਮਾਲ ਦਾ, ਭੰਡਾਰਾ ਇਕੋ ਇਕ ਵਰਤਾਈਆ । ਝਗੜਾ ਚੁਕਾਵੇ ਆਵਣ ਜਾਣ ਦਾ, ਲੱਖ ਚੁਰਾਸੀ ਪੈਂਡਾ ਦਏ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੰਤ ਸੁਹੇਲੇ ਗੁਰ ਚੇਲੇ ਧੁਰ ਦੇ ਰੰਗ ਲਏ ਰੰਗਾਈਆ । ਮਾਘ ਕਹੇ ਮੈਂ ਤੱਕਿਆਂ ਏਕੰਕਾਰ, ਇਕ ਇਕੱਲਾ ਨਜ਼ਰੀ ਆਈਆ । ਜਿਸ ਦਾ ਖੇਲ ਸਦਾ ਜੁਗ ਚਾਰ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਦਏ ਗਵਾਹੀਆ । ਜੋ ਭਵਿਖਤਾਂ ਕਰੇ ਵਿਚਾਰ, ਗੁਰ ਅਵਤਾਰ ਪੈਗ਼ੰਬਰਾਂ ਲੇਖਾ ਪੂਰ ਕਰਾਈਆ । ਨਿਰਗੁਣ ਸਰਗੁਣ ਲੈ ਅਵਤਾਰ, ਵੇਸ ਅਨੇਕਾ ਰੂਪ ਵਟਾਈਆ । ਲੱਖ ਚੁਰਾਸੀ ਸੁਣੇ ਪੁਕਾਰ, ਗ੍ਰਿਹ ਗ੍ਰਿਹ ਮੰਦਰ ਖੋਜ ਖੁਜਾਈਆ । ਭਗਤਾਂ ਦਏ ਦੀਦਾਰ, ਨਿਜ ਨੇਤਰ ਲੋਚਨ ਅੱਖ ਖੁਲ੍ਹਾਈਆ । ਸੂਫੀਆਂ ਕਰੇ ਉਜਿਆਰ, ਨੂਰ ਉਜਾਲਾ ਇਕ ਰੁਸ਼ਨਾਈਆ । ਸਚ ਵਖਾ ਕੇ ਬਹਾਰ, ਗੁਲਸ਼ਨ ਇਕੋ ਦਏ ਮਹਿਕਾਈਆ । ਝਗੜਾ ਮੁਕਾ ਕੇ ਕੂੜ ਕੁੜਿਆਰ, ਸਤਿ ਸਚ ਦਏ ਦ੍ਰਿੜਾਈਆ । ਆਤਮ ਪਰਮਾਤਮ ਦੱਸ ਪਿਆਰ, ਦੀਨ ਮਜ਼੍ਹਬ ਜ਼ਾਤ ਪਾਤ ਲੇਖਾ ਦਏ ਮੁਕਾਈਆ । ਪੁਰਖ ਅਬਿਨਾਸ਼ੀ ਸਰਬ ਨਿਵਾਸੀ ਜੋਤ ਪਰਕਾਸ਼ੀ ਪਰਵਰਦਿਗਾਰ ਸਭ ਦਾ ਯਾਰ, ਅਕਲ ਕਲਧਾਰੀ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਬਖ਼ਸ਼ਿਸ਼ ਰਹਿਮਤ ਆਪਣਾ ਨਾਮ ਵਰਤਾਈਆ । ਮਾਘ ਕਹੇ ਮੈਂ ਚਾਰ ਕੁੰਟ ਵੇਖੀ ਮੰਡਪ ਮਾੜੀ, ਟਿੱਲੇ ਪਰਬਤ ਫੋਲ ਫੁਲਾਈਆ । ਮੈਂ ਲੱਖ ਚੁਰਾਸੀ ਮਾਨਵ ਜ਼ਾਤੀ ਤੱਕੀ ਨਰ ਨਾਰੀ, ਘਟ ਘਟ ਅੰਦਰ ਖੋਜ ਖੁਜਾਈਆ । ਮਨ ਵਾਸਨਾ ਤੱਕੀ ਦੁਰਾਚਾਰੀ, ਦੁਰਗੰਧ ਵਿਚ ਸਮਾਈਆ । ਮਨੂਆ ਹੋਇਆ ਹੰਕਾਰੀ, ਬੰਕ ਗੜ੍ਹ ਰਿਹਾ ਬਣਾਈਆ । ਕੋਟਾਂ ਵਿਚੋਂ ਜਨ ਭਗਤਾਂ ਇਕੋ ਲਾਈ ਪ੍ਰਭ ਨਾਲ ਯਾਰੀ, ਯਾਰਾਨੇ ਕੂੜੇ ਗਏ ਤਜਾਈਆ । ਇਕੋ ਮੇਲ ਜੋਤ ਨਿਰੰਕਾਰੀ, ਦੂਜਾ ਇਸ਼ਟ ਨਾ ਕੋਇ ਮਨਾਈਆ । ਜਿਸ ਦੇ ਕੋਲੋਂ ਗੁਰ ਅਵਤਾਰ ਪੈਗ਼ੰਬਰ ਲੈ ਕੇ ਆਏ ਸਰਦਾਰੀ, ਸਦੀਆਂ ਦੇ ਪਿਛੋਂ ਭੱਜੇ ਵਾਹੋ ਦਾਹੀਆ । ਢੋਲਾ ਗਾਉਂਦੇ ਗਏ ਵਾਰੋ ਵਾਰੀ, ਸਿਫ਼ਤਾਂ ਵਿਚ ਸਾਲਾਹੀਆ । ਕਾਤਬ ਬਣੇ ਲਿਖਾਰੀ, ਕਲਮ ਸ਼ਾਹੀ ਵੰਡ ਵੰਡਾਈਆ । ਅੰਤਮ ਕਰ ਕੇ ਚਰਨ ਕਵਲ ਨਿਮਸਕਾਰੀ, ਬੇਅੰਤ ਬੇਅੰਤ ਬੇਅੰਤ ਕਹਿ ਕੇ ਪੱਲੂ ਗਏ ਛੁਡਾਈਆ । ਕਲਜੁਗ


੨੯੨

ਅੰਤ ਓਸੇ ਦੀ ਵਾਰੀ, ਵਾਰਤਾ ਅਗਲੀ ਦਏ ਦ੍ਰਿੜਾਈਆ । ਭਗਤ ਸੁਹੇਲਾ ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਖੇਲ ਕਰੇ ਨਿਆਰੀ, ਨਿਰਗੁਣ ਨਿਰਾਕਾਰ ਆਪਣੀ ਕਾਰ ਕਮਾਈਆ । ਚਾਰ ਵਰਨ ਅਠਾਰਾਂ ਬਰਨ ਊਚ ਨੀਚ ਰਾਓ ਰੰਕ ਇਕੋ ਗ੍ਰਿਹ ਵਸੇ ਦਰਬਾਰੀ, ਦਰ ਦਰਬਾਰਾ ਇਕੋ ਦਏ ਵਖਾਈਆ । ਭਗਤ ਭਗਵਾਨ ਪ੍ਰੇਮ ਪਿਆਰ ਮੁਹੱਬਤ ਵਿਚ ਲਾਵਣ ਜੈਕਾਰੀ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਸੱਚਾ ਗਾਈਆ । ਜਿਸ ਨੂੰ ਸਮਝੇ ਨਾ ਕੋਇ ਸੰਸਾਰੀ, ਜਗਤ ਵਿਦਿਆ ਪੜਦਾ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸੁਲਤਾਨ ਸਦਾ ਮਿਹਰਵਾਨ, ਮਹਿਬੂਬ ਮੁਹੱਬਤ ਅੰਦਰ ਮਿਹਰ ਨਜ਼ਰ ਬੇਨਜ਼ੀਰ ਆਪਣੀ ਇਕ ਉਠਾਈਆ ।

✪ ੨੧ ਵਿਸਾਖ ਸ਼ਹਿਨਸ਼ਾਹੀ ਸੰਮਤ ੨ ਇੰਦਰਜੀਤ ਸਿੰਘ, ਅਜਮੇਰ ਸਿੰਘ ਦੇ ਗ੍ਰਿਹ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਸਤਿਗੁਰ ਸ਼ਬਦ ਕਹੇ ਮੈਂ ਦੋ ਜਹਾਨ ਵੇਖੀ ਕੁਟੀਆ, ਕੋਟਨ ਕੋਟ ਬ੍ਰਹਿਮੰਡ ਖੰਡ ਵੇਖ ਵਖਾਈਆ । ਬਿਨ ਭਗਤਾਂ ਲੱਖ ਚੁਰਾਸੀ ਖ਼ਾਲੀ ਵੇਖੀ ਲੁਟੀਆ, ਆਬੇ ਹਯਾਤ ਅੰਮ੍ਰਿਤ ਧਾਰਾ ਨਾ ਕੋਇ ਸੁਹਾਈਆ । ਸਚ ਸੁਹੰਜਣੀ ਸੋਹੇ ਕੋਈ ਨਾ ਰੁਤੀਆ, ਰੁਤੜੀ ਰੁਤ ਅਬਿਨਾਸ਼ੀ ਅਚੁਤ ਨਾ ਕੋਇ ਮਹਿਕਾਈਆ । ਚਾਰ ਵਰਨ ਅਠਾਰਾਂ ਬਰਨ ਭਾਉ ਜਾਣਿਆ ਦੁਤੀਆ, ਏਕਾ ਏਕੰਕਾਰ ਏਕਾ ਰੰਗ ਨਾ ਕੋਇ ਸਮਾਈਆ । ਜਗਤ ਵਾਸਨਾ ਸ੍ਰਿਸ਼ਟੀ ਦ੍ਰਿਸ਼ਟੀ ਵੇਖੀ ਸੁਤੀਆ, ਸੋਵਤ ਜਾਗਤ ਹਰਿ ਕਾ ਦਰਸ ਕੋਇ ਨਾ ਪਾਈਆ । ਮਾਨਸ ਜਨਮ ਕਲਜੁਗ ਜੀਵ ਕਰਨ ਆਏ ਬੁੱਤੀਆ, ਬੁਤਖ਼ਾਨੇ ਅੰਦਰ ਮਨ ਵਾਸਨਾ ਰਹੀ ਕੁਰਲਾਈਆ । ਸੁਰਤ ਸਵਾਣੀ ਸ਼ਬਦ ਹਾਣੀ ਮਿਲ ਕੋਈ ਨਾ ਉਠੀਆ, ਸਤਿ ਸਚ ਲਏ ਨਾ ਕੋਇ ਅੰਗੜਾਈਆ । ਆਤਮ ਪਰਮਾਤਮ ਪਰਮ ਪੁਰਖ ਲੱਗੇ ਕੋਇ ਨਾ ਰੁਚੀਆ, ਰਚਨਾ ਕੂੜੀ ਤੱਕੇ ਜਗਤ ਲੋਕਾਈਆ । ਬਿਨ ਸਤਿਗੁਰ ਚਰਨ ਤਨ ਮਾਟੀ ਖ਼ਾਕ ਹੋਏ ਕੋਇ ਨਾ ਸੁਚੀਆ, ਸੁਚ ਸੰਜਮ ਕੀਤੇ ਕੰਮ ਕਿਸੇ ਨਾ ਆਈਆ । ਜਿਸ ਦੀ ਯਾਦ ਵਿਚ ਜੁਗ ਚੌਕੜੀ ਮੁਕੀਆ, ਮੁਕੰਮਲ ਗੁਰ ਅਵਤਾਰ ਪੈਗ਼ੰਬਰ ਬੈਠੇ ਧਿਆਨ ਲਗਾਈਆ । ਜੋ ਗੁਰਮੁਖ ਸੰਤ ਸੁਹੇਲੇ ਕਰੇ ਮੁੱਖੀਆ, ਮੁਖ ਅੰਤਰ ਨਰੰਤਰ ਬਸੰਤਰ ਦਏ ਬੁਝਾਈਆ । ਸੰਤ ਸੁਹੇਲੇ ਗੁਰ ਚੇਲੇ ਕਰੇ ਸੁਖੀਆ, ਸੁਖਆਸਣ ਸਿੰਘਾਸਣ ਪੁਰਖ ਅਬਿਨਾਸ਼ਣ ਇਕ ਦਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵਣਹਾਰ ਸਰਨਾਈਆ । ਸਰਨ ਕਹੇ ਮੈਂ ਤੱਕਾਂ ਲੱਖ ਚੁਰਾਸੀ, ਧੁਰ ਹੁਕਮ ਧਿਆਨ ਲਗਾਈਆ । ਬਿਨ ਭਗਤਾਂ ਸਭ ਦੇ ਗਲੇ ਦਿਸੇ ਫਾਸੀ, ਫ਼ੈਸਲਾ ਹੱਕ ਨਾ ਕੋਇ ਸੁਣਾਈਆ । ਸਚਖੰਡ ਦਵਾਰ ਦਾ ਬਣੇ ਕੋਇ ਨਾ ਵਾਸੀ, ਵਸਲ ਯਾਰ ਕਰੇ ਨਾ ਕੋਇ ਨੂਰ ਖ਼ੁਦਾਈਆ । ਕਲਮਿਆਂ ਅੰਦਰ ਭੁੱਲਿਆ ਬੰਦਾ ਖ਼ਾਕੀ, ਖ਼ਾਲਸ ਰੰਗ ਨਾ ਕੋਇ ਚੜ੍ਹਾਈਆ । ਬਿਨਾ ਮਹਿਬੂਬ ਖੋਲ੍ਹੇ ਕੋਇ ਨਾ ਤਾਕੀ, ਤਕਵਾ ਹੱਕ ਨਾ ਕੋਇ ਜਣਾਈਆ । ਜਿਨ੍ਹਾਂ ਦਾ ਮੇਲ ਹੋਇਆ ਇਤਫ਼ਾਕੀ, ਇਤਮੀਨਾਨ ਦਏ ਜਣਾਈਆ । ਪ੍ਰੇਮ ਪਿਆਲਾ ਦੇਵੇ ਬਣ ਕੇ ਸਾਕੀ, ਸਕਿਆਂ ਤੋਂ ਲਏ ਛੁਡਾਈਆ । ਵਸਤ ਅਮੋਲਕ ਦੇ ਕੇ ਦਾਤੀ, ਦਾਤਾਰ ਆਪਣਾ ਭੇਵ ਖੁਲ੍ਹਾਈਆ । ਪੂਰਬ ਲਹਿਣਾ ਜਾਣ ਕੇ ਬਾਕੀ, ਬੰਧਨ ਅਗਲੇ ਦਏ ਤੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਹੁਕਮ ਵਰਤਾਈਆ । ਹੁਕਮ ਕਹੇ ਮੇਰਾ ਹੁਕਮੀ ਸੰਦੇਸ਼ਾ, ਫ਼ਰਮਾਨਾ ਇਕ ਦ੍ਰਿੜਾਈਆ । ਪੁਰਖ ਅਕਾਲਾ ਦੀਨ ਦਿਆਲਾ ਵਡ ਨਰੇਸ਼ਾ, ਨਰ ਨਰਾਇਣ ਸ਼ਹਿਨਸ਼ਾਹੀਆ । ਜੋ ਆਦਿ ਜੁਗਾਦਿ ਜੁਗ ਚੌਕੜੀ ਨਿਤ ਨਵਿਤ ਰਹੇ ਹਮੇਸ਼ਾ, ਸਦਾ ਸਦਾ ਸਦ ਆਪਣਾ ਖੇਲ ਵਖਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਦੋ ਜਹਾਨਾਂ ਬਣਿਆ ਰਹੇ ਮੀਤਾ, ਨਿਤ ਨਵਿਤ

੨੯੪

ਆਪਣੀ ਕਾਰ ਕਮਾਈਆ । ਭਗਤ ਸੁਹੇਲਾ ਇਕ ਇਕੇਲਾ ਕਰਦਾ ਰਹੇ ਹੇਤਾ, ਆਤਮ ਪਰਮਾਤਮ ਪਰਮਾਤਮ ਆਤਮ ਆਪਣਾ ਰੰਗ ਰੰਗਾਈਆ । ਸਤਿ ਸਵਾਮੀ ਅੰਤਰਜਾਮੀ ਹੋ ਕੇ ਭੁੱਲੇ ਕਦੇ ਨਾ ਚੇਤਾ, ਚਾਤਰਕ ਗੁਰਮੁਖ ਗੁਰਸਿਖ ਗੁਰ ਗੁਰ ਲਏ ਉਠਾਈਆ । ਅੰਦਰ ਵੜ ਕੇ ਮੰਦਰ ਚੜ੍ਹ ਕੇ ਸਚ ਦਵਾਰ ਖੜ ਕੇ ਖੋਲ੍ਹੇ ਭੇਤਾ, ਭਾਵਨਾ ਭਾਉ ਭੈ ਭੌ ਭਾਵੀ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਾਹਿਬ ਸਵਾਮੀ ਅੰਤਰਜਾਮੀ ਹਰਿ ਹਰਿ ਆਪਣੇ ਰੰਗ ਵਖਾਈਆ । ਹਰਿ ਹਰਿ ਰੰਗ ਆਦਿ ਜੁਗਾਦਿ ਅਨੋਖਾ, ਜਗਤ ਲਲਾਰੀ ਸਮਝ ਕੋਇ ਨਾ ਪਾਈਆ । ਜਿਸ ਦੇ ਵਿਚ ਏਥੇ ਓਥੇ ਨਹੀਂ ਧੋਖਾ, ਅਗਨੀ ਵਾਲੀ ਭੱਠੀ ਨਾ ਕੋਇ ਤਪਾਈਆ । ਮੰਜ਼ਲ ਮਾਰਗ ਰਾਹ ਦੱਸ ਕੇ ਸੌਖਾ, ਸੋਹਣੇ ਮਨਮੋਹਣੇ ਗੁਰਮੁਖ ਲਏ ਤਰਾਈਆ । ਝਗੜਾ ਰਹੇ ਨਾ ਚੌਦਾਂ ਲੋਕਾ, ਲੁਕਵਾਂ ਭੇਵ ਅਗਲਾ ਦਏ ਖੁਲ੍ਹਾਈਆ । ਪੜ੍ਹਨਾ ਪਏ ਨਾ ਕੋਈ ਪੋਥਾ, ਵਰਕਾ ਵਰਕਾ ਨਾ ਕੋਇ ਉਲਟਾਈਆ । ਲੱਭਣਾ ਪਏ ਕੋਈ ਨਾ ਕੋਠਾ, ਮੰਜ਼ਲ ਆਪਣੀ ਦਏ ਚੜ੍ਹਾਈਆ । ਜਿਥੇ ਰਹੇ ਕੋਈ ਨਾ ਰੋਗਾ, ਹੰ ਬ੍ਰਹਮ ਨਾ ਕੋਇ ਵਡਿਆਈਆ । ਤੱਤਾਂ ਵਾਲਾ ਦਿਸੇ ਕੋਈ ਨਾ ਚੋਗਾ, ਤਨ ਵਜੂਦ ਨਾ ਕੋਇ ਸਫ਼ਾਈਆ । ਬੈਰਾਗੀਆਂ ਵਾਲਾ ਧਾਰਨਾ ਪਏ ਨਾ ਜੋਗਾ, ਜਗਤ ਜੋਗੀਸ਼ਰ ਨਾ ਕੋਇ ਸਮਝਾਈਆ । ਅਲਖ ਜਗਾ ਕੇ ਦੇਣਾ ਪਏ ਨਾ ਹੋਕਾ, ਰਸਨਾ ਢੋਲਾ ਗੀਤਾ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਜਨ ਭਗਤਾਂ ਚਰਨ ਪ੍ਰੀਤੀ ਦੇ ਕੇ ਇਕੋ ਮੌਕਾ, ਮੁਫ਼ਤ ਆਪਣੇ ਨਾਲ ਰਲਾਈਆ । ਮੁਫ਼ਤ ਕਹੇ ਮੇਰੀ ਕੋਈ ਨਾ ਜਾਣੇ ਕ਼ੀਮਤ, ਕ਼ਿਆਮਗਾਹ ਵਿਚ ਗੁਰ ਅਵਤਾਰ ਨਾ ਕੋਇ ਚੁਕਾਈਆ । ਜਨ ਭਗਤਾਂ ਵਕ਼ਤ ਦੱਸਾਂ, ਗ਼ਨੀਮਤ, ਗ਼ਮੀ ਦੇ ਵਿਚੋਂ ਗੁਮਨਾਮ ਬਾਹਰ ਕਢਾਈਆ । ਪੜਦਾ ਰਹੇ ਨਾ ਤਿਰੀਆ ਤ੍ਰੀਮਤ, ਤਵਾਮ ਆਮ ਬਮਕਾਮ ਨਿਸ਼ਾਨ ਨਾ ਕੋਇ ਵਖਾਈਆ । ਵਿਚਾਰਨੀ ਪਏ ਨਾ ਕੋਇ ਜ਼ਹਿਨੀਅਤ, ਜ਼ਿਹਨ ਜਹਾਨ ਨਾ ਕੋਇ ਰੁਸ਼ਨਾਈਆ । ਵਡਿਆਈ ਦਿਸੇ ਨਾ ਕੋਇ ਵਿਚ ਜ਼ੀਨਤ, ਜ਼ੇਰ ਜ਼ਬਰ ਜ਼ਬਰ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਸਦਮੇ ਦਏ ਮਿਟਾਈਆ । ਸਦ ਕਹੇ ਸਦਾ ਮੇਟਦਾ ਰਹਾਂ ਸਦਮਾ, ਸਦੀ ਸਦੀਵੀ ਸਮਝ ਕੋਇ ਨਾ ਪਾਈਆ । ਗੁਰਮੁਖ ਤਾਰਾਂ ਵਿਚੋਂ ਪਦਮਾਂ, ਪਦਮ ਦੀ ਰੇਖਾ ਦਏ ਗਵਾਹੀਆ । ਪੁਰਖ ਅਕਾਲ ਦੇ ਰਖਾਂ ਵਿਚ ਕ਼ਦਮਾਂ, ਕ਼ਦੀਮ ਤੋਂ ਧਾਰਾ ਜਿਸ ਦੀ ਚਲੀ ਆਈਆ । ਨਾਮ ਨਿਧਾਨ ਸੁਣਾਵਾਂ ਨਗ਼ਮਾ, ਨਬੀਆਂ ਦੀ ਸੇਵਾ ਇਕ ਸਮਝਾਈਆ । ਨੂਰ ਨੁਰਾਨਾ ਦੇਵਾਂ ਚਸ਼ਮਾ, ਚਸ਼ਮੇ ਦੀਦ ਸ਼ਮਾਂ ਗੁਲ ਗੁਲੇ ਗੁਲਸ਼ਨ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਮਿਹਰ ਨਜ਼ਰ ਕਹੇ ਮੈਂ ਸਦਾ ਬੇਨਜ਼ੀਰ, ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਵੇਖਾਂ ਸ਼ਾਹ ਫ਼ਕੀਰ, ਆਅਲਾ ਅਦਨਾ ਖੋਜ ਖੁਜਾਈਆ । ਮੈਂ ਫਿਰਦੇ ਵੇਖੇ ਫ਼ਕੀਰ, ਫ਼ਿਕਰੇ ਢੋਲੇ ਰਹੇ ਗਾਈਆ । ਪ੍ਰਭੂ ਦੀ ਵੇਖੀ ਤਦਬੀਰ, ਤਾਲੀਮ ਵਿਚ ਸਕੇ ਨਾ ਕੋਇ ਸਮਝਾਈਆ । ਸ਼ਰਅ ਦੀ ਵੇਖੀ ਜ਼ੰਜੀਰ, ਸ਼ਰੀਅਤ ਨਾਲ ਲੜਾਈਆ । ਦੁਨੀ ਦੀ ਵੇਖੀ ਤਕਦੀਰ, ਤਕੱਬਰ ਵਿਚ ਲੋਕਾਈਆ । ਦੁੱਧ ਦੀ ਵੇਖੀ ਤਾਸੀਰ, ਤਬਾ ਰਹੀ ਬਦਲਾਈਆ । ਝਗੜਾ ਪਿਆ ਅਮੀਰ ਗ਼ਰੀਬ, ਅਮਰਾਪਦ ਨਾ ਕੋਇ ਸਮਝਾਈਆ । ਸਾਚੀ ਦਏ ਨਾ ਕੋਇ ਤਰਤੀਬ, ਦੀਨ ਮਜ਼੍ਹਬ ਪਲੂ ਨਾ ਕੋਇ ਛੁਡਾਈਆ । ਖੇਲ ਵੇਖਿਆ ਅਜੀਬ, ਅਜਬ ਨਿਰਾਲਾ ਹਰਿ ਕਰਾਈਆ । ਜਨ ਭਗਤਾਂ ਪੂਰੀ ਹੋਈ ਉਮੀਦ, ਆਮਦ ਵਿਚ ਖ਼ੁਸ਼ਾਮਦ ਵਿਚ ਦਰ ਪਾਇਆ ਬੇਪਰਵਾਹੀਆ । ਜਿਸ ਦੀ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕ਼ੁਰਾਨ ਖਾਣੀ ਬਾਣੀ ਕਰੇ ਤਮਹੀਦ, ਸਿਫ਼ਤਾਂ ਵਿਚ ਸਿਫ਼ਤੀ ਸਿਫ਼ਤ ਸਾਲਾਹੀਆ । ਸੋ ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਪੁਰਖ ਅਬਿਨਾਸ਼ੀ ਦੱਸੇ ਇਕ ਪ੍ਰੀਤ, ਪ੍ਰੀਤਮ ਹੋ ਕੇ ਪਰਮ ਪੁਰਖ ਆਪਣਾ ਰੰਗ ਰੰਗਾਈਆ । ਦੂਰ ਦੁਰਾਡਾ ਨੇਰਨ ਨੇਰਾ ਭੀਤਰ ਹੋ ਕੇ ਵਸਿਆ ਭੀਤ, ਕਰੇ

ਕਰਾਏ ਠਾਂਡਾ ਸੀਤ, ਸੀਤਲ ਧਾਰਾ ਸਤਿ ਸਵਾਮੀ ਇਕ ਵਹਾਈਆ । ਜਨ ਭਗਤ ਅੰਦਰ ਬਾਹਰ ਹੋਣ ਨਾ ਦੇਵੇ ਪਲੀਤ, ਫ਼ਰੀਕ ਫ਼ਿਰਕਾ ਮਨ ਨਾ ਕੋਇ ਬਣਾਈਆ । ਨਾਉਂ ਨਿਰੰਕਾਰਾ ਦੇ ਕੇ ਇਕ ਤੌਫੀਕ, ਹਦੀਸ ਕਲਮਾ ਸਚ ਪੜ੍ਹਾਈਆ । ਨੇੜੇ ਆਏ ਨਾ ਕੋਇ ਅਬਲੀਸ, ਲਾਅਨਤ ਜਾਮਾ ਨਾ ਕੋਇ ਛੁਹਾਈਆ । ਮੁਰਸ਼ਦ ਮੁਰੀਦ ਬਣਾ ਕੇ ਅਜ਼ੀਜ਼, ਮੁਹੱਬਤ ਵਿਚ ਆਪਣੀ ਗੋਦ ਉਠਾਈਆ । ਸਾਚੇ ਘਰ ਦੀ ਦੱਸ ਤਮੀਜ਼, ਤਮਾ ਕੂੜੀ ਦਏ ਗਵਾਈਆ । ਝਗੜਾ ਰਹੇ ਨਾ ਊਚ ਨੀਚ, ਇਕੋ ਰੰਗ ਦਏ ਚੜ੍ਹਾਈਆ । ਜਨ ਭਗਤ ਜਗਜੀਵਣ ਦਾਤਾ ਮਿਲ ਕੇ ਜਗਤ ਜਾਵਣ ਜੀਤ, ਹਾਰ ਹਿਰਦੇ ਵਿਚੋਂ ਬਾਹਰ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਬਖ਼ਸ਼ਣਹਾਰ ਪ੍ਰੇਮ ਪਿਆਰ ਦੀ ਇਕ ਬਖ਼ਸ਼ੀਸ਼, ਬਖ਼ਸ਼ਸ਼ ਵਿਚੋਂ ਬਖ਼ਸ਼ਸ਼ ਰਹਿਮਤ ਵਿਚੋਂ ਰਹਿਮ ਕਾਇਮ ਮੁਕਾਮ ਮੁਕੀਮ ਮੁਕੰਮਲ ਆਪਣੀ ਦਇਆ ਕਮਾਈਆ ।

## ✪ ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਡਾ੦ ਪਾਲ ਸਿੰਘ ਦੇ ਗ੍ਰਿਹ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਸਤਿ ਕਹੇ ਪ੍ਰਭ ਤੇਰਾ ਸਤਿਜੁਗ ਸਤਿ ਸੁਹੰਜਣਾ ਜਗ, ਰਸਨਾ ਜੇਹਵਾ ਬੱਤੀ ਦੰਦ ਦਏ ਵਡਿਆਈਆ । ਜਨਮ ਜਨਮ ਕਰਮ ਕਰਮ ਦੇ ਉਤਰਨੇ ਕੋਟਨ ਪੱਪ, ਪਤਿਤ ਪੁਨੀਤ ਠਾਂਡੇ ਸੀਤ ਗੁਰਮੁਖ ਦਏ ਬਣਾਈਆ । ਨੇੜ ਨਾ ਆਏ ਮਮਤਾ ਮੋਹ ਵਿਕਾਰ ਡਸਨੀ ਸੱਪ, ਤ੍ਰਿਸ਼ਨਾ ਤ੍ਰਿਖਾ ਹੰਕਾਰ ਨਾ ਕੋਇ ਹਲਕਾਈਆ । ਪੜਦਾ ਖੁਲ੍ਹੇ ਨਜ਼ਰੀ ਆਏ ਆਪਣਾ ਅਪ, ਹੰ ਬ੍ਰਹਮ ਨੂਰ ਜੋਤ ਹੋਵੇ ਰੁਸ਼ਨਾਈਆ । ਸੋ ਪੁਰਖ ਨਿਰੰਜਣ ਨਜ਼ਰੀ ਆਏ ਸਭ, ਸਗਲਾ ਸੰਗੀ ਬਹੁਰੰਗੀ ਵੇਸ ਵਟਾਈਆ । ਚਾਰ ਜੁਗ ਤੋਂ ਵੱਖਰੀ ਤੇਰੀ ਅੱਖਰੀ ਗੱਥ, ਗੁਰ ਅਵਤਾਰ ਪੈਗ਼ੰਬਰ ਸੁਣ ਕੇ ਜਿਸ ਨੂੰ ਖ਼ੁਸ਼ੀ ਮਨਾਈਆ । ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਰਹੇ ਹੱਸ, ਹਸਤੀ ਵਿਚ ਮਸਤੀ ਅਰਸ਼ੀ ਪ੍ਰੀਤਮ ਦਿਤੀ ਚੜ੍ਹਾਈਆ । ਬ੍ਰਹਿਮੰਡ ਖੰਡ ਕਹਿਣ ਧੰਨ ਵਡਿਆਈ ਜਿਸ ਭਗਤ ਭਗਵਾਨ ਦਾ ਸਾਂਝਾ ਕੀਤਾ ਜਸ, ਵੱਖਰੀ ਧਾਰ ਰਹਿਣ ਕੋਇ ਨਾ ਪਾਈਆ । ਨਿਰਗੁਣ ਨਿਰਵੈਰ ਨਿਰਾਕਾਰ ਹੋ ਕੇ ਦਿਤਾ ਆਪਣਾ ਅਮਿਉਂ ਰਸ, ਰਸੀਆ ਰਹਿਬਰ ਹੋ ਕੇ ਸਵਾਂਤੀ ਬੂੰਦ ਆਪ ਟਪਕਾਈਆ । ਗੁਣ ਨਿਧਾਨ ਦੀਨ ਦਿਆਲ ਹੋ ਕੇ ਭਗਤਾਂ ਖੋਲ੍ਹੀ ਅੱਖ, ਪਰਤੱਖ ਹੋ ਕੇ ਮਿਲਿਆ ਸਾਹਿਬ ਗੁਸਾਈਆ । ਸਵਾਮੀ ਅੰਤਰਜਾਮੀ ਨਿਹਕਰਮੀ ਹੋ ਕੇ ਸਿਰ ਰੱਖਿਆ ਹੱਥ, ਨਾਮ ਬਾਣੀ ਧੁਰ ਦੀ ਕਰੇ ਪੜ੍ਹਾਈਆ । ਕੂੜੀ ਕਿਰਿਆ ਜਗਤ ਵਾਸਨਾ ਵਿਚੋਂ ਕਰ ਕੇ ਵੱਖ, ਸਚ ਸੰਦੇਸ਼ਾ ਨਰ ਨਰੇਸ਼ਾ ਦਿਤਾ ਸੁਣਾਈਆ । ਪੂਰਬ ਜਨਮ ਦਾ ਲਹਿਣਾ ਦੇਣਾ ਝੋਲੀ ਪਾ ਕੇ ਹੱਕ, ਹਕੀਕਤ ਲਾਸ਼ਰੀਕ ਆਪਣੀ ਦਿਤੀ ਸਮਝਾਈਆ । ਮੰਜ਼ਲ ਪੌੜੇ ਚੜ੍ਹ ਕੇ ਆਪ ਨੱਸ, ਨਸੀਬ ਦੀ ਨਿਸਬਤ ਛੱਡ, ਤਕਦੀਰ ਤਦਬੀਰ ਨਾਲ ਦ੍ਰਿੜਾਈਆ । ਤੂੰ ਮੇਰਾ ਮੈਂ ਤੇਰਾ ਨਾਮ ਜੈਕਾਰਾ ਬੋਲ ਅਲੱਖ, ਅਲਖ ਅਗੋਚਰ ਬੋਧ ਅਗਾਧ ਕਰੀ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਾਮ ਭੰਡਾਰਾ ਦੇ ਕੇ ਸਚ, ਸਤਿ ਅੰਦਰ ਦਿਤਾ ਟਿਕਾਈਆ । ਸਤਿ ਕਹੇ ਪ੍ਰਭ ਤੇਰਾ ਨਾਮ ਸਦਾ ਸਤਿ, ਸਤਿਜੁਗ ਸਤਿ ਸਤਿ ਦਏ ਵਡਿਆਈਆ । ਸਾਚੀ ਦੇ ਕੇ ਬ੍ਰਹਮ ਮਤ, ਬ੍ਰਹਮ ਵਿਦਿਆ ਦਏ ਸਮਝਾਈਆ । ਪਰਮੇਸ਼ਵਰ ਹੋ ਕੇ ਪਾਰਬ੍ਰਹਮ ਭਗਤਾਂ ਰਖੀਂ ਪਤ, ਪਤਿ ਪਤਨੀ ਆਪਣੀ ਧਾਰ ਚਲਾਈਆ । ਸਿਦਕ ਭਰੋਸਾ ਦੇਵੀਂ ਚਰਨ ਕਵਲ ਹੱਠ, ਜਪ ਤਪ ਆਪਣਾ ਆਪ ਜਣਾਈਆ । ਝਗੜਾ ਮੁਕਾ ਕੇ ਗਹਿਰ ਗੰਭੀਰ ਬੇਨਜ਼ੀਰ ਅੱਠ ਸੱਠ, ਸਚ ਸਰੋਵਰ ਅੰਮ੍ਰਿਤ ਦਈਂ ਨੁਹਾਈਆ । ਸਚ ਦਵਾਰ ਏਕੰਕਾਰ ਨਿਰਗੁਣ ਧਾਰ ਖੋਲ੍ਹ ਕੇ ਹੱਟ, ਭਗਤ ਵਣਜਾਰਾ ਵਿਚ ਸੰਸਾਰਾ ਆਪਣਾ ਲੈ ਬਣਾਈਆ । ਆਦਿ ਜੁਗਾਦੀ ਵਸਣਹਾਰਾ ਘਟ, ਘਟ ਭੀਤਰ

੨੯੫

ਹੋ ਕੇ ਗ੍ਰਿਹਿ ਮੰਦਰ ਅੰਦਰ ਭਗਤਾਂ ਕਰੀਂ ਰੁਸ਼ਨਾਈਆ । ਤੇਰਾ ਨਾਮ ਨਿਧਾਨ ਹਰਿ ਸੰਤ ਸੁਜਾਨ ਲੈਣ ਰੱਟ, ਰੱਟਾ ਝਗੜਾ ਦੀਨ ਦੁਨੀ ਮੁਕਾਈਆ । ਸ਼ਬਦ ਅਗੰਮੀ ਸਚ ਦਵਾਰੇ ਲਾਵੀਂ ਸੱਟ, ਸੋਈ ਸੁਰਤੀ ਆਪ ਉਠਾਈਆ । ਕੂੜੀ ਕਿਰਿਆ ਭੇਖੀ ਦੇਵੀਂ ਕੱਟ, ਕਟਾਖਸ਼ ਆਪਣਾ ਇਕ ਜਣਾਈਆ । ਜਗਤ ਸੰਸਾਰੀ ਖੇਲ ਖਲਾਵੀਂ ਬਾਜ਼ੀਗਰ ਨਟੂਆ ਨਟ, ਸਵਾਂਗੀ ਹੋ ਕੇ ਆਪਣਾ ਸਵਾਂਗ ਵਰਤਾਈਆ । ਕਲਜੁਗ ਅੰਤ ਸ੍ਰੀ ਭਗਵੰਤ ਨਿਰਗੁਣ ਧਾਰ ਹੋ ਪਰਗਟ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਵਰਤਾਈਆ । ਜਨ ਭਗਤ ਸੁਹੇਲੇ ਗੁਰੂ ਗੁਰ ਚੇਲੇ ਨਿਰਗੁਣ ਧਾਰ ਕਰ ਇਕੱਠ, ਪੜਦਾ ਉਹਲਾ ਕਾਇਆ ਚੋਲਾ ਦੇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦਵਾਰੇ ਜਾਣਾ ਵਸ, ਵਾਸਤਾ ਭਗਤਾਂ ਨਾਲ ਰਖਾਈਆ । ਸਤਿ ਕਹੇ ਪ੍ਰਭ ਤੇਰੇ ਭਗਤਾਂ ਇਕੋ ਨਾਮ, ਨਰ ਨਿਰੰਕਾਰਾ ਨਜ਼ਰੀ ਆਈਆ । ਜਿਸ ਦਵਾਰਿਉਂ ਮਿਲੇ ਹਕੀਕੀ ਜਾਮ, ਜਮਾਂ ਦਾ ਝਗੜਾ ਦਏ ਮੁਕਾਈਆ । ਸੰਸਾ ਰੋਗ ਮਿਟੇ ਤਮਾਮ, ਤਮਅ ਤ੍ਰਿਸ਼ਨਾ ਨਾ ਕੋਇ ਹਲਕਾਈਆ । ਮਾਇਆ ਮਮਤਾ ਮੋਹ ਚੁੱਕੇ ਮਾਟੀ ਚਾਮ, ਚੰਮ ਦ੍ਰਿਸ਼ਟੀ ਦਏ ਬਦਲਾਈਆ । ਭਾਗ ਲਗਾਏ ਕਾਇਆ ਨਗਰ ਗਰਾਮ, ਖੇੜਾ ਇਕੋ ਦਏ ਵਸਾਈਆ । ਜਿਥੇ ਵਸੇ ਧੁਰ ਦਾ ਰਾਮ, ਰਹਿਮਤ ਦਾ ਮਾਲਕ ਬੇਪਰਵਾਹੀਆ । ਨਾਮ ਸੰਦੇਸ਼ਾ ਦੇਵੇ ਪੈਗ਼ਾਮ, ਪਰਾ ਪਸੰਤੀ ਮਧਮ ਬੈਖਰੀ ਤੋਂ ਪਰੇ ਕਰੇ ਪੜ੍ਹਾਈਆ । ਮਨ ਵਾਸਨਾ ਕੋਈ ਲਾ ਨਾ ਸਕੇ ਇਲਜਾਮ, ਲਾਅਨਤ ਕੂੜ ਨਾ ਕੋਇ ਜਣਾਈਆ । ਸੁਰਤੀ ਸ਼ਬਦ ਕਰੇ ਗ਼ੁਲਾਮ, ਜ਼ੰਜੀਰੀ ਪ੍ਰੇਮ ਪ੍ਰੀਤੀ ਪਾਈਆ । ਦੀਨ ਦੁਨੀ ਕਰ ਨਾ ਸਕੇ ਕੋਇ ਬਦਨਾਮ, ਬਦੀ ਦਾ ਲੇਖਾ ਸਾਚਾ ਨਾਮ ਦਏ ਵਰਤਾਈਆ । ਆਦਿ ਜੁਗਾਦਿ ਜੁਗ ਚੌਕੜੀ ਕਰੇ ਖੇਲ ਸ੍ਰੀ ਭਗਵਾਨ, ਭਗਤਾਂ ਮੀਤਾ ਠਾਂਡਾ ਸੀਤਾ ਆਪਣਾ ਰੰਗ
੨੯੬ ਰੰਗਾਈਆ । ਸਤਿ ਧਰਮ ਚੜ੍ਹਾਏ ਇਕ ਨਿਸ਼ਾਨ, ਨਿਸ਼ਾਨੇ ਨਿਸ਼ਾਵਰ ਕਰ ਕੇ ਸਾਰੇ ਦਏ ਵਖਾਈਆ । ਜਿਸ ਦਾ ਖੇਲ ਸਮਝ ਸਕੇ ਨਾ ਕੋਇ ਇਨਸਾਨ, ਬੁਧੀ ੨੯੬
ਤੋਂ ਪਰੇ ਨਰ ਹਰੇ ਨਿਰਵੈਰ ਆਪਣੀ ਕਾਰ ਕਮਾਈਆ । ਜਨ ਭਗਤਾਂ ਸੰਤਾਂ ਦੇ ਕੇ ਇਕ ਗਿਆਨ, ਦ੍ਰਿਸ਼ਟੀ ਵਿਚ ਦਿਸ਼ਾ ਆਪਣੀ ਦਏ ਸਮਝਾਈਆ । ਜਿਥੇ ਸੁਣੇ ਧੁਰ ਫ਼ਰਮਾਨ, ਦਮਾਂ ਦਮਾਂ ਦੀ ਲੋੜ ਰਹੇ ਨਾ ਰਾਈਆ । ਜ਼ਾਮਨ ਹੋ ਜਾਏ ਇਕੋ ਕਾਹਨ, ਕਾਮਨਾ ਪੂਰੀ ਦਏ ਕਰਾਈਆ । ਨਜ਼ਰੀ ਆਵੇ ਇਕ ਇਮਾਮ, ਅਮਲਾਂ ਤੋਂ ਰਹਿਤ ਬੇਪਰਵਾਹੀਆ । ਸਤਿਗੁਰ ਸਾਚਾ ਦਿਸੇ ਨਿਗਾਹਬਾਨ, ਬਿਨ ਅੱਖਾਂ ਵੇਖ ਵਖਾਈਆ । ਜੋ ਵਸੇ ਸਚਖੰਡ ਸਾਚੇ ਮਕਾਨ, ਹਕੀਕਤ ਦਾ ਮਾਲਕ ਨਜ਼ਰੀ ਆਈਆ । ਜਿਸ ਨੂੰ ਸਜਦੇ ਕਰਨ ਤਮਾਮ, ਗੁਰ ਅਵਤਾਰ ਪੈਗ਼ੰਬਰ ਬੰਦਨਾ ਵਿਚ ਸੀਸ ਝੁਕਾਈਆ । ਸੋ ਸਵਾਮੀ ਖੇਲ ਕਰੇ ਮਹਾਨ, ਮਹਿੰਮਾ ਅਕਥ ਕਥ ਦ੍ਰਿੜਾਈਆ । ਕਲਜੁਗ ਅੰਤ ਪਰਗਟ ਹੋ ਵਿਚ ਜਹਾਨ, ਜਗਤ ਜਹਾਲਤ ਕੂੜੀ ਦੇ ਕਢਾਈਆ । ਚਾਰ ਵਰਨ ਅਠਾਰਾਂ ਬਰਨ ਇਕੋ ਦੱਸ ਕੇ ਸਾਂਝਾ ਨਾਮ, ਨਾਮ ਨਾਮਾ ਦਏ ਦ੍ਰਿੜਾਈਆ । ਜਿਸ ਤੋਂ ਵੱਖ ਨਹੀਂ ਮਿਹਰਵਾਨ, ਮਹਿਬੂਬ ਮੁਹੱਬਤ ਵਿਚ ਸਮਾਈਆ । ਜਿਸ ਨੂੰ ਝੁਕਦੇ ਜਿਮੀਂ ਅਸਮਾਨ, ਦੋ ਜਹਾਨ ਲਾਗਣ ਪਾਈਆ । ਸੋ ਪੁਰਖ ਨਿਰੰਜਣ ਹੰ ਬ੍ਰਹਮ ਮੇਲੇ ਆਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚੇ ਜੁਗ ਦੀ ਸਚ ਜੈਕਾਰ, ਜੈ ਜੈ ਵਿਚ ਆਪਣੀ ਧਾਰ ਰਖਾਈਆ ।

## ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਿਹ ਪਿੰਡ ਭਲਾਈਪੁਰ ਜ਼ਿਲਾ ਅੰਮ੍ਰਿਤਸਰ

ਸਤਿ ਕਹੇ ਪ੍ਰਭ ਤੇਰਾ ਨਾਮ ਸ਼ਬਦ ਗੋਬਿੰਦ, ਗੁਣਵੰਤ ਗੁਣ ਨਿਧਾਨ ਨਜ਼ਰੀ ਆਈਆ । ਜਿਸ ਜੀ ਭਗਤ ਸੁਹੇਲੇ ਸੱਜਣ ਸਾਚੀ ਬਿੰਦ, ਆਦਿ ਜੁਗਾਦੀ ਸਤਿ ਅਖਵਾਈਆ । ਜਿਸ ਨੂੰ ਝੁਕਦੇ ਵਿਸ਼ਨ ਬ੍ਰਹਮਾ ਸ਼ਿਵ ਸੁਰਪਤ ਇੰਦ, ਇੰਦਰਾਸਣ ਸਿੰਘਾਸਣ ਸੀਸ ਨਾ ਕੋਇ ਉਠਾਈਆ । ਦੀਨ ਦਿਆਲ ਸਦਾ ਹੋਵੇ ਬਖ਼ਸ਼ਿੰਦ, ਬਖ਼ਸ਼ਿਸ਼ ਵਿਚ ਰੱਖਿਆ ਕਰੇ ਥਾਉਂ ਥਾਈਂਆ । ਮਨ ਵਾਸਨਾ ਕੂੜੀ ਕਿਰਿਆ ਸਗਲੀ ਮੇਟੇ ਚਿੰਦ, ਅੰਤਰ ਆਤਮ ਸਾਂਤਕ ਸਤਿ ਦਏ ਕਰਾਈਆ । ਭਾਗ ਲਗਾਏ ਕਾਇਆ ਮਾਟੀ ਜੀਉ ਪਿੰਡ, ਸਾਢੇ ਤਿੰਨ ਹੱਥ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਸਾਚਾ ਵਰ, ਸ਼ਬਦੀ ਧਾਰ ਹੋ ਕੇ ਸਿੰਘ, ਭੈ ਭਉ ਦੇਣਾ ਦ੍ਰਿੜਾਈਆ । ਸਤਿ ਕਹੇ ਤੇਰੇ ਨਾਮ ਦਾ ਆਦਿ ਜੁਗਾਦੀ ਇਕ ਸਹਾਰਾ, ਸਾਹਿਬ ਸੁਲਤਾਨ ਨਜ਼ਰੀ ਆਈਆ । ਕਲਜੁਗ ਵੇਖ ਅੰਤ ਕਿਨਾਰਾ, ਨਈਆ ਡੋਲੇ ਥਾਉਂ ਥਾਈਆ । ਇਕੋ ਮਿਲੇ ਨਾ ਮੀਤ ਮੁਰਾਰਾ, ਸੱਜਣ ਸੈਣ ਨਾ ਕੋਇ ਅਖਵਾਈਆ । ਝਗੜਾ ਪਿਆ ਵਰਨ ਚਾਰਾ, ਚਾਰ ਕੁੰਟ ਕਰੇ ਲੜਾਈਆ । ਤੇਰਾ ਨਾਮ ਨਾ ਕਿਸੇ ਪਿਆਰਾ, ਪ੍ਰੀਤਮ ਪ੍ਰੇਮ ਨਾ ਕੋਇ ਵਧਾਈਆ । ਸ੍ਰਿਸ਼ਟ ਸਬਾਈ ਧੁੰਦੂਕਾਰਾ, ਗਿਆਨ ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਚਾਰੇ ਦਿਸ਼ਾ ਰੋਵੇ ਜ਼ਾਰੋ ਜ਼ਾਰਾ, ਉੱਤਰ ਪੂਰਬ ਪੱਛਮ ਦੱਖਣ ਨੈਣਾਂ ਨੀਰ ਵਹਾਈਆ । ਸਾਚੀ ਰੁੱਤ ਮੌਲੇ ਕੋਈ ਨਾ ਬਹਾਰਾ, ਖ਼ਿਜ਼ਾਂ ਪੱਤਝੜ ਆਪਣਾ ਰੰਗ ਬਦਲਾਈਆ । ਮਨ ਵਾਸਨਾ ਕਲਜੁਗ ਜੀਵ ਹੋਇਆ ਗਵਾਰਾ, ਗਹਿਰ ਗੰਭੀਰ ਤੇਰੀ ਸਾਰ ਕਿਸੇ ਨਾ ਪਾਈਆ । ਤੂੰ ਹਰ ਘਟ ਵਸਣਹਾਰਾ ਨਿਰੰਕਾਰਾ, ਨਿਰਗੁਣ ਹੋ ਕੇ ਡੇਰਾ ਲਾਈਆ । ਸਾਚੇ ਭਗਤਾਂ ਖੋਲ੍ਹ ਬੰਦ ਕਿਵਾੜਾ, ਕਾਇਆ ਕਾਅਬਾ ਦੇ ਵਖਾਈਆ । ਜਿਥੇ ਤੇਰਾ ਨੂਰ ਹੋਵੇ ਉਜਿਆਰਾ, ਜੋਤੀ ਜੋਤ ਡਗਮਗਾਈਆ । ਵਿਸ਼ਨ ਬ੍ਰਹਮਾ ਸ਼ਿਵ ਹੋਵੇ ਪਨਿਹਾਰਾ, ਕਰੋੜ ਤੇਤੀਸਾ ਝੋਲੀ ਡਾਹੀਆ । ਗੁਰ ਅਵਤਾਰ ਪੈਗ਼ੰਬਰ ਦਿਸੇ ਸੇਵਾਦਾਰਾ, ਯਾਚਕ ਹੋ ਕੇ ਤੇਰੀ ਸੇਵ ਕਮਾਈਆ । ਤੂੰ ਸਭ ਤੋਂ ਵਸੇਂ ਨਿਆਰਾ, ਸਚਖੰਡ ਦਵਾਰੇ ਸੋਭਾ ਪਾਈਆ । ਤੇਰਾ ਸ਼ਬਦ ਗੁਰੂ ਆਦਿ ਜੁਗਾਦੀ ਇਕੋ ਨਜ਼ਰੀ ਆਏ ਅਵਤਾਰਾ, ਦੂਜਾ ਸਤਿਗੁਰੂ ਵੇਸ ਨਾ ਕੋਇ ਵਟਾਈਆ । ਤੂੰ ਬੇਅੰਤ ਬੇਪਰਵਾਹ ਪਰਵਰਦਿਗਾਰਾ, ਪਤਿਪਰਮੇਸ਼ਵਰ ਤੇਰੀ ਇਕ ਸਰਨਾਈਆ । ਸਤਿ ਧਰਮ ਦਾ ਸੁਣ ਕੇ ਤੇਰਾ ਸਚ ਜੈਕਾਰਾ, ਦਰਗਾਹ ਸਾਚੀ ਵੱਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਬਖ਼ਸ਼ ਚਰਨ ਪਿਆਰਾ, ਵਸਤ ਇਕੋ ਮੰਗ ਮੰਗਾਈਆ । ਸਤਿ ਕਹੇ ਪ੍ਰਭ ਤੇਰੇ ਨਾਮ ਦਾ ਅਗੰਮਾ ਰਸ, ਰਸਤੇ ਭਗਤਾਂ ਮਾਰਗ ਲਾਈਆ । ਮਨੂਆ ਹੋਵੇ ਵਸ, ਦਹਿ ਦਿਸ਼ਾ ਨਾ ਉਠ ਉਠ ਧਾਈਆ । ਨਿਰਗੁਣ ਤੇਰੀ ਖੁਲ੍ਹੇ ਅੱਖ, ਨਿਜ ਲੋਚਨ ਹੋਏ ਰੁਸ਼ਨਾਈਆ । ਰਸਨਾ ਗਾਏ ਜਸ, ਤੂੰਹੀ ਤੂੰ ਰਾਗ ਅਲਾਈਆ । ਵਸਤ ਅਮੋਲਕ ਆਵੇ ਹੱਥ, ਭੰਡਾਰਾ ਤੇਰਾ ਬੇਪਰਵਾਹੀਆ । ਕਾਇਆ ਖੇੜਾ ਨਾ ਹੋਵੇ ਭੱਠ, ਚੁਰਾਸੀ ਗੇੜਾ ਨਾ ਕੋਇ ਭਵਾਈਆ । ਭਾਗ ਲੱਗੇ ਤਤ ਅੱਠ, ਤਾਰ ਸਿਤਾਰ ਅੰਦਰੋਂ ਦੇ ਹਿਲਾਈਆ । ਤੇਰੇ ਨਾਮ ਦਾ ਢੋਲਾ ਸਾਰੇ ਇਕੋ ਲੈਣ ਰੱਟ, ਆਤਮ ਪਰਮਾਤਮ ਮਿਲ ਕੇ ਖ਼ੁਸ਼ੀ ਮਨਾਈਆ । ਪਾਰਬ੍ਰਹਮ ਬ੍ਰਹਮ ਰਹੇ ਕਦੇ ਨਾ ਅੱਡ, ਵੱਖਰਾ ਘਰ ਨਾ ਕੋਇ ਵਸਾਈਆ । ਕੂੜੀ ਕਿਰਿਆ ਕਲਜੁਗ ਵਿਚੋਂ ਕੱਢ, ਕਾਮਨਾ ਕਾਮ ਨਾ ਕੋਇ ਸਤਾਈਆ । ਪਵਿੱਤਰ ਕਰ ਹੱਡ ਹੱਡ, ਮਾਸ ਨਾੜੀ ਅੰਦਰ ਕਰ ਸਫ਼ਾਈਆ । ਤੇਰੇ ਭਗਤਾਂ ਦੀ ਚਲੇ ਤੇਰੀ ਯਦ, ਵਿਸ਼ਨੂੰ ਡੰਕਾ ਦੇਣਾ ਵਜਾਈਆ । ਬਿਨਾ ਮੱਕੇ ਕਾਅਬਿਉਂ ਕਰਾਉਣਾ ਹੱਜ, ਹਜ਼ਰਤ ਹੋ ਕੇ ਨਜ਼ਰੀ ਆਈਆ । ਤੇਰੀ ਭਗਤਾਂ ਦੇ ਅੰਦਰ ਸੱਚੀ ਹਦ, ਬਾਹਰੋਂ ਵੰਡ ਨਾ ਕੋਇ ਵੰਡਾਈਆ । ਸਰਬ ਕਲਾ ਸਮਰਥ, ਪ੍ਰਭ ਤੇਰੀ ਬੇਪਰਵਾਹੀਆ । ਸਚ ਪ੍ਰੀਤੀ ਬਖ਼ਸ਼ੀਂ ਵਿਚ ਜਗ, ਜਗ ਜੀਵਣ ਦਾਤੇ ਤੇਰੀ ਵਡ ਵਡਿਆਈਆ । ਜਗਤ ਤ੍ਰਿਸ਼ਨਾ ਬੁਝੇ ਅੱਗ, ਅਗਨੀ ਮੋਹ


੨੯੭

ਨਾ ਕੋਇ ਤਪਾਈਆ । ਸਚ ਦਵਾਰੇ ਜਾਵਣ ਸੱਜ, ਗੁਰਮੁਖ ਗੁਰ ਗੁਰ ਖ਼ੁਸ਼ੀ ਮਨਾਈਆ । ਤੇਰੇ ਨਾਮ ਦਾ ਗਾ ਕੇ ਛੰਦ, ਸੋਹੰ ਧੁਰ ਦਾ ਰਾਗ ਅਲਾਈਆ । ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਨਿਹਕਲੰਕ ਨਰਾਇਣ ਨਰ, ਤੇਰਾ ਨਾਮ ਤੇਰੀ ਸਿਫ਼ਤ ਸਾਲਾਹੀਆ ।

### ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਹਰਭਜਨ ਸਿੰਘ ਦੇ ਗ੍ਰਿਹ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ

ਸਤਿ ਕਹੇ ਪ੍ਰਭ ਤੇਰੇ ਨਾਮ ਦਾ ਅਗੰਮਾ ਰਸ ਸੌਗ਼ਾਤ, ਰਸਨਾ ਜੇਹਵਾ ਬੱਤੀ ਦੰਦ ਜਗਤ ਵਿਚ ਨਾ ਕੋਇ ਵਡਿਆਈਆ । ਕਰ ਕਿਰਪਾ ਦਿਤੀ ਅਮੋਲਕ ਦਾਤ, ਵਸਤ ਆਪਣੀ ਆਪ ਵਰਤਾਈਆ । ਸਤਿ ਸਚ ਉਪਜੇ ਇਕ ਨਾਦ, ਅਨਾਦੀ ਧੁਨ ਸ਼ਨਵਾਈਆ । ਸੰਦੇਸ਼ਾ ਦੇਵੇ ਬ੍ਰਹਮ ਬ੍ਰਹਿਮਾਦ, ਕਰੇ ਸਚ ਸੁਣਾਈਆ । ਕੂੜੀ ਕਿਰਿਆ ਮੇਟੇ ਵਾਦ ਵਿਵਾਦ, ਵਿਖ ਅੰਮ੍ਰਿਤ ਦਏ ਬਣਾਈਆ । ਨਿਰਗੁਣ ਧਾਰ ਖੋਲ੍ਹੇ ਰਾਜ਼, ਮਾਇਆ ਮਮਤਾ ਮੋਹ ਪੜਦਾ ਉਠਾਈਆ । ਸਤਿ ਧਰਮ ਦਾ ਦਿਸੇ ਰਿਵਾਜ, ਸਮਾਜ ਇਕੋ ਇਕ ਜਣਾਈਆ । ਸੋਈ ਸੁਰਤੀ ਖੋਲ੍ਹੇ ਜਾਗ, ਨੇਤਰ ਅੱਖ ਖੁਲ੍ਹਾਈਆ । ਉਪਜੇ ਮਨ ਵੈਰਾਗ, ਅੰਦਰ ਵੈਰੀ ਮੁਖ ਛੁਪਾਈਆ । ਹੰਸ ਹੋਏ ਕਾਗ, ਬੁਧੀ ਕਾਗ ਨਾ ਕੋਇ ਕੁਰਲਾਈਆ । ਮਾਇਆ ਮਮਤਾ ਕਰੇ ਤਿਆਗ, ਧਿਆਨ ਇਕੋ ਵਿਚ ਲਗਾਈਆ । ਗੁਰਮੁਖ ਸੱਜਣ ਬਣ ਜਾਏ ਸਾਧ, ਸਿੱਧਾ ਤੇਰਾ ਰਾਹ ਤਕਾਈਆ । ਤੇਰਾ ਨਾਮ ਬੋਧ ਅਗਾਧ, ਕਰੇ ਸਚ ਪੜ੍ਹਾਈਆ । ਪੂਰਬ ਲੇਖਾ ਆਵੇ ਯਾਦ, ਪਿਛਲਾ ਦੇਣਾ ਝੋਲੀ ਪਾਈਆ । ਸਾਚਾ ਖੇੜਾ ਕਰ ਆਬਾਦ, ਦੀਪਕ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੋਣਾ ਸਹਾਈ ਜੁਗਾਦਿ ਆਦਿ, ਆਦਿ ਅੰਤ ਅੰਤਸ਼ਕਰਨ ਸਭ ਦਾ ਵੇਖ ਵਖਾਈਆ । ਸਤਿ ਕਹੇ ਪ੍ਰਭ ਤੇਰੇ ਨਾਮ ਦੀ ਸੱਚੀ ਸਾਂਝ, ਆਤਮ ਪਰਮਾਤਮ ਨਜ਼ਰੀ ਆਈਆ । ਸੁਰਤੀ ਰਹੇ ਨਾ ਕੋਈ ਬਾਂਝ, ਜੋ ਤੇਰੀ ਓਟ ਤਕਾਈਆ । ਭਰਮਾਂ ਰਹੇ ਨਾ ਕੋਈ ਕੰਧ, ਕੰਚਨ ਗੜ੍ਹ ਮਿਲੇ ਵਡਿਆਈਆ । ਤੇਰਾ ਨੂਰ ਚਮਕੇ ਚੰਦ, ਅੰਧ ਅੰਧੇਰ ਛੁਪਾਈਆ । ਸੋਹਣਾ ਉਪਜੇ ਛੰਦ, ਮੇਰਾ ਤੇਰਾ ਢੋਲਾ ਗਾਈਆ । ਮਿਲੇ ਅਗੰਮੀ ਅਨੰਦ, ਰਸਨਾ ਨਾ ਸਕੇ ਸਮਝਾਈਆ । ਤ੍ਰਿਸ਼ਨਾ ਚੁਕੇ ਚਿੰਦ, ਗਹਿਰ ਗੰਭੀਰ ਦਇਆ ਕਮਾਈਆ । ਬਖ਼ਸ਼ੇ ਪਰਮਾਨੰਦ, ਨਿਜਾਨੰਦ ਹੋਵੇ ਰਸਾਈਆ । ਝਗੜਾ ਚੁੱਕੇ ਜੇਰਜ ਅੰਡ, ਉਤਭੁਜ ਸੇਤਜ ਨਾ ਕੋਇ ਭਵਾਈਆ । ਖ਼ੁਸ਼ੀ ਹੋਵੇ ਬੰਦ ਬੰਦ, ਬੰਦਗੀ ਇਕੋ ਦੇ ਸਮਝਾਈਆ । ਮਨੂਆ ਕਦੇ ਕਰੇ ਨਾ ਰੰਜ, ਗ਼ਮ ਚਿੰਤਾ ਨਾ ਕੋਇ ਸਤਾਈਆ । ਤੇਰੇ ਕੋਲ ਆਦਿ ਜੁਗਾਦੀ ਸੱਚਾ ਢੰਗ, ਤਰੀਕੇ ਨਾਲ ਦਏਂ ਵਡਿਆਈਆ । ਤੇਰਾ ਵੇਸ ਅਨੇਕ ਵੇਖਿਆ ਬਹੁਰੰਗ, ਜੁਗ ਚੌਕੜੀ ਫੇਰਾ ਪਾਈਆ । ਦਵਾਰੇ ਤੇਰੇ ਮੰਗਾਂ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਤੂੰ ਸਾਹਿਬ ਸੂਰਾ ਸਰਬੰਗ, ਦੇਵਣਹਾਰ ਅਖਵਾਈਆ । ਸਤਿ ਕਹੇ ਮੇਰੀ ਆਸਾ ਮਨਸਾ ਪੂਰੀ ਕਰ ਮੰਗ, ਪਾਰਬ੍ਰਹਮ ਪਤਿਪਰਮੇਸ਼ਵਰ ਬਿਨ ਤੇਰੇ ਮਨਸਾ ਪੂਰ ਨਾ ਕੋਇ ਕਰਾਈਆ । ਤੂੰ ਆਪਣੇ ਨਾਮ ਦਾ ਆਪ ਦੱਸਿਆ ਛੰਦ, ਗੁਰ ਅਵਤਾਰਾਂ ਪੈਗ਼ੰਬਰਾਂ ਵਾਲੀ ਨਾ ਕੋਇ ਪੜ੍ਹਾਈਆ । ਦਾਤੇ ਦਾਨੀ ਸੂਰੇ ਸਰਬੰਗ, ਸਰਬ ਕਲਾ ਸਮਰਥ ਤੇਰੇ ਹੱਥ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਤੇਰੇ ਨਾਮ ਦਾ ਇਕ ਤਰੰਗ, ਤੁਰਤ ਅਕਾਲ ਮੂਰਤ ਤੇਰੇ ਨਾਲ ਮਿਲਾਈਆ ।


੨੯੮

### ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਮਹਿੰਦਰ ਸਿੰਘ ਦੇ ਗ੍ਰਹਿ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ

ਸਤਿ ਧਰਮ ਕਹੇ ਪ੍ਰਭ ਤੇਰਾ ਸ਼ਬਦ ਦੋ ਜਹਾਨਾਂ ਦਿਸੇ ਰਾਠ, ਹੁਕਮਰਾਨ ਇਕ ਅਖਵਾਈਆ । ਜਿਸ ਦੀ ਦੋ ਜਹਾਨ ਸ੍ਰੀ ਭਗਵਾਨ ਮੰਨਣ ਬਾਤ, ਦਾਤਾਰ ਮਾਲਕ ਨਜ਼ਰੀ ਆਈਆ । ਦੂਜੀ ਰਹੇ ਨਾ ਕਿਸੇ ਠਾਠ, ਠੌਰ ਪਏ ਕੋਇ ਨਾ ਥਾਈਂਆ । ਜੋਧਾ ਸੂਰਬੀਰ ਹੋਵੇ ਸਮਰਾਠ, ਸਭਨਾ ਲੇਖਾ ਦਏ ਮੁਕਾਈਆ । ਮਿਹਰਵਾਨ ਹੋਵੇ ਆਨਵਾਟ, (ਅਲਪ) ਬੁਧੀ ਪਾਰ ਕਰਾਈਆ । ਦੀਨਾਂ ਨਾਥ ਦਇਆ ਕਰੇ ਕਰਵਾਠ, ਕੂੜੀ ਕਿਰਿਆ ਕੂੜ ਕੁਟੰਬ ਖਪਾਈਆ । ਲੇਖਾ ਜਾਣੇ ਲੱਖ ਚੁਰਾਸੀ ਜੀਵ ਜੰਤ ਨਿਰਲਾਠ, ਨਾਰੀ ਨਰ ਵੇਖ ਵਖਾਈਆ । ਕਲਜੁਗ ਅੰਤ ਸਭ ਦਾ ਅੰਤ ਅੰਤਰ ਵੇਖੇ ਕੁਰਲਾਹਠ, ਕੁਲਘਾਤੀ ਖੋਜ ਖੁਜਾਈਆ । ਗੋਬਿੰਦ ਅੰਕ ਸਮਝਾਵੇ ਉਨਾਹਠ, ਪੰਜ ਨੌਂ ਭੇਵ ਖੁਲ੍ਹਾਈਆ । ਪੜਦਾ ਚੁਕਾਵੇ ਸਾਖੀ ਬਾਹਠ, ਬਹਿਸ਼ਤ ਦੋਜ਼ਖ਼ ਦੋਵੇਂ ਪੰਧ ਮੁਕਾਈਆ । ਹੁਕਮ ਸੁਣਾਏ ਅਠਾਹਠ, ਅੱਠ ਸੱਠ ਲੇਖਾ ਰਹੇ ਨਾ ਰਾਈਆ । ਨਾਮ ਧਰਮ ਚਲਾਏ ਰਾਹਟ, ਹਲਟ ਇਕੋ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸਤਿ ਧਰਮ ਕਹੇ ਪ੍ਰਭ ਤੇਰਾ ਨਾਮ ਲੱਗੇ ਚੰਗਾ, ਚੰਗਿਆਈਆਂ ਬੁਰਿਆਈਆਂ ਵਿਚੋਂ ਪਰਗਟਾਈਆ । ਸਦਾ ਸੁਹੇਲਾ ਬਣੇ ਸੰਗਾ, ਸਧਨਾ ਸੈਣ ਤਰਾਈਆ । ਪਿਆਰ ਦੇ ਅਣਮੰਗਾ, ਪ੍ਰੀਤੀ ਝੋਲੀ ਪਾਈਆ । ਖੇਲ ਕਰੇ ਬਹੁਰੰਗਾ, ਅਨਭਵ ਪਰਕਾਸ਼ ਵਖਾਈਆ । ਸਚ ਵਜਾਏ ਮਰਦੰਗਾ, ਤਲਵਾੜਾ ਇਕ ਸ਼ਨਵਾਈਆ । ਦੇਵੇ ਅਗੰਮ ਅਨੰਦਾ, ਨਿਜਾਨੰਦ ਰਮਾਈਆ । ਭਾਗ ਰਹੇ ਨਾ ਮੰਦਾ, ਕੂੜ ਵਾਸਨਾ ਬਾਹਰ ਕਢਾਈਆ । ਨਹਾਉਣਾ ਪਏ ਨਾ ਕਿਸੇ ਗੰਗਾ, ਚਰਨ ਸਰੋਵਰ ਇਸ਼ਨਾਨ ਕਰਾਈਆ । ਚੜ੍ਹਨਾ ਪਏ ਨਾ ਕੋਈ ਡੰਡਾ, ਇਕੋ ਡੰਡਾਵਤ ਵਿਚ ਮੰਜ਼ਲ ਪਾਰ ਕਰਾਈਆ । ਲੱਭਣਾ ਪਏ ਕੋਈ ਨਾ ਕੰਢਾ, ਤਟ ਕਿਨਾਰੇ ਲੇਖਾ ਦਏ ਮੁਕਾਈਆ । ਫੇਰਨਾ ਪਏ ਨਾ ਕੋਈ ਖੰਡਾ, ਨਾਮ ਚੰਡ ਪਰਚੰਡ ਆਪ ਚਮਕਾਈਆ । ਪੂਜਣਾ ਪਏ ਨਾ ਕੋਈ ਜੰਡਾ, ਨਿਰਗੁਣ ਨੂਰ ਨਜ਼ਰੀ ਆਈਆ । ਅੰਤਰ ਆਤਮ ਕਰੇ ਠੰਡਾ, ਅਗਨੀ ਅੱਗ ਨਾ ਕੋਇ ਤਪਾਈਆ । ਸਚ ਦਵਾਰ ਜਾਵੇ ਲੰਘਾ, ਅੰਦਰ ਵੜ ਕੇ ਸੋਭਾ ਪਾਈਆ । ਸੇਜ ਸੁਹਾਏ ਪਿਆਰ ਪਲੰਘਾ, ਵਿਛੋੜਾ ਪਲਕ ਨਾ ਕੋਇ ਰਖਾਈਆ । ਨਾਮ ਵਜਾਏ ਹੱਕ ਸੁਰੰਗਾ, ਸੁਰ ਤਾਲ ਦੀ ਲੋੜ ਰਹੇ ਨਾ ਰਾਈਆ । ਮਨੂਆ ਮਨ ਨਾ ਰਹੇ ਨੌਰੰਗਾ, ਗੋਬਿੰਦ ਆਪਣੀ ਖ਼ੁਸ਼ੀ ਪਰਗਟਾਈਆ । ਸਚ ਦਵਾਰੇ ਬਣਾ ਕੇ ਬੰਦਾ, ਬੰਦਗੀ ਇਕੋ ਇਕ ਦ੍ਰਿੜਾਈਆ । ਲੱਖ ਚੁਰਾਸੀ ਰਹੇ ਨਾ ਫੰਦਾ, ਜਮ ਕੀ ਫਾਂਸੀ ਨਾ ਕੋਇ ਸਜ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਲਾਹਵੇ ਹੰ ਬ੍ਰਹਮਾ, ਪਾਰਬ੍ਰਹਮ ਪ੍ਰਭ ਆਪਣਾ ਭੇਵ ਚੁਕਾਈਆ । ਸਤਿ ਕਹੇ ਪ੍ਰਭ ਤੇਰਾ ਨਾਮ ਸਦਾ ਸਮਰਥ, ਸਮੇਂ ਸਮੇਂ ਸੁਹਾਈਆ । ਮਹਿੰਮਾ ਸਦਾ ਅਕਥ, ਰਸਨਾ ਜੇਹਵਾ ਨਾ ਕੋਇ ਵਡਿਆਈਆ । ਹਿਰਦੇ ਅੰਦਰ ਜਾਵੇ ਵਸ, ਵਿਸ਼ਵ ਰੰਗ ਚੜ੍ਹਾਈਆ । ਬੋਲ ਜੈਕਾਰਾ ਅਲੱਖ, ਲਿਖਿਆ ਲੇਖ ਮਿਟਾਈਆ । ਸ੍ਰਿਸ਼ਟੀ ਨਾਲੋਂ ਕਰ ਕੇ ਵੱਖ, ਦ੍ਰਿਸ਼ਟੀ ਪੜਦਾ ਦਏ ਚੁਕਾਈਆ । ਸਾਂਝਾ ਬਣਾ ਕੇ ਜਸ, ਸੋਹੰ ਢੋਲਾ ਦਏ ਪੜ੍ਹਾਈਆ । ਨੇਤਰ ਖੋਲ੍ਹ ਕੇ ਅੱਖ, ਆਖ਼ਰ ਮੰਜ਼ਲ ਇਕ ਵਖਾਈਆ । ਲਜ ਪਤ ਲਏ ਰਖ, ਸਿਰ ਆਪਣਾ ਹੱਥ ਟਿਕਾਈਆ । ਚਰਨ ਕਵਲ ਹਿਰਦੇ ਅੰਦਰ ਲਏ ਢਕ, ਓਢਣ ਆਪਣਾ ਨਾਮ ਦਿਸਾਈਆ । ਜਨ ਭਗਤਾਂ ਅੰਦਰ ਸੱਚਾ ਦੇ ਕੇ ਰਸ, ਰਸੀਆ ਹੋ ਕੇ ਕਰੇ ਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦਾ ਮਾਰਗ ਲਾਵੇ ਸਚ, ਸਚ ਕਰਨੀ ਕਾਰ ਕਮਾਈਆ ।

੨੯੯

## ✪ ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਸ਼ਿੰਗਾਰਾ ਸਿੰਘ ਦੇ ਗ੍ਰਿਹ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਤੇਰਾ ਨਾਮ ਵੱਡਾ ਉਜਲ, ਨਿਰਮਲ ਨਿਰਮਲ ਨਜ਼ਰੀ ਆਈਆ । ਮਨ ਵਾਸਨਾ ਰਹਿਣ ਨਾ ਦੇਵੇ ਕੋਈ ਗੁੰਝਲ, ਕੂੜੀ ਕਿਰਿਆ ਗੜ੍ਹ ਤੁੜਾਈਆ । ਨਿੰਦਿਆ ਵਿਚ ਨਾ ਰਹੇ ਚੁਗ਼ਲ, ਕੂੜ ਕੁੜਿਆਰਾ ਬਾਹਰ ਕਢਾਈਆ । ਮਨ ਵਾਸਨਾ ਰਹੇ ਨਾ ਮੁਗ਼ਲ, ਮੂਰਖ ਮੁਗਧ ਦਏ ਸਮਝਾਈਆ । ਇਸ਼ਾਰੇ ਵਾਲੀ ਝੂਠੀ ਕਰੇ ਕੋਈ ਨਾ ਉਂਗਲ, ਪੰਜਾ ਤੇਰਾ ਨਾਮ ਨਜ਼ਰੀ ਆਈਆ । ਜੇਬਾਂ ਵਾਲਾ ਰਹੇ ਨਾ ਕੁੰਡਲ, ਘੁੰਡੀ ਅਪਰਾਧ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਦੀ ਵਾਸਨਾ ਆਵੇ ਸੁੰਘਣ, ਗੰਦਗੀ ਵਿਚੋਂ ਸੁਗੰਧੀ ਆਪ ਪਰਗਟਾਈਆ । ਸਤਿ ਧਰਮ ਕਹੇ ਪ੍ਰਭ ਤੇਰਾ ਨਾਮ ਸਭ ਦਾ ਸਵਾਮੀ, ਸਮਾਂ ਸਮਾਂ ਸਮਝਾਈਆ । ਤੇਰੀ ਸਿਫ਼ਤ ਦੀ ਗਾਵੇ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਤੇਰੇ ਪ੍ਰੇਮ ਦੀ ਦੱਸੇ ਕਹਾਣੀ, ਗਾ ਗਾ ਖ਼ੁਸ਼ੀ ਮਨਾਈਆ । ਤੇਰੇ ਰਸ ਦਾ ਦੇਵੇ ਅੰਮ੍ਰਿਤ ਪਾਣੀ, ਪੀ ਪੀ ਸ਼ਾਂਤ ਕਰਾਈਆ । ਤੇਰੀ ਜੋਤ ਦਾ ਬਖ਼ਸ਼ੇ ਨੂਰ ਨੁਰਾਨੀ, ਅੰਧ ਅੰਧੇਰ ਮਿਟਾਈਆ । ਤੇਰੀ ਮੰਜ਼ਲ ਦਾ ਦਿਸੇ ਪਦ ਨਿਰਬਾਣੀ, ਨਿਰਬਾਣ ਪਦ ਸਮਝਾਈਆ । ਤੇਰੇ ਗ੍ਰਿਹ ਦਾ ਦੱਸੇ ਸਚ ਮਕਾਨੀ, ਮੁਕਾਮ ਇਕੋ ਸੋਭਾ ਪਾਈਆ । ਜਿਥੇ ਵਸੇ ਨਾ ਕੋਇ ਦੁਰਾਨੀ, ਦੂਈ ਦਵੈਤ ਨਜ਼ਰ ਕੋਇ ਨਾ ਆਈਆ । ਮੰਡਲ ਦਿਸੇ ਨਾ ਕੋਇ ਅਸਮਾਨੀ, ਜਿਸਮਾਨੀ ਧਾਰ ਨਾ ਕੋਇ ਪਰਗਟਾਈਆ । ਸ਼ਰਅ ਕਰੇ ਨਾ ਕੋਇ ਬੇਈਮਾਨੀ, ਬੇਵਾ ਰੂਪ ਬਦਲਾਈਆ । ਤੇਰੀ ਹੋਵੇ ਨਾ ਕੋਇ ਬਦਨਾਮੀ, ਬਦੀਆਂ ਦਾ ਬਦਲਾ ਨਾ ਕੋਇ ਵਖਾਈਆ । ਸਚ ਦਵਾਰੇ ਤੇਰਾ ਜਲਵਾ ਨੂਰ ਨੁਰਾਨੀ, ਜ਼ਹੂਰ ਵਿਚ ਤੇਰੀ
੩੦੦ ਬੇਪਰਵਾਹੀਆ । ਤੂੰ ਕਾਮਲ ਮੁਰਸ਼ਦ ਦੋ ਜਹਾਨੀ, ਮੁਰੀਦਾਂ ਵੇਖ ਖ਼ੁਸ਼ੀ ਮਨਾਈਆ । ਤੇਰੀ ਮੁਹੱਬਤ ਆਖ਼ਰ ਤੋਂ ਆਖ਼ਰ ਮੰਜ਼ਲ ਰੁਹਾਨੀ, ਰੂਹ ਬੁਤ ਵੱਜੇ ਵਧਾਈਆ । ੩੦੦
ਜਿਥੇ ਮਿਲੇ ਕਲਮਾ ਹੱਕ ਪੈਗ਼ਾਮੀ, ਪੈਗ਼ੰਬਰਾਂ ਵਾਲੀ ਪੜ੍ਹਾਈਆ । ਝਗੜਾ ਰਹੇ ਨਾ ਕੋਈ ਦੀਵਾਨੀ, ਦਾਅਵਾ ਪੂਰਬਲੇ ਜਨਮ ਦਾ ਲੇਖੇ ਲਏ ਲਗਾਈਆ । ਏਹੋ ਤੇਰੀ ਵੱਡੀ ਮਿਹਰਵਾਨੀ, ਜੁਗ ਜੁਗ ਭਗਤਾਂ ਪੈਜ ਰਖਾਈਆ । ਕਲਜੁਗ ਅੰਤ ਸ੍ਰੀ ਭਗਵੰਤ, ਮਹਾਰਾਜ ਸ਼ੇਰ ਸਿੰਘ ਦੀ ਦੇ ਕੇ ਨਿਸ਼ਾਨੀ, ਨਸ਼ਿਆਂ ਵਿਸ਼ਿਆਂ ਵਿਚੋਂ ਬਾਹਰ ਦਿਤਾ ਕਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਤੇਰੇ ਕ਼ਦਮਾਂ ਤੋਂ ਕ਼ੁਰਬਾਨੀ, ਜਿਸ ਪਦਮਾਂ ਵਿਚੋਂ ਗੁਰਮੁਖ ਲਏ ਉਠਾਈਆ ।

## ✪ ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਜੀਤ ਸਿੰਘ ਦੇ ਗ੍ਰਿਹ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਤੇਰਾ ਨਾਮ ਅਨਰਸ ਮੀਠ, ਰਸਨਾ ਰਸ ਨਾ ਕੋਇ ਸਮਝਾਈਆ । ਸਦ ਵਸੇ ਧਾਮ ਅਨਡੀਠ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਕਾਇਆ ਚੋਲੀ ਚਾੜ੍ਹੇ ਰੰਗ ਮਜੀਠ, ਦੁਰਮਤ ਮੈਲ ਧਵਾਈਆ । ਮਿੱਠਾ ਕਰੇ ਕੌੜਾ ਰੀਠ, ਵਿਖ ਅੰਮ੍ਰਿਤ ਦਏ ਬਦਲਾਈਆ । ਕਦੇ ਨਾ ਬਦਲੇ ਪੀਠ, ਜਨ ਭਗਤਾਂ ਮੁਖ ਸਾਲਾਹੀਆ । ਜੁਗ ਚੌਕੜੀ ਬਦਲਣ ਵਾਲਾ ਰੀਤ, ਰੀਤਵਾਨ ਇਕ ਹੋ ਜਾਈਆ । ਬਣਾਵਣਹਾਰਾ ਮੰਦਰ ਮਸੀਤ, ਸ਼ਿਵਦਵਾਲੇ ਮੱਠ ਦਏ ਸਮਝਾਈਆ । ਉਪਜਾਵਣਹਾਰਾ ਸਾਚਾ ਗੀਤ, ਨਾਮ ਨਿਧਾਨ ਦ੍ਰਿੜਾਈਆ । ਵਖਾਵਣਹਾਰਾ ਹਸਤ ਕੀਟ, ਉਚਾਂ ਨੀਚਾਂ ਭੇਵ ਖੁਲ੍ਹਾਈਆ । ਧਰਮ ਦਵਾਰੇ ਬੰਨ੍ਹਣਹਾਰਾ ਰੀਤ, ਸੱਜਣ ਬੇਪਰਵਾਹੀਆ । ਸਭ ਦੇ ਵਸਣਹਾਰਾ ਚੀਤ, ਮਨ ਮਨੂਆ ਠਗੌਰੀ ਨਾ ਪਾਈਆ । ਪਰਖਣਹਾਰਾ ਨੀਤ, ਲੱਖ ਚੁਰਾਸੀ ਖੋਜ ਖੁਜਾਈਆ । ਸਰਬ ਨੂੰ ਜਾਏ ਜੀਤ,

ਦਰਬ ਵਿਚ ਨਾ ਕੋਇ ਭਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਨਾਮ ਸਦਾ ਅਤੀਤ, ਤ੍ਰੈਗੁਣ ਵਿਚ ਨਾ ਕੋਇ ਭਰਮਾਈਆ । ਸਤਿ ਧਰਮ ਕਹੇ ਪ੍ਰਭ ਤੇਰਾ ਨਾਮ ਨਿਰਾਲਾ, ਨਿਰਾਕਾਰ ਤੇਰੀ ਸਿਫ਼ਤ ਸਾਲਾਹੀਆ । ਭੇਵ ਖੋਲ੍ਹੇ ਪੁਰਖ ਅਕਾਲਾ, ਅਕਲ ਕਲਧਾਰੀ ਦੇ ਸਮਝਾਈਆ । ਪੜਦਾ ਲਾਹੇ ਦੀਨ ਦਿਆਲਾ, ਦਇਆਨਿਧ ਦੱਸੇ ਤੇਰੀ ਬੇਪਰਵਾਹੀਆ । ਸਚ ਵਖਾਏ ਸੱਚੀ ਧਰਮਸਾਲਾ, ਧਰਮ ਦਵਾਰਾ ਇਕ ਪਰਗਟਾਈਆ । ਜਨ ਭਗਤਾਂ ਲੇਖੇ ਲਾਏ ਕੀਤੀ ਘਾਲਾ, ਘਾਇਲ ਹੋ ਕੇ ਮਾਇਲ ਹੋ ਕੇ ਆਇਲ ਹੋ ਕੇ ਮੁਸਾਇਲ ਵਿਚ ਜੋ ਤੇਰਾ ਨਾਮ ਧਿਆਈਆ । ਗੁਰਮੁਖ ਹਲ ਕਰੇ ਸਵਾਲਾ, ਮੁਸ਼ਕਲ ਪੈਂਡਾ ਦਏ ਮੁਕਾਈਆ । ਤੇਰੇ ਗ੍ਰਿਹ ਦਾ ਦੱਸ ਅਹਿਵਾਲਾ, ਠਾਂਡੇ ਦਰ ਦਏ ਪੁਚਾਈਆ । ਜਿਥੇ ਮਿਲੇ ਨਾ ਕੋਇ ਖਿਆਲਾ, ਜਾਗਰਤ ਜੋਤ ਹੋਵੇ ਰੁਸ਼ਨਾਈਆ । ਤੇਰੇ ਪਿਆਰ ਦੀ ਬਣ ਕੇ ਮਾਲਾ, ਮਨ ਕਾ ਮਣਕਾ ਦਏ ਭਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਾਚਾ ਨਾਮ ਦੱਸ ਸੁਖਾਲਾ, ਸੁਖ ਸਾਗਰ ਵਿਚ ਸੁਖ ਰੂਪ ਜਾਏ ਸਮਾਈਆ ।

### ✪ ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਪ੍ਰੀਤਮ ਸਿੰਘ ਦੇ ਗ੍ਰਿਹਿ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਤੇਰਾ ਨਾਮ ਮੇਰਾ ਸੱਚਾ ਸੱਜਣ, ਸਮਝ ਤੋਂ ਪਰੇ ਕਰੇ ਪੜ੍ਹਾਈਆ । ਜਨ ਭਗਤਾਂ ਜੁਗ ਜੁਗ ਆਵੇ ਪੜਦੇ ਕੱਜਣ, ਮਿਹਰਵਾਨ ਹੋ ਕੇ ਦਇਆ ਕਮਾਈਆ । ਸਤਿ ਪਰਕਾਸ਼ ਹੋ ਕੇ ਆਵੇ ਜਗਣ, ਜਾਗਰਤ ਜੋਤ ਅੰਧ ਅੰਧੇਰ ਮਿਟਾਈਆ । ਜਨ ਭਗਤਾਂ ਮੁਖ ਲਗਾਵਣ ਆਵੇ ਸਗਣ ਆਤਮ ਪਰਮਾਤਮ ਮੇਲ ਮਿਲਾਈਆ । ਕੂੜੀ ਕਿਰਿਆ ਅੰਦਰੋਂ ਆਵੇ ਕੱਢਣ, ਹੋਕਾ ਹੱਕ ਨਾਮ ਸੁਣਾਈਆ । ਸੰਤ ਸੁਹੇਲੇ ਆਵੇ ਲੱਭਣ, ਮਾਨਵ ਜ਼ਾਤੀ ਫੋਲ ਫੁਲਾਈਆ । ਜਗਤ ਵਿਕਾਰਾ ਆਵੇ ਦੱਬਣ, ਧੁਰ ਦਾ ਪੜਦਾ ਏਕਾ ਪਾਈਆ । ਕਲਜੁਗ ਕੂੜੀ ਕਿਰਿਆ ਜੜ੍ਹ ਆਵੇ ਵੱਢਣ, ਸਾਚੀ ਕਲ ਆਪ ਧਰਾਈਆ । ਧੁਰ ਦਾ ਧਰਮ ਲੋਕਮਾਤ ਆਵੇ ਛੱਡਣ, ਧਰਨੀ ਧਰਤ ਧਵਲ ਨਾਲ ਮਿਲਾਈਆ । ਭਾਗ ਲਗਾਵੇ ਕਾਇਆ ਮਾਟੀ ਬਦਨ, ਬਦਲਾ ਚੁਕਾਵੇ ਥਾਉਂ ਥਾਈਆ । ਗੁਰਮੁਖ ਗੁਰ ਗੁਰ ਆਵੇ ਸੱਦਣ, ਸੁਨੇਹੜਾ ਲੋਕਮਾਤ ਪੁਚਾਈਆ । ਗੁਰਸਿਖ ਚਲੋ ਆਪਣੇ ਵਤਨ, ਬੇਵਤਨਾਂ ਦਏ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਤੇਰਾ ਨਾਉਂ ਸਿਫ਼ਤ ਸਾਲਾਹੀਆ । ਸਤਿ ਧਰਮ ਕਹੇ ਪ੍ਰਭ ਤੇਰਾ ਨਾਉਂ ਭੇਵ ਖੁਲ੍ਹਾਏ ਜਗ ਈਸ਼ਰ, ਜੁਗੀਸ਼ਰ ਸਿਫ਼ਤਾਂ ਵਿਚ ਸਾਲਾਹੀਆ । ਤੇਰੀ ਵਡਿਆਈ ਕਰਾਏ ਕੋਲੋਂ ਮੁਨੀਸ਼ਰ, ਤਾਮਸ ਦਏ ਗਵਾਈਆ । ਢੋਲੇ ਗਾਇਨ ਰਖੀਸ਼ਰ, ਰਿਖੀ ਮੁਨੀ ਧਿਆਨ ਲਗਾਈਆ । ਤੇਰਾ ਭੇਵ ਖੁਲ੍ਹਾਏ ਗੋਰਖ ਬ੍ਰਹਮਾ ਦੱਸ ਕੇ ਈਸ਼ਰ, ਈਸ਼ ਜੀਵ ਨਾਲ ਵਡਿਆਈਆ । ਜਨ ਭਗਤਾਂ ਮਾਣ ਵਡਿਆਈ ਦੇਵੇ ਸ਼ੀਘਰ, ਸ਼ਹਿਨਸ਼ਾਹ ਹੋ ਕੇ ਦਇਆ ਕਮਾਈਆ । ਤ੍ਰੈਗੁਣ ਮਾਇਆ ਅਗਨੀ ਸੜਨ ਨਾ ਦੇਵੇ ਈਂਧਨ, ਧੂੰਆਂਧਾਰ ਨਾ ਕੋਇ ਵਖਾਈਆ । ਗ਼ਫ਼ਲਤ ਸੌਣ ਨਾ ਦੇਵੇ ਨੀਂਦਰ, ਆਲਸ ਕੂੜਾ ਦਏ ਚੁਕਾਈਆ । ਸਵਾਮੀ ਹੋ ਕੇ ਵਸੇ ਚੀਤਨ, ਚੇਤਨ ਸੁਰਤੀ ਆਪ ਕਰਾਈਆ । ਦਰਗਾਹ ਸਾਚੀ ਬਣੇ ਮੀਤਨ, ਮਿੱਤਰ ਪਿਆਰਾ ਇਕ ਅਖਵਾਈਆ । ਧੁਰ ਦੀ ਦੱਸੇ ਸਚ ਪ੍ਰੀਤਣ, ਪ੍ਰੀਤਮ ਹੋ ਕੇ ਪ੍ਰੇਮ ਵਧਾਈਆ । ਤੂੰ ਮੇਰਾ ਮੈਂ ਤੇਰਾ ਦੱਸ ਕੇ ਗੀਤਣ, ਗੀਤ ਗੋਬਿੰਦ ਦਏ ਸਮਝਾਈਆ । ਝਗੜਾ ਮੁਕਾਏ ਊਚ ਨੀਚਣ, ਰਾਓ ਰੰਕ ਇਕੋ ਰੰਗ ਰੰਗਾਈਆ । ਸਾਚਾ ਕਲਮਾ ਦਏ ਹਦੀਸਣ, ਹਾਜ਼ਰ ਹੋ ਕੇ ਦਏ ਸਮਝਾਈਆ । ਜਨ ਭਗਤਾਂ ਦੇ ਕੇ ਧੁਰ ਦੀ ਭੀਖਣ, ਭਿਛਿਆ ਇਕੋ ਝੋਲੀ ਪਾਈਆ । ਵੈਰਾਗ ਤਿਆਗ ਜਾਗ ਵਿਚੋਂ ਮੂਲ ਨਾ


੩੦੧

ਦੇਵੇ ਚੀਕਣ, ਸਾਚਾ ਨੂਰ ਕਰੇ ਰੁਸ਼ਨਾਈਆ । ਬਿਰਹੋਂ ਵਿਚ ਨਾ ਮੂਲ ਉਡੀਕਣ, ਸਨਮੁਖ ਹੋ ਕੇ ਦਰਸ ਦਿਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਜੋਤ ਧਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਏਕਾ ਛਤਰ ਝੁਲਣ ਤੇਰੇ ਸੀਸਣ, ਸਿਰ ਸਿਰ ਹੋਵੀਂ ਆਪ ਸਹਾਈਆ ।

✪ ੧੭ ਸਾਵਣ ਸ਼ਹਿਨਸ਼ਾਹੀ ਸੰਮਤ ੨ ਅਜਮੇਰ ਸਿੰਘ ਦੇ ਗ੍ਰਹਿ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਸਤਿ ਧਰਮ ਕਹੇ ਪ੍ਰਭ ਆਪਣਾ ਸੱਚਾ ਨਾਮ ਦੱਸ ਗਾਉਣਾ, ਜਨ ਭਗਤਾਂ ਦੇ ਸਮਝਾਈਆ । ਹਿਰਦੇ ਹਰਿ ਜੂ ਆ ਜਾਏ ਵਸਾਉਣਾ, ਜਗਤ ਵਿਸ਼ਿਆਂ ਵਿਚੋਂ ਬਾਹਰ ਕਢਾਈਆ । ਘਰ ਸਵਾਮੀ ਦਰਸ਼ਨ ਆ ਜਾਏ ਪਾਉਣਾ, ਬਾਹਰ ਲੱਭਣ ਦੀ ਲੋੜ ਰਹੇ ਨਾ ਰਾਈਆ । ਵਿਛੜੇ ਸਤਿਗੁਰ ਆ ਜਾਏ ਮਨਾਉਣਾ, ਨਿਉਂ ਨਿਉਂ ਸੀਸ ਝੁਕਾਈਆ । ਸਾਚੇ ਮੰਦਰ ਆ ਜਾਏ ਵਸਾਉਣਾ, ਸਾਢੇ ਤਿੰਨ ਹੱਥ ਡੇਰਾ ਲਾਈਆ । ਤੇਰੇ ਚਰਨ ਧੂੜ ਆ ਜਾਏ ਨਹਾਉਣਾ, ਦੁਰਮਤ ਮੈਲ ਧਵਾਈਆ । ਤੇਰੀ ਸੇਜਾ ਸਾਚੀ ਆ ਜਾਏ ਸੌਣਾ, ਜਗਤ ਤ੍ਰਿਸ਼ਨਾ ਅੱਗ ਨਾ ਕੋਇ ਤਪਾਈਆ । ਤੇਰੇ ਦਰਸ਼ਨ ਬਿਨ ਲੋਚਨ ਨੈਣਾਂ ਆ ਜਾਏ ਪਾਉਣਾ, ਨਿਜ ਅੱਖ ਦੇ ਖੁਲ੍ਹਾਈਆ । ਲੱਖ ਚੁਰਾਸੀ ਫੰਦ ਆ ਜਾਏ ਕਟਾਉਣਾ, ਜਮ ਕੀ ਫਾਸੀ ਨਾ ਕੋਇ ਲਟਕਾਈਆ । ਪੁਰਖ ਅਕਾਲ ਦੀਨ ਦਿਆਲ ਤੇਰੇ ਅਗੇ ਵਾਸਤਾ ਪਾਉਣਾ, ਗਲ ਪਲੂ ਸੀਸ ਝੁਕਾਈਆ । ਤੂੰ ਛੱਡ ਦੇ ਭਗਤਾਂ ਨੂੰ ਤਰਸਾਉਣਾ, ਮਿਹਰ ਨਜ਼ਰ ਨਾਲ ਲੇਖਾ ਦੇ ਚੁਕਾਈਆ । ਬਿਨ ਭਗਤਾਂ ਤੇਰਾ ਨਾਮ ਨਹੀਂ ਕਿਸੇ ਧਿਆਉਣਾ, ਲੋਕਮਾਤ ਮਿਲੇ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇ ਸਚ ਵਰ, ਸਤਿਜੁਗ ਸਾਚਾ ਸਤਿ ਆਸ ਰਖਾਈਆ । ਸਤਿ ਧਰਮ ਕਹੇ ਪ੍ਰਭ ਆਪਣਾ ਨਾਮ ਦੱਸ ਦੇ ਕਹਿਣਾ, ਕਹਿ ਕਹਿ ਸ਼ੁਕਰ ਮਨਾਈਆ । ਚਰਨਗਤ ਸਚ ਸਰਨਾਈ ਦੱਸਦੇ ਬਹਿਣਾ, ਬਹਿ ਬਹਿ ਓਟ ਤਕਾਈਆ । ਸਾਚੇ ਨੇਤਰ ਦਰਸ਼ਨ ਕਰਨਾ ਦੱਸ ਦੇ ਨੈਣਾਂ, ਨਿਰਾਕਾਰ ਨਿਰੰਕਾਰ ਸੋਭਾ ਪਾਈਆ । ਤੇਰਾ ਭਾਣਾ ਆ ਜਾਏ ਸਹਿਣਾ, ਰੋਗ ਸੋਗ ਚਿੰਤਾ ਦੁੱਖ ਨੇੜ ਕੋਇ ਨਾ ਆਈਆ । ਤੂੰ ਮੇਰਾ ਮੈਂ ਤੇਰਾ ਆਦਿ ਜੁਗਾਦਿ ਜੁਗ ਚੌਕੜੀ ਜਨ ਭਗਤਾਂ ਲਹਿਣਾ ਦੇਣਾ, ਦੇ ਦੇ ਕੇ ਖ਼ੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਇਕੋ ਦੇਣਾ ਧੁਰ ਦਾ ਵਰ, ਠਾਕਰ ਹੋ ਕੇ ਜਨ ਭਗਤ ਨਾ ਕੋਇ ਠੁਕਰਾਈਆ । ਸਤਿ ਕਹੇ ਪ੍ਰਭੂ ਭਗਤ ਉਧਾਰਨਾ ਤੇਰਾ ਕੰਮ ਮਾਮੂਲੀ, ਮਿਹਰ ਨਜ਼ਰ ਇਕ ਉਠਾਈਆ । ਤੂੰ ਸਾਹਿਬ ਸੁਲਤਾਨ ਜਗਤ ਪਿਤ ਅਸੂਲੀ, ਅਸਲ ਸਿਖਿਆ ਦੇ ਦ੍ਰਿੜਾਈਆ । ਝਗੜਾ ਰਹੇ ਨਾ ਪੈਗ਼ੰਬਰ ਕਿਸੇ ਰਸੂਲੀ, ਰਸਮ ਕਿਸਮ ਆਪਣੀ ਨਾਲ ਮਿਲਾਈਆ । ਅਗੇ ਤੇਰਿਆਂ ਭਗਤਾਂ ਤੋਂ ਕਰੇ ਨਾ ਕੋਇ ਵਸੂਲੀ, ਲੇਖਾ ਮੰਗਣ ਵਾਲਾ ਰਹਿਣ ਕੋਇ ਨਾ ਪਾਈਆ । ਤੇਰੀ ਆਤਮ ਪਰਮਾਤਮ ਰਹੇ ਨਾ ਭੂਲੀ, ਅਭੁੱਲ ਦੇ ਸਮਝਾਈਆ । ਤੂੰ ਆਦਿ ਜੁਗਾਦੀ ਵੱਡ ਕਾਨੂੰਨੀ, ਕਾਇਦੇ ਗੁਰ ਅਵਤਾਰ ਪੈਗ਼ੰਬਰਾਂ ਰਿਹਾ ਦ੍ਰਿੜਾਈਆ । ਕਲਜੁਗ ਅੰਤ ਸਾਚੇ ਸੰਤਾਂ ਕੋਲੋਂ ਕਰਾ ਲਵੀਂ ਨਾ ਹੁਕਮ ਅਦੂਲੀ, ਭਾਣੇ ਅੰਦਰ ਲੈਣਾ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਝਗੜਾ ਰਹੇ ਨਾ ਕੋਇ ਬੈਰੂਨੀ, ਅੰਦਰੂਨੀ ਲੇਖਾ ਆਪਣੇ ਨਾਲ ਰਖਾਈਆ ।


੩੦੨

## ★ ੨੧ ਮਾਘ ਸ਼ਹਿਨਸ਼ਾਹੀ ਸੰਮਤ ੩ ਭਲਾਈਪੁਰ ਡੋਗਰਾਂ ਹਰਿ ਸੰਗਤ ★

ਗੁਰ ਅਰਜਨ ਕਹੇ ਖ਼ੁਸ਼ੀ ਹੋਈ ਆਜ, ਦੋ ਜਹਾਨ ਵੱਜੀ ਵਧਾਈਆ । ਕਿਰਪਾ ਕਰੇ ਪੁਰਖ ਅਕਾਲ ਸਾਹਿਬ ਸਿਰਤਾਜ, ਹਰਿ ਜਗਦੀਸ਼ਰ ਵਡ ਵਡਿਆਈਆ । ਜਿਸ ਦਾ ਏਥੇ ਓਥੇ ਦੋ ਜਹਾਨਾਂ ਰਾਜ, ਆਦਿ ਜੁਗਾਦਿ ਜੁਗ ਚੌਕੜੀ ਆਪਣਾ ਹੁਕਮ ਵਰਤਾਈਆ । ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਗਗਨ ਗਗਨੰਤਰ ਸਾਜਨ ਸਾਜ, ਦੋ ਜਹਾਨਾਂ ਨੌਜਵਾਨਾ ਮਰਦ ਮਰਦਾਨਾ ਵੇਖ ਵਖਾਈਆ । ਅਵਤਾਰ ਪੈਗ਼ੰਬਰ ਗੁਰ ਦੇਵਣਹਾਰਾ ਦਾਤ, ਦਾਤਾ ਦਾਨੀ ਸ਼ਾਹ ਸੁਲਤਾਨੀ ਸ਼ਹਿਨਸ਼ਾਹ ਆਪਣੇ ਹੱਥ ਰੱਖੇ ਵਡਿਆਈਆ । ਜਿਸ ਦਾ ਲੇਖਾ ਸਦਾ ਬਿਨ ਕਲਮ ਦਵਾਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਅਰਜਨ ਕਹੇ ਮੈਂ ਇਕੋ ਵੇਖਿਆ ਸ਼ਾਹ ਨਵਾਬ, ਨੌਬਤ ਹੱਕ ਨਾਮ ਵਜਾਈਆ । ਗੁਰ ਅਵਤਾਰ ਪੈਗ਼ੰਬਰ ਸਾਰੇ ਸੱਜਦਾ ਕਰੋ ਆਦਾਬ, ਨਿਉਂ ਨਿਉਂ ਸੀਸ ਝੁਕਾਈਆ । ਇਕੋ ਕਲਮਾ ਪੜ੍ਹੋ ਵਾਹਦ, ਦੂਜੀ ਅਲਖ ਨਾ ਕੋਇ ਜਗਾਈਆ । ਜੋ ਦੋ ਜਹਾਨਾਂ ਮੁਸਾਹਿਬ, ਮੁਕਾਮੇ ਹੱਕ ਸੋਭਾ ਪਾਈਆ । ਅੰਤਮ ਸਭ ਦੀ ਕਰਨਹਾਰ ਅਜ਼ਮਾਇਸ਼, ਵੇਖਣਹਾਰਾ ਥਾਉਂ ਥਾਈਂਆ । ਘਟ ਨਿਵਾਸੀ ਜਾਨਣਹਾਰ ਰਹਾਇਸ਼, ਰਹਿਬਰ ਹੋ ਕੇ ਪੜਦਾ ਰਿਹਾ ਉਠਾਈਆ । ਜਿਸ ਦੀ ਸਮਝੇ ਨਾ ਕੋਇ ਪੈਦਾਇਸ਼, ਮਰਨ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਅਰਜਨ ਕਹੇ ਮੈਨੂੰ ਯਾਦ ਆਇਆ ਚੇਤਾ, ਚਰਨ ਕਵਲ ਮਿਲੀ ਸਰਨਾਈਆ । ਪੁਰਖ ਅਕਾਲ ਇਕੋ ਨੇਤਾ, ਨਰ ਨਰਾਇਣ ਵੱਡੀ ਵਡਿਆਈਆ । ਜਿਸ ਨੇ ਲੋਕਮਾਤ ਸਭ ਨੂੰ ਦਿਤਾ ਠੇਕਾ, ਠਾਕਰ ਹੋ ਕੇ
 ਸੇਵ ਸਮਝਾਈਆ । ਭੇਜੇ ਅਗੇਤਾ ਪਛੇਤਾ, ਆਵਣ ਜਾਵਣ ਆਪਣਾ ਹੁਕਮ ਵਰਤਾਈਆ । ਜਿਸ ਕਾਰਨ ਮੇਰੇ ਸਿਰ ਵਿਚ ਪਈ ਰੇਤਾ, ਤੱਤੀ ਤਵੀ ਦਿਤਾ ਟਿਕਾਈਆ । ੩੦੩
ਇਸ ਦਾ ਨਾਨਕ ਕੋਲ ਲੇਖਾ, ਦੂਜਾ ਸਮਝ ਨਾ ਕੋਇ ਸਮਝਾਈਆ । ਜੋ ਵਸੇ ਸਚਖੰਡ ਸਾਚੇ ਦੇਸਾ, ਦਰਗਾਹ ਸਾਚੀ ਡੇਰਾ ਲਾਈਆ । ਜਿਸ ਦਾ ਆਦਿ ਜੁਗਾਦੀ ਏਕਾ, ਏਕਾ ਏਕੰਕਾਰ ਬੇਪ੍ਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਹਿਕਮਤ ਵਿਚੋਂ ਬਦਲਾਈਆ । ਅਰਜਨ ਕਹੇ ਸੁਣ ਕੇ ਸਾਰੇ ਹੋਵੇ ਲਾਜਵਾਬ, ਜਵਾਬ ਦੇਵਣ ਕੋਇ ਨਾ ਪਾਈਆ । ਜਿਸ ਦੇ ਲੈਂਦੇ ਰਹੇ ਖ਼ਵਾਬ, ਭਵਿਖਤਾਂ ਵਿਚ ਸਮਝਾਈਆ । ਜੋ ਵਸੇ ਹੱਕ ਮਹਿਰਾਬ, ਮਹਿਬੂਬ ਨੂਰ ਅਲਾਹੀਆ । ਕੁਛ ਓਸ ਨੇ ਹੁਕਮ ਦਿਤਾ ਨਿਰਗੁਣ ਧਾਰ ਬਗਦਾਦ, ਸਰਗੁਣ ਨਾਨਕ ਆਪ ਸਮਝਾਈਆ । ਏਕਾ ਇਕ ਲੈਣਾ ਆਰਾਧ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਅਰਜਨ ਕਹੇ ਮੈਂ ਚੁਕਾਵਾਂ ਪੜਦਾ ਓਹਲਾ, ਭੇਵ ਰਹੇ ਨਾ ਰਾਈਆ । ਪੁਰਖ ਅਕਾਲ ਕਿਹਾ ਨਾਨਕ ਗਾ ਏਕਾ ਸੋਹਲਾ, ਤੇਰਾ ਮੇਰਾ ਇਕੋ ਰੂਪ ਨਜ਼ਰੀ ਆਈਆ । ਪ੍ਰੇਮ ਰਸ ਦਾ ਹੋਵੇ ਢੋਲਾ, ਅਗੰਮੀ ਨਾਦ ਸ਼ਨਵਾਈਆ । ਨਾਨਕ ਕਿਹਾ ਕੌਣ ਬਣੇ ਵਿਚੋਲਾ, ਪੜਦਾ ਦਏ ਉਠਾਈਆ । ਸ੍ਰਿਸ਼ਟੀ ਦ੍ਰਿਸ਼ਟੀ ਵੇਖਿਆ ਰੌਲਾ, ਚਾਰੋਂ ਕੁੰਟ ਦੁਹਾਈਆ । ਅੱਗੇ ਤੈਨੂੰ ਕਹਿੰਦੇ ਮੌਲਾ, ਅੱਲਾ ਅੱਖਰ ਦਿਤਾ ਪੜ੍ਹਾਈਆ । ਵੇਖ ਆਪਣੀ ਧਰਨੀ ਧੌਲਾ, ਧਵਲ ਧਿਆਨ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਪੁਰਖ ਅਕਾਲ ਕਿਹਾ ਨਾਨਕ ਮੇਰੇ ਨਾਮ ਦਾ ਲੈ ਸਵਾਦ, ਨਾਮ ਸਤਿ ਸਤਿ ਦ੍ਰਿੜਾਈਆ । ਤੇਰੇ ਤਨ ਦੀ ਇਕ ਰਬਾਬ, ਬਿਨ ਸਤਾਰਾਂ ਦਿਆਂ ਹਿਲਾਈਆ । ਜਿਸ ਦੇ ਵਿਚੋਂ ਤੂੰ ਹੀ ਤੂੰ ਹੀ ਨਿਕਲੇ ਰਾਗ, ਦੂਜੀ ਤੂਰ ਨਾ ਕੋਇ ਅਲਾਈਆ । ਤਤ ਵਜੂਦ ਸਵਰੇ ਕਾਜ, ਮਨਸਾ ਮਨ ਨਾ ਕੋਇ ਹਲਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਨਾਨਕ ਕਿਹਾ ਰਬਾਬ ਕਿਹੜਾ ਤੰਦ, ਸਾਹਿਬ ਸਵਾਮੀ ਦੇ ਸਮਝਾਈਆ । ਪੁਰਖ ਅਕਾਲ

ਬੋਲਿਆ ਬਿਨਾ ਦੰਦ, ਰਸ ਨਾਲ ਰਸਨਾ ਦਿਤਾ ਸਮਝਾਈਆ । ਸਤਿ ਸਤਿ ਦਾ ਇਕ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਤੂੰ ਮੇਰਾ ਮੈਂ ਤੇਰਾ ਜਿਥੇ ਦੋਹਾਂ ਦਾ ਸਾਂਝਾ ਹੋਵੇ ਛੰਦ, ਓਥੇ ਦੂਜੀ ਲੋੜ ਰਹੇ ਨਾ ਰਾਈਆ । ਆਪਣੀ ਧਾਰ ਆਪਣੇ ਲਾਵਾਂ ਅੰਗ, ਅੰਗੀਕਾਰ ਇਕ ਅਖਵਾਈਆ । ਮੈਂ ਸਾਹਿਬ ਸੂਰਾ ਸਰਬੰਗ, ਸ਼ਹਿਨਸ਼ਾਹ ਧੁਰਦਰਗਾਹੀਆ । ਨਾਨਕ ਨਿਰਗੁਣ ਮੰਗੀ ਮੰਗ, ਪ੍ਰਭ ਅੱਗੇ ਝੋਲੀ ਡਾਹੀਆ । ਕਿਸ ਬਿਧ ਤੇਰੇ ਪ੍ਰੇਮ ਦਾ ਬੱਝੇ ਤੰਦ, ਤੰਦੀ ਤੰਦ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਨਾਨਕ ਦੱਸਾਂ ਬਾਤ, ਬਾਤਨ ਭੇਵ ਜਣਾਈਆ । ਵੇਖੀਂ ਲਿਖੀਂ ਨਾਲ ਨਾ ਕਲਮ ਦਵਾਤ, ਕਾਗ਼ਜ਼ ਸ਼ਾਹੀ ਨਾ ਜੋੜ ਜੁੜਾਈਆ । ਜਿਸ ਵੇਲੇ ਕਲਜੁਗ ਆਵੇ ਅੰਧੇਰੀ ਰਾਤ, ਚਾਰੋਂ ਕੁੰਟ ਅੰਧੇਰਾ ਛਾਈਆ । ਸਾਚੀ ਰਹੇ ਨਾ ਕੋਇ ਜਮਾਤ, ਪ੍ਰੀਤੀ ਪ੍ਰੇਮ ਨਾ ਕੋਇ ਕਮਾਈਆ । ਗੁਰ ਅਵਤਾਰ ਪੈਗ਼ੰਬਰਾਂ ਭੁੱਲੇ ਗਾਥ, ਸੋਹਲਾ ਸਚ ਨਾ ਕੋਇ ਸੁਣਾਈਆ । ਗੁਰ ਚੇਲਾ ਰਹੇ ਕੋਈ ਨਾ ਦਾਸ, ਚੇਲਾ ਗੁਰੂ ਕਰੇ ਪੜ੍ਹਾਈਆ । ਪਿਤਾ ਪੁੱਤ ਦਾ ਹੋਵੇ ਘਾਤ, ਚਾਰੋਂ ਕੁੰਟ ਹੋਏ ਦੁਹਾਈਆ । ਓਸ ਵੇਲੇ ਵੇਖਾਂ ਖੇਲ ਤਮਾਸ਼, ਨਿਰਗੁਣ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਿਹਾ ਸੁਣ ਨਾਨਕ ਬੱਚੇ ਨੰਨ੍ਹੇ, ਸਚ ਦਿਆਂ ਸਮਝਾਈਆ । ਜੇ ਤੂੰ ਇਕੋ ਮੇਰੀ ਮੰਨੇ, ਮਮਤਾ ਅਵਰ ਰਹੇ ਨਾ ਰਾਈਆ । ਕਰਾਂ ਪਰਕਾਸ਼ ਸਾਚੇ ਤਨੇ, ਲੋਇਣ ਇਕੋ ਨਜ਼ਰੀ ਆਈਆ । ਆਪ ਫਿਰਾਂ ਤੇਰੇ ਸੰਨੇ, ਘਰ ਘਰ ਵਿਚ ਮੇਲ ਮਿਲਾਈਆ । ਨਿਰਗੁਣ ਦੀਪਕ ਏਕਾ ਬਲੇ, ਜੋਤੀ ਜੋਤ ਜੋਤ ਰੁਸ਼ਨਾਈਆ । ਜਿਸ ਕਾਰਨ ਤੈਨੂੰ ਘੱਲੇ, ਧੁਰ ਫ਼ਰਮਾਨਾ ਇਕ ਦ੍ਰਿੜਾਈਆ । ਸਾਚਾ ਬਚਨ ਬੰਨ੍ਹਣਾ ਪੱਲੇ, ਪੱਲੂ ਆਪਣੀ ਗੰਢ ਰਖਾਈਆ । ਜਿਸ ਵੇਲੇ ਕਲਜੁਗ ਅੰਤਮ ਹੋਏ ਹੱਲੇ, ਹਾਲਤ ਵਿਗੜੇ ਜਗਤ ਲੋਕਾਈਆ । ਓਸ ਵੇਲੇ ਪੁਰਖ ਅਕਾਲ ਆਉਣਾ ਇਕੱਲੇ, ਦੂਜਾ ਸੰਗ ਨਾ ਕੋਇ ਰਖਾਈਆ । ਜਨ ਭਗਤਾਂ ਦੇ ਅੰਦਰ ਸਿੰਘਾਸਣ ਮੱਲੇ, ਦਵਾਰਾ ਇਕੋ ਇਕ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਪੁਰਖ ਅਕਾਲ ਕਿਹਾ ਨਾਨਕ ਨਿਰਗੁਣ ਦੱਸਾਂ ਅਗੰਮੀ ਬਾਣੀ, ਬਾਣ ਨਿਰਾਲਾ ਤੀਰ ਚਲਾਈਆ । ਇਹ ਸ਼ਬਦੀ ਅਕਥ ਕਹਾਣੀ, ਕਥਨੀ ਕਥ ਨਾ ਸਕੇ ਰਾਈਆ । ਲੇਖਾ ਸਮਝੇ ਨਾ ਕੋਇ ਦੋ ਜਹਾਨੀ, ਨਿਰਗੁਣ ਸਰਗੁਣ ਭੇਵ ਕੋਇ ਨਾ ਪਾਈਆ । ਪਰਮ ਪੁਰਖ ਪਰਮਾਤਮ ਦੇਵੇ ਇਕ ਨਿਸ਼ਾਨੀ, ਨਿਸ਼ਾਨਾ ਆਪਣਾ ਤੀਰ ਚਲਾਈਆ । ਜਿਸ ਵੇਲੇ ਸ੍ਰਿਸ਼ਟੀ ਦੀ ਦ੍ਰਿਸ਼ਟੀ ਹੋਈ ਅਭਿਮਾਨੀ, ਮਾਇਆ ਮਮਤਾ ਮੋਹ ਵਿਕਾਰ ਹਲਕਾਈਆ । ਓਸ ਵੇਲੇ ਜਨ ਭਗਤਾਂ ਉਤੇ ਕਰਾਂ ਮਿਹਰਵਾਨੀ, ਮਿਹਰ ਨਜ਼ਰ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਸਾਚੀ ਕਰਨੀ ਕਾਰ ਕਮਾਵਾਂਗਾ । ਮਿਹਰਵਾਨ ਹੋ ਕੇ ਮਿਹਰ ਨਜ਼ਰ ਟਿਕਾਵਾਂਗਾ । ਸ੍ਰਿਸ਼ਟ ਸਬਾਈ ਕਰ ਕੇ ਹੇਰ ਫੇਰ, ਦੀਨ ਦੁਨੀ ਆਪ ਭੁਲਾਵਾਂਗਾ । ਸਾਚੇ ਸੰਤਾਂ ਲਹਿਣਾ ਦੇਣਾ ਦਿਆਂ ਨਬੇੜ, ਝਗੜਾ ਅਵਰ ਨਾ ਕੋਇ ਜਣਾਵਾਂਗਾ । ਸ਼ਬਦ ਹਲੂਣੇ ਸੋਈ ਸੁਰਤੀ ਛੇੜ, ਤੰਦ ਸਤਾਰ ਆਪ ਵਜਾਵਾਂਗਾ । ਓਸ ਵੇਲੇ ਮੇਰੇ ਨਾਮ ਦੀ ਇਕੋ ਹੋਵੇ ਡੇਰ੍ਹ, ਦੋਹਰਾ ਸਵਈਆ ਕਵਿਤ ਛੱਤੀ ਰਾਗਾਂ ਵਿਚ ਨਾ ਕੋਇ ਅਲਾਵਾਂਗਾ । ਸਭ ਤੋਂ ਵਸਾਂ ਨੇਰਨ ਨੇਰ, ਦੂਰ ਦੁਰਾਡਾ ਪੰਧ ਮੁਕਾਵਾਂਗਾ । ਇਕ ਅਰਜਨ ਵਖਾਵਾਂ ਆਪਣੀ ਖੇਡ, ਰਾਵੀ ਕੰਡਾ ਤਟ ਸੁਹਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਵਾਂਗਾ । ਸਾਚੀ ਕਰਨੀ ਕਾਰ ਕਰਾਂਗਾ । ਸੰਤ ਸੁਹੇਲੇ ਗੁਰਮੁਖ ਵਰਾਂਗਾ । ਲੱਖ ਚੁਰਾਸੀ ਵਿਚੋਂ ਫੜਾਂਗਾ । ਕਾਇਆ ਮੰਦਰ ਸਾਚੇ ਚੜ੍ਹਾਂਗਾ । ਜੋਤੀ ਨੂਰ ਇਕੋ ਧਰਾਂਗਾ । ਸਚ ਦਵਾਰੇ ਅਗੰਮੀ ਖੜਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਆਪੇ ਕਰਾਂਗਾ । ਸਾਚੀ ਕਰਨੀ ਕਾਰ ਕਮਾਵਾਂਗਾ । ਭਗਤ

ਸੁਹੇਲੇ ਆਪ ਉਠਾਵਾਂਗਾ । ਗੁਰ ਚੇਲੇ ਮੇਲ ਮਿਲਾਵਾਂਗਾ । ਤੁਰੀਆ ਪਦ ਦਾ ਭੇਵ ਖੁਲ੍ਹਾਵਾਂਗਾ । ਨਾਮ ਸਰੰਗਾ ਇਕ ਵਜਾਵਾਂਗਾ । ਨਾਨਕ ਨਿਰਗੁਣ ਜੋੜ ਜੁੜਾਵਾਂਗਾ । ਸਚ ਦਵਾਰੇ ਆਪੇ ਬਹੁੜ, ਪੜਦਾ ਓਹਲਾ ਆਪ ਉਠਾਵਾਂਗਾ । ਸਾਚੇ ਸੰਤਾਂ ਵੇਖਾਂ ਕਰ ਕੇ ਗ਼ੌਰ, ਗਹਿਰ ਗੰਭੀਰ ਹੋ ਕੇ ਆਪਣਾ ਫੇਰਾ ਪਾਵਾਂਗਾ । ਓਨ੍ਹਾਂ ਦਾ ਮਾਨਸ ਜਨਮ ਜਾਏ ਸੌਰ, ਜਿਨ੍ਹਾਂ ਨੂੰ ਆਪਣੇ ਰੰਗ ਰੰਗਾਵਾਂਗਾ । ਨਾਨਕ ਅਰਜਨ ਦਾ ਲੇਖਾ ਵਿਚ ਲਾਹੌਰ, ਲਹਿਰ ਆਪਣੀ ਇਕ ਦਰਸਾਵਾਂਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਵਾਂਗਾ । ਨਾਨਕ ਭਗਤਾਂ ਦੀ ਰਬਾਬ ਹੋਵੇ ਰੱਬੀ, ਬਾਢੀ ਬਣਤ ਨਾ ਕੋਇ ਬਣਾਈਆ । ਜਿਸ ਦੀ ਸੁਰ ਬਿਨਾ ਹੱਥ ਤੋਂ ਜਾਵੇ ਵੱਜੀ, ਉਂਗਲਾਂ ਦੀ ਲੋੜ ਰਹੇ ਨਾ ਰਾਈਆ । ਚੁੱਕਣਾ ਪਏ ਨਾ ਭਾਰ ਮੋਢਿਆਂ ਉਤੇ ਵਾਂਗ ਡੱਗੀ, ਸਰੰਗਾ ਗਜ ਨਾ ਹੱਥ ਉਠਾਈਆ । ਬਿਨਾ ਕੱਪੜੇ ਤੋਂ ਹੋਵੇ ਕਦੇ ਨਾ ਨੰਗੀ, ਜਗਤ ਨੇਤਰ ਨਜ਼ਰ ਕੋਇ ਨਾ ਪਾਈਆ । ਸਤਿਗੁਰ ਨਾਨਕ ਕਿਹਾ ਪ੍ਰਭੂ ਤੇਰੀ ਖੇਲ ਬਹੁ ਰੰਗੀ, ਤੇਰਾ ਭੇਵ ਕੋਇ ਨਾ ਆਈਆ । ਤੂੰ ਆਦਿ ਜੁਗਾਦਿ ਸਦਾ ਕਰਨੀ ਦਾ ਕਰਤਾ ਢੰਗੀ, ਤਰੀਕਾ ਅਵਰ ਨਾ ਕਿਸੇ ਸਮਝਾਈਆ । ਮਿਹਰਵਾਨ ਉਹ ਕਿਹੜੇ ਦਵਾਰੇ ਟੰਗੀ, ਕਿੱਲੀ ਕਵਣ ਲਟਕਾਈਆ । ਪੁਰਖ ਅਕਾਲ ਕਿਹਾ ਨਾਨਕ ਨਜ਼ਰ ਨਾ ਆਏ ਵਿਚ ਬ੍ਰਹਿਮੰਡੀ, ਖੰਡੀਂ ਖੋਜ ਨਾ ਕੋਇ ਖੁਜਾਈਆ । ਜਿਸ ਦੀ ਲਿਖਤ ਲਿਖੀ ਕਿਸੇ ਨਹੀਂ ਸੰਦੀ, ਤਕਰੀਰ ਤਹਿਰੀਰ ਨਾ ਕੋਇ ਬਣਾਈਆ । ਖੋਜਿਆਂ ਹੱਥ ਨਾ ਆਏ ਵਿਚ ਵਰਭੰਡੀ, ਚਾਰੋਂ ਕੁੰਟ ਕੁਰਲਾਈਆ । ਉਹ ਓਸ ਥਾਂ ਉਤੇ ਟੰਗੀ ਜਿਥੇ ਇਕੋ ਜੋਤ ਨਿਰੰਜਣ ਲੰਘੀ, ਵਾਸਨਾ ਰਹੇ ਕੋਇ ਨਾ ਮੰਦੀ, ਦੀਨ ਮਜ਼੍ਹਬ ਦੀ ਨਹੀਂ ਪਾਬੰਦੀ, ਨਾਰ ਦੁਹਾਗਣ ਕਦੇ ਨਾ ਰੰਡੀ, ਅਰਜਨ ਧਾਰ ਉਹ ਰਾਵੀ ਦੀ ਕੰਢੀ, ਜਿਥੇ ਪਵਣ ਸਦਾ ਠੰਡੀ, ਅਗਨੀ ਤਤ ਨਾ ਕੋਇ ਤਪਾਈਆ । ਕੂੜੀ ਰਹੇ ਨਾ ਕੋਇ ਪਾਬੰਦੀ, ਨੇਤਰ ਅੱਖ ਨਾ ਹੋਵੇ ਅੰਧੀ, ਪੁਰਖ ਅਕਾਲ ਸਾਚਾ ਸੰਗੀ, ਸਾਚਾ ਸੰਗ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਨਾਨਕ ਕਿਹਾ ਪ੍ਰਭੂ ਓਸ ਸੁਰੰਗੀ ਦੀ ਕੀ ਆਵਾਜ਼, ਸਚ ਦੇ ਸੁਣਾਈਆ । ਪੁਰਖ ਅਕਾਲ ਕਿਹਾ ਉਹ ਸਿੱਧਾ ਮੇਰਾ ਖੋਲ੍ਹੇ ਰਾਜ਼, ਅੱਗੇ ਹੋ ਨਾ ਕੋਇ ਅਟਕਾਈਆ । ਉਹਦੀ ਸੁਰ ਵਿਚ ਸੁਰ ਦਾ ਸੁਰ ਜਵਾਬ, ਸਵਾਲ ਦੀ ਲੋੜ ਰਹੇ ਨਾ ਰਾਈਆ । ਸਦਾ ਦਿਵਸ ਰੈਣ ਵੱਜਦੀ ਰਹੇ ਰਬਾਬ, ਰਹਿਮਤ ਆਪ ਕਮਾਈਆ । ਪੁਰਖ ਅਕਾਲ ਕਿਹਾ ਨਾਨਕ ਇਕ ਵੇਰ ਕਰ ਆਦਾਬ, ਸੀਸ ਜਗਦੀਸ ਝੁਕਾਈਆ । ਸੀਸ ਝੁਕਦਿਆਂ ਲੇਖਾ ਦਿਸਿਆ ਵਿਚ ਬਗ਼ਦਾਦ, ਬਗ਼ਲੀ ਕਾਲੀ ਨਾਨਕ ਹੱਥ ਨਜ਼ਰੀ ਆਈਆ । ਜਿਸ ਦੇ ਵਿਚ ਉਹ ਹਿਸਾਬ, ਜਿਸ ਨੂੰ ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਸਮਝ ਸਕੇ ਨਾ ਰਾਈਆ । ਵੇਖਿਆ ਓਸ ਮਹਿਰਾਬ, ਜਿਥੇ ਮਹਿਬੂਬ ਡੇਰਾ ਲਾਈਆ । ਜਲਵਾ ਨੂਰ ਵਾਹਦ, ਵਾਹਦ ਕਲਮਾ ਰਿਹਾ ਸੁਣਾਈਆ । ਨਾਨਕ ਨਿਰਗੁਣ ਕਰ ਅਦਾਬ, ਅਦਬ ਨਾਲ ਆਪਣਾ ਆਪ ਝੁਕਾਈਆ । ਮੁਖ਼ਾਤਬ ਹੋ ਕੇ ਦਿਤਾ ਖ਼ਤਾਬ, ਖ਼ੁਦ ਆਪਣਾ ਹੁਕਮ ਸੁਣਾਈਆ । ਨਾਨਕ ਵੇਖ ਉਹ ਰਬਾਬ, ਜਿਸ ਦਾ ਸਭ ਤੋਂ ਵੱਖਰਾ ਸਾਜ, ਸਾਜਣਹਾਰਾ ਆਪੇ ਰਿਹਾ ਹਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਰਿਹਾ ਵਖਾਈਆ । ਨਾਨਕ ਕਿਹਾ ਪਰਮ ਪੁਰਖ ਕਿਉਂ ਵਖਾਈ ਕਾਲੀ ਬਗ਼ਲੀ, ਮਿਹਰਵਾਨ ਦੇਣਾ ਸਮਝਾਈਆ । ਪੁਰਖ ਅਕਾਲ ਕਿਹਾ ਸਦੀ ਚੌਧਵੀਂ ਉਮਤ ਵੇਖੀ ਪਗ਼ਲੀ, ਕਲਮਾ ਹੱਕ ਨਾ ਕੋਇ ਸੁਣਾਈਆ । ਸਭ ਨੇ ਫਿਰਨਾ ਵਿਚ ਜੰਗਲੀਂ, ਜਹਾਲਤ ਵਿਚ ਦੁਹਾਈਆ । ਗੋਬਿੰਦ ਦੀ ਚੌਦਾਂ ਕੜੀਆਂ ਵਾਲੀ ਸੰਗਲੀ, ਫ਼ਕੀਰਾਂ ਦੇ ਤਨੋਂ ਦੇਣੀ ਲੁਹਾਈਆ । ਸਚ ਖ਼ੁਦਾ ਦੇ ਨਾਲ ਰਹੇ ਕਿਸੇ ਦੀ ਨਾ ਮੰਗਣੀ, ਨਾਤਾ ਤੁੱਟੇ ਲੋਕਾਈਆ । ਦਹਿ ਦਿਸ਼ਾ ਲੱਗੇ ਅਗਨੀ, ਅਗਨੀ ਤਤ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਨਾਨਕ ਕਿਹਾ ਮੈਂ ਵੇਖਿਆ ਝਾਕ,

੩੦੫

੩੦੬

ਬਿਨ ਅੱਖਾਂ ਅੱਖ ਉਠਾਈਆ । ਪੁਰਖ ਅਕਾਲ ਖੋਲ੍ਹਿਆ ਤਾਕ, ਪੜਦਾ ਦਿਤਾ ਹਟਾਈਆ । ਸਦੀ ਚੌਧਵੀਂ ਫ਼ਕੀਰਾਂ ਦੀ ਬਗ਼ਲੀ ਵਿਚ ਖ਼ਾਕ, ਖ਼ਾਲਸ ਵਸਤ ਨਜ਼ਰ ਕੋਇ ਨਾ ਆਈਆ । ਜਿਧਰ ਤੱਕਾਂ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਅੰਤਮ ਮੁੱਕਦੀ ਦਿਸੇ ਵਾਟ, ਪਾਂਧੀ ਰਹੇ ਕੁਰਲਾਈਆ । ਰਾਵੀ ਕੰਢੇ ਅਰਜਨ ਦੀ ਜ਼ਾਤ, ਉਚੀ ਕੂਕ ਕੂਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰੋ ਜਿਸ ਨੇ ਸਭ ਦਾ ਕਰਨਾ ਪੂਰਾ ਭਵਿਖਤ ਵਾਕ, ਵਾਕਿਆ ਵੇਖੇ ਥਾਈਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਖਿਲਾਈਆ । ਬਗ਼ਲੀ ਕਹੇ ਮੇਰਾ ਰਿਹਾ ਨਾ ਕੋਇ ਬਗ਼ਲਗੀਰ, ਸੰਗੀ ਸਾਥ ਨਾ ਕੋਇ ਨਿਭਾਈਆ । ਦਸਤ ਛੁੱਟ ਗਿਆ ਦਸਤਗੀਰ, ਬੇਦਸਤ ਹੋਈ ਲੋਕਾਈਆ । ਨਜ਼ਰੀ ਆਏ ਨਾ ਬੇਨਜ਼ੀਰ, ਨੇਤਰ ਅੱਖ ਨਾ ਕੋਇ ਖੁਲ੍ਹਾਈਆ । ਏਸ ਵਿਚ ਮੂੰਹ ਪਾ ਕੇ ਰੋ ਕੇ ਕਿਹਾ ਕਬੀਰ, ਤੇਰਾ ਨਾਮ ਦੁਹਾਈਆ । ਕਿਸੇ ਕੰਮ ਨਾ ਆਵੇ ਇਹ ਮਾਟੀ ਖ਼ਾਕੀ ਸਰੀਰ, ਜਿੰਨਾਂ ਚਿਰ ਤੇਰਾ ਨੂਰ ਨੂਰ ਨਾ ਕੋਇ ਚਮਕਾਈਆ । ਓਸ ਵੇਲੇ ਕਬੀਰ ਨੂੰ ਏਸ ਦੇ ਵਿਚੋਂ ਨਜ਼ਰੀ ਆਈ ਓਸ ਦੀ ਤਸਵੀਰ, ਜਿਸ ਨੂੰ ਲਾਤਸਵੀਰ ਕਰ ਕੇ ਸਾਰੇ ਰਹੇ ਗਾਈਆ । ਉਸ ਦੀ ਬਦਲ ਗਈ ਜ਼ਮੀਰ, ਜ਼ੱਰਾ ਜ਼ੱਰਾ ਵਿਚੋਂ ਇਕੋ ਨੂਰ ਕਰੇ ਰੁਸ਼ਨਾਈਆ । ਲੇਖਾ ਮੁਕਿਆ ਦਿਸਿਆ ਸ਼ਾਹ ਹਕੀਰ, ਸ਼ਹਿਨਸ਼ਾਹ ਇਕੋ ਹੁਕਮ ਵਰਤਾਈਆ । ਫੇਰ ਕਿਹਾ ਕਿਸ ਬਿਧ ਬਦਲੇ ਤਕਦੀਰ, ਤਦਬੀਰ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਆਪ ਵਖਾਈਆ । ਬਗ਼ਲੀ ਕਹੇ ਮੈਨੂੰ ਨਾਨਕ ਰੱਖਿਆ ਤਿੰਨ ਦਿਨ ਆਪਣੇ ਹੱਥ, ਹੋਕਾ ਬਗ਼ਦਾਦ ਵਿਚ ਸੁਣਾਈਆ । ਸੂਫ਼ੀ ਫ਼ਕੀਰੋ ਕੋਈ ਵਸਤ ਹੈ ਤੇ ਇਹਦੇ ਵਿਚ ਦਿਓ ਘੱਤ, ਖਾਲੀ ਦਿਓ ਭਰਾਈਆ । ਨਾਨਕ ਏਥੇ ਫੇਰ ਨਹੀਂ ਔਣਾ ਵਤ, ਬੇਵਤਨੋਂ ਤੁਹਾਨੂੰ ਵਤਨ ਨਾ ਕੋਇ ਵਖਾਈਆ । ਜ਼ਰਾ ਤੱਕੋ ਓਸ ਅੱਖ, ਜਿਹੜੀ ਅੱਖ ਦੇ ਨਾਲ ਮੁਹੰਮਦ ਮਹਿਬੂਬ ਦਾ ਦਰਸ਼ਨ ਪਾਈਆ । ਮੈਨੂੰ ਖ਼ਾਲੀ ਦਿਸਦੇ ਹੱਟ, ਵਣਜਾਰੇ ਰਹੇ ਕੁਰਲਾਈਆ । ਖ਼ਾਲੀ ਦਿਸਣ ਤਟ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਆਪ ਵਖਾਈਆ । ਬਗ਼ਲੀ ਕਹੇ ਨਾਨਕ ਕਿਉਂ ਮੈਨੂੰ ਫੜਿਆ, ਚਾਰੇ ਕੰਨੀਆਂ ਜੋੜ ਜੁੜਾਈਆ । ਵੇ ਮੈਂ ਕਮਲੀ ਕੋਝੀ ਅੜਿਆ, ਅੰਦਰੋਂ ਬਾਹਰੋਂ ਕਾਲੀ ਨਜ਼ਰੀ ਆਈਆ । ਮੇਰੇ ਵਿਚ ਕਿਸੇ ਨਹੀਂ ਕੁਛ ਧਰਿਆ, ਭੁੱਖੀ ਤਿਹਾਈ ਦਿਆਂ ਦੁਹਾਈਆ । ਮੇਰਾ ਨਕਰਮੀ ਦਾ ਮਸਤਕ ਸੜਿਆ, ਨੇਤਰ ਨੈਣਾਂ ਨੀਰ ਵਹਾਈਆ । ਓਸ ਵੇਲੇ ਨਾਨਕ ਖ਼ੁਸ਼ੀ ਵਿਚ ਤੂੰ ਮੇਰਾ ਮੈਂ ਤੇਰਾ ਢੋਲਾ ਪੜ੍ਹਿਆ, ਸੋਹੰ ਦਿਤਾ ਗਾਈਆ । ਪੁਰਖ ਅਕਾਲ ਸਭ ਦਾ ਮਾਲਕ ਹੋ ਕੇ ਏਸ ਦੇ ਵਿਚ ਵੜਿਆ, ਨਾਨਕ ਨੂੰ ਸਿੱਧਾ ਨਜ਼ਰੀ ਆਈਆ । ਫੇਰ ਵਖਾ ਕੇ ਆਪਣਾ ਘਰਿਆ, ਗ੍ਰਿਹਿ ਮੰਦਰ ਦਿਤਾ ਸੁਹਾਈਆ । ਬੰਨ੍ਹ ਕੇ ਆਪਣੇ ਲੜਿਆ, ਲੜ ਪੱਲੂ ਦਿਤਾ ਫੜਾਈਆ । ਕੌਲ ਇਕਰਾਰ ਇਕ ਕਰਿਆ, ਵਾਅਦੇ ਨਾਲ ਸਮਝਾਈਆ । ਨਾਨਕ ਜਿਸ ਵੇਲੇ ਚਾਰ ਕੁੰਟ ਦਹਿ ਦਿਸ਼ਾ ਸਤਿ ਧਰਮ ਹਰਿਆ, ਤੁਹਾਡਾ ਭੈ ਨਾ ਕੋਇ ਰਖਾਈਆ । ਓਸ ਵੇਲੇ ਆਵੇ ਨਰਾਇਣ ਨਰਿਆ, ਕਲ ਕਲਕੀ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਨਾਨਕ ਕਿਹਾ ਚਾਰ ਕੁੰਟ ਦੀ ਵੇਖੀ ਹਦੂਦ, ਬਿਨ ਅੱਖਾਂ ਅੱਖ ਉਠਾਈਆ । ਬਗ਼ਲਗੀਰ ਹੋਇਆ ਮੌਜੂਦ, ਬਗ਼ਲੀ ਵਿਚ ਸੋਭਾ ਪਾਈਆ । ਓਸ ਨੇ ਸੁਣਾਇਆ ਹਜ਼ਾਰਾ ਦਰੂਦ, ਧੁਰ ਦਾ ਢੋਲਾ ਇਕ ਅਲਾਹੀਆ । ਜਿਸ ਦੇ ਨਾਲ ਸ੍ਰਿਸ਼ਟੀ ਹੋ ਜਾਏ ਨੇਸਤੋ ਨਾਬੂਦ, ਜੜ੍ਹ ਨਜ਼ਰ ਕੋਇ ਨਾ ਆਈਆ । ਫੇਰ ਕਿਹਾ ਨਾਨਕ ਵੇਖ ਆਪਣੇ ਅੰਦਰ ਕਲਬੂਤ, ਕਾਇਆ ਦਾ ਕਾਅਬਾ, ਕਾਅਬੇ ਦਾ ਦੋਆਬਾ, ਦੋਆਬੇ ਦਾ ਮਹਿਰਾਬਾ, ਮਹਿਰਾਬੇ ਦਾ ਮਹਿਬੂਬ ਬੈਠਾ ਸੋਭਾ ਪਾਈਆ । ਜਿਥੇ ਨਾ ਕੋਈ ਪੁੰਨ ਨਾ ਕੋਈ ਸਵਾਬਾ, ਨਾ ਕੋਈ ਸਵਾਲ ਨਾ ਕੋਈ ਜਵਾਬਾ, ਜਵਾਬ ਤਲਬੀ ਵਿਚ ਸਾਰੇ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ,

ਆਪਣੀ ਖੇਲ ਕਰਾਈਆ । ਬਗ਼ਲੀ ਕਹੇ ਨਾਨਕ ਮੇਰੀ ਇਕ ਅਰਜ਼, ਆਰਜ਼ੂ ਦਿਆਂ ਜਣਾਈਆ । ਕੁਛ ਮੇਰਾ ਦੱਸ ਫ਼ਰਜ਼, ਸੇਵਾ ਕੀ ਕਮਾਈਆ । ਤੇਰਾ ਪ੍ਰਭੂ ਬੜਾ ਬੇਗ਼ਰਜ਼, ਬੇਅੰਤ ਆਪ ਅਖਵਾਈਆ । ਤੁਹਾਨੂੰ ਆਪਣੇ ਨਾਮ ਦੀ ਸੁਣਾ ਕੇ ਨਿੱਕੀ ਜਿਹੀ ਤਰਜ਼, ਤਰਾਜ਼ੂਆਂ ਵਿਚ ਤੋਲੀ ਲੋਕਾਈਆ । ਸ੍ਰਿਸ਼ਟੀ ਦਾ ਖੇਲ ਖਲਾ ਕੇ ਨਾਰ ਮਰਦ, ਲੱਖ ਚੁਰਾਸੀ ਜੋੜੇ ਜੋੜਿਆਂ ਨਾਲ ਜੁੜਾਈਆ । ਆਪਣਾ ਭੇਵ ਵੱਖਰਾ ਰੱਖ ਕੇ ਅਚਰਜ, ਸਨਮੁਖ ਹੋ ਕੇ ਨਜ਼ਰ ਕਦੇ ਨਾ ਆਈਆ । ਸਚ ਦੱਸ ਕਿਸ ਵੇਲੇ ਵੰਡੇ ਦਰਦ, ਦੁਖੀਆਂ ਦੁੱਖ ਮਿਟਾਈਆ । ਨਾਨਕ ਕਿਹਾ ਜਿਸ ਵੇਲੇ ਨਿਰਗੁਣ ਦਾ ਨਿਰਗੁਣ ਆਵੇ ਪਰਤ, ਤੱਤਾਂ ਦਾ ਡੇਰਾ ਢਾਹੀਆ । ਕਰੇ ਪਰਕਾਸ਼ ਉਤੇ ਧਰਤ, ਧਵਲ ਦਏ ਸੁਹਾਈਆ । ਓਸ ਵੇਲੇ ਆਪਣਿਆਂ ਭਗਤਾਂ ਉਤੇ ਕਰੇ ਤਰਸ, ਰਹਿਮਤ ਸਚ ਕਮਾਈਆ । ਜਨਮ ਜਨਮ ਦੀ ਮੇਟ ਕੇ ਹਰਸ, ਹਵਸ ਅਗਲੀ ਦਏ ਬੁਝਾਈਆ । ਮੇਲ ਮਿਲਾ ਕੇ ਉਤੇ ਫ਼ਰਸ਼, ਅਰਸ਼ਾਂ ਦੇ ਉਤੇ ਦਏ ਟਿਕਾਈਆ । ਬਗ਼ਲੀ ਕਿਹਾ ਨਾਨਕ ਉਹ ਕਿਸ ਤਰਾਂ ਦਾ ਹੋਵੇ ਮਰਦ, ਰੂਪ ਰੰਗ ਕੀ ਨਜ਼ਰੀ ਆਈਆ । ਨਾਨਕ ਕਿਹਾ ਜਿਸ ਨੂੰ ਛੁਰੀ ਕੱਟੇ ਕੋਈ ਨਾ ਕਰਦ, ਕਤਲਗਾਹ ਵਿਚ ਕਾਤਲ ਮਕਤੂਲ ਰੂਪ ਨਾ ਕੋਇ ਵਟਾਈਆ । ਉਹ ਸਭ ਦੀ ਲੈ ਕੇ ਆਵੇ ਫ਼ਰਦ, ਪਿਛਲੇ ਲੇਖੇ ਵੇਖ ਵਖਾਈਆ । ਬਗ਼ਲੀਏ ਤੇਰੀ ਜ਼ਰੂਰ ਮਨਜ਼ੂਰ ਕਰੇ ਅਰਜ਼, ਖ਼ਾਹਿਸ਼ ਆਪਣੀ ਝੋਲੀ ਪਾਈਆ । ਬਗ਼ਲੀ ਕਹੇ ਨਾਨਕ ਮੈਨੂੰ ਫੜਦੇ ਸਦਾ ਮੰਗਤੇ, ਭਿਖਾਰੀ ਦਰ ਦਰ ਅਲਖ ਜਗਾਈਆ । ਨਾਨਕ ਕਿਹਾ ਓ ਕਮਲੀਏ ਨਹੀਂ ਤੇਰੇ ਵਿਚ ਉਹ ਰੰਗ ਰੰਗਤੇ, ਜਿਨ੍ਹਾਂ ਦਾ ਰੰਗ ਨਾ ਕੋਇ ਬਦਲਾਈਆ । ਓ ਤੇਰਾ ਲਹਿਣਾ ਨਾਲ ਪ੍ਰਭੂ ਦੀ ਸੰਗਤੇ, ਜਿਨ੍ਹਾਂ ਦੀ ਭਿੱਛਿਆ ਨਾ ਕੋਇ ਬਦਲਾਈਆ । ਕੋਟਨ ਕੋਟ ਗੁਰੂ ਅਵਤਾਰ ਪੈਗ਼ੰਬਰ ਜੰਮਦੇ, ਜੰਮ ਕੇ ਮਰ ਕੇ ਫੇਰ ਓਸੇ ਵਿਚ ਸਮਾਈਆ । ਕੋਈ ਦਿਨ ਵਣਜਾਰੇ ਹੁੰਦੇ ਦਮ ਦੇ, ਸਾਹ ਸਾਹ ਨਾਲ ਢੋਲੇ ਗਾਈਆ । ਇਹ ਖੇਲ ਓਸ ਪ੍ਰਭੂ ਦੇ ਕੰਮ ਦੇ, ਜੋ ਕਾਮਨਾ ਸਭ ਦੀ ਵੇਖ ਵਖਾਈਆ । ਤੇਰਾ ਲੇਖਾ ਓਸ ਵੇਲੇ ਜਿਸ ਵੇਲੇ ਭਗਤਾਂ ਦੇ ਲੇਖੇ ਮੁਕੌਣੇ ਗ਼ਮ ਦੇ, ਪਹਿਲੋਂ ਹੱਥ ਨਾ ਕਿਸੇ ਫੜਾਈਆ । ਤੈਨੂੰ ਸਾਰੇ ਕਿੱਲੀਆਂ ਦੇ ਉਤੇ ਰਹੇ ਟੰਗਦੇ, ਮੈਂ ਭਗਤਾਂ ਦੇ ਅੰਦਰ ਦੇਣੀ ਲੁਕਾਈਆ । ਜਿਥੇ ਪਰਕਾਸ਼ ਨਹੀਂ ਸੂਰਜ ਚੰਦ ਦੇ, ਤਾਰਿਆਂ ਦੀ ਲੋੜ ਨਜ਼ਰ ਨਾ ਆਈਆ । ਜੇ ਵੇਖੇਂ ਤੇ ਵੇਖੇਂ ਖੇਲ ਓਸ ਪਾਰਬ੍ਰਹਮ ਦੇ, ਜੋ ਬ੍ਰਹਮ ਨੂੰ ਰਿਹਾ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਬਗ਼ਲੀ ਕਹੇ ਸਤਿਗੁਰ ਨਾਨਕ ਮੈਂ ਕਾਲੀ, ਕਲਜੁਗ ਕਾਲਾ ਟਿੱਕਾ ਦਿਤਾ ਲਗਾਈਆ । ਜਿਸ ਘਰ ਜਾਵਾਂ ਕੁੱਤੇ ਭੌਂਕਣ ਤੇ ਬੱਚੇ ਕੱਢਣ ਗਾਲੀ, ਤੇ ਸਾਰੇ ਗ਼ੁੱਸੇ ਨਾਲ ਖ਼ੈਰ ਮੇਰੇ ਵਿਚ ਪਾਈਆ । ਮੈਂ ਘਰ ਘਰ ਦੀ ਬਣਾਂ ਸਵਾਲੀ, ਫਿਰਾਂ ਥਾਉਂ ਥਾਈਂਆ । ਨਾਨਕ ਕਿਹਾ ਮੇਰੇ ਪ੍ਰਭ ਦੀ ਚਾਲ ਨਿਰਾਲੀ, ਜੁਗ ਜੁਗ ਵੇਸ ਵਟਾਈਆ । ਫਲ ਵੇਖੇ ਪੱਤ ਡਾਲੀ, ਲੱਖ ਚੁਰਾਸੀ ਫੋਲ ਫੁਲਾਈਆ । ਤੈਨੂੰ ਦੱਸਾਂ ਇਕ ਬਾਤ ਸੁਖਾਲੀ, ਸਹਿਜੇ ਦਿਆਂ ਸਮਝਾਈਆ । ਜਿਸ ਵੇਲੇ ਪ੍ਰਭ ਭਗਤਾਂ ਦੇ ਅੰਦਰ ਆਪਣੇ ਨੂਰ ਦੀ ਚਾੜ੍ਹਨੀ ਲਾਲੀ, ਨਾਮ ਦਾ ਰੰਗ ਰੰਗਾਈਆ । ਓਸ ਵੇਲੇ ਤੂੰ ਵੀ ਦਰ ਤੇ ਬਣੀਂ ਸਵਾਲੀ, ਆਪਣਾ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਕਫ਼ਨੀ ਕਹੇ ਜਨ ਭਗਤੋ ਮੈਂ ਆ ਗਈ ਭੱਜੀ, ਭਜਨ ਬੰਦਗੀ ਦਾ ਪੰਧ ਮੁਕਾਈਆ । ਗੁਰਮੁਖਾਂ ਦੀ ਵੇਖੀ ਸੰਗਤ ਸੱਜੀ, ਸਜਰਾ ਰਾਹ ਤਕਾਈਆ । ਪਹਿਲੋਂ ਦਰਸ਼ਨ ਕਰ ਕੇ ਰੱਜੀ, ਬਿਨਾ ਅੱਖ ਤੋਂ ਅੱਖ ਉਠਾਈਆ । ਫੇਰ ਭੋਜਨ ਖਾ ਕੇ ਰੱਜੀ, ਜਿਹੜਾ ਚਾਰ ਜੁਗ ਨਾ ਕੋਇ ਖਵਾਈਆ । ਮੁਹੱਬਤ ਵਿਚ ਬੱਝੀ, ਨਿਊਂ ਨਿਊਂ ਸੀਸ ਨਿਵਾਈਆ । ਇਹ ਵੇਖੋ ਅੰਤ ਤੇ ਆਈ ਚੌਧਵੀਂ ਸਦੀ, ਸੱਦਾ ਦੇ ਕੇ ਰਹੀ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਿਸੇ ਦੀ ਰਹਿਣੀ ਨਹੀਂ ਕੋਈ ਗੱਦੀ, ਗਦਾਗਰ ਹੋਵੇ ਲੋਕਾਈਆ । ਨਾਮ ਦੀ ਦੇਵੇ ਕੋਈ ਨਾ ਵੱਢੀ, ਵੱਢੀ ਖਾਣ ਵਾਲੇ ਸਾਰੇ ਦੇਣੇ ਮੁਕਾਈਆ ।

੩੦੭

ਮੈਂ ਫਿਰਾਂ ਉਚੀ ਅੱਡੀ, ਭੱਜਾਂ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਬਗ਼ਲੀ ਕਹੇ ਮੇਰੇ ਵਿਚ ਕੋਈ ਨਹੀਂ ਦਾਣਾ ਆਟਾ, ਖ਼ਾਲੀ ਅੰਦਰੋਂ ਬਾਹਰੋਂ ਨਜ਼ਰੀ ਆਈਆ । ਜਨ ਭਗਤੋ ਤੁਹਾਡਾ ਪ੍ਰਭੂ ਤੋਂ ਪੂਰਾ ਕਰਾਵਾਂ ਘਾਟਾ, ਘਾਟੇ ਵਿਚੋਂ ਹਿੱਸਾ ਮੇਰੇ ਵਿਚ ਦੇਣਾ ਟਿਕਾਈਆ । ਬਗ਼ਦਾਦ ਦੀ ਵਿਛੜੀ ਕੱਟਦੀ ਰਹੀ ਵਾਟਾਂ, ਨਾਨਕ ਨਿਰਗੁਣ ਨਿਰਵੈਰ ਨਾਲ ਦਿਤਾ ਮਿਲਾਈਆ । ਵੇਂਹਦੀ ਰਹੀ ਇਹ ਰਾਤਾਂ, ਨੈਣਾਂ ਅੱਖ ਖੁਲ੍ਹਾਈਆ । ਜੋ ਅਰਜਨ ਦੱਸੀਆਂ ਬਾਤਾਂ, ਬਿਨ ਅੱਖਰਾਂ ਲੇਖ ਲਿਖਾਈਆ । ਸੋ ਸਚ ਸਚ ਆਖਾਂ, ਤੁਹਾਨੂੰ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਬਗ਼ਲੀ ਕਹੇ ਮੈਂ ਕਦੀ ਨਹੀਂ ਆਈ ਜਗ, ਪ੍ਰਭੂ ਹੱਥ ਨਾ ਕਦੇ ਉਠਾਈਆ । ਸਦਾ ਰਹੀ ਅੱਡ, ਵੱਖਰਾ ਖੇਲ ਖਿਲਾਈਆ । ਜਨ ਭਗਤੋ ਕੱਪੜਿਆਂ ਦੀ ਬਗ਼ਲੀ ਦਿਓ ਛੱਡ, ਜਗਤ ਵਾਸਨਾ ਨਾ ਕੋਇ ਵਧਾਈਆ । ਆਪਣੇ ਅੰਤਰ ਆਤਮਾ ਦੀ ਝੋਲੀ ਦਿਓ ਅੱਡ, ਪਰਮਾਤਮਾ ਆਪੇ ਵਸਤ ਦਏ ਟਿਕਾਈਆ । ਜੇ ਤੁਸੀਂ ਨਹੀਂ ਲੱਭ ਸਕੇ ਤੇ ਓਨ ਤੁਹਾਨੂੰ ਲਿਆ ਲੱਭ, ਵਿਛੜਿਆਂ ਮੇਲ ਮਿਲਾਈਆ । ਹੁਣ ਮੰਗਣ ਦੀ ਖ਼ਤਮ ਹੋ ਜਾਏ ਹੱਦ, ਅਨਮੰਗੀ ਦੌਲਤ ਝੋਲੀ ਪਾਈਆ । ਤੁਸੀਂ ਓਸ ਪ੍ਰਭੂ ਦੀ ਯਦ, ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਅੱਗੇ ਰਹਿਣ ਨਾ ਦੇਵੇ ਵਿਚ ਅੰਧੇਰੀ ਖੱਡ, ਫੜ ਕੇ ਬਾਹੋਂ ਪਾਰ ਕਰਾਈਆ । ਜਿਸ ਕਾਰਨ ਲਏ ਸੱਦ, ਸੋ ਸੰਦੇਸ਼ਾ ਰਹੀ ਸੁਣਾਈਆ । ਸਭ ਦੇ ਪੜਦੇ ਲਵੇ ਕੱਜ, ਬਗ਼ਲਗੀਰ ਆਪ ਹੋ ਜਾਈਆ । ਜੇ ਮੰਗਣ ਦੀ ਨਹੀਂ ਜਾਚ, ਬਗ਼ਲੀ ਕਹੇ ਮੈਥੋਂ ਸਿੱਖੋ ਅੱਜ, ਚਾਰੇ ਕੰਨੀਆਂ ਅੱਗੇ ਡਾਹੀਆ । ਵੇਖਿਓ ਭੁਲੇਖੇ ਵਿਚ ਕੋਈ ਕਰਿਓ ਨਾ ਅੱਜ ਪੱਜ, ਭਰਮ ਦਾ ਭਾਂਡਾ ਲੈਣਾ ਭੰਨਾਈਆ । ਤੁਹਾਨੂੰ ਜਦੋਂ ਮਿਲੇ ਉਪਰ ਸ਼ਾਹ ਰਗ, ਨੌਂ ਦਵਾਰੇ ਦਾ ਡੇਰਾ ਢਾਹੀਆ । ਇਹੋ ਜਿਹਾ ਵੇਲਾ ਕਦੇ ਨਹੀਂ ਕਿਸੇ ਦੇ ਆਇਆ ਹੱਥ, ਜੰਗਲ ਜੂਹ ਉਜਾੜ ਪਹਾੜ ਟਿੱਲੇ ਪਰਬਤ ਸਾਰੇ ਦੇਣ ਦੁਹਾਈਆ । ਤੁਹਾਡੀ ਬੁਝਾਵੇ ਆਪ ਅਗਨੀ ਅੱਗ, ਅੰਮ੍ਰਿਤ ਮੇਘ ਬਰਸਾਈਆ । ਤੁਸੀਂ ਉਹ ਮਾਣਕ ਮੋਤੀ ਹੀਰੇ ਨਗ, ਜੋ ਨਾਨਕ ਨਿਰਗੁਣ ਸਰਗੁਣ ਗਿਆ ਸਮਝਾਈਆ । ਸਾਰੀ ਸ੍ਰਿਸ਼ਟੀ ਤੋਂ ਪੜਦਾ ਲਿਆ ਕੱਜ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨਕਾਬ ਕਹੇ ਮੈਂ ਪਾਇਆ ਪੜਦਾ, ਪਰਦਾਨਸ਼ੀਂ ਨਜ਼ਰ ਕਿਸੇ ਨਾ ਆਈਆ । ਜਗਤ ਜਹਾਨ ਵੇਖਿਆ ਸੜਦਾ, ਸ੍ਰਿਸ਼ਟੀ ਰਹੀ ਕੁਰਲਾਈਆ । ਮੈਂ ਹੈਰਾਨ ਹੋ ਗਈ ਜਿਸ ਵੇਲੇ ਭਗਤਾਂ ਦੇ ਅੰਦਰ ਵੜਦਾ, ਆਪਣਾ ਪੰਧ ਮੁਕਾਈਆ । ਖੇਲ ਅਗੰਮੀ ਕਰਦਾ, ਵਡ ਦਾਤਾ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਨਕਾਬ ਕਹੇ ਮੇਰਾ ਸਮਝੇ ਕੋਈ ਨਾ ਨੁਕਤਾ, ਮੂਸਾ ਈਸਾ ਮੁਹੰਮਦ ਅੱਖ ਨਾ ਕੋਇ ਖੁਲ੍ਹਾਈਆ । ਜਿਥੇ ਸਭ ਦੀ ਮੰਜ਼ਲ ਦਾ ਪੈਂਡਾ ਮੁੱਕਦਾ, ਓਥੇ ਮੇਰੀ ਹੋਏ ਚੜ੍ਹਾਈਆ । ਮੇਰਾ ਲਹਿਣਾ ਓਸ ਉਸ ਦਾ, ਜਿਸ ਦੀ ਉਸਤੱਤ ਕਰ ਕੇ ਸਾਰੇ ਰਹੇ ਗਾਈਆ । ਹੁਣ ਪੜਦਾ ਓਹਲਾ ਨਹੀਂ ਰਹਿਣਾ ਲੁੱਕ ਦਾ, ਹੁਕਮ ਧੁਰ ਦਾ ਦੇਣਾ ਸੁਣਾਈਆ । ਜੋ ਪ੍ਰਭੂ ਨਾਲੋਂ ਰੁੱਸਦਾ, ਰੁਸਿਆਂ ਨਾ ਕੋਇ ਮਨਾਈਆ । ਨਕਾਬ ਕਹੇ ਬੇਨਕਾਬਾਂ ਨੂੰ ਆਪੇ ਪੁੱਛਦਾ, ਜਿਨ੍ਹਾਂ ਲੋਕ ਲੱਜਿਆ ਦਿਤੀ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਘਰ ਆਪ ਵਸਾਈਆ । ਨਕਾਬ ਕਿਹਾ ਮੈਂ ਆਈ ਮੁਹੰਮਦ ਦੀ ਉਤੇ ਅੱਖ, ਪੜਦਾ ਨੂਰ ਵਾਲਾ ਚਮਕਾਈਆ । ਪੁੱਠਾ ਦਿਤਾ ਪਲੱਟ, ਧਰਨੀ ਉਤੇ ਸਵਾਈਆ । ਖ਼ੁਦਾ ਦਾ ਨੂਰ ਹੋਇਆ ਪਰਤੱਖ, ਜਲਵਾ ਇਕ ਰੁਸ਼ਨਾਈਆ । ਸੰਦੇਸ਼ਾ ਦਿਤਾ ਹੱਕ, ਹਕੀਕਤ ਵਿਚੋਂ ਪੜ੍ਹਾਈਆ । ਮੁਹੰਮਦਾ ਸਦੀ ਚੌਧਵੀਂ ਵਲ ਤੱਕ, ਤਕੱਬਰ ਰਹੇ ਨਾ ਰਾਈਆ । ਪਿਛਲਾ ਹੁਕਮ ਹੋਣਾ ਫੱਕ, ਫ਼ੈਸਲਾ ਇਕ ਸੁਣਾਈਆ । ਮਾਲਗੁਜ਼ਾਰੀ ਰਹੇ ਕੋਈ ਨਾ ਟੱਕ, ਚੌਦਾਂ ਤਬਕਾਂ ਡੇਰਾ ਢਾਹੀਆ । ਮੱਥੇ ਉਤੇ ਮਾਰ ਕੇ

੩੦੮

੩੦੯

ਸੱਟ, ਠੋਕਰ ਦਿਤੀ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਸਮਝਾਈਆ । ਨਕਾਬ ਕਹੇ ਮੈਂ ਕਦੇ ਨਾ ਆਉਂਦੀ ਕਿਸੇ ਦੇ ਮੁੱਖ, ਬੁਰਕੇ ਜਗਤ ਵਾਲੇ ਲੁਕਾਈਆ । ਮੇਰੀ ਸਾਰੇ ਸੁੱਖਣਾ ਗਏ ਸੁੱਖ, ਪ੍ਰਭ ਅੱਗੇ ਵਾਸਤਾ ਪਾਈਆ । ਜਿਸ ਈਸਾ ਨੇ ਆਪਣਾ ਆਪ ਮੰਨਿਆਂ ਖ਼ੁਦਾ ਦਾ ਸੁਤ, ਮਰੀਆ ਮਰਹੂਮ ਮਹਿਰਮ ਇਕ ਜਣਾਈਆ । ਓਸ ਨੂੰ ਲੱਗਾ ਦੁੱਖ, ਦਰਦ ਦਰਦ ਵਿਚ ਰਖਾਈਆ । ਜਿਸ ਵੇਲੇ ਫਾਸੀ ਦੇ ਫੱਟੇ ਤੋਂ ਲਿਆ ਚੁੱਕ, ਸਲੀਬ ਦੀ ਤਰਤੀਬ ਨਾ ਕਿਸੇ ਸਮਝਾਈਆ । ਨਿਰਗੁਣ ਧਾਰੋਂ ਆਪੇ ਉਠ, ਨਿਰਵੈਰ ਵੇਸ ਵਟਾਈਆ । ਸ਼ੇਰ ਵਾਂਗੂੰ ਬੁੱਕ, ਭਬਕ ਇਕ ਲਗਾਈਆ । ਓਸ ਵੇਲੇ ਈਸਾ ਕਿਹਾ ਤੂੰ ਮੇਰਾ ਮੈਂ ਤੇਰਾ ਇਹੋ ਪੜ੍ਹੀ ਤੁੱਕ, ਆਪਣਾ ਪੜਦਾ ਨਕਾਬ ਵਾਲਾ ਪਾਈਆ । ਬਿਨਾ ਸਜਦਿਆਂ ਤੋਂ ਸੀਸ ਗਿਆ ਝੁਕ, ਝੁਕਿਆਂ ਫੇਰ ਨਾ ਕੋਇ ਉਠਾਈਆ । ਓਸ ਵੇਲੇ ਓਸ ਕਿਹਾ ਜਿਸ ਵੇਲੇ ਬਦਲ ਕੇ ਆਵੇਂ ਆਪਣਾ ਰੁਖ਼, ਰੁਖ਼ਸਤ ਸਾਨੂੰ ਦੇਣੀ ਕਰਾਈਆ । ਪਰਵਰਦਿਗਾਰ ਸਾਂਝੇ ਯਾਰ ਤੂੰ ਨਾ ਮਾਨਸ ਤੇ ਨਾ ਮਾਨੁਖ, ਦੇਹੀ ਸਨੇਹੀ ਤੇਰਾ ਰੂਪ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਚੌਥੀ ਧਾਰ ਰਿਹਾ ਪੁਛ, ਪੜ੍ਹ ਕੇ ਦੇਣਾ ਸੁਣਾਈਆ । ਸਾਢੇ ਤਿੰਨ ਸਫ਼ੇ ਦੀ ਕੱਢ ਲਓ ਕਾਪੀ, ਜਿਸ ਦੀ ਕਾਪੀ ਨਾ ਕੋਇ ਕਰਾਈਆ । ਗੁਰੂ ਗ੍ਰੰਥ ਲਿਖਣ ਲੱਗਿਆਂ ਅਰਜਨ ਨੇ ਛੱਡ ਦਿਤੇ ਸੀ ਪਾਪੀ, ਪ੍ਰਭ ਦੇ ਅੱਗੇ ਵਾਸਤਾ ਪਾਈਆ । ਮੈਂ ਭਗਤਾਂ ਦਾ ਸਾਥੀ, ਗੁਰਮੁਖਾਂ ਦਾ ਜੋੜ ਜੁੜਾਈਆ । ਸਾਹਿਬ ਸਤਿਗੁਰ ਮੰਨ ਕੇ ਆਖੀ, ਧੁਰ ਸੰਦੇਸ਼ਾ ਇਕ ਅਲਾਈਆ । ਅਰਜਨ ਇਹ ਮੇਰੀ ਰਹਿਣ ਦੇ ਬਾਕੀ, ਬਾਕੀ ਨਵੀਸ ਇਕ ਅਖਵਾਈਆ । ਜਿਸ ਵੇਲੇ ਆਪ ਆਵਾਂ ਇਤਫ਼ਾਕੀ, ਇਤਫ਼ਾਕੀਆ ਫੇਰਾ ਪਾਈਆ । ਸਭ ਦਾ ਬਣਾਂ ਸਾਥੀ, ਹਿੰਦੂ ਮੁਸਲਿਮ ਸਿੱਖ ਈਸਾਈ ਵੰਡ ਨਾ ਕੋਇ ਵੰਡਾਈਆ । ਮੈਂ ਮਾਲਕ ਪ੍ਰਿਤਪਾਲਕ ਖ਼ਾਲਕ ਸਭ ਦੀ ਮੁਆਫ਼ ਕਰਾਂ ਗੁਸਤਾਖ਼ੀ, ਜੋ ਚਰਨ ਕਵਲ ਸੀਸ ਨਿਵਾਈਆ । ਮਿਹਰ ਨਿਗਾਹ ਨਾਲ ਬਦਲ ਦੇਵਾਂ ਹਯਾਤੀ, ਹਯਾ ਸ਼ਰਮ ਰਹੇ ਕੋਇ ਨਾ ਰਾਈਆ । ਮੇਰਾ ਖੇਲ ਨਹੀਂ ਕੋਈ ਨਬਾਤਾਤੀ, ਮਿਹਰਵਾਨ ਮਿਹਰ ਨਜ਼ਰ ਟਿਕਾਈਆ । ਗੁਰ ਅਰਜਨ ਬਣ ਕੇ ਦਾਸ ਦਾਸੀ, ਸੀਸ ਜਗਦੀਸ ਦਿਤਾ ਝੁਕਾਈਆ । ਓਸੇ ਵੇਲੇ ਨਿਰਗੁਣ ਜੋਤ ਪਰਕਾਸ਼ੀ, ਦੋ ਜਹਾਨਾਂ ਹੋਈ ਰੁਸ਼ਨਾਈਆ । ਲੱਖ ਚੁਰਾਸੀ ਵਿਚੋਂ ਅਰਜਨ ਨੂੰ ਕੋਈ ਨਾ ਦਿਸਿਆ ਪਾਪੀ, ਸਭ ਦੇ ਅੰਦਰ ਬੈਠਾ ਬੇਪਰਵਾਹੀਆ । ਜਿਧਰ ਵੇਖੇ ਵੱਡ ਪਰਤਾਪੀ, ਸ਼ਹਿਨਸ਼ਾਹ ਇਕ ਅਖਵਾਈਆ । ਚੀਊਂਟੀ ਹਾਥੀ ਦੀ ਕਰੇ ਰਾਖੀ, ਵਿਸ਼ਨ ਬ੍ਰਹਮਾ ਸ਼ਿਵ ਸਭ ਨੂੰ ਉਂਗਲੀ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਅਰਜਨ ਕਹੇ ਮੈਂ ਛੱਡੇ ਸਾਢੇ ਤਿੰਨ ਸਫ਼ੇ, ਲੇਕਿਨ ਸਾਢੇ ਤਿੰਨ ਸਫ਼ੇ ਵੰਡ ਨਾ ਕੋਇ ਵੰਡਾਈਆ । ਕਿਉਂ, ਸਾਢੇ ਤਿੰਨ ਹੱਥ ਵਿਚ ਮਿਲਦੇ ਪ੍ਰਭੂ ਦੇ ਨਾਮ ਦੇ ਗੱਫ਼ੇ, ਜੋ ਮੁਫ਼ਤ ਦਏ ਵਰਤਾਈਆ । ਜਗਤ ਭੁੱਖੇ ਚਨਿਆਂ ਦੇ ਮਾਰਦੇ ਫੱਕੇ, ਗੁਰਮੁਖ ਅੰਮ੍ਰਿਤ ਜਾਮ ਪੀ ਪੀ ਖ਼ੁਸ਼ੀ ਬਣਾਈਆ । ਅਰਜਨ ਤੱਕਿਆ ਪ੍ਰਭੂ ਦਵਾਰੇ ਪਾਪੀ ਅਪਰਾਧੀ ਭਗਤ ਸੰਤ ਸਾਰੇ ਭਾਈ ਸਕੇ, ਜੋ ਚਲ ਕੇ ਆਵਣ ਸਰਨਾਈਆ । ਜਿਨ੍ਹਾਂ ਦੇ ਸਿਰ ਉਤੇ ਹੱਥ ਰੱਖੇ, ਪੁਸ਼ਤ ਪਨਾਹ ਆਪ ਟਿਕਾਈਆ । ਉਹ ਓਸ ਦਵਾਰੇ ਵਸੇ, ਜਿਸ ਘਰ ਇਕੋ ਜੋਤ ਨੂਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਾਢੇ ਤਿੰਨ ਸਫੇ ਕਹਿਣ ਸਾਡੀ ਕਿਸੇ ਨਾ ਕੀਤੀ ਵੰਡ, ਵੰਡਣ ਵਾਲਾ ਨਜ਼ਰ ਕੋਇ ਨਾ ਆਈਆ । ਅਰਜਨ ਦੇ ਅੱਗੇ ਅਸਾਂ ਪਾਈ ਡੰਡ, ਰੋ ਰੋ ਦਿਤਾ ਸੁਣਾਈਆ । ਕਿਉਂ, ਕਰਵਟ ਬਦਲੀ ਕੰਡ, ਮੁਖ ਲਿਆ ਭਵਾਈਆ । ਅਰਜਨ ਕਿਹਾ ਤੁਹਾਡੇ ਉਤੇ ਉਹ ਆਉਣਾ ਛੰਦ, ਜਿਸ ਦਾ ਬੰਦ ਨਾ ਕੋਇ ਬਣਾਈਆ । ਪਾਪੀਆਂ ਨੇ ਓਸ ਦਵਾਰੇ ਜਾਣਾ ਲੰਘ, ਜਿਥੇ ਵਿਸ਼ਨ ਬ੍ਰਹਮਾ ਸ਼ਿਵ ਸੀਸ ਨਿਵਾਈਆ । ਦਰਸ਼ਨ ਕੀਤਿਆਂ ਦਰਸੀ ਦੇ ਪੈ ਜਾਏ ਠੰਡ, ਆਦਰਸ਼ੀ ਇਕੋ ਵੇਖ ਵਖਾਈਆ ।

ਸਾਢੇ ਤਿੰਨ ਹੱਥ ਸਭ ਨੂੰ ਪੈ ਜਾਏ ਗੰਢ, ਸਾਢੇ ਤਿੰਨ ਹੱਥ ਦੀ ਨਿਸ਼ਾਨੀ ਦਏ ਬਣਾਈਆ । ਸਾਢੇ ਤਿੰਨ ਹੱਥ ਦਾ ਨਿਸ਼ਾਨਾ ਦੇਵੇ ਟੰਗ, ਜਿਸ ਨੂੰ ਬ੍ਰਹਿਮੰਡ ਖੰਡ ਸੀਸ ਨਿਵਾਈਆ । ਸਾਢੇ ਤਿੰਨ ਸਫ਼ਿਓ ਤੁਹਾਡੇ ਲੇਖੇ ਦੇ ਪਿਛੋਂ ਸ੍ਰਿਸ਼ਟੀ ਵਿਚ ਹੋ ਜਾਏ ਜੰਗ, ਝਗੜਾ ਨਾ ਕੋਇ ਮੁਕਾਈਆ । ਭਗਤਾਂ ਨੂੰ ਚੜ੍ਹੇ ਰੰਗ, ਆਤਮ ਵੱਜੇ ਵਧਾਈਆ । ਪ੍ਰਭੂ ਸੌਂ ਜਾਏ ਅੰਦਰ ਆਤਮਾ ਦੀ ਸੇਜ ਪਲੰਘ, ਸੋਹਣਾ ਆਸਣ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਕਿਤਾਬ ਕਹੇ ਮੇਰੇ ਸਫ਼ੇ ਸਾਢੇ ਤਿੰਨ, ਤਿੰਨ ਲੋਕ ਧਿਆਨ ਲਗਾਈਆ । ਮੈਂ ਵਕਤ ਲੰਘਾਏ ਗਿਣ ਗਿਣ, ਦਿਨੇ ਰਾਤੀਂ ਨੀਂਦ ਕਦੇ ਨਾ ਆਈਆ । ਜਗਤ ਵੇਖੇ ਪੈਮਾਇਸ਼ਾਂ ਤੋਂ ਬਿਨਾ ਮਿਣ ਮਿਣ, ਸਤਿਜੁਗ ਤਰੇਤਾ ਦੁਆਪਰ ਕਲਜੁਗ ਭੱਜੇ ਵਾਹੋ ਦਾਹੀਆ । ਪ੍ਰਭ ਦਾ ਖੇਲ ਹੋਣਾ ਕਿਹੜੇ ਛਿੰਨ, ਸ਼ੰਕਰ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਸਫ਼ੇ ਕਹਿਣ ਅਸਾਂ ਵੇਖਿਆ ਪ੍ਰਭ ਦਾ ਓਹਲਾ, ਓਹਲੇ ਬਹਿ ਕੇ ਖੇਲ ਖਿਲਾਈਆ । ਜਿਸ ਨੇ ਭਗਤ ਪਿਆਰ ਦਾ ਚਿੱਟਾ ਪੌਣਾ ਚੋਲਾ, ਭਗਵਨ ਆਪਣਾ ਰੰਗ ਵਖਾਈਆ । ਪੂਰਬ ਉਧਾਰ ਤੇ ਪਿਛਲਾ ਲਹਿਣਾ ਸਵਰਨ ਨਾਨਕ ਨਾਲ ਹੁੰਦਾ ਸੀ ਤੋਲਾ, ਸੌਦਾ ਤੱਕੜੀ ਵਿਚ ਟਿਕਾਈਆ । ਇਕ ਦਿਨ ਤੋਲਦਿਆਂ ਤੋਲਦਿਆਂ ਨਾਨਕ ਦਾ ਫੜ ਲਿਆ ਡੌਲਾ, ਬਸ ਬਸ ਦੀ ਆਵਾਜ਼ ਸੁਣਾਈਆ । ਨਾਨਕ ਹੁਲਾਰਾ ਮਾਰਿਆ ਤੇ ਛਾਬਾ ਭਰਿਆ ਹੋ ਗਿਆ ਹੌਲਾ, ਵਸਤ ਹੋਰ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਉਠਾਈਆ । ਨਾਨਕ ਕਿਹਾ ਮੇਰੀ ਤੱਕੜੀ ਨੂੰ ਬੰਨ੍ਹ ਦੇ ਬੋਦੀ, ਚਿੱਟਾ ਰੰਗ ਰਖਾਈਆ । ਹੁਣ ਮੈਂ ਵੇਦੀ ਤੇ ਫੇਰ ਹੋਵਾਂ ਸੋਢੀ, ਮੇਰੀ
 ਬੇਪਰਵਾਹੀਆ । ਹੁਣ ਮੈਂ ਭੇਖੀ ਤੇ ਜੋਗੀ, ਫੇਰ ਸ਼ਹਿਨਸ਼ਾਹ ਅਖਵਾਈਆ । ਸਮਝੇ ਨਾ ਕੋਇ ਲੋਕ ਪਰਲੋਕੀ, ਭੇਵ ਕਿਸੇ ਨਾ ਆਈਆ । ਤੋਲੇ ਕਿਹਾ ਕੀ ਮੈਨੂੰ ੩੧੦
ਵੀ ਦੇਵੇਂ ਸੋਝੀ, ਮੇਰੀ ਅੱਖ ਖੁਲ੍ਹਾਈਆ । ਨਾਨਕ ਕਿਹਾ ਮੇਰੇ ਹੱਥ ਲਾ ਗੋਡੀਂ, ਸਿਰ ਗੋਡਿਆਂ ਵਿਚ ਰਖਾਈਆ । ਤੈਨੂੰ ਓਸ ਬਾਗ਼ ਦੀ ਬਣਾਵਾ ਡੋਡੀ, ਜਿਥੇ ਭਗਤ ਭਗਵਾਨ ਮਹਿਕਾਈਆ । ਧਰਮ ਦਾ ਕਰ ਸੰਜੋਗੀ, ਮੇਲਾ ਲਵਾਂ ਮਿਲਾਈਆ । ਪ੍ਰੇਮ ਦਾ ਬਣ ਕੇ ਮੌਜੀ, ਮਜਲਸ ਦਿਆਂ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਤੋਲੇ ਕਿਹਾ ਕੁਛ ਮੇਰਾ ਦੱਸ ਪਤਾ ਨਿਸ਼ਾਨੀ, ਕਿਸ ਬਿਧ ਮੇਲਾ ਲਏਂ ਮਿਲਾਈਆ । ਨਾਨਕ ਕਿਹਾ ਇਹ ਓਸ ਦੀ ਮਿਹਰਵਾਨੀ, ਜੋ ਮਾਲਕ ਮੇਰਾ ਮਾਹੀਆ । ਓਨੇ ਚਿਰ ਨੂੰ ਉਸ ਦੀ ਭੈਣ ਆ ਗਈ ਅੰਞਾਣੀ, ਉਮਰ ਨੌਂ ਸਾਲ ਵਖਾਈਆ । ਹੱਥ ਵਿਚ ਦਵਾਤ ਤੇ ਕਾਨੇ ਵਾਲੀ ਕਾਨੀ, ਨਾਨਕ ਅੱਗੇ ਦਿਤੀ ਟਿਕਾਈਆ । ਬਾਬਾ ਮੈਨੂੰ ਲਿਖ ਕੇ ਦੱਸ ਆਪਣੀ ਕਹਾਣੀ, ਭੁੱਲ ਕਦੇ ਨਾ ਜਾਈਆ । ਨਾਨਕ ਕਿਹਾ ਆ ਮੇਰੀ ਰਾਣੀ, ਦੇਵਾਂ ਮਾਣ ਵਡਿਆਈਆ । ਆਹ ਲੈ ਮੇਰੇ ਚਰਨਾਂ ਦਾ ਠੰਡਾ ਪਾਣੀ, ਅੰਮ੍ਰਿਤ ਦਿਆਂ ਚਖਾਈਆ । ਮੇਰਾ ਪਰਮ ਪੁਰਖ ਸੁਲਤਾਨੀ, ਸ਼ਹਿਨਸ਼ਾਹ ਧੁਰਦਰਗਾਹੀਆ । ਜਿਸ ਵੇਲੇ ਜਲਵਾ ਨੂਰ ਕਰੇ ਨੂਰਾਨੀ, ਨਿਰਗੁਣ ਫੇਰਾ ਪਾਈਆ । ਭਗਤਾਂ ਦੇ ਘਰ ਖਾਵੇ ਮਹਿਮਾਨੀ, ਦਰ ਦਰ ਡੇਰਾ ਲਾਈਆ । ਕਲਜੁਗ ਦੀ ਕੂੜ ਵੇਖੇ ਤੁਗ਼ਿਆਨੀ, ਚਾਰੋਂ ਕੁੰਟ ਫੋਲ ਫੁਲਾਈਆ । ਸਾਚੇ ਨਾਮ ਦੀ ਹੋਵੇ ਹਾਨੀ, ਚਾਰ ਵਰਨ ਲੜਾਈਆ । ਓਸ ਵੇਲੇ ਕਲਾ ਵਰਤੇ ਦੋ ਜਹਾਨੀ, ਜੀਵ ਜਗਤ ਸਮਝ ਕਿਸੇ ਨਾ ਆਈਆ । ਪੁਰਖ ਅਕਾਲ ਖੇਲ ਕਰੇ ਆਸਾਨੀ, ਅਹਿਸਾਨ ਸਿਰ ਨਾ ਕੋਇ ਚੜ੍ਹਾਈਆ । ਤੋਲੇ ਦੀ ਛੋਟੀ ਭੈਣ ਦੋਹਾਂ ਦੀ ਜਵਾਨੀ, ਪ੍ਰੇਮ ਆਪਣੇ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਨੰਨ੍ਹੀ ਕਿਹਾ ਲਿਖ ਦੇ ਨਾਲ ਕਲਮ ਦਵਾਤ, ਬਾਬਾ ਅੱਖਰ ਸੋਹਣਾ ਪਾਈਆ । ਮੇਰੇ ਭਾਈ ਨੂੰ ਨਹੀਂ ਜਾਚ, ਕਿਸ ਬਿਧ ਸਤਿਗੁਰ ਤੋਂ ਮੰਗ ਮੰਗਾਈਆ । ਇਹ ਤੱਕੜੀ ਦੀ ਬੋਦੀ ਨਹੀਂ ਜਾਣੀ ਸਾਥ, ਪੈਸਾ ਧੇਲਾ

ਕੰਮ ਕਿਸੇ ਨਾ ਆਈਆ । ਕੁਝ ਸਾਨੂੰ ਭੈਣ ਭਰਾਵਾਂ ਨੂੰ ਦੇ ਸੌਗ਼ਾਤ, ਵਸਤ ਅਮਲੋਕ ਝੋਲੀ ਪਾਈਆ । ਨਾਨਕ ਮਿਹਰ ਨਿਗਾਹ ਨਾਲ ਲਿਆ ਝਾਕ, ਮੁਹੱਬਤ ਅੱਖ ਉਠਾਈਆ । ਬੱਚਿਓ ਤੁਹਾਡਾ ਪਿਛਲਾ ਲੇਖਾ ਕੀਤਾ ਸਾਫ਼, ਜਨਮ ਦਾ ਗੁਨਾਹ ਰਿਹਾ ਨਾ ਰਾਈਆ । ਅੱਗੇ ਸੁਣੋ ਨਿੱਕੀ ਜਿਹੀ ਬਾਤ, ਤੁਹਾਨੂੰ ਦਿਆਂ ਸਮਝਾਈਆ । ਜਿਸ ਵੇਲੇ ਆਵੇ ਕਲਜੁਗ ਅੰਧੇਰੀ ਰਾਤ, ਸਾਚਾ ਚੰਦ ਨਾ ਕੋਇ ਚਮਕਾਈਆ । ਓਸ ਵੇਲੇ ਹੁਕਮ ਦੇਵਾਂ ਆਪ, ਆਪਣੇ ਹੁਕਮ ਨਾਲ ਪਰਗਟਾਈਆ । ਹੁਣ ਤੁਸੀਂ ਭੈਣ ਭਰਾ ਫੇਰ ਦੋਹਾਂ ਦਾ ਵੱਖਰਾ ਵੱਖਰਾ ਹੋਵੇ ਬਾਪ, ਮਾਈ ਇਕ ਨਾ ਕੋਇ ਜਾਈਆ । ਦੋਹਾਂ ਨੂੰ ਦੱਸ ਕੇ ਆਪਣਾ ਜਾਪ, ਤੂੰ ਮੇਰਾ ਮੈਂ ਤੇਰਾ ਦਿਆਂ ਸਮਝਾਈਆ । ਸ਼ਬਦੀ ਹੁਕਮ ਅੰਦਰ ਆਖ, ਸੰਦੇਸ਼ਾ ਸਚ ਸੁਣਾਈਆ । ਸੰਮਤ ਸ਼ਹਿਨਸ਼ਾਹੀ ਤਿੰਨ ਦੀ ਇੱਕੀ ਮਾਘ ਦੀ ਹੋਣੀ ਰਾਤ, ਨਾਨਕ ਅੰਕ ਦਿਤਾ ਬਣਾਈਆ । ਓ ਤੋਲਿਆ ਹੁਣ ਤੂੰ ਅਨਪੜ੍ਹ ਫੇਰ ਤੈਨੂੰ ਪੜ੍ਹਾ ਕੇ ਜਗਤ ਦੇ ਪਿਛੋਂ ਆਪਣੀ ਜਮਾਤ, ਪੱਟੀ ਦੇਣੀ ਸਮਝਾਈਆ । ਤੇਰੀ ਚਿੱਟੀ ਬੋਦੀ ਦਾ ਚਿੱਟਾ ਚੋਲਾ ਹੋਵੇ ਸਾਥ, ਚਿੱਟੀ ਧਾਰ ਦਏ ਸਮਝਾਈਆ । ਤੇਰੀ ਨਿੱਕੀ ਭੈਣ ਜਿਹੜੀ ਮਰ ਜਾਣੀ ਐਸੇ ਵਿਸਾਖ, ਫੇਰ ਜਨਮ ਵਿਚ ਨਾ ਆਈਆ । ਉਹਦਾ ਬੱਧਕ ਨਾਲ ਨਾਤ, ਕ੍ਰਿਸ਼ਨ ਦਏ ਗਵਾਹੀਆ । ਫੇਰ ਭਗਤਾਂ ਦੀ ਮਿਲੇ ਜਮਾਤ, ਪੁਰਖ ਅਬਿਨਾਸ਼ੀ ਹੋਏ ਸਹਾਈਆ । ਇਹੋ ਕਲਮ ਤੇ ਇਹੋ ਦਵਾਤ, ਫੇਰ ਓਸੇ ਦੇ ਹੱਥ ਫੜਾਈਆ । ਓਸ ਬੱਚੀ ਨੂੰ ਬੱਚਿਆਂ ਵਾਂਗ ਪ੍ਰਭ ਦੇ ਹੁਕਮ ਦੇ ਲਿਖਣ ਦੀ ਹੋਵੇ ਜਾਚ, ਕਲਮ ਸ਼ਾਹੀ ਰੰਗ ਚੜ੍ਹਾਈਆ । ਚਿੱਟਾ ਚੋਲਾ ਕਹੇ ਬੱਧਕ ਦੀ ਬੇਟੀ ਨਾਂ ਜੋਗਿੰਦਰ ਤੇ ਸਵਰਨ ਦੀ ਪਿਛਲੀ ਭੈਣ ਤੇ ਨਾਤਾ ਭਰਾਤ, ਹੁਣ ਤੱਕ ਸਮਝ ਕਿਸੇ ਨਾ ਆਈਆ । ਅਗਲੀ ਖੇਲ ਪੁਰਖ ਅਬਿਨਾਸ਼, ਪਾਰਬ੍ਰਹਮ ਪ੍ਰਭ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲਹਿਣੇ ਸਭ ਦੇ ਰਿਹਾ ਮੁਕਾਈਆ ।


੩੧੧

ਵਿਸ਼ਨ ਬ੍ਰਹਮਾ ਸ਼ਿਵ ਤਿੰਨੇ ਪ੍ਰਭ ਦੇ ਨਿੱਕੇ ਜਿਹੇ ਦੀਵੇ, ਜੁਗ ਚੌਕੜੀ ਸੇਵ ਕਮਾਈਆ । ਜਗਦੇ ਜਗਦੇ ਜਗਦੇ ਲੋਕਮਾਤ ਹੋ ਗਏ ਆ ਕੇ ਨੀਵੇਂ, ਨਿਉਂ ਨਿਉਂ ਸੀਸ ਝੁਕਾਈਆ । ਵਿਸ਼ਨੂੰ ਕਹੇ ਓ ਬ੍ਰਹਮੇ ਹੁਣ ਅੰਮ੍ਰਿਤ ਰਸ ਕਿਥੋਂ ਪੀਵੇਂ, ਸ਼ੰਕਰ ਲੈ ਹਿਲਾਈਆ । ਸ਼ੰਕਰ ਕਿਹਾ ਮੈਂ ਵੇਖਿਆ ਉਹਦੇ ਭਗਤ ਹੋ ਗਏ ਖੀਵੇ, ਮਸਤੀ ਵਿਚ ਸਰਨਾਈਆ । ਜਿਹੜਾ ਏਸ ਦੇ ਚਰਨਾਂ ਥੀਵੇ, ਮਸਤਕ ਧੂੜ ਰਮਾਈਆ । ਉਹ ਆਦਿ ਜੁਗਾਦਿ ਜੀਵੇ, ਨਾ ਮਰੇ ਨਾ ਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਾਡਾ ਪਰਕਾਸ਼ ਹੋਇਆ ਮੱਧਮ, ਮੱਦਦ ਇਕੋ ਮੰਗ ਮੰਗਾਈਆ । ਜਿਸ ਦੇ ਗੁਰ ਅਵਤਾਰ ਪੈਗ਼ੰਬਰ ਚੁੰਮਦੇ ਕਦਮ, ਨਿਉਂ ਨਿਉਂ ਸੀਸ ਨਿਵਾਈਆ । ਉਸ ਦਾ ਰੂਪ ਰੰਗ ਰੇਖ ਸਮਝੇ ਕੋਈ ਨਾ ਬਦਨ, ਜੋਤੀ ਜਾਤਾ ਧੁਰਦਰਗਾਹੀਆ । ਜੋ ਭਗਤਾਂ ਆਇਆ ਸੱਦਣ, ਹੁਕਮੇ ਹੁਕਮ ਸੁਣਾਈਆ । ਹੈਰਾਨ ਹੋ ਕੇ ਵਿਸ਼ਨੂੰ ਕਹਿੰਦਾ ਓ ਬ੍ਰਹਮੇ ਓ ਸ਼ੰਕਰ ਵੇਖ ਅੱਗ ਲੱਗੀ ਲੱਗਣ, ਸਕੇ ਨਾ ਕੋਇ ਬੁਝਾਈਆ । ਗੁਰ ਅਵਤਾਰ ਪੈਗ਼ੰਬਰ ਆਪਣੇ ਹੁਕਮ ਲੱਗੇ ਤੱਜਣ, ਪੱਲੂ ਰਹੇ ਛੁਡਾਈਆ । ਸਾਚੀ ਧੂੜੀ ਮਿਲੇ ਕਿਸੇ ਨਾ ਮਜਨ, ਦੁਰਮਤ ਮੈਲ ਨਾ ਕੋਇ ਧਵਾਈਆ । ਤੱਤੀ ਵਾ ਲੱਗੀ ਵਗਣ, ਅਗਨੀ ਅੱਗ ਨਾ ਕੋਇ ਬੁਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਬ੍ਰਹਮਾ ਕਹੇ ਸ਼ੰਕਰ ਵੇਖ ਮੈਂ ਕਿੱਡਾ ਚਾਲਾਕ, ਚਾਲਾਕੀ ਸਮਝ ਕਿਸੇ ਨਾ ਆਈਆ । ਵਿਸ਼ਨੂੰ ਨੂੰ ਨਾਲ ਲੈ ਕੇ ਪ੍ਰਭ ਦੀ ਕਿਰਪਾ ਨਾਲ ਸ੍ਰਿਸ਼ਟੀ ਦੀ ਰਚਨਾ ਰਚ ਦਿਤੀ ਪੰਜ ਤਤ ਮਾਟੀ ਖ਼ਾਕ, ਖ਼ਾਕ ਦੇ ਅੰਦਰ ਦੀਵੇ ਦਿਤੇ ਟਿਕਾਈਆ । ਇਹ ਤਿੰਨਾਂ ਬੱਤੀਆਂ ਦੀ ਹਰ ਅੰਦਰ ਲਾਟ, ਇਕ ਮਨ ਇਕ ਆਤਮਾ ਇਕ ਪਰਮਾਤਮਾ ਤਿੰਨਾਂ ਦੀ ਸਮਝ

ਨਾ ਕਿਸੇ ਸਮਝਾਈਆ । ਜੇ ਕੋਈ ਗੁਰ ਅਵਤਾਰ ਪੈਗ਼ੰਬਰ ਆਇਆ ਤੇ ਬਣ ਕੇ ਪ੍ਰਭੂ ਦਾ ਚਾਕ, ਚਾਕਰ ਹੋ ਕੇ ਸੀਸ ਨਿਵਾ ਨਿਵਾ ਕੇ ਆਪਣਾ ਝਟ ਲੰਘਾਈਆ । ਥੋੜ੍ਹਾ ਜਿਹਾ ਪ੍ਰਭੂ ਖੋਲ੍ਹਦਾ ਰਿਹਾ ਤਾਕ, ਘੁੰਗਟ ਵਿਚੋਂ ਪੜਦਾ ਆਪ ਉਠਾਈਆ । ਰਮਜ਼ ਨਾਲ ਦੱਸਦਾ ਰਿਹਾ ਬਾਤ, ਇਸ਼ਾਰਿਆਂ ਵਿਚ ਸਮਝਾਈਆ । ਸਿਫ਼ਤਾਂ ਲਿਖਾ ਕੇ ਉਤੇ ਕਾਗ਼ਜ਼ਾਤ, ਜਗਤ ਦਿਤੀ ਵਡਿਆਈਆ । ਅੰਤ ਸਾਰੇ ਪਾ ਕੇ ਗਏ ਵਫਾਤ, ਨਜ਼ਰ ਕੋਇ ਨਾ ਆਈਆ । ਕਿਉਂ, ਸਾਰਿਆਂ ਨੂੰ ਬੰਦ ਕੀਤਾ ਪੰਜ ਤਤ ਕਾਇਆ ਹਵਾਲਾਤ, ਕੁੰਜੀ ਜਿੰਦਾ ਆਪਣੇ ਹੱਥ ਰਖਾਈਆ । ਬਿਨਾ ਨਾਨਕ ਤੋਂ ਕਿਸੇ ਨੂੰ ਹੱਥ ਨਾ ਆਈ ਰਬਾਬ, ਜੋ ਭਗਤਾਂ ਦੇ ਅੰਦਰ ਦਿੱਤੀ ਟਿਕਾਈਆ । ਕਾਇਆ ਕੱਪੜ ਦੇ ਸਾਰੇ ਬਣੇ ਰਹੇ ਬਜ਼ਾਜ਼, ਰਾਮ ਕ੍ਰਿਸ਼ਨ ਅੱਲ੍ਹਾ ਵਾਹਿਗੁਰੂ ਸਤਿਨਾਮ ਦੇ ਟੁਕੜੇ ਦਿਤੇ ਕਰਾਈਆ । ਹੁਣ ਵਹੀ ਖਾਤੇ ਦਾ ਹੋਣ ਲੱਗਾ ਹਿਸਾਬ, ਅੰਕੜਾ ਸਮਝ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਰਿਹਾ ਵਖਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਅਸੀਂ ਜਗਦੇ ਰਹੇ ਜੋਤ, ਜੋਤ ਜੋਤ ਰੁਸ਼ਨਾਈਆ । ਜੋਤ ਤੋਂ ਬਣ ਗਈ ਵਰਨ ਗੋਤ, ਤੱਤਾਂ ਵੰਡ ਵੰਡਾਈਆ । ਗੁਰ ਅਵਤਾਰ ਪੈਗ਼ੰਬਰ ਸਕਿਆ ਨਾ ਕੋਈ ਸੋਚ, ਸਮਝ ਨਾ ਕੋਇ ਸਮਝਾਈਆ । ਪ੍ਰਭ ਨੇ ਦੇ ਕੇ ਨਾਮ ਸਲੋਕ, ਸੂਰੇ ਦਿਤੇ ਬਣਾਈਆ । ਥੋੜ੍ਹਾ ਥੋੜ੍ਹਾ ਨਾਲ ਦੇ ਕੇ ਰੋਕ, ਹੱਟ ਨਿੱਕੇ ਨਿੱਕੇ ਖੁਲ੍ਹਾਈਆ । ਜੇ ਕੋਈ ਘਰ ਮੰਗਣ ਆਇਆ ਥੋਕ, ਪਿੱਠ ਤੇ ਠਪਕੀ ਲਾ ਕੇ ਮਾਤਲੋਕ ਦਿਤਾ ਭਜਾਈਆ । ਤੂੰ ਚਲ ਤੇ ਮੈਂ ਪਿਛੇ ਘਲਦਾ ਆਂ ਜੋਤ, ਪਹਿਲੇ ਮਾਤ ਗਰਭ ਵਿਚ ਡੇਰਾ ਲਾਈਆ । ਬਾਹਰ ਆਵੀਂ ਤੇ ਫੇਰ ਦੱਸਾਂ ਮੌਜ, ਅੰਦਰ ਸੜਨ ਦੀ ਮੈਨੂੰ ਲੋੜ ਨਾ ਰਾਈਆ । ਅੱਖਾਂ ਮੀਟ ਕੇ ਧਿਆਨ ਧਰ ਕੇ ਮੇਰੀ ਕਰਿਓ ਖੋਜ, ਪੱਲੂ ਗੱਲ ਵਿਚ ਪਾਈਆ । ਸਾਧਨਾ ਵਾਲਾ ਸਾਧਿਓ ਜੋਗ, ਜੁਗਤੀ ਦਿਆਂ ਦ੍ਰਿੜਾਈਆ । ਜੇ ਧਿਆਨ ਧਰੋਗੇ ਤੇ ਫੇਰ ਦਰਸ ਦਿਆਂਗਾ ਰੋਜ਼, ਬਿਨਾ ਕਾਰ ਕਮਾਈ ਤੋਂ ਹੱਥ ਕਿਸੇ ਨਾ ਆਈਆ । ਪਰ ਸਰੀਰ ਦਾ ਜ਼ਰੂਰ ਭੁਗਤਾਊਂਗਾ ਰੋਗ, ਛੁਟਕਾਰਾ ਨਜ਼ਰ ਕੋਇ ਨਾ ਆਈਆ । ਜਿਸ ਵੇਲੇ ਮੇਰਾ ਵੇਖਣਾ ਚਾਹੋਗੇ ਚੋਜ, ਚੋਜੀ ਪ੍ਰੀਤਮ ਹੋ ਦੇ ਦਿਆਂ ਵਖਾਈਆ । ਜੇ ਕਹੋ ਅਸੀਂ ਮਾਲਕ ਲੋਕ ਪਰਲੋਕ, ਫੇਰ ਸੁਣਾ ਕੇ ਇਕ ਸਲੋਕ, ਤੁਹਾਨੂੰ ਬੱਚਿਆਂ ਵਾਂਗ ਵਰਚਾਈਆ । ਜੇ ਆਕੜੇ ਓਸੇ ਵੇਲੇ ਖਿੱਚ ਲਵਾਂ ਜੋਤ, ਖਾਲੀ ਭਾਂਡੇ ਦਿਆਂ ਕਰਾਈਆ । ਏਸੇ ਕਰ ਕੇ ਗੁਰ ਅਵਤਾਰ ਪੈਗ਼ੰਬਰ ਡਰਦੇ ਰਹੇ ਬਹੁਤ, ਅੱਲਾ ਅੱਲਾ ਵਾਹਿਗੁਰੂ ਵਾਹਿਗੁਰੂ ਰਾਮ ਰਾਮ ਕਹਿ ਕੇ ਸੀਸ ਨਿਵਾਈਆ । ਕਿਤੇ ਸਾਡੇ ਉਤੇ ਲੱਗ ਨਾ ਜਾਏ ਕੋਈ ਦੋਸ਼, ਭੁੱਲ ਨਾ ਲਏ ਭੁਲਾਈਆ । ਜਿਤਨੇ ਗੁਰ ਅਵਤਾਰ ਪੈਗ਼ੰਬਰ ਹੋਏ ਰਾਤ ਨੂੰ ਬੁੱਲਾਂ ਉਤੇ ਹੱਥ ਰੱਖ ਕੇ ਰਹਿੰਦੇ ਰਹੇ ਖ਼ਾਮੋਸ਼, ਆਸਣ ਐਹੋ ਰਹੇ ਲਗਾਈਆ । ਨਾ ਕਿਸੇ ਦਾ ਬੰਕ ਦਵਾਰ ਨਾ ਰਿਹਾ ਕੋਟ, ਕੋਟੀ ਕੋਟ ਗਏ ਫੇਰੀਆਂ ਪਾਈਆ । ਇਕ ਦੂਜੇ ਨੂੰ ਸਾਰੇ ਗਏ ਟੋਕ, ਨਾਮ ਦਾ ਟੁਕੜਾ ਦੇ ਕੇ ਸਾਰੇ ਦਿੱਤੇ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਦੀਵੇ ਕਹਿਣ ਸਾਡੀ ਬੁਝਣ ਵਾਲੀ ਲੋ, ਸਦਾ ਰਹਿਣ ਕੋਇ ਨਾ ਪਾਈਆ । ਜਨ ਭਗਤੋ ਤੁਸੀਂ ਸੁਣੋ ਓਸ ਦੀ ਸੋ, ਜੋ ਸੋਹੰ ਰੂਪ ਸਮਾਈਆ । ਜੋ ਤੁਹਾਡੇ ਜੋਗਾ ਗਿਆ ਹੋ, ਹੁਕਮ ਨਾਲ ਮਿਲਾਈਆ । ਜੇ ਤੁਸੀਂ ਹੋ ਜਾਵੋ ਨਿਰਮੋਹ, ਫਿਰ ਵੀ ਨਾ ਕਦੇ ਭੁਲਾਈਆ । ਜਿਸ ਦਾ ਬੂਟਾ ਲਿਆ ਬੋ, ਬੀਜ ਉਪਰ ਫਲ ਲਗਾਈਆ । ਜਿਥੇ ਨਾ ਇਕ ਤੇ ਨਾ ਦੋ, ਦੋਹਾਂ ਦਾ ਏਕਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਤਿੰਨ ਮੁਖੀਆ ਕਹੇ ਗੁਰਮੁਖੋ ਕਰ ਨਾ ਲਿਓ ਗ਼ੁੱਸਾ, ਮੈਂ ਸਚ ਦਿਆਂ ਸੁਣਾਈਆ । ਵੇਖੋ ਵਿਸ਼ਨ ਬ੍ਰਹਮਾ ਸ਼ਿਵ ਦਾ ਇਕੋ ਗੁੱਛਾ, ਤਿੰਨੇ ਮਿਲ ਕੇ ਸਾਰੀ ਸ੍ਰਿਸ਼ਟੀ ਰਹੇ ਚਲਾਈਆ । ਮਰਨ ਜੰਮਣ ਦਾ ਇਨ੍ਹਾਂ ਨੂੰ ਨਹੀਂ ਕੋਈ ਦੁੱਖਾ, ਕੋਈ ਉਪਾਏ ਕੋਈ ਸੰਘਾਰੇ ਆਪਣੀ ਆਪਣੀ ਸੇਵ ਕਮਾਈਆ । ਜੇ ਤੁਸੀਂ ਚਾਹੋ ਸਾਚਾ ਸੁਖਾ, ਸੁਖਮਨ ਦਾ ਖਹਿੜਾ ਲਓ

੩੧੨

ਛੁਡਾਈਆ । ਇਕੋ ਪ੍ਰਭ ਦਾ ਨਾਮ ਲਓ ਸੁੱਕਾ, ਜਗਤ ਲਾਜ਼ਮਾ ਮਾਇਆ ਮਮਤਾ ਨਾਲ ਰਲਾਈਆ । ਪਿਛੇ ਭਾਵੇਂ ਕਿਸੇ ਦਾ ਤੀਰ ਨਹੀਂ ਲੱਗਾ ਤੇ ਤੁਹਾਡਾ ਸਹਿਜੇ ਲੱਗ ਗਿਆ ਤੁੱਕਾ, ਆਪਣਾ ਗੇੜਾ ਲਓ ਗਿੜਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਓ ਤੁਹਾਡਾ ਵੇਲਾ ਉਹ ਢੁੱਕਾ, ਜਿਸ ਢੁਕਾਓ ਦਾ ਗੁਰ ਅਵਤਾਰ ਪੈਗ਼ੰਬਰ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਦੀਪਕ ਕਹਿਣ ਕੀ ਸਾਰੇ ਬਣੋਗੇ ਤ੍ਰੈਮੁਖੀ, ਮੁਖੋਂ ਦਿਓ ਜਣਾਈਆ । ਪਹਿਲਾ ਵਾਕ ਅਸੀਂ ਜਨਮ ਨਹੀਂ ਲੈਣਾ ਫੇਰ ਕੁੱਖੀਂ, ਮਾਤ ਗਰਭ ਕਦੇ ਨਾ ਆਈਆ । ( ਦੂਜਾ ਵਾਕ ) ਚੁਰਾਸੀ ਵਿਚ ਨਹੀਂ ਹੋਣਾ ਦੁਖੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਤੀਜਾ ਬਚਨ ਪ੍ਰਭ ਦੀ ਗੋਦ ਵਿਚ ਰਹਿਣਾ ਸੁਖੀ, ਜਿਸ ਘਰ ਇਕੋ ਵੱਜੇ ਵਧਾਈਆ । ਇਹ ਮੰਗ ਮਨੀ ਸਿੰਘ ਨੇ ਉਂਗਲੀ ਨਾਲ ਲਿਖ ਕੇ ਤੇ ਮੰਗੀ ਸੀ ਬੜੁੱਖੀਂ, ਮਸਤੂਆਣਾ ਦਏ ਗਵਾਹੀਆ । ਆਪ ਲੇਟ ਕੇ ਪਿਠ ਪੁੱਠੀ, ਨੇਤਰ ਨੈਣਾਂ ਨੀਰ ਵਹਾਈਆ । ਕਿਹਾ, ਐ ਪ੍ਰਭੂ ਆਪਣਿਆਂ ਭਗਤਾਂ ਨੂੰ ਕਦੇ ਨਾ ਵਾੜੀਂ ਵਿਚ ਤ੍ਰਿਕੁਟੀ, ਤ੍ਰਿਕੁਟੀ ਤੋਂ ਅੱਗੇ ਸਿੱਧਾ ਆਪਣਾ ਰਾਹ ਵਖਾਈਆ । ਜਿਹੜੀ ਲਿਵ ਮਾਤਾ ਦੇ ਗਰਭ ਤੋਂ ਬਾਹਰ ਆ ਕੇ ਛੁੱਟੀ, ਓਹੋ ਫੇਰ ਲੈਣੀ ਬੰਧਾਈਆ । ਤੇਰੇ ਕੋਲ ਕਿਹੜੀ ਤਰੁੱਟੀ, ਖ਼ਾਲੀ ਭੰਡਾਰੇ ਦੇਣੇ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਟਿਕਾਈਆ । ਦੀਵੇ ਕਹਿਣ ਸਾਡੀ ਸਮਝਿਓ ਨਾ ਕੋਇ ਦੀਵਾਲੀ, ਦੀਵਾਲਾ ਸਭ ਦਾ ਕੱਢ ਵਖਾਈਆ । ਅਸਾਂ ਵੇਖਣਾ ਖੇਲ ਹਾਲੀ, ਮਾਜ਼ੀ ਦਾ ਡੇਰਾ ਦੇਣਾ ਢਾਹੀਆ । ਜਨ ਭਗਤੋ ਆਪਣੀ ਕਰ ਲਓ ਬਹਾਲੀ, ਬਹੁੜ ਜਨਮ ਨਾ ਆਈਆ । ਵਿਸ਼ਨ ਬ੍ਰਹਮਾ ਸ਼ਿਵ ਚਲ ਕੇ ਆ ਗਏ ਮਾਰਨ ਤਾਲੀ,
੩੧੩ ਆਪਣਾ ਤਾਲ ਵਜਾਈਆ । ਅੱਗੇ ਕਿਸੇ ਦੀ ਰਹਿਣ ਨਹੀਂ ਦੇਣੀ ਕੋਈ ਦਲਾਲੀ, ਟਕਿਆਂ ਵਾਲਾ ਹੱਟ ਨਾ ਕੋਇ ਵਖਾਈਆ । ਸ਼ਰਅ ਦੀ ਰਹੇ ਨਾ ਕੋਇ ਗ਼ੁਲਾਮੀ, ੩੧੩
ਗ਼ੁਲਾਮ ਨਫ਼ਰ ਗੁਰਮੁਖ ਨਾ ਕੋਇ ਅਖਵਾਈਆ । ਜਨ ਭਗਤੋ ਤੁਹਾਡੀ ਮਨਜ਼ੂਰ ਹੋਈ ਸਲਾਮੀ, ਜਿਸ ਨੂੰ ਸਲਾਮ ਸਲਾਮਾਲੈਕਮ ਈਸਾ ਮੂਸਾ ਮੁਹੰਮਦ ਸਾਰੇ ਰਹੇ ਸੁਣਾਈਆ । ਤੁਹਾਡੀ ਕੱਟਣ ਆਇਆ ਬਦਨਾਮੀ, ਬਦੀਆਂ ਦਾ ਡੇਰਾ ਢਾਹੀਆ । ਤੁਹਾਡਾ ਮਾਲਕ ਇਕ ਅਨਾਮੀ, ਜੋ ਇਨਾਮ ਵਿਚ ਆਪਣਾ ਪੈਗ਼ਾਮ ਰਿਹਾ ਸੁਣਾਈਆ । ਦੇ ਕੇ ਧਰਮ ਨਿਸ਼ਾਨੀ, ਨਿਸ਼ਾਨਾ ਰਿਹਾ ਝੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਦੀਪਕ ਦੀਆ ਸਭ ਦਾ ਡਗਮਗਾਈਆ ।

ਬਾਵਨ ਆਹ ਪਿਛਲਾ ਲੈ ਲਾ ਕਟੋਰਾ, ਕੁਟੀਆ ਦੇ ਲੁਕਣ ਵਾਲੇ ਜਿਸ ਨੇ ਦਿਤੇ ਭੁਲਾਈਆ । ਬਲ ਦਾ ਪਕਵਾਨ ਸੀ ਥੋੜ੍ਹਾ, ਜਿਸ ਵਿਚ ਦਹੀਂ ਨਜ਼ਰ ਨਾ ਆਈਆ । ਜਿਸ ਤਰਾਂ ਦੁੱਧ ਦਹੀਂ ਦਾ ਰੂਪ ਇਕ ਤੇ ਵੱਖਰਾ ਜੋੜਾ, ਭਗਤ ਭਗਵਾਨ ਆਪਣੀ ਖੇਲ ਰਖਾਈਆ । ਤਿੰਨ ਜੁਗ ਵਿਚ ਅਟਕਦਾ ਰਿਹਾ ਰੋੜਾ, ਗੁਰ ਅਵਤਾਰ ਪੈਗ਼ੰਬਰ ਆਪਣੀ ਆਪਣੀ ਕਥਾ ਗਏ ਸੁਣਾਈਆ । ਸੱਸੇ ਉਤੇ ਤੜਫਦਾ ਰਿਹਾ ਹੋੜਾ, ਨਿਰਗੁਣ ਸਰਗੁਣ ਹੁਕਮ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਦਹੀਂ ਕਹੇ ਬਾਵਨ ਕੁਛ ਹੱਸ ਕੇ ਗਿਆ ਦੱਸ, ਮਸਖ਼ਰਾ ਰੂਪ ਵਟਾਈਆ । ਜਿਸ ਵੇਲੇ ਸਾਰਿਆਂ ਜੁਗਾਂ ਦੀ ਹੋ ਗਈ ਬੱਸ, ਦਾਨੀ ਰਹਿਣ ਕੋਇ ਨਾ ਪਾਈਆ । ਚੱਕਰਵਰਤੀ ਹੋਣੇ ਭੱਠ, ਸੀਸ ਤਾਜ ਨਾ ਕੋਇ ਟਿਕਾਈਆ । ਧਰਮ ਦਾ ਰਿਹਾ ਨਾ ਕੋਇ ਇਕੱਠ, ਸਾਧ ਸੰਤ ਨਾ ਕੋਇ ਵਡਿਆਈਆ । ਭੰਡਾਰੇ ਵਾਲਾ ਰਿਹਾ ਕੋਈ ਨਾ ਹੱਟ, ਸਚ ਵਸਤ ਨਾ ਕੋਇ ਵਿਕਾਈਆ । ਮਨ ਨੇ ਸਾਧੂਆਂ ਦੇ ਭਾਂਡੇ ਅੰਦਰੋਂ ਲੈਣੇ ਚੱਟ, ਸਵਾਨ ਵਾਂਗ ਸਾਫ਼ ਦੇਣੇ ਕਰਾਈਆ । ਸਭ ਨੇ ਖਾਣਾ ਕੱਟ ਵੱਛ, ਬੁੱਧੀ ਬਿਬੇਕ ਨਾ ਕੋਇ ਬਣਾਈਆ । ਓ ਪ੍ਰਭੂ ਤੇਰੀ ਧਾਰ ਬ੍ਰਹਮ ਦੁੱਧ ਵਾਂਗੂੰ ਜਾਏ

ਫਟ, ਖੱਟਾ ਮਿੱਠਾ ਸਵਾਦ ਬਣਾਈਆ । ਤੇਰਾ ਨਾਮ ਕਿਸੇ ਨਹੀਂ ਲੈਣਾ ਰਟ, ਰੱਟਿਆਂ ਵਿਚ ਲੋਕਾਈਆ । ਬਲ ਨੇ ਕਿਹਾ ਇਹ ਕੌਣ ਮਾਰੇ ਸੱਟ, ਅੰਦਰੇ ਅੰਦਰ ਹਿਲਾਈਆ । ਬਾਵਨ ਕਿਹਾ ਇਹ ਖੇਲ ਪੁਰਖ ਸਮਰਥ, ਜਿਸ ਦਾ ਭੇਵ ਕੋਇ ਨਾ ਪਾਈਆ । ਅੰਤ ਓਹੋ ਹੋਵੇ ਪਰਗਟ, ਜੋ ਪਰਗਣੇ ਰਿਹਾ ਪਰਗਟਾਈਆ । ਸਭ ਦਾ ਲੇਖਾ ਵੇਖੇ ਸਚ, ਜੁਗ ਚੌਕੜੀ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਬਾਵਨ ਕਿਹਾ ਬਲ ਤੇਰੇ ਦਵਾਰੇ ਨਹੀਂ ਦਹੀਂ ਦੀ ਫੁੱਟੀ, ਮੈਂ ਫੁਟਕਲ ਵੇਖੀ ਲੋਕਾਈਆ । ਕਲਜੁਗ ਅੰਤ ਪ੍ਰੀਤ ਵੇਖੀ ਟੁੱਟੀ, ਟੁੱਟਿਆਂ ਨਾ ਕੋਇ ਜੁੜਾਈਆ । ਗਾਨਾ ਬੱਧਾ ਨਾ ਕਿਸੇ ਗੁੱਟੀਂ, ਸਗਨ ਸਚ ਨਾ ਕੋਇ ਮਨਾਈਆ । ਅੰਤਰ ਲਿਵ ਰਹੇ ਨਾ ਰੁਚੀ, ਰਚਨਾ ਕੂੜ ਹੋਵੇ ਲੋਕਾਈਆ । ਆਤਮਾ ਰਹੇ ਕੋਈ ਨਾ ਸੁਚੀ, ਕਿਉਂ ਸੁੱਚੀ ਆਤਮਾ ਮਨ ਦੇ ਓਹਲੇ ਬਹਿ ਕੇ ਅੱਖ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਬਾਵਨ ਕਿਹਾ ਅੰਤਰ ਵਿਚਾਰ, ਵਿਚਰਨ ਦੀ ਲੋੜ ਰਹੀ ਨਾ ਰਾਈਆ । ਕਵਾਰੀ ਕੰਨਿਆ ਘਰ ਭੰਡਾਰ, ਸਵਾ ਸੇਰ ਦਹੀਂ ਨਜ਼ਰੀ ਆਈਆ । ਜਿਸ ਦਾ ਕਲਜੁਗ ਅੰਤ ਹੋਣਾ ਵਿਹਾਰ, ਭੰਡਾਰਾ ਦੇਣਾ ਭਰਾਈਆ । ਜਿਸ ਵੇਲੇ ਜੀਵ ਤਨ ਛੱਡੇ ਵਿਚ ਸੰਸਾਰ, ਅੰਤ ਸਾਰੇ ਦਹੀਂ ਨਾਲ ਉਸ ਦਾ ਇਸ਼ਨਾਨ ਦੇਣ ਕਰਾਈਆ । ਉਹ ਦਹੀਂ ਦੁਰਮਤ ਮੈਲ ਨਾ ਸਕੇ ਉਤਾਰ, ਪਾਪਾਂ ਪਾਰ ਨਾ ਕੋਇ ਕਰਾਈਆ । ਬਾਵਨ ਕਿਹਾ ਇਹ ਕਿਰਪਾ ਕਰੇ ਆਪ ਨਿਰੰਕਾਰ, ਨਿਰਵੈਰ ਆਪਣਾ ਫੇਰਾ ਪਾਈਆ । ਸਵਾ ਸੇਰ ਨਾਲ ਇਕੇ ਵਾਰ ਸਾਰੇ ਭਗਤ ਦਏ ਨੁਹਾਲ, ਮਰਨ ਤੋਂ ਪਿਛੋਂ ਮੁੜ ਕੇ ਨੁਹਾਉਣ ਦੀ ਲੋੜ ਰਹੇ ਨਾ ਰਾਈਆ । ਮਰਿਆਂ ਨੂੰ ਫੇਰ ਲਏ ਜਵਾਲ, ਆਤਮਾ
੩੧੪ ਪਰਮਾਤਮਾ ਵਿਚ ਮਿਲਾਈਆ । ਨਾਲੇ ਗੁਰੂ ਨਾਲੇ ਸ਼ਬਦ ਨਾਲੇ ਦਲਾਲ ਨਾਲੇ ਅਕਾਲ, ਪ੍ਰਿਤਪਾਲਕ ਹੋ ਕੇ ਸੇਵ ਕਮਾਈਆ । ਬਿਨਾ ਅੱਖਾਂ ਤੋਂ ਸਭ ਨੂੰ ਲਏ ਭਾਲ, ੩੧੪
ਜੁਗ ਜਨਮ ਕੇ ਵਿਛੜੇ ਆਪਣੇ ਜੋੜ ਜੁੜਾਈਆ । ਬਗ਼ਲੀ ਫੜ ਕੇ ਬਣੇ ਨਾ ਕਦੇ ਕੰਗਾਲ, ਬਗ਼ਲੀਆਂ ਸਭ ਦੀਆਂ ਦਏ ਭਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਦਹੀਂ ਕਹੇ ਬਾਵਨ ਮੈਨੂੰ ਯਾਦ ਆਈ ਬੋਲੀ, ਅਨਬੋਲਤ ਦਿੱਤੀ ਸੁਣਾਈਆ । ਸਤਿਜੁਗ ਦੀ ਵਿਛੜੀ ਕਲਜੁਗ ਵਿਚ ਓਹੋ ਕੰਨਿਆ ਭਗਤਾਂ ਦੀ ਬਣੀ ਵਿਚੋਲੀ, ਗੁਰਦਰਸ਼ਨ ਦਰਸ਼ਨ ਗੁਰ ਕਾ ਪਾਈਆ । ਪ੍ਰਭੂ ਦੀ ਖੇਲ ਬੜੀ ਆਹਿਸਤਾ ਤੇ ਬੜੀ ਹੌਲੀ, ਤਿੰਨ ਜੁਗ ਅੱਖ ਨਾ ਕੋਇ ਉਠਾਈਆ । ਦਹੀਂ ਕਹੇ ਮੇਰਾ ਹਿਸਾਬ ਵੇਖ ਲਓ ਤੇ ਗੁਰਮੁਖੋ ਐਵੇਂ ਛੇਤੀ ਨਾ ਪਾਓ ਰੌਲੀ, ਵੇਲੇ ਨਾਲ ਸਭ ਕੁਛ ਦਏ ਕਰਾਈਆ । ਇਹਨੂੰ ਤੁਹਾਡੇ ਨਾਲੋਂ ਤੌਲੀ, ਤੌਲੇ ਤੌਲੇ ਆਪਣੀ ਖੇਲ ਵਖਾਈਆ । ਤੁਹਾਡੇ ਨਾਲੋਂ ਬਹੁਤੀ ਰੋਵੇ ਧੌਲੀ, ਧਰਨੀ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਦਹੀਂ ਕਹੇ ਮੈਨੂੰ ਕਿਉਂ ਕਿਹਾ ਸੇਰ ਸਵਾ, ਸਵਾਇਆ ਦਿਤਾ ਬਣਾਈਆ । ਭਗਤੋ ਅੱਗੇ ਜੁਗ ਚਲਣਾ ਨਵਾਂ, ਨਵੀਂ ਰੀਤ ਵਖਾਈਆ । ਸਭ ਦਾ ਬਦਲ ਦੇਣਾ ਸਮਾਂ, ਸਮਝ ਦੇਣੀ ਸਮਝਾਈਆ । ਮੈਂ ਸਚ ਸਚ ਕਹਵਾਂ, ਸੁਨੇਹੜਾ ਇਕ ਸੁਣਾਈਆ । ਮੈਨੂੰ ਖ਼ੁਸ਼ੀ ਸਤਿਜੁਗ ਦੀ ਮੰਗ ਮੰਗੀ ਤੇ ਕਲਜੁਗ ਅੰਤ ਭਗਤਾਂ ਵਿਚ ਬਹਵਾਂ, ਇਹ ਪ੍ਰਭ ਦੀ ਬੇਪਰਵਾਹੀਆ । ਮੈਂ ਤਿੰਨ ਜੁਗ ਕੀਤਾ ਨਹੀਂ ਕੋਈ ਤਮਅ, ਸਵਾ ਦਾ ਸੇਰ ਸਵਾ ਸੇਰ ਫੇਰ ਤੁਹਾਡੇ ਅੱਗੇ ਆਈਆ । ਤੁਹਾਡਾ ਅੱਜ ਤੋਂ ਚੁੱਕਿਆ ਗ਼ਮਾ ਆਵਣ ਜਾਵਣ ਦਿਤਾ ਕਟਾਈਆ । ਬੇਸ਼ਕ ਵਿਸ਼ਨ ਬ੍ਰਹਮਾ ਸ਼ਿਵ ਦੀ ਬੁਝ ਜਾਏ ਸ਼ਮਾਂ, ਤੁਹਾਡਾ ਦੀਵਾ ਗੁਲ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਤੁਹਾਡਾ ਭੰਡਾਰਾ ਤਿੰਨ ਜੁਗ ਸਾਂਭ ਕੇ ਰੱਖਿਆ ਭਗਤੋ ਤੁਹਾਨੂੰ ਦੇਣਾ ਵਰਤਾਈਆ । ਵੇਖ ਲਓ ਪ੍ਰਭ ਨੇ ਕੀਤਾ ਨਹੀਂ ਕੋਈ ਲਾਲਚ, ਉਂਗਲੀ ਮੁਖ ਨਾ ਕੋਇ ਛੁਹਾਈਆ । ਤੁਹਾਡਾ ਹਿੱਸਾ ਪੂਰਾ ਤੇ ਪੂਰਾ ਵੇਖੋ ਖ਼ਾਲਸ, ਰਲਾ ਅਵਰ ਨਾ ਕੋਇ ਰਲਾਈਆ ।

ਪਿਛਲੇ ਜਨਮ ਦੀ ਬੱਚੀ ਕਲਜੁਗ ਅੰਤਮ ਸਾਲਸ, ਸਾਲਸੀ ਬਾਲਕਾਂ ਵਿਚ ਰਖਾਈਆ । ਮਕਰੂਜ਼ ਕਦੇ ਨਾ ਕਰੇ ਆਲਸ, ਕਰਜ਼ਾ ਤੁਹਾਡਾ ਰਿਹਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਭ ਨੂੰ ਪਾਰ ਕਰਾਏ ਬਿਨਾ ਸਫ਼ਾਰਸ਼, ਭਗਤਾਂ ਤੋਂ ਵੱਡਾ ਸਫ਼ਾਰਸ਼ ਕਰਨ ਵਾਲਾ ਨਜ਼ਰ ਕੋਇ ਨਾ ਆਈਆ ।

ਬਾਲਮੀਕ ਦੀ ਮਰ ਗਈ ਗਾਂ, ਵੈਰਾਗੀ ਹੋ ਕੇ ਧਿਆਨ ਲਗਾਈਆ । ਓਸ ਨੇ ਮਰੀ ਉਤੇ ਕੀਤੀ ਛਾਂ, ਪੱਲਾ ਦਿਤਾ ਪਾਈਆ । ਓਨੇ ਚਿਰ ਨੂੰ ਆ ਗਈ ਉਸ ਦੀ ਮਾਂ, ਵੇਖ ਕੇ ਦਏ ਦੁਹਾਈਆ । ਓਧਰੋਂ ਉਡਦਾ ਆ ਗਿਆ ਕਾਂ, ਠੂੰਗਾ ਸਿਰ ਵਿਚ ਟਿਕਾਈਆ । ਲਾ ਕੇ ਆਪਣਾ ਦਾਅ, ਭੱਜਿਆਂ ਵਾਹੋ ਦਾਹੀਆ । ਉਸ ਨੇ ਕੀਤਾ ਹਾ ਹਾ, ਹੋਕਰ ਦਿਤੀ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਬਾਲਮੀਕ ਦੀ ਮਾਂ ਆਈ ਨੇੜੇ, ਆਪਣਾ ਪੰਧ ਮੁਕਾਈਆ । ਗਾਂ ਦਵਾਲੇ ਦੇ ਕੇ ਤਿੰਨ ਗੇੜੇ, ਨੈਣਾਂ ਨੀਰ ਵਹਾਈਆ । ਬਾਲਮੀਕ ਨਾਲ ਕਰੇ ਝੇੜੇ, ਤੇਰੀ ਭਗਤੀ ਕੰਮ ਕਿਸੇ ਨਾ ਆਈਆ । ਨਿੱਝ ਜੰਮਿਆ ਤੂੰ ਰੋੜ੍ਹ ਦਿਤੇ ਸਾਡੇ ਬੇੜੇ, ਗਊ ਮਾਤਾ ਦਿਤੀ ਸਵਾਈਆ । ਓਨੇ ਚਿਰ ਨੂੰ ਕਾਂ ਦੇ ਕੇ ਆ ਗਿਆ ਗੇੜੇ, ਠੂੰਗਾ ਮਾਤਾ ਸਿਰ ਵਿਚ ਟਿਕਾਈਆ । ਉਹ ਕਰ ਕੇ ਵੱਡੇ ਜੇਰੇ, ਦੁੱਖ ਆਪਣੇ ਅੰਦਰ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਮਾਈ ਕਹੇ ਵੇ ਬਾਲਮੀਕੁ, ਮੁੱਕੀ ਜ਼ੋਰ ਨਾਲ ਲਗਾਈਆ । ਤੈਨੂੰ ਸੀਖਾਂ ਨਾਲ ਸੀਖੂੰ, ਅੱਖਾਂ ਲਾਲ ਕੱਢ ਡਰਾਈਆ । ਤੂੰ ਬੜਾ ਬਣਿਆ ਮੀਸੂ, ਚੁਪ ਵੱਟ ਕੇ ਅੱਖ ਸ਼ਰਮਾਈਆ ।
 ਓਨੇ ਚਿਰ ਨੂੰ ਓਥੇ ਆ ਗਿਆ ਜਗਦੀਸ਼ੂ, ਬ੍ਰਾਹਮਣ ਬਣ ਕੇ ਫੇਰਾ ਪਾਈਆ । ਬਟਵਾਰੇ ਕੀ ਤੁਹਾਡੀ ਰੀਤੂ, ਚਲ ਗਾਂ ਦਈਏ ਦਫ਼ਨਾਈਆ । ਅੱਗੋਂ ਮਾਂ ਦੀ ੩੧੫
ਨਿਕਲੀ ਚੀਕੂ, ਰੋ ਰੋ ਦਿਤਾ ਸੁਣਾਈਆ । ਇਹਨੂੰ ਮੋਈ ਨੂੰ ਕਿਹੜਾ ਘਸੀਟੂ, ਆਪਣਾ ਜ਼ੋਰ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਬ੍ਰਾਹਮਣ ਕਹੇ ਬਾਲਮੀਕ ਲਈਏ ਖਿੱਚ, ਆਪਣਾ ਬਲ ਵਧਾਈਆ । ਦੋਵੇਂ ਵੜ ਗਏ ਚੌਂਹ ਟੰਗਾਂ ਦੇ ਵਿਚ, ਖੁਰ ਦੋ ਦੋ ਬੰਧਾਈਆ । ਓਨੇ ਚਿਰ ਨੂੰ ਬਾਲਮੀਕ ਨੂੰ ਆ ਗਈ ਛਿੱਕ, ਜ਼ੋਰ ਨਾਲ ਲਗਾਈਆ । ਓਨੇ ਚਿਰ ਨੂੰ ਇਕ ਫਿਰਦਾ ਆ ਗਿਆ ਰਿੱਛ, ਕਾਲਾ ਰੰਗ ਰੰਗਾਈਆ । ਬਾਲਮੀਕ ਦੀ ਮਾਤਾ ਅੰਦਰ ਆਈ ਇੱਛ, ਮਨਸਾ ਇਕ ਵਧਾਈਆ । ਜੇ ਬ੍ਰਾਹਮਣ ਕੁਛ ਮੈਨੂੰ ਦੇਵੇ ਲਿਖ, ਨਾਲ ਕਲਮ ਸ਼ਾਹੀਆ । ਮੇਰਾ ਦੁਖੜਾ ਦਏ ਨਜਿੱਠ, ਮਿਹਰ ਨਜ਼ਰ ਉਠਾਈਆ । ਅੰਦਰੋਂ ਕਾਗਜ਼ ਲੈ ਆਈ ਸਵਾ ਗਿੱਠ, ਨੌਂ ਉਂਗਲ ਚੌੜਾ ਸੋਭਾ ਪਾਈਆ । ਰੱਖ ਕੇ ਬਾਲਮੀਕ ਦੀ ਪਿੱਠ, ਸਹਿਜ ਨਾਲ ਸੁਣਾਈਆ । ਪੰਡਤਾ ਸਾਡੇ ਨਾਲ ਕਰ ਹਿਤ, ਸਾਡੀ ਗਾਂ ਦੇ ਜਵਾਈਆ । ਮੇਰੇ ਅੰਦਰ ਪੈਂਦੀ ਖਿੱਚ, ਕੋਈ ਹਲੂਣਾ ਰਿਹਾ ਲਗਾਈਆ । ਜਿਸ ਦੀ ਸੇਵਾ ਕਰਦੀ ਸਾਂ ਨਿਤ, ਅੱਜ ਹੋ ਚਲੀ ਜੁਦਾਈਆ । ਦੋਹੱਥੜ ਮਾਰ ਕੇ ਪਈ ਪਿੱਟ, ਕੂਕ ਕੂਕ ਸੁਣਾਈਆ । ਬਾਲਮੀਕ ਨੇ ਫੜ ਕੇ ਇਕ ਇੱਟ, ਹੱਥ ਉਤੇ ਰਖਾਈਆ । ਜਾਂ ਵੇਖਿਆ ਉਹਦੇ ਥੱਲਿਉਂ ਨਿਕਲੀ ਇਕ ਚਿੱਟ, ਜਿਸ ਦੇ ਉਤੇ ਲਿਖਿਆ ਲੇਖ ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਇਸ ਨੂੰ ਗਊ ਦੇ ਉਤੇ ਸਿੱਟ, ਸਿੱਟਾਬਾਜ਼ੀ ਲੈ ਲਗਾਈਆ । ਫੇਰ ਬ੍ਰਾਹਮਣ ਵੱਲ ਲਾ ਟਿੱਕ, ਟਿਕ ਟਿਕੀ ਇਕ ਬੰਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਓਨੇ ਚਿਰ ਨੂੰ ਕਾਂ ਆਇਆ ਚੱਕਰ ਲਾ, ਆਪਣਾ ਫੇਰਾ ਪਾਈਆ । ਤੀਜਾ ਠੂੰਗਾ ਦਿਤਾ ਲਾ, ਚੁੰਜ ਜ਼ੋਰ ਨਾਲ ਖੁਭਾਈਆ । ਰੋ ਕੇ ਕਿਹਾ ਬਾਲਮੀਕ ਦੀ ਮਾਂ, ਬੱਚਿਆ ਮੈਨੂੰ ਲੈ ਬਚਾਈਆ । ਬ੍ਰਾਹਮਣ ਕਿਹਾ ਨਾਹ, ਹੱਥ ਨਾ ਕੋਇ ਛੁਹਾਈਆ । ਬਾਲਮੀਕ ਨੀਵੀਂ ਲਈ ਪਾ, ਮਾਂ ਵੱਲ ਨਾ ਮੂਲ ਤਕਾਈਆ । ਓਸ ਦੋਹੱਥੜ

ਦਿਤੀ ਲਾ, ਜ਼ੋਰ ਨਾਲ ਟਿਕਾਈਆ । ਨਾਲੇ ਮੇਰੀ ਗਾਂ ਜਵਾ, ਨਾਲੇ ਮੇਰਾ ਦੁੱਖ ਵੰਡਾਈਆ । ਦੋਹਾਂ ਦੀ ਬ੍ਰਾਹਮਣ ਫੜ ਲਈ ਬਾਂਹ, ਸਹਿਜ ਨਾਲ ਸਮਝਾਈਆ । ਮਸਤਕ ਨਾਲ ਮੱਥੇ ਲਓ ਲਗਾ, ਮਾਂ ਪੁੱਤਰ ਜੋੜ ਦਿਤਾ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਖੇਲ ਖਿਲਾਈਆ । ਬ੍ਰਾਹਮਣ ਨੇ ਦੋਹਾਂ ਦੇ ਜੋੜੇ ਸਿਰ, ਸਿਰ ਉਪਰ ਹੱਥ ਰਖਾਈਆ । ਸਾਝਾਂ ਦੱਸਿਆ ਪਿਰ, ਪ੍ਰੀਤਮ ਬੇਪਰਵਾਹੀਆ । ਜੋ ਵਸਿਆ ਘਰ ਥਿਰ, ਦਰਗਾਹ ਸਾਚੀ ਡੇਰਾ ਲਾਈਆ । ਨਿਰਵੈਰ ਸਦਾ ਨਿਰ, ਨਿਰਾਕਾਰ ਨੂਰ ਰੁਸ਼ਨਾਈਆ । ਜਿਸ ਲੇਖਾ ਪਿਛਲਾ ਚਿਰ, ਚਿਰੀ ਵਿਛੁੰਨੇ ਰਿਹਾ ਵਖਾਈਆ । ਉਲਟਾ ਗੇੜਾ ਰਿਹਾ ਗਿੜ, ਪੜਦਾ ਓਹਲਾ ਆਪ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਬ੍ਰਾਹਮਣ ਕਿਹਾ ਮਾਂ ਪੁੱਤ ਮੱਥੇ ਉਤੇ ਰੱਖੇ ਹੱਥ, ਹਥੇਲੀ ਨਾਲ ਦਬਾਈਆ । ਓਸੇ ਵੇਲੇ ਦੋਨਾਂ ਦੀ ਅੰਦਰੋਂ ਖੁਲ੍ਹੀ ਅੱਖ, ਨੂਰ ਜੋਤ ਜੋਤ ਰੁਸ਼ਨਾਈਆ । ਬਚਨ ਦਿਤਾ ਸੱਚ, ਹੁਕਮ ਇਕ ਸੁਣਾਈਆ । ਕਰੇ ਖੇਲ ਪੁਰਖ ਸਮਰਥ, ਵਡ ਦਾਤਾ ਬੇਪਰਵਾਹੀਆ । ਤ੍ਰੇਤਾ ਦੁਆਪਰ ਜਾਣਾ ਨੱਸ, ਕਲਜੁਗ ਵੇਲਾ ਅੰਤਮ ਆਈਆ । ਜਿਸ ਕਾਂ ਨੇ ਮਾਤਾ ਤੈਨੂੰ ਮਾਰੀ ਸੱਟ, ਤਿੰਨ ਵਾਰ ਆਪਣੀ ਚੁੰਜ ਲਗਾਈਆ । ਇਸ ਦਾ ਤਿੰਨ ਜਨਮ ਦਾ ਅੱਗੇ ਲੇਖਾ ਦੇਵਾਂ ਘਤ, ਨਾਤਾ ਲੋਕਮਾਤ ਜੁੜਾਈਆ । ਇਸ ਨੇ ਰਾਜਾ ਬਣਨਾ ਸਮਰਠ, ਆਪਣਾ ਬਲ ਧਰਾਈਆ । ਪੁਰਖ ਅਕਾਲ ਨਿਰਗੁਣ ਸੂਰਬੀਰ ਸੁੱਤ ਦੁਲਾਰਾ ਕਰਨਾ ਪਰਗਟ, ਜੋਧਾ ਗੋਬਿੰਦ ਇਕ ਅਖਵਾਈਆ । ਦੋਹਾਂ ਦਾ ਮੁਕਾਬਲਾ ਵੇਖਣਾ ਡੱਟ, ਵਿਚ ਆਪਣਾ ਪੜਦਾ ਪਾਈਆ । ਸਤਿ ਜੁਲਮ ਦਾ ਸਾਂਝਾ ਕਰ ਕੇ ਹੱਟ, ਇਕੋ ਧਰਤੀ ਦੇਣਾ ਟਿਕਾਈਆ । ਅੱਲਾ ਵਾਹਿਗੁਰੂ ਪਾ ਕੇ ਵੱਟ, ਦੋਵੇਂ ਦੇਣੇ ਲੜਾਈਆ ।

ਇਹ ਖੇਲ ਹੋਣਾ ਅਕੱਥ, ਜਿਸ ਦੀ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ ।
੩੧੯
ਬ੍ਰਾਹਮਣ ਕਿਹਾ ਇਹ ਹੋਣਾ ਸ਼ਾਹ ਔਰੰਗਾ, ਅਵਰ ਕੀ ਅਵਰ ਖੇਲ ਖਿਲਾਈਆ । ਗੋਬਿੰਦ ਦੇ ਹੱਥ ਫੜਾਉਣਾ ਮਰਦੰਗਾ, ਪ੍ਰਭ ਦੀ ਬੇਪਰਵਾਹੀਆ । ਦੋਹਾਂ ਦਾ ਹੋਣਾ ਜੰਗਾ, ਸੂਰਬੀਰ ਅਖਵਾਈਆ । ਏਸ ਕਾਂ ਦਾ ਤਿੰਨਾਂ ਚੁੰਜਾਂ ਵਾਲਾ ਡੰਗਾ, ਤਿੰਨਾਂ ਜਨਮਾਂ ਵੇਖ ਵਖਾਈਆ । ਇਹ ਪ੍ਰਭ ਦੀ ਸਾਚੀ ਵੰਡਾ, ਨਾ ਕੋਈ ਮੇਟੇ ਮੇਟ ਮਿਟਾਈਆ । ਜਿਸ ਭਗਤ ਦੀ ਮਾਂ ਨਾਲ ਕੀਤਾ ਦੰਗਾ, ਦੁੱਖ ਵਿਚ ਦੁੱਖ ਪੁਚਾਈਆ । ਇਸ ਤੋਂ ਹੋਰ ਸੂਰਮਾਂ ਕਿਹੜਾ ਚੰਗਾ, ਜਿਹੜਾ ਚੰਗਿਆਂ ਨਾਲ ਕਰੇ ਲੜਾਈਆ । ਇਸ ਨੂੰ ਕਲਜੁਗ ਦੀ ਚੋਟੀ ਉਤੇ ਟੰਗਾਂ, ਬੋਦੀਆਂ ਵਾਲਿਆਂ ਦੀਆਂ ਬੋਦੀਆਂ ਹੱਥ ਫੜਾਈਆ । ਗੋਬਿੰਦ ਦੇ ਹੱਥ ਫੜਾ ਕੇ ਡੰਡਾ, ਵੇਖਾਂ ਖ਼ੂਬ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਭੇਵ ਖੁਲ੍ਹਾਈਆ । ਕਾਂ ਬਣ ਗਿਆ ਔਰੰਗਜ਼ੇਬ, ਜ਼ੇਬੋ ਜ਼ੀਨਤ ਸੋਭਾ ਪਾਈਆ । ਗੋਬਿੰਦ ਭਰ ਕੇ ਧੁਰ ਦੀ ਜੇਬ, ਨਾਮ ਖ਼ਜ਼ਾਨਾ ਲੈ ਕੇ ਆਈਆ । ਦੋਹਾਂ ਨੂੰ ਹੁਕਮੇ ਨਾਲ ਦਿਤਾ ਭੇਜ, ਹੁਕਮ ਵਿਚ ਵਡਿਆਈਆ । ਪਰਮਾਤਮਾ ਦੋਹਾਂ ਦਾ ਸਾਝਾਂ ਤੇ ਅੰਦਰੋਂ ਵੱਖਰੀ ਸੇਜ, ਸੁਖ ਦੁੱਖ ਵਿਚ ਭੁਗਤਾਈਆ । ਅੰਤ ਗੋਬਿੰਦ ਨੇ ਲਿਖਿਆ ਲੇਖ, ਔਰੰਗੇ ਦਿਤਾ ਸਮਝਾਈਆ । ਹੁਣ ਛੱਡਣਾ ਪਏ ਦੇਸ, ਕੂੜੀ ਜਗਤ ਸ਼ਾਹੀਆ । ਹੁਕਮ ਇਕ ਨਰੇਸ਼, ਤੈਨੂੰ ਦੇਵਾਂ ਸੁਣਾਈਆ । ਤੇਰੀ ਆਤਮਾ ਹੋਵੇ ਪੇਸ਼, ਭੱਜੇ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਸੁਣਾਈਆ । ਗੋਬਿੰਦ ਕਿਹਾ ਨਜ਼ੂਨਾ ਨਾ ਰੰਗੇ ਜ਼ਰੇ ਜ਼ੂਰ, ਹਮਦੇ ਸਨਾ ਤੌਫ਼ੀਕੇ ਖ਼ੁਦਾ ਦੇਵੇ ਅਜ਼ਾਬ, ਜਲਾਵਤਨੇ ਬੇਵਤਨੇ ਖ਼ਾਤਾਏ ਖ਼ਤ, ਕਾਗੋਂ ਕੇ ਕਾਗ ਕਾਗੋਂ ਕੇ ਕਾਗ , ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰਵਾਨ ਬੈਠ ਸੱਚੀ ਮਹਿਰਾਬ । ਸੁਣੀ ਆਵਾਜ਼ ਔਰੰਗੇ, ਬਿਨ ਕੰਨਾਂ ਅੰਦਰੀ ਆਈਆ । ਕਵਣ ਵਜਾਏ ਮਰਦੰਗੇ, ਕਵਣ ਰਿਹਾ ਸਮਝਾਈਆ । ਜਾਂ ਤਕਿਆ ਕੁਰਾਨ ਸ਼ਰੀਫ਼ ਬੱਤੀ ਟੰਗੇ, ਸਾਹਮਣੇ ਸੋਭਾ ਪਾਈਆ ।

੩੧੭

ਉਹ ਵੀ ਨਹੀਂ ਲੱਗਦੇ ਚੰਗੇ, ਜਿਸ ਵੇਲੇ ਜਮ ਰਹੇ ਡਰਾਈਆ । ਜਾਂ ਵੇਖਿਆ ਗੋਬਿੰਦ ਦਿਸਿਆ ਕੰਢੇ, ਜੋ ਭਵਜਲ ਪਾਰ ਕਰਾਈਆ । ਓਸ ਵੇਲੇ ਕਿਹਾ ਐ ਬੰਦਗੀ ਵਾਲੇ ਬੰਦੇ, ਬੰਦਨਾ ਸੀਸ ਨਿਵਾਈਆ । ਮੈਂ ਕਾਗ ਨੇ ਕੀਤੇ ਕੰਮ ਗੰਦੇ, ਫਿਰ ਕਿਉਂ ਕਾਗ ਕਾਗਾਂ ਵਿਚ ਮਿਲਾਈਆ । ਗੋਬਿੰਦ ਕਿਹਾ ਆਪਣੇ ਸੀਨੇ ਰੱਖ ਠੰਡੇ, ਹੌਸਲਾ ਇਕ ਵਧਾਈਆ । ਸਚ ਦੱਸ ਕਿੰਨੇ ਮਾਰੇ ਪੰਡੇ, ਕਿੰਨੇ ਹਿੰਦੂ ਮੁਸਲਮ ਦਿਤੇ ਬਣਾਈਆ । ਕਿੱਥੇ ਮੁਹੰਮਦ ਜਿਹੜਾ ਟੁੱਟੀ ਤੇਰੀ ਗੰਢੇ, ਨਾਤਾ ਆਪਣੇ ਨਾਲ ਜੁੜਾਈਆ । ਜ਼ਰਾ ਅੱਖੀਂ ਮੀਟ ਧਿਆਨ ਧਰ ਤੈਨੂੰ ਨਜ਼ਰੀ ਆਵਣ ਉਹ ਬੰਦੇ, ਜੋ ਬਾਲਮੀਕ ਤੇਰਾ ਵੇਖੇ ਅੰਧੇਰਾ ਤਾਰੀਕ, ਲਾਸ਼ਰੀਕ ਨਾਲ ਮਿਲ ਕੇ ਆਪਣਾ ਰੰਗ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣੀ ਕਾਰ ਕਮਾਈਆ । ਗੋਬਿੰਦ ਕਿਹਾ ਔਰੰਗੇ ਸਵਲਲੇ ਸਲਦ ਈਦ ਨਾਮੇ ਮਧ ਕਦੀਮੇ ਯਦ ਸਦ ਇਕੋ ਇਕ ਸੁਣਾਈਆ । ਹੁਣ ਜ਼ਰੂਰ ਬਣਨਾ ਪਏ ਕਗ, ਰੁਲਣਾ ਪਏ ਜਗ, ਫਿਰ ਵੀ ਤੇਰਾ ਵਿਚੋਲਾ ਪੁਰਖ ਅਕਾਲ ਲਿਆਵਾਂ ਸੱਦ, ਤੇਰੇ ਮਕਬਰੇ ਉਤੇ ਤੇਰਾ ਪੂਰਾ ਕਰਾ ਦਿਆਂ ਹੱਜ, ਹੁਜਰਾ ਤੇਰਾ ਇਕ ਸੁਹਾਈਆ । ਬਿਨ ਚਸ਼ਮਦੀਦ ਤੋਂ ਮੇਰਾ ਦਰਸ਼ਨ ਕਰ ਲੈ ਰੱਜ, ਅੱਗੇ ਜ਼ਰੂਰ ਛੁਟਕਾਰਾ ਕਰਾਵਾਂ ਜਗ, ਬਾਲਮੀਕ ਨੂੰ ਲਿਆਵਾਂ ਸੱਦ, ਜਿਸ ਦੀ ਮਾਂ ਦੇ ਪਿਛੇ ਤੈਨੂੰ ਮਿਲੀ ਸਜ਼ਾਈਆ । ਪਾਲ ਸਿੰਘ ਇਹਨੂੰ ਉਂਗਲਾਂ ਵਿਚ ਟੰਗ, ਇਹਨੂੰ ਗੋਬਿੰਦ ਚਾੜ੍ਹੇ ਰੰਗ, ਅੱਗੇ ਬਖ਼ਸ਼ੇ ਸੰਗ, ਜਿਥੇ ਭੁੱਖ ਰਹੇ ਨਾ ਨੰਗ, ਦੁਖੀਆਂ ਦੁੱਖ ਗਵਾਈਆ । ਪਿਛਲਾ ਕੌਲ ਇਕਰਾਰ ਕੀਤਾ ਨਹੀਂ ਹੋਣ ਦਿਤਾ ਭੰਗ, ਵੇਖੇ ਮਾਰਿਆਂ ਬਿਨਾ ਜੰਗ, ਨਿਸ਼ਾਨੇ ਓਸੇ ਨਾਲ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲਹਿਣੇ ਸਭ ਦੇ ਪੂਰ ਕਰਾਈਆ । ਨਵ ਨੌਂ ਦਾ ਨਵ ਜੈਕਾਰਾ, ਢੋਲਾ ਬੇਪਰਵਾਹੀਆ । ਨੌਂ ਦਵਾਰ ਤੋਂ ਪਾਰ ਕਿਨਾਰਾ, ਸਾਹਿਬ ਸਤਿਗੁਰ ਆਪ ਕਰਾਈਆ । ਨੌਂ ਜਨਮ ਦਾ ਪੂਰਬ ਉਧਾਰਾ, ਪਿਛਲਾ ਝੋਲੀ ਪਾਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਦਾ ਅੰਤ ਸਹਾਰਾ, ਪੁਰਖ ਅਕਾਲ ਨਜ਼ਰੀ ਆਈਆ । ਜਨ ਭਗਤ ਬਹਾਏ ਉਸ ਦਵਾਰਾ, ਜਿਸ ਦਾ ਦਰਵਾਜ਼ਾ ਬੰਦ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੌਂ ਨੌਂ ਨੌਂ, ਤਿੰਨਾਂ ਮੇਲ ਨਾ ਕੋਇ ਮਿਲਾਈਆ । ਜੋ ਆਇਆ ਸੋ ਦਿਨੇ ਜਾਗਿਆ ਤੇ ਰਾਤ ਨੂੰ ਜ਼ਰੂਰ ਗਿਆ ਸੌਂ, ਗੁਰ ਅਵਤਾਰ ਪੈਗ਼ੰਬਰ ਖਰਾਟਿਆਂ ਵਿਚ ਆਪਣਾ ਝਟ ਲੰਘਾਈਆ । ਪ੍ਰਭ ਨੂੰ ਯਾਦ ਕਰਦੇ ਰਹੇ ਕਿਉਂ ਉਹਨਾਂ ਦੇ ਅੰਦਰ ਆਪਣੇ ਮਿਲਣ ਦਾ ਰੱਖਿਆ ਗਉਂ, ਇਸੇ ਲਾਲਚ ਵਿਚ ਦਿਵਸ ਰੈਣ ਧਿਆਈਆ । ਆਪਣੀ ਲੋੜ ਨੂੰ ਕਹਿੰਦੇ ਰਹੇ ਸਾਡਾ ਪਿਤਾ ਸਾਡਾ ਮਾਉਂ, ਜੇ ਇਹ ਨਾ ਕਹਿੰਦੇ ਤੇ ਸਿਰ ਹੱਥ ਕੌਣ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਨੌਂ ਨੌਂ ਨੌਂ ਸਾਰੇ ਲਿਖ ਕੇ ਗਏ ਅੰਕ, ਨੌਂ ਤੱਕ ਹਿੰਦਸਾ ਇਕੋ ਨਜ਼ਰੀ ਆਈਆ । ਇਸ ਤੋਂ ਅੱਗੇ ਕਿਉਂ ਇਕ ਤੇ ਸਿਫ਼ਰ ਦਾ ਬਣ ਗਿਆ ਬੰਕ, ਇਹ ਗੱਲ ਨਾ ਕਿਸੇ ਸਮਝਾਈਆ । ਕਲਮ ਸ਼ਾਹੀ ਨਾਲ ਲਿਖ ਕੇ ਭਾਰ ਟੰਕ, ਵਜ਼ਨਾਂ ਵਿਚ ਟਿਕਾਈਆ । ਰਾਮ ਕ੍ਰਿਸ਼ਨ ਅੱਲ੍ਹਾ ਵਾਹਿਗੁਰੂ ਵਜਾ ਕੇ ਡੰਕ, ਡੌਰੂ ਸਾਰੇ ਗਏ ਖੜਕਾਈਆ । ਪੂਰਾ ਕਿਸੇ ਨਹੀਂ ਮੇਟਿਆ ਸ਼ੰਕ, ਜੇ ਸ਼ੰਕਾ ਮਿਟ ਜਾਂਦਾ ਫਿਰ ਪ੍ਰਭ ਦਾ ਨਾਂ ਕਿਉਂ ਗਏ ਬਦਲਾਈਆ । ਕਿਸੇ ਮੱਕੀ ਤੇ ਖਾਧਾ ਬਾਜਰਾ ਕਿਸੇ ਖਾਧੀ ਕਣਕ, ਚਪਾਤੀ ਰੋਟੀ ਦਾਲ ਨਾਲ ਮਿਲਾਈਆ । ਬਿਨਾ ਪ੍ਰਭੂ ਤੋਂ ਕੋਈ ਆਣ ਕੇ ਬੈਠਾ ਨਾ ਕਦੇ ਅਟੰਕ, ਆਸਾ ਤ੍ਰਿਸ਼ਨਾ ਤੋਂ ਬਾਹਰ ਡੇਰਾ ਲਾਈਆ । ਅੱਜ ਦੀ ਰਾਤ ਇਹ ਵੀ ਵਾਸਤਾ ਪਾ ਕੇ ਸੀਤਾ ਦੇ ਨਾਲ ਮਿਲ ਕੇ ਮੰਗੀ ਸੀ ਜਨਕ, ਓ ਰਾਮ ਦੇ ਰਾਮ ਬਿਨਾ ਤੇਰੇ ਭਗਤਾਂ ਦਾ ਭਾਰ ਨਾ ਕੋਇ ਉਠਾਈਆ । ਜਨਕ ਨੇ ਕੰਨ ਫੜਕੇ ਮੱਥਾ ਰਗੜ ਕੇ ਕਿਹਾ ਅਨੇਕ ਤੇਰੇ ਹੋਣੇ ਸੰਤ, ਬਿਨਾ ਕੰਤ ਸੋਭਾ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਗੁਰ

ਅਵਤਾਰ ਪੈਗ਼ੰਬਰੋ ਹੋ ਜਾਓ ਹਾਜ਼ਰ, ਹਜ਼ੂਰੀਓ ਹਜ਼ੂਰ ਰਿਹਾ ਸੁਣਾਈਆ । ਚਾਰ ਜੁਗ ਦੇ ਬਣੇ ਰਹੇ ਤਾਜਰ, ਵਪਾਰੀ ਸੋਹਣੇ ਨਜ਼ਰੀ ਆਈਆ । ਪ੍ਰਭ ਦਾ ਨਾਮ ਛੋਟੇ ਛੋਟੇ ਹਿੱਸਿਆਂ ਵਿਚ ਵੇਚਿਆ ਬਣਾ ਕੇ ਮੂਲੀ ਗਾਜਰ, ਕੀਮਤ ਟਕਿਆ ਵਾਲੀ ਪਾਈਆ । ਕਿਉਂ ਨਹੀਂ ਵਖਾਇਆ ਵਿਚ ਕਾਇਆ ਗਾਗਰ, ਇਹੋ ਜਿਹੀ ਟੇਢੀ ਬੰਕ ਤੁਸੀਂ ਨਾ ਪਾਰ ਕਰਾਈਆ । ਕਿਉਂ ਬਣੇ ਬਹਾਦਰ, ਸੂਰਬੀਰ ਅਖਵਾਈਆ । ਜਿਸ ਵੇਲੇ ਮੈਂ ਆਪਣੇ ਭਗਤ ਨੂੰ ਜੁਗ ਜੁਗ ਸਿੱਧਾ ਦੇਂਦਾ ਰਿਹਾ ਆਰਡਰ, ਉਹ ਦੀਨ ਦੁਨੀ ਨੂੰ ਛੱਡ ਕੇ ਸਿੱਧਾ ਮੇਰੇ ਵਿਚ ਸਮਾਈਆ । ਮੇਰੇ ਭਗਤ ਜਿਨ੍ਹਾਂ ਨੂੰ ਮੈਂ ਦਰਸ਼ਨ ਦਿਤਾ ਉਹ ਚਾਰ ਜੁਗ ਉਜਾਗਰ, ਤੁਹਾਡਾ ਸੇਵਕ ਨਜ਼ਰ ਕੋਇ ਨਾ ਆਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਤੂੰ ਗਹਿਰ ਗੰਭੀਰ ਵੱਡਾ ਸਾਗਰ, ਅਸੀਂ ਤੇਰੀ ਬੂੰਦ ਤੇਰੇ ਵਿਚੋਂ ਨਿਕਲ ਕੇ ਤੇਰੇ ਵਿਚ ਸਮਾਈਆ । ਪੁਰਖ ਅਕਾਲ ਕਹੇ ਬੱਚਿਓ ਸ਼ਾਬਾਸ਼ ਹੁਣ ਸੌਂ ਜਾਓ ਅੱਗੇ ਤਾਣ ਕੇ ਚਿੱਟੀ ਚਾਦਰ, ਤੁਹਾਡੀ ਲੋਕਮਾਤ ਲੋੜ ਰਹੇ ਨਾ ਰਾਈਆ । ਯਾਦ ਕਰੋ ਜਿਸ ਵੇਲੇ ਨਾਨਕ ਨੇ ਸ਼ਾਹੀ ਬਖ਼ਸ਼ੀ ਸੀ ਬਾਬਰ, ਵਾਸਤਾ ਮੇਰੇ ਅੱਗੇ ਪਾਈਆ । ਮੈਂ ਸਮਝ ਕੇ ਸੁਤ ਕਾਬਲ, ਗੋਬਿੰਦ ਇਕ ਪਰਗਟਾਈਆ । ਕਰ ਕੇ ਇਨਸਾਫ਼ ਅਦਲ ਬਣ ਕੇ ਆਦਲ, ਲਹਿਣਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਸਾਢੇ ਤਿੰਨ ਹੱਥ ਕਹੇ ਮੈਂ ਟੇਢੀ ਡੰਡੀ, ਡੰਡੌਤ ਕਰਨ ਵਾਲਿਆਂ ਪਾਰ ਨਾ ਕੋਇ ਕਰਾਈਆ । ਜੇ ਪ੍ਰਭੂ ਮੈਂ ਨਾ ਹੁੰਦੀ ਤੇਰੇ ਦਵਾਰੇ ਤੇ ਸਾਧਾਂ ਦੀ ਲੱਗ ਜਾਂਦੀ ਮੰਡੀ, ਸਾਰੇ ਬਹਿੰਦੇ ਧੂਣੀਆਂ ਤਾਈਆ । ਮੈਂ ਆਪਣੇ ਵਿਚ ਫਸਾ ਲੈਂਦੀ ਪਖੰਡੀ, ਅੱਗੇ ਰਾਹ ਨਾ ਕੋਇ ਵਖਾਈਆ । ਜੇ ਕੋਈ ਕਹੇ ਏਥੇਂ ਚੰਗੀ ਏਥੇਂ ਗੰਦੀ, ਅੱਗੋਂ ਕੱਢ ਕੇ ਦੰਦੀ ਹੀਂ ਹੀਂ ਕਰ ਕੇ ਸਾਰੇ ਦੇਵਾਂ ਡਰਾਈਆ ।
੩੧੮ ਸਚ ਪੁਛੇਂ ਮੈਨੂੰ ਇਕ ਭੈ ਆਵੇ ਗੋਬਿੰਦ ਕੋਲੋਂ ਚੰਡੀ, ਜਿਹੜੀ ਚੰਡਾਲਾਂ ਕਰੇ ਸਫ਼ਾਈਆ । ਇਹ ਮੰਗ ਨੈਣਾਂ ਦੇਵੀ ਉਤੇ ਓਸ ਨੇ ਸੀ ਮੰਗੀ, ਕਲਗੀ ਤੋੜਾ ਲਾ ੩੧੮
ਕੇ ਉਂਗਲ ਕੰਨ ਵਿਚ ਟਿਕਾਈਆ । ਪ੍ਰਭੂ ਤੇਰਾ ਸੁਤ ਦੁਲਾਰਾ ਇਕੋ ਸ਼ਬਦ ਬੜਾ ਜੰਗੀ, ਜੰਗਜੂ ਬਹਾਦਰ ਦੋ ਜਹਾਨ ਅਖਵਾਈਆ । ਤੇਰੇ ਭਗਤਾਂ ਨੂੰ ਅੱਗੇ ਮੈਂ ਆਉਣ ਨਹੀਂ ਦੇਂਦਾ ਤੰਗੀ, ਦੁੱਖ ਸੁਖ ਵਿਚ ਬਦਲਾਈਆ । ਮੇਰੀ ਕਟਾਰ ਰਹੀ ਨੰਗੀ, ਜਿਸ ਦਾ ਬਿਆਨ ਨਾ ਕੋਇ ਵਖਾਈਆ । ਵਾਅਦਾ ਕਰ ਕੌਲ ਕਰ ਇਕਰਾਰ ਕਰ ਅਹਿਦ ਕਰ ਮੈਂ ਸਦਾ ਬਣਾਂ ਤੇਰਾ ਸੰਗੀ, ਧੁਰ ਦਾ ਸੰਗ ਨਿਭਾਈਆ । ਜਨ ਭਗਤਾਂ ਤੋੜਾਂ ਖਾਨਾਬੰਦੀ, ਬੰਦਗੀ ਇਕ ਸੁਣਾਈਆ । ਗੋਬਿੰਦ ਕਿਹਾ ਪ੍ਰਭੂ ਮੈਨੂੰ ਐਂ ਜਾਪਦਾ ਜਿਵੇਂ ਕਲਜੁਗ ਸੰਤਾਂ ਦੇ ਅੰਦਰ ਹੋਣੀ ਖਾਨਾਜੰਗੀ, ਦਿਵਸ ਰੈਣ ਕਰਨ ਲੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਵਖਾਈਆ । ਸਾਢੇ ਤਿੰਨ ਹੱਥ ਦੀ ਵਿੰਗੀ ਟੇਢੀ ਕਹੇ ਸੋਟੀ, ਸੋਹਣਾ ਹੁਕਮ ਸੁਣਾਈਆ । ਜਨ ਭਗਤੋ ਮੈਂ ਰੋਂਦੀ ਟੇਢੀ ਬੰਕ ਕਿਉਂ ਤੁਹਾਡੇ ਅੰਦਰ ਪ੍ਰਭੂ ਚੜ੍ਹ ਗਿਆ ਆਪਣੀ ਚੋਟੀ, ਚੋਟ ਆਪਣਾ ਨਾਮ ਲਗਾਈਆ । ਸਭ ਦੀ ਦੁਰਮਤ ਮੈਲ ਜਾਏ ਧੋਤੀ, ਪਤਤ ਪੁਨੀਤ ਕਰਾਈਆ । ਕਿਸੇ ਦੀ ਮਤ ਰਹੇ ਨਾ ਹੋਛੀ, ਦੇਵੇ ਮਾਣ ਵਡਿਆਈਆ । ਖ਼ਬਰਦਾਰ ਕਿਸੇ ਪੜ੍ਹੀ ਪੋਥੀ, ਬੇਖ਼ਬਰਾਂ ਰਿਹਾ ਉਠਾਈਆ । ਜਿਹੜੀ ਕਥਾ ਕਹਾਣੀ ਚਾਰ ਜੁਗ ਗੁਰ ਅਵਤਾਰ ਪੈਗ਼ੰਬਰ ਕਿਸੇ ਨਹੀਂ ਸੋਚੀ, ਬਿਨਾ ਸੋਚਿਆਂ ਤੁਹਾਨੂੰ ਦਿਤੀ ਸਮਝਾਈਆ । ਸਚ ਦਵਾਰ ਦੀ ਦੇ ਕੇ ਸੋਝੀ, ਸੁੱਤਿਆਂ ਲਿਆ ਉਠਾਈਆ । ਗੁਰਮੁਖ ਸਵਾਣੀ ਕਦੇ ਨਾ ਹੋਵੇ ਕਮਲੀ ਕੋਝੀ, ਨਾਰ ਸੁਹਾਗਣ ਸਚਖੰਡ ਦਵਾਰੇ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਢੇ ਤਿੰਨ ਹੱਥ ਸਭ ਦਾ ਲੇਖਾ ਰਿਹਾ ਮੁਕਾਈਆ । ਸੋਟੀ ਕਹੇ ਵੇਖੋ ਮੇਰੇ ਵਲ, ਵਲਵਲੇ ਸਭ ਨੂੰ ਰਹੀ ਵਖਾਈਆ । ਸ੍ਰਿਸ਼ਟ ਸਬਾਈ ਨਾਲ ਕਰ ਕੇ ਛਲ, ਅਛਲ ਛਲ ਰਿਹਾ ਕਮਾਈਆ । ਜਨ ਭਗਤਾਂ ਦਵਾਰਾ ਅੰਤਰ ਮੱਲ, ਮਲੀਨ ਸਾਫ਼ ਕਰਾਈਆ । ਤੁਹਾਡੀ ਖ਼ਾਤਰ ਆਇਆ ਚਲ, ਨਿਹਚਲ ਫੇਰਾ ਪਾਈਆ । ਅੰਤਰ ਗਿਆ

ਰਲ, ਨੂਰ ਨੂਰ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਰਿਹਾ ਰੰਗਾਈਆ । ਗੁਰਮੁਖ ਦਾ ਸਿਰ ਰਹੇ ਕਦੇ ਨਾ ਨੰਗਾ, ਗ਼ਰੀਬਾਂ ਉਤੇ ਪੜਦਾ ਪਾਈਆ । ਜਿਹੜੀ ਸ਼ੰਕਰ ਦੀ ਧਾਰ ਗੰਗਾ, ਸਭ ਦੇ ਅੰਤਰ ਦਿਤੀ ਵਹਾਈਆ । ਇਕੋ ਘਾਟ ਪਤਣ ਇਕੋ ਕੰਡਾ, ਸਭ ਦਾ ਦਿਤਾ ਬਣਾਈਆ । ਜਿਸ ਦਾ ਅੰਮ੍ਰਿਤ ਜਲ ਠੰਡਾ, ਅਗਨ ਜੇਠ ਨਾ ਕੋਇ ਤਪਾਈਆ । ਪ੍ਰੇਮ ਪ੍ਰੀਤੀ ਚਾੜ੍ਹੇ ਰੰਗਾ, ਕਸੁੰਭੜਾ ਰੂਪ ਨਾ ਕੋਇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਨੰਗਾ ਸਿਰ ਤੇ ਖੁਲ੍ਹੜੇ ਕੇਸ, ਸੋਹਣਾ ਵੇਸ ਵਟਾਈਆ । ਇਹ ਪ੍ਰੇਮ ਕੀਤਾ ਦਸ ਦਸਮੇਸ਼, ਪੁਰੀ ਅਨੰਦ ਵੱਜੀ ਵਧਾਈਆ । ਇਕ ਘੜੇ ਵਿਚ ਕਰ ਕੇ ਛੇਕ, ਮੋਰੀ ਵਿਚੋਂ ਉਂਗਲ ਲੰਘਾਈਆ । ਪਰਕਾਸ਼ ਪਾ ਕੇ ਆਪਣਾ ਤੇਜ, ਜੋਤ ਦਿੱਤੀ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਚੜ੍ਹਾਈਆ । ਗੋਬਿੰਦ ਘੜੇ ਵਿਚ ਕੱਢੀ ਮੋਰੀ, ਸਾਢੇ ਤਿੰਨ ਹੱਥ ਉਚੀ ਦਿੱਤੀ ਰਖਾਈਆ । ਰਾਤ ਸਭ ਤੋਂ ਕਰ ਕੇ ਚੋਰੀ, ਪੰਜਾਂ ਗ਼ਰੀਬਾਂ ਲਿਆ ਉਠਾਈਆ । ਆਓ ਤੁਹਾਨੂੰ ਵਸਤ ਦੇਵਾਂ ਥੋੜ੍ਹੀ ਥੋੜ੍ਹੀ, ਛੋਟਿਆਂ ਨੂੰ ਵੱਡਿਆਂ ਨਾਲ ਮਿਲਾਈਆ । ਜਿਸ ਵੇਲੇ ਮੇਰੀ ਅਕਾਲ ਨਾਲ ਬਣੀ ਜੋੜੀ, ਜੋੜਾ ਜੁੜ ਕੇ ਫੇਰਾ ਪਾਈਆ । ਸਾਚੇ ਨਾਮ ਦੀ ਲਾ ਕੇ ਪੌੜੀ, ਹਰਿਜਨ ਵੇਖਾਂ ਥਾਉਂ ਥਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਘਰ ਸਾਚੇ ਦਏ ਵਡਿਆਈਆ । ਮੋਰੀ ਵਿਚ ਵਹਾਈ ਜਲ ਧਾਰ, ਪਾਣੀ ਪਾਣੀ ਵਿਚੋਂ ਬਦਲਾਈਆ । ਹੱਸ ਕੇ ਕਿਹਾ ਨਾਲ ਪਿਆਰ, ਪ੍ਰਭੂ ਤੇਰੀ ਬੇਪਰਵਾਹੀਆ । ਜੇ ਐਸੇ ਤਰਾ ਉਤੋਂ ਮਿਲੇਂ ਆਣ, ਵਹਿਣ ਥੱਲੇ ਵਲ ਵਹਾਈਆ । ਫੇਰ ਭਗਤਾਂ ਦੀ ਮੰਜ਼ਲ ਹੋਏ ਆਸਾਨ, ਜਿਨ੍ਹਾਂ ਦੇ ਅੰਦਰ ਵੜ ਕੇ ਆਪਣਾ ਭੇਵ ਖੁਲ੍ਹਾਈਆ । ਜੇ ਤੈਨੂੰ ਲੱਭਣ ਜਾਣ ਵਿਚ ਜੰਗਲ ਬੀਆਬਾਨ, ਟਿੱਲੇ ਪਰਬਤ ਫੋਲ ਫੁਲਾਈਆ । ਓਥੇ ਮਿਲੇ ਨਾ ਤੇਰਾ ਨਿਸ਼ਾਨ, ਬਿਨ ਤੇਰੀ ਕਿਰਪਾ ਤੇਰਾ ਘਰ ਨਾ ਕੋਇ ਵਖਾਈਆ । ਅਬਿਨਾਸ਼ੀ ਕਰਤੇ ਕੀਤਾ ਪਰਵਾਨ, ਸੰਦੇਸ਼ਾ ਗੋਬਿੰਦ ਦਿਤਾ ਦ੍ਰਿੜਾਈਆ । ਜਿਸ ਵੇਲੇ ਆਵਾਂ ਬਣ ਕੇ ਵਾਲੀ ਦੋ ਜਹਾਨ, ਭਗਤ ਸੁਹੇਲੇ ਸਹਿਜੇ ਲਵਾਂ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਲੇਖਾ ਵੇਖ ਵਖਾਈਆ । ਨਾਮਾ ਕਹੇ ਭਰੀ ਕਟੋਰੀ ਦੁੱਧ, ਠਾਕਰ ਭੋਗ ਲਗਾਈਆ । ਅਗਲੀ ਆਵੇ ਸੁੱਧ, ਪੜਦਾ ਦੇ ਚੁਕਾਈਆ । ਤੈਨੂੰ ਲਵਾਂ ਬੁਝ, ਆਪਣਾ ਭੇਵ ਖੁਲ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਵਖਾਈਆ । ਠਾਕਰ ਕਿਹਾ ਸੁਣ ਨਾਮੇ, ਸਚ ਸੰਦੇਸ਼ ਸੁਣਾਈਆ । ਕਰਾਂ ਖੇਲ ਆਪਣੇ ਬਦਲ ਕੇ ਜਾਮੇ, ਬਹੱਤਰ ਰੂਪ ਧਰਾਈਆ । ਕ੍ਰਿਸ਼ਨ ਨੇ ਮਹਿਲ ਬਣਾਏ ਸੁਦਾਮੇ, ਮੈਂ ਤੇਰੀ ਛੱਪਰ ਛੰਨ ਛੁਹਾਈਆ । ਛੱਡਾਂ ਪੀਣੇ ਖਾਣੇ, ਮੁਫ਼ਤ ਭੱਜਾਂ ਵਾਹੋ ਦਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਿਰ ਆਪਣਾ ਹੱਥ ਰਖਾਈਆ । ਨਾਮੇ ਕਿਹਾ ਤੂੰ ਬਾਢੀ ਬੜਾ ਸੋਹਣਾ ਤਰਖਾਣ, ਪ੍ਰਭੂ ਨਜ਼ਰੀ ਆਈਆ । ਸਚਖੰਡ ਦਾ ਭਗਵਾਨ, ਪਹਿਲਾ ਕਟੋਰਾ ਤੈਨੂੰ ਸਚਖੰਡ ਭੇਟ ਚੜ੍ਹਾਈਆ । ਫੇਰ ਆਵੇਂ ਵਿਚ ਜਹਾਨ, ਨਿਰਗੁਣ ਸਰਗੁਣ ਰੂਪ ਧਰਾਈਆ । ਇਹ ਭਗਤਾਂ ਦਾ ਦਾਨ, ਮੈਂ ਤੇਰੀ ਝੋਲੀ ਪਾਈਆ । ਤੀਜਾ ਹੋਰ ਸੁਣ ਫ਼ਰਮਾਨ, ਤੈਨੂੰ ਦਿਆਂ ਸੁਣਾਈਆ । ਜਿਸ ਵੇਲੇ ਫੇਰ ਜਾਵੇਂ ਉਤੇ ਅਸਮਾਨ, ਆਹ ਤੀਜਾ ਕਟੋਰਾ ਨਾਲ ਲੈ ਕੇ ਜਾਈਂ ਚਾਈਂ ਚਾਈਆ । ਅੱਗੋਂ ਹੱਸ ਕੇ ਕਿਹਾ ਮਿਹਰਵਾਨ, ਨਾਮੇ ਇਹ ਕੀ ਖੇਲ ਬਣਾਈਆ । ਨਾਮੇ ਕਿਹਾ ਤੂੰ ਭਗਤਾਂ ਦਾ ਮਹਿਮਾਨ, ਭਗਤ ਚਾਹੁੰਦੇ ਤੈਨੂੰ ਓਥੇ ਏਥੇ ਏਥੇ ਓਥੇ ਸਦਾ ਦੇਈਏ ਰਜਾਈਆ । ਪਰ ਏਹੋ ਦੁੱਖ ਸਾਡੇ ਕੋਲ ਕੋਈ ਦੇਣ ਵਾਲਾ ਨਹੀਂ ਦਾਨ, ਸਾਰੇ ਤੇਰੇ ਮੰਗਤੇ ਨਜ਼ਰੀ ਆਈਆ । ਜੇ ਤੂੰ ਕਿਰਪਾ ਕਰੇਂ ਸ੍ਰੀ ਭਗਵਾਨ, ਮਿਹਰ ਨਜ਼ਰ ਉਠਾਈਆ । ਜਿਸ ਵੇਲੇ ਆਵੇਂ ਵਿਚ ਜਹਾਨ, ਆਪਣਾ ਫੇਰਾ ਪਾਈਆ । ਫਿਰ ਭਗਤਾਂ ਲਈ ਸਭ ਤੋਂ ਵੱਖਰਾ ਲੈ ਕੇ ਆਵੀਂ ਦਾਨ,

੩੧੯

੩੨੦

ਜਿਹੜਾ ਤਿੰਨਾਂ ਲੋਕਾਂ ਵਿਚ ਹੱਥ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ ।

ਮੁਹੰਮਦ ਨਬੀ ਬਣਨਾ ਕਿ ਰਸੂਲ, ਰਸੂਲੱਲਾਹ ਰਿਹਾ ਜਣਾਈਆ । ਕਿਸ ਨੂੰ ਕਰਨਾ ਕਬੂਲ, ਕਾਅਬਾ ਕਿ ਕਾਅਬੇ ਦਾ ਮਾਲਕ ਲੈਣਾ ਮਨਾਈਆ । ਕਿਹੜਾ ਮੰਨਣਾ ਦਸਤੂਰ, ਦਸਤ ਮਿਲੌਣਾ ਕਿ ਦਰਸ਼ਨ ਕਰਨਾ ਨੂਰ ਇਲਾਹੀਆ । ਇਕੋ ਸ਼ੁਕਰੀਏ ਵਿਚ ਹੋਣਾ ਮਸ਼ਕੂਰ, ਕਿਸ ਮੁਸ਼ਕਲ ਵਿਚ ਧਿਆਨ ਲਗਾਈਆ । ਜ਼ਰਾ ਨਿਗਾਹ ਮਾਰ ਵੇਖ ਦੂਰ, ਦੁਰਾਡੀ ਅੱਖ ਖੁਲ੍ਹਾਈਆ । ਸੂਲੀ ਚੜ੍ਹਦਾ ਵੇਖ ਮਨਸੂਰ, ਤਬਰੇਜ਼ ਖੱਲ ਲੁਹਾਈਆ । ਮੁਹੰਮਦ ਕਿਹਾ ਮੈਨੂੰ ਮਨਜ਼ੂਰ, ਮਨਜ਼ੂਰੀ ਵਿਚ ਸੀਸ ਝੁਕਾਈਆ । ਮੈਂ ਤੇਰਾ ਬਰਦਾ ਮਜ਼ਦੂਰ, ਚਾਕਰ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਰੰਗਾਈਆ । ਮੁਹੰਮਦ ਕਿਹੜੀ ਕਰੇਂ ਇਬਾਦਤ, ਅੱਵਲ ਦੇ ਜਣਾਈਆ । ਮੁਹੰਮਦ ਕਿਹਾ ਜਿਹੜੀ ਪਾਵੇਂ ਆਦਤ, ਓਹੋ ਰਾਹ ਵਖਾਈਆ । ਜਿਹੜਾ ਬਣਾਵੇਂ ਤਾਲਬ, ਓਹੋ ਕਰਾਂ ਪੜ੍ਹਾਈਆ । ਤੂੰ ਸਾਹਿਬ ਇਕੋ ਮਾਲਕ, ਤੇਰੀ ਬੇਪਰਵਾਹੀਆ । ਮੈਂ ਨੰਨ੍ਹਾ ਤੇਰਾ ਬਾਲਕ, ਨੂਰ ਵਿਚ ਰੁਸ਼ਨਾਈਆ । ਮੈਨੂੰ ਐਂ ਦਿਸਦਾ ਸਦੀ ਚੌਧਵੀਂ ਸਭ ਦੇ ਮੱਥੇ ਲੱਗਣੀ ਕਾਲਖ, ਟਿੱਕਾ ਸਾਫ਼ ਨਾ ਕੋਇ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਮੁਹੰਮਦ ਆਹ ਲੈ ਬੰਨ੍ਹ ਲਾ ਮੌਲੀ ਤੰਦ, ਤੈਨੂੰ ਦਿਆਂ ਸਮਝਾਈਆ । ਓਨਾਂ ਚਿਰ ਤੇਰਾ ਚਮਕਦਾ ਰਹੇ ਚੰਦ, ਲੋਕਮਾਤ ਹੋਏ ਰੁਸ਼ਨਾਈਆ । ਜਿਸ ਵੇਲੇ ਅਮਾਮ ਬਣ ਕੇ ਆਵਾਂ ਤੇ ਸਾਰਿਆਂ ਦਾ ਲੇਖਾ ਹੋ ਜਾਏ ਬੰਦ, ਪਿਛਲੀ ਬੰਦਗੀ ਦੀ ਲੋੜ ਰਹੇ ਨਾ ਰਾਈਆ । ਸਭ ਦੀ ਬਦਲ ਦੇਵਾਂ ਕੰਡ, ਮੁਖ ਮੁਖ ਨਾਲੋਂ ਭਵਾਈਆ । ਇਕ ਸੁਣਾਵਾਂ ਛੰਦ, ਧੁਰ ਦਾ ਰਾਗ ਅਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਪੜਦਾ ਲਾਹੀਆ । ਮੁਹੰਮਦ ਕਿਹਾ ਉਹ ਕਿਹੜਾ ਵੇਲਾ ਹੋਵੇ ਜਗਤ, ਸਚ ਦੇਣਾ ਦਰਸਾਈਆ । ਪਰਵਰਦਿਗਾਰ ਕਿਹਾ ਜਿਸ ਵੇਲੇ ਸਭ ਦੀ ਖਿੱਚਾਂ ਸ਼ਕਤ, ਤਾਕਤ ਰਹਿਣ ਕੋਇ ਨਾ ਪਾਈਆ । ਨੂਰ ਅਲਾਹੀ ਹੋ ਕੇ ਆਵਾਂ ਫ਼ਰਸ਼, ਅਰਸ਼ ਵੇਖ ਵਖਾਈਆ । ਸੂਫ਼ੀਆਂ ਉਤੇ ਕਰਾਂ ਤਰਸ, ਭਗਤਾਂ ਨਾਲ ਮਿਲਾਈਆ । ਮੁਹੰਮਦਾ ਤੇਰੀ ਮੇਰੀ ਪੱਕੀ ਹੋ ਗਈ ਸ਼ਰਤ, ਤੇਰੇ ਵਾਲਾ ਗਾਨਾ ਫੇਰ ਭਗਤਾਂ ਦੇਵਾਂ ਬੰਧਾਈਆ । ਅੱਲਾ ਆਪਣਿਆਂ ਬੰਦਿਆਂ ਵਿਚ ਕਦੇ ਨਾ ਪਾਵੇ ਫ਼ਰਕ, ਫ਼ਿਰਕੇਦਾਰੀ ਦਿਆਂ ਗਵਾਈਆ । ਹੁਣ ਮਗ਼ਰਬ ਤੇ ਫੇਰ ਸ਼ਰਕ, ਮਸ਼ਰਕ ਮੁਸਤਫ਼ਾ ਸਾਰੇ ਵੇਖ ਵਖਾਈਆ । ਸਭ ਦੀ ਮਾਣ ਵਡਿਆਈ ਹੋਣੀ ਗ਼ਰਕ, ਗ਼ਰੂਬ ਆਫ਼ਤਾਬ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਅੱਲਾ ਦਾ ਮੌਲੀ ਤੰਦ, ਮੁਹੰਮਦ ਸਦਾ ਬਖ਼ਸ਼ੰਦ, ਬਖ਼ਸ਼ਿਸ਼ ਵਿਚ ਰਖਸ਼ਿਸ਼, ਰਹਿਮਤ ਆਪਣੇ ਨਾਲ ਰਖਾਈਆ । ਆ ਬ੍ਰਹਮੇ ਵੇਖ ਆਪਣੀ ਕੌਲੀ, ਕਵਲ ਫੁੱਲ ਰਹੇ ਮੁਰਝਾਈਆ । ਸਭ ਦੀ ਸੁੱਕਣ ਲੱਗੀ ਬੌਲੀ, ਜੌਹੜ ਤਾਲਾਬ ਰਹੇ ਕੁਰਲਾਈਆ । ਚਾਰੇ ਖਾਣੀ ਪਾਵੇ ਰੌਲੀ, ਰੋ ਰੋ ਨੀਰ ਵਹਾਈਆ । ਧੀਰਜ ਮਿਲੇ ਨਾ ਕੋਇ ਧੌਲੀ, ਧਰਨੀ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਪੜਦਾ ਰਿਹਾ ਚੁਕਾਈਆ । ਕੌਲੀ ਕਹੇ ਜਿਸ ਵੇਲੇ ਮੁਹੰਮਦ ਨੇ ਪਹਿਲੇ ਪੜ੍ਹੀ ਕਲਾਮ, ਕਲਮਾ ਅੰਦਰੇ ਅੰਦਰ ਸੁਣ ਕੇ ਖ਼ੁਸ਼ੀ ਮਨਾਈਆ । ਹੱਕ ਦਾ ਜਾਣਿਆ ਪੈਗ਼ਾਮ, ਆਵਾਜ਼ ਇਕ ਅਲਾਈਆ । ਤੱਕਿਆ ਵੱਲ ਅਸਮਾਨ, ਅੱਖਾਂ ਅੱਖ ਉਠਾਈਆ । ਬਦਲਦਾ ਵੇਖਿਆ ਨਜ਼ਾਮ, ਦੋ ਜਹਾਨ ਦੁਹਾਈਆ । ਝਗੜਾ ਪਿਆ ਇਸਲਾਮ, ਅਸਲ ਵਸਲ ਨਾ ਕੋਇ ਕਰਾਈਆ । ਬਰਦੇ ਹੋਏ ਹੈਰਾਨ, ਗ਼ੁਲਾਮ ਭੱਜਣ ਵਾਹੋ ਦਾਹੀਆ । ਖ਼ੁਦਾ ਕਿਹਾ ਮੁਹੰਮਦ ਆਪਣੀ ਕਾਇਆ ਕੌਲੀ ਵਿਚ ਮੇਰੀ ਕਰ ਪਹਿਚਾਨ,

ਜਿਸ ਵਿਚ ਆਪਣੇ ਪ੍ਰੇਮ ਦਾ ਫੁੱਲ ਅਨਮੁੱਲ ਦਿਤਾ ਟਿਕਾਈਆ । ਮੁਹੰਮਦ ਕਰ ਕੇ ਸਲਾਮ, ਸੱਜਦੇ ਵਿਚ ਸੀਸ ਦਿਤਾ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਨਾਲ ਤਰਾਈਆ । ਕੌਲੀ ਕਹੇ ਮੇਰਾ ਸਭ ਤੋਂ ਛੋਟਾ ਰਕਬਾ, ਅਰਜ਼ ਤੂਲ ਸਮਝ ਕੋਇ ਨਾ ਪਾਈਆ ।
ਮੈਂ ਵਸਾਵਾਂ ਕਾਇਆ ਦੇ ਅੰਦਰ ਇਕ ਕਸਬਾ, ਸਭ ਕੁਛ ਓਸੇ ਵਿਚ ਟਿਕਾਈਆ । ਮੇਰੇ ਵਿਚ ਵੱਡਾ ਗੁਣ ਤੇ ਵੱਡਾ ਵਸਫ਼ਾ, ਕਾਬਲੀਅਤ ਵਿਚ ਵੱਡੀ ਨਜ਼ਰੀ ਆਈਆ ।
ਭਗਤੋ ਸੰਤੋ ਗੁਰਮੁਖੋ ਗੁਰਸਿੱਖੋ ਪ੍ਰਭ ਨੂੰ ਆਪਣੇ ਨਾਮ ਵਰਤੌਣ ਦਾ ਬੜਾ ਸਰਫ਼ਾ, ਗੁਰ ਅਵਤਾਰ ਪੈਗ਼ੰਬਰਾਂ ਨੂੰ ਨਿੱਕੀ ਜਿਹੀ ਕੌਲੀ ਦਾ ਜਾਮ ਪਿਆਈਆ । ਅੱਗੇ
ਪਾ ਕੇ ਆਪਣੇ ਨਾਮ ਦਾ ਪਰਚਾ, ਪਰਾਚੀਨ ਦੇ ਵਿਛੜਿਆਂ ਤੋਂ ਸਵਾਲ ਰਿਹਾ ਕਢਾਈਆ । ਕਿਸੇ ਨੂੰ ਸਤਿਜੁਗ ਕਿਸੇ ਨੂੰ ਤਰੇਤਾ ਕਿਸੇ ਨੂੰ ਦਵਾਪਰ ਕਿਸੇ ਨੂੰ ਕਲਜੁਗ
ਕਿਸੇ ਨੂੰ ਚੌਦਾਂ ਸਦੀਆਂ ਦਾ ਦਿਤਾ ਖ਼ਰਚਾ, ਅੱਗੋਂ ਖਾਲੀ ਸਾਰੇ ਦਿੱਤੇ ਕਰਾਈਆ । ਸਚਖੰਡ ਵਿਚ ਸਾਰੇ ਬਹਿ ਕੇ ਕਰਦੇ ਚਰਚਾ, ਚਰਚਾਂ ਵਿਚ ਨਜ਼ਰ ਕੋਇ ਨਾ
ਆਈਆ । ਖੌਰੇ ਕੇਹੋ ਜਿਹਾ ਚੜ੍ਹਨਾ ਅੱਗੇ ਬਰਸਾ, ਸਾਡੀ ਬਰਸੀ ਭੁੱਲੇ ਜਗਤ ਲੋਕਾਈਆ । ਔਹ ਵੇਖੋ ਭਗਤਾਂ ਦੇ ਉਤੇ ਕਿਹੜੀ ਕਰਦਾ ਵਰਸ਼ਾ, ਕਵਣ ਮੇਘ
ਵਰਸਾਈਆ । ਗੋਬਿੰਦ ਕਿਹਾ ਖ਼ਬਰਦਾਰ ਇਹ ਉਹ ਜਿਹੜੇ ਵਿਛੜੇ ਸਰਸਾ, ਗੁਰ ਅਵਤਾਰ ਪੈਗ਼ੰਬਰ ਅੱਖ ਨਾ ਕੋਇ ਉਠਾਈਆ । ਮੇਰੇ ਕੋਲ ਸਭ ਦੀਆਂ ਫ਼ਰਦਾਂ,
ਜੁਗ ਜਨਮ ਦੇ ਵਿਛੜੇ ਲਵਾਂ ਉਠਾਈਆ । ਮੇਰੇ ਕੋਲ ਵਿਛੋੜੇ ਦੀਆਂ ਦਰਦਾਂ, ਬਿਰਹੁ ਵਾਲੇ ਲਵਾਂ ਜਗਾਈਆ । ਜਿਨ੍ਹਾਂ ਦੀਆਂ ਜਨਮ ਜਨਮ ਦੀਆਂ ਅਰਜ਼ਾਂ, ਓਨ੍ਹਾਂ
ਹੋਵਾਂ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਵਖਾਈਆ । ਕੌਲੀ ਕਹੇ ਮੈਂ ਵੇਖਾਂ ਕਾਇਨਾਤ, ਦੀਨ ਦੁਨੀ ਫੋਲ ਫੁਲਾਈਆ ।
੩੨੧ ਬਿਨਾ ਮੇਰੇ ਕਿਸੇ ਨੂੰ ਪ੍ਰਭ ਕਰੇ ਨਾ ਕੁਛ ਅਨਾਇਤ, ਵਸਤ ਝੋਲੀ ਨਾ ਕੋਇ ਟਿਕਾਈਆ । ਚਾਰ ਜੁਗ ਮੈਂ ਸਭ ਦੀ ਕਰਦੀ ਰਹੀ ਹਮਾਇਤ, ਹਮਸਾਜਨ ਹੋ ਕੇ ੩੨੧
ਸੇਵ ਕਮਾਈਆ । ਜਨ ਭਗਤੋ ਹੁਣ ਪਤਾ ਨਹੀਂ ਸ਼ਾਇਦ, ਪ੍ਰਭ ਆਪਣੀ ਰੀਤੀ ਦਿਤੀ ਬਦਲਾਈਆ । ਅੱਜ ਤੋਂ ਮੈਂ ਛੋਟੀ ਪਿਆਲੀ ਹੋ ਗਈ ਗ਼ਾਇਬ, ਜਿੰਨਾਂ
ਚਾਹੇ ਤੁਹਾਨੂੰ ਅੰਮ੍ਰਿਤ ਰਸ ਦਏ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਰੰਗ ਚੜ੍ਹਾਈਆ ।

ਜੁਗ ਫਿਰਦਿਆਂ ਫਿਰਦਿਆਂ ਆ ਗਿਆ ਉਹ ਟਿਕਾਣਾ, ਜਿਸ ਦੇ ਟਿੱਕੇ ਸਾਰੇ ਰਹੇ ਲਗਾਈਆ । ਲੱਭਦਿਆਂ ਲੱਭਦਿਆਂ ਮਿਲ ਗਿਆ ਉਹ ਘਰਾਨਾ, ਜਿਥੇ
ਘਰਾਂ ਦੀ ਵੰਡ ਨਾ ਕੋਇ ਵੰਡਾਈਆ । ਚੜ੍ਹਦਿਆਂ ਚੜ੍ਹਦਿਆਂ ਮਿਲ ਗਿਆ ਉਹ ਬਬਾਣਾ, ਜੋ ਦੋ ਜਹਾਨ ਆਪਣੇ ਹੇਠ ਦਬਾਈਆ । ਜੋਤੀ ਜੋਤ ਸਰੂਪ ਹਰਿ, ਆਪ
ਆਪਣੀ ਕਿਰਪਾ ਕਰ, ਆਪਣੇ ਰੰਗ ਰੰਗਾਈਆ । ਜਨ ਭਗਤੋ ਰਵਦਾਸ ਦੀ ਉਹ ਬੌਲੀ, ਜੋ ਚਮੜਿਆਂ ਰੰਗ ਰੰਗਾਈਆ । ਜਿਥੇ ਪ੍ਰੇਮ ਦੀ ਹੋਵੇ ਬੌਹਣੀ, ਨੇਮ
ਦਾ ਭੇਵ ਖੁਲ੍ਹਾਈਆ । ਸਭ ਦੀ ਲੇਖੇ ਲੱਗ ਜਾਏ ਆਉਣੀ, ਦੁਰਮਤ ਮੈਲ ਧਵਾਈਆ । ਕਾਇਆ ਅੰਦਰ ਹੋ ਜਾਏ ਰੌਣੀ, ਅੰਮ੍ਰਿਤ ਜਲ ਕਰੇ ਸਿੰਚਾਈਆ । ਮਨਸਾ
ਪੂਰੀ ਹੋਵੇ ਭਾਉਣੀ, ਭਾਵਨਾ ਆਪਣੇ ਰੰਗ ਰੰਗਾਈਆ । ਜਿਸ ਨੇ ਉਜੜੀ ਵਸਤੀ ਸਭ ਦੀ ਵਸਾਉਣੀ, ਦਰ ਠਾਂਡਾ ਇਕ ਵਖਾਈਆ । ਕਲਜੁਗ ਰੈਣ ਨਾ ਰਹੇ
ਡਰਾਉਣੀ, ਸਤਿਜੁਗ ਸਾਚਾ ਚੰਦ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੂਰਬ ਲੇਖਾ ਵੇਖ ਵਖਾਈਆ । ਰਵਦਾਸ ਬੌਲੀ ਪ੍ਰਭ
ਦਾ ਤਾਲਾਬ, ਤਾਰਨਹਾਰ ਇਕ ਅਖਵਾਈਆ । ਭਗਤ ਸੁਹੇਲੇ ਫੁੱਲ ਉਹ ਗੁਲਾਬ, ਜਿਹੜਾ ਗੁਲ ਆਪ ਖਿਲਾਈਆ । ਜਿਥੇ ਨਾਨਕ ਦੀ ਵੱਜੇ ਰਬਾਬ, ਬਿਨ
ਤਾਲ ਸੁਰ ਸੁਣਾਈਆ । ਖੇਲ ਸੱਚੀ ਜਨਾਬ, ਹਰਿ ਕਰਤਾ ਆਪ ਵਖਾਈਆ । ਅਰਜਨ ਦੀ ਕਿਤਾਬ, ਕੁਤਬਖ਼ਾਨਿਆਂ ਬਾਹਰ ਟਿਕਾਈਆ । ਦੁੱਧ ਦੀ ਜਾਗ,

੩੨੨

ਜਾਗਰਤ ਜੋਤ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੇ ਦਰ ਦੇਵੇ ਵਡਿਆਈਆ । ਬੌਲੀ ਕਹੇ ਮੇਰੇ ਪਾਣੀ ਦਾ ਨਹੀਂ ਕੋਈ ਨਾਪ, ਪੈਮਾਨਾ ਨਜ਼ਰ ਕੋਇ ਨਾ ਆਈਆ । ਮੇਰੇ ਅੰਦਰੇ ਕੋਟ ਉਤਰਨ ਪਾਪ, ਪਾਪਾਂ ਕਰਾਂ ਸਫ਼ਾਈਆ । ਮੈਂ ਸਦਾ ਸੁਣਦੀ ਇਕੋ ਦਾ ਜਾਪ, ਜੋ ਸੋਹੰ ਢੋਲਾ ਗਾਈਆ । ਅੰਤ ਸਭ ਨੂੰ ਜਾਵਾਂ ਆਖ, ਸੰਦੇਸਾ ਇਕ ਇਲਾਹੀਆ । ਚਾਰ ਜੁਗ ਦੇ ਪੂਰੇ ਹੋਣੇ ਭਵਿਖਤ ਵਾਕ, ਜੋ ਭਾਖਿਆ ਗੁਰ ਅਵਤਾਰ ਪੈਗ਼ੰਬਰ ਗਏ ਸੁਣਾਈਆ । ਜਨ ਭਗਤ ਹੋਏ ਨਾ ਕੋਇ ਉਦਾਸ, ਗ਼ਮੀ ਵਿਚ ਗ਼ਮ ਨਾ ਕੋਇ ਬਣਾਈਆ । ਪ੍ਰਭ ਦਾ ਖੇਲ ਤਮਾਸ਼, ਹੁਕਮੇ ਅੰਦਰ ਹੁਕਮ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹਰਿਜਨ ਹੋਣ ਨਾ ਦੇਵੇ ਨਿਰਾਸ, ਨਿਰਾਸਾ ਆਸਾ ਵਿਚ ਸਮਾਈਆ ।

ਡੇਢ੍ਹ ਰੋਟੀ ਦਾ ਖਾਣਾ ਖਾਧਾ, ਖਾ ਖਾ ਖ਼ੁਸ਼ੀ ਮਨਾਈਆ । ਇਹ ਭਗਤ ਭਗਵਾਨ ਦਾ ਵਾਧਾ, ਇਕ ਦਾ ਅੱਧਾ ਅੱਧੇ ਦਾ ਇਕ ਦੋਹਾਂ ਦਾ ਡੇਢ੍ਹ ਸੋਭਾ ਪਾਈਆ । ਗੋਬਿੰਦ ਪਿਤਾ ਤੇ ਪੁਰਖ ਅਕਾਲ ਦਾਦਾ, ਦੋਹਾਂ ਦਾ ਰਿਜ਼ਕ ਮੁਕ ਕਦੇ ਨਾ ਜਾਈਆ । ਸਦਾ ਪ੍ਰੇਮ ਪਿਆਰ ਵਿਚ ਹੋਵੇ ਸਾਦਾ, ਬੁੱਧੀ ਸਾਦੀ ਦਏ ਬਣਾਈਆ । ਦੁਰਮਤ ਮੈਲ ਧੋਵੇ ਦਾਗ਼ਾ, ਦਲਿਦਰੀਆਂ ਦਲਿਦ੍ਰ ਗਵਾਈਆ । ਇਹ ਖਾਣਾ ਮੰਗਿਆ ਸੀ ਬਾਵਨ ਕੋਲੋਂ ਬਲ ਰਾਜਾ, ਭਗਤੀ ਵਿਚ ਭਗਤ ਹੋ ਕੇ ਧਿਆਨ ਲਗਾਈਆ । ਹੁਕਮ ਹੋਇਆ ਜਿਸ ਵੇਲੇ ਆਪਣਾ ਭਗਤ ਪਰਗਟਾਵਾਂ ਧੁਰ ਦਾ ਸਾਹਿਬਜ਼ਾਦਾ, ਵੰਸ ਬੰਸ ਇਕੋ ਇਕ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਾਰ ਕਮਾਈਆ । ਇਹ ਰੋਟੀ ਨਹੀਂ ਡੇਢ੍ਹ ਫੁਲਕਾ, ਫਲ ਫੂਲ ਰਿਹਾ ਮਹਿਕਾਈਆ । ਪਾਰ ਉਤਾਰਾ ਹੋਵੇ ਓਸ ਕੁਲ ਕਾ, ਜਿਸ ਕੁਲ ਵਿਚ ਗੁਰਮੁਖ ਨਜ਼ਰੀ ਆਈਆ । ਲੱਖ ਚੁਰਾਸੀ ਕਦੇ ਨਾ ਰੁਲਦਾ, ਜੂਨੀ ਵਿਚ ਨਾ ਕੋਇ ਭਵਾਈਆ । ਕਿਸੇ ਸਵਾਦ ਨਹੀਂ ਮਾਨਣਾ ਬੁੱਲ ਦਾ, ਰਸਨਾ ਰਸ ਨਾ ਕੋਇ ਵਡਿਆਈਆ । ਸੋ ਭਗਤ ਜੋ ਪ੍ਰਭ ਦੇ ਹੁਕਮ ਅੰਦਰ ਤੁਲਦਾ, ਨਾਮ ਤਰਾਜ਼ੂ ਉਤੇ ਆਪਣਾ ਆਪ ਟਿਕਾਈਆ । ਇਹ ਭਾਂਡਾ ਭੱਜਣਾ ਸਭ ਦੀ ਕਾਇਆ ਚੁਲ੍ਹ ਦਾ, ਠੀਕਰ ਨਜ਼ਰ ਕੋਇ ਨਾ ਆਈਆ । ਨੌਂ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਭਗਤਾਂ ਦਾ ਦਵਾਰਾ ਖੁਲ੍ਹਦਾ, ਭਗਵਨ ਹੋਵੇ ਆਪ ਸਹਾਈਆ । ਜਿਸ ਦਾ ਰਾਹ ਸੁਲਹਕਲ ਦਾ, ਮਾਰਗ ਇਕੋ ਇਕ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਕਰਨੀ ਆਪ ਕਮਾਈਆ ।

ਹਰਿ ਸੰਗਤ ਤੇਰਾ ਪਰਸ਼ਾਦ, ਪਰਸ਼ਾਦਿਆਂ ਦਾ ਲਹਿਣਾ ਦਏ ਚੁਕਾਈਆ । ਤੁਹਾਡਾ ਪ੍ਰਭੂ ਆਦਿ, ਤੁਸੀਂ ਜੁਗ ਤੇ ਸਤਿਗੁਰੂ ਜੁਗਾਦਿ, ਬਿਨਾ ਜੁਗ ਤੋਂ ਜਗਤ ਨਾ ਕੋਇ ਵਡਿਆਈਆ । ਤੁਸੀਂ ਪ੍ਰਭੂ ਦੇ ਪੁੱਤਰ ਤੁਸੀਂ ਦਾਮਾਦ, ਤੇ ਪੁੱਤਰ ਧੀ ਇਕੋ ਰੰਗ ਵਖਾਈਆ । ਤੁਸੀਂ ਓਸ ਦੇ ਸੰਤ ਤੁਸੀਂ ਓਸ ਦੇ ਸਾਧ, ਬਿਨਾ ਤੁਹਾਡੇ ਨਾਦ ਨਾ ਕਿਤੇ ਵਜਾਈਆ । ਤੁਸੀਂ ਸੁੱਤੇ ਤੇ ਤੁਸੀਂ ਪਏ ਜਾਗ, ਜਗਾਵਣ ਵਾਲਾ ਤੁਹਾਨੂੰ ਰਿਹਾ ਉਠਾਈਆ । ਅੱਜ ਤੋਂ ਤੁਸੀਂ ਨਹੀਂ ਰਹੇ ਕਾਗ, ਕਾਗੋਂ ਹੰਸ ਬਣਾਈਆ । ਸ੍ਰਿਸ਼ਟੀ ਵਿਚ ਤੁਹਾਡਾ ਜਗੇ ਚਰਾਗ਼, ਤੇਲ ਬਾਤੀ ਪ੍ਰਭੂ ਆਪੇ ਵਿਚ ਟਿਕਾਈਆ । ਤੂੰ ਮੇਰਾ ਮੈਂ ਤੇਰਾ ਇਹੋ ਪੱਕਾ ਰਹੇ ਸਾਕ, ਦੂਜਾ ਨਾਤਾ ਨਾ ਕੋਇ ਬਣਾਈਆ । ਤੁਸੀਂ ਭਗਤ ਤੇ ਪ੍ਰਭੂ ਤੁਹਾਡਾ ਚਾਕ, ਚਾਕਰ ਹੋ ਕੇ ਸੇਵ ਕਮਾਈਆ । ਤੁਸੀਂ ਆਤਮਾ ਤੇ ਉਹ ਤੁਹਾਡੀ ਤੱਤਾਂ ਵਾਲੀ ਖ਼ਾਕ, ਅੱਠੇ ਪਹਿਰ ਪੜਦਾ ਰਿਹਾ ਪਾਈਆ । ਜੇ ਇਕ ਮੰਨ ਲਓ ਬਾਤ, ਬਾਤਨ ਹੋਵੇ ਰੁਸ਼ਨਾਈਆ । ਸਾਰੇ ਸਮਝੋ ਇਕ ਨੂੰ ਬਾਪ, ਦੂਜੀ ਜਨਮ ਵਾਲੀ ਨਾ ਕੋਇ ਮਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਆਪਣਾ ਰੰਗ ਚੜ੍ਹਾਈਆ । ਪਰਸ਼ਾਦ ਕਹੇ ਮੈਂ ਸਭ ਨੂੰ ਕੀਤਾ ਇਕੱਠਾ, ਪ੍ਰੀਤੀ ਅੰਦਰ ਮੇਲ ਮਿਲਾਈਆ । ਕਿਉਂ ਟੈਂਕੇ ਅੱਗੇ ਲੱਗਾ ਠੱਠਾ, ਪ੍ਰਭ ਨੂੰ ਸਾਰੇ ਕਰਦੇ ਠੱਠਾ, ਠੱਠੇ ਦਾ ਠਾਕਰ ਨਜ਼ਰ ਕਿਸੇ ਨਾ ਆਈਆ । ਜੇ ਕੋਈ ਵੇਖੇ ਲੰਮਾ ਉਚਾ ਜਾਂ ਕੋਈ ਤੱਕੇ ਗੱਠਾ, ਨਿੱਕਿਆਂ ਤੋਂ ਨਿੱਕਾ ਵੇਖਣ ਕੋਇ ਨਾ ਪਾਈਆ । ਜਿਸ ਗੁਰ ਅਵਤਾਰ ਪੈਗ਼ੰਬਰਾਂ ਤੋਂ ਸ੍ਰਿਸ਼ਟੀ ਵਿਚ ਪਵਾਇਆ ਰੱਟਾ, ਰਿਟਨ ਵਿਚ ਆਪਣਾ ਨਾਮ ਸਮਝਾਈਆ । ਤੇ ਜੇ ਆਦਿ ਤੋਂ ਅੰਤ ਤਕ ਇਕੋ ਦੱਸ ਦੇਂਦਾ ਆਪਣੇ ਨਾਮ ਦਾ ਟੱਪਾ, ਫੇਰ ਟਿੱਪੀ ਬਿੰਦੀ ਦੀ ਲੋੜ ਰਹਿੰਦੀ ਨਾ ਰਾਈਆ । ਸਚਖੰਡ ਬਹਿ ਕੇ ਗੁਰ ਅਵਤਾਰ ਪੈਗ਼ੰਬਰਾਂ ਉਤੇ ਲੋਕਮਾਤ ਰਖਦਾ ਰਿਹਾ ਛੱਪਾ, ਹੁਕਮ ਵਿਚ ਡਰਾਈਆ । ਪੱਚੀ ਅੱਖਰ ਬਣਾ ਕੇ ਪੱਚੀ ਪਰਕਿਰਤੀ ਵੰਡ ਵੰਡਾ ਕੇ ਸਭ ਤੋਂ ਅਖ਼ੀਰ ਛੱਬੀਆਂ ਬਣਾਇਆ ਪੱਪਾ, ਪੱਪੇ ਵਿਚ ਪੂਰਨ ਦਿਤਾ ਸਮਾਈਆ । ਜਿਸ ਨੇ ਫੱਫਾ ਬਣ ਸਭ ਦਾ ਮਾਰਨਾ ਫੱਕਾ, ਬੱਬਾ ਬੱਕਰੇ ਖਾਣ ਵਾਲਾ ਰਹਿਣ ਕੋਇ ਨਾ ਪਾਈਆ । ਭੱਬਾ ਹੋ ਕੇ ਭਿਅੰਕਰ ਦੇਵੇ ਧੱਕਾ, ਮੱਮਾ ਮਛਲੀਆਂ ਜਲਾਂ ਵਿਚ ਤਰਾਈਆ । ਜਿਸ ਨੇ ਗੁਰ ਅਵਤਾਰ ਪੈਗ਼ੰਬਰ ਯੱਯੇ ਦਾ ਬਣਾ ਕੇ ਯੱਕਾ, ਰਾਰਾ ਰੇਲ ਉਤੇ ਚੜ੍ਹਾਈਆ । ਆਉਂਦੇ ਗਏ ਕੋਟਨ ਵਾਰ ਲੱਖਾਂ, ਲੱਲਾ ਲੇਖ ਦਏ ਸਮਝਾਈਆ । ਵਾਵਾ ਵਤਨ ਵਾਲਾ ਬੇਵਤਨ ਹੋ ਕੇ ਕੋਈ ਨਾ ਬਣਿਆ ਪੱਕਾ, ਜੋ ਆਇਆ ਸੋ ਗਿਆ ਪੰਧ ਮੁਕਾਈਆ । ੜਾੜਾ ਕਹੇ ਹੁਣ ਝਾੜ ਮੇਟੇ ਪ੍ਰਭ ਬਣ ਕੇ ਸਿੱਧਾ ਜੱਟਾ, ਜਟਾ ਜੂਟ ਧਾਰੀ ਨਜ਼ਰ ਕੋਇ ਨਾ ਆਈਆ । ਸਭ ਦੀ ਅੱਖੀਂ ਪਾ ਕੇ ਘੱਟਾ, ਆਪਣਾ ਖੇਲ ਖਿਲਾਈਆ । ਸਵਾਲ ਵਿਚ ਆਪਣਾ ਸਮਝਾਇਆ ਨਹੀਂ ਕਿਸੇ ਬਟਾ, ਇਸ਼ਾਰੀਏ ਕਸਰ ਸਾਰੇ ਦਿਤੇ ਉਡਾਈਆ । ਆਪਣੇ ਨਾਂ ਨੂੰ ਲੱਗਣ ਦੇਵੇ ਕਦੇ ਨਾ ਵੱਟਾ, ਵਟਾਂਦਰੇ ਵਿਚ ਗੁਰ ਅਵਤਾਰ ਪੈਗ਼ੰਬਰ ਸਾਰੇ ਦਏ ਬਦਲਾਈਆ । ਸਭ ਦਾ ਲੇਖਾ ਕਰ ਕੇ ਪੂਰਾ ਪਟੇਦਾਰੀ ਦਾ ਪੱਟਾ, ਸਦੀ ਚੌਧਵੀਂ ਪੰਧ ਮੁਕਾਈਆ । ਪਰਸ਼ਾਦ ਕਹੇ ਗੁਰਮੁਖੋ ਜ਼ਰੂਰ ਤੁਹਾਨੂੰ ਪਾਲਾ ਲੱਗਦਾ ਹੋਊਗਾ ਠੱਕਾ, ਸਾਰੇ ਲੇਫਾਂ ਤਲਾਈਆਂ ਵੱਲ ਵੇਖ ਵਖਾਈਆ । ਇਹ ਵੀ ਵਾਅਦਾ ਸੀ ਪਿਛਲਾ ਪੂਰਾ ਪੱਕਾ, ਜਿਸ ਕਾਰਨ ਪੂਰ ਕਰਾਈਆ । ਜੇ ਤੁਹਾਨੂੰ ਸਰਦੀ ਤੇ ਮੈਂ ਪਿੰਡਾ ਕਰ ਲਵਾਂ ਨੰਗਾ, ਨੰਗਾ ਹੋ ਕੇ ਖੁਸ਼ੀ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਦੇਵੇ ਮਾਣ ਵਡਿਆਈਆ । ਪਰਸ਼ਾਦ ਕਹੇ ਮੈਨੂੰ ਦਿਓ ਵਰਤ, ਵਰਤਮਾਨ ਵੇਖ ਵਖਾਈਆ । ਜੇ ਪ੍ਰਭੂ ਆਇਉਂ ਪਰਤ, ਪਤਿਪਰਮੇਸ਼ਵਰ ਹੋ ਸਹਾਈਆ । ਲੇਖਾ ਚੁਕਾ ਉਤੇ ਧਰਤ, ਧਰਨੀ ਧਵਲ ਧੌਲ ਤੇਰੀ ਓਟ ਤਕਾਈਆ । ਸਾਰਿਆਂ ਦੀ ਪੂਰੀ ਕਰ ਕੇ ਸ਼ਰਤ, ਸ਼ਰੀਅਤ ਤੋਂ ਬਾਹਰ ਆਪਣਾ ਡੇਰਾ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਰਹਿਮਤ ਵਿਚ ਕਰੇ ਤਰਸ, ਸਦਾ ਸਦਾ ਸਦ ਸਿਰ ਆਪਣਾ ਹੱਥ ਰਖਾਈਆ ।

★ ੨੨ ਮਾਘ ਸ਼ਹਿਨਸ਼ਾਹੀ ਸੰਮਤ ੩ ਪਾਲ ਸਿੰਘ ਦੇ ਗ੍ਰਹਿ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ★

ਗੋਬਿੰਦ ਕਹੇ ਪ੍ਰਭ ਤੇਰੀ ਵੇਖੀ ਰਸਮ, ਰਸੀਆ ਹੋ ਕੇ ਖੋਜ ਖੁਜਾਈਆ । ਸਚ ਸੌਗੰਦ ਖਾਧੀ ਕਸਮ, ਇਕਰਾਰ ਤੇਰਾ ਚੇਤੇ ਆਈਆ । ਮਾਟੀ ਖ਼ਾਕ ਵੇਖ ਭਸਮ, ਜੋ ਭਾਂਡਾ ਭਰਮ ਭੌ ਭੰਨਾਈਆ । ਨਿਗਾਹ ਮਾਰ ਅਗੰਮੇ ਨੂਰੇ ਚਸ਼ਮ, ਪੜਦਾ ਓਹਲਾ ਆਪ ਉਠਾਈਆ । ਗੁਰ ਅਵਤਾਰ ਪੈਗ਼ੰਬਰ ਤੇਰੇ ਚਰਨ ਵਸਣ, ਸੀਸ ਜਗਦੀਸ ਇਕ ਝੁਕਾਈਆ । ਹੁਕਮੇ ਅੰਦਰ ਜੁਗ ਚੌਕੜੀ ਨੱਸਣ, ਭੱਜਣ ਵਾਹੋ ਦਾਹੀਆ । ਧੁਰ ਸੰਦੇਸਾ ਮਾਤ ਦੱਸਣ, ਕਲਮਾ ਨਾਮ ਸਿਫ਼ਤ ਸਾਲਾਹੀਆ । ਅੰਤਮ ਸਭ ਦੀ ਪੈਜ ਆਵੇ ਰੱਖਣ, ਨਿਰਗੁਣ ਹੋ ਕੇ ਫੇਰਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ ।

ਗੋਬਿੰਦ ਕਹੇ ਮੈਂ ਵੇਖਿਆ ਤੇਰਾ ਰਿਵਾਜ, ਜੁਗ ਚੌਕੜੀ ਭੇਵ ਖੁਲ੍ਹਾਈਆ । ਸ੍ਰਿਸ਼ਟੀ ਦ੍ਰਿਸ਼ਟੀ ਤੱਕੀ ਸਮਾਜ, ਇਸ਼ਟੀ ਵੰਡ ਵੰਡਾਈਆ । ਪੈਗ਼ੰਬਰ ਤੇਰੇ ਮੁਹਤਾਜ, ਅਵਤਾਰ ਝੋਲੀਆਂ ਡਾਹੀਆ । ਨਿਰਗੁਣ ਤੇਰਾ ਕਾਜ, ਸਰਗੁਣ ਜੋੜ ਜੁੜਾਈਆ । ਦੋ ਜਹਾਨਾਂ ਸੀਸ ਦਿਸੇ ਕਿਸੇ ਨਾ ਤਾਜ, ਹੁਕਮਰਾਨ ਹੁਕਮ ਨਾ ਕੋਇ ਮਨਾਈਆ । ਕਲਜੁਗ ਅੰਤ ਸਭ ਦਾ ਬੇੜਾ ਡੁਬਦਾ ਦਿਸੇ ਜਹਾਜ਼, ਪਾਰ ਕਿਨਾਰਾ ਨਾ ਕੋਇ ਵਖਾਈਆ । ਇਕ ਬੇਨੰਤੀ ਕਰਾਂ ਆਜ, ਆਜਜ਼ ਹੋ ਕੇ ਸੀਸ ਨਿਵਾਈਆ । ਭੇਵ ਖੋਲ੍ਹ ਬੋਧ ਅਗਾਧ, ਬੁੱਧੀ ਤੋਂ ਪਰੇ ਕਰ ਪੜ੍ਹਾਈਆ । ਸਾਚਾ ਦਿਸੇ ਕੋਈ ਨਾ ਸਾਧ, ਸਾਧਨਾ ਸਿੱਧ ਨਾ ਕੋਇ ਵਖਾਈਆ । ਰਸਨਾ ਜਿਹਵਾ ਸਾਰੇ ਤੈਨੂੰ ਰਹੇ ਆਰਾਧ, ਹਿਰਦੇ ਅੰਦਰ ਦਰਸ ਕੋਇ ਨਾ ਪਾਈਆ । ਦੀਨ ਦੁਨੀਆ ਹੋਈ ਬੇਇਲਾਜ, ਨਾਮ ਦਾਰੂ ਮੁਖ ਨਾ ਕੋਇ ਚੁਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਸੀਸ ਨਿਵਾਈਆ । ਗੋਬਿੰਦ ਕਹੇ ਵੇਖ ਆਪਣੀ ਰੀਤੀ, ਜੁਗ ਚੌਕੜੀ ਧਿਆਨ ਲਗਾਈਆ । ਅੰਤਮ ਤੇਰੀ ਸਦੀ ਬੀਤੀ, ਗੁਰ ਅਵਤਾਰ ਪੈਗ਼ੰਬਰ ਸੀਸ ਨਿਵਾਈਆ । ਮੇਰਾ ਲੇਖੇ ਲਾ ਖ਼ੂਨ ਕੱਢਿਆ ਚੀਚੀ, ਚਾਰੋਂ ਕੁੰਟ ਅੱਖ ਖੁਲ੍ਹਾਈਆ । ਗੁਰਮੁਖ ਭਗਤ ਸੁਹੇਲੇ ਧਰਮ ਦੀ ਇਕ ਬਗ਼ੀਚੀ, ਬਾਗ਼ਬਾਨ ਹੋ ਕੇ ਵੇਖ ਵਖਾਈਆ । ਦੂਰ ਦੁਰਾਡੇ ਵਸ ਨਜ਼ਦੀਕੀ, ਨੇਰਨ ਨੇਰਾ ਨਜ਼ਰੀ ਆਈਆ । ਸ਼ਰਅ ਤੋੜ ਜਗਤ ਸ਼ਰੀਕੀ, ਲਾਸ਼ਰੀਕ ਆਪਣੀ ਅੱਖ ਖੁਲ੍ਹਾਈਆ । ਤੇਰੇ ਵਿਚ ਇਕ ਤੌਫ਼ੀਕੀ, ਰਹਿਮਤ ਸਭ ਦੇ ਉਤੇ ਕਮਾਈਆ । ਪਿਛਲੀ ਬਦਲ ਸਰਬ ਤਵਾਰੀਖ਼ੀ, ਤਾਰੀਖ਼ ਇਕ ਦ੍ਰਿੜਾਈਆ । ਦਰ ਦਰਵੇਸ਼ ਮੰਗਣ ਭੀਖੀ, ਖ਼ਾਲੀ ਝੋਲੀਆਂ ਅੱਗੇ ਡਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੋਬਿੰਦ
੩੨੪ ਕਹੇ ਮੈਂ ਤੇਰਾ ਤੱਕਿਆ ਬਿਵਹਾਰ, ਚਾਰ ਕੁੰਟ ਦਹਿ ਦਿਸ਼ਾ ਧਿਆਨ ਲਗਾਈਆ । ਸਾਚਾ ਦਿਸੇ ਨਾ ਕੋਇ ਮਿੱਤਰ ਪਿਆਰ, ਮਾਇਆ ਮਮਤਾ ਮੋਹ ਹਲਕਾਈਆ । ੩੨੪
ਸਚ ਸੰਦੇਸ਼ਾ ਦੇ ਅਗੰਮੀ ਧਾਰ, ਧੁਰ ਦਾ ਹੁਕਮ ਇਕ ਪਰਗਟਾਈਆ । ਭਵਿਖਤਾਂ ਵਾਲਾ ਲੇਖਾ ਮੁਕੇ ਵਿਚ ਸੰਸਾਰ, ਸੰਸੇ ਸਭ ਦੇ ਦੂਰ ਕਰਾਈਆ । ਤੇਰੀ ਇਕ ਸੁਣੇ ਗੁਫ਼ਤਾਰ, ਦੂਜਾ ਰਾਗ ਨਾ ਕੋਇ ਅਲਾਈਆ । ਦਰ ਵਖਾ ਸੱਚਾ ਦਰਬਾਰ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਹਉਂ ਮਾਂਗਤ ਦਰ ਭਿਖਾਰ, ਜਗਦੀਸ ਸੀਸ ਨਿਵਾਈਆ । ਤੇਰਾ ਲੇਖਾ ਕਾਗਦ ਕਲਮ ਨਾ ਲਿਖਣਹਾਰ, ਭੇਵ ਅਭੇਦ ਨਾ ਕੋਇ ਖੁਲ੍ਹਾਈਆ । ਨਾਨਕ ਨਿਰਗੁਣ ਤੇਰੇ ਪ੍ਰੇਮ ਦੀ ਵਜਾਏ ਇਕ ਸਤਾਰ, ਰਬਾਬ ਰੱਬੀ ਹੱਥ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਰੰਗਾਈਆ । ਗੋਬਿੰਦ ਕਹੇ ਤੇਰਾ ਵੇਖਿਆ ਘਾਟ ਪਤਣ, ਕਿਨਾਰਾ ਸੋਭਾ ਪਾਈਆ । ਜੁਗ ਚੌਕੜੀ ਸਾਰੇ ਕਰਦੇ ਗਏ ਯਤਨ, ਯਥਾਰਥ ਤੇਰੀ ਸੇਵ ਕਮਾਈਆ । ਦੁਨੀਆ ਵੇਖਦੇ ਗਏ ਬੇਵਤਨ, ਤੇਰਾ ਵਤਨ ਨਜ਼ਰ ਕਿਸੇ ਨਾ ਆਈਆ । ਧੰਨ ਭਾਗ ਜੇ ਕਲਜੁਗ ਅੰਤਮ ਆਇਉਂ ਪੈਜ ਰੱਖਣ, ਨਿਰਗੁਣ ਹੋ ਕੇ ਫੇਰਾ ਪਾਈਆ । ਸਚ ਦਵਾਰ ਦਾ ਦਿਤਾ ਭਜਨ, ਬੰਦਗੀ ਇਕੋ ਇਕ ਦਰਸਾਈਆ । ਲੱਖ ਚੁਰਾਸੀ ਤੋਲ ਕੇ ਵਜ਼ਨ, ਭਗਤ ਸੁਹੇਲੇ ਲਏ ਉਠਾਈਆ । ਜਿਨ੍ਹਾਂ ਦੇ ਨੇੜ ਨਾ ਆਵੇ ਅਜ਼ਲ, ਭੈ ਭੌ ਨਾ ਕੋਇ ਰਖਾਈਆ । ਓਨ੍ਹਾਂ ਦੀ ਪੂਰੀ ਕਰਦੇ ਮਜ਼ਲ, ਪੈਂਡਾ ਅਗਲਾ ਦੇ ਚੁਕਾਈਆ । ਤੂੰ ਮੇਰਾ ਮੈਂ ਤੇਰਾ ਸਾਚੀ ਗਾਉਂਦੇ ਗ਼ਜ਼ਲ, ਗ਼ਰਜ਼ ਸਭ ਦੀ ਵੇਖ ਵਖਾਈਆ । ਮਨ ਵਿਕਾਰ ਕੂੜੀ ਕਿਰਿਆ ਕਰਦੇ ਕਤਲ, ਨਾਮ ਖੰਡਾ ਇਕ ਚਮਕਾਈਆ । ਕੁਝ ਲੇਖਾ ਵੇਖਾਂ ਦੱਖਣ, ਨਦੇੜ, ਅਧੇੜ ਛੇੜ ਜਗਤ ਵਾਲੀ ਛਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਰੰਗ ਦੇਣਾ ਰੰਗਾਈਆ । ਗੋਬਿੰਦ ਕਹੇ ਮੈਂ ਵੇਖਾਂ ਤੇਰਾ ਰੰਗ, ਰੰਗ ਰੰਗੀਲਾ ਸੋਹਣਾ ਭਾਈਆ । ਸਚ ਸੁਹੰਜਣਾ ਤੇਰਾ ਪਲੰਘ, ਪਾਰਬ੍ਰਹਮ ਨਜ਼ਰੀ ਆਈਆ । ਨਾਮ ਨਿਧਾਨ ਤੇਰਾ ਮਰਦੰਗ, ਦੋ ਜਹਾਨ ਕਰੇ ਸ਼ਨਵਾਈਆ । ਜੁਗ ਚੌਕੜੀ ਗਏ ਲੰਘ, ਗੁਰ ਅਵਤਾਰ ਪੈਗ਼ੰਬਰ ਤੇਰਾ ਰਾਹ ਤਕਾਈਆ । ਸ਼ਾਸਤਰ ਸਿਮਰਤ

ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਖਾਣੀ ਬਾਣੀ ਪਾਵੇ ਡੰਡ, ਡੰਡਾਵਤ ਵਿਚ ਤੈਨੂੰ ਸੀਸ ਨਿਵਾਈਆ । ਕਿਰਪਾ ਕਰ ਸੂਰੇ ਸਰਬੰਗ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਨੇਤਰ ਨੀਰ ਵਹਾਵੇ ਜਮਨਾ ਸੁਰਸਤੀ ਗੋਦਾਵਰੀ ਗੰਗ, ਗਹਿਰ ਗੰਭੀਰ ਤੇਰੀ ਓਟ ਤਕਾਈਆ । ਸਾਚਾ ਦੇ ਇਕ ਅਨੰਦ, ਜੋ ਪੂਰੀ ਅਨੰਦ ਵਿਚੋਂ ਅਨੰਦ ਮੇਰੇ ਵਿਚ ਟਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੋਬਿੰਦ ਕਹੇ ਪ੍ਰਭੂ ਮੇਰਾ ਜੰਗ ਤੇਰਾ ਜਿਦਾਲ, ਮਸੀਹ ਵਸੀਅ ਮੁਹੰਮਦ ਰਬੀਅ ਵਿਚ ਧਿਆਨ ਲਗਾਈਆ । ਜਮਾਦ ਉਲਸਾਨੀ ਤੇਰਾ ਖ਼ਿਆਲ, ਖ਼ੈਰਖ਼ਾਹ ਤੇਰੀ ਵਡ ਵਡਿਆਈਆ । ਰਮਜ਼ਾਨ ਸਮਝੇ ਨਾ ਕੋਇ ਨਿਸ਼ਾਨ, ਨਿਸ਼ਾਨੇ ਸਾਰੇ ਗਏ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਗੋਬਿੰਦ ਕਹੇ ਜਿਦਾਲ ਦਾ ਖੇਲ ਕਰ ਜਦੀਦ, ਯਦੀ ਆਪਣਾ ਹੁਕਮ ਚਲਾਈਆ । ਪੜਦਾ ਲਾਹ ਸ਼ੁਨੀਦ, ਗੁਫ਼ਤ ਰਾਗ ਸੁਣਾਈਆ । ਤੇਰਾ ਹੁਕਮ ਹੋਵੇ ਸ਼ਦੀਦ, ਸ਼ਹਾਦਤ ਦੀ ਲੋੜ ਰਹੇ ਨਾ ਰਾਈਆ । ਮੇਰੇ ਕੋਲ ਆਦਿ ਜੁਗਾਦਿ ਜੁਗ ਚੌਕੜੀ ਦੀ ਰੱਖੀ ਉਹ ਰਸੀਦ, ਜਿਸ ਵਿਚ ਹੁਕਮਨਾਮੇ ਸਭ ਨੂੰ ਦਿਤੇ ਸੁਣਾਈਆ । ਕਲਮਿਆਂ ਵਿਚ ਕੀਤੀ ਤਮਹੀਦ, ਤਾਕੀਦ ਆਪਣਾ ਨਾਮ ਦ੍ਰਿੜਾਈਆ । ਝਗੜਾ ਰਹੇ ਨਾ ਈਦ ਬਕਰੀਦ, ਬੱਕਰ ਬੁੱਕਰ ਬਾਕਾਇਦਾ ਵੇਖ ਵਖਾਈਆ । ਕਾਲੀ ਕਫ਼ਨੀ ਬਿਨਾ ਬਾਂਹਵਾਂ ਤੋਂ ਮੁਹੰਮਦ ਦੀ ਵੇਖ ਕਮੀਜ਼, ਜਿਸ ਦਾ ਅੱਗਾ ਪਿੱਛਾ ਰੂਪ ਨਾ ਕੋਇ ਸਮਝਾਈਆ । ਸਾਚੀ ਰਹੀ ਨਾ ਕੋਈ ਤਮੀਜ਼, ਤਮਅ ਵਿਚ ਕੂੜ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦੇਣਾ ਵਖਾਈਆ । ਗੋਬਿੰਦ ਕਹੇ ਮੈਂ ਤੱਕਾਂ ਕਿਹੜੀ ਅੱਖ, ਆਖ਼ਰ ਇਕੋ ਨਜ਼ਰੀ ਆਈਆ ।
੩੨੫ ਸਭ ਨੂੰ ਦੱਸਾਂ ਸਚ, ਸਚ ਦਿਆਂ ਸਮਝਾਈਆ । ਗੁਰ ਅਵਤਾਰ ਪੈਗ਼ੰਬਰੋ ਪੁਰਖ ਅਕਾਲ ਆਦਿ ਜੁਗਾਦੀ ਇਸ਼ਟ ਪੱਕ, ਤੱਤਾਂ ਵਾਲਾ ਇਸ਼ਟ ਰਹਿਣ ਕੋਇ ਨਾ ਪਾਈਆ । ੩੨੫
ਅੱਗੇ ਸਾਰੇ ਮਿਲ ਕੇ ਇਕੋ ਗਾਓ ਜਸ, ਇਕੋ ਨਾਮ ਸਿਫ਼ਤ ਸਾਲਾਹੀਆ । ਇਕ ਦਵਾਰੇ ਜਾਓ ਵਸ, ਵਾਸਤਾ ਇਕੋ ਨਾਲ ਰਖਾਈਆ । ਚਰਨ ਕਵਲ ਜਾਓ ਢੱਠ, ਧੂੜੀ ਟਿੱਕੇ ਮਸਤਕ ਲਾਈਆ । ਮੁਹੰਮਦ ਕਿਹਾ ਮੇਰਾ ਲੇਖਾ ਪੂਰਾ ਹੋਣਾ ਵਿਚ ਸਾਲ ਅੱਠ, ਅੱਠ ਸੱਠ ਦਏ ਦੁਹਾਈਆ । ਮੇਰੀ ਬੱਧੀ ਵੇਖੋ ਗੱਠ, ਗਠੜੀ ਆਪਣੇ ਕੋਲ ਟਿਕਾਈਆ । ਮੈਂ ਚੌਦਾਂ ਤਬਕਾਂ ਬਾਹਰ ਜਾਣਾ ਨੱਠ, ਆਪਣਾ ਪੰਧ ਮੁਕਾਈਆ । ਮੇਰੀ ਉਮਤ ਦਾ ਅੰਤਮ ਲੇਖਾ ਹੋਣਾ ਵਿਚ ਦਿਨ ਸੱਠ, ਸੱਠਾਂ ਤੋਂ ਅੱਗੇ ਨਾ ਕੋਇ ਟਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਪ੍ਰਭੂ ਮੈਂ ਵੇਖੀ ਤੇਰੀ ਕਿਤਾਬ, ਸੱਤਾਂ ਸਤਰਾਂ ਵਾਲੀ ਨਜ਼ਰੀ ਆਈਆ । ਜਿਸ ਦਾ ਸਮਝੇ ਨਾ ਕੋਇ ਹਿਸਾਬ, ਇਲਮ ਵਿਚ ਨਾ ਕੋਇ ਵਡਿਆਈਆ । ਹਿੱਸਿਆਂ ਵਾਲਾ ਨਹੀਂ ਬਾਬ, ਗਿਣਤੀ ਗਣਤ ਨਾ ਕੋਇ ਗਣਾਈਆ । ਓਸ ਦੇ ਵਿਚ ਇਕੋ ਸੱਜਦਾ ਇਕੋ ਆਦਾਬ, ਨਮਸਤੇ ਇਕੋ ਇਕ ਦਰਸਾਈਆ । ਸਚ ਖ਼ੁਦਾ ਦੱਸ ਕੇ ਵਾਹਦ, ਪੁਰਖ ਅਕਾਲ ਪੜਦਾ ਲਾਹੀਆ । ਜਿਸ ਦਾ ਦੋ ਜਹਾਨਾਂ ਰਾਜ, ਰੱਈਅਤ ਵਿਸ਼ਨ ਬ੍ਰਹਮਾ ਸ਼ਿਵ ਸਰਬ ਅਖਵਾਈਆ । ਅੰਤਮ ਸਭ ਦਾ ਕਰੇ ਕਾਜ, ਕਰਨੀ ਦਾ ਕਰਤਾ ਇਕ ਹੋ ਆਈਆ । ਸਭ ਨੂੰ ਦੇਵੇ ਦਾਤ, ਅਨਮੁਲੀ ਝੋਲੀ ਪਾਈਆ । ਕਲਜੁਗ ਮੇਟੇ ਅੰਧੇਰੀ ਰਾਤ, ਸਤਿਜੁਗ ਸਾਚਾ ਚੰਦ ਚਮਕਾਈਆ । ਧੁਰ ਦੇ ਭਗਤਾਂ ਦੇਵੇ ਸਾਥ, ਸੱਚਾ ਸੰਗੀ ਇਕੋ ਨਜ਼ਰੀ ਆਈਆ । ਗੋਬਿੰਦ ਕਹੇ ਪ੍ਰਭੂ ਸਭ ਨੂੰ ਦੇ ਦੇ ਆਪਣਾ ਵਿਸ਼ਵਾਸ਼, ਵਿਸ਼ਿਆਂ ਦਾ ਝਗੜਾ ਦੇ ਚੁਕਾਈਆ । ਤੂੰ ਦਾਤਾ ਸਰਬ ਗੁਣਤਾਸ, ਗਹਿਰ ਗੰਭੀਰ ਤੇਰੀ ਸਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਬਣਾ ਇਕ ਸਮਾਜ, ਸਮੇਂ ਦੀ ਸਮਗਰੀ ਸਭ ਦੀ ਝੋਲੀ ਪਾਈਆ ।

★ ੨੨ ਮਾਘ ਸ਼ਹਿਨਸ਼ਾਹੀ ਸੰਮਤ ੩ ਗਿਆਨੀ ਗੁਰਮੁਖ ਸਿੰਘ ਦੇ ਟੀਉਬੈਲ ਲਈ ਨੀਂਹ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ★

ਰਾਵੀ ਕਹੇ ਖੇਲ ਅਨਡਿੱਠਾ, ਯਾਦ ਪੁਰਾਣੀ ਨਜ਼ਰੀ ਆਈਆ । ਜਿਥੇ ਮਿਲਿਆ ਅੰਮ੍ਰਿਤ ਰਸ ਮਿੱਠਾ, ਬੂੰਦ ਸਵਾਂਤ ਸੋਭਾ ਪਾਈਆ । ਸ਼ਬਦੀ ਹੁਕਮ ਸੁਣਿਆ ਚਿੱਠਾ, ਧੁਰ ਫ਼ਰਮਾਨਾ ਹੁਕਮ ਸੁਣਾਈਆ । ਕਲਜੁਗ ਅੰਤਮ ਪਾਇਆ ਹਿੱਸਾ, ਸਾਚੀ ਵੰਡ ਵੰਡਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਸਮਾਈਆ । ਰਾਵੀ ਕਹੇ ਏਥੇ ਹੁੰਦੀ ਸੀ ਇਕ ਝਿੜੀ, ਜੰਡ ਇੱਕੀ ਸੋਭਾ ਪਾਈਆ । ਪੱਤਿਆਂ ਵਾਲੀ ਗੁਲਜ਼ਾਰ ਖਿੜੀ, ਫੁੱਲ ਨਜ਼ਰ ਕੋਇ ਨਾ ਆਈਆ । ਕੀ ਵੇਖਿਆ ਅੰਮ੍ਰਿਤ ਝਿਰਨਾ ਰਿਹਾ ਝਿਰੀ, ਆਪਣਾ ਰਸ ਵਖਾਈਆ । ਜਾਂ ਤੱਕਿਆ ਦੂਰ ਦੁਰਾਡੀ ਇਕ ਸਿੱਲੀ, ਜੋ ਪੂਜਸ ਪਾਹਨ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਵਖਾਈਆ । ਸਾਚਾ ਖੇਲ ਸ੍ਰੀ ਭਗਵਾਨ ਹਰਿ ਕਰਤਾ ਆਪ ਜਣਾਈਆ । ਅੰਮ੍ਰਿਤ ਰਸ ਠੰਡਾ ਪਾਣ, ਅਮਿਉਂ ਆਪ ਵਹਾਈਆ । ਪੂਰਬ ਸ਼ਬਦ ਦਾ ਗਿਆਨ, ਅਗੰਮੀ ਆਵਾਜ਼ ਇਲਾਹੀਆ । ਸਚ ਦਰ ਕਰ ਪਰਵਾਨ, ਲੇਖਾ ਪੂਰਬ ਦਏ ਚੁਕਾਈਆ । ਬੋਲੀ ਨਹੀਂ ਬਲੀਆਂ ਦਾ ਵਿਧਾਨ, ਵਾਸ ਬੋਲੀ ਵਿਚ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਤਿ ਧਰਮ ਦਾ ਸਤਿਜੁਗ ਦਾ ਸਚ ਬਣਾ ਕੇ ਜਾਏ ਨਿਸ਼ਾਨ, ਜੋ ਨਿਸ਼ਾਨਾ ਚੌਸਠ ਹਜ਼ਾਰ ਬਰਸ ਨਾ ਕੋਇ ਉਠਾਈਆ ।



੩੨੬

❊ ੫ ਚੇਤ ਸ਼ਹਿਨਸ਼ਾਹੀ ਸੰਮਤ ਚਾਰ ਗਿਆਨੀ ਗੁਰਮੁਖ ਸਿੰਘ ਦੇ ਘਰ ਤੋਂ ਬਾਹਰ ਲਿਖਤ ਹੋਈ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❊

ਦੋਵੇਂ ਹੱਥ ਕਹਿਣ ਸਾਡੀ ਦੁਹਾਈ, ਦੋ ਜਹਾਨ ਕੂਕ ਸੁਣਾਈਆ । ਤੇਰਾ ਖੇਲ ਬੇਪ੍ਰਵਾਹੀ, ਪੀਰ ਪੈਗ਼ੰਬਰ ਗੁਰ ਅਵਤਾਰ ਵੇਖਣ ਚਾਈਂ ਚਾਈਆ । ਨਾਮ ਸੰਦੇਸ਼ਾ ਮਿਲੇ ਥਾਉਂ ਥਾਈਂ, ਬ੍ਰਹਿਮੰਡ ਖੰਡ ਵੱਜੇ ਵਧਾਈਆ । ਤੂੰ ਪਰਵਰਦਿਗਾਰ ਕਰਨਹਾਰ ਹੱਕ ਨਿਆਈਂ, ਅਦਲ ਅਦਾਲਤ ਇਕ ਵਖਾਈਆ । ਆਤਮ ਪਰਮਾਤਮ ਪਰਮਾਤਮ ਆਤਮ ਮੇਲਾ ਕਰਨਾ ਚਾਈਂ ਚਾਈਂ, ਗਲਵਕੜੀ ਦੋਹਾਂ ਇਕੋ ਰੂਪ ਬਣਾਈਆ । ਤੱਤਾਂ ਵਾਲੀ ਛਡ ਜਾਏ ਲੋਕਾਈ, ਮੁਹੱਬਤ ਤੇਰੀ ਇਕ ਪ੍ਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲੈਣਾ ਮਿਲਾਈਆ । ਦੋਵੇਂ ਹੱਥ ਕਹਿਣ ਆਤਮਾ ਪਰਮਾਤਮਾ ਸਾਂਝੀ ਪਾ ਲੈ ਜੱਫੀ, ਜਫ਼ਾਕਸ਼ ਤੇਰੀ ਸਰਨਾਈਆ । ਕਲਜੁਗ ਕੂੜੀ ਕਿਰਿਆ ਕਰ ਦੇ ਨਫ਼ੀ, ਨਫ਼ਾ ਆਪਣੇ ਨਾਮ ਦਾ ਦੇ ਵਰਤਾਈਆ । ਕੂੜੀ ਕਲਪਨਾ ਰਹੇ ਨਾ ਕੱਫ਼ੀ, ਕੱਫ਼ਨ ਦਾ ਝਗੜਾ ਦੇਣਾ ਚੁਕਾਈਆ । ਜਿਹੜੀ ਤੇਰੀ ਸਚ ਦਵਾਰੇ ਬਸਤੀ ਬਸੀ, ਘਰ ਓਹੋ ਦੇਣਾ ਸਮਝਾਈਆ । ਜਿਸ ਵਿਚ ਲੱਖ ਚੁਰਾਸੀ ਫਸੀ, ਜਗਤ ਜ਼ੰਜੀਰ ਨਾ ਕੋਇ ਕਟਾਈਆ । ਨਸਣਾ ਨਹੀਂ ਦੇਣਾ ਹੱਥੋ ਹੱਥੀ, ਮਿਹਰ ਨਜ਼ਰ ਉਠਾਈਆ । ਜਿਹੜੀ ਕਲਮੇ ਤੋਂ ਪਹਿਲਾਂ ਮੁਹੰਮਦ ਨੇ ਪੜ੍ਹੀ ਪੱਟੀ, ਬਿਨਾ ਅਲਿਫ਼ ਯੇ ਸਮਝਾਈਆ । ਤੇਰੇ ਪ੍ਰੇਮ ਦੀ ਧਾਰ ਮੌਲੀ ਅੱਟੀ, ਇੱਟਾਂ ਪੱਥਰਾਂ ਦਾ ਖਹਿੜਾ ਦਿਤਾ ਛੁਡਾਈਆ । ਉਸ ਦਾ ਲੇਖਾ ਕਰਦੇ ਨਟੀ, ਨਟੂਏ ਨਾਮ ਹੁਕਮ ਵਰਤਾਈਆ । ਅੱਗੇ ਦੋ ਜਹਾਨ ਤੇਰੀ ਕਥਾ ਕਹਾਣੀ ਮਿਲੇ ਸਚੀ, ਗੁਰ ਅਵਤਾਰ ਪੈਗ਼ੰਬਰ ਸਕੇ ਨਾ ਕੋਇ ਬਦਲਾਈਆ । ਤੇਰੀ ਰੀਤੀ ਸਤਿ ਸਤਿਵਾਦੀ ਸਭ ਤੋਂ ਅੱਛੀ, ਅੱਛੀ ਤਰਹ ਦੇਣੀ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਦੇਣਾ ਵਖਾਈਆ । ਹੱਥ ਕਹਿਣ ਇਹ ਨਾਤਾ ਜੁੜਿਆ ਪੰਝੀ, ਪ੍ਰਕਿਰਤੀਆਂ ਦੇਣ ਦੁਹਾਈਆ ।

੩੨੭

ਪੁਰਖ ਅਕਾਲ ਦੀਨ ਦਿਆਲ ਭਗਤਾਂ ਦੀ ਆਤਮ ਸੇਜ ਸੁਹੰਣੀ ਧੁਰ ਦੀ ਮੰਜੀ, ਸਿੰਘਾਸਣ ਇਕੋ ਇਕ ਵਡਿਆਈਆ । ਜਿਥੇ ਨਾ ਕੋਈ ਰੋਗ ਸੋਗ ਚਿੰਤਾ ਗ਼ਮ ਰੰਜੀ, ਰੰਜਸ਼ ਅੰਦਰੋਂ ਦੇਣੀ ਕਢਾਈਆ । ਦੀਨ ਮਜ਼੍ਹਬ ਦੀ ਰਹੇ ਨਾ ਕੋਇ ਪਾਬੰਦੀ, ਸ਼ਰਅ ਵਿਚ ਬੰਧਨ ਨਾ ਕੋਇ ਰਖਾਈਆ । ਗੁਰਮੁਖਾਂ ਨਿਜ ਨੇਤਰ ਅੱਖ ਮੂਲ ਰਹੇ ਨਾ ਅੰਧੀ, ਅਗਿਆਨ ਅੰਧੇਰਾ ਦੇਣਾ ਮਿਟਾਈਆ । ਗੋਬਿੰਦ ਦੀ ਲਿਖਤ ਪੁਰਖ ਅਕਾਲ ਦੀ ਸੰਧੀ, ਸੰਧਿਆ ਤੋਂ ਦੇਣਾ ਬਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਾਹ ਪਾਤਸ਼ਾਹ ਸੱਚਾ ਸ਼ਹਿਨਸ਼ਾਹੀਆ । ਹੱਥ ਕਹਿਣ ਸਾਡੀ ਸਿੱਧੀ ਵੇਖ ਉਂਗਲ, ਇਸ਼ਾਰਾ ਧੁਰ ਦਾ ਨਜ਼ਰੀ ਆਈਆ । ਘਟ ਨਿਵਾਸੀ ਰਹੇ ਕੋਈ ਨਾ ਗੁੰਝਲ, ਪੜਦਾ ਭੇਵ ਦੇਣਾ ਮਿਟਾਈਆ । ਤੈਨੂੰ ਰਹਿਣ ਨਹੀਂ ਦੇਣਾ ਨੈਣ ਮੁਦਨ, ਲੁਕ ਲੁਕ ਕੇ ਵਕਤ ਲੰਘਾਈਆ । ਤੇਰੇ ਭਗਤ ਸੁਹੇਲੇ ਚਾਰੋਂ ਕੁੰਟ ਤੈਨੂੰ ਪੂਜਣ, ਮਿਲ ਮਿਲ ਵਜਦੀ ਰਹੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਧਰਮ ਦਵਾਰਾ ਇਕੋ ਇਕ ਸੁਹਾਈਆ ।

## ❊ ੫ ਚੇਤ ਸ਼ਹਿਨਸ਼ਾਹੀ ਸੰਮਤ ੪ ਗਿਆਨੀ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❊

ਗੁਰਮੁਖ ਦਵਾਰਿਉਂ ਬਣ ਕੇ ਜਾਣਾ ਗੁਰਮੁਖ, ਗੁਰ ਸਤਿਗੁਰ ਦਇਆ ਕਮਾਈਆ । ਹਰਿਸੰਗਤ ਵਿਚ ਰਹੇ ਕੋਈ ਨਾ ਦੁੱਖ, ਦਵੈਤ ਅੰਦਰੋਂ ਦੇਣੀ ਕਢਾਈਆ । ਪ੍ਰੇਮ ਪਿਆਰ ਦੀ ਲੈ ਕੇ ਜਾਣਾ ਸੁੱਚ, ਸੰਜਮ ਇਕੋ ਇਕ ਦਰਸਾਈਆ । ਬਿਨਾ ਧਰਮ ਤੋਂ ਪੱਲੇ ਨਹੀਂ ਕਿਸੇ ਦੇ ਕੁਛ, ਖ਼ਾਲੀ ਦਿਸੇ ਜਗਤ ਲੋਕਾਈਆ । ਪੁਰਖ ਅਕਾਲ ਦੇ ਜਨ ਭਗਤ ਸੁਹੇਲੇ ਬਣਿਉਂ ਸੁਤ, ਅਪਰਾਧੀ ਰਹਿਣ ਕੋਇ ਨਾ ਪਾਈਆ । ਲੇਖੇ ਲਾ ਕੇ ਜਾਣੇ ਕਾਇਆ ਬੁਤ, ਬੁਤਖ਼ਾਨੇ ਕਰ ਸਫ਼ਾਈਆ । ਤੁਹਾਡੀ ਪ੍ਰੀਤ ਜਾਵੇ ਨਾ ਟੁੱਟ, ਟੁਟਿਆਂ ਗੰਢ ਪੁਆਈਆ । ਸਭ ਦਾ ਆਵਣ ਜਾਵਣ ਜਾਏ ਛੁਟ, ਲੱਖ ਚੁਰਾਸੀ ਗੇੜ ਰਹੇ ਨਾ ਰਾਈਆ । ਅੰਤਰ ਆਤਮ ਪਰਮਾਤਮ ਉਪਜਾਵੇ ਸਾਚਾ ਸੁਖ, ਪਾਰਬ੍ਰਹਮ ਬ੍ਰਹਮ ਆਪਣਾ ਰਸ ਚਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਗੁਰਮੁਖ ਦਵਾਰੇ ਬਣ ਕੇ ਜਾਣਾ ਸੱਜਣ ਮੀਤ, ਹਰਿਸੰਗਤ ਵੈਰੀ ਰਹਿਣ ਕੋਇ ਨਾ ਪਾਈਆ । ਚਾਰ ਵਰਨ ਅਠਾਰਾਂ ਬਰਨ ਸ਼ੱਤਰੀ ਬ੍ਰਹਿਮਣ ਸ਼ੂਦਰ ਵੈਸ਼ ਸਾਂਝੀ ਕਰ ਪ੍ਰੀਤ, ਪ੍ਰੀਤਮ ਇਕੋ ਰਾਹ ਰਿਹਾ ਵਖਾਈਆ । ਸਭ ਨੇ ਅੰਦਰੋਂ ਨਿਰਮਲ ਕਰਨੀ ਮਨ ਕਲਪਣਾ ਨੀਤ, ਬੁਧ ਬਬੇਕ ਲੈਣੀ ਕਰਾਈਆ । ਇਕੋ ਪੁਰਖ ਅਕਾਲਾ ਦੀਨ ਦਿਆਲਾ ਵਸੇ ਸਭ ਦੇ ਚੀਤ, ਦੂਜਾ ਇਸ਼ਟ ਨਾ ਕੋਇ ਮਨਾਈਆ । ਤੂੰ ਮੇਰਾ ਮੈਂ ਤੇਰਾ ਆਤਮ ਪਰਮਾਤਮ ਗੌਣਾ ਗੀਤ, ਗਹਿਰ ਗੰਭੀਰ ਬੇਨਜ਼ੀਰ ਦਏ ਸਮਝਾਈਆ । ਲੇਖਾ ਚੁਕ ਜਾਏ ਮੰਦਰ ਮਸੀਤ, ਕਾਇਆ ਕਾਅਬੇ ਵੱਜੇ ਵਧਾਈਆ । ਤੁਹਾਡੇ ਅੰਤਰ ਨਿਰੰਤਰ ਹਰਿ ਕਰਤਾ ਵਸੇ ਵੀਚ, ਭੇਵ ਅਭੇਦਾ ਦਏ ਖੁਲ੍ਹਾਈਆ । ਹਉਮੇ ਰਹੇ ਊਚ ਨਾ ਨੀਚ, ਰਾਓ ਰੰਕ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਗੁਰਮੁਖ ਦਵਾਰੇ ਬਣ ਕੇ ਜਾਣਾ ਧੁਰ ਦੇ ਸੱਜਣ, ਹਰਿ ਸਾਜਣ ਇਕ ਪ੍ਰਨਾਈਆ । ਸਚ ਪ੍ਰੀਤੀ ਧੂੜੀ ਲੈ ਕੇ ਜਾਣਾ ਮਜਨ, ਦੁਰਮਤ ਮੈਲ ਧੁਆਈਆ । ਨਿਜ ਨੇਤਰ ਨਾਮ ਨਿਧਾਨਾ ਪਾ ਕੇ ਜਾਣਾ ਅੰਜਨ, ਨੇਤਰ ਅੱਖ ਪ੍ਰਤੱਖ ਕਰ ਰੁਸ਼ਨਾਈਆ । ਜੋ ਸਾਹਿਬ ਸਤਿਗੁਰ ਸੰਤ ਸੁਹੇਲੇ ਆਇਆ ਲੱਭਣ, ਲੱਖ ਚੁਰਾਸੀ ਖੋਜ ਖੁਜਾਈਆ । ਸੋ ਤੁਹਾਡਾ ਧਰਮ ਦਾ ਵੇਖਣ ਲੱਗਾ ਲਗਨ, ਲਗ ਮਾਤਰ ਰਹਿਣ ਕੋਇ ਨਾ ਪਾਈਆ । ਤ੍ਰੈਗੁਣ ਮਾਇਆ ਬੁਝਾਵਣ ਆਇਆ ਅਗਨ, ਅਗਨੀ ਤੱਤ ਨਾ ਕੋਇ ਤਪਾਈਆ ।

ਸਚ ਦਵਾਰੇ ਕਰ ਕੇ ਮਗਨ, ਮਗਰਲਾ ਲੇਖਾ ਦਏ ਮੁਕਾਈਆ । ਜਿਸ ਦਾ ਗੁਰ ਅਵਤਾਰ ਪੈਗ਼ੰਬਰ ਕਰਦੇ ਗਏ ਯਤਨ, ਜੁਗ ਚੌਕੜੀ ਆਪਣੀ ਸੇਵ ਕਮਾਈਆ । ਉਹ ਵਖਾਵਣਹਾਰਾ ਇਕੋ ਪਤਣ, ਪਤਰਕਾ ਸਭ ਦੀ ਫੋਲ ਫੁਲਾਈਆ । ਜਨ ਭਗਤੋ ਤੁਹਾਡੀ ਲੱਜਿਆ ਆਇਆ ਰੱਖਣ, ਸਿਰ ਆਪਣਾ ਹੱਥ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਦਏ ਰੰਗਾਈਆ । ਗੁਰਮੁਖ ਦੁਆਰ ਕਿਉਂ ਹੋਇਆ ਇਕੱਠ, ਸਹਿਜ ਨਾਲ ਸਮਝਾਈਆ । ਗੁਰ ਅਵਤਾਰ ਪੈਗ਼ੰਬਰ ਜਿਸ ਵੇਲੇ ਆਵਣ ਨਠ, ਬਣ ਕੇ ਪਾਂਧੀ ਰਾਹੀਆ । ਉਹ ਆਪਣੀ ਵਸਤ ਨਾਲ ਲਿਆ ਕੇ ਸਭ ਕੁਛ ਮਿਲੌਣ ਹੱਥ, ਹੱਥੋ ਹੱਥ ਫੜਾਈਆ । ਇਹ ਕਥਾ ਕਹਾਣੀ ਅਕਥ, ਰਸਨਾ ਕਹਿ ਸਕੇ ਨਾ ਰਾਈਆ । ਸਭ ਦਾ ਲੇਖਾ ਪੂਰਾ ਕਰਨਾ ਜਿਸ ਵੇਲੇ ਹੋਏ ਸਵਾ ਅੱਠ, ਅੱਠ ਦਸ ਵੰਡ ਨਾ ਕੋਇ ਵੰਡਾਈਆ । ਸਭ ਨੇ ਪਿਛਲਾ ਖ਼ਿਆਲ ਘਰ ਦਾ ਦੇਣਾ ਛੱਡ, ਅੱਜ ਦੀ ਰਾਤ ਨਿਗਾਹ ਨਾ ਕੋਇ ਬਦਲਾਈਆ । ਇਕੋ ਅੰਤਰ ਢੋਲਾ ਲੈਣਾ ਰਟ, ਚਲਦਿਆਂ ਫਿਰਦਿਆਂ ਆਪਣਾ ਰਾਗ ਸੁਣਾਈਆ । ਪਿਛਲਾ ਝਗੜਾ ਦਵੈਤ ਦੀ ਢੌਣੀ ਹੰਗਤਾ ਵਾਲੀ ਵੱਟ, ਵਟਨਾ ਨਾਮ ਦਾ ਦਏ ਲਗਾਈਆ । ਇਕ ਸੰਦੇਸ਼ਾ ਨਰ ਨਰੇਸ਼ਾ ਚਾਰ ਜੁਗ ਦਾ ਸਾਂਝਾ ਦਏ ਦੱਸ, ਦਹਿ ਦਿਸ਼ਾ ਤੋਂ ਬਾਹਰ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਗੁਰਮੁਖ ਧਾਰ ਕਹੇ ਸੁਣ ਲਓ ਸਾਚੀ ਸਿਖਿਆ, ਸਾਹਿਬ ਸਚ ਦ੍ਰਿੜਾਈਆ । ਜਿਹੜਾ ਲੇਖ ਸਦਾ ਅਨਲਿਖਿਆ, ਉਸ ਦਾ ਪੜਦਾ ਦਏ ਉਠਾਈਆ । ਜਿਹੜੀ ਸ੍ਰਿਸ਼ਟੀ ਸਮਝਦੇ ਮਿਥਿਆ, ਮਿਥਿਆ ਜਗਤ ਲੋਕਾਈਆ । ਉਨ੍ਹਾਂ ਗੁਰ ਅਵਤਾਰ ਪੈਗ਼ੰਬਰਾਂ ਦੀ ਦੱਸਣੀ ਪਿਛਲੀ ਇਛਿਆ, ਨਿਰਇਛਤ ਆਪ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਇਕ ਵਖਾਈਆ । ਗੁਰਮੁਖ ਕਹੇ ਇਕ ਬੇਨੰਤੀ ਕਰੇ ਕਬੀਰ, ਕਾਅਬੇ ਤੋਂ ਪਰੇ ਦੁਹਾਈਆ । ਜਨ ਭਗਤੋ ਅੱਜ ਦੀ ਰਾਤ ਕੋਈ ਨਾ ਸਮਝਿਓ ਆਪਣਾ ਸਰੀਰ, ਸਰੀਰ ਤੱਤ ਨਾ ਕੋਇ ਵਡਿਆਈਆ । ਆਤਮਾ ਬੰਨ੍ਹਣੀ ਨਾਲ ਓਸ ਜ਼ੰਜੀਰ, ਜਿਥੋਂ ਸ਼ਰਅ ਨਾ ਕੋਇ ਤੁੜਾਈਆ । ਜ਼ਾਤ ਪਾਤ ਦੀਨ ਮਜ਼੍ਹਬ ਦਾ ਕੱਢਕੇ ਜਾਣਾ ਖ਼ਮੀਰ, ਖ਼ਾਲਸ ਆਪਣਾ ਆਪ ਬਣਾਈਆ । ਅੱਗੇ ਭਗਤਾਂ ਦਾ ਕਾਇਆ ਮੰਦਰ ਕਰਨਾ ਤਾਅਮੀਰ, ਆਪਣੀ ਹੱਥੀਂ ਨੀਂਹ ਰਖਾਈਆ । ਜਿਸ ਨੂੰ ਦੁਨੀਆ ਕਹੇ ਤਕਦੀਰ, ਉਸ ਦੀ ਤਦਬੀਰ ਦੇਣੀ ਦ੍ਰਿੜਾਈਆ । ਜਿਸ ਦੇ ਨਾਲ ਬਦਲੇ ਜ਼ਮੀਰ, ਜ਼ੱਰੇ ਜ਼ੱਰੇ ਕਰੇ ਰੁਸ਼ਨਾਈਆ । ਉਹ ਇਕੋ ਨੁਕਤਾ ਦੱਸਣਾ ਅਖ਼ੀਰ, ਆਖਰ ਪੜਦਾ ਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰੰਗਾਈਆ । ਕਬੀਰ ਕਹੇ ਰਾਤ ਨੂੰ ਬੈਠਣ ਲੱਗੇ ਚਾਰੇ ਇਕੱਠੇ ਕਰਿਓ ਅੰਗੂਠੇ, ਅੰਗੂਠਾ ਅੰਗੂਠੇ ਉਤੇ ਟਿਕਾਈਆ । ਫਿਰ ਖ਼ੈਰ ਪਏ ਤੁਹਾਡੇ ਠੂਠੇ, ਠੁਮਰੀ ਦਏ ਸੁਣਾਈਆ । ਜਿਸ ਸਾਰੇ ਕਰ ਦਿਤੇ ਝੂਠੇ, ਬਚਿਆ ਰਹਿਣ ਕੋਇ ਨਾ ਪਾਈਆ । ਤਤ ਰਹਿਣ ਨਹੀਂ ਦਿਤੇ ਪੰਜ ਭੂਤੇ, ਖ਼ਾਕੀ ਖ਼ਾਕ ਵਿਚ ਮਿਲਾਈਆ । ਡੰਕੇ ਵਜਦੇ ਰਹਿਣ ਨਾ ਦੇਵੇ ਗਲੀ ਕੂਚੇ, ਕੋਨਾ ਕੋਨਾ ਫੋਲ ਫੁਲਾਈਆ । ਜਨ ਭਗਤੋ ਤੁਸੀਂ ਓਸ ਪ੍ਰਭੂ ਦੇ ਬੂਟੇ, ਜੋ ਮਾਲਕ ਮਾਲੀ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮਾਣ ਦਏ ਵਡਿਆਈਆ । ਚਾਰੇ ਅੰਗੂਠੇ ਇਕ ਦੂਜੇ ਨੂੰ ਲੱਗਣ, ਸੋਹਣਾ ਵਕ਼ਤ ਸੁਹਾਈਆ । ਨੇਤਰਮੀਟ ਹੋਵਨ ਮਗਨ, ਇੱਕੀ ਮਿੰਟ ਅੱਖ ਨਾ ਕੋਇ ਖੁਲ੍ਹਾਈਆ । ਜੋ ਤੁਹਾਨੂੰ ਆਇਆ ਸੱਦਣ, ਸੱਦੇ ਘਰ ਘਰ ਦਏ ਸੁਣਾਈਆ । ਇੱਕੀ ਮਿੰਟਾਂ ਵਿਚ ਕੋਈ ਹਿਸਾਬ ਕਿਤਾਬ ਲੇਖਾ ਕਰ ਕੇ ਆਵੇ ਵਿਚ ਅਦਨ, ਅੱਧੋ ਅੱਧ ਵਖਾਈਆ । ਜਿਸ ਨੇ ਗੁਰ ਅਵਤਾਰਾਂ ਪੈਗ਼ੰਬਰਾਂ ਨੂੰ ਦਿਤਾ ਬਦਨ, ਉਹ ਬਦਲੀ ਸਭ ਦੀ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧੁਰ ਦੀ ਮਹੂਰਤ ਵੇਖ ਲਗਨ, ਸੂਰਤ ਸਚ ਦੀ ਦਏ ਜਣਾਈਆ ।

੩੨੮

ਪੰਜ ਚੇਤ ਕਹੇ ਚਾਰ ਜੁਗ ਦੀ ਮਿਟਣ ਲੱਗੀ ਸਮਾਧੀ, ਸਮਾਂ ਪ੍ਰਭ ਰਿਹਾ ਬਦਲਾਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਰਿਖੀਆਂ ਮੁਨੀਆਂ ਵਾਲੀ ਵਾਦੀ, ਵਾਅਦੇ ਨਾਲ ਪੂਰ ਕਰਾਈਆ । ਸਚ ਸੰਦੇਸ਼ਾ ਦੇਵੇ ਧੁਰ ਦਾ ਨਾਦੀ, ਹਰਿ ਕਰਤਾ ਬੇਪ੍ਰਵਾਹੀਆ । ਨਾਮ ਨਿਧਾਨ ਸੁਣਾਏ ਸ਼ਬਦ ਅਨਰਾਗੀ, ਤਾਲ ਤਲਵਾੜਾ ਇਕ ਵਜਾਈਆ । ਕਲਜੁਗ ਕੂੜੀ ਕਿਰਿਆ ਖ਼ਤਮ ਕਰੇ ਬਾਜ਼ੀ, ਬਾਜ਼ਾਂ ਵਾਲਾ ਦਏ ਗਵਾਹੀਆ । ਮੁਹੰਮਦ ਦਾ ਦੁਲਦੁਲ ਸ਼ਬਦ ਅਗੰਮਾ ਤਾਜੀ, ਤਾਜਨਾ ਵੇਖੇ ਥਾਉਂ ਥਾਈਂਆ । ਝਗੜਾ ਰਹੇ ਨਾ ਕਿਸੇ ਨਿਮਾਜ਼ੀ, ਨਿਵਾਜ਼ਸ਼ ਸਭ ਦੀ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਪੰਜ ਚੇਤ ਕਹੇ ਪਿਛਲੀ ਵੇਖੇ ਸਾਧਨਾ ਸਾਧ, ਹਰਿ ਕਰਤਾ ਬੇਪ੍ਰਵਾਹੀਆ । ਕਿਸ ਬਿਧ ਭਗਤ ਸੁਹੇਲੇ ਹੋਣ ਵਿਸਮਾਦ, ਬਿਸਮਿਲ ਆਪਣਾ ਆਪ ਕਰਾਈਆ । ਕਿਸ ਬਿਧ ਹਰਿ ਕਰਤਾ ਦੇਵੇ ਆਪਣੀ ਦਾਤ, ਦਾਤਾ ਦਾਨੀ ਦਇਆ ਕਮਾਈਆ । ਸਤਿ ਧਰਮ ਦੀ ਲੇਖੇ ਲਾਵੇ ਰਾਤ, ਭਿੰਨੜੀ ਰੈਣ ਵੱਜੇ ਵਧਾਈਆ । ਗੁਰਮੁਖਾਂ ਪੂਰੀ ਕਰੇ ਖ਼ਾਹਿਸ਼, ਤ੍ਰਿਸ਼ਨਾ ਤ੍ਰਿਪਤ ਕਰਾਈਆ । ਸਚ ਦੁਆਰੇ ਵਖਾ ਰਾਸ, ਗੋਪੀ ਕਾਹਨ ਇਕ ਦਰਸਾਈਆ । ਜੋ ਰਚਨਾ ਰਚੇ ਆਦਿ, ਜੁਗ ਜੁਗ ਵੇਸ ਵਟਾਈਆ । ਸੋ ਕਲਜੁਗ ਕੂੜੀ ਕਿਰਿਆ ਕਰੇ ਬਰਬਾਦ, ਮਾਇਆ ਮਮਤਾ ਮੋਹ ਮਿਟਾਈਆ । ਸਤਿਜੁਗ ਸਾਚੀ ਸਾਜਨਾ ਸਾਜ, ਸੰਤ ਸੁਹੇਲੇ ਲਏ ਉਠਾਈਆ । ਆਤਮ ਪਰਮਾਤਮ ਰਚ ਕੇ ਕਾਜ, ਨਾਤਾ ਨਿਰਗੁਣ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਮਾਧੀ ਇਕ ਸਮਝਾਈਆ । ਸਚ ਸਮਾਧੀ ਵੇਖੋ ਆ ਕੇ ਗੁਰ ਅਵਤਾਰ ਪੈਗ਼ੰਬਰ ਪੀਰ, ਵਿਸ਼ਨ ਬ੍ਰਹਮਾ ਸ਼ਿਵ ਦੇਵਤ ਸੁਰ ਨਾਲ ਮਿਲਾਈਆ । ਭਗਤ ਸੁਹੇਲਾ ਦਿਸੇ ਨਾ ਕੋਈ ਦਿਲਗੀਰ, ਕਾਇਆ ਮੰਦਰ ਅੰਦਰ ਵੱਜਦੀ ਦਿਸੇ ਵਧਾਈਆ । ਚਾਰੋਂ ਕੁੰਟ ਭੱਜਾ ਫਿਰੇ ਕਬੀਰ, ਸੇਵਕ ਹੋ ਕੇ ਵਾਹੋ ਦਾਹੀਆ । ਧੰਨ ਵਡਿਆਈ ਪਾਰਬ੍ਰਹਮ ਪਤਿਪਰਮੇਸ਼ਵਰ ਜਿਸ ਨੇ ਸਭ ਦੇ ਕੱਟੇ ਸ਼ਰਅ ਜ਼ੰਜੀਰ, ਮਜ਼੍ਹਬ ਦੀ ਵੰਡ ਨਾ ਕੋਇ ਵੰਡਾਈਆ । ਇਕੋ ਪੜ੍ਹ ਹੱਕ ਤਕਬੀਰ, ਤਦਬੀਰ ਦਿਤੀ ਸੁਣਾਈਆ । ਜਨ ਭਗਤ ਮੰਜ਼ਲ ਚੋਟੀ ਚਾੜ੍ਹ ਅਖ਼ੀਰ, ਆਖ਼ਰ ਆਪਣਾ ਰੰਗ ਰੰਗਾਈਆ । ਝਗੜਾ ਮੁਕਾ ਕੇ ਸ਼ਾਹ ਹਕੀਰ, ਆਅਲਾ ਅਦਨਾ ਹੋਏ ਸਹਾਈਆ । ਨਿਰਗੁਣ ਧਾਰ ਦੱਸ ਤਸਵੀਰ, ਤਸਬੀ ਮਾਲਾ ਮਣਕੇ ਤੋਂ ਝਗੜਾ ਦਿਤਾ ਮੁਕਾਈਆ । ਅੰਦਰ ਵੜ ਬਦਲ ਜ਼ਮੀਰ, ਜ਼ਾਹਰ ਜ਼ਹੂਰ ਕਰੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਰੰਗਾਈਆ । ਚੇਤ ਕਹੇ ਗੁਰ ਅਵਤਾਰ ਪੈਗ਼ੰਬਰ ਆ ਗਏ ਨੇੜੇ, ਆਪਣਾ ਪੰਧ ਮੁਕਾਈਆ । ਭਗਤ ਦਵਾਰ ਸੁਹਾ ਕੇ ਖੇੜੇ, ਖਿੜਕੀ ਅੰਦਰੋਂ ਦਏ ਖੁਲ੍ਹਾਈਆ । ਜੁਗ ਚੌਕੜੀ ਵਿਛੜੇ ਜਿਹੜੇ, ਸਾਰੇ ਬੈਠੇ ਧਿਆਨ ਲਗਾਈਆ । ਪਰਮ ਪੁਰਖ ਦੇ ਚੜ੍ਹ ਗਏ ਬੇੜੇ, ਖੇਵਟ ਖੇਟਾ ਇਕੋ ਨਜ਼ਰੀ ਆਈਆ । ਇਕੋ ਰੰਗ ਰੰਗਾ ਕੇ ਰੁਤ ਸੁਹਾਏ ਸੰਞ ਸਵੇਰੇ, ਘੜੀ ਪਲ ਵੰਡ ਨਾ ਕੋਇ ਵੰਡਾਈਆ । ਮਿਹਰਵਾਨ ਮਹਿਬੂਬ ਮੁਹੱਬਤ ਵਿਚ ਕਰੇ ਮਿਹਰੇ, ਨਿਗਾਹਬਾਨ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸੱਚੀ ਰੰਗਣ ਰੰਗ ਰੰਗਾਈਆ । ਪੰਜ ਚੇਤ ਕਹੇ ਗੁਰ ਅਵਤਾਰ ਪੈਗ਼ੰਬਰੋ ਵੇਖੋ ਆਪਣਾ ਪਿਛਲਾ ਵਰਕਾ ਵਰਕਾ, ਬਿਨ ਅੱਖਰ ਵੇਖ ਵਖਾਈਆ । ਓਸ ਦੀ ਖ਼ੈਰ ਓਸੇ ਦਾ ਸਦਕਾ, ਬੀਖ਼ੈਰ ਇਕੋ ਨੂਰ ਅਲਾਹੀਆ । ਜੋ ਨਿਰਗੁਣ ਧਾਰ ਹੋ ਕੇ ਪਰਤਾ, ਪਤਿਪਰਮੇਸ਼ਵਰ ਧੁਰਦਰਗਾਹੀਆ । ਜਿਸ ਦਾ ਲੇਖਾ ਉਤੇ ਅਰਸ਼ਾ, ਅਰਸ਼ੀ ਪ੍ਰੀਤਮ ਵੇਸ ਵਟਾਈਆ । ਸੋ ਭਾਗ ਲਗਾਏ ਧਰਨੀ ਧਰਤ ਧੌਲ ਫ਼ਰਸ਼ਾ, ਨਿਰਵੈਰ ਖੇਲ ਖਿਲਾਈਆ । ਜਨ ਭਗਤਾਂ ਦਾ ਦੇਵਣ ਆਇਆ ਕ਼ਰਜ਼ਾ, ਮਕ਼ਰੂਜ਼ ਹੋ ਕੇ ਵੇਖ ਵਖਾਈਆ । ਆਤਮ ਪਰਮਾਤਮ ਸਾਂਝੀ ਕਰ ਕੇ ਗ਼ਰਜ਼ਾ, ਆਸ਼ਾ ਮਨਸਾ ਮਨਸਾ ਆਸ਼ਾ ਆਪਣੇ ਵਿਚ ਸਮਾਈਆ । ਸੰਤ ਸੁਹੇਲਾ ਬਣ ਕੇ ਬਰਦਾ, ਦਰ ਦਰਵੇਸ਼ ਵੇਸ ਵਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਭਗਤ ਜਨ ਹੋ ਗਏ ਸੁਨ ਮੁਨ, ਮਨ ਕਾ ਮੋਹ ਮਿਟਾਈਆ । ਅੰਤਰ ਇਕ ਪ੍ਰੇਮ ਦੀ ਧੁਨ, ਧੁਨ ਆਤਮਕ ਵੱਜੇ ਵਧਾਈਆ । ਬਾਕੀ ਰਿਹਾ ਕੋਇ ਨਾ ਮੁਨ, ਮੁਨੀਸ਼ਰ ਨਜ਼ਰ ਕੋਇ ਨਾ ਆਈਆ । ਚੁਰਾਸੀ ਵਿਚੋਂ ਪੁਰਖ ਅਕਾਲ ਦੀਨ ਦਿਆਲ ਲਏ ਚੁਣ, ਚਾਰ ਕੁੰਟ ਖੋਜ ਖੁਜਾਈਆ । ਨਾਮ ਸੰਦੇਸ਼ਾ ਦੇ ਕੇ ਫੁਨ, ਫੁਰਨਿਆਂ ਵਿਚੋਂ ਬਾਹਰ ਕਢਾਈਆ । ਸਚ ਦੁਆਰ ਦੇ ਕੇ ਗੁਣ, ਔਗੁਣ ਡੇਰਾ ਦਿਤਾ ਢਾਈਆ । ਏਕੰਕਾਰ ਬਣਾ ਕੇ ਆਪਣੀ ਕੁਲ, ਕੁਲ ਮਾਲਕ ਹੋਏ ਸਹਾਈਆ । ਨਾਮ ਭੰਡਾਰਾ ਦੇ ਅਨਮੁਲ, ਕ਼ੀਮਤ ਕਰਤਾ ਕੋਇ ਨਾ ਲਾਈਆ । ਗੁਰ ਅਵਤਾਰ ਪੈਗ਼ੰਬਰੋ ਭਗਤ ਦੁਵਾਰ ਦੀ ਵੇਖ ਲਉ ਚੁਲ੍ਹ, ਚਾਰ ਜੁਗ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਵਰਤਾਈਆ । ਗੁਰ ਅਵਤਾਰ ਪੈਗ਼ੰਬਰ ਫਿਰਨ ਚਾਰ ਚੁਫੇਰੇ, ਚਾਰੋਂ ਕੁੰਟ ਚਾਈਂ ਚਾਈਆ । ਵੇਖੇ ਪੁਰਖ ਅਕਾਲ ਕਰੇ ਮਿਹਰੇ, ਮਿਹਰਵਾਨ ਦਇਆ ਕਮਾਈਆ । ਚਾਰ ਵਰਨ ਚੜ੍ਹਨ ਬੇੜੇ, ਨਈਆ ਨੌਕਾ ਇਕ ਸੁਹਾਈਆ । ਸਾਚੇ ਭਗਤ ਦੇ ਆ ਗਏ ਖੇੜੇ, ਗੁਰਮੁਖ ਗੁਰ ਗੁਰ ਗੋਦ ਉਠਾਈਆ । ਜਿਥੇ ਦੀਨ ਮਜ਼੍ਹਬ ਦੇ ਰਹਿਣੇ ਨਹੀਂ ਝੇੜੇ, ਜ਼ਾਤ ਪਾਤ ਨਾ ਕੋਇ ਲੜਾਈਆ । ਗੁਰ ਗੋਬਿੰਦ ਲੌਣੇ ਡੇਰੇ, ਡੰਡਾਵਤ ਇਕੋ ਰਿਹਾ ਸਮਝਾਈਆ । ਸ਼ਬਦ ਧਾਰ ਸਿੰਘ ਸ਼ੇਰੇ, ਭਬਕ ਪੁਰਖ ਅਕਾਲ ਸਮਝਾਈਆ । ਲੱਖ ਚੁਰਾਸੀ ਗੇੜ ਗੇੜੇ, ਜੁਗ ਚੌਕੜੀ ਆਪ ਭੁਆਈਆ । ਸਤਿਜੁਗ ਔਂਦਾ ਅੱਗੇ ਨੇੜੇ, ਕਲਜੁਗ ਕੂੜਾ ਦਏ ਦੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਖੇਲ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਪੰਜ ਚੇਤ ਕੀ ਦੱਸੀ ਕਥਾ, ਕਹਾਣੀ ਸਮਝ ਕੋਇ ਨਾ ਆਈਆ । ਅਸੀਂ
੩੩੦ ਜਾਣੀਏ ਸਚ ਯਥਾਰਥ ਯਥਾ, ਯਦੀ ਆਪਣੀ ਅੱਖ ਖੁਲ੍ਹਾਈਆ । ਸਾਡੇ ਕੋਲ ਅਗੰਮੀ ਅੱਖਾ, ਬਿਨ ਨੈਣਾਂ ਨੈਣ ਰੁਸ਼ਨਾਈਆ । ਇਹ ਖੇਲ ਪ੍ਰਭੂ ਦਾ ਸੱਚਾ, ਨਾ ਕੋਈ ੩੩੦
ਮੇਟੇ ਮੇਟ ਮਿਟਾਈਆ । ਜੁਗ ਚੌਕੜੀ ਲੇਖਾ ਦਿਸਦਾ ਕੱਚਾ, ਕੱਲਰ ਕੰਧ ਦੁਹਾਈਆ । ਏਥੇ ਭਗਤ ਭਗਵਾਨ ਦਾ ਜੁੜਿਆ ਮੱਥਾ, ਮਸਤਕ ਨੂਰ ਹੋਵੇ ਰੁਸ਼ਨਾਈਆ । ਸ਼ਬਦੀ ਧਾਰ ਗੋਬਿੰਦ ਭੱਥਾ, ਕੰਧੇ ਕੰਧ ਉਠਾਈਆ । ਲੇਖਾ ਜਾਣ ਕੇ ਤੱਤ ਅੱਠਾ, ਤ੍ਰੈ ਪੰਜ ਖੋਜ ਖੁਜਾਈਆ । ਸਚ ਦੁਆਰ ਖੋਲ੍ਹ ਕੇ ਹੱਟਾ, ਵਸਤ ਅਮੋਲਕ ਆਪ ਵਰਤਾਈਆ । ਦੂਈ ਦਵੈਤ ਮੇਟ ਕੇ ਫੱਟਾ, ਨਾਮ ਪੱਟੀ ਇਕ ਬੰਧਾਈਆ । ਇਹ ਖੇਲ ਪੁਰਖ ਸਮਰਥਾ, ਹਰਿ ਕਰਤਾ ਆਪ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਹੁਕਮ ਇਕ ਸੁਣਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਭ ਦੇ ਇਕੱਠੇ ਹੋਏ ਅੰਗੂਠੇ ਚਾਰ, ਚਾਰ ਜੁਗ ਦਾ ਪੰਧ ਮੁਕਾਈਆ । ਸਾਡਾ ਰਿਹਾ ਨਾ ਕੋਈ ਅਖ਼ਤਿਆਰ, ਬੇਅਖ਼ਤਿਆਰ ਦਿਸੀ ਲੋਕਾਈਆ । ਪੈਰਾਂ ਨਾਲ ਛੁਹਣ ਵਾਲੇ ਛੂਹ ਗਏ ਆਪਣੀ ਧਾਰ, ਧਾਰ ਧਰਮ ਬਦਲਾਈਆ । ਦੋਹਾਂ ਤੋਂ ਹੋ ਗਏ ਚਾਰ, ਚਾਰ ਕੁੰਟ ਦੁਹਾਈਆ । ਇਹ ਲੇਖਾ ਅਸੀਂ ਸਮਝਾ ਨਾ ਸਕੇ ਵਿਚ ਸੰਸਾਰ, ਸੰਸਾਰੀ ਭੰਡਾਰੀ ਭੇਵ ਕੋਇ ਨਾ ਪਾਈਆ । ਖੇਲ ਕਰਦੇ ਗਏ ਵਾਰੋ ਵਾਰ, ਵਾਰਤਾ ਜਗਤ ਵਿਚ ਵਡਿਆਈਆ । ਇਹ ਸਭ ਤੋਂ ਵੱਖਰਾ ਵਿਵਹਾਰ, ਰਿਸ਼ੀ ਮੁਨੀ ਸਮਝ ਕਿਸੇ ਨਾ ਆਈਆ । ਇਹ ਮੰਜ਼ਲ ਉਹ ਦੁਸ਼ਵਾਰ, ਜੋ ਬਿਨਾ ਪੁਰਖ ਅਕਾਲ ਚੜ੍ਹਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਰੰਗਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਮਾਧੀ ਏਹੋ ਸੁਧ, ਜੋ ਵਿਸ਼ਨ ਬ੍ਰਹਮਾ ਸ਼ਿਵ ਲਗਾਈਆ । ਏਸੇ ਦੀ ਨਕਲ ਕੀਤੀ ਬੁੱਧ, ਬੁੱਧੀ ਆਪਣੀ ਲਈ ਬਦਲਾਈਆ । ਏਹੋ ਨਾਨਕ ਭੇਵ ਰੱਖਿਆ ਗੁਝ, ਪੜਦਾ ਨਾ ਕਿਸੇ ਉਠਾਈਆ । ਏਹੋ ਖੇਲ ਕੀਤੀ ਹੇਮ ਕੁਟ, ਦੁਸ਼ਟ ਦਮਨ ਧਿਆਨ ਲਗਾਈਆ । ਏਹੋ ਧਾਰ ਨੈਣਾਂ ਦੇਵੀ ਕੀਤੀ ਲੁਕ, ਗੋਬਿੰਦ ਆਪਣੀ ਕਾਰ ਕਮਾਈਆ । ਏਸੇ ਧਾਰ ਵਿਚੋਂ ਨਿਕਲੇ ਓਹ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

ਕਿਰਪਾ ਕਰ, ਜੁਗ ਜਨਮ ਦਾ ਲੇਖਾ ਪੂਰ ਕਰਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਇਹ ਸਮਾਧੀ ਕਿਸੇ ਨਾ ਲੱਭੀ, ਸਾਰੇ ਸ਼ਾਸਤਰ ਦੇਣ ਦੁਹਾਈਆ । ਹੱਥ ਨਾ ਆਵੇ ਕਵਲ ਨਭੀ, ਕਵਲ ਕਵਲਾ ਮੁਖ ਭੁਆਈਆ । ਗੁਰ ਅਵਤਾਰ ਪੈਗ਼ੰਬਰ ਕਿਸੇ ਨਾ ਬੱਧੀ, ਬੰਦਨਾ ਸਿਖਿਆ ਨਾ ਕੋਇ ਦ੍ਰਿੜਾਈਆ । ਹੱਥ ਨਾ ਆਵੇ ਪੈਗ਼ੰਬਰਾਂ ਵਾਲੀ ਗੱਦੀ, ਵਦੀ ਸੁਦੀ ਨਾ ਕੋਇ ਸਮਝਾਈਆ । ਕਲਜੁਗ ਅੰਤ ਅਖ਼ੀਰੀ ਸਦੀ, ਸੱਦਾ ਧੁਰ ਦਾ ਰਹੀ ਸੁਣਾਈਆ । ਚਾਰੋਂ ਕੁੰਟ ਹੋਈ ਬਦੀ, ਬਦ ਸਕੇ ਨਾ ਕੋਇ ਲੁਕਾਈਆ । ਮੋਹ ਵਿਕਾਰ ਦੀ ਵਹੇ ਨਦੀ, ਕਲਜੁਗ ਜੀਵਾਂ ਰਹੀ ਰੁੜ੍ਹਾਈਆ । ਸ਼ਾਸਤਰ ਸਿਮਰਤ ਵੇਦ ਪੁਰਾਨ ਅੰਜੀਲ ਕੁਰਾਨ ਖਾਣੀ ਬਾਣੀ ਬੱਧੀ ਡੱਗੀ, ਡੱਗਾ ਕਾਇਆ ਅੰਦਰ ਖੜਕਾਈਆ । ਮਮਤਾ ਮੋਹ ਮਾਰ ਕੇ ਅੱਡੀ, ਚਾਰੋਂ ਕੁੰਟ ਭੱਜੇ ਵਾਹੋ ਦਾਹੀਆ । ਖੇਲ ਵੇਖਣਾ ਪ੍ਰਭ ਨੇ ਆਪਣੀ ਸਦੀ, ਸੱਦੇ ਸਭ ਨੂੰ ਦਏ ਸੁਣਾਈਆ । ਇਹ ਵਕਤ ਸੁਹੰਜਣਾ ਹੁੰਦਾ ਕਦੀ, ਨੌ ਸੌ ਚੁਰਾਨਵੇ ਚੌਕੜੀ ਹੱਥ ਕਦੇ ਨਾ ਆਈਆ । ਜਿਸ ਵੇਲੇ ਜੋਤ ਅਕਾਲਣ ਧਾਰ ਆਵੇ ਰੱਬੀ, ਨੂਰੋ ਨੂਰ ਕਰੇ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਖੇਲ ਇਕ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਸਮਾਧੀ ਸਚ ਸਮੂਹ, ਸਾਹਿਬ ਤੇਰੀ ਸਰਨਾਈਆ । ਅਸੀਂ ਖੇਲ ਵੇਖਿਆ ਹੂਬਹੂ, ਹੂਬਹੂ ਨਾਅਰਾ ਲਗਾਈਆ । ਤੇਰੇ ਭਗਤਾਂ ਦਾ ਪਵਿਤ੍ਰ ਹੋਇਆ ਬੁਤ ਰੂਹ, ਦੁਰਮਤ ਮੈਲ ਰਹੀ ਨਾ ਰਾਈਆ । ਸਭ ਦਾ ਸ਼ਬਦ ਅਗੰਮਾ ਗੁਰੂ, ਤੱਤਾਂ ਵਾਲੀ ਨਾ ਕੋਇ ਵਡਿਆਈਆ । ਜੋ ਆਤਮ ਪਰਮਾਤਮ ਨਾਲ ਜੁੜੂ, ਜੋੜੀ ਧੁਰ ਦੀ ਰਿਹਾ ਬਣਾਈਆ । ਚਾਰ ਜੁਗ ਦਾ ਕਲਮਾ ਪਿਛੇ ਮੁੜੂ, ਅੱਗੇ ਵੱਜੇ ਨਾ ਕੋਇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਗੁਰ ਅਵਤਾਰ ਪੈਗ਼ੰਬਰੋ ਕਿਉਂ ਭਗਤਾਂ ਅੰਦਰ ਧਰਿਆ ਧਿਆਨ, ਧਿਆਨੀ ਹੋ ਕੇ ਧਿਆਨ ਲਗਾਈਆ । ਕਿਉਂ ਸਾਂਝਾ ਹੋਇਆ ੩੩੧ ਗਿਆਨ, ਅਗਿਆਨ ਅੰਧੇਰ ਮਿਟਾਈਆ । ਕਿਉਂ ਹੁਕਮ ਹੋਇਆ ਪ੍ਰਵਾਨ, ਪ੍ਰਵਾਨੇ ਰਿਹਾ ਸੁਣਾਈਆ । ਖੜਗ ਖਿਚ ਕੇ ਵਿਚੋਂ ਮਿਆਨ, ਖੰਡਾ ਰਿਹਾ ਚਮਕਾਈਆ । ਜੋ ਸਭ ਦੀ ਕਰੇ ਕਲਿਆਣ, ਉਹ ਕਲਮਾ ਇਕ ਪੜ੍ਹਾਈਆ । ਸਾਰੇ ਆਪਣਾ ਪਿਛਲਾ ਵੇਖੋ ਗਿਆਨ, ਜੋ ਸੰਦੇਸ਼ਿਆਂ ਵਿਚ ਸੁਣਾਈਆ । ਮੈਂ ਦੱਸਾਂ ਇਕ ਫ਼ਰਮਾਨ, ਫੁਰਨਿਆਂ ਵਿਚੋਂ ਪ੍ਰਗਟਾਈਆ । ਅੱਜ ਉਹ ਦਿਵਸ ਮਹਾਨ, ਜਿਸ ਦੀ ਮਹਿੰਮਾ ਸ਼ਾਸਤਰ ਸਿਮਰਤ ਨਾ ਕੋਇ ਗਾਈਆ । ਵਿਸ਼ਨੂੰ ਨੇਤਰ ਨੀਰ ਲੱਗਾ ਵਹਾਣ, ਹੰਝੂਆ ਹਾਰ ਬਣਾਈਆ । ਬ੍ਰਹਮਾ ਹੱਥ ਮਲ ਲੱਗਾ ਪਛਤਾਨ, ਪੱਛਮ ਦੱਖਣ ਵੇਖ ਵਖਾਈਆ । ਸ਼ੰਕਰ ਕੂਕ ਲੱਗਾ ਸੁਣਾਨ, ਟਿੱਲੇ ਪਰਬਤ ਦੇਣ ਦੁਹਾਈਆ । ਤੇਈ ਅਵਤਾਰ ਵੇਖਣ ਲੱਗੇ ਨਿਸ਼ਾਨ, ਨਿਸ਼ਾਨਾ ਏਹੋ ਆਪਣਾ ਹੱਥ ਰਖਾਈਆ । ਈਸਾ ਮੂਸਾ ਮੁਹੰਮਦ ਕਰਨ ਲੱਗੇ ਪਹਿਚਾਨ, ਬੇਪਹਿਚਾਨ ਰਾਹ ਤਕਾਈਆ । ਨਾਨਕ ਗੋਬਿੰਦ ਖੇਲ ਮਹਾਨ, ਹਰਿ ਕਰਤਾ ਆਪ ਸਮਝਾਈਆ । ਗੋਬਿੰਦ ਕਿਹਾ ਅੱਜ ਭਗਤਾਂ ਚਾਰ ਅੰਗੂਠੇ ਕਿਉਂ ਇਕੱਠੇ ਕੀਤੇ ਆਣ, ਚੌਹੁ ਜੁਗਾਂ ਵਿਚ ਸਮਝ ਕਿਸੇ ਨਾ ਆਈਆ । ਗੋਬਿੰਦ ਕਹੇ ਮੈਂ ਲੋਹਗੜ੍ਹ ਕਿਲ੍ਹੇ ਵਿਚ ਰੀਤੀ ਦੱਸੀ ਸੀ ਪਕਵਾਨ, ਪੱਕੀ ਇਕੋ ਗੱਲ ਸੁਣਾਈਆ । ਜਿਸ ਵੇਲੇ ਆਵੇ ਜੋਧਾ ਸੂਰਬੀਰ ਬਲੀ ਬਲਵਾਨ, ਹਰਿ ਕਰਤਾ ਧੁਰਦਰਗਾਹੀਆ । ਓਹ ਪਿਛਲਾ ਸਭ ਦਾ ਲੇਖਾ ਮੁਕਾਵੇ ਵਿਚ ਜਹਾਨ, ਜਹਾਲਤ ਕੂੜੀ ਦਏ ਗਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦਰ ਠਾਂਡਾ ਵੇਖ ਵਖਾਈਆ । ਗੁਰ ਅਵਤਾਰ ਪੈਗ਼ੰਬਰ ਕਹਿਣ ਗੋਬਿੰਦ ਕੀ ਕੁਛ ਪੱਕਾ, ਪਕਵਾਨ ਦੇ ਦ੍ਰਿੜਾਈਆ । ਕਿਉਂ ਚਾਰ ਜੁਗ ਤੋਂ ਮਿਲਿਆ ਧੱਕਾ, ਚਾਰ ਕੁੰਟ ਦੁਹਾਈਆ । ਦੀਨ ਮਜ਼੍ਹਬ ਰਿਹਾ ਨਾ ਸਕਾ, ਜ਼ਾਤ ਪਾਤ ਲੜਾਈਆ । ਝਗੜਾ ਪਿਆ ਮਦੀਨਾ ਮੱਕਾ, ਮੰਦਰ ਮਠ ਗੁਰੂਦੁਆਰ ਰਹੇ ਕੁਰਲਾਈਆ । ਕਿਉਂ ਪੈਗ਼ੰਬਰਾਂ ਬਦਲੀਆਂ ਅੱਖਾਂ, ਗੁਰ ਗੁਰ ਗੋਦ ਨਾ ਕੋਇ ਉਠਾਈਆ । ਇਕ ਬਚਨ ਦੱਸ ਦੇ ਸੱਚਾ, ਸਚ ਤੇਰੀ ਵਡਿਆਈਆ । ਗੋਬਿੰਦ ਕਿਹਾ ਮੈਂ ਇਕੋ

ਪੁਰਖ ਅਕਾਲ ਦਾ ਬੱਚਾ, ਅੰਤ ਅਖ਼ੀਰੀ ਸੋਭਾ ਪਾਈਆ । ਬਾਕੀ ਸਭ ਦਾ ਲੇਖਾ ਓਸ ਦੇ ਹੱਥਾ, ਜੋ ਸਮਰਥ ਧੁਰਦਰਗਾਹੀਆ । ਇਹ ਵਕਤ ਸੁਹੰਜਣਾ ਸਭ ਨੂੰ ਕੀਤਾ ਇਕੱਠਾ, ਇਕੋ ਦਰ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਰੰਗ ਇਕ ਰੰਗਾਈਆ । ਗੋਬਿੰਦ ਕਿਹਾ ਇਹ ਉਹ ਪੱਕਾ ਰਿਧਾ, ਰਿਧੀ ਸਿਧੀ ਰਹਿਣ ਕੋਇ ਨਾ ਪਾਈਆ । ਸਤਿਜੁਗ ਸਚ ਧਰਮ ਦੀ ਬਿਧਾ, ਰਿਸ਼ਤਾ ਇਕੋ ਇਕ ਦ੍ਰਿੜਾਈਆ । ਮਾਰਗ ਕਰ ਕੇ ਸਿੱਧਾ, ਆਤਮ ਪਰਮਾਤਮ ਰਾਹ ਚਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਧਾਰ ਇਕ ਬੰਧਾਈਆ । ਗੁਰ ਅਵਤਾਰ ਪੈਗ਼ੰਬਰੋ ਇਹ ਵਿਵਹਾਰ ਨਹੀਂ ਹੁੰਦਾ ਜਲਦੀ, ਚਾਰ ਜੁਗ ਨਾ ਕੋਇ ਵਡਿਆਈਆ । ਇਹ ਖੇਲ ਅਛਲ ਅਛੱਲ ਦੀ, ਹਰਿ ਕਰਤਾ ਆਪ ਕਰਾਈਆ । ਜਿਸ ਵੇਲੇ ਨੌ ਸੌ ਚੁਰਾਨਵੇ ਚੌਕੜੀ ਜੁਗ ਜਵਾਨੀ ਢਲਦੀ, ਕਲਜੁਗ ਅੰਤਮ ਫੇਰਾ ਪਾਈਆ । ਨੌ ਖੰਡ ਪ੍ਰਿਥਮੀ ਸੱਤ ਦੀਪ ਅੱਗ ਹੋਵੇ ਬਲਦੀ, ਬਿਨ ਪੁਰਖ ਅਕਾਲ ਨਾ ਕੋਇ ਬੁਝਾਈਆ । ਹੋਣੀ ਕ਼ਜ਼ਾ ਕਿਸੇ ਤੋਂ ਨਾ ਟਲਦੀ, ਨਾ ਕੋਈ ਮੇਟੇ ਮੇਟ ਮਿਟਾਈਆ । ਕਿਸੇ ਨੂੰ ਸਮਝ ਨਹੀਂ ਘੜੀ ਪਲ ਦੀ, ਪਲਕ ਦੇ ਅੰਦਰ ਕੀ ਕਰਾਈਆ । ਓਸ ਵੇਲੇ ਧਾਰ ਪ੍ਰਗਟੇ ਭਗਤਾਂ ਦੇ ਦਲ ਦੀ, ਦਲਿਦ੍ਰੀਆਂ ਦਲਿਦ੍ਰ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਸਮਗਰੀ ਇਕ ਉਪਜਾਈਆ । ਗੋਬਿੰਦ ਕਹੇ ਇਹ ਲੰਗਰ ਨਹੀਂ ਲਗ ਮਾਤਰ, ਲਗਨ ਇਕ ਲਗਾਈਆ । ਸਭ ਦਾ ਸੁਨੇਹੜਾ ਧੁਰ ਦਾ ਪਾਤਰ, ਪਤ੍ਰਕਾ ਵਿਚ ਲਿਖਾਈਆ । ਜਿਸ ਵੇਲੇ ਦੀਨ ਦੁਨੀ ਹੋਵੇ ਆਤਰ, ਅਦਲ ਇਨਸਾਫ਼ ਆਪ ਕਰਾਈਆ । ਓਸ ਵੇਲੇ ਪ੍ਰਭ ਭਗਤਾਂ ਕਰੇ ਖ਼ਾਤਰ, ਸੇਵਕ ਸੇਵਾਦਾਰ ਰੂਪ ਪ੍ਰਗਟਾਈਆ । ਕੋਝੇ ਕਮਲੇ ਬਣਾ ਕੇ ਚਾਤਰ, ਚਾਤਰਕ ਆਪਣੇ ਦਏ ਵਖਾਈਆ । ਮਨੂਆ ਮਨ ਕਰੇ ਸਾਂਤਕ, ਸਤਿ ਸਰੂਪ ਵਿਚ ਸਮਾਈਆ । ਕਲਜੁਗ ਕੂੜੀ ਬੁਝਾ ਕੇ ਆਤਸ਼, ਅੰਤਸ਼ਕਰਨ ਦਏ ਬਦਲਾਈਆ । ਜਿਨ੍ਹਾਂ ਦੇ ਪਿਛੇ ਜਾ ਕੇ ਆਵੇ ਵਾਪਸ, ਵਿਚ ਆਪਸ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਭੰਡਾਰ ਇਕ ਵਖਾਈਆ । ਜਨ ਭਗਤਾਂ ਲੰਗਰ ਮੇਲ ਘਿਰਤ ਘਿਓ, ਘਿਰਨਾ ਵਿਚ ਨਾ ਕੋਇ ਰਖਾਈਆ । ਗੁਰਮੁਖੋ ਪੁਰਖ ਅਕਾਲ ਤੁਹਾਡਾ ਇਕੋ ਸਾਂਝਾ ਪਿਓ, ਗੋਬਿੰਦ ਗੁਰ ਲਿਆ ਮਨਾਈਆ । ਸਚ ਪ੍ਰੀਤੀ ਓਸ ਨੂੰ ਦਿਓ, ਸੀਸ ਜਗਦੀਸ਼ ਭੇਟ ਕਰਾਈਆ । ਦੂਸਰ ਜਗਤ ਕਿਸੇ ਨਾ ਨਿਉਂ, ਇਸ਼ਟ ਅਵਰ ਨਾ ਕੋਇ ਰਖਾਈਆ । ਤੁਹਾਡੇ ਅੰਮ੍ਰਿਤ ਬਰਖੇ ਮਿਹੋਂ, ਮੇਘਲਾ ਇਕੋ ਧਾਰ ਬਰਸਾਈਆ । ਅੱਜ ਪੱਕਾ ਕਰ ਲਿਓ ਨਿਹੋਂ, ਅੱਗੇ ਨਾ ਕੋਇ ਤੁੜਾਈਆ । ਰਹਿਣਾ ਸਚਖੰਡ ਦਵਾਰੇ ਦੂਜਾ ਨਾ ਕੋਇ ਥਾਉਂ ਨਾ ਕੋਈ ਥਿਉਂ, ਦਵਾਰਾ ਦਰ ਨਾ ਕੋਇ ਵਡਿਆਈਆ । ਭਰਮ ਭੁਲੇਖੇ ਵਿਚ ਨਾ ਰਿਹੋ, ਰਹਿਬਰ ਬੇਪ੍ਰਵਾਹੀਆ । ਵਸਤ ਅਮੋਲਕ ਇਕ ਲਿਓ, ਜੋ ਦੋ ਜਹਾਨਾਂ ਪਾਰ ਕਰਾਈਆ । ਸਚ ਦਵਾਰੇ ਧੁਰ ਦੇ ਬਿਹੋ, ਦਰਗਾਹ ਸਾਚੀ ਵੱਜੇ ਵਧਾਈਆ । ਭੁੱਲਕੇ ਕਦੀ ਨਾ ਕਿਹੋ, ਕਿਉਂ ਕਾਮਲ ਮੁਰਸ਼ਦ ਵੇਖ ਵਖਾਈਆ । ਸਭ ਦੇ ਅੰਦਰ ਤੀਰ ਨਿਰਾਲਾ ਲਾਣਾ ਬਿਰਹੋਂ, ਵਿਛੋੜੇ ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪਿਆਰ ਦਾ ਸਾਂਝਾ ਘਿਰਤ, ਖੋਲ੍ਹਣਹਾਰਾ ਸੁਰਤ ਨਿਰਤ, ਦੋ ਜਹਾਨਾਂ ਆਵੇ ਫਿਰਤ, ਫਿਰਤ ਭਗਤਾਂ ਨਾਲ ਕਮਾਈਆ । ਪੰਜ ਚੇਤ ਕਹੇ ਜਨ ਭਗਤੋ ਦੂਜੀ ਚੁਲ੍ਹ ਕੋਈ ਨਾ ਰੋਟੀ, ਅੰਨ ਪਕਵਾਨ ਨਾ ਕੋਇ ਵਡਿਆਈਆ । ਜਿਨ੍ਹਾਂ ਦੇ ਅੰਦਰ ਵਾਸਨਾ ਖੋਟੀ, ਦੁਰਮਤ ਮੈਲ ਨਾ ਕੋਇ ਧੁਆਈਆ । ਜਿਨ੍ਹਾਂ ਰਸਨਾ ਲਾਈ ਬੋਟੀ, ਗੋਬਿੰਦ ਗੁਰੂ ਨਾ ਦਏ ਗਵਾਹੀਆ । ਓਹ ਰੋਂਦੇ ਕੋਟਨ ਕੋਟੀ, ਰਾਏ ਧਰਮ ਦਏ ਸਜ਼ਾਈਆ । ਨਾ ਸਨਿਆਸੀ ਨਾ ਉਹ ਜੋਗੀ, ਵੈਰਾਗੀ ਤਿਆਗੀ ਸਰਬ ਸਜਾਈਆ । ਸਹਾਰਾ ਮਿਲੇ ਨਾ ਲੋਕ ਪ੍ਰਲੋਕੀ, ਚਰਨ ਕਵਲ ਨਾ ਕੋਇ ਵਡਿਆਈਆ । ਕਿਸੇ ਕੰਮ ਨਾ ਆਵੇ ਪੜ੍ਹੀ ਪੋਥੀ, ਪੁਸਤਕ ਬਗ਼ਲਾਂ ਵਿਚ ਟਿਕਾਈਆ । ਜਿਨ੍ਹਾਂ ਨੇ

੩੩੨

ਪ੍ਰਭ ਦੀ ਮੰਜ਼ਲ ਸੋਚੀ, ਸੋਚ ਸਮਝ ਦਏ ਗਵਾਹੀਆ । ਉਨ੍ਹਾਂ ਦਾ ਵਿਚੋਲਾ ਬਣਦਾ ਦੇਖੋ ਰਵਦਾਸ ਚਮਾਰਾ ਮੋਚੀ, ਗੁਰਮੁਖ ਨਾਮ ਬਦਲਾਈਆ । ਜੋ ਸੁੱਕੀ ਖਾ ਕੇ ਰੋਟੀ, ਆਪਣਾ ਝਟ ਲੰਘਾਈਆ । ਹੁਣ ਭਗਤਾਂ ਦੇ ਭੰਡਾਰੇ ਭਰੌਣ ਲੱਗਾ ਕਿਸੇ ਦੀ ਖ਼ਾਲੀ ਹੋਵੇ ਤਨ ਨਾ ਕੋਠੀ, ਆਕ਼ਾ ਨਜ਼ਰ ਕੋਇ ਨਾ ਆਈਆ । ਲਓ ਇਕ ਅਕਾਲ ਦੀ ਓਟੀ, ਓੜਕ ਓਹੋ ਹੋਏ ਸਹਾਈਆ । ਅੰਨ ਖਾਧਿਆਂ ਮੰਜ਼ਲ ਚੜ੍ਹ ਗਏ ਚੋਟੀ, ਛਡ ਕੂੜ ਲੋਕਾਈਆ । ਦੂਜੀ ਚੁਲ੍ਹ ਸਦਾ ਥੋਥੀ, ਬਿਨਾ ਕਾਇਆ ਚੁਲ੍ਹ ਤੋਂ ਬਾਕੀ ਵਸਤ ਸਰਬ ਪਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰੰਗ ਰਿਹਾ ਵਖਾਈਆ । ਸਵਾ ਪੰਜ ਦਾ ਆਇਆ ਵਕਤ, ਪੰਜ ਚੇਤ ਦਏ ਵਡਿਆਈਆ । ਮੈਂ ਇਕੱਠੇ ਹੁੰਦੇ ਵੇਖੇ ਭਗਤ, ਭਗਵਾਨ ਮਿਲ ਮਿਲ ਵੱਜੀ ਵਧਾਈਆ । ਇਸ ਨੂੰ ਸਮਝੇ ਕੋਈ ਨਾ ਜਗਤ, ਜੀਵਨ ਜੁਗਤ ਨਾ ਕੋਇ ਦ੍ਰਿੜਾਈਆ । ਇਹ ਖੇਲ ਉਸ ਸ਼ਕਤ, ਜੋ ਸ਼ਖ਼ਸੀਅਤ ਸਭ ਦੀ ਦਏ ਬਦਲਾਈਆ । ਜਿਸ ਵੇਲੇ ਰਾਮ ਦੁਹਾਈ ਪਾਈ ਸੀ ਭਰਤ, ਬਾਹਵਾਂ ਸਖਣੀਆਂ ਸੰਗ ਉਠਾਈਆ । ਓਸ ਵੇਲੇ ਰਾਮ ਇੱਕੀ ਮਿੰਟ ਗਿਆ ਸੀ ਅਟਕ, ਰਾਮ ਰਾਮ ਵਿਚ ਧਿਆਨ ਲਗਾਈਆ । ਪੁਰਖ ਅਕਾਲ ਨੇ ਨਿਗਾਹ ਮਾਰੀ ਉਪਰ ਧਰਤ, ਅਯੁਧਿਆ ਵਾਸੀ ਦੇਣ ਦੁਹਾਈਆ । ਓਸ ਵੇਲੇ ਲਾਈ ਸ਼ਰਤ, ਹੁਕਮ ਹੁਕਮ ਵਿਚੋਂ ਸੁਣਾਈਆ । ਜਿਸ ਵੇਲੇ ਆਵਾਂ ਉਪਰ ਧਰਤ, ਆਪਣਾ ਵੇਸ ਵਟਾਈਆ । ਜਿਹੜੇ ਰਾਮ ਤੇਰੇ ਦਰਸ ਨੂੰ ਰਹੇ ਤਰਸ, ਤੇਰਾ ਰਾਮ ਹੋ ਕੇ ਉਨ੍ਹਾਂ ਲਵਾਂ ਮਿਲਾਈਆ । ਇਹ ਪੂਰਬ ਦਾ ਲੇਖਾ ਪਿਛਲਾ ਕਰਜ਼, ਕਰਜ਼ਾ ਦਿਤਾ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਧੁਰ ਦਾ ਵੇਖ ਵਖਾਈਆ । ਪੰਞੀ ਪੰਞੀ ਹੋਇਆ ਜੋੜ, ਜੋੜੀ ਧੁਰਦਰਗਾਹੀਆ । ਜਿਸ ਵੇਲੇ ਬੁੱਧ ਨੂੰ ਗਿਆਨ ਹੋਇਆ
੩੩੩ ਹੇਠਾਂ ਬੋਹੜ, ਪੀਪਲ ਪੀਤਲ ਰੂਪ ਵਖਾਈਆ । ਓਸ ਨੇ ਵੇਖਿਆ ਤੱਕ ਕੇ ਗ਼ੌਰ, ਬਿਨ ਅੱਖਾਂ ਅੱਖ ਉਠਾਈਆ । ਕਲਜੁਗ ਵੀਹਵੀਂ ਸਦੀ ਮਚਿਆ ਸ਼ੋਰ, ਚਾਰੋਂ ੩੩੩
ਕੁੰਟ ਦੁਹਾਈਆ । ਗੁਰ ਅਵਤਾਰ ਪੈਗ਼ੰਬਰ ਛੱਡਕੇ ਡੋਰ, ਪੱਲੂ ਆਪਣਾ ਗਏ ਛੁਡਾਈਆ । ਕਿਸੇ ਦੀ ਰਹੀ ਕਿਸੇ ਨਾ ਲੋੜ, ਆਸਾ ਪੂਰ ਨਾ ਕੋਇ ਕਰਾਈਆ । ਓਸ ਵੇਲੇ ਪੁਰਖ ਅਕਾਲਾ ਰਿਹਾ ਬਹੁੜ, ਨਿਰਗੁਣ ਨਿਰਵੈਰ ਦਇਆ ਕਮਾਈਆ । ਕਲਜੁਗ ਦਿਸੇ ਅੰਧੇਰਾ ਘੋਰ, ਚੰਦ ਨੂਰ ਨਾ ਕੋਇ ਰੁਸ਼ਨਾਈਆ । ਝਗੜਾ ਪਿਆ ਪੰਜ ਚੋਰ, ਗ੍ਰਿਹ ਮੰਦਰ ਰਹੇ ਲੁਟਾਈਆ । ਉਸ ਨੂੰ ਨਜ਼ਰੀ ਆਇਆ ਭਗਤਾਂ ਦੀ ਪ੍ਰਭ ਨੇ ਆਪਣੇ ਹੱਥ ਰੱਖੀ ਡੋਰ, ਸ਼ਬਦੀ ਤੰਦ ਬੰਧਾਈਆ । ਪੰਞੀ ਪੰਞੀ ਇਕ ਦੂਜੇ ਦੇ ਵਸਣ ਕੋਲ, ਪੰਞੀ ਪੰਞੀ ਜੋੜ ਜੁੜਾਈਆ । ਉਨ੍ਹਾਂ ਦੇ ਅੰਤਰ ਨਾਮ ਅਨਮੋਲ, ਤੂੰ ਮੇਰਾ ਮੈਂ ਤੇਰਾ ਦਿਤਾ ਟਿਕਾਈਆ । ਗਲਵਕੜੀ ਪਾ ਕੇ ਆਪਣਾ ਆਪ ਲੈਣਾ ਤੋਲ, ਤਰਾਜ਼ੂ ਨਜ਼ਰ ਕੋਇ ਨਾ ਆਈਆ । ਬੁੱਧ ਨੇ ਖੇਲ ਵੇਖਿਆ ਉਪਰ ਧੌਲ, ਬੀਸ ਬੀਸਾ ਧਿਆਨ ਲਗਾਈਆ । ਏਸੇ ਕਾਰਨ ਕਿਸੇ ਨਾਲ ਨਹੀਂ ਮਾਰਿਆ ਰੋਲ, ਲਹਿਣਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਵੇਖ ਵਖਾਈਆ । ਪੰਜ ਉਂਗਲੀਆਂ ਨੀਚੇ ਦੇਣ ਸ਼ਹਾਦਤ, ਸ਼ਬੇ ਰੋਜ਼ ਸ਼ਨਵਾਈਆ । ਉਹ ਗੁਰੂਆਂ ਦੀ ਇਬਾਦਤ, ਜਗਤ ਤੋਂ ਉਹਲੇ ਸੇਵ ਕਮਾਈਆ । ਏਸੇ ਵਿਚ ਪਰਮ ਪੁਰਖ ਕਰਦਾ ਰਿਹਾ ਸਖ਼ਾਵਤ, ਰਹਿਮਤ ਆਪ ਕਮਾਈਆ । ਬਖ਼ਸ਼ਦਾ ਰਿਹਾ ਨਾਮ ਅਮਾਨਤ, ਅਮਲਾਂ ਵਿਚ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪੰਜਾਂ ਉਂਗਲੀਆਂ ਦੇ ਅਗਲੇ ਪੋਟੇ ਪੁਰਖ ਅਕਾਲ ਦੇ ਦੀਨਾਂ ਮਜ਼੍ਹਬਾਂ ਵਾਲੇ ਟੋਟੇ, ਟੁਕੜਿਆਂ ਦੇ ਇਸ਼ਾਰੇ ਸ਼ਰਅ ਵਿਚ ਵਖਾਈਆ । ਕਿਉਂ ਪਾਲ ਸਿੰਘ ਨੇ ਡਾਹੀ ਅੱਗ, ਅਗਨੀ ਅੱਗ ਤਪਾਈਆ । ਇਹ ਮਰਯਾਦਾ ਜਗ, ਬਿਨਾ ਭਗਤ ਭਗਵਾਨ ਦੇ ਦੂਜਾ ਯੱਗ ਕੰਮ ਕਿਸੇ ਨਾ ਆਈਆ । ਭਾਵੇਂ ਕੋਟਨ ਕੋਟ ਸਾਧੂ ਲਓ ਸੱਦ, ਸਾਧਨਾ ਵਿਚ ਨਾ ਕੋਇ ਸਫ਼ਾਈਆ । ਜਿਹੜੇ ਆਪ ਮੰਜ਼ਲ ਚੜ੍ਹ ਨਾ ਸਕੇ ਅੱਧ, ਅਗਲਾ ਭੇਵ ਕੀ ਖੁਲ੍ਹਾਈਆ । ਜਿਨ੍ਹਾਂ ਸੂਰ ਗਾਂ ਖਾਧੀ

ਵੱਢ, ਮੱਛੀਆਂ ਮਾਸ ਵਟਾਈਆ । ਉਹ ਸ੍ਰੀ ਭਗਵਾਨ ਤੋਂ ਸਦਾ ਲਈ ਹੋ ਗਏ ਅੱਡ, ਰਾਏ ਧਰਮ ਦਏ ਸਜ਼ਾਈਆ । ਜਿਸ ਨੇ ਧਰਮ ਨਿਸ਼ਾਨਾ ਦੇਣਾ ਗੱਡ, ਸਤਿਜੁਗ ਸਾਚੀ ਧਾਰ ਪ੍ਰਗਟਾਈਆ । ਓਹ ਸਭ ਤੋਂ ਖੇਲ ਕਰੇ ਅਲਗ, ਵਖਰੀ ਨੀਤੀ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਰਾਹ ਇਕ ਸਮਝਾਈਆ । ਕਿਉਂ ਪਾਣੀ ਦਾ ਜਗ ਰੱਖਿਆ ਨੇੜੇ, ਸਵਾ ਸੇਰ ਭਰਾਈਆ । ਜਿਸ ਵੇਲੇ ਗੋਬਿੰਦ ਨੇ ਸਰਸਾ ਵਿਚ ਰੋੜ੍ਹੇ ਸੀ ਬੇੜੇ, ਤੁਲਹਾ ਹੱਥ ਨਾ ਕੋਇ ਰਖਾਈਆ । ਓਸ ਨੇ ਪੰਜ ਬੁੱਕ ਭਰੇ ਏਹੋ ਮੈਨੂੰ ਬਥੇਰੇ, ਤੋਲ ਸਵਾ ਸੇਰ ਵਖਾਈਆ । ਜਿਹੜੇ ਆ ਗਏ ਮੇਰੇ ਘੇਰੇ, ਉਨ੍ਹਾਂ ਨੂੰ ਤ੍ਰਿਖਾ ਰਹੇ ਨਾ ਰਾਈਆ । ਓਹੋ ਜਲ ਅੰਤ ਨਾਲ ਲੈ ਗਿਆ ਵਿਚ ਨਦੇੜੇ, ਗੋਦਾਵਰੀ ਵਿਚ ਸੁਟਾਈਆ । ਫਿਰ ਫੜ ਕੇ ਖੰਡਾ ਫੇਰੇ, ਦੋ ਜਹਾਨ ਦਏ ਹਿਲਾਈਆ । ਇਕੋ ਘਰ ਵਖਾ ਕੇ ਗੁਰੂ ਗੁਰ ਚੇਰੇ, ਚੇਲਾ ਗੁਰ ਵਡਿਆਈਆ । ਜਿਨ੍ਹਾਂ ਉਤੇ ਪੁਰਖ ਅਕਾਲ ਕਰੇ ਮਿਹਰੇ, ਮੇਰਾ ਅੰਮ੍ਰਿਤ ਉਨ੍ਹਾਂ ਅੰਦਰ ਦਏ ਟਿਕਾਈਆ । ਉਨ੍ਹਾਂ ਮਾਰਨਾ ਨਾ ਪਏ ਚੁਰਾਸੀ ਵਾਲਾ ਗੇੜੇ, ਜਮ ਕੀ ਫਾਸੀ ਦੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸੋ ਸਭ ਦੇ ਅੰਤਰ ਅੰਮ੍ਰਿਤ ਦਏ ਟਿਕਾਈਆ । ਕਿਉਂ ਰਾਖ ਮੁੱਠੀ ਦੱਬੀ, ਸਵਾਹ ਖ਼ਾਕ ਰੂਪ ਸਮਝਾਈਆ । ਇਹ ਖੇਲ ਇਲਾਹੀ ਰੱਬੀ, ਨੂਰੋ ਨੂਰ ਰੁਸ਼ਨਾਈਆ । ਜਿਸ ਦਾ ਭੇਵ ਦੱਸੇ ਕੋਈ ਨਾ ਗੱਦੀ, ਸਦੀਆਂ ਦਾ ਰਾਹ ਤਕਾਈਆ । ਪਰਦਿਆਂ ਵਿਚੋਂ ਕਿਸੇ ਨਾ ਲੱਭੀ, ਖੋਜਿਆਂ ਹੱਥ ਨਾ ਕੋਇ ਫੜਾਈਆ । ਜਿਸ ਵੇਲੇ ਗੋਬਿੰਦ ਪਾਰ ਕਰਨੀ ਸੀ ਸਰਸਾ ਨਦੀ, ਮੁੱਠੀ ਖ਼ਾਕ ਚਰਨ ਜੋੜੇ ਵਿਚ ਛੁਪਾਈਆ । ਉਤੋਂ ਜ਼ੋਰ ਨਾਲ ਦੱਬੀ ਅੱਡੀ, ਭਾਰ ਦਿਤਾ ਪਾਈਆ । ਜਿਸ ਵੇਲੇ ਆਵੇ ਵੀਹਵੀਂ

੩੩੪ ਸਦੀ, ਸਦਮਾ ਪਏ ਲੋਕਾਈਆ । ਹੰਸ ਬੁੱਧੀ ਹੋਈ ਕੱਗੀ, ਕਾਗ ਵਾਂਗ ਕੁਰਲਾਈਆ । ਚਾਰੋਂ ਕੁੰਟ ਲੱਗਣੀ ਅੱਗੀ, ਅੰਮ੍ਰਿਤ ਮੇਘ ਨਾ ਕੋਇ ਬਰਸਾਈਆ । ੩੩੪

ਓਸ ਵੇਲੇ ਪਰਮ ਪੁਰਖ ਦੀਨ ਦਿਆਲ ਜੋਤ ਇਕੋ ਜਗੀ, ਜਾਗਰਤ ਜੋਤ ਕਰੇ ਰੁਸ਼ਨਾਈਆ । ਚਾਰ ਵਰਨ ਅਠਾਰਾਂ ਬਰਨ ਪ੍ਰੇਮ ਵਿਚ ਜਾਏ ਬੱਝੀ, ਨਾਤਾ ਧਰਮ ਦਾ ਧਰਮ ਬਣਾਈਆ । ਹਰਿਸੰਗਤ ਸਚ ਪਕਵਾਨ ਵਾਸਤੇ ਜਾਏ ਸੱਦੀ, ਹੋਕਾ ਧੁਰ ਦਾ ਇਕ ਸੁਣਾਈਆ । ਜਿਹੜੀ ਮਨ ਕਲਪਣਾ ਕਿਸੇ ਦੁਆਰਿਉਂ ਨਹੀਂ ਰੱਜੀ, ਉਸ ਦੀ ਤ੍ਰਿਸ਼ਨਾ ਪੂਰ ਕਰਾਈਆ । ਖ਼ਾਕ ਕਹੇ ਮੈਂ ਲੁਕ ਕੇ ਵਿਚ ਡੱਬੀ, ਆਪਣਾ ਝਟ ਰਹੀ ਲੰਘਾਈਆ । ਮੈਨੂੰ ਸਾਰੇ ਕਹਿੰਦੇ ਰਹੇ ਵੱਡੀ, ਰਿਸ਼ਵਤ ਖੋਰ ਜਗਤ ਲੋਕਾਈਆ । ਜਿਸ ਵੇਲੇ ਮੈਂ ਧਾਰ ਵੇਖੀ ਬੱਗੀ, ਸਤਿ ਸਫ਼ੈਦੀ ਸੋਭਾ ਪਾਈਆ । ਮੈਂ ਕੁੱਦੀ ਨੱਚੀ ਟੱਪੀ, ਆਪਣੀ ਖ਼ੁਸ਼ੀ ਲਈ ਬਣਾਈਆ । ਗੋਬਿੰਦ ਨਾਲ ਕਰ ਕੇ ਪੱਕੀ, ਅਗਲੀ ਗੰਢ ਰਖਾਈਆ । ਓਸ ਕਥਾ ਕਹਾਣੀ ਦੱਸੀ, ਸਹਿਜ ਨਾਲ ਸਮਝਾਈਆ । ਜਿਸ ਵੇਲੇ ਸਤਿ ਧਰਮ ਦੀ ਧਾਰ ਦੋ ਜਹਾਨੋਂ ਨੱਸੀ, ਚਾਰੋਂ ਕੁੰਟ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਾਚਾ ਰੰਗ ਇਕ ਵਖਾਈਆ । ਸਵਾ ਗਜ਼ ਕੱਪੜਾ ਗੁਰ ਅਰਜਨ ਦੀ ਧਾਰ, ਰਾਵੀ ਕੰਢਾ ਦਏ ਦੁਹਾਈਆ । ਥੱਲੇ ਰੱਖੀ ਨਾ ਕੋਇ ਦੁਸ਼ਾਲ, ਮਿਰਗਸ਼ਾਲਾ ਨਾ ਕੋਇ ਵਡਿਆਈਆ । ਇਸ ਦੀ ਬਣ ਕੇ ਸੱਚੀ ਧਰਮਸਾਲ, ਬੈਠਾ ਧਿਆਨ ਲਗਾਈਆ । ਨਿਗਾਹ ਕਰ ਕੇ ਪਰੇ ਦੋ ਜਹਾਨ, ਪੁਰਖ ਅਕਾਲ ਵਿਚ ਸਮਾਈਆ । ਸਚ ਸੰਦੇਸ਼ਾ ਦੇ ਸ੍ਰੀ ਭਗਵਾਨ, ਹੁਕਮੀ ਹੁਕਮ ਦ੍ਰਿੜਾਈਆ । ਕਲਜੁਗ ਕੂੜਾ ਕੂੜ ਦਿਸੇ ਨਿਸ਼ਾਨ, ਚਾਰੋਂ ਕੁਟ ਦੁਹਾਈਆ । ਪੁਰਖ ਅਕਾਲਾ ਦੇਵੇ ਧੁਰ ਫ਼ਰਮਾਨ, ਨਾਮ ਸੰਦੇਸਾ ਇਕ ਸੁਣਾਈਆ । ਸਦੀ ਬੀਸਵੀਂ ਚਾਰੋਂ ਕੁੰਟ ਹੋਏ ਹੈਰਾਨ, ਹੈਰਾਨੀ ਸਭ ਦੇ ਅੰਦਰ ਆਈਆ । ਸੰਤ ਰਹੇ ਨਾ ਕੋਇ ਜਿਸ ਨੂੰ ਹੋਵੇ ਬ੍ਰਹਮ ਗਿਆਨ, ਜਗਤ ਵਿਦਿਆ ਵਿਚ ਵਡਿਆਈਆ । ਓਸ ਵੇਲੇ ਲੇਖਾ ਹੋਵੇ ਭਗਤ ਭਗਵਾਨ, ਭਗਵਨ ਭਗਤਾਂ ਮੇਲ ਮਿਲਾਈਆ । ਸਵਾ ਗਜ਼ ਦਾ ਦੇ ਕੇ ਇਕੱਠਾ ਦਾਨ, ਸਭ ਦੇ ਅੰਦਰੋਂ ਆਸਣ ਦਏ ਬਦਲਾਈਆ । ਉਨ੍ਹਾਂ ਨੂੰ ਲੱਭਣਾ

ਪਏ ਨਾ ਵਿਚੋਂ ਬੀਆਬਾਨ, ਕਾਇਆ ਮੰਦਰ ਕਰੇ ਰੁਸ਼ਨਾਈਆ । ਗੁਰ ਅਰਜਨ ਖ਼ੁਸ਼ੀ ਨਾਲ ਕਿਹਾ ਵਾਹ ਵਾਹ ਤੇਰੀ ਖੇਲ ਮਹਾਨ, ਬੇਅੰਤ ਤੇਰੀ ਬੇਪਰਵਾਹੀਆ । ਸੋ ਵੇਲਾ ਵਕ਼ਤ ਪਹੁੰਚਿਆ ਆਣ, ਸਵਾ ਗਜ਼ ਦਾ ਗਜ਼ ਸਵਾ ਸਵਾਰਥ ਸਭ ਦਾ ਪੂਰ ਕਰਾਈਆ । ਇਹ ਪੁਰਾਣੇ ਕਪੜੇ ਦੀ ਜੇਬ, ਜਿਸ ਨੂੰ ਜੇਬਕਤਰਾ ਨਾ ਕੋਇ ਚੁਰਾਈਆ । ਜਿਸ ਵੇਲੇ ਭੀਲਨੀ ਨਾਲ ਰਾਮ ਕੀਤਾ ਫ਼ਰੇਬ, ਚਰਨ ਧੋ ਕੇ ਖ਼ੁਸ਼ੀ ਬਣਾਈਆ । ਓਸ ਨੇ ਕਿਹਾ ਬੇਰ, ਰਾਮ ਨਾ ਕਿਹਾ ਸੇਬ, ਮੁਖ ਨਾਲ ਮੁਫ਼ਤ ਸਾਲਾਹੀਆ । ਭੀਲਣੀ ਕਿਹਾ ਕੁਛ ਲਿਖ ਦੇ ਉਤੇ ਕਤੇਬ, ਅੱਖਰਾਂ ਨਾਲ ਵਡਿਆਈਆ । ਰਾਮ ਕਿਹਾ ਭੀਲਨੀ ਭਗਤ ਭਗਵਾਨ ਦੀ ਖੇਲ ਜਾਣਦੇ ਨਹੀਂ ਚਾਰ ਵੇਦ, ਸ਼ਾਸਤਰਾਂ ਵਿਚੋਂ ਹੱਥ ਕਿਸੇ ਨਾ ਆਈਆ । ਇਹ ਲੱਭਦਾ ਨਹੀਂ ਭੇਵ, ਭਾਂਡਾ ਭਰਮ ਨਾ ਕੋਇ ਭੰਨਾਈਆ । ਜਿਸ ਦਾ ਨਿਸ਼ਾਨਾ ਇਕੋ ਸੇਧ, ਮੰਜ਼ਲ ਧੁਰਦਰਗਾਹੀਆ । ਉਹ ਆਪੇ ਖੇਲੇ ਆਪਣੀ ਖੇਡ, ਜੁਗ ਜੁਗ ਆਪਣਾ ਵੇਸ ਵਟਾਈਆ । ਕਲਜੁਗ ਅੰਤ ਜਿਸ ਵੇਲੇ ਭਗਤਾਂ ਦੇ ਪਕਵਾਨ ਦੀ ਬਣੌਣ ਦੇਗ, ਰਿੱਧਾ ਪੱਕਾ ਆਪ ਸੁਹਾਈਆ । ਓਸ ਵੇਲੇ ਗ਼ਰੀਬ ਨਿਮਾਣਿਆਂ ਦੀ ਆਪਣੇ ਨਾਮ ਨਾਲ ਭਰ ਦੇਵੇ ਜੇਬ, ਖ਼ਾਲੀ ਰਹਿਣ ਕੋਇ ਨਾ ਪਾਈਆ । ਸਚ ਭੰਡਾਰਾ ਧੁਰ ਦਰਗਾਹੋਂ ਦੇਵੇ ਭੇਜ, ਭਜਨ ਬੰਦਗੀ ਦਾ ਝਗੜਾ ਦੇਵੇ ਚੁਕਾਈਆ । ਕਮਲੀਏ ਅੰਦਰ ਵੜ ਕੇ ਦੇਵੇ ਜੋਤੀ ਤੇਜ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਸਦਾ ਆਤਮਾ ਦੀ ਮਾਣੇ ਸੇਜ, ਸਚ ਸਿੰਘਾਸਣ ਸੋਭਾ ਪਾਈਆ । ਭੀਲਣੀਏਂ ਇਹ ਪੁਰਾਣੀ ਇਸ ਕਰ ਕੇ ਰੱਖੀ ਸ਼ਾਇਦ ਕੋਈ ਗੁਰਸਿੱਖ ਭੁੱਲ ਕੇ ਇਹਨੂੰ ਨਾ ਆਵੇ ਵੇਚ, ਲਾਲਚ ਟੱਕਿਆਂ ਵਾਲਾ ਰਖਾਈਆ । ਕਿਉਂ ਕਲਜੁਗ ਨੇ ਅਮੀਰਾਂ ਗ਼ਰੀਬਾਂ ਨੂੰ ਧੋਖੇ ਫ਼ਰੇਬ ਦੀ ਪਾ ਦਿਤੀ ਗੇੜ, ਸ਼ਾਹ ਕੰਗਾਲ ਬਚਿਆ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ
੩੩੫ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਲੇਖਾ ਸਭ ਦਾ ਰਿਹਾ ਮੁਕਾਈਆ । ਪਾਟੀ ਪੁਰਾਣੀ ਪਗੜੀ ਕਹੇ ਓ ਬਾਵਨ, ਬਲ ਦੁਆਰੇ ਧਿਆਨ ਲਗਾਈਆ । ਤੇਰਾ ੩੩੫
ਬਣਿਆ ਕੋਈ ਨਾ ਜ਼ਾਮਨ, ਜ਼ੁਮੇਵਾਰੀ ਨਾ ਕੋਇ ਰਖਾਈਆ । ਜਗਤ ਤ੍ਰਿਸ਼ਨਾ ਕੂੜੀ ਕਾਮਨ, ਕਾਮਨਾ ਕੂੜ ਲੋਕਾਈਆ । ਪ੍ਰਭ ਦਾ ਖੇਲ ਆਹਮਣੇ ਸਾਹਮਣ, ਸਮਾਂ ਸਮੇਂ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਦਏ ਖੁਲ੍ਹਾਈਆ । ਪਗੜੀ ਕਹੇ ਮੈਨੂੰ ਬਾਹਮਣ ਬਾਵਨ ਆਇਆ ਬੰਨ੍ਹ ਕੇ, ਵੇਸ ਗ਼ਰੀਬਾਂ ਵਾਲਾ ਵਟਾਈਆ । ਇਕ ਈਨ ਆਇਆ ਮੰਨ ਕੇ, ਹੁਕਮ ਧੁਰਦਰਗਾਹੀਆ । ਪੈਂਡਾ ਮਾਰਿਆ ਚਲ ਕੇ, ਭੱਜਿਆ ਵਾਹੋ ਦਾਹੀਆ । ਇਕ ਆਵਾਜ਼ ਆਈ ਖਲ ਕੇ, ਤੂੰ ਮੇਰਾ ਮੈਂ ਤੇਰਾ ਢੋਲਾ ਦਿਤਾ ਗਾਈਆ । ਫੇਰ ਦਵਾਰਾ ਬਹਿ ਗਿਆ ਮੱਲ ਕੇ, ਆਪਣੀ ਸੁਰਤ ਰਹੀ ਨਾ ਰਾਈਆ । ਢਾਈ ਕਰਮਾਂ ਵਿਚ ਛਲ ਕੇ, ਮਾਣ ਦਿੱਤਾ ਮਿਟਾਈਆ । ਓਸ ਵੇਲੇ ਬਲ ਨੇ ਆਪਣੀ ਪਗੜੀ ਉਤੇ ਧਰ ਕੇ, ਧਰਨੀ ਦਾਨ ਕਰਾਈਆ । ਅੱਗੋਂ ਬਾਵਨ ਕਿਹਾ ਹੱਸ ਕੇ, ਬਲ ਖ਼ਾਲੀ ਹੱਥ ਦੇ ਵਖਾਈਆ । ਉਹ ਆਇਆ ਕੋਲ ਨੱਸ ਕੇ, ਨੇਤਰ ਨੈਣਾਂ ਨੀਰ ਵਹਾਈਆ । ਕੁਛ ਮੈਨੂੰ ਜਾ ਦੱਸ ਕੇ, ਕੀ ਵੇਸ ਲਿਆ ਵਟਾਈਆ । ਬਾਵਨ ਕਿਹਾ ਫਿਰ ਵੇਖ ਅੱਖ ਪੱਟ ਕੇ, ਹੁਕਮ ਦਿਤਾ ਜਣਾਈਆ । ਜਾਂ ਅੱਖ ਪੱਟੀ ਤੇ ਵੇਖੇ ਖੇਲ ਓਸ ਸਮਰਥ ਦੇ, ਜੋ ਹਰ ਘਟ ਰਿਹਾ ਸਮਾਈਆ । ਫਿਰ ਕਿਹਾ ਕੁਛ ਦਾਨ ਭਗਤ ਦੀ ਝੋਲੀ ਘੱਤ ਦੇ, ਮੇਰੀ ਤੇਰੇ ਅੱਗੇ ਅਰਜ਼ੋਈਆ । ਬਾਵਨ ਕਿਹਾ ਤੁਸੀਂ ਭਗਤ ਪ੍ਰਭੂ ਦੇ ਸਚ ਦੇ, ਆਹ ਪਾਟੀ ਪਗੜੀ ਤੇਰੇ ਸਿਰ ਟਿਕਾਈਆ । ਜੇ ਤੂੰ ਨਹੀਂ ਸਾਂਭਣੀ ਫਿਰ ਰਵਦਾਸ ਦੇ ਹੱਥ ਦੇ, ਜੋ ਚਮਰੇਟਾ ਧੁਰ ਦਾ ਨਜ਼ਰੀ ਆਈਆ । ਚਮਰੇਟੇ ਕੋਲੋਂ ਜਾਣੀ ਕੋਲ ਓਸ ਜੱਟ ਦੇ, ਜੋ ਜਟਾ ਜੂਟ ਸਾਰੇ ਦਏ ਵਿਕਾਈਆ । ਜਿਸ ਨੇ ਭੰਡਾਰੇ ਖੋਲ੍ਹਣੇ ਧੁਰ ਦੇ ਹੱਟ ਦੇ, ਹਟਵਾਣਾ ਰਹਿਣ ਕੋਇ ਨਾ ਪਾਈਆ । ਓਸ ਦੇ ਭਗਤ ਪ੍ਰੇਮ ਵਿਚ ਹੋਣੇ ਸਚ ਦੇ, ਗੁਰਮੁਖ ਗੁਰਸਿਖ ਸੋਭਾ ਪਾਈਆ । ਪਾਟੀਆਂ ਲੀਰਾਂ ਇਹ ਤੰਦ ਓਸ ਪੱਟ ਦੇ, ਜੋ ਭਗਤ ਭਗਵਾਨ ਦੀ ਧਾਰ ਵਿਚੋਂ ਖਿਚਾਈਆ । ਏਹੋ ਜਿਹੇ ਬਸਤਰ ਸੰਸਾਰ ਵਿਚ ਕਿਤੇ

੩੩੬

ਨਹੀਂ ਲੱਭਦੇ, ਖੋਜ ਖੋਜ ਥੱਕੀ ਲੋਕਾਈਆ । ਇਹੋ ਖੇਲ ਪੁਰਖ ਸਮਰਥ ਦੇ, ਜੁਗ ਜਨਮ ਦੇ ਲਹਿਣੇ ਰਿਹਾ ਮੁਕਾਈਆ । ਲੰਗਰ ਪਕੌਣ ਲੱਗਿਆਂ ਕਿਸੇ ਗਲ ਨਾ ਹੋਵੇ ਹੋਰ ਕੋਟੀ, ਕੋਟੀ ਨਹੀਂ ਕੋਟ ਜਨਮ ਦਾ ਧਿਆਨ ਲਗਾਈਆ । ਜਿਸ ਤਰਅ ਤਨ ਦਾ ਇਕੋ ਬਸਤਰ ਤੇ ਇਕੋ ਪਕਵਾਨ ਤੇ ਪ੍ਰੇਮ ਦੀ ਰੋਟੀ, ਰੱਟਾ ਜਗਤ ਨਾ ਕੋਇ ਵਖਾਈਆ । ਕ਼ਮੀਜ਼ ਨਾਲੋਂ ਇਹ ਹੁੰਦੀ ਸਦਾ ਉਤੇ ਛੋਟੀ, ਛੋਟੀ ਨਹੀਂ ਛੋਟਿਆਂ ਤੋਂ ਵੱਡੇ ਦੇਣਾ ਬਣਾਈਆ । ਇਹ ਵਿਚਾਰ ਫ਼ਰੀਦ ਨੇ ਸੀ ਸੋਚੀ, ਜਿਸ ਵੇਲੇ ਰੋਟੀ ਕਾਠ ਖਾ ਕੇ ਸ਼ੁਕਰ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪੜਦਾ ਉਹਲਾ ਰਿਹਾ ਉਠਾਈਆ । ਜਿਸ ਵੇਲੇ ਸੀਤਾ ਰਾਮ ਦਾ ਹੁੰਦਾ ਸੀ ਵਿਆਹ, ਚਿੱਲਾ ਧਨੁਸ਼ ਤੀਰ ਚਲਾਈਆ । ਓਸ ਵੇਲੇ ਮਹਾਂਰਿਸ਼ੀ ਮਲ ਕੇ ਆਏ ਸੁਆਹ, ਤਨ ਭਬੂਤ ਰਮਾਈਆ । ਇਕੱਠਿਆਂ ਕੀਤੀ ਸਲਾਹ, ਆਪਣੀ ਆਸ ਦ੍ਰਿੜਾਈਆ । ਜੇ ਕੋਈ ਕੁਛ ਸਾਨੂੰ ਦਏ ਖੁਵਾ, ਆਸਾ ਤ੍ਰਿਪਤ ਕਰਾਈਆ । ਓਧਰੋਂ ਸੀਤਾ ਦੀ ਸਹੇਲੀ ਗਈ ਆ, ਨੰਚਣੀ ਜਿਸ ਦਾ ਨਾਮ ਸੁਣਾਈਆ । ਓਹਨੇ ਹੱਸ ਕੇ ਕਿਹਾ ਤੁਹਾਡੇ ਮੁਖ ਮਿੱਠਾ ਦੇਵਾਂ ਪਾ, ਖ਼ੁਸ਼ੀ ਦਿਆਂ ਬਣਾਈਆ । ਉਨ੍ਹਾਂ ਨੈਣ ਲਏ ਉਠਾ, ਅੱਖ ਇਕੋ ਵਾਰ ਟਿਕਾਈਆ । ਉਧਰੋਂ ਤੇਜ਼ ਆਈ ਹਵਾ, ਓਢਣ ਦਿਤਾ ਉਡਾਈਆ । ਬਿਖੜੇ ਵਾਲ ਹਵਾ ਨੇ ਦਿਤੇ ਫੈਲਾ, ਇਧਰ ਓਧਰ ਭੱਜਣ ਵਾਹੋ ਦਾਹੀਆ । ਓਧਰੋ ਜਨਕ ਗਿਆ ਆ, ਰਾਜ ਮੰਤਰੀ ਪੰਜ ਨਾਲ ਸਲਾਹੀਆ । ਸਭ ਦੇ ਨੈਣ ਗਏ ਸ਼ਰਮਾ, ਸਾਧੂ ਸਿਰ ਨਾ ਕੋਇ ਉਠਾਈਆ । ਕੀ ਖਾਣਾ ਖਾਓ ਗ਼ਿਜ਼ਾ, ਮੈਨੂੰ ਦਿਓ ਸਮਝਾਈਆ । ਓਸ ਸਹੇਲੀ ਕਿਹਾ ਰਾਜਨ ਇਨ੍ਹਾਂ ਨੂੰ ਹੋਇਆ ਸ਼ੁਦਾ, ਬਦੀ ਲਈ ਬਦਲਾਈਆ । ਮੇਰੇ ਵਾਲ ਖੁਲ੍ਹੇ ਵੇਖ ਕੇ ਹੰਸੀ ਦਿਤੀ ਉਡਾ, ਤਾਲੀ ਦਿਤੀ ਵਜਾਈਆ । ਮੇਰੇ ਨੈਣ ਦਿਤੇ ਰਵਾ, ਹੰਝੂਆਂ ਧਾਰ ਵਹਾਈਆ । ਜਨਕ ਕਿਹਾ ਇਹਨਾ ਦਾ ਏਹੋ ਜਿਹਾ ਸੁਭਾ, ਕੀ ਸਜ਼ਾ ਦੇਵਾਂ ਭੁਗਤਾਈਆ । ਮੈਨੂੰ ਐਂ ਦਿਸਦਾ ਜਿਸ ਵੇਲੇ ਕਲਜੁਗ ਅੰਤ ਅਖ਼ੀਰੀ ਗਿਆ ਆ, ਚਾਰੋਂ ਕੁੰਟ ਅੰਧੇਰਾ ਛਾਈਆ । ਜਗਤ ਸੰਤ ਸਾਰੇ ਹੋਣ ਰਫ਼ਾ, ਰਫ਼ਾਕਤ ਸਚ ਨਾ ਕੋਇ ਕਮਾਈਆ । ਕਲਜੁਗ ਕੂੜੀ ਕਿਰਿਆ ਇਹਨਾਂ ਨੂੰ ਤੂੰ ਖੁਲ੍ਹਾ ਝਾਟਾ ਦੇ ਵਖਾ, ਬਾਟਾ ਹੱਥ ਨਾ ਕੋਇ ਫੜਾਈਆ । ਓਸ ਵੇਲੇ ਕਿਰਪਾ ਕਰੇ ਬੇਪ੍ਰਵਾਹ, ਨਿਰਗੁਣ ਆਪਣੀ ਦਇਆ ਕਮਾਈਆ । ਸਾਚੇ ਭਗਤਾਂ ਲਏ ਮਿਲਾ, ਮੇਲਾ ਹਰਿ ਜਗਦੀਸ਼ ਕਰਾਈਆ । ਸਤਿਜੁਗ ਦੀ ਸਾਚੀ ਮਰਿਯਾਦਾ ਲਏ ਚਲਾ, ਤਰੇਤਾ ਦੁਆਪਰ ਕਲਜੁਗ ਪੈਂਡਾ ਦਏ ਮੁਕਾਈਆ । ਸਾਚਾ ਪਕਵਾਨ ਲਏ ਪਕਾ, ਪੱਕੀ ਸਭ ਨੂੰ ਦਏ ਕਰਾਈਆ । ਪ੍ਰਭ ਨੂੰ ਮਿਲਿਆਂ ਰੰਡੀਆਂ ਤੋਂ ਦੁਹਾਗਣ ਰੂਪ ਨਾ ਲਏ ਵਟਾ, ਬਿਨਾ ਦੁਹਾਗਣਾਂ ਤੋਂ ਖੁਲ੍ਹਾ ਸਿਰ ਨਜ਼ਰ ਕਿਸੇ ਨਾ ਆਈਆ । ਏਸੇ ਕਾਰਨ ਇਹ ਹੁਕਮ ਦਿਤਾ ਵਰਤਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਪਿਛਲਾ ਲੇਖਾ ਸਭ ਦਾ ਪੂਰ ਕਰਾਈਆ । ਜਿਸ ਨੇ ਜੀਵਾਂ ਦਾ ਖਾਧਾ ਹੋਵੇ ਮਾਸ, ਰਸਨਾ ਰਸ ਵਖਾਈਆ । ਉਹ ਭਗਤਾਂ ਦੀ ਪੂਰੀ ਕਰ ਨਾ ਸਕੇ ਆਸ, ਜਿਸ ਦੀ ਆਸ਼ਾ ਮਨ ਵਿਚ ਹਲਕਾਈਆ । ਜੁਗ ਜੁਗ ਜਨ ਭਗਤਾਂ ਦੀ ਭਗਵਨ ਕਰੇ ਤਲਾਸ਼, ਲੱਖ ਚੁਰਾਸੀ ਵਿਚੋਂ ਖੋਜ ਖੁਜਾਈਆ । ਉਨ੍ਹਾਂ ਨੂੰ ਜਨਮ ਤੋਂ ਪਹਿਲੋਂ ਦੀ ਮਿਲੀ ਸ਼ਾਬਾਸ਼, ਜੋ ਰਸਨਾ ਜੇਹਵਾ ਮੁਖ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਖਿਆਤ, ਸਾਹਿਬ ਸਵਾਮੀ ਦਇਆ ਕਮਾਈਆ । ਢਾਈ ਗਜ਼ ਲੰਮੀ ਕੋਰੀ ਧੋਤੀ, ਧੋਬੀ ਖੁੰਬ ਨਾ ਕੋਇ ਚੜ੍ਹਾਈਆ । ਇਹ ਰਾਧਾ ਦੀ ਆਸਾ ਲੋਚੀ, ਕ੍ਰਿਸ਼ਨ ਓਢਣ ਦਿਤਾ ਟਿਕਾਈਆ । ਇਕ ਦਿਨ ਵੇਖ ਕੇ ਚਮਕਦੀ ਜੋਤੀ, ਉਤੇ ਪੜਦਾ ਦਿਤਾ ਪਾਈਆ । ਆਪ ਆਪਣੀ ਉਂਗਲ ਰੱਖ ਕੇ ਉਤੇ ਠੋਡੀ, ਸੋਚ ਸੋਚਾਂ ਵਿਚ ਡੁਬਾਈਆ । ਕੀ ਮੈਂ ਹੋ ਗਈ ਇਹਦੇ ਜੋਗੀ, ਜੋਗਣਾਂ ਵਾਲਾ ਵੇਸ ਵਟਾਈਆ । ਕੀ ਇਹ ਰਸੀਆ ਕੀ ਇਹ ਭੋਗੀ, ਕੀ ਇਹ ਅਨਰਸ ਵਿਚ ਸਮਾਈਆ । ਕੀ ਇਹ ਸੰਜੋਗੀ ਕੀ ਇਹ ਵਿਜੋਗੀ, ਕੀ ਇਹ ਨਾਥ ਤ੍ਰੈਲੋਕੀ, ਕੀ ਸਲੋਕੀ ਰਿਹਾ ਗਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦਾ ਰਿਹਾ ਖੁਲ੍ਹਾਈਆ । ਧੋਤੀ ਕਹੇ ਮੈਂ ਸਾਫ਼ ਸੁਥਰੀ ਕੋਰੀ, ਕੋਰਾਪਨ ਦਿਆਂ ਸਮਝਾਈਆ । ਰਾਧਾ ਬਾਂਕੀ ਨੱਢੀ ਛੋਹਰੀ, ਸ਼ੌਹਰ ਆਪਣਾ ਵੇਖ ਵਖਾਈਆ । ਮੈਂ ਬਣ ਕੇ ਡੂੰਘੀ ਘੋਰੀ, ਘੋਰ ਅੰਧੇਰਾ ਰਾਹ ਤਕਾਈਆ । ਜਾਂ ਤੱਕਿਆ ਪ੍ਰਭ ਸਭ ਦੇ ਅੰਦਰ ਵੜਿਆ ਚੋਰੀ ਚੋਰੀ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੈਂ ਕੀਤੀ ਬਹੁੜੀ ਬਹੁੜੀ, ਦਿਤੀ ਹੱਕ ਦੁਹਾਈਆ । ਮੈਨੂੰ ਆਵਾਜ਼ ਆਈ ਓਸ ਸਮਝ ਵਿਚ ਕੁਛ ਅਗਲੀ ਗੱਲ ਔੜੀ, ਪੜਦਾ ਦਿਤਾ ਉਠਾਈਆ । ਓਹ ਵੇਖ ਕਲਜੁਗ ਚੌਧਵੀਂ ਸਦੀ ਆਈ ਦੌੜੀ, ਮੁਹੰਮਦ ਦਏ ਗਵਾਹੀਆ । ਚਾਰੋਂ ਕੁੰਟ ਉਮਤ ਵੇਲ ਹੋਣੀ ਕੌੜੀ, ਅੰਮ੍ਰਿਤ ਰਸ ਨਾ ਕੋਇ ਭਰਾਈਆ । ਤੇਰੇ ਤੰਦ ਤੰਦ ਦੀ ਡੋਰੀ, ਡੌਰੂ ਸਭ ਦਾ ਦਏ ਵਜਾਈਆ । ਓਸ ਵੇਲੇ ਇਕ ਪੁਰਖ ਅਕਾਲਾ ਦੀਨ ਦਿਆਲਾ ਸ਼ਬਦ ਅਗੰਮੇ ਚੜ੍ਹਨਾ ਘੋੜੀ, ਅਸਵ ਆਸਨ ਨਜ਼ਰ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਪਿਛਲਾ ਲੇਖਾ ਵੇਖ ਵਖਾਈਆ । ਦੀਪਕ ਕਹੇ ਮੈਂ ਜਗਦਾ ਚਿਰਾਗ਼, ਚਰਾਗਾਹਾਂ ਵਿਚ ਰੁਸ਼ਨਾਈਆ । ਬਿਨਾ ਭਗਤਾਂ ਤੋਂ ਰਿਹਾ ਕੋਈ ਨਾ ਜਾਗ, ਸੁੱਤੀ ਜਗਤ ਲੋਕਾਈਆ । ਅਬਿਨਾਸ਼ੀ ਕਰਤਾ ਬਦਲ ਰਿਹਾ ਸਮਾਜ, ਸਮਗਰੀ ਮੇਰੇ ਵਿਚ ਟਿਕਾਈਆ । ਮੈਨੂੰ ਖ਼ੁਸ਼ੀ ਹੋਈ ਆਜ, ਆਪਣਾ ਰੂਪ ਬਦਲਾਈਆ । ਸਤਿ ਧਰਮ ਦਾ ਸਚ ਰਿਵਾਜ, ਰਵਾਦਾਰ ਨਾ ਕੋਇ ਬਣਾਈਆ । ਜਨ ਭਗਤੇ ਆਪਣੇ ਕਾਇਆ ਮੰਦਰ ਸਾਚਾ ਨੂਰ ਵੇਖਿਓ ਪ੍ਰਕਾਸ਼, ਜੋਤੀ ਜੋਤ ਡਗਮਗਾਈਆ । ਪਰਮ ਪੁਰਖ ਤੇ ਕਰਨਾ ਇਕ ਵਿਸ਼ਵਾਸ, ਵਿਸ਼ਾ ਇਕੋ ਇਕ ਸਮਝਾਈਆ । ਦੀਪਕ ਕਹੇ ਮੇਰੀ ਜੁਗਾਂ ਜੁਗਾਂ ਦੀ ਪੂਰੀ ਕਰ ਕੇ ਆਸ, ਭਗਤਾਂ ਨਾਲ ਦਿਤੀ ਵਡਿਆਈਆ । ਮੈਂ ਜਾ ਕੇ ਸਭ ਨੂੰ ਕੀਤਾ ਤਲਾਸ਼,
੩੩੭ ਬਾਹਰੋਂ ਅੰਦਰ ਵੇਖ ਵਖਾਈਆ । ਭਗਤ ਭਗਵਾਨ ਇਕ ਦੂਜੇ ਦੇ ਦਾਸ, ਸੇਵਕ ਵਿਚ ਸੇਵਕ ਸੇਵਾ ਸਚ ਸਚ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੩੩੭
ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸਾਢੇ ਤਿੰਨ ਹੱਥ ਦੀ ਵਿੰਗੀ ਟੇਢੀ ਸੋਟੀ, ਸੁਤਿਆਂ ਰਹੀ ਉਠਾਈਆ । ਜਿਸ ਵਿਚ ਫਸੇ ਦੀਨ ਦੁਨੀ ਲੋਕੀ, ਅਲੋਕਕ ਭੇਵ ਨਾ ਕੋਇ ਖੁਲ੍ਹਾਈਆ । ਸਮਝ ਨਾ ਆਏ ਅਗੰਮੀ ਪੋਥੀ, ਨਾਦੀ ਧੁਨ ਨਾ ਕੋਇ ਸ਼ਨਵਾਈਆ । ਮਨ ਬੁੱਧੀ ਹੋਈ ਥੋਥੀ, ਬਬੇਕੀ ਰੂਪ ਨਾ ਕੋਇ ਵਟਾਈਆ । ਮੰਜ਼ਲ ਚੜ੍ਹਿਆ ਕੋਇ ਨਾ ਚੋਟੀ, ਅੱਧਵਿਚਕਾਰੇ ਡੇਰਾ ਲਾਈਆ । ਧੁਰ ਦੀ ਸੋਚ ਕਿਸੇ ਨਾ ਸੋਚੀ, ਸਮਝ ਸਮਝ ਨਾ ਕੋਇ ਬਦਲਾਈਆ । ਇਹ ਖੇਲ ਖੇਲਣੀ ਨਾਲ ਰਵਦਾਸ ਚਮਾਰੇ ਮੋਚੀ, ਨਿਰਗੁਣ ਆਪਣੀ ਕਾਰ ਕਮਾਈਆ । ਇਕ ਦਿਨ ਅੰਦਰੋਂ ਬੁਝਾ ਕੇ ਜੋਤੀ, ਅੰਧ ਅੰਧੇਰਾ ਦਿਤਾ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਖੇਲ ਇਕ ਪ੍ਰਗਟਾਈਆ । ਰਵਦਾਸ ਵੇਖੇ ਚਾਰ ਚੁਫੇਰਾ, ਚਾਰੋਂ ਕੁੰਟ ਧਿਆਨ ਲਗਾਈਆ । ਜਿਧਰ ਤੱਕੇ ਉਧਰ ਅੰਧੇਰਾ, ਸੁਖਮਨ ਟੇਢੀ ਬੰਕ ਰਹੀ ਕੁਰਲਾਈਆ । ਕੋਈ ਨਾ ਬੰਨ੍ਹੇ ਬੇੜਾ, ਪਾਰ ਕਿਨਾਰਾ ਨਾ ਕੋਇ ਸਮਝਾਈਆ । ਅੰਦਰ ਕੂੜਾ ਮੱਚ ਗਿਆ ਝੇੜਾ, ਪਲਕ ਪਲਕ ਲੜਾਈਆ । ਓਸ ਜ਼ੋਰ ਲਾਇਆ ਬਥੇਰਾ, ਨੂਰ ਨਜ਼ਰ ਕੋਇ ਨਾ ਆਈਆ । ਫੇਰ ਰੋ ਕੇ ਕਿਹਾ ਪ੍ਰਭੂ ਤੂੰ ਮੇਰਾ ਮੈਂ ਤੇਰਾ, ਦੂਜਾ ਝਗੜਾ ਦਿਤਾ ਮੁਕਾਈਆ । ਭਗਤਾਂ ਨਾਲ ਟੇਢੀ ਬੰਕ ਦਾ ਕਦੀ ਨਾ ਕਰੀਂ ਬਖੇੜਾ, ਇਸ ਦੇ ਵਿਚ ਭੁਆਈਆ । ਇਸ ਤੋਂ ਅੱਗੇ ਦੁਆਰਾ ਤੇਰਾ, ਬਿਨਾ ਤੁਧ ਦੂਜਾ ਨਜ਼ਰ ਕੋਇ ਨਾ ਆਈਆ । ਅੱਜ ਤੋਂ ਇਹ ਵੀ ਛੁਟ ਗਿਆ ਖਹਿੜਾ, ਪੈਂਡਾ ਦਿਤਾ ਮੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਿੰਗੇ ਟੇਡੇ ਰਸਤੇ ਰਾਹ, ਪੁਰਖ ਅਬਿਨਾਸ਼ੀ ਬਣ ਮਲਾਹ, ਸ਼ਬਦੀ ਸਤਿਗੁਰ ਦੇ ਸਲਾਹ, ਸਿੱਧੇ ਇਕੇ ਵਾਰ ਕਰਾਈਆ । ਸਭ ਨੇ ਬਸਤਰ ਪਹਿਨਣੇ ਚਿੱਟੇ, ਚਿੱਟੀ ਧਾਰ ਸਮਾਈਆ । ਕਿਸੇ ਨੇ ਪੂਜਣੇ ਨਹੀਂ ਪੱਥਰ ਵੱਟੇ, ਇੱਟਾਂ ਸੀਸ ਨਿਵਾਈਆ । ਕਿਸੇ ਚੜੌਣੇ ਨਹੀਂ ਟਕੇ, ਭੇਟਾ ਵਿਚ ਵਡਿਆਈਆ । ਤੁਹਾਡੀ ਆਤਮਾ ਪਰਮਾਤਮਾ ਦੇ ਨਾਤੇ ਸਕੇ,

ਸੱਜਣ ਇਕੋ ਦਿਤਾ ਸਮਝਾਈਆ । ਬਾਕੀ ਚੁੱਕ ਗਏ ਦੀਨ ਦੁਨੀ ਦੇ ਰੱਟੇ, ਰੱਟਣ ਇਕੋ ਲੈਣੀ ਲਗਾਈਆ । ਮਾਣਕ ਹੋ ਕੇ ਰੁਲਣਾ ਨਹੀਂ ਵਿਚ ਘੱਟੇ, ਮਾਟੀ ਖ਼ਾਕ ਸੀਸ ਪੁਆਈਆ । ਜਨ ਭਗਤੋ ਤੁਸੀਂ ਓਸ ਦਵਾਰੇ ਵਸੇ, ਜਿਥੇ ਵਸੇ ਧੁਰਦਰਗਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲਹਿਣਾ ਦੇਣਾ ਚੁਕਾਵੇ ਹੱਕੇ, ਹਕੀਕ਼ਤ ਦਾ ਮਾਲਕ ਖ਼ਲਕ ਦਾ ਖ਼ਾਲਕ ਇਕੋ ਬੇਪ੍ਰਵਾਹੀਆ । ਜਨ ਭਗਤਾਂ ਮੌਲੀ ਤੰਦ ਬੱਧਾ ਖੱਬੇ ਗਿਟੇ, ਮੁਹੰਮਦ ਖ਼ੁਸ਼ੀ ਮਨਾਈਆ । ਚੌਦਾਂ ਤਬਕ ਦੁਹੱਥੜ ਮਾਰ ਕੇ ਪਿੱਟੇ, ਦਰੋਹੀ ਦਰੋਹੀ ਨੂਰ ਖ਼ੁਦਾਈਆ । ਸਾਨੂੰ ਕਿਹੜੇ ਖਾਤੇ ਸੁੱਟੇਂ, ਜਗਹ ਦੇ ਸਮਝਾਈਆ । ਸਾਡੇ ਦਵਾਰੇ ਜਾਣੇ ਲੁੱਟੇ, ਮੱਚੇ ਲੁੱਟ ਲੋਕਾਈਆ । ਭਗਤ ਭਗਵਾਨ ਦੀ ਧਾਰੋਂ ਫੁੱਟੇ, ਜੋਤੀ ਜੋਤ ਡਗਮਗਾਈਆ । ਓਸੇ ਦੇ ਕਲਮੇ ਵਿਚ ਜੁਟੇ, ਗੁਰ ਅਵਤਾਰ ਪੈਗ਼ੰਬਰਾਂ ਦੀ ਛਡ ਗਏ ਪੜ੍ਹਾਈਆ । ਸਾਡੇ ਕਿਸੇ ਕੰਮ ਨਹੀਂ ਔਣੇ ਕੀਤੇ ਗ਼ੁੱਸੇ, ਤਾਅਨੇ ਨਾਲ ਸੁਣਾਈਆ । ਅਬਿਨਾਸ਼ੀ ਕਰਤੇ ਭਾਗ ਲਗਾਇਆ ਉਨ੍ਹਾਂ ਦੇ ਜੁਸੇ, ਜਿਸਮ ਜ਼ਮੀਰ ਦਿਤੀ ਬਦਲਾਈਆ । ਨਿਰਗੁਣ ਹੋ ਕੇ ਉਨ੍ਹਾਂ ਪੁਛੇ, ਸਰਗੁਣ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਸਚ ਘਰ, ਸਚਖੰਡ ਦੀ ਸਾਚੀ ਧਾਰ, ਦਰਗਾਹ ਸਾਚੀ ਦਾ ਦਰਦ ਪਿਆਰ, ਮੁਰਸ਼ਦਾਂ ਦਾ ਮੁਰਸ਼ਦ ਮੁਰੀਦਾਂ ਦਾ ਮੁਰੀਦ ਮਦਦਾਂ ਦਾ ਮਦਦਗਾਰ, ਮੁਦਤਾਂ ਦਾ ਮੂਲ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮੌਲੀ ਦਾ ਤੰਦ ਮੁਹੰਮਦ ਦੀ ਮੰਗ, ਸੂਰਾ ਸਰਬੰਗ ਅਨੰਦ ਦਾ ਅਨੰਦ ਚੰਦ ਦਾ ਚੰਦ ਕਰੇ ਰੁਸ਼ਨਾਈਆ । ਆਟਾ ਗੁੰਨ੍ਹਣਾ ਨਹੀਂ ਖੁਲ੍ਹੇ ਝਾਟੇ, ਸ਼ਿਵ ਪਾਰਬਤੀ ਸਮਝਾਈਆ । ਇਹ ਵਸਤ ਲੱਭਣੀ ਨਹੀਂ ਕਿਸੇ ਹਾਟੇ, ਵਣਜਾਰਾ ਵਣਜ ਨਾ ਕੋਇ ਕਰਾਈਆ । ਚਾਰ ਜੁਗ ਪ੍ਰਭ ਨੇ ਵੇਖਣੇ ਖੇਲ ਤਮਾਸ਼ੇ, ਗੁਰ ਅਵਤਾਰ ਪੈਗ਼ੰਬਰਾਂ ਕਾਰ ਭੁਗਤਾਈਆ । ਅੰਤਮ ਲੇਖਾ ਜਾਣੇ ਪ੍ਰਿਥਮੀ ਆਕਾਸ਼ੇ, ਗਗਨ ਗਗਨੰਤਰ ਫੋਲ ਫੁਲਾਈਆ । ਦੀਨ ਦੁਨੀ ਜਿਸ ਵੇਲੇ ਹੋਵੇ ਵਿਚ ਘਾਟੇ, ਸਾਚਾ ਵਣਜ ਨਾ ਕੋਇ ਕਰਾਈਆ । ਗੋਬਿੰਦ ਦਾ ਭੁੱਲ ਜਾਣ ਅੰਮ੍ਰਿਤ ਪੀਤਾ ਬਾਟੇ, ਮਨ ਵਿਕਾਰ ਹੰਕਾਰ ਕੁਰਲਾਈਆ । ਓਸ ਵੇਲੇ ਕਰੇ ਖੇਲ ਪੁਰਖ ਸਮਰਾਥੇ, ਹਰਿ ਕਰਤਾ ਧੁਰਦਰਗਾਹੀਆ । ਮਾਰਗ ਲਾਵੇ ਸਾਚੇ, ਸਤਿ ਸਚ ਇਕ ਸਮਝਾਈਆ । ਸਤਿਜੁਗ ਸਾਚੇ ਆਖੇ, ਧੁਰ ਫ਼ਰਮਾਨਾ ਇਕ ਸੁਣਾਈਆ । ਜੋ ਉੱਤਮ ਪਕਵਾਨ ਪ੍ਰਭ ਰਸ ਚਾਖੇ, ਤਿਸ ਦਾ ਦਵੈਤ ਦਲਿਦ੍ਰ ਰਹੇ ਨਾ ਰਾਈਆ । ਓਸ ਅੰਨ ਨੂੰ ਬਣਾਏ ਨਾ ਕੋਇ ਖੁੱਲ੍ਹੇ ਝਾਟੇ, ਵੇਸਵਾ ਰੂਪ ਨਾ ਕੋਇ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਜਨ ਭਗਤੋ ਕਿਸੇ ਦਾ ਬਸਤਰ ਪਾਟਾ ਨਾ ਹੋਵੇ ਪੁਰਾਣਾ, ਪਰਾਣੀਆਂ ਪ੍ਰਾਨ ਦਏ ਵਡਿਆਈਆ । ਪ੍ਰਭੂ ਦਾ ਪਿਆਰ ਨਾ ਹੋਵੇ ਬੇਗਾਨਾ, ਬੇਗਾਨੀ ਧਾਰ ਨਾ ਕੋਇ ਵਖਾਈਆ । ਤੁਹਾਡੇ ਸਾਹਮਣੇ ਬਦਲ ਜਾਣਾ ਜ਼ਮਾਨਾ, ਜ਼ੁਮੇਵਾਰ ਰਹਿਣ ਕੋਇ ਨਾ ਪਾਈਆ । ਝਗੜਾ ਪੈਣਾ ਜ਼ਿਮੀਂ ਅਸਮਾਨਾ, ਅਫ਼ਗਾਨਾਂ ਵਿਚ ਦੁਹਾਈਆ । ਪੁਰਖ ਅਕਾਲ ਨੇ ਕਰਨੀ ਇਕ ਕਮਾਨਾ, ਧੁਰ ਦਾ ਹੁਕਮ ਇਕ ਸੁਣਾਈਆ । ਜਿਸ ਕਾਰਨ ਬਣਿਆ ਅੱਜ ਦੀਵਾਨਾ, ਦੀਵਾਨੇ ਸਾਰੇ ਦੇਣੇ ਵਖਾਈਆ । ਇਕੋ ਨੂਰ ਇਲਾਹੀ ਪ੍ਰਗਟ ਹੋਵੇ ਅਮਾਮਾ, ਅਮਲ ਵੇਖੇ ਖ਼ਲਕ ਖ਼ੁਦਾਈਆ । ਜਿਸ ਦਾ ਵੱਜਣਾ ਹੱਕ ਦਮਾਮਾ, ਸ਼ਬਦ ਡੰਕੇ ਨਾਲ ਸ਼ਨਵਾਈਆ । ਓਸ ਨੂੰ ਝੁਕਣੇ ਕ੍ਰਿਸ਼ਨਾ ਰਾਮਾ, ਸਿਰ ਸਕੇ ਨਾ ਕੋਇ ਉਠਾਈਆ । ਇਹ ਖੇਲ ਕਰੇ ਸ੍ਰੀ ਭਗਵਾਨਾ, ਪਾਰਬ੍ਰਹਮ ਪਤਿਪਰਮੇਸ਼ਵਰ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਮਾਲਕ ਆਪਣਾ ਪੜਦਾ ਦਏ ਉਠਾਈਆ । ਖੁਲ੍ਹੇ ਜਲ ਦਾ ਬਾਟਾ ਕਹੇ ਮੈਂ ਦਰੋਪਤੀ ਦੀ ਦੱਸਾਂ ਪੁਕਾਰ, ਜੋ ਨਿਉਂ ਨਿਉਂ ਸੀਸ ਨਿਵਾਈਆ । ਜਿਸ ਵੇਲੇ ਦੋਸਾਸਣ ਬਸਤਰ ਰਿਹਾ ਸੀ ਉਤਾਰ, ਦਰਯੋਧਨ ਅੱਖ ਉਠਾਈਆ । ਨੇਤਰ ਰੋ ਪਈ ਜ਼ਾਰੋ ਜ਼ਾਰ, ਨੈਣਾਂ ਨੀਰ ਵਹਾਈਆ । ਪਾਂਡੋ

ਹੋਇਆ ਨਾ ਕੋਈ ਖ਼ਬਰਦਾਰ, ਬਲ ਬਾਹੂ ਨਾ ਕੋਇ ਧਰਾਈਆ । ਅੰਤਰ ਕੀਤੀ ਇਕ ਪੁਕਾਰ, ਵਾਹ ਵਾਹ ਤੇਰੀ ਬੇਪ੍ਰਵਾਹੀਆ । ਜੇ ਤੂੰ ਕਾਹਨਾ ਕ੍ਰਿਸ਼ਨ ਮੁਰਾਰ, ਸਖ਼ੀਆਂ ਦਾ ਹੋ ਸਹਾਈਆ । ਮੈਂ ਤੇਰੇ ਚਰਨ ਕਵਲ ਬਲਿਹਾਰ, ਹਉਂ ਵਾਰੀ ਘੋਲ ਘੁਮਾਈਆ । ਇਕ ਵਾਰੀ ਦਰਸ ਵਿਖਾਲ, ਮੁਕੰਦ ਮਨੋਹਰ ਤੇਰੀ ਸਰਨਾਈਆ । ਸ਼ਬਦ ਅਗੰਮੀ ਆਵਾਜ਼ ਆਈ ਕੁਛ ਸੁਣਾਣ, ਸਹਿਜ ਦਿਤਾ ਦ੍ਰਿੜਾਈਆ । ਪਿਛੇ ਮਾਰ ਧਿਆਨ, ਜਲ ਬਾਟਾ ਪਾਣੀ ਭਰਿਆ ਸੋਭਾ ਪਾਈਆ । ਓਸ ਵਿਚੋਂ ਮੂਰਤੀ ਨਜ਼ਰ ਆਈ ਭਗਵਾਨ, ਨੂਰੀ ਨੂਰ ਨੂਰ ਰੁਸ਼ਨਾਈਆ । ਆਹ ਕਿਸੇ ਪ੍ਰੇਮ ਦਾ ਦਾਨ, ਤੇਰੀ ਝੋਲੀ ਪਾਈਆ । ਤੇਰੀ ਲਜਪਤ ਰੱਖ ਵਿਚ ਜਹਾਨ, ਪੜਦਾ ਸਕੇ ਨਾ ਕੋਇ ਉਠਾਈਆ । ਦਰੋਪਤ ਰੋ ਕੇ ਕਿਹਾ ਸ੍ਰੀ ਭਗਵਾਨ, ਬੇਨੰਤੀ ਇਕ ਸੁਣਾਈਆ । ਫੇਰ ਕਦ ਹੋਵੇਂ ਮਿਹਰਵਾਨ, ਮੈਨੂੰ ਦੇ ਦ੍ਰਿੜਾਈਆ । ਅਬਿਨਾਸ਼ੀ ਕਰਤੇ ਕਿਹਾ ਹੁਣ ਬੰਸਰੀ ਵਾਲਾ ਸ਼ਾਮ, ਜਿਸ ਵੇਲੇ ਕਲਜੁਗ ਅੰਧੇਰਾ ਹੋਇਆ ਸ਼ਾਮ, ਓਸ ਵੇਲੇ ਸ਼ਾਮ ਵਿਚ ਸ਼ਮਅ ਨਾ ਕੋਇ ਜਗਾਈਆ । ਰਾਮ ਕ੍ਰਿਸ਼ਨ ਹੋ ਜਾਣੇ ਬਦਨਾਮ, ਬਦੀਆਂ ਦਾ ਝਗੜਾ ਨਾ ਕੋਇ ਮੁਕਾਈਆ । ਕਲਮਿਆਂ ਵਾਲੀ ਨਾ ਰਹੇ ਕਲਾਮ, ਮੰਤਰਾਂ ਵਾਲੀ ਨਾ ਕੋਇ ਸ਼ਨਵਾਈਆ । ਓਸ ਵੇਲੇ ਖੇਲ ਕਰਾਂ ਮਹਾਨ, ਮਿਹਰ ਨਜ਼ਰ ਉਠਾਈਆ । ਦਰੋਪਤ ਆਪਣਿਆਂ ਭਗਤਾਂ ਦੇ ਅੰਦਰ ਇਹ ਜਲ ਕਰਾਂ ਪ੍ਰਵਾਨ, ਜਿਸ ਵਿਚੋਂ ਕਾਹਨਾਂ ਦਾ ਕਾਹਨ ਤੈਨੂੰ ਨਜ਼ਰੀ ਆਈਆ । ਓਸ ਹੋ ਕੇ ਕਿਹਾ ਹੈਰਾਨ, ਨਿਉਂ ਨਿਉਂ ਸੀਸ ਝੁਕਾਈਆ । ਪ੍ਰਭੂ ਕੀ ਇਹ ਠੀਕ ਤੇਰਾ ਬਿਆਨ, ਹੁਕਮ ਨਾਲ ਵਡਿਆਈਆ । ਸ੍ਰੀ ਭਗਵਾਨ ਕਿਹਾ ਜਿਸ ਵੇਲੇ ਮਨ ਕਲਪਣਾ ਹੋਵੇ ਸ਼ੈਤਾਨ, ਚਾਰ ਕੁੰਟ ਕੁਰਲਾਈਆ । ਓਸ ਵੇਲੇ ਜ਼ਰੂਰ ਭਗਤਾਂ ਦੀ ਸਹਾਇਤਾ ਕਰਾਂ ਆਣ, ਏਹੋ ਮੇਰੀ ਵਡਿਆਈਆ । ਚੁਰਾਸੀ ਵਿਚੋਂ ਕਰ ਪਹਿਚਾਣ, ਬੇਪਹਿਚਾਣ

੩੩੯ ਲਵਾਂ ਮਿਲਾਈਆ । ਓਸ ਦਾ ਲੇਖਾ ਚੁਕਾਇਆ ਆਣ, ਬਾਟਾ ਨਹੀਂ ਇਹ ਪਿਛਲਾ ਘਾਟਾ ਸਭ ਦਾ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ੩੩੯

ਕਿਰਪਾ ਕਰ, ਧੁਰ ਸੰਦੇਸ਼ਾ ਇਕ ਸੁਣਾਈਆ । ਕਾਸ਼ੀ ਰਾਮ ਬਖ਼ਸ਼ੀਸ਼ ਨੇ ਸਾਂਝੀ ਰਿਧੀ ਦਾਲ, ਦਲਿਦ੍ਰ ਦਿਤਾ ਗੁਆਈਆ । ਗੋਬਿੰਦ ਦੀ ਲੇਖੇ ਲੱਗੇ ਘਾਲ, ਜਿਸ ਘਾਇਲ ਹੋ ਕੇ ਸੇਵ ਕਮਾਈਆ । ਮਾਛੂਵਾੜੇ ਦਾ ਸੁਆਲ, ਬੇਨੰਤੀ ਪੁਰਖ ਅਕਾਲ ਜਣਾਈਆ । ਜਿਸ ਵੇਲੇ ਕਲਜੁਗ ਕੂੜ ਨਗਾਰਾ ਵੱਜਾ ਕਾਲ, ਚਾਰੋਂ ਕੁੰਟ ਦੁਹਾਈਆ । ਓਸ ਵੇਲੇ ਕਵਣ ਕਰੇ ਸੰਭਾਲ, ਅਵਤਾਰ ਪੈਗ਼ੰਬਰ ਨਜ਼ਰ ਕੋਇ ਨਾ ਆਈਆ । ਪੁਰਖ ਅਕਾਲ ਕਿਹਾ ਗੋਬਿੰਦ, ਸ਼ਬਦ ਗੁਰੂ ਸਭ ਦੀ ਕਰੇ ਭਾਲ, ਗੁਰਮੁਖ ਗੁਰਸਿਖ ਵੇਖ ਵਖਾਈਆ । ਉਨ੍ਹਾਂ ਨੂੰ ਫੜ ਕੇ ਮੇਲੇ ਮੇਰੇ ਨਾਲ, ਜਗਤ ਵਿਛੋੜਾ ਪੰਧ ਕਟਾਈਆ । ਉਨ੍ਹਾਂ ਦੀ ਸੇਵਾ ਇਕ ਮਹਾਨ, ਮਹਿੰਮਾ ਬੇਪ੍ਰਵਾਹੀਆ । ਭਗਤਾਂ ਦਾ ਪੱਕਣਾ ਇਕ ਪਕਵਾਨ, ਸ੍ਰੀ ਭਗਵਾਨ ਵੇਖ ਵਖਾਈਆ । ਇਹ ਜੋਧੇ ਸੂਰਬੀਰ ਉਹ ਬਲਵਾਨ, ਜੋ ਬਲ ਦੁਆਰੇ ਦੁਆਰਪਾਲ ਸੋਭਾ ਪਾਈਆ । ਜਿਨ੍ਹਾਂ ਨੂੰ ਬਾਵਨ ਪਹਿਲੋਂ ਮਿਲਿਆ ਆਣ, ਡੰਡਾਵਤ ਕਰ ਕੇ ਬਣ ਗਿਆ ਅਨਜਾਣ, ਸਮਝ ਵਿਚ ਸਮਝ ਨਾ ਕੋਇ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਆਪਣਾ ਖੇਲ ਰਿਹਾ ਵਖਾਈਆ । ਕਿਉਂ ਪਾਣੀ ਪਾਏ ਗਿਰਧਾਰਾ, ਗੋਦਾਵਰੀ ਦਏ ਗਵਾਹੀਆ । ਜਿਸ ਦਾ ਗੋਤਮ ਸੁਹਾਇਆ ਕਿਨਾਰਾ, ਅੰਤ ਬੈਠਾ ਡੇਰਾ ਲਾਈਆ । ਜਿਥੇ ਗੁਜ਼ਰੀ ਦਾ ਗਿਆ ਦੁਲਾਰਾ, ਗੋਬਿੰਦ ਗੁਰ ਸ਼ਹਿਨਸ਼ਾਹੀਆ । ਓਸ ਦਾ ਸ਼ਬਦ ਦਾ ਇਸ਼ਾਰਾ, ਧੁਰ ਫ਼ਰਮਾਨਾ ਇਕ ਸੁਣਾਈਆ । ਜਿਸ ਵੇਲੇ ਆਵੇ ਕਲ ਕਲਕੀ ਅਵਤਾਰਾ, ਨਿਰਗੁਣ ਨਿਰਵੈਰ ਨੂਰ ਖ਼ੁਦਾਈਆ । ਸਾਚੇ ਭਗਤਾਂ ਪਾਵੇ ਸਾਰਾ, ਗੁਰਮੁਖ ਆਪਣੀ ਗੋਦ ਉਠਾਈਆ । ਸਚ ਪ੍ਰੇਮ ਦਾ ਬਣ ਪਨਿਹਾਰਾ, ਸੇਵਾ ਧੁਰ ਦੀ ਆਪ ਕਮਾਈਆ । ਭਗਤਾਂ ਦਾ ਭਗਤ ਬਣਿਆ ਸਹਾਰਾ, ਨਾਤਾ ਦੁਨੀਆ ਨਾਲੋਂ ਤੁੜਾਈਆ । ਸਭ ਦਾ ਸਾਂਝਾ ਕਰ ਪਿਆਰਾ, ਪ੍ਰੀਤੀ ਪ੍ਰੇਮ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗਿਰਧਾਰੇ ਦਾ ਦੱਸ ਕੇ ਇਕ ਇਸ਼ਾਰਾ, ਗੁਰਮੁਖ ਸਾਰੇ ਸੋਹੇ

ਸਚ ਦੁਆਰਾ, ਜਿਸ ਦੁਆਰੇ ਦਾ ਵਰਤਾਰਾ ਬੇਪ੍ਰਵਾਹੀਆ । ਕਿਉਂ ਸੁਰਿੰਦਰ ਸਿੰਘ ਦਿਤੀ ਅੱਗ ਡਾਹ, ਪੱਤ ਟਹਿਣੀ ਫੂਕ ਫੁਕਾਈਆ । ਇਸ ਨੇ ਸਾਢੇ ਤਿੰਨ ਦਿਨ ਰਾਮ ਦੀ ਸੇਵ ਲਈ ਕਮਾ, ਪੰਚਬਟੀ ਵਿਚ ਆਪਣੀ ਧੂਣੀ ਤਾਈਆ । ਇਕ ਦਿਨ ਮੱਥੇ ਉਤੇ ਤਰਸੂਲ ਨਿਸ਼ਾਨ ਲਗਾ, ਜੰਞੂ ਕੰਨਾਂ ਨਾਲ ਲਟਕਾਈਆ । ਜਲ ਪਾਣੀ ਗੜਵੀ ਹੱਥ ਉਠਾ, ਧੋਤੀ ਤੇੜ ਲਈ ਸੁਹਾਈਆ । ਹਰੀਅੰ ਹਰੀਅੰ ਕਹਿੰਦਾ ਗੋਦਾਵਰੀ ਕੰਢੇ ਗਿਆ ਆ, ਆਪਣੀ ਖ਼ੁਸ਼ੀ ਮਨਾਈਆ । ਉਧਰੋਂ ਰਾਮ ਨੇ ਫੜ ਕੇ ਬਾਂਹ, ਹਲੂਣਾ ਦਿਤਾ ਲਗਾਈਆ । ਅੱਜ ਤੇ ਕੁਛ ਖੁਵਾ, ਭੁੱਖ ਰਹੀ ਸਤਾਈਆ । ਇਧਰ ਉਧਰ ਮਾਰਿਆ ਇਸ ਧਿਆਂ, ਅੱਖ ਪ੍ਰਤੱਖ ਆਪ ਉਠਾਈਆ । ਕੋਈ ਈਧਨ ਮਾਚਸ ਲਕੜੀ ਹੱਥ ਗਿਆ ਨਾ ਆ, ਰੋ ਕੇ ਦਿਤਾ ਸੁਣਾਈਆ । ਗਲ ਪੱਲੂ ਵਾਸਤਾ ਪਾ, ਰਾਮ ਤੇਰੇ ਨਾਮ ਦੁਹਾਈਆ । ਮੈਨੂੰ ਸੇਵਾ ਹੋਰ ਸਮਝਾ, ਜਿਹੜੀ ਹੱਥਾਂ ਨਾਲ ਕਮਾਈਆ । ਰਾਮ ਨੇ ਕਿਹਾ ਓਹ ਵੇਖ ਬੇਪ੍ਰਵਾਹ ਗਿਆ ਆ, ਰਾਮ ਦਾ ਮਾਲਕ ਰਾਮ ਫੇਰਾ ਪਾਈਆ । ਕੁਛ ਹੌਲੀ ਹੌਲੀ ਰਿਹਾ ਸੁਣਾ, ਗੀਤ ਅਗੰਮ ਦ੍ਰਿੜਾਈਆ । ਰਾਮ ਤੇਰਾ ਤਰੇਤਾ ਦੁਆਪਰ ਕਲਜੁਗ ਜਾਏ ਵਿਹਾ, ਵਹਿੰਦਾ ਵਹਿਣ ਵਗਾਈਆ । ਚਾਰੋਂ ਕੁੰਟ ਅੰਧੇਰਾ ਜਾਏ ਛਾ, ਸਾਚਾ ਚੰਦ ਨਾ ਕੋਇ ਚਮਕਾਈਆ । ਓਸ ਵੇਲੇ ਗੁਰ ਅਵਤਾਰ ਪੈਗ਼ੰਬਰ ਕੋਈ ਨਾ ਹੋਵੇ ਸਹਾ, ਸਿਰ ਹੱਥ ਨਾ ਕੋਇ ਟਿਕਾਈਆ । ਬਿਨਾ ਭਗਵਨ ਤੋਂ ਭਗਤਾਂ ਨੂੰ ਸਾਚੀ ਵਸਤੂ ਸਕੇ ਨਾ ਕੋਈ ਖੁਵਾ, ਬਨਾਵਣ ਵਾਲਾ ਨਜ਼ਰ ਕੋਇ ਨਾ ਆਈਆ । ਰਾਮ ਨੇ ਕਿਹਾ ਪ੍ਰਭੂ ਇਹਨੂੰ ਬਣਾ ਲੈ ਵਿਚ ਗਵਾਹ, ਸ਼ਹਾਦਤ ਦਏ ਭੁਗਤਾਈਆ । ਅੱਜ ਏਸ ਦੇ ਕੋਲ ਨਾ ਕੋਈ ਮਾਚਸ ਨਾ ਸਵਾਹ, ਨਾ ਧੂਣੀ ਨਜ਼ਰੀ ਆਈਆ । ਪੁਰਖ ਅਕਾਲ ਕਿਹਾ ਜੇ ਤੇਰੀ ਰਾਮ ਏਹੋ ਆਸ਼ਾ ਤੇ ਫੇਰ ਏਸੇ ਤੋਂ ਅਗਨੀ ਦੇਵਾਂ ਬਲਾ, ਸੇਵਾ
੩੪੦ ਸਚ ਕਮਾਈਆ । ਜਿਥੇ ਭਗਤ ਭਗਵਾਨ ਇਕੱਠੇ ਹੋਵਣ ਆ, ਮਿਲ ਕੇ ਵੱਜੇ ਵਧਾਈਆ । ਏਸੇ ਕਾਰਨ ਇਹ ਖੇਲ ਦਿਤਾ ਖਿਲਾ, ਕਿਉਂ ਰਾਮ ਦਾ ਰਾਮ ਵਿਚੋਲਾ, ੩੪੦
ਭਗਤ ਦਾ ਭਗਤ ਗੋਲਾ, ਦੋਹਾਂ ਦਾ ਸਾਂਝਾ ਬੋਲਾ, ਰੌਲਾ ਵਿਚ ਰਿਹਾ ਨਾ ਰਾਈਆ । ਉਤੋਂ ਦਾਲ ਮੂਲ ਨਹੀਂ ਢਕਣਾ, ਪੜਦਾ ਜਗਤ ਵਾਲਾ ਪਾਈਆ । ਜਿਸ ਪ੍ਰਭੂ ਨੇ ਤੁਹਾਡਾ ਪੜਦਾ ਕੱਜਣਾ, ਓਹ ਵੇਖੇ ਚਾਈਂ ਚਾਈਂਆ । ਓਸ ਦੇ ਦਵਾਰਿਉਂ ਖਾ ਕੇ ਜਾਏ ਕੋਈ ਨਾ ਸਖਣਾ, ਭੁੱਖਿਆਂ ਭੁੱਖ ਮਿਟਾਈਆ । ਇਹ ਮਿੱਠਾ ਰਸ ਨਾਲੋਂ ਮੱਖਣਾ, ਜੇ ਕਾਹਨ ਨੂੰ ਪੁਛੋ ਉਹ ਵੀ ਤੁਹਾਡੀ ਦਏ ਸਫ਼ਾਈਆ । ਕਿਉਂ ਜਿਸ ਪਕਵਾਨ ਦਾ ਪ੍ਰਭ ਨੇ ਰਸ ਚਖਣਾ, ਓਸ ਨੂੰ ਚਕਸ਼ੂ ਦਿੱਬ ਨੇਤਰ ਗਿਆਨ ਨੇਤਰ ਨਿਜ ਨੇਤਰ ਵੇਖ ਨਾ ਸਕੇ ਰਾਈਆ । ਜਿਸ ਨੇ ਸਭ ਦੇ ਭੰਡਾਰੇ ਕੀਤੇ ਸੱਖਣਾ, ਖ਼ਾਲੀ ਦੇਣ ਦੁਹਾਈਆ । ਸੋ ਭਗਤੋ ਤੁਹਾਡਾ ਪੂਰਾ ਕਰਨ ਆਇਆ ਬਚਨਾ, ਲੇਖਾ ਪਿਛਲਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਕਰਤਾ ਧੁਰਦਰਗਾਹੀਆ । ਕਲਜੁਗ ਕਹੇ ਮੇਰੀ ਕਾਲੀ ਧਾਰ, ਜਨ ਭਗਤੋ ਕਾਲਖ ਦਿਓ ਮਿਟਾਈਆ । ਮੈਨੂੰ ਸੁੱਟ ਕੇ ਵਿਚ ਦਾਲ, ਮੇਰਾ ਦਲਿਦ੍ਰ ਦਿਓ ਗਵਾਈਆ । ਮੇਰੀ ਲੇਖੇ ਲੱਗੇ ਕੀਤੀ ਘਾਲ, ਮੈਂ ਘਾਇਲ ਕੀਤੀ ਖ਼ਲਕ ਖ਼ੁਦਾਈਆ । ਬੇਨੰਤੀ ਵਿਚ ਕਰਾਂ ਸੁਆਲ, ਨਿਉਂ ਨਿਉਂ ਸੀਸ ਝੁਕਾਈਆ । ਮੈਂ ਸਮਝਦਾ ਤੁਸੀਂ ਓਸ ਪ੍ਰਭੂ ਦੇ ਲਾਲ, ਜੋ ਲਾਲਨ ਆਪਣਾ ਰੰਗ ਚੜ੍ਹਾਈਆ । ਤੁਸੀਂ ਬੈਠੇ ਓਸ ਸੱਚੀ ਧਰਮਸਾਲ, ਜੋ ਧਰਮ ਦਵਾਰਾ ਇਕੋ ਸੋਭਾ ਪਾਈਆ । ਮੇਰਾ ਓਸ ਨੂੰ ਦੱਸਿਓ ਹਾਲ, ਹਾਲਤ ਦੇਣੀ ਜਣਾਈਆ । ਸਦੀ ਚੌਧਵੀਂ ਸਭ ਦੇ ਸਿਰ ਤੇ ਕੂਕੇ ਕਾਲ, ਡੌਰੂ ਡੰਕ ਰਿਹਾ ਵਜਾਈਆ । ਜਨ ਭਗਤੋ ਤੁਹਾਡੇ ਨੇੜ ਨਾ ਆਵੇ ਕੀ ਉਹਦੀ ਮਜਾਲ, ਆਪਣਾ ਬਲ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖਾ ਸਭ ਦਾ ਪੂਰ ਕਰਾਈਆ । ਬਰਛੀ ਕਹੇ ਮੇਰਾ ਗੋਬਿੰਦ ਵਾਲਾ ਨਿਸ਼ਾਨਾ, ਨਿਸ਼ਾਨੇ ਦੇਣੇ ਬਦਲਾਈਆ । ਕੜਛੀ ਕਹੇ ਮੈਂ ਵੇਖਾਂ ਕੱਚਾ ਪੱਕਾ ਦਾਣਾ, ਦਾਣਾ ਦਾਣਾ ਫੋਲ ਫੁਲਾਈਆ । ਬਰਛੀ ਕਹੇ ਮੈਂ ਵੇਖਣਾ ਓਹ ਜਵਾਨਾ, ਜੋ ਸੂਰਬੀਰ

ਬੇਪ੍ਰਵਾਹੀਆ । ਕੜਛੀ ਕਹੇ ਮੈਂ ਸੁਣਨਾ ਓਹ ਗਾਣਾ, ਜੋ ਨਿਰਗੁਣ ਨਿਰਗੁਣ ਪੜਦਾ ਲਾਹੀਆ । ਬਰਛੀ ਕਹੇ ਮੈਂ ਗੋਬਿੰਦ ਨਾਲੋਂ ਗੁਰਮੁਖ ਰਹਿਣ ਨਹੀਂ ਦੇਣਾ ਬੇਗਾਨਾ, ਸ਼ਬਦ ਸ਼ਬਦੀ ਜੋੜ ਜੁੜਾਈਆ । ਕੜਛੀ ਕਹੇ ਮੈਂ ਖੁਵਾਨਾ ਓਹ ਖਾਣਾ, ਜੋ ਖਾਨੇ ਦਏ ਬਦਲਾਈਆ । ਬਰਛੀ ਕਹੇ ਲੋਹ ਗੜ੍ਹ ਦਾ ਮਾਲਕ ਹੁਣ ਗਿਆ ਵਿਚ ਸ੍ਰੀ ਭਗਵਾਨਾ, ਜਿਸ ਨੂੰ ਸਮਝੇ ਨਾ ਕੋਇ ਜ਼ਮਾਨਾ, ਜਿਸ ਦਾ ਚਿੱਲਾ ਤੀਰ ਕਮਾਨਾ, ਨਿਸ਼ਾਨਾ ਰੱਖੇ ਦੋ ਜਹਾਨਾਂ, ਅਨਿਆਲਾ ਆਪਣਾ ਆਪ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸ਼ਬਦੀ ਸ਼ਬਦ ਹੁਕਮ ਵਰਤਾਈਆ । ਸਭ ਨੇ ਦੋ ਦੋ ਹੋ ਕੇ ਪਾਈ ਗਲਵਕੜੀ, ਪ੍ਰੇਮ ਪ੍ਰੀਤ ਬਣਾਈਆ । ਇਕੱਠੇ ਹੋ ਗਏ ਸ਼ੂਦਰ ਵੈਸ਼ ਬ੍ਰਾਹਮਣ ਖੱਤਰੀ, ਖ਼ਤਰਾ ਦੀਨ ਮਜ਼੍ਹਬ ਰਿਹਾ ਨਾ ਰਾਈਆ । ਤੋਲ ਤੁਲ ਗਏ ਇਕੇ ਤੱਕੜੀ, ਧਰਮ ਦਵਾਰ ਵੱਜੇ ਵਧਾਈਆ । ਬ੍ਰਾਹਮਣਾਂ ਕੋਲੋਂ ਫਲੌਣੀ ਨਹੀਂ ਪੱਤਰੀ, ਨਛੱਤਰ ਗ੍ਰਹਿ ਨੇੜ ਕੋਇ ਨਾ ਆਈਆ । ਨਾਨਕ ਧਾਰ ਨਿਰਗੁਣ ਪੈਂਤੀ ਅੱਖਰੀ, ਬਾਵਨ ਅੱਖਰੀ ਗੋਬਿੰਦ ਵਿਚ ਸਮਾਈਆ । ਜਿਸ ਦੀ ਖੇਲ ਸਦਾ ਵੱਖਰੀ, ਜੁਗ ਰੀਤੀ ਦਏ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵਖਾਵਣਹਾਰਾ ਧੁਰ ਦਾ ਘਰ, ਗ੍ਰਹਿ ਸਾਚਾ ਇਕ ਸਮਝਾਈਆ । ਕੇਹਰ ਸਿੰਘ ਦੁਆਬਿਉਂ ਲਿਆਇਆ ਤੱਕੜੀ ਦਾ ਛਾਬਾ, ਆਪਣਾ ਪੰਧ ਮੁਕਾਈਆ । ਨਾਨਕ ਦਾ ਧੜਵਾਈ ਸੀ ਇਹਦਾ ਬਾਬਾ, ਜੋ ਨਿਤ ਉਠ ਕੇ ਸੇਵ ਕਮਾਈਆ । ਓਹ ਮੁਸਲਮੀਨ ਨਾਨਕ ਦੇ ਚਰਨ ਮੰਨਦਾ ਸੀ ਕਾਅਬਾ, ਇਸ ਤੋਂ ਪਰੇ ਨਾ ਕੋਇ ਖ਼ੁਦਾਈਆ । ਇਕ ਦਿਨ ਕੇਹਰ ਸਿੰਘ ਨਾਂ ਨੂਰਾ ਸੱਤ ਸਾਲ ਦਾ ਕੋਲ ਆ ਕੇ ਮਾਰੇ ਆਵਾਜ਼ਾ, ਅੱਬਾ ਅੱਬਾ ਕਹਿ ਕੇ ਸੁਣਾਈਆ । ਓਸ ਕਿਹਾ ਅੱਗੇ ਨੇੜੇ ਆ ਜਾ, ਕੁਛ ਤੈਨੂੰ ਦਿਆਂ ਖੁਵਾਈਆ । ਬਾਲਕ ਕੋਲ

੩੪੧ ਆ ਕੇ ਗ਼ੁੱਸੇ ਵਿਚ ਮਾਰਿਆ ਦਾਬਾ, ਕੀ ਮੇਰੇ ਹੱਥ ਫੜਾਈਆ । ਝਟ ਨਾਨਕ ਕਿਹਾ ਸ਼ਾਬਾ, ਹੱਥ ਫੜ ਉਤੇ ਟਿਕਾਈਆ । ਓਨ ਕਿਹਾ ਤੂੰ ਮੇਰੇ ਅੱਬਾ ਦਾ ਰਾਜਾ, ੩੪੧

ਸ਼ਹਿਨਸ਼ਾਹ ਧੁਰਦਰਗਾਹੀਆ । ਤੇਰੀ ਤੱਕੜੀ ਵਿਚ ਕੀ ਖਾਜਾ, ਕੁਛ ਮੈਨੂੰ ਦੇ ਖਵਾਈਆ । ਨਾਨਕ ਕਿਹਾ ਇਸ ਦਾ ਸਭ ਤੋਂ ਵੱਖਰਾ ਸਵਾਦਾ, ਰਸਨਾ ਚਖ ਸਮਝ ਨਾ ਆਈਆ । ਓਹ ਬੱਚਾ ਕਹੇ ਤੇਰੇ ਸ਼ਬਦ ਨਾਲ ਮੈਂ ਜਾਗਾ, ਮੇਰੇ ਅੰਦਰ ਹੋਈ ਰੁਸ਼ਨਾਈਆ । ਮੈਨੂੰ ਐਂ ਦਿਸਦਾ ਤੂੰ ਤੋਲਣ ਵਾਲਾ ਡਾਹਢਾ, ਘਾਟਾ ਰਹਿਣ ਕੋਇ ਨਾ ਪਾਈਆ । ਮੈਂ ਵੀ ਵਸਤ ਲੈਣੀ ਰੋ ਪਿਆ ਮਾਰ ਕੇ ਡਾਡਾਂ, ਕੂਕ ਕੂਕ ਦੁਹਾਈਆ । ਨਾਨਕ ਗੋਦੀ ਚੁਕਿਆ ਨਾਲ ਲਾਡਾਂ, ਉਂਗਲੀ ਨਾਲ ਦਿਤਾ ਵਖਾਈਆ । ਓਹ ਵੇਖ ਜਿਸ ਵੇਲੇ ਗੋਬਿੰਦ ਪਿਤਾ ਤੇ ਪੁਰਖ ਅਕਾਲ ਆਵੇ ਤੇਰਾ ਦਾਦਾ, ਨਿਰਗੁਣ ਆਪਣਾ ਫੇਰਾ ਪਾਈਆ । ਭਗਤਾਂ ਦਾ ਰਚੇ ਕਾਜਾ, ਸੋਹਣੀ ਵੰਡ ਵੰਡਾਈਆ । ਭਾਗ ਲਗਾਵੇ ਦੇਸ ਮਾਝਾ, ਨਿਰਗੁਣ ਨੂਰ ਕਰੇ ਰੁਸ਼ਨਾਈਆ । ਬੱਚੂ ਆਹ ਲੈ ਤੱਕੜੀ ਤੇ ਓਸ ਦੇ ਅੱਗੇ ਡਾਹਵੀਂ ਛਾਬਾ, ਜੋ ਭਗਤਾਂ ਝੋਲੀ ਦਏ ਭਰਾਈਆ । ਮੈਂ ਤੇਰਾ ਬਾਬਾ ਓਹ ਤੇਰਾ ਬਾਬਾ, ਬਾਬੇ ਦਾ ਬਾਬਾ ਇਕੋ ਰੂਪ ਸਮਾਈਆ । ਓਸੇ ਦਾ ਖੇਲ ਓਸੇ ਦਾ ਕਾਜਾ, ਓਹ ਆਪੇ ਰਿਹਾ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਲੇਖੇ ਵਿਚੋਂ ਲਹਿਣੇ ਰਿਹਾ ਚੁਕਾਈਆ । ਨੌ ਦਿਨ ਦਾ ਵੱਖਰਾ ਹੋਣਾ ਵਿਹਾਰ, ਨੌ ਖੰਡ ਸੰਦੇਸ਼ਾ ਦਏ ਸੁਣਾਈਆ । ਪੰਜ ਚੇਤ ਦੀ ਰਾਤ ਨੂੰ ਜਗਤ ਦੇ ਸੁੱਤਿਆਂ ਉਨ੍ਹਾਂ ਨੂੰ ਕਰੇ ਖ਼ਬਰਦਾਰ, ਜਿਨ੍ਹਾਂ ਸੁਰਤੀ ਸ਼ਬਦ ਮਿਲਾਈਆ । ਨੌਵਾਂ ਖੰਡਾਂ ਦੀ ਅੱਜ ਤੋਂ ਬੱਝ ਗਈ ਵਾਰ, ਵਾਰੋ ਵਾਰੀ ਥਾਂ ਥਾਂ ਫੇਰਾ ਪਾਈਆ । ਕਿਧਰੇ ਜੋਤ ਨੂਰ ਉਜਿਆਰ, ਕਿਧਰੇ ਸ਼ਬਦ ਬੋਲ ਜੈਕਾਰ, ਕਿਧਰੇ ਸ਼ਹਿਨਸ਼ਾਹ ਸਿਕਦਾਰ, ਕਿਧਰੇ ਧਰਮ ਦੀ ਧਾਰ ਪਿਆਰ, ਕਿਧਰੇ ਜਲਵਾਗਰ ਉਜਿਆਰ, ਕਿਧਰੇ ਗਦਾਗਰ ਫਿਰੇ ਦਰ ਦੁਆਰ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਨੌ ਖੰਡ ਪ੍ਰਿਥਮੀ ਦੇਵੇ ਵਰ, ਦਰ ਦਰਵਾਜ਼ਾ ਆਪ ਖੁਲ੍ਹਾਈਆ । ਪੰਜ ਚੇਤ ਦੀ ਰਾਤ ਲੇਖਾ ਪੰਜ ਸਤ, ਸਤਿ ਸਤਿਵਾਦੀ ਦਇਆ ਕਮਾਈਆ । ਗੁਰ ਅਵਤਾਰ ਪੈਗ਼ੰਬਰਾਂ ਵਖਾਵੇ ਓਹ ਮਤ, ਜੋ ਬ੍ਰਹਮਮਤ ਦੀ

ਅਗਲੀ ਧਾਰ ਪ੍ਰਗਟਾਈਆ । ਜਿਥੇ ਸੰਤ ਸੁਹੇਲੇ ਰਹੇ ਵਸ, ਵਾਸਤਾ ਓਸੇ ਘਰ ਜੁੜਾਈਆ । ਚਾਰ ਕੁੰਟ ਦਹਿ ਦਿਸ਼ਾ ਆਪੇ ਨੱਸ, ਦੋ ਜਹਾਨਾਂ ਪੰਧ ਮੁਕਾਈਆ । ਜਨ ਭਗਤਾਂ ਖੋਲ੍ਹ ਕੇ ਆਪਣੀ ਅੱਖ, ਨਿਜ ਲੋਚਨ ਨੈਣ ਕਰੇ ਰੁਸ਼ਨਾਈਆ । ਧੁਰ ਦਾ ਸਾਥੀ ਬਣ ਕੇ ਦੇਣਾ ਸਾਥ, ਸੰਗੀ ਸੰਗ ਨਿਭਾਈਆ । ਪੰਜ ਸਤ ਦੀ ਸਾਂਝੀ ਕਰ ਬਰਾਤ, ਨਵ ਨੌ ਚਾਰ ਦਏ ਵਖਾਈਆ । ਇਹ ਲੇਖਾ ਹੋ ਜਾਣਾ ਅੱਜ ਦੀ ਪ੍ਰਭਾਤ, ਪ੍ਰਭਾਤੀ ਆਪਣੇ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦੀ ਕਰਨੀ ਕਰ ਵਖਾਈਆ । ਗੁਰਮੁਖ ਦੇ ਹੱਥ ਨੂੰ ਲਾਈ ਮਹਿੰਦੀ, ਪੰਜ ਪੰਜ ਨਿਸ਼ਾਨ ਲਗਾਈਆ । ਇਹ ਖੇਲ ਵਖੌਣੀ ਦਿਸ਼ਾ ਲਹਿੰਦੀ, ਮਤਾ ਮੁਹੰਮਦ ਨਾਲ ਪਕਾਈਆ । ਜਿਸ ਦੀ ਕਲਾ ਚੜ੍ਹਦੀ ਓਸੇ ਦੀ ਅੰਤਮ ਢਹਿੰਦੀ, ਪ੍ਰਭ ਢਾਹ ਢਾਹ ਖ਼ਾਕ ਮਿਲਾਈਆ । ਗੁਰ ਅਵਤਾਰ ਪੈਗ਼ੰਬਰਾਂ ਆਸਾ ਭਾਣਾ ਸਹਿੰਦੀ, ਸਿਰ ਸਕੇ ਨਾ ਕੋਇ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਗੁਰਮੁਖ ਰੰਗ ਰੰਗਾਈਆ । ਹੱਥ ਹਥੇਲੀ ਕਲਜੁਗ ਕੂੜੀ ਕਿਰਿਆ ਸ੍ਰਿਸ਼ਟੀ ਕਰੇ ਵਿਹਲੀ, ਵਿਹਲਾ ਹੋ ਕੇ ਆਪਣੀ ਕਾਰ ਕਮਾਈਆ । ਸੁਰਜੀਤ ਸਿੰਘ ਨੇ ਚੁੱਕੀ ਵਹਿੰਗੀ ਉਤੇ ਕੰਧੇ, ਮੋਢੇ ਉਤੇ ਟਿਕਾਈਆ । ਜਿਹਨੂੰ ਸਮਝਣ ਬੁਧੀ ਵਾਲੇ ਮੂਲ ਨਾ ਬੰਦੇ, ਬੰਦਗੀ ਵਾਲਿਆਂ ਭੇਵ ਖੁਲ੍ਹਾਈਆ । ਜਿਨ੍ਹਾਂ ਦੇ ਅੰਦਰੋਂ ਤੋੜੇ ਜਿੰਦੇ, ਜ਼ਿੰਦਗੀ ਦਿਤੀ ਬਦਲਾਈਆ । ਕਰਮਹੀਣ ਰਹੇ ਨਾ ਗੰਦੇ, ਕੂੜੀ ਕਿਰਿਆ ਬਾਹਰ ਕਢਾਈਆ । ਮੰਜ਼ਲ ਚਾੜ੍ਹ ਅਖ਼ੀਰੀ ਡੰਡੇ, ਡੰਡਾਵਤ ਇਕੋ ਦਿਤੀ ਸਮਝਾਈਆ । ਉਹ ਦਵਾਰਾ ਲੰਘੇ, ਜਿਥੇ ਬੈਠਾ ਧੁਰਦਰਗਾਹੀਆ । ਗੋਬਿੰਦ ਸ਼ਬਦ ਜਿਥੇ ਵਰ ਮੰਗੇ, ਆਪਣੀ ਝੋਲੀ ਡਾਹੀਆ । ਪੁਰਖ ਅਕਾਲ ਇਕੋ ਵੰਡੇ, ਦੇਵਣਹਾਰ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਇਸ ਵਹਿੰਗੀ ਦੀ ਵਹਿੰਦੀ ਧਾਰ, ਗੁਰ ਅਵਤਾਰ ਪੈਗ਼ੰਬਰ ਧਿਆਨ ਲਗਾਈਆ । ਇਸ ਦੇ ਵਿਚ ਵਸਤ ਅਪਾਰ, ਜੋ ਨਿਰਗੁਣ ਸਰਗੁਣ ਝੋਲੀ ਪਾਈਆ । ਇਸ ਦੇ ਵਿਚ ਅਗੰਮ ਭੰਡਾਰ, ਜੋ ਖੋਜਿਆਂ ਹੱਥ ਕਿਸੇ ਨਾ ਆਈਆ । ਏਸੇ ਨੂੰ ਲੱਭਦੇ ਗਏ ਗੁਰ ਅਵਤਾਰ, ਪੈਗ਼ੰਬਰ ਅੱਖ ਖੁਲ੍ਹਾਈਆ । ਏਸੇ ਦਾ ਰਾਹ ਤਕਦੇ ਗਏ ਸੂਫ਼ੀ ਸੂਲੀ ਚੜ੍ਹ ਹੋਏ ਖ਼ੁਆਰ, ਪੁੱਠੀ ਖੱਲ ਲੁਹਾਈਆ । ਬਿਨਾ ਗੋਬਿੰਦ ਦੇ ਹੱਥ ਨਾ ਫੜਾਈ ਕਿਸੇ ਕਰਤਾਰ, ਕੁਦਰਤ ਵੰਡ ਨਾ ਕਿਸੇ ਵੰਡਾਈਆ । ਇਹ ਲੇਖਾ ਓਸ ਵੇਲੇ ਜਿਸ ਵੇਲੇ ਜੂਝਣ ਲੱਗਾ ਸੀ ਜੁਝਾਰ, ਗੜ੍ਹੀ ਚਮਕੌਰ ਦਏ ਦੁਹਾਈਆ । ਵਹਿੰਗੀ ਨਜ਼ਰ ਆਈ ਜਿਸ ਨੇ ਸਭ ਦਾ ਚੁੱਕਣਾ ਭਾਰ, ਨਿਉਂ ਨਿਉਂ ਸੀਸ ਝੁਕਾਈਆ । ਗੋਬਿੰਦ ਤੇਰੇ ਉਤੋਂ ਬਲਿਹਾਰ, ਜੋ ਸੁਤ ਦੁਲਾਰੇ ਰਿਹਾ ਵਾਰ, ਗੁਰਮੁਖ ਪਿਆਰੇ ਕਰ ਸੰਸਾਰ, ਗੁਰਸਿੱਖ ਆਪਣੇ ਰੰਗ ਰੰਗਾਈਆ । ਗੋਬਿੰਦ ਕਿਹਾ ਜਿਸ ਵੇਲੇ ਆਵਾਂ ਦੂਜੀ ਵਾਰ, ਜੋਤ ਸਰੂਪੀ ਖੇਲ ਕਰਤਾਰ, ਸ਼ਬਦ ਡੰਕਾ ਵਜਾਵਾਂ ਧੁਰ ਦੀ ਧਾਰ, ਧਰਨੀ ਧਰਤ ਧਵਲ ਸੁਹਾਈਆ । ਓਸ ਵੇਲੇ ਗੁਰਮੁਖਾਂ ਭਾਰ ਲਵਾਂ ਉਠਾਲ, ਨਾਤਾ ਤੋੜ ਕੇ ਸ਼ਾਹ ਕੰਗਾਲ, ਸੇਵਾ ਲਾ ਕੇ ਆਪਣੇ ਲਾਲ, ਲਾਲਨ ਧੁਰ ਦਾ ਰੰਗ ਰੰਗਾਈਆ । ਚੁਰਾਸੀ ਵਿਚੋਂ ਕਰ ਬਹਾਲ, ਬਹਾਵਾਂ ਕੋਲ ਸਿੰਘ ਪਾਲ, ਜਿਥੇ ਦੀਪਕ ਜੋਤ ਬੇਮਿਸਾਲ, ਨਾਤਾ ਰਹੇ ਨਾ ਮਾਟੀ ਖਾਲ, ਸਚਖੰਡ ਦੁਆਰਾ ਸੱਚੀ ਧਰਮਸਾਲ, ਦੂਜਾ ਦਰ ਨਜ਼ਰ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੇ ਰੰਗ ਰੰਗਾਈਆ । ਲਹਿੰਦੇ ਪਾਸੇ ਪੁਰਖ ਅਕਾਲ ਦਾ ਖਾੜਾ, ਗੋਬਿੰਦ ਕਲਾ ਦਿਤੀ ਬਦਲਾਈਆ । ਦੂਲ੍ਹਾ ਬਣ ਕੇ ਧੁਰ ਦਾ ਲਾੜਾ, ਆਪਣਾ ਬਲ ਪ੍ਰਗਟਾਈਆ । ਪਿਤਾ ਪੂਤ ਦਾ ਇਕ ਅਖਾੜਾ, ਡੰਕਾ ਧੁਰਦਰਗਾਹੀਆ । ਬੋਲ ਕੇ ਇਕ ਲਲਕਾਰਾ, ਸ਼ਬਦ ਦਿਤਾ ਸੁਣਾਈਆ । ਭਗਤਾਂ ਦਾ ਵਿਵਹਾਰਾ, ਤੇਰੇ ਨਾਲ ਵਡਿਆਈਆ । ਲਹਿੰਦੇ ਤੋਂ ਚੜ੍ਹਦੇ ਦਾ ਵੇਖ ਨਜ਼ਾਰਾ, ਨਜ਼ਰੀਆ ਦਿਤਾ ਬਦਲਾਈਆ । ਕਿਉਂ ਏਥੇ ਗੁਰਮੁਖ ਦਾ ਦੁਆਰਾ, ਜਿਸ ਨੂੰ ਪਿਛੇ ਕਹਿੰਦੇ ਰਵਦਾਸ ਚਮਾਰਾ, ਸਤਿਜੁਗ ਦਾ ਸਾਚਾ ਬਣਨਾ ਸਹਾਰਾ,

੩੪੨

ਇਸ਼ਾਰਾ ਅਗਲੇ ਸਾਲ ਕਰਾਈਆ । ਨਵਾਂ ਹੋਣਾ ਇਕ ਵਿਹਾਰਾ, ਕੁਛ ਲੇਖਾ ਰਹਿ ਗਿਆ ਇੱਟਾਂ ਗਾਰਾ, ਭੇਵ ਅਭੇਦਾ ਦਏ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਵਾ ਪੰਜ ਸੇਰ ਇਹ ਜੋਤੀ ਧਾਰ ਘਿਰਤ, ਅਸ਼ਟਭੁਜ ਮੰਗ ਮੰਗਾਈਆ । ਓਹ ਵੀ ਅੱਜ ਪੂਰੀ ਕਰ ਕੇ ਜਾਏ ਆਪਣੀ ਹਿਰਸ, ਸਿੰਘ ਅਸਵਾਰ ਫੇਰਾ ਪਾਈਆ । ਓਹ ਬੈਠੀ ਵੇਖੇ ਕੋਲ ਬਿਰਖ, ਅੱਠੇ ਭੁਜਾਂ ਸੀਸ ਨਿਵਾਈਆ । ਨਾਲੇ ਕਹੇ ਪ੍ਰਭੂ ਬੜਾ ਬੇਕਿਰਕ, ਰਹਿਮਤ ਤਰਸ ਨਾ ਕੋਇ ਕਮਾਈਆ । ਸ੍ਰੀ ਭਗਵਾਨ ਕਹੇ ਮੈਂ ਉਨ੍ਹਾਂ ਮਿਲਾਂ ਬਿਛਰਤ, ਜੋ ਵਿਛੋੜੇ ਵਿਚ ਕੁਰਲਾਈਆ । ਜਿਹੜੇ ਆਪਣੇ ਇਸ਼ਟ ਦੀ ਕਰਨ ਐਸ਼ੋ ਇਸ਼ਰਤ, ਉਨ੍ਹਾਂ ਦੀ ਕਰਨ ਆਇਆ ਸਫ਼ਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਆਪਣਾ ਹੁਕਮ ਇਕ ਵਰਤਾਈਆ । ਗੋਬਿੰਦ ਗੋਬਿੰਦੇ ਉਪਦੇਸਾ, ਬ੍ਰਹਮਾ ਮਹੇਸਾ ਵਿਸ਼ਨੂੰ ਸ਼ੇਸ਼ਾ, ਗਣਪਤ ਗਣੇਸ਼ਾ ਸੁਣੌਂਣਾ ਆਦੇਸਾ, ਪੁਰਖ ਅਕਾਲੇ ਸੰਦੇਸ਼ਾ, ਨਿਰਗੁਣ ਧਾਰੇ ਵੇਸਾ, ਜੋਤੀ ਜੋਤ ਜੋਤ ਰੁਸ਼ਨਾਈਆ । ਗੋਬਿੰਦੇ ਕਲਾਮ ਕਹਿੰਦੇ ਅਮਾਮ, ਨਾਛਿੰਦੇ ਅਸਲਾਮ, ਬਖ਼ਸ਼ਿੰਦੇ ਤਮਾਮ ਜ਼ਾਹਿਰਾ ਜ਼ਹੂਰ ਨਜ਼ਰੀ ਆਈਆ । ਗੋਸ਼ੇ ਕੁਨਿੰਨ ਰਹਿਮਾਨੇ ਨਵਿੰਨ ਮੁਫ਼ਲਿਸਾਨੇ ਬਖ਼ਸ਼ਿੰਦ ਮਜ਼ਜਹਾਨੇ ਚਿੰਦ ਇਵਜ਼ਾਨੇ ਹਿੰਦ ਅਜ਼ੀਮੁਲਸ਼ਾਨ ਬੇਪ੍ਰਵਾਹੀਆ । ਦਰਗਾਹਿ ਦਾਈਜ਼ੇ ਰਹਿਬਰੇ ਅਜ਼ੀਜ਼ੇ ਜ਼ੇਬਾਨੇ ਜ਼ਮੀਜ਼ੇ ਕ਼ੁਰਾਨੇ ਤਮੀਜ਼ੇ ਸ਼ਲੀਉਲ ਯੁਜ਼ਾਹ ਰਬੀਉਲਰਬਾ ਹਜ਼ਰਤੇ ਦੁਆ ਖ਼ੁਦਾਏ ਨਵਾ ਰਹਿਮਤੇ ਰਹਿਮਾਨ ਰਹੀਮ ਇਕ ਅਖਵਾਈਆ । ਬਜ਼ਾਤੇ ਬਾਈਦ ਨਿਜ਼ਾਤੇ ਨਜ਼ੀਦ ਖੁਮਾਤੇ ਈਦ ਦੀਵਾਨੇ ਦੀਦ ਦੀਦਾ ਦਾਨਿਸਤਾ ਦਰੇ ਦਰਬਾਰ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਗੋਬਿੰਦੇ ਖੁਰੇ ਈਦ ਸਾਹਿਬੇ ਜ਼ਮੀਦ ਉਲਜ਼ਨੀ ਜ਼ਕੀਦ ਜ਼ਾਜ਼ੇ ਜ਼ੂਰ ਜ਼ੱਰਾ ਜ਼ੱਰਾ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਕਲਾਮੇ ਗੋਬਿੰਦ ਗੋਬਿੰਦੇ ਕਲਾਮ, ਕਲਮਾ ਕਾਇਨਾਤ ਸੋਭਾ ਪਾਈਆ । ਗੁਰਮੁਖ ਸਿੰਘ ਟਕੇ ਕੋਲ ਰੱਖੇ ਨੌਂ, ਨੌ ਖੰਡ ਮਾਇਆ ਦਏ ਰੁਲਾਈਆ । ਇਕ ਨਾਲ ਪ੍ਰਭ ਦਾ ਪੂਰਾ ਕੀਤਾ ਗਉਂ, ਗਹਿਰ ਗੰਭੀਰ ਦੀ ਖ਼ੁਸ਼ੀ ਦਿਤੀ ਬਣਾਈਆ । ਜਿਹੜੇ ਮਾਇਆ ਵਿਚ ਵੜ ਕੇ ਰਹੇ ਸੌਂ, ਕਲਜੁਗ ਮਾਇਆ ਚਾਰ ਕੁੰਟ ਵਹਾਈਆ । ਓਸ ਨੂੰ ਭਗਤਾਂ ਨਾਲ ਨਹੀਂ ਕੋਈ ਗਉਂ, ਲੁਕ ਕੇ ਆਪਣਾ ਝਟ ਲੰਘਾਈਆ । ਗੋਬਿੰਦ ਨੌ ਖੰਡ ਪ੍ਰਿਥਮੀ ਸ਼ਬਦੀ ਧਾਰ ਆਇਆ ਭਉਂ, ਭਾਂਡਾ ਭਰਮ ਭੰਨਾਈਆ । ਪ੍ਰਭੂ ਹੁਣ ਭੁੱਖਿਆਂ ਵਲ ਕਰ ਲੈ ਰਉਂ, ਦਰਦੀਆਂ ਦਰਦ ਗੁਆਈਆ । ਜਿਹੜੇ ਮਿੱਟੀ ਖ਼ਾਕ ਉਤੇ ਰਹੇ ਸੌਂ, ਜਾਗਤ ਸੋਵਤ ਤੇਰਾ ਧਿਆਨ ਲਗਾਈਆ । ਅੱਗੇ ਉਨ੍ਹਾਂ ਜੋਗਾ ਹੋ, ਕਲਜੁਗ ਕੂੜੀ ਕਿਰਿਆ ਕਰ ਸਫ਼ਾਈਆ । ਮਾਇਆਧਾਰੀ ਦੁਬਧਾ ਵਿਚ ਦੋ, ਏਕਾ ਰੂਪ ਨਾ ਕੋਇ ਸਮਾਈਆ । ਝੂਠੀ ਵਸਤ ਸਭ ਦੇ ਕੋਲੋਂ ਲੈਣੀ ਖੋਹ, ਖ਼ਾਲੀ ਦਏ ਕਰਾਈਆ । ਸਾਚੇ ਸੰਤਾਂ ਕਰੇ ਨਿਰਮੋਹ, ਗੁਰਮੁਖ ਆਪਣੀ ਗੋਦ ਉਠਾਈਆ । ਨਾਤਾ ਪੱਕਾ ਕਰ ਲੈ ਮੋਹ, ਮੁਹੱਬਤ ਇਕ ਬਣਾਈਆ । ਬਿਨਾ ਟਕਿਆਂ ਤੋਂ ਜੋ ਤੇਰੇ ਨਾਲ ਜਾਵਣ ਛੋਹ, ਉਨ੍ਹਾਂ ਦਾ ਲੋਇਣ ਦੇਣਾ ਖੁਲ੍ਹਾਈਆ । ਪਿਛਲੇ ਤੈਨੂੰ ਕਹਿੰਦੇ ਆਏ ਸਾਰੇ ਨਿਰਮੋਹ, ਮੁਹੱਬਤ ਹੱਕ ਨਾ ਕੋਇ ਕਮਾਈਆ । ਹੁਣ ਅਸੀਂ ਇਕੱਠੇ ਬਣ ਕੇ ਆਏ ਗ੍ਰੋਹ, ਮਜਲਸ ਧੁਰ ਦੀ ਇਕ ਕਮਾਈਆ । ਸਭ ਦੇ ਅੰਦਰ ਆਪਣਾ ਰਸ ਚੋ, ਅੰਮ੍ਰਿਤ ਬੂੰਦ ਚੁਆਈਆ । ਝਗੜਾ ਰਹੇ ਨਾ ਏਕਾ ਦੋ, ਦੂਆ ਏਕੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਰੰਗ ਦੇਣਾ ਚੜ੍ਹਾਈਆ । ਪੰਜ ਚੇਤ ਦੀ ਕਹੇ ਰਾਤ, ਰੁਤੜੀ ਇਕ ਮਹਿਕਾਈਆ । ਇਹ ਗੋਬਿੰਦ ਵਾਲੀ ਦਾਤ, ਜੋ ਨੰਗੇ ਤਨ ਛੁਹਾਈਆ । ਜਿਸ ਦਾ ਲੇਖਾ ਲਿਖੇ ਨਾ ਕੋਈ ਕ਼ਲਮ ਦਵਾਤ, ਸ਼ਾਹੀ ਚਲੇ ਨਾ ਕੋਇ ਚਤੁਰਾਈਆ । ਜਿਸ ਨੇ ਬਦਲ ਦੇਣਾ ਸਮਾਜ, ਦੀਨ ਦੁਨੀ ਉਲਟਾਈਆ । ਇਕ ਪੁਰਖ ਅਕਾਲ ਦਾ ਕਰਨਾ ਰਾਜ, ਰਈਅਤ ਦੋ ਜਹਾਨ ਵਖਾਈਆ । ਚਾਰ ਵਰਨ ਸੁਹੌਣਾ ਕਾਜ, ਕਰਨੀ ਕਰਤਾ ਹੁਕਮ ਵਰਤਾਈਆ । ਇਕ ਦੇ ਸੀਸ ਤੇ ਹੋਣਾ ਤਾਜ,

ਤਾਜਾਂ ਵਾਲੇ ਦੇਣੇ ਮਿਟਾਈਆ । ਨੌਂ ਖੰਡ ਪ੍ਰਿਥਮੀ ਵਿਚ ਸ਼ਬਦ ਅਗੰਮੀ ਸੁਣੌਣੀ ਆਵਾਜ਼, ਬਚਿਆ ਕੋਈ ਰਹਿਣ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚੀ ਕਰਨੀ ਕਾਰ ਕਮਾਈਆ । ਕਿਰਪਾਨ ਕਹੇ ਮੈਂ ਕੋਈ ਕਰਨ ਨਹੀਂ ਆਈ ਕਿਰਪਾ, ਕਿਰਪਨਾਂ ਦਿਆਂ ਵਡਿਆਈਆ । ਬਿਨਾ ਪੁਰਖ ਅਕਾਲ ਕੱਟੇ ਕੋਈ ਨਾ ਬਿਪਤਾ, ਜੁਗ ਜੁਗ ਨਾ ਹੋਏ ਸਹਾਈਆ । ਮਾਣ ਹੋਣਾ ਧੁਰ ਦੇ ਪਿਤ ਦਾ, ਪਤਿਪਰਮੇਸ਼ਵਰ ਦਏ ਵਡਿਆਈਆ । ਜੋ ਦੋ ਜਹਾਨਾਂ ਜਿੱਤਦਾ, ਬਿਨ ਸ਼ਸਤਰ ਕਰੇ ਲੜਾਈਆ । ਉਸ ਨੇ ਹੁਕਮ ਵਰਤੌਣਾ ਇਕ ਦਾ, ਗੋਬਿੰਦ ਨਾਲ ਚਤੁਰਾਈਆ । ਜੋ ਲਹਿਣੇ ਦੇਣੇ ਪੁਛਦਾ, ਲੱਖ ਚੁਰਾਸੀ ਖੋਜ ਖੁਜਾਈਆ । ਕਿਸੇ ਦੁਆਰੇ ਕਦੇ ਨਹੀਂ ਵਿਕਦਾ, ਕ਼ੀਮਤ ਨਾ ਕੋਇ ਚੁਕਾਈਆ । ਪੰਧ ਮੁਕਾ ਕੇ ਊਚ ਨੀਚ ਦਾ, ਇਕੋ ਘਰ ਦੇਣਾ ਵਸਾਈਆ । ਝਗੜਾ ਰਹਿਣ ਨਹੀਂ ਦੇਣਾ ਬੀਚ ਦਾ, ਵਿਚਲਾ ਪੜਦਾ ਦਏ ਉਠਾਈਆ । ਕਰਨਾ ਖੇਲ ਓਸ ਜਗਦੀਸ਼ ਦਾ, ਜਿਸ ਜਗਤ ਦ੍ਰਿਸ਼ਟੀ ਦੇਣੀ ਬਦਲਾਈਆ । ਕਲਜੁਗ ਕੂੜ ਕੁੜਿਆਰ ਵੇਖਿਓ ਪੀਸਦਾ, ਪਸਚਾਤਾਪ ਵਿਚ ਲੋਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਧੁਰ ਦਾ ਹੁਕਮ ਇਕ ਸੁਣਾਈਆ । ਨੌਂ ਛੁਹਾਰੇ ਨੌਂ ਬਦਾਮ, ਸੌਗੀ ਨੌਂ ਵੰਡ ਵੰਡਾਈਆ । ਇਹ ਵਸ਼ਿਸ਼ਟ ਨੇ ਸਗਣ ਦਿਤਾ ਸੀ ਰਾਮ, ਝੋਲੀ ਆਤਮ ਵਾਲੀ ਭਰਾਈਆ । ਏਹੋ ਸਗਣ ਮੁਹੰਮਦ ਨੇ ਦਿਤਾ ਜਦੋਂ ਸੁਣੀ ਅਗੰਮੀ ਕਲਾਮ, ਕਲਮਾ ਧੁਰਦਰਗਾਹੀਆ । ਸੱਜਦੇ ਵਿਚ ਕਰ ਸਲਾਮ, ਸੀਸ ਜਗਦੀਸ਼ ਦਿਤਾ ਨਿਵਾਈਆ । ਇਹ ਖੇਲ ਬੜਾ ਮਹਾਨ, ਵਸ਼ਿਸ਼ਟ ਰਾਮ ਰਿਹਾ ਦ੍ਰਿੜਾਈਆ । ਬਿਨਾ ਸਤਿਗੁਰ ਤੋਂ ਜੀਉਣਾ ਨਹੀਂ ਵਿਚ ਜਹਾਨ, ਮਨੁਸ਼ਾ ਜਨਮ ਕੰਮ ਕਿਸੇ ਨਾ ਆਈਆ । ਭਾਵੇਂ ਵਿਦਿਆ ਪੜ੍ਹ ਲਓ ਤੇ ਚੜ੍ਹ ਜਾਓ ਉਤੇ ਅਸਮਾਨ, ਅਭਿਮਾਨ

 ਵਿਚ ਨਾ ਕੋਇ ਚਤੁਰਾਈਆ । ਸਤਿਗੁਰੂ ਤੋਂ ਅੱਗੇ ਜਿੰਨਾਂ ਚਿਰ ਨਾ ਮਿਲੇ ਭਗਵਾਨ, ਜੋਤ ਵਿਚ ਜੋਤ ਨਾ ਕੋਇ ਸਮਾਈਆ । ਏਹੋ ਸ਼ਾਸਤਰ ਸਿਮਰਤ ਵੇਦ ਪੁਰਾਨ ੩੪੪

ਅੰਜੀਲ ਕ਼ੁਰਾਨ ਖਾਣੀ ਬਾਣੀ ਦਏ ਗਿਆਨ, ਹਰਫ਼ ਹਰੂਫ਼ਾਂ ਵਿਚ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਭੇਵ ਅਭੇਦ ਦਏ ਖੁਲ੍ਹਾਈਆ । ਪੈਗ਼ਾਮੇ ਮੁਹੰਮਦ ਵਾਹਿਦੇ ਖ਼ੁਦਾ ਅਲਾਹੀ ਹਮਦ ਜੁਦਾਈ ਜ਼ੁਜ਼ਾ ਜਿਹਨਾਈ ਜ਼ਨਾਂ ਬੇਨਾਈ ਅਜਾਂ ਖ਼ੁਦਾਈ ਸਹਮ ਖ਼ੁਦਾਈ ਖ਼ੁਦਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹੁਕਮੇ ਹਜ਼ੂ ਹਜ਼ੀਅਲ ਵਜ਼ੂ ਵਜ਼ਿਮਤੇ ਵਜ਼ੀਨੇ ਵਨਿਜ਼ ਵਾਜ਼ਿਆ ਦਿਤਾ ਕਰਾਈਆ । ਹੁਕਮੇ ਰੱਬੀ ਅਲਾਹੀ ਕਲਾਮ ਕਲਮਾ ਕੁਜ਼ਿੱਤੇ ਕਵਿਜ਼ਨੇ ਕਰਾਂ ਜ਼ਾਗਿਜ਼ਨੇ ਜ਼ਵਾ ਜ਼ਾਤੁਲ ਜ਼ਮਾਂ ਆਜ਼ਮਾ ਆਜ਼ਮਾ ਆਜ਼ਮਾ ਅਜ਼ੀਜ਼ੇ ਜਣਾ ਅਮਾਮੇ ਨਵਾਂ ਜ਼ਾਖੋਨੇ ਗੁਨਾਹ ਬਾਜ਼ੀਤੇ ਬਜ਼ੁਲਬ ਨਾਮਾਤੇ ਨਮਲਦ ਨਾਜ਼ਮਾਤੇ ਜ਼ਵਲਦ ਜ਼ੁਕਰੇ ਬਜ਼ੀਉਲ ਜ਼ਵਿਦ ਜ਼ਵੂ ਜ਼ਾਹ ਜ਼ੂਆ ਜ਼ਾਹਰਾ ਜ਼ਹੂਰ ਨਜ਼ਰੀ ਆਈਆ । ਸਵਾ ਗਿਠ ਇਹ ਗੋਬਿੰਦ ਦੀ ਨੀਲੀ ਟਾਕੀ, ਜਿਨ੍ਹ ਜੋਗੀਆਂ ਅਭਿਆਸੀਆਂ ਦਾ ਲੇਖਾ ਦਿਤਾ ਮੁਕਾਈਆ । ਬਿਨਾ ਪੁਰਖ ਅਕਾਲ ਤੋਂ ਦੂਜਾ ਰਹਿਣ ਨਹੀਂ ਦਿਤਾ ਸਾਕੀ, ਸਭ ਦੇ ਪਿਆਲੇ ਦਿਤੇ ਰੁੜ੍ਹਾਈਆ । ਬਿਨਾ ਸਤਿਗੁਰ ਸ਼ਬਦ ਤੋਂ ਗੁਰੂ ਰਹੇ ਨਾ ਕੋਇ ਤਨ ਖ਼ਾਕੀ, ਗੁਰੂ ਗ੍ਰੰਥ ਦਏ ਗਵਾਹੀਆ । ਬਿਨਾ ਪਰਮ ਪੁਰਖ ਪਰਮਾਤਮਾ ਤੋਂ ਲਹਿਣਾ ਦੇਣਾ ਚੁਕਾਏ ਕੋਈ ਨਾ ਬਾਕੀ, ਬਾਕ਼ਾਇਦਾ ਦਿਤਾ ਸੁਣਾਈਆ । ਬਿਨਾ ਗੋਬਿੰਦ ਦੇ ਅੰਮ੍ਰਿਤ ਜਾਮ ਤੋਂ ਬਦਲੇ ਨਾ ਕਿਸੇ ਦੀ ਹਯਾਤੀ, ਜੀਵਣ ਵਿਚ ਜੀਵਣ ਨਾ ਕੋਇ ਬਦਲਾਈਆ । ਸਭ ਨੂੰ ਮੰਨਣੀ ਪੈਣੀ ਪਰਮ ਪੁਰਖ ਦੀ ਆਖੀ, ਜਿਸ ਗੁਰ ਅਵਤਾਰ ਪੈਗ਼ੰਬਰ ਸਾਰੇ ਸੀਸ ਨਿਵਾਈਆ । ਇਹ ਨੀਲੀ ਸਭ ਦੀ ਪਿਠ ਉਤੇ ਉਹ ਟਾਕੀ, ਜਿਹੜੀ ਟਕਿਆਂ ਨਾਲ ਹੱਥ ਕਿਤੋਂ ਨਾ ਆਈਆ । ਇਸ ਵਿਚ ਨਾ ਕੋਈ ਮਜ਼੍ਹਬ ਤੇ ਨਾ ਕੋਈ ਜ਼ਾਤੀ, ਚਾਰ ਵਰਨਾਂ ਦੀ ਸਾਂਝੀ ਸਾਖੀ, ਜੋ ਨਾਨਕ ਨਿਰਗੁਣ ਸਰਗੁਣ ਸ੍ਰਿਸ਼ਟੀ ਗਿਆ ਸਮਝਾਈਆ । ਬਿਨਾ ਅਬਿਨਾਸ਼ੀ ਕਰਤੇ ਦਿਸੇ ਕੋਈ ਨਾ ਮੰਜ਼ਲ ਸਾਚੀ, ਜੋ ਘਾਟੇ ਪੂਰ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਸੱਜਣ ਧੁਰਦਰਗਾਹੀਆ ।

ਇੱਟ ਕਹੇ ਮੇਰੀ ਰਵਦਾਸ ਦੇ ਨਾਲ ਪ੍ਰੀਤੀ, ਜੋ ਘੁਟਨੇ ਹੇਠ ਦਬਾਈਆ । ਮੈਂ ਵੇਖਾਂ ਜੁਗ ਜੁਗ ਰੀਤੀ, ਨਿਤ ਨਿਤ ਧਿਆਨ ਲਗਾਈਆ । ਅੱਜ ਖ਼ੁਸ਼ੀ ਹੋਈ ਭਗਤਾਂ ਦੀ ਬਗ਼ੀਚੀ, ਸ੍ਰੀ ਭਗਵਾਨ ਦਿਤੀ ਸੁਹਾਈਆ । ਮੈਂ ਵੀ ਸੀਸ ਝੁਕਾਵਾਂ ਜਗਦੀਸ਼ ਆਪਣਾ ਸੀਸੀ, ਸਰਨ ਇਕ ਸਮਝਾਈਆ । ਮੈਂ ਨਿੱਕੀ ਜਿਹੀ ਗੱਲ ਪਿੱਛੇ ਰਵਦਾਸ ਨਾਲ ਕੀਤੀ, ਉਸ ਦੀ ਸਮਝ ਨਾ ਕੋਇ ਸਮਝਾਈਆ । ਹੱਸ ਕੇ ਕਿਹਾ ਓਏ ਭੁੱਖਿਆ ਜਿਸ ਵੇਲੇ ਸਦੀ ਚੌਧਵੀਂ ਬੀਤੀ, ਕਲਜੁਗ ਆਪਣਾ ਪੰਧ ਮੁਕਾਈਆ । ਪੁਰਖ ਅਕਾਲ ਧੁਰ ਦੀ ਖੇਲ ਕੀਤੀ, ਖ਼ਾਲਕ ਖ਼ਲਕ ਵੇਖ ਵਖਾਈਆ । ਓਸ ਵੇਲੇ ਸਭ ਦੀ ਬਦਲ ਜਾਣੀ ਨੀਤੀ, ਨੀਤੀਵਾਨ ਨਜ਼ਰ ਕੋਇ ਨਾ ਆਈਆ । ਮੇਰੀ ਇਕ ਯਾਦ ਕਰ ਲੈ ਚਿੱਠੀ, ਬਿਨਾ ਹੱਥਾਂ ਤੇਰੇ ਹੱਥ ਫੜਾਈਆ । ਪ੍ਰਭੂ ਦੀ ਧਾਰ ਹੋਣੀ ਭਗਤਾਂ ਦੀ ਇੱਕੀ, ਗੋਬਿੰਦ ਦੀ ਇੱਕੀ ਸਿੱਖੀ ਸਿਖਿਆ ਵਿਚ ਵਡਿਆਈਆ । ਫੇਰ ਮੈਂ ਇਕ ਕੁੱਲੀ ਬਣਾਣੀ ਨਿੱਕੀ, ਆਪਣੀ ਵੰਡ ਇੱਕੀ ਹਜ਼ਾਰ ਰਖਾਈਆ । ਜਿਥੇ ਚਾਰ ਜੁਗ ਦੇ ਭਗਤਾਂ ਨੇ ਸਿਖਿਆ ਸਿੱਖੀ, ਸਿਖਿਆ ਲੈ ਕੇ ਪ੍ਰਭ ਦਾ ਸ਼ੁਕਰ ਮਨਾਈਆ । ਸ਼ਹਿਨਸ਼ਾਹੀ ਸੰਮਤ ਪੰਜ ਵਿਚ ਪੂਰੀ ਕਰਾਂ ਇਹੋ ਮੇਰੀ ਇਛੀ, ਇਛਿਆ ਲੈ ਕੇ ਇਥੇ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮੇਰੀ ਧਾਰ ਰੱਖੇ ਸਿੱਧੀ, ਭਗਤ ਭਗਵਾਨ ਦੇ ਮਿਲਣ ਦੀ ਰਹੀ ਬਿਧੀ, ਬਿਦਨਾ ਦਾ ਲੇਖਾ ਰਹੇ ਨਾ ਰਾਈਆ ।

### ❊ ੬ ਮੱਘਰ ਸ਼ਹਿਨਸ਼ਾਹੀ ਸੰਮਤ ੪ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❊

 ਸਦੀ ਚੌਧਵੀਂ ਕਹੇ ਗੁਰਮੁਖ ਸਿੰਘ ਹੋਵੇ ਅਸਵਾਰ, ਸਾਂਢਣੀ ਉਤੇ ਸੋਭਾ ਪਾਈਆ । ਜੋੜਾ ਹੋਵੇ ਤਿੱਲੇਦਾਰ, ਨਵਾਂ ਨਕੋਰ ਨਜ਼ਰੀ ਆਈਆ । ਸਿਰ ਤੇ ਤੁਰਲੇ ੩੪੫
ਵਾਲੀ ਹੋਵੇ ਦਸਤਾਰ, ਰੰਗ ਨੀਲਾ ਸੋਭਾ ਪਾਈਆ । ਹੱਥ ਵਿਚ ਫੜੀ ਹੋਵੇ ਕਟਾਰ, ਬਿਨਾ ਮਿਆਨ ਤੋਂ ਚਮਕ ਵਿਚ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਲੇਖ ਬਣਾਈਆ । ਗੁਰਮੁਖ ਚੜ੍ਹੇ ਉਤੇ ਊਠ, ਓਟਾ ਢਈਆ ਰੰਗ ਰੰਗਾਈਆ । ਗੇੜਾ ਲਿਆਵੇ ਚਾਰ ਕੂਟ, ਸੰਗਤ ਇਰਦ ਗਿਰਦ ਭੁਆਈਆ । ਨਾਲ ਕੱਚੇ ਤੰਦ ਦਾ ਰੱਖੇ ਸੂਤ, ਧਾਗਾ ਸੋਹਣਾ ਸੋਭਾ ਪਾਈਆ । ਅੱਗੇ ਬਿਠਾਇਆ ਹੋਵੇ ਸੁਰਜੀਤ ਸਿੰਘ ਸਚ ਸਪੂਤ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਰੰਗ ਵਖਾਈਆ । ਅਜਮੇਰ ਸਿੰਘ ਫੜੀ ਹੋਵੇ ਮੁਹਾਰ, ਸਦੀ ਚੌਧਵੀਂ ਘੋਲੀ ਵਾਰੀ ਆਪਾ ਘੋਲ ਘੁਮਾਈਆ । ਇਸ ਦੀ ਟੇਢੀ ਹੋਵੇ ਦਸਤਾਰ, ਖੱਬਾ ਕੰਨ ਪੜਦੇ ਵਿਚ ਛੁਪਾਈਆ । ਹੱਥ ਵਿਚ ਫੜੀ ਹੋਵੇ ਸਤਾਰ, ਕਿੰਗ ਨਿੱਕੀ ਜਿਹੀ ਵਡਿਆਈਆ । ਗਾਵੇ ਮਸਤੀ ਵਾਲੀ ਧਾਰ, ਤੂੰਹੀ ਤੂੰਹੀ ਰਾਗ ਅਲਾਈਆ । ਪਾਲ ਸਿੰਘ ਲਾਲ ਪਗੜੀ ਬੰਨ੍ਹ ਟੇਢੀ ਰੂਪ ਬਣੇ ਘੁਮਿਆਰ, ਪੇਚ ਵਿੰਗੇ ਟੇਢੇ ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਹੁਕਮੇ ਅੰਦਰ ਆਪਣਾ ਹੁਕਮ ਬਦਲਾਈਆ । ਸਦੀ ਚੌਧਵੀਂ ਕਹੇ ਪੰਜ ਬਣੇ ਹੋਣ ਰਾਕਸ਼, ਦੁਰਗਾ ਨਾਲ ਦੁਹਾਈਆ । ਪੰਜ ਲੌਂਦੇ ਹੋਣ ਆਤਸ਼, ਅਨਾਰ ਫੁਹਾਰਿਆਂ ਵਾਲੇ ਚਲਾਈਆ । ਪੰਜ ਕਰਦੇ ਔਣ ਸਾਜ਼ਸ਼, ਝਗੜਾ ਇਕ ਦੂਜੇ ਨਾਲ ਬਣਾਈਆ । ਪੰਜ ਚੁੱਕੀ ਔਣ ਬਾਲਕ, ਛੋਟੇ ਨੰਨ੍ਹੇ ਕੰਧ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਦ ਆਪਣਾ ਖੇਲ ਵਖਾਈਆ । ਸਦੀ ਚੌਧਵੀਂ ਕਹੇ ਇਕ ਬਨਿਆ ਹੋਵੇ ਗੰਗੂ, ਬ੍ਰਾਹਮਣ ਰੂਪ ਵਟਾਈਆ । ਇਕ ਬਨਿਆ ਹੋਵੇ ਅੰਧੂ, ਨੈਣਹੀਣ ਸ਼ੁਦਾਈਆ । ਇਕ ਪੌਂਦਾ ਆਵੇ ਡੰਡੂ, ਰੌਲਾ ਵਾਹੋ ਦਾਹੀਆ । ਇਕ ਬਣ ਕੇ ਦੀਨਾਂ ਬੰਧੂ, ਬੰਧਨ ਆਪਣਾ ਆਪ ਪਵਾਈਆ । ਇਨ੍ਹਾਂ ਪਿਛੇ ਹੋਵੇ ਪੰਜਾਂ ਪਿਆਰਿਆਂ ਦਾ ਇਕ ਪੰਜੂ, ਪੰਜੇ ਲਾਲ ਰੰਗ ਰੰਗਾਈਆ । ਸਿਰ ਤੋਂ ਨੰਗਾ ਹੋਵੇ ਤੇਜਾ

ਸਿੰਘ ਗੰਜੂ, ਗਿਰਧਾਰਾ ਸਿੰਘ ਸਿਰ ਤੇਲ ਨਾਲ ਚਮਕਾਈਆ । ਬੁੱਢੜਾ ਨਾਲ ਹੋਵੇ ਨੰਦੂ, ਭੱਜੇ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਦੀ ਸਾਚੀ ਖੇਲ ਵਖਾਈਆ । ਸਦੀ ਚੌਧਵੀਂ ਕਹੇ ਰਣਜੀਤ ਕੌਰ ਕੋਲ ਹੋਵੇ ਠੰਡਾ ਪਾਣੀ, ਸਵਾ ਸੇਰ ਵੰਡ ਵੰਡਾਈਆ । ਇੱਕੀ ਬੀਬੀਆਂ ਪੜ੍ਹਨ ਧੁਰ ਦੀ ਬਾਣੀ, ਸ਼ਬਦ ਧੁਰ ਦਾ ਨਾਦ ਸੁਣਾਈਆ । ਇਨ੍ਹਾਂ ਵਿਚ ਇਕ ਹੋਵੇ ਕਾਣੀ, ਦੋਏ ਲੋਚਨ ਰੂਪ ਨਾ ਕੋਇ ਚਮਕਾਈਆ । ਇਕ ਹੋਵੇ ਤਰਖਾਣੀ, ਜ਼ਾਤ ਬਾਡੀ ਵੰਡ ਵੰਡਾਈਆ । ਜਿਸ ਦੇ ਹੱਥ ਹੋਵੇ ਮਧਾਣੀ, ਸਿਰੀ ਨਵੀਂ ਨਾਲ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਪੜਦਾ ਦਏ ਉਠਾਈਆ । ਸਦੀ ਚੌਧਵੀਂ ਕਹੇ ਨਾਲ ਲੈਣੀ ਤੇਜ ਭਾਨ ਵਾਲੀ ਗੀਤਾ, ਪੁਰਾਨ ਭਵਿਖਤ ਲੈਣਾ ਉਠਾਈਆ । ਅੰਜੀਲ ਉਤੇ ਲਾ ਕੇ ਕਾਲਾ ਫੀਤਾ, ਬਗ਼ਲ ਲੈਣੀ ਛੁਪਾਈਆ । ਪ੍ਰਭ ਨੇ ਵੇਖਣਾ ਸਭ ਦਾ ਕੀਤਾ, ਕੀ ਅੱਖਰ ਦੇਣ ਗਵਾਹੀਆ । ਪੜਦਾ ਲਾਹੁਣਾ ਸੱਤ ਦੀਪਾਂ, ਲੋਆਂ ਖੋਜ ਖੁਜਾਈਆ । ਪੰਜਾਂ ਸਿੱਖਾਂ ਚੜ੍ਹ ਕੇ ਉਪਰ ਜੀਪਾ, ਤਿੰਨ ਚੱਕਰ ਦੇਣੇ ਲਗਾਈਆ । ਜਿਨ੍ਹਾਂ ਵਿਚ ਇਕ ਹੋਵੇ ਜ਼ਰੂਰ ਦੀਪਾ, ਦਲੀਪ ਸਿੰਘ ਨਾਉਂ ਵਡਿਆਈਆ । ਓਹ ਖੜਕਾਉਂਦਾ ਜਾਏ ਪੀਪਾ, ਮੁਖੋਂ ਕਹੇ ਵੇਖੋ ਧੁਰ ਦਾ ਮਾਹੀਆ । ਇਕ ਬਣਿਆ ਹੋਵੇ ਸੀਤਾ, ਇਕ ਰਾਮ ਰੂਪ ਜਣਾਈਆ । ਇਕ ਖੇਲ ਕਰੇ ਕ੍ਰਿਸ਼ਨ ਅਨਡੀਠਾ, ਇਕ ਰਾਧਾ ਰੰਗ ਰੰਗਾਈਆ । ਇਕ ਅਸ਼ਟਭੁਜ ਦੀ ਲੈ ਸੀਟਾ, ਹੱਥਾਂ ਬਾਹਵਾਂ ਜੋੜ ਜੁੜਾਈਆ । ਇਕ ਮੰਗਦਾ ਹੋਵੇ ਭੀਖਾ, ਕੋਈ ਭਿਛਿਆ ਨਾਮ ਝੋਲੀ ਦੇਵੇ ਪਾਈਆ । ਇਕ ਤੱਤੀ ਕਰ ਕੇ ਹੱਥ ਵਿਚ ਸੀਖਾ, ਮੋਢਿਆਂ ਉਤੇ ਟਿਕਾਈਆ । ਇਕ ਕਾਲਾ ਮੁਖ ਕਰ ਕੇ ਮਾਰੇ ਚੀਕਾਂ, ਹਾਲ ਹਾਲ ਦੁਹਾਈਆ । ਇਕ ਜੋੜਾ ਹੋਵੇ ਪੁਤ੍ਰ ਧੀ ਕਾ, ਪ੍ਰੇਮ ਪ੍ਰੀਤੀ ਵਿਚ ਸਮਝਾਈਆ । ਇਕ ਰੋਗੀ ਹੋਵੇ ਰੀਹ ਕਾ, ਜਿਸ ਦਾ ਹੱਡ ਹੱਡ ਦਰਦ ਨਾਲ ਸਤਾਈਆ । ਇਕ ਹਿੰਦਸਾ ਲਿਖਿਆ ਹੋਵੇ ਵੀਹ ਕਾ, ਜੋ ਗੁਰਸਿੱਖ ਸਭ ਨੂੰ ਦਏ ਜਣਾਈਆ । ਇਕ ਦਾਣਾ ਹੋਵੇ ਬੀ ਕਾ, ਜਿਸ ਬੀਜ ਦੀ ਸਮਝ ਨਾ ਕੋਇ ਸਮਝਾਈਆ । ਇਕ ਹਿੱਸਾ ਹੋਣਾ ਹੀਹ ਕਾ, ਚੂਲ ਪਾਵੇ ਵਿਚੋਂ ਕਢਾਈਆ । ਇਕ ਡੱਬਾ ਹੋਣਾ ਸਵਾ ਪਾ ਘੀ ਕਾ, ਘਿਰਤ ਨਾਨਕ ਰਾਹ ਤਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਸਤਿਵਾਦੀ ਰੰਗ ਰੰਗਾਈਆ । ਸਦੀ ਚੌਧਵੀਂ ਕਹੇ ਮੈਂ ਵੇਖਾਂ ਧਾਰ ਨੀਲੀ, ਨੀਲੇ ਵਾਲਾ ਸੋਭਾ ਪਾਈਆ । ਨੌਆਂ ਬੀਬੀਆਂ ਦੇ ਨੱਕ ਵਿਚ ਹੋਵੇ ਤੀਲੀ, ਨਗ ਸੂਹੇ ਨਾਲ ਵਡਿਆਈਆ । ਇਕ ਇਕ ਹੱਥ ਵਿਚ ਹੋਵੇ ਕੀਲੀ, ਨੌ ਨੌਂ ਇੰਚ ਵੱਡੀ ਛੋਟੀ ਨਾ ਕੋਇ ਸਮਝਾਈਆ । ਉਨ੍ਹਾਂ ਉਤੇ ਚੁੰਨੀ ਹੋਵੇ ਗੀਲੀ, ਸਰਦੀ ਠੰਡ ਨਾ ਕੋਇ ਡਰਾਈਆ । ਜਿਸ ਦੀ ਧਾਰ ਹੋਵੇ ਪੀਲੀ, ਰੰਗ ਧੁਰ ਦਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਮਿਹਰ ਨਜ਼ਰ ਇਕ ਉਠਾਈਆ ।

### ❊ ੭ ਜੇਠ ਸ਼ਹਿਨਸ਼ਾਹੀ ਸੰਮਤ ੫ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ❊

ਸੂਰੀਆ ਕਹੇ ਸੁਣੋ ਚੰਦ ਸਤਾਰ, ਸਤਿ ਸਤਿਵਾਦੀ ਦਿਆਂ ਜਣਾਈਆ । ਵੇਖੋ ਖੇਲ ਅਗੰਮ ਅਪਾਰ, ਹਰਿ ਕਰਤਾ ਆਪ ਕਰਾਈਆ । ਜਿਸ ਦੀ ਆਸਾ ਰੱਖ ਕੇ ਗਏ ਗੁਰ ਅਵਤਾਰ, ਪੈਗੰਬਰ ਧਿਆਨ ਲਗਾਈਆ । ਸੋ ਸਾਹਿਬ ਸਵਾਮੀ ਪਾਵੇ ਸਾਰ, ਹਰਿ ਸੱਜਣ ਵੇਖ ਵਖਾਈਆ । ਜੁਗ ਚੌਕੜੀ ਲਹਿਣਾ ਦੇਣਾ ਦਏ ਉਧਾਰ, ਲੇਖਾ ਸਭ ਦਾ ਪੂਰ ਕਰਾਈਆ । ਧਰਨੀ ਧਰਤ ਧਵਲ ਸੁਣ ਪੁਕਾਰ, ਪਾਰਬ੍ਰਹਮ ਪ੍ਰਭ ਮਿਹਰ ਨਜ਼ਰ ਉਠਾਈਆ । ਚਾਰ ਕੁੰਟ ਬਣੇ ਸਹਾਰ, ਸਾਹਿਬ


੩੪੬

ਸੁਲਤਾਨ ਹੋ ਸਹਾਈਆ । ਸਭ ਕੁਛ ਆਪਣੇ ਰਖਣਾ ਅਖ਼ਤਿਆਰ, ਮੁਖ਼ਤਿਆਰਨਾਮਾ ਹੱਥ ਨਾ ਕਿਸੇ ਫੜਾਈਆ । ਕਲਜੁਗ ਬਦਲ ਦੇਵੇ ਧਾਰ, ਸਤਿਜੁਗ ਸਚ ਰੰਗ ਰੰਗਾਈਆ । ਸੰਮਤ ਪੰਜ ਖੇਲੇ ਖੇਲ ਸੱਚਾ ਸ਼ਾਹਕਾਰ, ਸ਼ਹਿਨਸ਼ਾਹ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਲੇਖਾ ਵੇਖ ਵਖਾਈਆ । ਸੂਰੀਆ ਕਹੇ ਵੇਖੋ ਚੰਦ ਸਿਤਾਰ ਮੀਤ, ਮਿੱਤਰੋ ਦਿਆਂ ਜਣਾਈਆ । ਚਾਰ ਕੁੰਟ ਰਿਹਾ ਚੀਕ, ਧੀਰਜ ਧੀਰ ਨਾ ਕੋਇ ਰਖਾਈਆ । ਕਾਇਆ ਹੋਏ ਨਾ ਠਾਂਡੀ ਸੀਤ, ਅਗਨੀ ਤੱਤ ਨਾ ਕੋਇ ਬੁਝਾਈਆ । ਆਤਮ ਪਰਮਾਤਮ ਬਣੇ ਨਾ ਕੋਈ ਪ੍ਰੀਤ, ਪ੍ਰੀਤਮ ਹੱਕ ਨਾ ਕੋਇ ਮਿਲਾਈਆ । ਰਸਨਾ ਰਸ ਲਏ ਕੋਇ ਨਾ ਮੀਠ, ਨਿਝਰ ਝਿਰਨਾ ਨਾ ਕੋਇ ਝਿਰਾਈਆ । ਤ੍ਰੈਗੁਣ ਹੋਏ ਨਾ ਕੋਇ ਅਤੀਤ, ਤ੍ਰੈਭਵਨ ਲਏ ਨਾ ਕੋਇ ਮਿਲਾਈਆ । ਜਿਸ ਸਾਹਿਬ ਦੀ ਕਰਨ ਉਡੀਕ, ਅਵਤਾਰ ਪੈਗ਼ੰਬਰ ਗੁਰ ਅੱਖ ਖੁਲ੍ਹਾਈਆ । ਸੋ ਸਭ ਦੀ ਕਰੇ ਤਸਦੀਕ, ਕਲਜੁਗ ਅੰਤਮ ਵੇਸ ਵਟਾਈਆ । ਅੰਧ ਅੰਧੇਰ ਮਿਟੇ ਤਾਰੀਕ, ਨਿਰਗੁਣ ਨੂਰ ਜੋਤ ਕਰ ਰੁਸ਼ਨਾਈਆ । ਸਾਚਾ ਨਾਮ ਦੱਸ ਹਦੀਸ, ਹਜ਼ੂਰ ਹਾਜ਼ਰ ਹੋ ਕਰੇ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਾਚਾ ਮੇਲਾ ਲਏ ਮਿਲਾਈਆ । ਸੂਰੀਆ ਕਹੇ ਵੇਖੋ ਚੰਦ ਸਿਤਾਰ ਮੇਰੇ ਸੱਜਣ, ਕੀ ਕਰਤਾ ਕਾਰ ਕਮਾਈਆ । ਨਾਮ ਨਗਾਰੇ ਦੋ ਜਹਾਨ ਕੀ ਵੱਜਣ, ਬ੍ਰਹਿਮੰਡ ਖੰਡ ਕਰਨ ਕੀ ਸ਼ਨਵਾਈਆ । ਸ੍ਰਿਸ਼ਟੀ ਦਾ ਇਕੋ ਕਰਨਾ ਭਜਨ, ਬੰਦਗੀ ਇਕ ਸਮਝਾਈਆ । ਲੱਖ ਚੁਰਾਸੀ ਤੋਲੇ ਸਭ ਦਾ ਵਜ਼ਨ, ਕੰਡਾ ਨਾਮ ਤਰਾਜ਼ੂ ਹੱਥ ਉਠਾਈਆ । ਸਤਿਜੁਗ ਸਾਚੀ ਕਰੇ ਰਚਨ, ਰਚਨਾ ਆਪਣੀ ਆਪ ਸਮਝਾਈਆ । ਗੁਰ ਅਵਤਾਰ ਪੈਗ਼ੰਬਰਾਂ ਪੂਰਾ ਕਰ ਕੇ ਬਚਨ, ਬੱਚਿਆਂ ਵਾਂਗ ਗੋਦ ਉਠਾਈਆ । ਸਚ ਦਵਾਰ ਸੁਹਾ ਕੇ ਵਤਨ, ਗ੍ਰਿਹ ਮੰਦਰ ਦਏ ਵਡਿਆਈਆ । ਚਾਰ ਵਰਨ ਦਾ ਸਾਂਝਾ ਕਰ ਕੇ ਪੱਤਨ, ਦਵਾਰਾ ਇਕੋ ਇਕ ਵਖਾਈਆ । ਜਿਥੇ ਦੂਸਰ ਚਲੇ ਨਾ ਕੋਇ ਯਤਨ, ਯਥਾਰਥ ਆਪਣਾ ਰੰਗ ਰੰਗਾਈਆ । ਭਗਤ ਸੁਹੇਲੇ ਸਾਚੇ ਵਸਣ, ਦਰਗਾਹ ਸਾਚੀ ਸੋਭਾ ਪਾਈਆ । ਲੱਖ ਚੁਰਾਸੀ ਕਾਇਆ ਕੱਟਣ, ਕਟਾਕਸ਼ ਆਪਣਾ ਨਾਮ ਲਗਾਈਆ । ਕਲਜੁਗ ਕੂੜੀ ਕਿਰਿਆ ਜੜ੍ਹ ਆਇਆ ਪੱਟਣ, ਪਟਨੇ ਵਾਲਾ ਸ਼ਬਦੀ ਧਾਰ ਖੇਲ ਖਿਲਾਈਆ । ਨਵ ਸੱਤ ਖੋਲ੍ਹ ਕੇ ਹੱਟਨ, ਵਸਤ ਅਮੋਲਕ ਇਕ ਵਰਤਾਈਆ । ਸਚ ਦਵਾਰ ਕਰ ਕੇ ਜਸ਼ਨ, ਖ਼ੁਸ਼ੀਆਂ ਰੰਗ ਦਏ ਰੰਗਾਈਆ । ਭਗਤ ਭਗਵਾਨ ਦਾ ਸਾਂਝਾ ਹੋਵੇ ਮਿਸ਼ਨ, ਮਸਲਾ ਅਵਰ ਨਾ ਕੋਇ ਚਤੁਰਾਈਆ । ਜਿਸ ਨੂੰ ਸਿਰ ਝੁਕਾਵਣ ਬ੍ਰਹਮਾ ਰਾਮ ਕ੍ਰਿਸ਼ਨ, ਸ਼ੰਕਰ ਲਾਗੇ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਆਪਣੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਵੇਖੋ ਨੈਣ ਉਘਾੜ, ਉਗਣ ਆਥਣ ਧਿਆਨ ਲਗਾਈਆ । ਦਿਸ਼ਾ ਵੇਖੋ ਇਕ ਪਹਾੜ, ਪਰਦਾ ਅੰਦਰ ਰਹੇ ਨਾ ਰਾਈਆ । ਚਾਰੋਂ ਕੁੰਟ ਦਿਸੇ ਉਜਾੜ, ਖੇੜਾ ਗ੍ਰਿਹ ਨਾ ਕੋਇ ਵਡਿਆਈਆ । ਮਨ ਹੰਕਾਰੀ ਦਿਸੇ ਧਾੜ, ਧਾੜਵੀ ਕਲਜੁਗ ਨਾਲ ਰਲਾਈਆ । ਸਾਚੀ ਮੰਜ਼ਲ ਸਕੇ ਕੋਈ ਨਾ ਚਾੜ੍ਹ, ਚੜ੍ਹਦਾ ਲਹਿੰਦਾ ਰਿਹਾ ਕੁਰਲਾਈਆ । ਸੋਹਣਾ ਖੇਲ ਖਿਲਾਉਣਾ ਸਤਾਰਾਂ ਹਾੜ, ਹੜ੍ਹਦੀ ਵੇਖੇ ਕੂੜ ਲੋਕਾਈਆ । ਸ੍ਰਿਸ਼ਟੀ ਚਬਾਏ ਆਪਣੀ ਦਾੜ੍ਹ, ਦੂਸਰ ਸਮਝ ਕਿਸੇ ਨਾ ਆਈਆ । ਗੁਰਮੁਖ ਦੁਲਾਰੇ ਉਠਾਉਣੇ ਚਾਰ, ਚਾਰੇ ਵਰਨਾਂ ਵਿਚੋਂ ਜਗਾਈਆ । ਚਾਰੇ ਪਾਣੀ ਬਰਸਣ ਧਾਰ, ਅੰਮ੍ਰਿਤ ਕਿਉੜਾ ਨਾਲ ਸੁਹਾਈਆ । ਚਾਰ ਸਿੱਖ ਬਣ ਕੇ ਰੂਪ ਨਾਰ, ਸੋਹਣਾ ਤਨ ਸ਼ਿੰਗਾਰ ਬਣਾਈਆ । ਹੱਥ ਖਿੱਚ ਨੰਗੀ ਕਟਾਰ, ਕੰਧਿਆਂ ਉਤੇ ਲੈਣ ਉਠਾਈਆ । ਨੌਂ ਚੱਕਰ ਲਾਉਣ ਵਿਚ ਦਰਬਾਰ, ਆਰ ਪਾਰ ਆਪਣਾ ਪੰਧ ਮੁਕਾਈਆ । ਨੌਂ ਵਾਰ ਬੋਲਣ ਜੈਕਾਰ, ਜੈ ਜੈਕਾਰ ਤੇਰੀ ਸ਼ਰਨਾਈਆ । ਫੇਰ ਗੁਰਮੁਖ ਸਿੰਘ ਉਠ ਕੇ ਉਨ੍ਹਾਂ ਦੇ ਸਿਰ ਦਏ ਪਿਆਰ, ਸਿਰ ਆਪਣਾ ਹੱਥ ਰਖਾਈਆ । ਫਿਰ ਕਰ ਪ੍ਰਭੂ ਨਿਮਸਕਾਰ, ਲਿਖਾਰੀਆਂ ਦੇ ਪਿੱਛੇ ਬੈਠਣ ਚਾਈਂ ਚਾਈਂਆ । ਜੋਤੀ ਜੋਤ

੩੪੭

ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਮਾਰ ਲਓ ਝਾਕੀ, ਅਗਲਾ ਝਾਕਾ ਰਹੇ ਨਾ ਰਾਈਆ । ਚਾਰ ਇਕੱਠੇ ਹੋਵਣ ਚਾਰੇ ਜ਼ਾਤੀ, ਖੱਤ੍ਰੀ ਬ੍ਰਾਹਮਣ ਸ਼ੂਦਰ ਵੈਸ਼ ਸੋਭਾ ਪਾਈਆ । ਚੌਹਾਂ ਦੇ ਹੱਥ ਵਿਚ ਹੋਵੇ ਇਕ ਇਕ ਲਾਠੀ, ਝੰਡੀਆਂ ਕਾਲੀਆਂ ਨਾਲ ਸੁਹਾਈਆ । ਨਾਲ ਲਿਖੀ ਹੋਵੇ ਪਾਤੀ, ਸਭ ਦਾ ਇਕੋ ਪਿਤਾ ਮਾਈਆ । ਓਨ੍ਹਾਂ ਦੇ ਬਸਤਰ ਹੋਵਣ ਖ਼ਾਕੀ, ਤਨ ਪੋਸ਼ਾਕ ਇਕ ਸੁਹਾਈਆ । ਖੇਲ ਹੋਣਾ ਸਤਾਰਾਂ ਹਾੜ ਦੀ ਰਾਤੀ, ਰੁਤ ਆਪਣੀ ਇਕ ਮਹਿਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸੂਰੀਆ ਕਹੇ ਚੰਦ ਸਿਤਾਰ ਖੋਲ੍ਹ ਕੇ ਵੇਖੇ ਆਪਣੀਆਂ ਅੱਖਾਂ, ਨੇਤਰ ਨੈਣ ਉਠਾਈਆ । ਇਕ ਗੁਰਮੁਖ ਸੂਰਾ ਪ੍ਰਭ ਬਣਾਉਣਾ ਆਪਣਾ ਬੱਚਾ, ਬਚਨ ਗੋਬਿੰਦ ਪੂਰ ਕਰਾਈਆ । ਉਹਦੇ ਗਲ ਤੰਦ ਹੋਵੇ ਕੱਚਾ, ਕ਼ਮੀਜ਼ ਨਾਲ ਨਾ ਕੋਇ ਛੁਹਾਈਆ । ਮੁਖੋਂ ਬਚਨ ਕਹੇ ਸੱਚਾ, ਤੁੱਧ ਬਿਨ ਦੂਜਾ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸੂਰੀਆ ਕਹੇ ਚੰਦ ਸਿਤਾਰ ਵੇਲਾ ਵਕ਼ਤ ਜਾਗੋ, ਆਪਣੀ ਲਓ ਅੰਗੜਾਈਆ । ਇਕੋ ਪੁਰਖ ਅਕਾਲ ਅਰਾਧੋ, ਦੂਜਾ ਰਾਗ ਨਾ ਕੋਇ ਸੁਣਾਈਆ । ਮੰਡਲ ਉਤੇ ਆਪਣਾ ਆਪ ਸਾਧੋ, ਸਾਧਨਾ ਸਚ ਰਿਹਾ ਜਣਾਈਆ । ਜਿਸ ਨੂੰ ਕਹਿੰਦੇ ਰਹਿਣ ਮਾਧਵ ਮਾਧੋ, ਮਧੁਰ ਧੁਨ ਰਾਗ ਦ੍ਰਿੜਾਈਆ । ਜਿਸ ਨੇ ਲੇਖਾ ਪੂਰ ਕਰਾਇਆ ਕ੍ਰਿਸ਼ਨ ਯਾਦੋ, ਸੋ ਬੰਸਰੀ ਹੱਕ ਸਚ ਸੁਣਾਈਆ । ਸਚ ਸਰਨਾਈ ਉਸ ਦੀ ਲਾਗੋ, ਜੋ ਲਗ ਮਾਤਰ ਡੇਰਾ ਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਵੇਖੋ ਗੋਬਿੰਦ ਵਾਲਾ ਪੱਤਰ, ਪਤ੍ਰਕਾ ਦਿਆਂ ਉਲਟਾਈਆ । ਪੰਜਾਂ ਗੁਰਮਖਾਂ ਦੇ ਹੱਥ ਵਿਚ ਹੋਣਾ ਛਤ੍ਰ, ਛਤ੍ਰਧਾਰੀ ਦਏ ਵਡਿਆਈਆ । ਪੰਜਾਂ ਦਾ ਨਾਮ ਲਿਖਿਆ ਹੋਵੇ ਵਿਚ ਇਕੋ ਸਤਰ, ਲਾਈਨ ਇਕੋ ਇਕ ਜਣਾਈਆ । ਓਨ੍ਹਾਂ ਵਿਚੋਂ ਬਣੇ ਕੋਈ ਨਾ ਚਤੁਰ, ਮੂਰਖ ਮੂੜ੍ਹ ਨਾ ਕਿਸੇ ਸੁਣਾਈਆ । ਲਾਲ ਰੰਗ ਦੀ ਬੰਨ੍ਹੀ ਹੋਵੇ ਗਲ ਵਿਚ ਕਤਰ, ਨੋਕ ਤਿੱਖੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਤਾਰ ਵੇਖੋ ਖੇਲ ਸ੍ਰੀ ਭਗਵਾਨਾ, ਹਰਿ ਕਰਤਾ ਆਪ ਦ੍ਰਿੜਾਈਆ । ਇੱਕੀ ਬੀਬੀਆਂ ਵੇਸ ਕਰਨਾ ਮਰਦਾਨਾ, ਮਰਦਾਂ ਵਾਂਗ ਆਪਣਾ ਬਲ ਪ੍ਰਗਟਾਈਆ । ਹੱਥ ਵਿਚ ਉਠਾਉਣਾ ਧਰਮ ਨਿਸ਼ਾਨਾ, ਨਿਸ਼ਾਨਾ ਧੁਰ ਦਾ ਇਕ ਵਖਾਈਆ । ਸਾਹਿਬ ਸੁਲਤਾਨ ਦਾ ਗਾਉਣਾ ਗਾਣਾ, ਤੂੰ ਦਾਤਾ ਬੇਪਰਵਾਹੀਆ । ਮੋਢਿਆਂ ਉਤੇ ਉਠਾਉਣ ਤੀਰ ਕਮਾਨਾ, ਰੰਗ ਇਕੋ ਇਕ ਬਣਾਈਆ । ਸਭ ਦਾ ਚਿੱਟਾ ਹੋਵੇ ਬਾਣਾ, ਬਾਣੀ ਧੁਰ ਦੀ ਧਾਰ ਸਮਝਾਈਆ । ਕਿਸੇ ਦਾ ਬਸਤਰ ਨਾ ਹੋਵੇ ਪੁਰਾਣਾ, ਪਾਰਬ੍ਰਹਮ ਭੇਵ ਖੁਲ੍ਹਾਈਆ । ਹਿਰਦੇ ਅੰਦਰ ਨਾ ਹੋਵੇ ਮਾਣਾ, ਨਿਰਮਾਣਤਾ ਵਿਚ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਚ ਮੇਲਾ ਲਏ ਮਿਲਾਈਆ । ਸੂਰੀਆ ਕਹੇ ਚੰਦ ਸਿਤਾਰ ਨਿਗਾਹ ਮਾਰੋ ਜਗ, ਜਗਜੀਵਣ ਦਾਤਾ ਦਏ ਵਡਿਆਈਆ । ਸਚ ਦਵਾਰਾ ਵੇਖੋ ਰਿਹਾ ਸਜ, ਹਰਿ ਸੱਜਣ ਆਪ ਸੁਹਾਈਆ । ਸਭ ਦਾ ਲਹਿਣਾ ਅਲਗ ਅਲਗ, ਵਖ ਵਖਰੀ ਸੇਵ ਲਗਾਈਆ । ਪੰਜਾਂ ਗੁਰਮੁਖਾਂ ਪੱਗ ਨੂੰ ਪਾਏ ਹੋਣ ਡੱਬ, ਰੰਗ ਇਕ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸੂਰੀਆ ਕਹੇ ਤਾਰਾ ਚੰਦ ਵੇਖਣਾ ਪ੍ਰਭ ਦਾ ਖੇਲ ਅਪਾਰਾ, ਹਰਿ ਕਰਤਾ ਆਪ ਕਰਾਈਆ । ਸੋਹਣਾ ਸੁਹੰਞਣਾ ਸੁਹਾਏ ਦਰਬਾਰਾ, ਦਰਗਾਹ ਸਾਚੀ ਸਚ ਬਣਾਈਆ । ਇਕ ਗੁਰਮੁਖ ਦਿੰਦਾ ਹੋਵੇ ਇਸ਼ਾਰਾ, ਇਸ਼ਾਰੇ ਝੰਡੇ ਨਾਲ ਜਣਾਈਆ । ਇਕ ਬੈਠਾ ਹੋਵੇ ਦੂਰ ਕਿਨਾਰਾ, ਭਗਤ ਦਵਾਰੇ ਚੋਟੀ ਚੜ੍ਹ ਕੇ ਰਾਗ ਅਲਾਈਆ । ਇਕ

੩੪੮

ਦਰਵਾਜ਼ੇ ਉਤੇ ਮਾਰੇ ਲਲਕਾਰਾ, ਖ਼ਬਰਦਾਰ ਹੋਵੇ ਲੋਕਾਈਆ । ਇਕ ਗੁਰਮੁਖ ਪੀਲੇ ਬਸਤਰ ਪਾ ਕੇ ਚੜ੍ਹੇ ਖਾਰਾ, ਜੋ ਆਪਣਾ ਆਪ ਭੇਟ ਕਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਭੇਵ ਅਭੇਦਾ ਆਪ ਖੁਲ੍ਹਾਈਆ । ਸੂਰੀਆ ਕਹੇ ਤਾਰਾ ਚੰਦ ਪ੍ਰਭ ਨੇ ਪੂਰੀ ਕਰਨੀ ਸ਼ਰਤ, ਸ਼ਰਅ ਦੇਣੀ ਚੁਕਾਈਆ । ਜੋ ਨਿਰਗੁਣ ਆਇਆ ਪਰਤ, ਪਤਿਪਰਮੇਸ਼ਵਰ ਵੇਸ ਵਟਾਈਆ । ਭਾਗ ਲਗਾਵੇ ਧਰਨੀ ਧਰਤ, ਧਵਲ ਹੋਏ ਸਹਾਈਆ । ਪੰਜਾਂ ਪਿਆਰਿਆਂ ਦੇ ਕੰਧੇ ਉਤੇ ਸੁਨਿਹਰੀ ਰੰਗ ਦਾ ਲੱਗਾ ਹੋਵੇ ਵਰਕ, ਸੱਜਾ ਪਾਸਾ ਮਿਲੇ ਵਡਿਆਈਆ । ਖੱਬੀ ਨੰਗੀ ਰੱਖਣੀ ਅਰਕ, ਪਰਦਾ ਉਪਰ ਨਾ ਕੋਇ ਕਰਾਈਆ । ਕਮਰਕਸੇ ਵਿਚ ਛੁਪਾ ਕੇ ਰੱਖਣੀ ਇਕ ਇਕ ਕਰਦ, ਖੰਜਰ ਗੋਬਿੰਦ ਨਾਲ ਵਡਿਆਈਆ । ਇਕ ਕੋਲ ਰੱਖਣਾ ਚਰਚ, ਗਿਰਜਾ ਸੋਹਣਾ ਰੂਪ ਬਣਾਈਆ । ਟਿਕਾਉਣਾ ਆ ਕੇ ਉਤੇ ਅਰਸ਼, ਪ੍ਰਭ ਚਰਨਾਂ ਭੇਟ ਚੜ੍ਹਾਈਆ । ਜੈਕਾਰਾ ਬੋਲਣਾ ਗਰਜ, ਢੋਲਾ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਇਹ ਖੇਲ ਹੋਣਾ ਭਾਰਤੀ, ਹਰਿ ਕਰਤਾ ਆਪ ਕਰਾਈਆ । ਨੌਆਂ ਬੀਬੀਆਂ ਕਰਨੀ ਆਰਤੀ, ਪੰਜ ਪੰਜ ਸ਼ਮਾਂਦਾਨ ਥਾਲੀਆਂ ਵਿਚ ਟਿਕਾਈਆ । ਧਾਰ ਗਾਉਣੀ ਇਕ ਏਕੰਕਾਰ ਦੀ, ਅਗੰਮ ਅਥਾਹ ਪੜ੍ਹਾਈਆ । ਅੱਗੇ ਰੀਤੀ ਬਦਲਣੀ ਸੰਸਾਰ ਦੀ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਿਵਾਈਆ । ਮੰਜ਼ਲ ਮੁਕਣੀ ਚਾਰ ਯਾਰ ਦੀ, ਮੁਹੰਮਦ ਨਿਉਂ ਨਿਉਂ ਲਾਗੇ ਪਾਈਆ । ਖੇਲ ਵੇਖਣੀ ਇਕ ਦਾਤਾਰ ਦੀ, ਦਇਆਵਾਨ ਦਏ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ



ਕਹੇ ਪੰਜ ਗੁਰਮੁਖ ਇਕੱਠੇ ਹੋਵਣ ਗਾਉਂਦੇ, ਗਾ ਗਾ ਸ਼ੁਕਰ ਮਨਾਈਆ । ਬਾਂਹ ਕੱਢ ਕੇ ਹੋਣ ਸੁਣਾਉਂਦੇ, ਪ੍ਰਭ ਤੇਰੀ ਬੇਪਰਵਾਹੀਆ । ਗੋਬਿੰਦ ਰਾਹ ਹੋਵਣ ਤਕਾਉਂਦੇ, ਨੇਤਰ ਲੋਚਣ ਅੱਖ ਉਠਾਈਆ । ਖੱਬਾ ਹੱਥ ਕੰਨਾਂ ਉਤੇ ਹੋਣ ਰਖਾਉਂਦੇ, ਗਰਦਨ ਟੇਢੀ ਕਰ ਟਿਕਾਈਆ । ਗੀਤ ਗਾਉਣ ਆਪਣੇ ਮਨ ਭਾਉਂਦੇ, ਜਗਤ ਵਾਲੀ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਇੱਕੀ ਬੀਬੀਆਂ ਗੀਤ ਗਾਉਣਾ ਸੁਹਾਗ, ਸੋਹਣਾ ਰਾਗ ਅਲਾਈਆ । ਪ੍ਰੇਮ ਵਿਚ ਆਵੇ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਸਵਾਧਾਨੀ ਵਿਚ ਜਾਣਾ ਜਾਗ, ਆਲਸ ਨਿੰਦਰਾ ਨਾ ਕੋਇ ਰਖਾਈਆ । ਮਾਝਾ ਮਾਲਵਾ ਦੁਆਬਾ ਜੰਮੂ ਆਪਣੀ ਆਪਣੀ ਕਢਣੀ ਆਵਾਜ਼, ਢੋਲੇ ਸੋਹਣੇ ਸਿਫ਼ਤ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਪੰਜ ਗੁਰਮੁਖ ਫਿਰਦੇ ਹੋਣ ਜਵਾਨ, ਜੋਬਨਵੰਤੇ ਨਜ਼ਰੀ ਆਈਆ । ਹੱਥਾਂ ਵਿਚ ਫੜੇ ਹੋਣ ਵਦਾਨ, ਮੋਢੇ ਸੱਜੇ ਉਤੇ ਛੁਹਾਈਆ । ਮੁਖੋਂ ਕਹਿਣ ਯੁੱਧ ਕਰਨਾ ਘਮਸਾਨ, ਚਾਰੋਂ ਕੁੰਟ ਜਗਤ ਲੜਾਈਆ । ਸੂਰਮਾ ਰਹੇ ਕੋਇ ਨਾ ਵਿਚ ਮੈਦਾਨ, ਸਿਰ ਸਕੇ ਨਾ ਕੋਇ ਉਠਾਈਆ । ਚਾਰ ਕੁੰਟ ਹੋਣੀ ਹੈਰਾਨ, ਹੈਰਾਨੀ ਸਕੇ ਨਾ ਕੋਇ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਪੰਜ ਬੁੱਢੜੀਆਂ ਮਾਈਆਂ ਕਪੜੇ ਪਾਉਣੇ ਸੂਹੇ, ਇਕੋ ਰੰਗ ਰੰਗਾਈਆ । ਹੱਥ ਵਿਚ ਫੜੇ ਹੋਣ ਮਰੇ ਹੋਏ ਚੂਹੇ, ਰੱਸੀ ਲੰਮੀ ਉਂਗਲ ਨਾਲ ਟਿਕਾਈਆ । ਉਨ੍ਹਾਂ ਵਿਚੋਂ ਇਕ ਇਕ ਵਾਰੀ ਵਾਰੀ ਕਹੇ, ਬਹੁੜੀ ਬਹੁੜੀ ਤੇਰੀ ਦੁਹਾਈਆ । ਬਿਨ ਤੇਰੀ ਕਿਰਪਾ ਜਗਤ ਜਹਾਨ ਸਾਰਾ ਰੁੜ੍ਹੇ, ਜੀਵਣ ਹੱਥ ਕਿਸੇ ਨਾ ਆਈਆ । ਅਸੀਂ ਅੰਤ ਸਮੇਂ ਪ੍ਰਭੂ ਸਭ ਆਈਆਂ ਤੇਰੀ ਜੂਹੇ, ਘਰ ਬਾਰ ਤਜਾਈਆ । ਸਭ ਦੀ ਲੇਖੇ ਲਾ ਲੈ ਰੂਹੇ, ਆਪ ਆਪਣਾ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ

ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਇਕ ਦੂਜੇ ਦੇ ਫੜ ਲਓ ਮੋਢੇ, ਮੁਢਲਾ ਹਾਲ ਸੁਣਾਈਆ । ਪੰਜਾਂ ਗੁਰਮੁਖਾਂ ਬੈਠਣਾ ਭਾਰ ਗੋਡੇ, ਕਮਰ ਸਿੱਧੀ ਸਚ ਰਖਾਈਆ । ਓਨ੍ਹਾਂ ਦੇ ਕੋਲ ਹੋਵਣ ਪੰਜ ਪੰਜ ਡੋਡੇ, ਪੋਸਤ ਵਾਲੇ ਉਠਾਈਆ । ਸਿਰ ਤੇ ਰੱਖੇ ਹੋਵਣ ਬੋਦੇ, ਜੰਞੂ ਕੇਸ ਨਾ ਬੋਦੀ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਚੰਦ ਸਿਤਾਰ ਪੰਜਾਂ ਬੀਬੀਆਂ ਆਪਣੀ ਮਰਜੀ ਦੇ ਪਾਉਣੇ ਬਸਤਰ, ਹਿੱਸਾ ਰੰਗ ਨਾ ਕੋਇ ਵਡਿਆਈਆ । ਆਪਣੀ ਖ਼ੁਸ਼ੀ ਦੇ ਉਠਾਉਣੇ ਸ਼ਸਤਰ, ਤਨ ਹੱਥਾਂ ਨਾਲ ਸੁਹਾਈਆ । ਸ਼ਾਹੀ ਫ਼ੌਜ ਦਾ ਬਣ ਕੇ ਲਸ਼ਕਰ, ਆਪਣਾ ਬਲ ਪ੍ਰਗਟਾਈਆ । ਜੋ ਸੰਦੇਸ਼ਾ ਦੇ ਕੇ ਗਿਆ ਗੋਬਿੰਦ ਪੁਸ਼ਕਰ, ਸੋ ਪੂਰਾ ਦੇਣਾ ਕਰਾਈਆ । ਅੰਤਰ ਸਭ ਦਾ ਹੋਵੇ ਖ਼ੁਸ਼ੀ ਦਿਲ, ਗ਼ਮੀ ਨੇੜ ਕੋਇ ਨਾ ਆਈਆ । ਓਨ੍ਹਾਂ ਵਿਚੋਂ ਹੋਵੇ ਕੋਈ ਨਾ ਬੁਜ਼ਦਿਲ, ਲੋਕ ਲੱਜਿਆ ਵਿਚ ਜੋ ਸ਼ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚਾ ਹੁਕਮ ਇਕ ਸੁਣਾਈਆ । ਸੂਰੀਆ ਕਹੇ ਚੰਦ ਸਿਤਾਰ ਪੰਜਾਂ ਗੁਰਮੁਖਾਂ ਹੋਵੇ ਇਕ ਜਮਾਤ, ਉਮਰ ਇਕੋ ਨਜ਼ਰੀ ਆਈਆ । ਇਕੋ ਹੋਵੇ ਜ਼ਾਤ, ਇਕੋ ਕੁਲ ਵਡਿਆਈਆ । ਇਕੋ ਹੋਵੇ ਘਾਟ, ਮੰਜ਼ਲ ਇਕੋ ਰਾਹ ਤਕਾਈਆ । ਇਕੋ ਹੋਵੇ ਨਾਤ, ਨਾਤਾ ਭੈਣ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੂਰੀਆ ਕਹੇ ਸੁਣ ਚੰਦ ਸਿਤਾਰ, ਚੰਨਾਂ ਦਿਆਂ ਜਣਾਈਆ । ਅਗਲਾ ਲੇਖਾ ਅਗੰਮ ਅਪਾਰ, ਸਹਿਜ ਸਹਿਜ ਸਮਝਾਈਆ । ਕੀ ਖੇਲ ਕਰੇ ਸੱਚੀ ਸਰਕਾਰ, ਹਰਿ ਕਰਤਾ ਪੁਰਦਰਗਾਹੀਆ । ਜਿਤਨਾ ਹੁਕਮ ਸੰਦੇਸ਼ਾ ਦੇਵੇ ਆਪਣੀ ਧਾਰ, ਧਰਨੀ ਧਰਤ ਧਵਲ ਦਿਆਂ ਦ੍ਰਿੜਾਈਆ । ਅੰਤ ਕਰ ਕੇ ਨਿਮਸਕਾਰ, ਚਰਨ ਕਵਲ ਸੀਸ ਝੁਕਾਈਆ । ਸਤਿ ਧਰਮ ਦਾ ਬੋਲ ਜੈਕਾਰ, ਢੋਲਾ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਪੰਜਾਂ ਗੁਰਮੁਖਾਂ ਤੇੜ ਪਵਾ ਸਲਵਾਰ, ਚਲਾਏ ਨਾਲ ਤਿੱਖੀ ਰਫ਼ਤਾਰ, ਕ਼ਦਮ ਕ਼ਦਮ ਨਾਲ ਬਦਲਾਈਆ ।

੩੫੦

### ✲ ੧੯ ਜੇਠ ਸ਼ਹਿਨਸ਼ਾਹੀ ਸੰਮਤ ੫ ਗਿਆਨੀ ਗੁਰਮੁਖ ਸਿੰਘ ਦੇ ਗ੍ਰਹਿ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✲

ਸੰਮਤ ਪੰਜ ਕਹੇ ਮੇਰਾ ਮਿਹਰਵਾਨ ਖ਼ੁਦਾ, ਜੁਗ ਚੌਕੜੀ ਵੇਸ ਵਟਾ, ਕਰਨੀ ਕਰਤਾ ਕਾਰ ਕਮਾਈਆ । ਧੁਰ ਸੰਦੇਸ਼ਾ ਦਏ ਸੁਣਾ, ਹੱਕ ਹਕ਼ੀਕ਼ਤ ਸਮਝਾਈਆ । ਜਿਸ ਦਾ ਮੈਂ ਤਕਦਾ ਰਿਹਾ ਰਾਹ, ਨਿਤ ਨਵਿਤ ਧਿਆਨ ਲਗਾਈਆ । ਸੋ ਵੇਖਣਹਾਰਾ ਥਾਉਂ ਥਾਂ, ਥਾਨ ਥਨੰਤਰ ਖੋਜ ਖੁਜਾਈਆ । ਜੁਗ ਜਨਮ ਦੇ ਵਿਛੜਿਆਂ ਪਕੜੇ ਬਾਂਹ, ਸਿਰ ਆਪਣਾ ਹੱਥ ਟਿਕਾਈਆ । ਕੋਟ ਜਨਮ ਦੇ ਬਖ਼ਸ਼ ਗੁਨਾਹ, ਪਤਤ ਪੁਨੀਤ ਦਏ ਕਰਾਈਆ । ਜਿਸ ਨੂੰ ਕਹਿੰਦੇ ਹੱਕ ਅਲਾਹ, ਆਦਿ ਜੁਗਾਦਿ ਨੂਰ ਖ਼ੁਦਾਈਆ । ਸੋ ਹੁਕਮ ਸੰਦੇਸ਼ਾ ਰਿਹਾ ਸੁਣਾ, ਧੁਰ ਦੀ ਧਾਰ ਇਕ ਜਣਾਈਆ । ਤੇਜਭਾਨ ਬਣਿਆ ਹੋਵੇ ਬਹਾਦਰ ਸ਼ਾਹ, ਲੇਖਾ ਗੋਬਿੰਦ ਵਾਲਾ ਦ੍ਰਿੜਾਈਆ । ਚੋਬਦਾਰ ਤਿੰਨ ਰਲਾ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸੰਮਤ ਪੰਜ ਕਹੇ ਬਹਾਦਰ ਸ਼ਾਹ ਚੁਕਾਉਣਾ ਲੇਖ, ਭਵਿਖਤ ਦਏ ਗਵਾਹੀਆ । ਹਰਿ ਗੋਬਿੰਦ ਲਏ ਵੇਖ, ਗੋਬਿੰਦ ਸਤਿਗੁਰ ਪਰਦਾ ਲਾਹੀਆ । ਪੂਰਬ ਜਾਣੇ ਭੇਤ, ਅਗਲਾ ਆਪ ਖੁਲ੍ਹਾਈਆ । ਸਾਚਾ ਕਰ ਕੇ ਹੇਤ, ਲਹਿਣਾ ਝੋਲੀ ਪਾਈਆ । ਦੇਵੇ ਨਾਮ ਸੰਦੇਸ਼, ਕਲਮਾ ਸਚ ਜਣਾਈਆ । ਰਾਮ ਦਵਾਰੇ ਹੋਣਾ ਪੇਸ਼, ਪੇਸ਼ਤਰ ਆਪਣੀ ਕਾਰ ਕਮਾਈਆ । ਜੋਤੀ

ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਮੈਂ ਵੇਖ ਹੋਇਆ ਮਮਨੂਨ, ਕੀ ਕਰਤਾ ਕਾਰ ਕਮਾਈਆ । ਜਿਸ ਦਾ ਜੁਗ ਚੌਕੜੀ ਕ਼ਾਨੂੰਨ, ਕਾਇਦਾ ਬਾਕਾਇਦਾ ਇਕ ਸਮਝਾਈਆ । ਸੰਦੇਸ਼ਾ ਦੇਵੇ ਨਾਮਾਲੂਮ, ਜਿਸ ਨੂੰ ਸਮਝੇ ਕੋਇ ਨਾ ਰਾਈਆ । ਦੀਨ ਦੁਨੀ ਹੋਈ ਮਾਸੂਮ, ਮਸਲਾ ਹੱਲ ਨਾ ਕੋਇ ਕਰਾਈਆ । ਭੇਵ ਅਭੇਦਾ ਜਣਾਏ ਮਜ਼ਮੂਨ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਸੰਮਤ ਕਹੇ ਜਿਸ ਵੇਲੇ ਬਹਾਦਰ ਸ਼ਾਹ ਕੀਤੀ ਪੁਕਾਰ, ਗੋਬਿੰਦ ਸੀਸ ਨਿਵਾਈਆ । ਉਸ ਵੇਲੇ ਕੀਤਾ ਅਗੰਮ ਇਕਰਾਰ, ਆਪਣਾ ਲੇਖ ਨਾ ਕੋਇ ਬਣਾਈਆ । ਜਗਤ ਸ਼ਹਿਨਸ਼ਾਹ ਰਹਿਣਾ ਖ਼ਬਰਦਾਰ, ਨੇਤਰ ਬੰਦ ਨਾ ਵੇਖ ਵਖਾਈਆ । ਸੋਹਣਾ ਹੁਕਮ ਉਸ ਪਰਵਰਦਿਗਾਰ, ਜਿਸ ਨੂੰ ਮੁਹੰਮਦ ਸਜਦਾ ਸੀਸ ਝੁਕਾਈਆ । ਭੁੱਲ ਨਾ ਜਾਣਾ ਵਿਚ ਸੰਸਾਰ, ਸਹਿਸਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਵੇਖਣਹਾਰਾ ਥਾਉਂ ਥਾਈਂਆ । ਗੋਬਿੰਦ ਕਿਹਾ ਸ਼ਾਹ ਬਹਾਦਰ, ਸ਼ਹਿਨਸ਼ਾਹ ਦਏ ਵਡਿਆਈਆ । ਅੰਤ ਰਹੇ ਕੋਈ ਨਾ ਸਾਬਤ, ਸਬੂਰੀ ਹੱਥ ਕਿਸੇ ਨਾ ਆਈਆ । ਜਿਸ ਨੂੰ ਲਿਖੇ ਕੋਈ ਨਾ ਕਾਤਬ, ਓਹ ਲੇਖਾ ਆਪਣੇ ਵਿਚ ਛੁਪਾਈਆ । ਕਲਜੁਗ ਅੰਤਮ ਕਰੇ ਮੁਖ਼ਾਤਬ, ਸਚ ਸਵਾਮੀ ਪਰਦਾ ਲਾਹਿਆ । ਜਿਸ ਵੇਲੇ ਅਵਤਾਰ ਪੈਗ਼ੰਬਰਾਂ ਗੁਰੂਆਂ ਰਿਹਾ ਨਾ ਕੋਇ ਤੁਆਕ਼ਬ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਮਨ ਅਫ਼ਗ਼ਾਨੀ ਕਰੇ ਬਗ਼ਾਵਤ, ਮਰਦ ਜਵਾਨ ਕੰਮ ਕਿਸੇ ਨਾ ਆਈਆ । ਫੀਲ ਚਲਾਵੇ ਨਾ ਕੋਇ ਮਹਾਬਤ, ਗਜ ਕ਼ਦਮ ਨਾ ਕੋਇ ਉਠਾਈਆ । ਸਚ ਕਰੇ ਨਾ ਕੋਇ ਸਖ਼ਾਵਤ, ਰਹਿਮਤ ਹੱਕ ਨਾ ਕੋਇ ਕਮਾਈਆ । ਦੀਨ ਦੁਨੀ ਰਹੇ
੩੫੧ ਨਾ ਸਚ ਬਨਾਵਟ, ਕੂੜੀ ਦਿਸੇ ਸ਼ਹਿਨਸ਼ਾਹੀਆ । ਕਰਮ ਕਰਮ ਕਰੇ ਅਦਾਵਤ, ਧਰਮ ਧਰਮ ਨਾਲ ਲੜਾਈਆ । ਉਸ ਵੇਲੇ ਤੇਰੀ ਭੁਗਤਾਉਣੀ ਇਕ ਸ਼ਹਾਦਤ, ੩੫੧
ਗੋਬਿੰਦ ਸ਼ਬਦ ਨਾਲ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਲਏ ਮਿਲਾਈਆ । ਗੋਬਿੰਦ ਕਿਹਾ ਸੁਣ ਸ਼ਾਹ ਬਹਾਦਰ ਬੰਧੂ, ਬਿਨ ਬੰਦਗੀ ਦਿਆਂ ਜਣਾਈਆ । ਪ੍ਰਭ ਦਾ ਲਹਿਣਾ ਦੇਣਾ ਧਾਰ ਸਿੰਧੂ, ਸਿੰਧ ਸਾਗਰ ਸੀਸ ਨਿਵਾਈਆ । ਲਹਿਣਾ ਪੂਰਾ ਕਰਨਾ ਚੰਦੂ, ਤੇਰਾ ਲੇਖਾ ਅੰਤ ਗਣਾਈਆ । ਜੋ ਦਰਵੇਸ਼ ਬਣਿਆ ਚੰਦੂ, ਚੰਦ ਚਾਂਦਨਾ ਨੂਰ ਚਮਕਾਈਆ । ਨਿਮਕ ਹਰਾਮ ਵੇਖਣਾ ਗੰਗੂ, ਚਾਰੇ ਕੁੰਟ ਵੇਖ ਵਖਾਈਆ । ਪਰਦਾ ਲਾਹੁਣਾ ਜੋ ਨਾਨਕ ਚਾਰੀਆਂ ਮੱਝੂ, ਪਾਲੀ ਬਣ ਕੇ ਸੇਵ ਕਮਾਈਆ । ਸੁਣ ਹੁਕਮ ਅਨੋਖਾ ਛੰਦੂ, ਜਗਤ ਸ਼ਾਹ ਰਿਹਾ ਦ੍ਰਿੜਾਈਆ । ਜਿਸ ਵੇਲੇ ਸਦੀ ਚੌਧਵੀਂ ਲੰਘੂ, ਅੰਤ ਅਖ਼ੀਰ ਵਖਾਈਆ । ਬਿਨਾ ਖ਼ੁਦਾ ਤੋਂ ਰਹੇ ਕੋਈ ਨਾ ਦੀਨਾ ਬੰਧੂ, ਬੰਧਨ ਸਕੇ ਨਾ ਕੋਇ ਤੁੜਾਈਆ । ਧੁਰ ਦਾ ਕਲਮਾ ਕੋਇ ਨਾ ਵੰਡੂ, ਵੰਡਾਂ ਹਿੱਸੇ ਸਭ ਦੇ ਦਏ ਕਰਾਈਆ । ਸਾਚੀ ਮੰਜ਼ਲ ਕੋਇ ਨਾ ਲੰਘੂ, ਧਰਮ ਦਾ ਕ਼ਦਮ ਨਾ ਕੋਇ ਉਠਾਈਆ । ਪੁਰਖ ਅਕਾਲਾ ਗੁਰ ਅਵਤਾਰ ਪੈਗ਼ੰਬਰਾਂ ਲੇਖਾ ਮੰਗੂ, ਬਚਿਆ ਰਹਿਣ ਕੋਇ ਨਾ ਪਾਈਆ । ਲੇਖਾ ਚੁਕਾਏ ਇਸਾਈ ਸਿੱਖ ਮੁਸਲਿਮ ਹਿੰਦੂ, ਹਿੰਦਵਾਇਣ ਪਰਦਾ ਲਾਹੀਆ । ਜਗਤ ਵਸੇਰਾ ਕਰ ਕੇ ਪਿੰਡੂ, ਪਿੰਡ ਇੰਡ ਬ੍ਰਹਿਮੰਡ ਖੋਜ ਖੁਜਾਈਆ । ਜਗਤ ਜਹਾਨ ਸ਼ਾਹ ਸੁਲਤਾਨ ਵੇਖ ਕੇ ਟਿੰਗੂ, ਟਿੰਗਾਂ ਵਾਲਿਆਂ ਡੇਰਾ ਢਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਸੰਮਤ ਪੰਜ ਕਹੇ ਪੰਜ ਬਣੇ ਹੋਵਣ ਮੁਗ਼ਲ, ਮੁਗ਼ਲੀਆ ਖ਼ਾਨਦਾਨ ਵਡਿਆਈਆ । ਜਿਨ੍ਹਾਂ ਦੇ ਮਸਤਕ ਅੰਤਮ ਗੋਬਿੰਦ ਲਾਈ ਉਂਗਲ, ਇਸ਼ਾਰਾ ਗਿਆ ਕਰਾਈਆ । ਜਿਸ ਵੇਲੇ ਕਲਜੁਗ ਆਇਆ ਮੁੱਕਣ, ਅੰਤਮ ਪੰਧ ਮੁਕਾਈਆ । ਪੁਰਖ ਅਕਾਲਾ ਭਗਤਾਂ ਆਵੇ ਗੋਦੀ ਚੁੱਕਣ, ਫੜ ਬਾਹੋਂ ਗੋਦ ਉਠਾਈਆ । ਜਗਤ ਜਹਾਨ ਆਵੇ ਲੁਕਣ, ਨੇਤਰ ਨਜ਼ਰ ਕੋਇ ਨਾ ਆਈਆ । ਬਹਾਦਰ ਸ਼ਾਹ ਤੇਰੀ ਖੁਲ੍ਹਾਵੇ ਬੁੱਕਲ, ਪਰਦਾ

ਦਏ ਲਾਹੀਆ । ਗੋਬਿੰਦ ਸੂਰਾ ਨਾਲ ਹੋਵੇ ਪੁੱਤਰ, ਪਿਤਾ ਪੂਤ ਰੰਗ ਸਮਾਈਆ । ਦਰਗਾਹੋਂ ਸਾਚੀ ਆਵੇ ਉਤਰ, ਉੱਤਰ ਪੂਰਬ ਪੱਛਮ ਦੱਖਣ ਸਮਝ ਕਿਸੇ ਨਾ ਪਾਈਆ । ਤੁਸਾਂ ਸਭ ਨੇ ਕਰਨਾ ਸ਼ੁਕਰ, ਸ਼ੁਕਰਾਨੇ ਵਿਚ ਵਡਿਆਈਆ । ਨਾਲ ਫੜ ਕੇ ਲਿਆਉਣਾ ਕੁੱਕੜ, ਰੰਗ ਚਿੱਟਾ ਸੋਭਾ ਪਾਈਆ । ਇਕ ਕਸਾਈ ਹੋਵੇ ਨਾਲ ਬੁੱਚੜ, ਡਰਾਉਣੀ ਆਪਣੀ ਸ਼ਕਲ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਚੀ ਖੇਲ ਵਖਾਈਆ । ਸੰਮਤ ਪੰਜ ਕਹੇ ਹਾੜ ਸਤਾਰਾਂ ਆਉਂਦਾ, ਆਵਤ ਆਵਤ ਖ਼ੁਸ਼ੀ ਮਨਾਈਆ । ਪ੍ਰਭੁ ਕਰੇ ਖੇਲ ਜਗ ਭਾਉਂਦਾ, ਜੁਗ ਕਰਤਾ ਕਾਰ ਕਮਾਈਆ । ਜੋ ਕ਼ਲਮਾ ਹੱਕ ਸੁਣਾਉਂਦਾ, ਧੁਰ ਦੀ ਕਰੇ ਪੜ੍ਹਾਈਆ । ਸੋ ਵਿਛੜਿਆਂ ਮੇਲ ਮਿਲਾਉਂਦਾ, ਫੜ ਬਾਹੋਂ ਗੋਦ ਟਿਕਾਈਆ । ਸਾਚਾ ਸਮਾਂ ਵਕ਼ਤ ਸੁਹਾਉਂਦਾ, ਸੁਹੰਜਣੀ ਰੈਣ ਨਾਲ ਮਿਲਾਈਆ । ਭਗਤ ਸੁਹੇਲੇ ਨਾਲ ਰਲਾਉਂਦਾ, ਹਰਿਜਨ ਧੁਰ ਦਾ ਜੋੜ ਜੁੜਾਈਆ । ਕਰੇ ਕਰਾਵੇ ਜੋ ਹਰਿ ਭਾਉਂਦਾ, ਮਨ ਮਨਸਾ ਨਾ ਕੋਇ ਵਖਾਈਆ । ਪਤਤ ਪਾਪੀਆਂ ਪੁਨੀਤ ਆਪ ਕਰਾਉਂਦਾ, ਮਿਹਰ ਨਜ਼ਰ ਇਕ ਉਠਾਈਆ । ਧਰਨੀ ਧਰਤ ਧਵਲ ਹਿਲਾਉਂਦਾ, ਬ੍ਰਹਿਮੰਡ ਰਿਹਾ ਜਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਪਰਦਾ ਆਪ ਉਠਾਈਆ । ਹਾੜ ਸਤਾਰਾਂ ਕਹੇ ਬਹਾਦਰ ਸ਼ਾਹ ਗੋਬਿੰਦ ਅੱਗੇ ਝੁਕਣਾ, ਝੁਕ ਝੁਕ ਸੀਸ ਨਿਵਾਈਆ । ਤੇਰੇ ਕੋਲੋਂ ਬਚਨ ਓਹ ਪੁਛਣਾ, ਜੋ ਅੰਤਮ ਦਿਤਾ ਸੁਣਾਈਆ । ਸਤਿ ਦਵਾਰਿਉਂ ਕਦੇ ਨਾ ਰੁਠਣਾ, ਗੋਬਿੰਦ ਗਿਆ ਦ੍ਰਿੜਾਈਆ । ਮਿਹਰਵਾਨ ਕੋਲੋਂ ਨਾ ਲੁਕਣਾ, ਜੋ ਨਿਗਾਹ ਮਿਹਰ ਨਾਲ ਤਰਾਈਆ । ਝਗੜਾ ਮੇਟੇ ਕਾਇਆ ਬੁਤਨਾ, ਬੁਤਖ਼ਾਨੇ ਵੇਖ ਵਖਾਈਆ । ਅੰਤ ਅਖ਼ੀਰ ਉਸ ਨੇ ਪੁੱਜਣਾ ਲੇਖਾ ਸਭ ਦੇ ਕੋਲੋਂ ਪੁਛਣਾ, ਬਚਿਆ ਨਜ਼ਰ ਕੋਇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਮੇਲਾ ਆਪ ਮਿਲਾਈਆ । ੩੫੨ ਸਤਾਰਾਂ ਹਾੜ ਕਹੇ ਗੋਬਿੰਦ ਹੁਕਮ ਹੋਇਆ ਕ਼ਲਮਬੰਦ, ਬਾਹਰ ਸਕੇ ਨਾ ਕੋਇ ਸਮਝਾਈਆ । ਬਹਾਦਰ ਸ਼ਾਹ ਤੇਰੇ ਪਿੱਛੇ ਕਰ ਕੇ ਜੰਗ, ਜਗਹ ਬਜਗਹ ਕੀਤੀ ਸਫ਼ਾਈਆ । ਮੇਰੇ ਨੀਲੇ ਦਾ ਵੇਖ ਤੰਗ, ਜੋ ਸ਼ਹਾਦਤ ਰਿਹਾ ਭੁਗਤਾਈਆ । ਕੁਛ ਅੰਦਰੇ ਅੰਦਰ ਮੰਗ, ਮਾਂਗਤ ਹੋ ਕੇ ਝੋਲੀ ਡਾਹੀਆ । ਉਸ ਰੋ ਕੇ ਮੰਗਿਆ ਅੰਤਮ ਸੰਗ, ਧੁਰ ਦਾ ਸੰਗ ਬਣਾਈਆ । ਤੱਕਿਆ ਵਲ ਚੰਦ, ਤਾਰਿਆਂ ਅੱਖ ਉਠਾਈਆ । ਗੋਬਿੰਦ ਕਿਹਾ ਏਸ ਤੋਂ ਪਰੇ ਲੰਘ, ਇਨ੍ਹਾਂ ਕੀ ਚਤੁਰਾਈਆ । ਹੈਰਾਨ ਨਾ ਹੋਈਂ ਦੰਗ, ਪਰੇਸ਼ਾਨੀ ਨਾ ਕੋਇ ਵਖਾਈਆ । ਖੇਲ ਸਾਹਿਬ ਸੂਰਾ ਸਰਬੰਗ, ਸਤਿਗੁਰੂ ਨੂਰ ਅਲਾਹੀਆ । ਕੋਈ ਜਗਤ ਸ਼ਾਹ ਦਾ ਚੰਦ, ਜੋ ਜੰਮੇ ਅੰਤ ਮਰ ਜਾਈਆ । ਮੈਂ ਧਰਮ ਧਾਰ ਪਾਬੰਦ, ਨਿਤ ਨਿਤ ਵੇਖ ਵਖਾਈਆ । ਮੇਰਾ ਖੇਲ ਵਿਚ ਬ੍ਰਹਿਮੰਡ, ਵਰਭੰਡ ਕਾਰ ਕਮਾਈਆ । ਜਿਸ ਵੇਲੇ ਸਦੀ ਚੌਧਵੀਂ ਜਾਏ ਲੰਘ, ਮੁਹੱਬਤ ਆਸਾ ਮੁਹੰਮਦ ਵੇਖ ਵਖਾਈਆ । ਨਾਮ ਸੰਦੇਸ਼ਾ ਦੇਵੇ ਬਰੰਗ, ਮੋਹਰ ਮਹਿਰ ਨਾ ਕੋਇ ਲਗਾਈਆ । ਸੰਦੇਸ਼ਾ ਦੇਣਾ ਸ਼ਾਹੀ ਧਾਰ ਪਲੰਘ, ਤਿਲਕਧਾਰੀ ਨਾ ਕਲਮਾ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣਾ ਪਰਦਾ ਲਾਹੀਆ । ਸੰਮਤ ਪੰਜ ਕਹੇ ਬਹਾਦਰ ਸ਼ਾਹ ਉਧਾਰ, ਗੋਬਿੰਦ ਦਏ ਚੁਕਾਈਆ । ਫੇਰ ਨੀਤੀ ਬਦਲੇ ਵਿਚ ਸੰਸਾਰ, ਹੁਕਮ ਅਗੰਮ ਅਥਾਹੀਆ । ਪੂਰਬ ਕ਼ਰਜ਼ ਉਤਾਰ, ਤਰਜ ਕਰੇ ਸਫ਼ਾਈਆ । ਸੋਹਣਾ ਲੱਗਾ ਦਰਬਾਰ, ਦਰਵਾਜ਼ਾ ਇਕ ਜਣਾਈਆ । ਗੁਰ ਅਵਤਾਰ ਪੈਗ਼ੰਬਰਾਂ ਕਰ ਕੇ ਖ਼ਬਰਦਾਰ, ਹੁਸ਼ਿਆਰੀ ਵਿਚ ਦਏ ਜਣਾਈਆ । ਤੁਹਾਡੇ ਉਤੇ ਰਿਹਾ ਨਾ ਕਿਸੇ ਇਤਬਾਰ, ਬੇਇਤਬਾਰੀ ਹੋਈ ਲੋਕਾਈਆ । ਅੱਗੇ ਸਭ ਕੁਛ ਉਸ ਦੇ ਅਖ਼ਤਿਆਰ, ਜੋ ਮੁਖ਼ਤਿਆਰਨਾਮੇ ਤੁਹਾਡੇ ਹੱਥ ਫੜਾਈਆ । ਆਓ ਕਰ ਲਓ ਦੀਦਾਰ, ਦੀਦਾ ਦੀਦ ਖ਼ੁਸ਼ੀ ਮਨਾਈਆ । ਜਾਓ ਚਰਨ ਕਵਲ ਬਲਿਹਾਰ, ਬਲਿਹਾਰੀ ਸੀਸ ਨਿਵਾਈਆ । ਖ਼ੁਸ਼ੀਆਂ ਨਾਲ ਵੇਖਣਾ ਸਤਾਰਾਂ ਹਾੜ੍ਹ, ਹਰ ਹਿਰਦੇ ਦੇ ਜਣਾਈਆ ।

ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਧਰਮ ਦੀ ਧਾਰ ਲਾ ਦਰਬਾਰ, ਜਗਤ ਸ਼ਾਹੀ ਦਾ ਲੇਖਾ ਪੂਰਾ ਕਰੇ ਸੰਸਾਰ, ਸਮੇਂ ਸਾਰ ਵੇਖਣਹਾਰਾ ਥਾਉਂ ਥਾਈਂਆ ।

✪ ੨੫ ਅੱਸੂ ਸ਼ਹਿਨਸ਼ਾਹੀ ਸੰਮਤ ੫ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਗੋਬਿੰਦ ਕਹੇ ਪ੍ਰਭ ਖੇਲ ਖਲਾਉਣਾ ਯਕੀਨੀ, ਹੁਕਮ ਯਕ ਹੱਕ ਸੁਣਾਈਆ । ਜਿਸ ਨੂੰ ਗੁਰ ਅਵਤਾਰ ਪੈਗ਼ੰਬਰ ਕਰਨ ਤਸਲੀਮੀ, ਤਿਲਸਮਾ ਅਵਰ ਨਾ ਕੋਇ ਜਣਾਈਆ । ਸੱਯਦਾ ਸੀਸ ਝੁਕਾ ਕੇ ਕਹਿਣ ਅਮੀਨੀ, ਬੇਪਰਵਾਹ ਤੇਰੀ ਵਡਿਆਈਆ । ਖੇਲ ਦ੍ਰਿੜਾਉਣਾ ਨਰ ਮਦੀਨੀ, ਮੁੱਦਾ ਮਾਨਵ ਆਪ ਸਮਝਾਈਆ । ਜ਼ਾਤ ਰਹੇ ਨਾ ਕੋਇ ਕਮੀਨੀ, ਸ਼ਰਅ ਛੁਰੀ ਨਾ ਕੋਇ ਕਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੋਬਿੰਦ ਕਹੇ ਦਿਤਾ ਹੁਕਮ ਯੱਕ, ਵਾਹਿਦ ਆਪ ਸੁਣਾਈਆ । ਵੇਖਣਾ ਖੇਲ ਸਮਰਥ, ਕਲ ਕਰਤਾ ਕਾਰ ਕਮਾਈਆ । ਚਾਰ ਜੁਗ ਦਾ ਪਿਛਲਾ ਲੈਣਾ ਹੱਕ, ਹਕੀਕਤ ਦਏ ਦਰਸਾਈਆ । ਝਗੜਾ ਮੇਟ ਕੇ ਗੁਰੂ ਤਤ, ਸ਼ਬਦੀ ਸਤਿਗੁਰ ਲਏ ਪਰਗਟਾਈਆ । ਜਿਸ ਨੇ ਦੀਨ ਦੁਨੀ ਦੀ ਬਦਲ ਦੇਣੀ ਮਤ, ਮਨਮਤ ਰਹੇ ਨਾ ਰਾਈਆ । ਧੀਰਜ ਦੇਵੇ ਸੰਤੋਖ ਸਤਿ, ਸਤਿ ਸਤਿਵਾਦੀ ਵੇਖ ਵਖਾਈਆ । ਨਾਮ ਭੰਡਾਰਾ ਦਰਸਾ ਦੇ ਹੱਟ, ਵਸਤ ਇਕੋ ਇਕ ਵਰਤਾਈਆ ।
੩੫੩ ਕਲਜੁਗ ਕੂੜੀ ਕਿਰਿਆ ਕਟ, ਕਾਮ ਕਰੋਧ ਲੋਭ ਮੋਹ ਹੰਕਾਰ ਦਏ ਮਿਟਾਈਆ । ਨਾਮ ਅਗੰਮੀ ਮਾਰੇ ਸੱਟ, ਸੋਈ ਸੁਰਤੀ ਜਗਤ ਉਠਾਈਆ । ਕੂੜਾ ਖੇੜਾ ੩੫੩
ਕਰੇ ਭੱਠ, ਭਠਿਆਲਾ ਅਗਨੀ ਆਪ ਤਪਾਈਆ । ਜਿਸ ਪਿਛੇ ਗੋਬਿੰਦ ਲੇਖੇ ਲਾਈ ਰੱਤ, ਸੋ ਰੁਤੜੀ ਦਏ ਸੁਹਾਈਆ । ਖੇਲ ਖਿਲਾਏ ਕਮਲਾਪਤ, ਪਤਿਪਰਮੇਸ਼ਵਰ ਬੇਪਰਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਅਖਵਾਈਆ । ਗੋਬਿੰਦ ਕਹੇ ਮਿਲਿਆ ਹੁਕਮ ਅਨੋਖਾ, ਹਰਿ ਕਰਤੇ ਦਿਤਾ ਦ੍ਰਿੜਾਈਆ । ਕਰਨਾ ਨਹੀਂ ਕਿਸੇ ਨਾਲ ਧੋਖਾ, ਮਜ਼੍ਹਬ ਵੰਡ ਨਾ ਕੋਇ ਵੰਡਾਈਆ । ਤੇਰਾ ਲਹਿਣਾ ਜੁਗ ਚੌਥਾ, ਚਾਰੇ ਵਰਨ ਤੇਰੀ ਝੋਲੀ ਪਾਈਆ । ਗੁਰਮੁਖ ਅੰਤਰ ਰਹੇ ਕੋਇ ਨਾ ਥੋਥਾ, ਦੁਰਮਤ ਮੈਲ ਦੇਣੀ ਧਵਾਈਆ । ਪੜ੍ਹਨਾ ਪਏ ਕਿਸੇ ਨਾ ਪੋਥਾ, ਆਤਮ ਬ੍ਰਹਮ ਦੇਣਾ ਸਮਝਾਈਆ । ਰੱਖਣਾ ਪਏ ਕੋਇ ਨਾ ਰੋਜ਼ਾ, ਨਿਮਾਜ਼ਾਂ ਵਿਚ ਨਾ ਸੀਸ ਨਿਵਾਈਆ । ਸੀਸ ਵਧਾਉਣਾ ਪਏ ਨਾ ਬੋਦਾ, ਜੰਞੂ ਸੰਗ ਨਾ ਕੋਇ ਬਣਾਈਆ । ਸਭ ਦਾ ਹਿਰਦਾ ਜਾਏ ਸੋਧਾ, ਵਦੀ ਸੁਦੀ ਨਾ ਵੇਖ ਵਖਾਈਆ । ਪੜਦਾ ਲਾਹੁਣਾ ਚੌਦਾਂ ਲੋਕਾ, ਚੌਦਾਂ ਤਬਕ ਭੇਵ ਖੁਲ੍ਹਾਈਆ । ਏਕਾ ਕਲਮਾ ਨਾਮ ਸਲੋਕਾ, ਸੋਹਲਾ ਧੁਰ ਦੇਣਾ ਦ੍ਰਿੜਾਈਆ । ਤੇਰੇ ਹੱਥ ਅੰਤਮ ਮੌਕਾ, ਮੁਕੰਮਲ ਦਿਆਂ ਜਣਾਈਆ । ਇਕੋ ਨਾਮ ਚਲਾਉਣੀ ਨੌਕਾ, ਨਈਆ ਇਕੋ ਇਕ ਵਖਾਈਆ । ਤੇਰੇ ਵਿਛੋੜੇ ਵਿਚ ਗੁਰਸਿਖ ਭਰੇ ਕੋਈ ਨਾ ਹੌਕਾ, ਹਉਮੇ ਦੇਣੀ ਮਿਟਾਈਆ । ਮੇਲ ਮਿਲਾਉਣਾ ਸਾਚੇ ਸ਼ਾਹੋ ਕਾ, ਸ਼ਹਿਨਸ਼ਾਹ ਆਪਣੇ ਘਰ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਪੜਦਾ ਆਪ ਚੁਕਾਈਆ । ਗੋਬਿੰਦ ਕਹੇ ਪ੍ਰਭ ਦੱਸੀ ਕਹਾਣੀ ਅਕਥ, ਗੰਭੀਰ ਦਿਤੀ ਜਣਾਈਆ । ਆਹ ਲੈ ਅਗੰਮੀ ਵਥ, ਵਸਤ ਦਿਆਂ ਵਰਤਾਈਆ । ਜਿਸ ਕਾਰਨ ਸੱਥਰ ਸੁੱਤਾ ਸੱਥ, ਯਾਰੜਾ ਸੇਜ ਹੰਢਾਈਆ । ਪਿਛਲਾ ਲੇਖਾ ਗਿਆ ਟੱਪ, ਅੱਗੇ ਮਿਲੇ ਵਡਿਆਈਆ । ਪੰਧ ਮੁਕਾਉਣਾ ਨਠ ਨਠ, ਭੱਜਣਾ ਵਾਹੋ ਦਾਹੀਆ । ਸਦੀ ਚੌਧਵੀਂ ਮਾਰਨੀ ਸੱਟ, ਸ਼ਬਦੀ ਖੰਡਾ ਖੜਗ ਖੜਕਾਈਆ । ਦੀਨ ਮਜ਼੍ਹਬ ਮੇਟਣੀ ਵੱਟ, ਵਟਣਾ ਲਾਉਣਾ ਖ਼ਲਕ ਖ਼ੁਦਾਈਆ ।

ਇਕ ਦਵਾਰਾ ਖੋਲ੍ਹਣਾ ਹੱਟ, ਇਕੋ ਵਸਤ ਜਗਤ ਵਰਤਾਈਆ । ਇਕੋ ਤੀਰਥ ਦੱਸਣਾ ਤਟ, ਕਿਨਾਰਾ ਇਕ ਸੁਹਾਈਆ । ਇਕੋ ਕਲਮਾ ਲੈਣਾ ਰਟ, ਇਕੋ ਨਾਮ ਵੱਜੇ ਵਧਾਈਆ । ਚਾਰ ਜੁਗ ਦਾ ਪਿਛਲਾ ਲਹਿਣਾ ਦੇਣਾ ਛਡ, ਅੱਗੇ ਆਪਣਾ ਹੁਕਮ ਵਰਤਾਈਆ । ਸੂਰ ਗਾਂ ਕਰੇ ਕੋਇ ਨਾ ਬਧ, ਛੁਰੀ ਫੜੇ ਨਾ ਕੋਇ ਕਸਾਈਆ । ਇਕੋ ਨਾਮ ਢੋਲਾ ਗਾਵਣ ਸਦ, ਸਦਕੇ ਵਾਰੀ ਘੋਲੀ ਘੋਲ ਘੁਮਾਈਆ । ਇਕ ਜੈਕਾਰਾ ਬੋਲਣਾ ਗੱਜ, ਦੋ ਜਹਾਨ ਵੱਜੇ ਵਧਾਈਆ । ਇਹ ਖੇਲ ਸੂਰਾ ਸਰਬਗ, ਹਰਿ ਕਰਤਾ ਆਪ ਸਮਝਾਈਆ । ਸ੍ਰਿਸ਼ਟੀ ਦੀ ਦ੍ਰਿਸ਼ਟੀ ਮੂਲ ਰਹੇ ਨਾ ਕਗ, ਕਾਗੋਂ ਹੰਸ ਦੇਣੇ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਗੋਬਿੰਦ ਕਿਹਾ ਕਹਿ ਪ੍ਰਭੂ ਪ੍ਰਭ ਸਤਿ, ਹਰਿ ਸਤਿ ਦਿਤਾ ਦ੍ਰਿੜਾਈਆ । ਜਿਸ ਵੇਲੇ ਆਵਾਂ ਫੇਰ ਵਤ, ਵਤਨ ਬੇਵਤਨਾਂ ਵੇਖ ਵਖਾਈਆ । ਗ਼ਰੀਬ ਨਿਮਾਣਿਆਂ ਰੱਖਾਂ ਪਤ, ਪਤਿਪਰਮੇਸ਼ਵਰ ਤੇਰੀ ਓਟ ਤਕਾਈਆ । ਨਿਜ ਨੇਤਰ ਖੋਲ੍ਹ ਕੇ ਅੱਖ, ਤੇਰਾ ਦਰਸ਼ਨ ਦਿਆਂ ਕਰਾਈਆ । ਸਚ ਦਵਾਰੇ ਹੋ ਪ੍ਰਤਖ, ਪਰਗਟ ਆਪਣਾ ਆਪ ਕਰਾਈਆ । ਲੱਭਿਆਂ ਕਿਸੇ ਨਾ ਆਵਾਂ ਹੱਥ, ਭਾਵੇਂ ਖੋਜੇ ਜਗਤ ਲੋਕਾਈਆ । ਮੇਰੀ ਮਹਿੰਮਾ ਤੇਰਾ ਹੋਵੇ ਜਸ, ਸਿਫ਼ਤੀ ਸਿਫ਼ਤ ਨਾਲ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਆਸ ਰਖਾਈਆ । ਪੁਰਖ ਅਕਾਲ ਕਹੇ ਮੈਂ ਕਰਾਂ ਕਿਰਪਾ, ਕਲਜੁਗ ਅੰਤ ਦਇਆ ਕਮਾਈਆ । ਕਲਜੁਗ ਕੂੜੀ ਕਿਰਿਆ ਮੇਟਣੀ ਬਿਪਤਾ, ਬਿਪਰੀਤ ਦੇਣੀ ਗਵਾਈਆ । ਮਾਨਸ ਮਾਨਵ ਮਾਨੁੱਖ ਰੂਪ ਬਣਾਉਣਾ ਸਾਚੇ ਸਿੱਖ ਦਾ, ਸਿਖਿਆ ਇਕ ਦ੍ਰਿੜਾਈਆ । ਰਵਦਾਸ ਚਮਾਰਾ ਤੇਰਾ ਲੇਖ ਹੋਵੇ ਲਿਖਦਾ, ਗੁਰਮੁਖ ਰੰਗ ਰੰਗਾਈਆ ।
੩੫੪ ਫੇਰ ਭੇਵ ਖੋਲ੍ਹਣਾ ਪੰਜਾਂ ਵਿਚ ਦਾ, ਪੰਚਮ ਕਲਮ ਚਲਾਈਆ । ਝਗੜਾ ਮਿਟਣਾ ਊਚ ਨੀਚ ਦਾ, ਜ਼ਾਤ ਪਾਤ ਨਾ ਕੋਇ ਲੜਾਈਆ । ਇਹ ਖੇਲ ਹੋਣਾ ਈਸਾ ੩੫੪
ਵਾਲੀ ਸਦੀ ਬੀਸ ਦਾ, ਬੀਸ ਬੀਸਾ ਨਾਲ ਮਿਲਾਈਆ । ਜਗਤ ਜਹਾਨ ਹੋਣਾ ਪੀਸਦਾ, ਪੁਸ਼ਤ ਪਨਾਹ ਹੱਥ ਨਾ ਕੋਇ ਟਿਕਾਈਆ । ਫੇਰ ਖੇਲ ਵਖਾਉਣਾ ਤ੍ਰੈਗੁਣ ਅਤੀਤ ਦਾ, ਤ੍ਰੈਭਵਣ ਧਨੀ ਕਾਰ ਕਮਾਈਆ । ਲੇਖਾ ਪੂਰਾ ਕਰਨਾ ਜੁਝਾਰ ਅਜੀਤ ਦਾ, ਮੁਹੰਮਦ ਰੋਵੇ ਮਾਰੇ ਧਾਈਆ । ਝਗੜਾ ਮੁਕਣਾ ਮੰਦਰ ਮਸੀਤ ਦਾ, ਕਾਇਆ ਕਾਅਬਾ ਇਕ ਵਖਾਈਆ । ਗੋਬਿੰਦ ਡੰਕਾ ਵੱਜਣਾ ਤੇਰੇ ਗੀਤ ਦਾ, ਤੂੰ ਮੇਰਾ ਮੈਂ ਤੇਰਾ ਦੂਜਾ ਨਜ਼ਰ ਕੋਇ ਨਾ ਆਈਆ । ਸਮਾਂ ਸਮੇਂ ਵਿਚੋਂ ਬੀਤਦਾ, ਆਪਣਾ ਪੰਧ ਮੁਕਾਈਆ । ਵਕਤ ਸੁਹੰਜਣਾ ਹੋਣਾ ਅਗੰਮੀ ਹਦੀਸ ਦਾ, ਹਜ਼ਰਤਾਂ ਤੋਂ ਪਰੇ ਕਰੇ ਪੜ੍ਹਾਈਆ । ਸਦੀ ਚੌਧਵੀਂ ਰਾਹ ਉਡੀਕਦਾ, ਵੇਲਾ ਵਕਤ ਦਏ ਗਵਾਹੀਆ । ਜਿਸ ਲੇਖਾ ਬਦਲਣਾ ਚਾਰ ਜੁਗ ਦੀ ਤਵਾਰੀਖ ਦਾ, ਤਾਰੀਖ ਸਮਝ ਕਿਸੇ ਨਾ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਪਰਦਾ ਓਹਲਾ ਆਪ ਚੁਕਾਈਆ । ਗੋਬਿੰਦ ਕਹੇ ਪੁਰਖ ਅਕਾਲ ਕਰੇ ਇਸ਼ਾਰਾ, ਸੈਨਤ ਰਿਹਾ ਲਗਾਈਆ । ਆਉਣਾ ਅੰਤ ਦੁਬਾਰਾ, ਦੋਹਰੀ ਧਾਰ ਚਲਾਈਆ । ਨੂਰ ਕਰ ਉਜਿਆਰਾ, ਸ਼ਬਦੀ ਸ਼ਬਦ ਸ਼ਨਵਾਈਆ । ਸੋਹਣਾ ਇਕ ਦਵਾਰਾ, ਭਗਤ ਮਿਲੇ ਵਡਿਆਈਆ । ਆਉਣ ਗੁਰ ਅਵਤਾਰਾ, ਪੈਗ਼ੰਬਰ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਬਣੇ ਭਿਖਾਰਾ, ਦਰ ਠਾਂਡੇ ਅਲਖ ਜਗਾਈਆ । ਓਹ ਵੇਖਣਾ ਅਜਬ ਨਜ਼ਾਰਾ, ਨਜ਼ਰੀਆ ਸਭ ਦਾ ਦਏ ਬਦਲਾਈਆ । ਗੋਬਿੰਦ ਨਿਉਂ ਕੇ ਕੀਤੀ ਨਿਮਸਕਾਰਾ, ਸੀਸ ਦਿਤਾ ਝੁਕਾਈਆ । ਕਵਣ ਵੇਲਾ ਕਵਣ ਦਿਹਾੜਾ, ਕਵਣ ਥਿਤ ਵੱਜੇ ਵਧਾਈਆ । ਪੁਰਖ ਅਕਾਲ ਸ਼ਬਦ ਜੈਕਾਰਾ, ਏਕੰਕਾਰ ਦਿਤਾ ਸੁਣਾਈਆ । ਸੰਮਤ ਸ਼ਹਿਨਸ਼ਾਹੀ ਪੰਜ ਚਲੇ ਵਿਚ ਸੰਸਾਰਾ, ਹਰਿ ਕਰਤਾ ਆਪ ਪਰਗਟਾਈਆ । ਛੱਬੀ ਪੋਹ ਦਾ ਹੋਏ ਦਿਹਾੜਾ, ਤਿਉਹਾਰ ਇਕੋ ਇਕ ਸਮਝਾਈਆ । ਭਗਤ ਦਵਾਰੇ ਲੱਗਣਾ ਤੇਰਾ ਅਖਾੜਾ, ਖੜਗ ਖੰਡਾ ਇਕੋ ਇਕ ਵਖਾਈਆ । ਸਾਚੇ ਸੰਤਾਂ ਦੇਣਾ ਸਚ ਅਧਾਰਾ, ਗੁਰਮੁਖ ਗੁਰ ਗੁਰ ਗੋਦ

ਟਿਕਾਈਆ । ਗੁਰਸਿਖਾਂ ਕਰ ਪਿਆਰਾ, ਪ੍ਰੇਮੀ ਪ੍ਰੀਤਮ ਵੇਖ ਵਖਾਈਆ । ਸਭ ਨੇ ਇਕੋ ਬੋਲਣਾ ਨਾਅਰਾ, ਜੈਕਾਰਾ ਇਕ ਜਣਾਈਆ । ਪੁਰਖ ਅਕਾਲ ਕਹੇ ਗੋਬਿੰਦ ਨੌ ਨੌ ਫੁਟ ਦਾ ਰੱਖਣਾ ਅਧਵਿਚਕਾਰ ਦਾਇਰਾ, ਦਾਅਵਾ ਬੇਦਾਅਵਾ ਅਗਲਾ ਦਏ ਸਮਝਾਈਆ । ਓਥੇ ਪੰਜਾਂ ਗੁਰਮੁਖਾਂ ਦਾ ਹੋਵੇ ਪਹਿਰਾ, ਜੋ ਪਾਰਬ੍ਰਹਮ ਨੂੰ ਮਿਲ ਕੇ ਪਾਰਬ੍ਰਹਮ ਵਿਚ ਸਮਾਈਆ । ਵਿਚ ਹੋਏ ਨਾ ਕੋਇ ਗ਼ਦਾਰਾ, ਜੋ ਕਲਪਨਾ ਵਿਚ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਓਹ ਸੁਹੰਜਣੀ ਹੋਣੀ ਰਾਤ, ਰੁਤੜੀ ਆਪ ਮਹਿਕਾਈਆ । ਜਨ ਭਗਤੋ ਪਾਣੀ ਦੀ ਭਰੀ ਹੋਵੇ ਪਰਾਤ, ਸਾਫ਼ ਸੁਥਰਾ ਸੋਭਾ ਪਾਈਆ । ਲਾਗੇ ਰੱਖੀ ਹੋਵੇ ਕਲਮ ਦਵਾਤ, ਕਾਗ਼ਜ਼ ਕੋਰਾ ਨਾਲ ਟਿਕਾਈਆ । ਨੌਂ ਰੱਖੇ ਹੋਣ ਕਾਟ, ਜਿਨ੍ਹਾਂ ਨੂੰ ਕਾਰਡ ਕਹੇ ਲੋਕਾਈਆ । ਇਕ ਨਿੱਕੀ ਜੇਹੀ ਕੋਲ ਵਿਛੀ ਹੋਵੇ ਖਾਟ, ਤਕੀਆ ਸੀਸ ਵੱਲ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਗੋਬਿੰਦ ਕਹੇ ਮੈਂ ਗੁਰਮੁਖ ਵੇਖਣੇ ਹੀਰੇ, ਮਾਣਕ ਮੋਤੀ ਧੁਰ ਦੇ ਨਜ਼ਰੀ ਆਈਆ । ਨੌ ਨੇ ਨੌ ਰੰਗ ਦੇ ਬੰਨ੍ਹੇ ਹੋਣ ਚੀਰੇ, ਮਾਝੇ ਵਾਲੇ ਆਪਣਾ ਰੂਪ ਬਦਲਾਈਆ । ਹੱਥਾਂ ਵਿਚ ਫੜੇ ਹੋਣ ਕਮਾਨ ਤੀਰੇ, ਕਮਰਕਸਿਆਂ ਨਾਲ ਸੁਹਾਈਆ । ਇੱਕੀ ਬੀਬੀਆਂ ਲਾਲ ਰੰਗੇ ਹੋਣ ਲੀੜੇ, ਦੁਪੱਟੇ ਸੀਸ ਉਤੇ ਟਿਕਾਈਆ । ਹੱਥੀਂ ਬੰਨ੍ਹੇ ਹੋਣ ਕਲੀਰੇ, ਮੁਖੋਂ ਕਹਿਣਾ ਮਿਲਣਾ ਗੋਬਿੰਦ ਮਾਹੀਆ । ਸਾਰੀ ਸੰਗਤ ਨੂੰ ਕਹਿਣਾ ਭੈਣ ਭਰਾ ਵੀਰੇ, ਬਿਨਾ ਨਾਰ ਕੰਤ ਤੋਂ ਦੂਜਾ ਹੱਥ ਨਾ ਕੋਇ ਉਠਾਈਆ । ਪੰਜਾਂ ਮਿਸਤਰੀਆਂ ਹੱਥ ਵਿਚ ਫੜੇ ਹੋਣ ਗਡੀਰੇ, ਬਸਤਰ ਮੋਢਿਆਂ ਉਤੇ ਟਿਕਾਈਆ । ਪੰਜਾਂ
੩੫੫ ਬੀਬੀਆਂ ਹੱਥ ਵਿਚ ਫੜੇ ਹੋਣ ਪੀੜ੍ਹੇ, ਲਾਲ ਰੰਗਲੇ ਨਜ਼ਰੀ ਆਈਆ । ਅੱਗੇ ਵਧਣ ਧੀਰੇ ਧੀਰੇ, ਆਹਿਸਤਾ ਆਹਿਸਤਾ ਆਹਿਸਤਾ ਕਦਮ ਉਠਾਈਆ । ਜੋਤੀ ੩੫੫
ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ । ਗੋਬਿੰਦ ਕਹੇ ਕਲਜੁਗ ਜ਼ਰੂਰ ਵਗਣੀ ਆਂਧੀ, ਅੰਧੇਰਾ ਹੋਵੇ ਲੋਕਾਈਆ । ਮਾਝੇ ਵਾਲਿਆਂ ਨੌ ਤੋਲੇ ਲਿਆਉਣੀ ਚਾਂਦੀ, ਚੰਦ ਸੂਰਜ ਦਏ ਗਵਾਹੀਆ । ਇਹ ਹਿੱਸੇ ਆਈ ਚੌਧਵੀਂ ਸਦੀ ਦੀ ਬਾਂਦੀ, ਬੰਦਨਾਂ ਵਿਚ ਦੁਹਾਈਆ । ਅੱਗੇ ਵਾਸਤੇ ਨਾ ਕੋਇ ਸੂਰ ਖਾਏ ਨਾ ਢਾਂਡੀ, ਰਸਨਾ ਮਾਸ ਨਾ ਕੋਇ ਲਗਾਈਆ । ਕਸਮ ਰਹੇ ਨਾ ਕਿਸੇ ਵਛੜੇ ਦੇਵਣ ਵਾਲੀ ਮਾਂ ਦੀ, ਚੁਪਾਇਆ ਉਤੇ ਧਰਮ ਨਾ ਕੋਇ ਟਿਕਾਈਆ । ਇਕੋ ਸਹਾਇਤਾ ਹੋਵੇ ਸ਼ਬਦੀ ਗੋਬਿੰਦ ਛਾਂ ਦੀ, ਦੂਸਰ ਓਟ ਨਾ ਕੋਇ ਜਣਾਈਆ । ਇਕੋ ਵਡਿਆਈ ਹੋਵੇ ਪੁਰਖ ਅਕਾਲ ਦੇ ਨਾਂ ਦੀ, ਦੂਸਰ ਗੀਤ ਨਾ ਕੋਇ ਸਾਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਖੇਲ ਅਗੰਮ ਅਥਾਹ ਦੀ, ਜਿਸ ਦਾ ਅਰਥ ਅਰਥਾਤ ਸਕੇ ਨਾ ਕੋਇ ਸਮਝਾਈਆ ।

### ✪ ੧੭ ਜੇਠ ਸ਼ਹਿਨਸ਼ਾਹੀ ਸੰਮਤ ੬ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਵਿਸ਼ਨ ਬ੍ਰਹਮਾ ਸ਼ਿਵ ਕਹਿਣ ਨਿਰਗੁਣ ਧਾਰ ਜੋਤ ਨਿਰੰਕਾਰੀ, ਨਿਰਾਕਾਰ ਨਿਰਵੈਰ ਤੇਰੀ ਸਰਨਾਈਆ । ਜੁਗ ਚੌਕੜੀ ਆਦਿ ਪੁਰਖ ਅਪਰੰਪਰ ਸਵਾਮੀ ਵੇਖੀ ਤੇਰੀ ਖੇਲ ਨਿਆਰੀ, ਸ਼ਾਹ ਪਾਤਸ਼ਾਹ ਸ਼ਹਿਨਸ਼ਾਹ ਤੇਰੀ ਬੇਪਰਵਾਹੀਆ । ਸਰਗੁਣ ਸਰਗੁਣ ਬਣਿਆ ਰਿਹਾ ਪੁਜਾਰੀ, ਪੂਜਾ ਤਨ ਵਜੂਦ ਇਸ਼ਟ ਜਣਾਈਆ । ਖੇਲ ਹੁੰਦਾ ਰਿਹਾ ਪੈਗ਼ੰਬਰ ਗੁਰ ਅਵਤਾਰੀ, ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਆਪਣੀ ਖੇਲ ਖਿਲਾਈਆ । ਸਾਹਿਬ ਸੁਲਤਾਨ ਨੌਜਵਾਨ ਮਰਦ ਮਰਦਾਨ ਤੇਰੀ ਕੋਇ ਨਾ

੩੫੬

ਪਾਵੇ ਸਾਰੀ, ਸਾਹਿਬ ਸੁਲਤਾਨ ਪਰਦਾ ਪਰਦੇ ਵਿਚੋਂ ਨਾ ਕੋਇ ਉਠਾਈਆ । ਅੱਖਰ ਧਾਰ ਤੇਰੇ ਸਿਫ਼ਤਾਂ ਵਾਲੇ ਬਣੇ ਰਹੇ ਪੁਜਾਰੀ, ਸ਼ਾਸਤਰ ਸਿਮਰਤ ਵੇਦ ਪੁਰਾਨ ਗੀਤਾ ਗਿਆਨ ਅੰਜੀਲ ਕੁਰਾਨ ਰਾਗਾਂ ਨਾਦਾਂ ਵਿਚ ਢੋਲੇ ਗਾਈਆ । ਨਿਰਗੁਣ ਜੋਤ ਬਿਨ ਵਰਨ ਗੋਤ, ਤੇਰੀ ਸਰਨ ਚਰਨ ਕਰੇ ਨਾ ਕੋਇ ਨਿਮਸਕਾਰੀ, ਪਾਹਨ ਪਾਥਰ ਸਿਲ ਪੂਜਸ ਵੇਖੀ ਜਗਤ ਲੋਕਾਈਆ । ਪੜ੍ਹ ਪੜ੍ਹ ਰਸਨਾ ਜਿਹਵਾ ਸਾਰੇ ਰਹੇ ਉਚਾਰੀ, ਉਸਤਤ ਤੇਰਾ ਨਾਮ ਜਣਾਈਆ । ਸਾਹਿਬ ਸਵਾਮੀ ਅੰਤਰਜਾਮੀ ਘਟ ਨਿਵਾਸੀ ਤੇਰੀ ਮੰਜ਼ਲ ਮਿਲੀ ਨਾ ਇਕ ਵਾਰੀ, ਏਕੰਕਾਰ ਤੇਰੀ ਓਟ ਨਾ ਕੋਇ ਤਕਾਈਆ । ਕਲਜੁਗ ਅੰਤ ਦੋ ਜਹਾਨ ਸ੍ਰਿਸ਼ਟ ਦ੍ਰਿਸ਼ਟ ਹੋਈ ਦੁਖਿਆਰੀ, ਸਤਿ ਸਤਿਵਾਦੀ ਬ੍ਰਹਮ ਬ੍ਰਹਿਮਾਦੀ ਸਾਂਤਕ ਸਤਿ ਨਾ ਕੋਇ ਕਰਾਈਆ । ਚਾਰ ਕੁੰਟ ਦਹਿ ਦਿਸ਼ਾ ਮਾਨਵ ਮਾਨਵ ਹੋਈ ਖ਼ੁਆਰੀ, ਖ਼ਾਲਸ ਤੇਰਾ ਰੂਪ ਨਾ ਕੋਇ ਦਰਸਾਈਆ । ਮਨ ਕਲਪਣਾ ਵਿਚ ਦੀਨ ਦੁਨੀ ਹੰਕਾਰੀ, ਜ਼ਾਤ ਪਾਤ ਦੀਨ ਮਜ਼੍ਹਬ ਕਰੇ ਲੜਾਈਆ । ਤੇਰੇ ਨਾਮ ਦੀ ਝਗੜਿਆਂ ਵਾਲੀ ਲੱਗੀ ਅਖਾੜੀ, ਅੱਲਾ ਵਾਹਿਗੁਰੂ ਰਾਮ ਓਮ ਹਰੀ ਓਮ ਤਤ ਸਤਿ ਕਰੇ ਲੜਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਾਡੀ ਆਸ਼ਾ ਕਲਜੁਗ ਅੰਤਮ ਵੇਖ ਹਾਰੀ, ਹਰਿ ਹਰਿਜੂ ਸੀਸ ਨਿਵਾਈਆ । ਆਤਮ ਬ੍ਰਹਮ ਪਾਰਬ੍ਰਹਮ ਬਿਨ ਤੇਰੇ ਕਰੇ ਕੋਇ ਨਾ ਦਾਰੀ, ਅੰਤਰ ਨਿਰੰਤਰ ਮੇਲ ਨਾ ਕੋਇ ਮਿਲਾਈਆ । ਤੇਰੇ ਪਿਆਰ ਅੰਦਰ ਆਈ ਇਕ ਵਿਚਾਰੀ, ਵਿਚਰ ਕੇ ਦਈਏ ਸੁਣਾਈਆ । ਪੁਰਖ ਅਕਾਲੇ ਦੀਨ ਦਿਆਲੇ ਨਿਰਗੁਣ ਨੂਰ ਜੋਤ ਕਰ ਉਜਿਆਰੀ, ਪਾਰਬ੍ਰਹਮ ਪ੍ਰਭ ਆਪਣਾ ਖੇਲ ਖਿਲਾਈਆ । ਜਿਸ ਦੀ ਗੁਰ ਅਵਤਾਰ ਪੈਗ਼ੰਬਰ ਭਵਿਖਤਾਂ ਵਿਚ ਕਰ ਕੇ ਗਏ ਇਜ਼ਹਾਰੀ, ਰਾਗਾਂ ਨਾਦਾਂ ਵਿਚ ਦ੍ਰਿੜਾਈਆ । ਜਿਸ ਦੀ ਸਾਰੇ ਮੰਨਣ ਤਾਬਿਆਦਾਰੀ, ਸੀਸ ਜਗਦੀਸ ਨਾ ਕੋਇ ਉਠਾਈਆ । ਸਭ ਦਾ ਲਹਿਣਾ ਦੇਣਾ ਵੇਖ ਪਾ ਸਾਰੀ, ਮਹਾਂਸਾਰਥੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਮਿਹਰ ਨਜ਼ਰ ਇਕ ਉਠਾਈਆ । ਪੁਰਖ ਅਕਾਲ ਕਹੇ ਵਿਸ਼ਨ ਸ਼ਿਵ ਸੁਣ ਬ੍ਰਹਮ, ਬ੍ਰਹਿਮਾਦ ਦਿਆਂ ਜਣਾਈਆ । ਆਦਿ ਜੁਗਾਦਿ ਮੇਰਾ ਇਕੋ ਧਰਮ, ਸਤਿ ਸਚ ਦੀ ਬਾਣ ਸਮਝਾਈਆ । ਲੱਖ ਚੁਰਾਸੀ ਮੇਰੀ ਧਾਰ ਤੋਂ ਲਏ ਜਰਮ, ਆਤਮ ਮੇਰਾ ਨੂਰ ਇਲਾਹੀਆ । ਜਗਤ ਕਰਨੀ ਬਣਾ ਕੇ ਕਰਮ, ਕਾਂਡਾਂ ਵਿਚ ਖੇਲ ਖਿਲਾਈਆ । ਦੀਨ ਮਜ਼੍ਹਬ ਬਣਾਇਆ ਭਰਮ, ਜ਼ਾਤਾਂ ਵਿਚ ਕੀਤੀ ਲੜਾਈਆ । ਝਗੜਾ ਪਾ ਕੇ ਮਾਟੀ ਚਰਮ, ਸ੍ਰਿਸ਼ਟੀ ਦ੍ਰਿਸ਼ਟੀ ਦਿਤੀ ਬਦਲਾਈਆ । ਜੋ ਆਏ ਮੇਰੀ ਸਰਨ, ਸਿਰ ਆਪਣਾ ਹੱਥ ਰਖਾਈਆ । ਨਾਤਾ ਤੋੜ ਕੇ ਜਨਮ ਮਰਨ, ਮਰ ਜੀਵਤ ਰੂਪ ਸਮਝਾਈਆ । ਮਾਲਕ ਬਣ ਕੇ ਤਰਨੀ ਤਰਨ, ਨਿਰਗੁਣ ਜੋਤ ਵਿਚ ਸਮਾਈਆ । ਉਹ ਮੰਜ਼ਲ ਸਾਚੀ ਚੜ੍ਹਨ, ਦਰਗਹ ਸਾਚੀ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਵੇ ਧੁਰ ਦਾ ਵਰ, ਸਚ ਸੰਦੇਸ਼ਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਬਿਨ ਸੀਸ ਜਗਦੀਸ ਝੁਕੇ, ਸਚਖੰਡ ਸੀਸ ਨਿਵਾਈਆ । ਪੁਰਖ ਅਕਾਲੇ ਸਭ ਦੇ ਪੈਂਡੇ ਮੁਕੇ, ਅੰਤਮ ਵੇਖ ਥਾਉਂ ਥਾਈਆ । ਤੇਰਾ ਭਾਣਾ ਕਦੇ ਨਾ ਰੁਕੇ, ਨਾ ਕੋਇ ਮੇਟੇ ਮੇਟ ਮਿਟਾਈਆ । ਸ੍ਰਿਸ਼ਟ ਸਬਾਈ ਕਲਜੁਗ ਅੰਤਮ ਦੁੱਖੇ, ਦਰਦੀਆਂ ਦਰਦ ਨਾ ਕੋਇ ਵੰਡਾਈਆ । ਜੀਵ ਜਹਾਨ ਵੇਖ ਭੁੱਖੇ, ਆਤਮ ਰਸ ਨਾ ਕੋਇ ਚਖਾਈਆ । ਭਾਗ ਲੱਗਾ ਕਿਸੇ ਨਾ ਕੁੱਖੇ, ਭਗਤ ਜਨਮੇ ਕੋਇ ਨਾ ਮਾਈਆ । ਮਾਨਵ ਜ਼ਾਤੀ ਉਲਟ ਰੁੱਖੇ, ਗੇੜਾ ਗੇੜਾ ਨਾ ਕੋਇ ਪਵਾਈਆ । ਭਾਗ ਲੱਗੇ ਨਾ ਕਾਇਆ ਪੰਜ ਤਤ ਬੁੱਤੇ, ਬੁਤਖ਼ਾਨੇ ਪਈ ਦੁਹਾਈਆ । ਸਾਨੂੰ ਇਉਂ ਜਾਪਦਾ ਗੁਰੂ ਅਵਤਾਰ ਪੈਗ਼ੰਬਰ ਪੁਰਖ ਅਕਾਲ ਤੇਰੀ ਜੋਤ ਵਿਚ ਸੁਤੇ, ਧਰਨੀ ਧਰਤ ਧਵਲ ਧੌਲ ਉਤੇ ਲਵੇ ਨਾ ਕੋਇ ਅੰਗੜਾਈਆ । ਆਪਣਿਆਂ ਮੁਰੀਦਾਂ ਸਿੱਖਾਂ ਸ਼ਬਦ ਗੋਦੀ ਕੋਇ ਨਾ ਚੁੱਕੇ, ਫੜ ਬਾਹੋਂ ਗਲੇ ਨਾ ਕੋਇ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਠਾਂਡੇ ਮੰਗ ਮੰਗਾਈਆ । ਪੁਰਖ ਅਕਾਲ ਕਹੇ

ਵਿਸ਼ਨ ਬ੍ਰਹਮਾ ਸ਼ਿਵ ਤੁਹਾਡੀ ਸਚ ਸੁਣਾਂ ਅਰਦਾਸ, ਬੇਨੰਤੀ ਆਪਣੀ ਝੋਲੀ ਪਾਈਆ । ਮੇਰਾ ਖੇਲ ਅਗੰਮ ਤਮਾਸ਼, ਜੁਗ ਚੌਕੜੀ ਸਮਝ ਕਿਸੇ ਨਾ ਆਈਆ । ਕਲਜੁਗ ਅੰਤਮ ਪਾਵਾਂ ਰਾਸ, ਨਿਰਗੁਣ ਨਿਰਗੁਣ ਗੋਪੀ ਕਾਹਨ ਨਚਾਈਆ । ਵੇਲਾ ਵਕਤ ਦੱਸਣਾ ਖ਼ਾਸ, ਥਿਤ ਵਾਰ ਦਿਆਂ ਦ੍ਰਿੜਾਈਆ । ਸਤਾਰਾਂ ਹਾੜ ਸਭ ਨੇ ਬਣਾਉਣਾ ਸਾਥ, ਸੰਗ ਇਕੋ ਇਕ ਜਣਾਈਆ । ਤੂੰ ਮੇਰਾ ਮੈਂ ਤੇਰਾ ਗਾਉਣੀ ਗਾਥ, ਢੋਲਾ ਅਗੰਮ ਅਥਾਹੀਆ । ਸੋਹਣੀ ਸੁਹੰਜਣੀ ਸੁਹਾਉਣੀ ਰਾਤ, ਰੁਤੜੀ ਆਪਣੀ ਇਕ ਮਹਿਕਾਈਆ । ਸ਼ੰਕਰ ਪਿੱਠ ਤੇ ਬੰਨ੍ਹ ਕੇ ਲਿਔਣੀ ਕਲਮ ਦਵਾਤ, ਜੋ ਜਗਤ ਨੇਤਰ ਨਜ਼ਰ ਕਿਸੇ ਨਾ ਆਈਆ । ਤੈਨੂੰ ਖੇਲ ਵਖਾਵਾਂ ਸਾਖਿਆਤ, ਭੇਵ ਅਭੇਦ ਆਪ ਖੁਲ੍ਹਾਈਆ । ਚਾਰ ਜੁਗ ਸਿਰਫ਼ ਮੇਰੇ ਨਾਮ ਦੀ ਹੁੰਦੀ ਰਹੀ ਅਰਦਾਸ, ਮੇਰਾ ਦਰਸ ਕੋਇ ਨਾ ਪਾਈਆ । ਅਵਤਾਰ ਪੈਗੰਬਰ ਗੁਰੂ ਗਾ ਕੇ ਗਏ ਗਾਥ, ਸਿਫ਼ਤਾਂ ਵਾਲੇ ਢੋਲੇ ਜਗਤ ਸੁਣਾਈਆ । ਮੈਨੂੰ ਮੰਨ ਕੇ ਗਏ ਪੁਰਖ ਸਮਰਾਥ, ਸਚਖੰਡ ਦਾ ਵਾਸੀ ਧੁਰਦਰਗਾਹੀਆ । ਦੀਨ ਮਜ਼੍ਹਬ ਵਿਚੋਂ ਮੈਂ ਕਿਸੇ ਨਾ ਆਇਆ ਹਾਥ, ਸਨਮੁਖ ਹੋ ਨਾ ਮੇਲ ਮਿਲਾਈਆ । ਜੁਗ ਜੁਗ ਜਦ ਕਿਰਪਾ ਕੀਤੀ ਜਨ ਭਗਤਾਂ ਦਿਤੀ ਦਾਤ, ਜ਼ਾਤ ਪਾਤ ਨਾ ਕੋਇ ਵਡਿਆਈਆ । ਸਤਿਜੁਗ ਤ੍ਰੇਤਾ ਦੁਆਪਰ ਕਲਜੁਗ ਮੇਰੀ ਚਲਦੀ ਆਈ ਸ਼ਾਖ਼, ਸ਼ਨਾਖ਼ਤ ਆਪਣੇ ਹੱਥ ਰਖਾਈਆ । ਮੇਰਾ ਖੇਲ ਪ੍ਰਿਥਮੀ ਆਕਾਸ਼, ਗਗਨ ਗਗਨੰਤਰ ਆਪਣੀ ਕਾਰ ਕਮਾਈਆ । ਤੁਸਾਂ ਤਿੰਨਾਂ ਬਿਨਾ ਹੱਥਾਂ ਤੋਂ ਜੋੜੇ ਹਾਥ, ਨਮੋਂ ਨਮੋਂ ਸੀਸ ਝੁਕਾਈਆ । ਬ੍ਰਹਮਾ ਤੇਰੀ ਵਿਦਿਆ ਹੋਵੇ ਪਾਸ, ਚਾਰੇ ਵੇਦ ਨਾ ਕੋਇ ਚਤੁਰਾਈਆ । ਵਿਸ਼ਨੂੰ ਤੇਰਾ ਧਰਮ ਦੀ ਧਾਰ ਭੰਡਾਰਾ ਹੋਵੇ ਖ਼ਾਸ, ਖ਼ਾਲਸ ਆਪਣੀ ਕਾਰ ਕਮਾਈਆ । ਤਿੰਨਾਂ ਨੇ ਮੇਰਾ ਨਾਮ ਗਾਉਣਾ ਬਣ ਕੇ ਭਾਟ, ਬਿਨ ਰਾਗਾਂ ਰਾਗ ਅਲਾਈਆ । ਮੰਜ਼ਲ ਮਾਰ ਕੇ ਆਉਣਾ ਵਾਟ, ਭਗਤ ਦਵਾਰ ਪਹੁੰਚਣਾ ਚਾਈਂ ਚਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਿਰ ਆਪਣਾ ਹੱਥ ਰਖਾਈਆ । ਸ਼ੰਕਰ ਕਹੇ ਮੇਰੇ ਪ੍ਰਭੂ ਪ੍ਰਭ ਨਾਥ, ਅਨਾਥਾਂ ਹੋਏਂ ਸਹਾਈਆ । ਜੇ ਸ਼ਬਦ ਅਗੰਮੀ ਦਿਤਾ ਆਖ, ਆਖ਼ਰ ਸੀਸ ਝੁਕਾਈਆ । ਤੇਰੇ ਚਰਨ ਕਵਲ ਨਿਰਗੁਣ ਧਾਰ ਜੋੜੀਏ ਨਾਤ, ਨਾਤਾ ਇਕੋ ਨਾਲ ਜੁੜਾਈਆ । ਸਾਡੀ ਸਭ ਦੀ ਪੁਛੀਂ ਵਾਤ, ਵਾਸਤਾ ਤੇਰੇ ਅੱਗੇ ਪਾਈਆ । ਤੂੰ ਸਾਹਿਬ ਸਵਾਮੀ ਕਮਲਾਪਾਤ, ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਅਸਾਂ ਭਗਤ ਦਵਾਰ ਆ ਕੇ ਜਨ ਭਗਤਾਂ ਲਈ ਮੰਗਣੀ ਦਾਤ, ਖ਼ਾਲੀ ਝੋਲੀ ਆਪਣੀ ਡਾਹੀਆ । ਗ਼ਰੀਬ ਨਿਮਾਣਿਆਂ ਪੁਛ ਵਾਤ, ਮਿਹਰਵਾਨ ਮਿਹਰ ਨਜ਼ਰ ਉਠਾਈਆ । ਧਰਮ ਦੀ ਧਾਰ ਚਲਾ ਸਾਚ, ਸਚ ਦੀ ਕਰਨੀ ਕਾਰ ਕਮਾਈਆ । ਪ੍ਰਕਾਸ਼ ਕਰ ਕਾਇਆ ਮਾਟੀ ਕਾਚ, ਕੰਚਨ ਗੜ੍ਹ ਦੇ ਵਡਿਆਈਆ । ਤੇਰਾ ਖੇਲ ਅਲੱਖਣਾ ਅਲਾਖ, ਅਲਖ ਅਗੋਚਰ ਤੇਰੀ ਬੇਪਰਵਾਹੀਆ । ਅਸਾਂ ਤਿੰਨਾਂ ਸਚਖੰਡ ਦਵਾਰਿਉਂ ਤੇਰੀ ਚਰਨ ਧੂੜ ਦਾ ਲੈ ਕੇ ਆਉਣਾ ਪਰਸਾਦ, ਤੇਰੀ ਕਿਰਪਾ ਕਿਰਪਾ ਨਾਲ ਰਖਾਈਆ । ਤੂੰ ਮਾਲਕ ਖ਼ਾਲਕ ਆਦਿ ਦਾ ਆਦਿ, ਅੰਤ ਤੇਰੀ ਵਡ ਵਡਿਆਈਆ । ਅਸੀਂ ਚਾਹੁੰਦੇ ਤੂੰ ਜਨ ਭਗਤਾਂ ਬਣਾ ਯਾਦ, ਆਪਣਾ ਰੰਗ ਰੰਗਾਈਆ । ਤੇਰਿਆਂ ਗੁਰਮੁਖਾਂ ਖੇੜਾ ਰਹੇ ਆਬਾਦ, ਲੋਕਮਾਤ ਉਜੜ ਨਾ ਜਾਈਆ । ਅੰਦਰ ਵੜ ਕੇ ਖੋਲ੍ਹ ਜਾਗ, ਜਾਗਰਤ ਜੋਤ ਜੋਤ ਰੁਸ਼ਨਾਈਆ । ਚਾਰ ਜੁਗ ਤੈਨੂੰ ਲੱਭਦੇ ਰਹੇ ਸੰਤ ਸਾਧ, ਹੁਣ ਭਗਤਾਂ ਪਰਗਟ ਹੋ ਕੇ ਆਪਣਾ ਦਰਸ ਦਿਖਾਈਆ । ਸਤਿਜੁਗ ਤੇਰਾ ਵੇਖਣਾ ਚਾਹੁੰਦੇ ਬਗੀਚਾ ਬਾਗ਼, ਫੁੱਲ ਫੁਲਵਾੜੀ ਅਗੰਮ ਮਹਿਕਾਈਆ । ਜਿਧਰ ਜਾਈਏ ਓਧਰ ਤੇਰੇ ਨਾਮ ਦਾ ਵੱਜੇ ਨਾਦ, ਦੂਜੀ ਅਵਰ ਨਾ ਕੋਇ ਪੜ੍ਹਾਈਆ । ਕਲਜੁਗ ਕੂੜੀ ਕਿਰਿਆ ਕਰ ਬਰਬਾਦ, ਬੇਪਰਵਾਹ ਹੁਕਮ ਸੁਣਾਈਆ । ਸਤਿਜੁਗ ਸਾਚਾ ਕਰ ਆਬਾਦ, ਗੁਰਮੁਖ ਸਾਚੇ ਵਿਚ ਟਿਕਾਈਆ । ਹਰ ਹਿਰਦੇ ਅੰਦਰ ਹੋ ਵਿਸਮਾਦ, ਬਿਸਮਿਲ ਆਪਣੀ ਕਾਰ ਕਮਾਈਆ । ਝਗੜਾ ਮੁਕਾ ਦੇ ਇਸ਼ਕ ਹਕੀਕੀ ਤੇ ਮਿਜਾਜ਼, ਮਿਸਲ ਆਪਣੀ ਇਕ ਸਮਝਾਈਆ । ਜਿਸ ਨੂੰ ਸਮਝੇ ਬੁਧੀ

੩੫੭

ਅਕਲ ਨਾ ਕੋਇ ਦਿਮਾਗ਼, ਅਨਭਵ ਆਪਣੀ ਕਾਰ ਕਮਾਈਆ । ਗ੍ਰਹਿ ਗ੍ਰਹਿ ਦੀਪਕ ਜੋਤ ਜਗਾ ਚਿਰਾਗ਼, ਕਾਇਆ ਚਰਾਗਾਹਾਂ ਅੰਦਰ ਹੋਏ ਰੁਸ਼ਨਾਈਆ । ਹਰਿਜਨ ਹੰਸ ਬਣਾ ਕਾਗ, ਦੁਰਮਤ ਮੈਲ ਧਵਾਈਆ । ਕਿਸੇ ਦਾ ਰਹੇ ਨਾ ਸਵਾਲ ਜਵਾਬ, ਧੁਰ ਫ਼ਰਮਾਨਾ ਇਕ ਸੁਣਾਈਆ । ਤੇਰੇ ਦਵਾਰਿਉਂ ਸਭ ਨੂੰ ਹੋਵੇ ਲਾਭ, ਗੁਰ ਅਵਤਾਰ ਪੈਗ਼ੰਬਰ ਬੈਠਣ ਸੀਸ ਨਿਵਾਈਆ । ਜਿਹੜਾ ਅੰਮ੍ਰਿਤ ਝਿਰਨਾ ਝਿਰਦਾ ਦੱਸ ਕੇ ਆਏ ਕਵਲ ਨਾਭ, ਸੋ ਬੂੰਦ ਸਵਾਂਤੀ ਮਿਹਰ ਨਜ਼ਰ ਨਾਲ ਪਿਆਈਆ । ਜਿਹੜਾ ਨੂਰ ਦੱਸਦੇ ਆਏ ਸੂਰੀਆ ਚਾਂਦ, ਕਾਇਆ ਅੰਤਰ ਕਰੇ ਰੁਸ਼ਨਾਈਆ । ਸੋ ਪੜਦਾ ਲਾਹ ਦੇ ਜਨ ਭਗਤਾਂ ਬੰਧਨਾਂ ਤੋਂ ਕਰ ਅਜ਼ਾਦ, ਸਤਿ ਸਰੂਪ ਆਪਣਾ ਦਰਸ ਦਖਾਈਆ । ਰਾਤੀ ਸੁਤਿਆਂ ਦਿਨੇ ਜਾਗਦਿਆਂ ਸਤਿਗੁਰ ਸ਼ਬਦ ਹੋ ਕੇ ਮਾਰ ਆਵਾਜ਼, ਤਤਾਂ ਵਾਲੇ ਗੁਰੂ ਦਾ ਝਗੜਾ ਦੇ ਮੁਕਾਈਆ । ਪੁਰਖ ਅਕਾਲੇ ਨਵੀਂ ਸਾਜਣਾ ਸਾਜ, ਅਵਤਾਰ ਪੈਗ਼ੰਬਰ ਗੁਰੂ ਜਿਸ ਦੀ ਭਵਿਖਤਾਂ ਵਿਚ ਦੇ ਕੇ ਗਏ ਗਵਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਫ਼ਰਮਾਨਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਸੁਣੋ ਸ਼ਬਦ ਤ੍ਰੈਗੁਣ ਅਤੀਤ, ਤ੍ਰੈਭਵਣ ਆਪ ਜਣਾਈਆ । ਆਦਿ ਜੁਗਾਦੀ ਧੁਰ ਦੀ ਰੀਤ, ਨਿਤ ਨਵਿਤ ਖੇਲ ਵਖਾਈਆ । ਜੁਗ ਚੌਕੜੀ ਖੇਲ ਖੇਲਿਆ ਠਾਕਰ ਦਵਾਰਾ ਮੰਦਰ ਮਸੀਤ ਸ਼ਿਵਦਵਾਲੇ ਮੱਠ ਗੁਰਦਵਾਰਿਆਂ ਵੰਡ ਵੰਡਾਈਆ । ਅੰਤ ਲੇਖਾ ਸਭ ਦਾ ਤੁਸਾਂ ਕਰਨਾ ਤਸਦੀਕ, ਸ਼ਹਾਦਤ ਵੱਖ ਵੱਖ ਭੁਗਤਾਈਆ । ਸਚ ਦਵਾਰੇ ਕਵਣ ਹੋਇਆ ਵਸਨੀਕ, ਵਸਣਹਾਰ ਕਵਣ ਹੋ ਜਾਈਆ । ਗੁਰ ਅਵਤਾਰ ਪੈਗ਼ੰਬਰ ਕੀ ਰੱਖਣ ਉਮੀਦ, ਆਸਾ ਕੀ ਜਣਾਈਆ । ਕਿਸ ਦੀ ਸਿਫ਼ਤ ਕੀਤੀ ਤੌਹੀਦ, ਭੇਵ ਅਭੇਦ ਖੁਲ੍ਹਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਪ੍ਰਭੂ ਅਸੀਂ ਸਾਰੇ
੩੫੮ ਤੇਰੇ ਅਜ਼ੀਜ਼, ਨਿਉਂ ਨਿਉਂ ਸੀਸ ਝੁਕਾਈਆ । ਬਿਨਾ ਤੇਰੇ ਨਾਮ ਕਲਮੇ ਤੋਂ ਕਿਸੇ ਨਾ ਆਈ ਤਮੀਜ਼, ਸਤਿ ਸਚ ਨਾ ਕੋਇ ਬਣਾਈਆ । ਪਰ ਸਾਨੂੰ ਜੁਗ ਚੌਕੜੀ ੩੫੮
ਪਿਛੋਂ ਇਹੋ ਆਈ ਰੀਝ, ਜੋ ਨਿਉਂ ਕੇ ਦਈਏ ਦ੍ਰਿੜਾਈਆ । ਔਹ ਵੇਖ ਭਵਿਖਤਾਂ ਤੇਰੀ ਸਦੀ ਚੌਧਵੀਂ ਰਹੀ ਬੀਤ, ਬੀਸਵੀਂ ਆਪਣਾ ਪੰਧ ਮੁਕਾਈਆ । ਦੋ ਜਹਾਨ ਤੇਰੇ ਨਾਮ ਦਾ ਇਕੋ ਗਾਵੇ ਗੀਤ, ਦੂਜਾ ਨਾਮ ਨਾ ਸਿਫ਼ਤ ਸਾਲਾਹੀਆ । ਇਕੋ ਕਲਮਾ ਹੋਵੇ ਹਦੀਸ, ਇਕੋ ਤੇਰੀ ਹੱਕ ਪੜ੍ਹਾਈਆ । ਤਿੰਨਾਂ ਰੋ ਕੇ ਮਾਰੀ ਚੀਕ, ਕੂਕ ਕੂਕ ਦਿਤਾ ਸੁਣਾਈਆ । ਬਹੁੜੀ ਤੇਰੀ ਸਾਰੇ ਕਰਨ ਉਡੀਕ, ਚਾਰ ਜੁਗ ਦੇ ਸ਼ਾਸਤਰ ਦੇਣ ਗਵਾਹੀਆ । ਕਲਜੁਗ ਅੰਧੇਰਾ ਬਦਲ ਦੇ ਤਾਰੀਕ, ਤਾਰੀਖ ਆਪਣੀ ਦੇ ਸਮਝਾਈਆ । ਲੱਖ ਚੁਰਾਸੀ ਬਦਲ ਦੇ ਨੀਤ, ਨੀਤੀਵਾਨ ਫੇਰਾ ਪਾਈਆ । ਤੇਰੇ ਦਰ ਤੇ ਮੰਗਦੇ ਭੀਖ, ਭਿੱਖਕ ਹੋ ਕੇ ਝੋਲੀ ਢਾਹੀਆ । ਚਰਨ ਕਵਲ ਤੇਰੇ ਸੀਸ, ਜਗਦੀਸ ਇਕ ਟਿਕਾਈਆ । ਲੇਖਾ ਵੇਖ ਬੀਸ ਇਕੀਸ, ਗੋਬਿੰਦ ਧਾਰ ਧਾਰ ਦਰਸਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਸਿਰ ਆਪਣਾ ਹੱਥ ਰਖਾਈਆ । ਪੁਰਖ ਅਕਾਲ ਕਹੇ ਵਿਸ਼ਨ ਬ੍ਰਹਮਾ ਸ਼ਿਵ ਰੱਖਣਾ ਯਾਦ, ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਸਮਝਾਈਆ । ਸਚ ਦਾ ਮਾਰਗ ਕਰਾਂ ਆਬਾਦ, ਧਰਨੀ ਧਰਤ ਧਵਲ ਧੌਲ ਦਿਆਂ ਵਡਿਆਈਆ । ਗੁਰਮੁਖਾਂ ਦੀ ਗੁਰਮੁਖ ਸਿੰਘ ਨਾਲ ਬਣਾਵਾਂ ਮੁਨਿਆਦ, ਮੁਨਿਆਦੀ ਆਪਣਾ ਨਾਮ ਕਰਾਈਆ । ਤਿੰਨ ਅੱਸੂ ਨਵੀਂ ਸਾਜਣਾ ਸਾਜ, ਸਚ ਸਚ ਦਾ ਖੇਲ ਵਖਾਈਆ । ਨੌਂ ਗੁਰਮੁਖ ਲਗਾ ਕੇ ਰਾਜ, ਰਾਜਨ ਰਾਜ ਹੁਕਮ ਵਰਤਾਈਆ । ਪੰਦਰਾਂ ਪੰਦਰਾਂ ਆਪਣੀ ਧਾਰ ਲਾਧ, ਪਰਦਾ ਪਰਦਿਆਂ ਵਿਚੋਂ ਚੁਕਾਈਆ । ਨਿਰਗੁਣ ਧਾਰ ਹੋ ਵਿਸਮਾਦ, ਵੇਖਾਂ ਚਾਰੋਂ ਕੁੰਟ ਥਾਉਂ ਥਾਈਂਆ । ਫੇਰ ਹੁਕਮ ਸੁਣਾਵਾਂ ਜਿਸ ਨੇ ਬਦਲ ਦੇਣਾ ਸਮਾਜ, ਸਮਾਂ ਸਮੇਂ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਸਦ ਆਪਣਾ ਹੁਕਮ ਸੁਣਾਈਆ । ਗੁਰਮੁਖ ਦਵਾਰਾ ਪੰਦਰਾਂ ਪੰਦਰਾਂ ਵੰਦ, ਇਕ ਪੰਜ ਸਮਝਾਈਆ । ਹਰਿ ਸੰਗਤ ਤੂੰ ਮੇਰਾ ਮੈਂ ਤੇਰਾ ਗਾ ਕੇ ਛੰਦ, ਖ਼ੁਸ਼ੀ ਖ਼ੁਸ਼ੀ ਲੈਣੀ ਮਨਾਈਆ ।

ਆਤਮ ਧਾਰ ਪ੍ਰੇਮ ਪਿਆਰ ਸੋਹੇ ਪਲੰਘ, ਸੇਜ ਸੁਹੰਜਣੀ ਇਕ ਚਤੁਰਾਈਆ । ਅੰਦਰ ਨਿਸ਼ਾਨ ਬਣਾਉਣਾ ਤਾਰਾ ਚੰਦ, ਲਹਿੰਦੀ ਦਿਸ਼ਾ ਵੇਖ ਵਖਾਈਆ । ਅਗਲਾ ਖੇਲ ਸੂਰਾ ਸਰਬੰਗ, ਸਮਾਂ ਸਮੇਂ ਨਾਲ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਵਿਸ਼ਨ ਬ੍ਰਹਮਾ ਸ਼ਿਵ ਜਨ ਭਗਤਾਂ ਭਗਤ ਦਵਾਰ ਸੁਹਾਉਣਾ, ਦੇਵੇ ਮਾਣ ਵਡਿਆਈਆ । ਰਵਦਾਸ ਚਮਾਰਾ ਗੁਰਮੁਖ ਰੰਗ ਰੰਗਾਉਣਾ, ਸਿੰਘ ਸਿੰਘ ਵੱਜੇ ਵਧਾਈਆ । ਦੂਜਾ ਹੁਕਮ ਹੁਕਮ ਫੇਰ ਸਮਝਾਉਣਾ, ਸਮਝ ਸਮਝ ਵਿਚੋਂ ਬਦਲਾਈਆ । ਸਚ ਦਾ ਮਾਰਗ ਸਤਿਜੁਗ ਇਕ ਰਖਾਉਣਾ, ਸਤਿ ਸਤਿ ਨਾਲ ਕੁੜਮਾਈਆ । ਬ੍ਰਹਮ ਬ੍ਰਹਮ ਦਾ ਪੜਦਾ ਲਾਹੁਣਾ, ਬ੍ਰਹਮ ਮਤ ਇਕ ਉਪਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਆਪਣੀ ਕਾਰ ਕਮਾਈਆ । ਗੁਰਮੁਖ ਸਿੰਘ ਨੂੰ ਦੇ ਕੇ ਦਾਦ, ਸ਼ਬਦ ਸ਼ਬਦ ਨਾਲ ਵਡਿਆਈਆ । ਫੇਰ ਬਣਾਉਣੀ ਭਗਤ ਦਵਾਰੇ ਸਚ ਸਮਾਧ, ਜੋਗਿੰਦਰ ਤ੍ਰਿਪਤ ਜਿਸ ਵਿਚ ਜਾਣ ਸਮਾਈਆ । ਪੁਰਖ ਅਕਾਲ ਦੀਨ ਦਿਆਲ ਨਿਰਗੁਣ ਧਾਰ ਰੱਖਣੀ ਲਾਜ, ਸਰਗੁਣ ਆਪਣੀ ਕਾਰ ਕਮਾਈਆ । ਜਿਥੇ ਲੇਖਾ ਮੁਕਣਾ ਕਲਜੁਗ ਲੂਲ੍ਹੇ ਲੰਗੜੇ ਅਪਹਾਜ, ਬਲਹੀਣ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦੀ ਕਰਨੀ ਕਾਰ ਕਮਾਈਆ । ਸ਼ੰਕਰ ਕਹੇ ਮੈਂ ਕਲਮ ਦਵਾਤ ਲਿਆਉਣੀ, ਥਿਤ ਸਤਾਰਾਂ ਹਾੜ੍ਹ ਸਮਝਾਈਆ । ਕੀ ਸਾਹਿਬ ਖੇਲ ਖਿਲਾਉਣੀ, ਨਿਰਗੁਣ ਨਿਰਵੈਰ ਦੇ ਦ੍ਰਿੜਾਈਆ । ਪੁਰਖ ਅਕਾਲ ਕਿਹਾ ਮੈਂ ਨਵੀਂ ਲਿਖਤ ਲਿਖਾਉਣੀ, ਜਿਸ ਨੂੰ ਗੁਰ ਅਵਤਾਰ ਪੈਗੰਬਰ ਸਮਝ ਸਕਿਆ ਕੋਇ ਨਾ ਰਾਈਆ । ਨਵੀਂ ਨਵੀਂ ਧਾਰ ਪਰਗਟਾਉਣੀ, ਵਿਸ਼ਨ
੩੫੯ ਬ੍ਰਹਮਾ ਸ਼ਿਵ ਸਭ ਨੇ ਨਿਉਂ ਨਿਉਂ ਲੱਗਣਾ ਪਾਈਆ । ਇੱਕੀ ਧਾਮਾਂ ਵੰਡ ਵੰਡਾਉਣੀ, ਜਿਨ੍ਹਾਂ ਸਤਿਜੁਗ ਸਚ ਸਚ ਕਰਨੀ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ੩੫੯
ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਫ਼ਰਮਾਨਾ ਇਕ ਸੁਣਾਈਆ । ਸ਼ੰਕਰ ਤੇਰੀ ਕਲਮ ਦਵਾਤ ਭਰੀ ਹੋਵੇ ਨਾਲ ਸਿਆਹੀ, ਸਿਆਹ ਰੂਪ ਨਾ ਕੋਇ ਦਰਸਾਈਆ । ਕਲਮ ਬਣਾਉਣੀ ਜੇਹੜਾ ਗੋਬਿੰਦ ਬੂਟਾ ਪੁੱਟਿਆ ਕਾਹੀ, ਕਾਇਨਾਤ ਨਾਤ ਵਿਚੋਂ ਪਰਗਟਾਈਆ । ਲਹਿਣਾ ਦੇਣਾ ਪੂਰਾ ਕਰਨਾ ਜੋ ਮਾਛੂਵਾੜੇ ਸਿਫ਼ਤ ਸਾਲਾਹੀ, ਮਹਿਮਾ ਕਥ ਕਥ ਸੁਣਾਈਆ । ਜੋ ਸੰਦੇਸ਼ਾ ਦਿਤਾ ਪਾਂਧੀ ਰਾਹੀ, ਰਹਿਬਰ ਹੋ ਕੇ ਆਪ ਦ੍ਰਿੜਾਈਆ । ਪੁਰਖ ਅਕਾਲਾ ਬਣ ਕੇ ਧੁਰ ਦਾ ਮਾਹੀ, ਮਹਿਬੂਬ ਹੋ ਕੇ ਮੁਹੱਬਤ ਵਿਚ ਆਪਣੀ ਕਾਰ ਕਮਾਈਆ । ਜਨ ਭਗਤਾਂ ਲੱਖ ਚੁਰਾਸੀ ਜਮ ਦੀ ਫਾਸੀ ਕਟੇ ਫਾਹੀ, ਰਾਏ ਧਰਮ ਨਾ ਦਏ ਸਜ਼ਾਈਆ । ਲੇਖਾ ਲਿਖਣਾ ਇਕੋ ਵਾਰ ਦੂਜੀ ਲੋੜ ਰਹੇ ਨਾ ਰਾਈ, ਰਹਿਮਤ ਆਪਣੀ ਆਪ ਕਮਾਈਆ । ਜਨ ਭਗਤ ਸੁਹੇਲੇ ਪਾਰ ਉਤਾਰੇ ਫੜ ਕੇ ਬਾਂਹੀਂ, ਬਲ ਆਪਣਾ ਇਕ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਸੰਦੇਸ਼ਾ ਇਕ ਸਮਝਾਈਆ । ਸ਼ੰਕਰ ਕਿਹਾ ਮੇਰੀ ਕਲਮ ਦਵਾਤ ਕੀ ਹੋਵੇ ਵਡੀ ਨਿੱਕੀ, ਸਾਹਿਬ ਦੇ ਸਮਝਾਈਆ । ਪੁਰਖ ਅਕਾਲ ਕਿਹਾ ਸਰਗੁਣ ਧਾਰ ਨਿਰਗੁਣ ਦੂਆ ਏਕਾ ਬਣ ਕੇ ਹੋਵੇ ਇੱਕੀ, ਇਕੋ ਵਾਰ ਜਣਾਈਆ । ਜਿਹਦੀ ਧਾਰ ਨੋਕ ਹੋਵੇ ਤਿੱਖੀ, ਅੱਗੇ ਹੋ ਨਾ ਕੋਇ ਅਟਕਾਈਆ । ਪੁਰਖ ਅਕਾਲ ਸਤਿਜੁਗ ਸਚ ਧਰਮ ਦੀ ਤੇਰੇ ਨਾਲ ਲਿਖ ਕੇ ਬਣਾਉਣੀ ਸਿੱਖੀ, ਸਿੱਖ ਸਤਿਗੁਰ ਰੂਪ ਸਮਾਈਆ । ਨਾਲ ਲਿਆਉਣੀ ਗੋਬਿੰਦ ਵਾਲੀ ਉਹ ਚਿੱਠੀ, ਜਿਸ ਦਾ ਅੱਖਰ ਨਜ਼ਰ ਕੋਇ ਨਾ ਆਈਆ । ਜਿਸ ਵਿਚ ਲੱਖ ਚੁਰਾਸੀ ਇਕੋ ਰੂਪ ਦੱਸਿਆ ਹਾਹੇ ਉਤੇ ਟਿੱਪੀ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੂੰ ਵੇਖ ਕੇ ਕਲਜੁਗ ਦੀ ਧਾਰ ਆਸਾ ਪਿੱਟੀ, ਰੋ ਰੋ ਰੋ ਕੁਰਲਾਈਆ । ਅੱਗੇ ਨੂੰ ਖਹਿੜਾ ਛੁੱਟਣਾ ਦੀਨ ਦੁਨੀ ਦਾ ਪੱਥਰ ਇੱਟੀਂ, ਕਾਗਜ਼ਾਂ ਸੀਸ ਨਾ ਕੋਇ ਨਿਵਾਈਆ । ਸਤਿਜੁਗ ਦੀ ਧਾਰ ਸਤਾਰਾਂ ਹਾੜ੍ਹ ਦੀ ਹੋਣੀ ਮਿਤੀ, ਮਿੱਤਰ ਪਿਆਰਾ ਦਏ

ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਦਇਆ ਕਮਾਈਆ । ਸ਼ੰਕਰ ਕਹੇ ਦਵਾਤ ਊਣੀ ਹੋਵੇ ਕਿ ਭਰੀ, ਮੇਰਾ ਭਰਮ ਦੇਣਾ ਚੁਕਾਈਆ । ਪੁਰਖ ਅਕਾਲ ਕਿਹਾ ਇਸ ਗੱਲ ਤੋਂ ਮੂਲ ਨਾ ਡਰੀਂ, ਡਰ ਤੇਰਾ ਦਿਆਂ ਚੁਕਾਈਆ । ਤੂੰ ਚਰਨ ਕਵਲ ਨਿਗਾਹ ਕਰੀਂ, ਨੇਤਰ ਨੈਣ ਨੀਰ ਵਹਾਈਆ । ਅੰਮ੍ਰਿਤ ਧਾਰ ਵਹੇ ਸਰੀ, ਸਰੋਵਰਾਂ ਲੇਖਾ ਦੇ ਮੁਕਾਈਆ । ਇਹ ਖੇਲ ਨਰਾਇਣ ਨਰ ਹਰੀ, ਹਰਿ ਕਰਤਾ ਆਪ ਕਰਾਈਆ । ਜਿਸ ਦੀ ਧਾਰ ਕਦੇ ਨਾ ਮਰੀ, ਨਿਰਗੁਣ ਨੂਰ ਜੋਤ ਰੁਸ਼ਨਾਈਆ । ਉਸ ਦੀ ਸਰਨੀ ਸਚ ਦਵਾਰ ਪਰੀਂ, ਧੂੜੀ ਚਰਨ ਖ਼ਾਕ ਰਮਾਈਆ । ਦੀਨ ਦਿਆਲਾ ਇਕੋ ਵਰੀਂ, ਵਰ ਦਾਤਾ ਅਗੰਮ ਅਥਾਹੀਆ । ਤੇਰੀ ਖੇਲ ਹੋਵੇ ਖਰੀ, ਖ਼ੈਰਖਾਹੀ ਵਿਚ ਸਮਝਾਈਆ । ਸ਼ੰਕਰਾ ਤੈਨੂੰ ਕਰਕੇ ਬਰੀ, ਤੇਰਾ ਲੇਖਾ ਦਏ ਮੁਕਾਈਆ । ਅੱਗੇ ਸਤਿਜੁਗ ਧਾਰ ਨਵੀਂ ਉਠਾਵੇ ਖੜ੍ਹੀ, ਖੜਗ ਖੰਡੇ ਦੀ ਲੋੜ ਰਹੇ ਨਾ ਰਾਈਆ । ਮੇਰੀ ਇਕੋ ਤੁਕ ਲੈਣੀ ਪੜ੍ਹੀ, ਤੂੰ ਮੇਰਾ ਮੈਂ ਤੇਰਾ ਸੋਹੰ ਢੋਲਾ ਅਗੰਮ ਅਥਾਹੀਆ । ਫੇਰ ਅੰਤ ਅਖ਼ੀਰੀ ਮੰਜ਼ਲ ਚੜ੍ਹੀਂ, ਚੜ੍ਹ ਕੇ ਮਿਲਣਾ ਨੂਰ ਇਲਾਹੀਆ । ਤੇਰੀ ਪਿਛਲੀ ਸੇਵਾ ਬੜੀ, ਅੱਗੇ ਤੋਂ ਲੇਖਾ ਦੇ ਬਦਲਾਈਆ । ਖ਼ੁਸ਼ੀਆਂ ਵਿਚ ਨਿਮਸਕਾਰ ਕਰੀਂ, ਕਰਤੇ ਅੱਗੇ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਦੀਨ ਦੁਨੀ ਦਾ ਲੇਖਾ ਕਲਜੁਗ ਅੰਤਮ ਰਹਿਣ ਨਾ ਦੇਵੇ ਸ਼ਰੀ, ਦੀਨ ਮਜ਼੍ਹਬ ਜ਼ਾਤ ਪਾਤ ਊਚ ਨੀਚ ਦਾ ਝਗੜਾ ਦਏ ਚੁਕਾਈਆ ।

 ੩੬੦

### ੩ ਹਾੜ ਸ਼ਹਿਨਸ਼ਾਹੀ ਸੰਮਤ ੬ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ

ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਜਗਤ ਜਹਾਨ, ਗੁਰ ਅਵਤਾਰ ਪੈਗ਼ੰਬਰੋ ਖੋਜ ਖੁਜਾਈਆ । ਸਤਿ ਧਰਮ ਨਾ ਮਿਲੇ ਨਿਸ਼ਾਨ, ਸਚ ਵਿਚ ਨਾ ਕੋਇ ਸਮਾਈਆ । ਆਤਮ ਦਾ ਰਿਹਾ ਨਾ ਕੋਇ ਗਿਆਨ, ਪਰਮਾਤਮ ਮੇਲ ਨਾ ਕੋਇ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖੀ ਦੀਨ ਦੁਨੀ ਦੀ ਧਾਰ, ਗੁਰ ਅਵਤਾਰ ਪੈਗ਼ੰਬਰੋ ਖੋਜ ਖੁਜਾਈਆ । ਸਾਚਾ ਦਿਸੇ ਨਾ ਕੋਇ ਮੀਤ ਮੁਰਾਰ, ਮਿੱਤਰ ਪਿਆਰਾ ਸੰਗ ਨਾ ਕੋਇ ਰਖਾਈਆ । ਪਤਿ ਪਤਵੰਤ ਦਿਸੇ ਨਾ ਕੋਇ ਨਾਰ, ਨਰ ਨਰਾਇਣ ਨਾ ਕੋਇ ਪਰਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਦੀਨ ਮਜ਼੍ਹਬ ਦੀ ਧਾਰ ਤਕੀ, ਤਕਵਾ ਹੱਥ ਨਾ ਕੋਇ ਰਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋ ਗਈ ਸ਼ੱਕੀ, ਸ਼ਿਕਵਾ ਅੰਦਰੋਂ ਨਾ ਕੋਇ ਗਵਾਈਆ । ਪ੍ਰਭ ਮਿਲੇ ਕਿਸੇ ਨਾ ਹੱਕੀ, ਹਕੀਕਤ ਰੰਗ ਨਾ ਕੋਇ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਾਹਿਬ ਸੁਲਤਾਨ ਧੁਰ ਸਮਰਥੀ, ਸਮਰਥ ਆਪਣਾ ਹੁਕਮ ਵਰਤਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਜਗਤ ਖੇਲ, ਗੁਰ ਅਵਤਾਰ ਪੈਗ਼ੰਬਰੋ ਖੋਜ ਖੁਜਾਈਆ । ਆਤਮ ਪਰਮਾਤਮ ਕਰੇ ਕੋਇ ਨਾ ਮੇਲ, ਮਿਲਣੀ ਜਗਦੀਸ਼ ਨਾ ਕੋਇ ਕਰਾਈਆ । ਧਰਮ ਦਾ ਰਿਹਾ ਨਾ ਕੋਇ ਸੁਹੇਲ, ਸੱਜਣ ਮੀਤ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਹਰਿ ਵੱਡਾ ਵਡ ਵਡਿਆਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖੀ ਜਗਤ ਜਗਤ ਦੀ ਕਾਰ, ਕਰਨੀ ਕਰਤਾ ਹੋ ਕੇ ਧਿਆਨ ਲਗਾਈਆ । ਸਾਚਾ ਸੋਹੇ

ਨਾ ਕੋਇ ਦਵਾਰ, ਸਾਢੇ ਤਿੰਨ ਹੱਥ ਨਾ ਕੋਇ ਚਤੁਰਾਈਆ । ਚਾਰੋਂ ਕੁੰਟ ਧੁੰਅਾਂਧਾਰ, ਨੂਰੀ ਚੰਦ ਨਾ ਕੋਇ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲਏ ਮਿਲਾਈਆ । ਸਤਿਗੁਰ ਸ਼ਬਦ ਕਹੇ ਮੈਂ ਵੇਖਿਆ ਦੀਨ ਦੁਨੀ ਦਾ ਕੰਮ, ਗੁਰ ਅਵਤਾਰ ਪੈਗ਼ੰਬਰੋ ਵੇਖ ਵਖਾਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਗ਼ਮ, ਗ਼ਮਖ਼ਾਰ ਯਾਰ ਨਾ ਕੋਇ ਮਿਲਾਈਆ । ਝਗੜਾ ਵੇਖ ਕੇ ਕਾਇਆ ਮਾਟੀ ਚੰਮ, ਚਾਰ ਕੁੰਟ ਕੁਰਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਤਿ ਦਾ ਪਰਦਾ ਆਪ ਚੁਕਾਈਆ । ਸਤਿਗੁਰ ਸ਼ਬਦ ਕਹੇ ਮੈਂ ਤੱਕਿਆ ਦੀਨ ਦੁਨੀ ਦਾ ਰਾਹ, ਗੁਰ ਅਵਤਾਰ ਪੈਗ਼ੰਬਰ ਪੜਦਾ ਆਪ ਉਠਾਈਆ । ਸਾਚਾ ਦਿਸੇ ਨਾ ਕੋਇ ਮਲਾਹ, ਚਾਰ ਵਰਨ ਕੰਧ ਨਾ ਕੋਇ ਉਠਾਈਆ । ਸੀਸ ਜਗਦੀਸ ਸਕੇ ਨਾ ਕੋਇ ਝੁਕਾ, ਚਰਨ ਧੂੜ ਖ਼ਾਕ ਨਾ ਕੋਇ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਮਿਹਰ ਨਜ਼ਰ ਇਕ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਤਕੀ ਦੀਨ ਮਜ਼੍ਹਬ ਵਾਲੀ ਕਰਨੀ, ਅੰਦਰ ਵੜ ਕੇ ਫੋਲ ਫੁਲਾਈਆ । ਝਗੜਾ ਮੇਟੇ ਕੋਇ ਨਾ ਵਰਨੀ ਬਰਨੀ, ਸ਼ੱਤਰੀ ਬ੍ਰਾਹਮਣ ਸ਼ੂਦਰ ਵੈਸ਼ ਇਕ ਰੰਗ ਨਾ ਕੋਇ ਰੰਗਾਈਆ । ਨੇਤਰ ਲੋਚਨ ਨੈਣ ਅੱਖ ਖੋਲ੍ਹੇ ਨਾ ਹਰਨੀ ਫਰਨੀ, ਜੋਤ ਨੂਰ ਪ੍ਰਭ ਦਾ ਦਰਸ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਧੁਰ ਦਾ ਪਰਦਾ ਆਪ ਉਠਾਈਆ । ਸਤਿਗੁਰ ਸ਼ਬਦ ਕਹੇ ਮੈਂ ਤਕੇ ਮਹੱਲ ਮੁਨਾਰੇ, ਗੁਰਦਰ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਫੋਲ ਫੁਲਾਈਆ । ਸਤਿ ਧਰਮ ਦੇ ਵੱਜਣ ਨਾ ਮੂਲ ਨਗਾਰੇ, ਨੌਬਤ ਨਾਮ ਨਾ ਕੋਈ ਸ਼ਨਵਾਈਆ । ਚਾਰੋਂ ਕੁੰਟ ਧੁੰਆਂਧਾਰੇ, ਨੂਰੀ ਚੰਦ ਨਾ ਕੋਇ
੩੬੧ ਚਮਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਤੁਧ ਬਿਨ ਜਨ ਭਗਤਾਂ ਪਾਏ ਕੋਇ ਨਾ ਸਾਰੇ, ਸਰਨਗਤ ੩੬੧
ਵਿਚ ਸਰਨ ਨਾ ਕੋਇ ਰਖਾਈਆ ।

### ੩ ਅੱਸੂ ਸ਼ਹਿਨਸ਼ਾਹੀ ਸੰਮਤ ੬ ਗੁਰਮੁਖ ਦਵਾਰੇ ਨੀਂਹ ਰੱਖਣ ਸਮੇਂ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ

ਅੱਸੂ ਤਿੰਨ ਕਹੇ ਸੁਣ ਚੰਦ ਸਿਤਾਰਿਆ, ਸੰਮਤ ਸ਼ਹਿਨਸ਼ਾਹੀ ਛੇ ਧਿਆਨ ਲਗਾਈਆ । ਤਕ ਮੁਹੰਮਦ ਵਾਲਾ ਨਜ਼ਾਰਿਆ, ਨਜ਼ਰ ਆਪਣੀ ਇਕ ਉਠਾਈਆ । ਜਿਸ ਨੇ ਚੌਦਾਂ ਤਬਕ ਵੰਗਾਰਿਆ, ਵੰਗਾਰ ਕੇ ਦਿਤਾ ਸੁਣਾਈਆ । ਇਹ ਹੁਕਮ ਪਰਵਰਦਿਗਾਰਿਆ, ਸ਼ਾਹ ਸੁਲਤਾਨਾਂ ਰਿਹਾ ਦ੍ਰਿੜਾਈਆ । ਚੌਦਾਂ ਸਦ ਮੇਰਾ ਬਲਕਾਰਿਆ, ਬਲ ਇਕੋ ਇਕ ਵਖਾਈਆ । ਫਿਰ ਹੱਥ ਮਸਤਕ ਉਤੇ ਮਾਰਿਆ, ਉਂਗਲਾਂ ਪੰਜ ਤਿੰਨ ਛੁਹਾਈਆ । ਫਿਰ ਉਪਰ ਨੇਤਰ ਲੈਣ ਉਘਾੜਿਆ, ਨੇਤਰ ਨੈਣ ਅੱਖ ਲਈ ਉਠਾਈਆ । ਜਿਸ ਵੇਲੇ ਮਾਤਲੋਕ ਆਵੇ ਧੁਰ ਦਾ ਲਾੜਿਆ, ਲਾੜੀ ਸਭ ਨੂੰ ਲਏ ਬਣਾਈਆ । ਲੇਖਾ ਪੂਰਾ ਕਰ ਸਤਾਰਾਂ ਹਾੜਿਆ, ਹਾੜਾ ਸਭ ਦਾ ਲੇਖੇ ਲਾਈਆ । ਨਾਉਂ ਧਰਾ ਨਰ ਅਵਤਾਰਿਆ, ਨਰ ਨਰਾਇਣ ਫੇਰਾ ਪਾਈਆ । ਜਗਤ ਜਹਾਨ ਹੋਵੇ ਜ਼ਾਹਰਿਆ, ਜ਼ਾਹਰ ਜ਼ਹੂਰ ਕਰੇ ਰੁਸ਼ਨਾਈਆ । ਖੇਲ ਕਰੇ ਅਗੰਮ ਅਪਾਰਿਆ, ਨਰ ਨਰਾਇਣ ਆਪਣੀ ਦਇਆ ਕਮਾਈਆ । ਆਪਣਿਆਂ ਮੁਰੀਦਾਂ ਭਗਤਾਂ ਕਰੇ ਉਜਿਆਰਿਆ, ਸਿੱਖਾਂ ਸੰਗ ਨਿਭਾਈਆ । ਸਤਿਜੁਗ ਸਾਚਾ ਕਰ ਵਰਤਾਰਿਆ, ਸਚ ਸਚ ਦਏ ਪਰਗਟਾਈਆ । ਪਰਸਿੱਧ ਕਰ ਗੁਰਮੁਖ ਦਵਾਰਿਆ, ਗੁਰਸਿਖ ਆਪਣੇ ਰੰਗ ਰੰਗਾਈਆ । ਚਾਰ ਕੁੰਟ ਦਹਿ ਦਿਸ਼ਾ ਫਿਰ ਆਵੇ ਹਾਰਿਆ, ਸੰਭਲ ਸਕੇ ਕੋਇ ਨਾ ਰਾਈਆ । ਫੇਰ ਮੁਹੰਮਦ ਨੇ ਆਪਣਾ ਕਾਲਾ ਚੋਲਾ ਪਾੜਿਆ, ਟੁਕੜੇ ਸੱਤ ਦਿਤੇ ਕਰਾਈਆ । ਫੇਰ ਮਸਤਕ ਰੰਗ

ਲਾਵੇ ਗਾੜ੍ਹਿਆ, ਲਾਲ ਦਿਤਾ ਜਣਾਈਆ । ਫੇਰ ਮਹਿੰਦੀ ਲਾ ਕੇ ਦਾੜ੍ਹਿਆ, ਹੱਥਾਂ ਨਾਲ ਛੁਹਾਈਆ । ਫੇਰ ਆਪਣਾ ਅਲਫ਼ੀ ਕਫ਼ਨ ਸਾੜਿਆ, ਆਂਚ ਅੱਗ ਜਲਾਈਆ । ਫੇਰ ਉਪਰ ਕੀਤਾ ਇਸ਼ਾਰਿਆ, ਉਂਗਲਾਂ ਕੰਨਾਂ ਵਿਚ ਪਾਈਆ । ਫੇਰ ਰੋ ਕੇ ਜ਼ਾਰੋ ਜ਼ਾਰਿਆ, ਕੀਤੀ ਹਾਲ ਦੁਹਾਈਆ । ਫੇਰ ਤੱਕਿਆ ਸਮੁੰਦ ਸਾਗਰ ਪਾਣੀ ਖਾਰਿਆ, ਮਿੱਠਾ ਰਸ ਨਾ ਕੋਇ ਚਖਾਈਆ । ਫੇਰ ਆਪਣਾ ਆਪ ਉਭਾਰਿਆ, ਬਲ ਲਿਆ ਪਰਗਟਾਈਆ । ਫੇਰ ਇਕ ਅੱਖ ਮੀਟ ਕੇ ਕਿਹਾ ਮੇਰੇ ਆਸਮਾਂ ਅਸਮਾਨੀ ਤਾਰਿਆ, ਤਾਰ ਸਿਤਾਰ ਵੇਖ ਵਖਾਈਆ । ਫੇਰ ਕਿਹਾ ਚੰਨ ਚੰਨ ਮੇਰੇ ਪਿਆਰਿਆ, ਚੰਨ ਤੇਰੀ ਵਡਿਆਈਆ । ਦੋਹਾਂ ਤਾਲੀ ਵਜਾ ਕੇ ਕਿਹਾ ਮੁਹੰਮਦਾ ਜਿਸ ਵੇਲੇ ਤੁਹਾਡਾ ਮਾਲਕ ਆਇਆ ਵਿਚ ਅਖਾੜਿਆ, ਅਕਲ ਕਲ ਧਾਰੀ ਆਪਣਾ ਫੇਰਾ ਪਾਈਆ । ਲੇਖਾ ਜਾਣੇ ਨਾੜੀ ਨਾੜਿਆ, ਤਨ ਵਜੂਦ ਖੋਜ ਖੁਜਾਈਆ । ਮੈਨੂੰ ਇਉਂ ਦਿਸਦਾ ਉਹਨੇ ਤੇਰਾ ਚੌਦਾਂ ਤਬਕ ਖ਼ੁਸ਼ੀ ਵਿਚ ਉਜਾੜਿਆ, ਮਾਲਕ ਨਜ਼ਰ ਕੋਇ ਨਾ ਆਈਆ । ਜਨ ਭਗਤਾਂ ਹਿਰਦਾ ਕਰੇ ਠੰਡਾ ਠਾਰਿਆ, ਅਗਨੀ ਤਤ ਬੁਝਾਈਆ । ਤੇਰਾ ਕੀਤਾ ਕੀ ਹੋਵੇ ਖਸਾਰਿਆ, ਘਾਟਾ ਕੀ ਰਖਾਈਆ । ਮੁਹੰਮਦ ਕੀਤਾ ਹਾਲ ਪਾਹਰਿਆ, ਦਰੋਹੀ ਦਰੋਹੀ ਹਾਲ ਜਣਾਈਆ । ਕਿਸ ਬਿਧ ਮੇਰੀ ਉਮਤ ਲੱਗੇ ਚੰਗਿਆੜਿਆ, ਸ਼ੋਲੇ ਉਡਣ ਥਾਉਂ ਥਾਈਂਆ । ਜਗਤ ਜੁਗ ਦੀਆਂ ਉਜਾੜਨ ਵਾੜੀਆਂ ਵਾੜਾ ਰਹਿਣ ਕੋਇ ਨਾ ਪਾਈਆ । ਧੂੰਆਂਧਾਰ ਹੋਣਾ ਉਚ ਪਹਾੜੀਆਂ, ਟਿੱਲੇ ਅਸਗਾਹ ਰੋਵਣ ਮਾਰਨ ਧਾਈਂਆ । ਰੂਪ ਰਹਿਣਾ ਨਹੀਂ ਕਿਸੇ ਧੀ ਭੈਣ ਕਵਾਰੀਆਂ, ਧਰਮ ਦੀ ਧਾਰ ਕਲਮਾ ਹੱਕ ਨਾ ਕੋਇ ਜਣਾਈਆ । ਸੁਹਾਗ ਦੀਆਂ ਸਿਰ ਤੇ ਚੁਕਣੀਆਂ ਨਹੀਂ ਕਿਸੇ ਨੇ ਖਾਰੀਆਂ, ਖ਼ਾਲਸ ਰੰਗ ਨਾ ਕੋਇ ਸਮਝਾਈਆ । ਜਿਸ ਵੇਲੇ ਜਨ ਭਗਤਾਂ ਗੁਰਮੁਖ ਦਵਾਰੇ ਵਾਸਤੇ ਚੁਕਣੀਆਂ ਸਿਰਾਂ ਤੇ ਤਗਾਰੀਆਂ, ਤੇਗ਼ਾਂ ਵਾਲੇ ਉਠਣ ਥਾਉਂ ਥਾਈਂਆ । ਕਲਮਾਂ ਪਰਸਿਧ ਹੋਣੀਆਂ ਪੰਜਾਂ ਲਿਖਾਰੀਆਂ, ਪੰਜਾਂ ਦਰਬਾਰੀਆਂ ਸੰਗ ਮਿਲਾਈਆ । ਪੰਜਾਂ ਪਿਆਰਿਆਂ ਖ਼ੁਸ਼ੀਆਂ ਮਨਾਉਣੀਆਂ ਸਾਰੀਆਂ, ਗ਼ਮੀ ਰਹਿਣ ਕੋਇ ਨਾ ਪਾਈਆ । ਹਰਿ ਸੰਗਤ ਦੇ ਗੁਰਮੁਖਾਂ ਨੇ ਮੁੱਛਾਂ ਹੋਣ ਚਾੜ੍ਹੀਆਂ, ਸੂਰਬੀਰ ਆਪਣਾ ਬਲ ਪਰਗਟਾਈਆ । ਪੁਰਖ ਅਕਾਲ ਖੇਲ ਕਰਨਾ ਆਪਣੀ ਵਾਰੀਆਂ, ਵਾਹਿਦ ਆਪਣਾ ਹੁਕਮ ਜਣਾਈਆ । ਗੁਰ ਅਵਤਾਰ ਪੈਗ਼ੰਬਰਾਂ ਉਤੋਂ ਉਡ ਜਾਣੀਆਂ ਇਤਬਾਰੀਆਂ, ਬੇਇਤਬਾਰੀ ਹੋਏ ਲੋਕਾਈਆ । ਜਿਸ ਕਾਰਨ ਦੋ ਦਰਵਾਜ਼ੇ ਤੇ ਛੇ ਲੱਗੀਆਂ ਬਾਰੀਆਂ, ਛੇ ਘਰ ਦਾ ਲੇਖਾ ਦਿਤਾ ਮੁਕਾਈਆ । ਮੁਹੰਮਦ ਜਿਸ ਪ੍ਰਭੂ ਨੇ ਮਿਹਰ ਨਾਲ ਆਪਣੀਆਂ ਸੰਗਤਾਂ ਤਾਰੀਆਂ, ਤਾਰਨਹਾਰ ਦਇਆ ਕਮਾਈਆ । ਉਸ ਦੇ ਪਿਛੇ ਗੁਰ ਅਵਤਾਰ ਪੈਗ਼ੰਬਰ ਫਿਰਨੇ ਵਾਂਗ ਵੰਗਾਰੀਆਂ, ਦੋ ਜਹਾਨਾਂ ਥਾਉਂ ਥਾਈਂਆ । ਗੁਰਮੁਖਾਂ ਖ਼ੁਸ਼ੀਆਂ ਵਿਚ ਮਾਰਨੀਆਂ ਕੁਦਾੜੀਆਂ, ਭੱਜਣ ਵਾਹੋ ਦਾਹੀਆ । ਹੰਕਾਰੀਆਂ ਦੀਆਂ ਭੰਨ ਦੇਣੀਆਂ ਚਬਾੜੀਆਂ, ਡੰਡਾ ਸ਼ਬਦ ਵਾਲਾ ਉਠਾਈਆ । ਮੁਹੰਮਦ ਤੱਕਿਆ ਕੀ ਹਾਲ ਹੋਣਾ ਖ਼ਾਵੰਦ ਤੇ ਲਾੜੀਆਂ, ਜ਼ਨੋ ਮਰਦ ਸਰਬ ਕੁਰਲਾਈਆ । ਕਿਸੇ ਨੇ ਖਾਣੀਆਂ ਨਹੀਂ ਮੁਖ ਪਾਨ ਸੁਪਾਰੀਆਂ, ਖ਼ੂੰਖਾਰ ਹੋਏ ਲੋਕਾਈਆ । ਕਿਉਂ ਪੁਰਖ ਅਕਾਲ ਨੇ ਚਾਰ ਜੁਗ ਦੀਆਂ ਪੇਸ਼ੀਨਗੋਈਆਂ ਉਚਾਰੀਆਂ, ਅੱਖਰ ਅੱਖਰ ਫੋਲ ਫੁਲਾਈਆ । ਗ੍ਰੰਥ ਰੱਖੇ ਨਹੀਂ ਰਹਿਣੇ ਵਿਚ ਅਲਮਾਰੀਆਂ, ਪਰਗਟ ਆਪਣਾ ਨਾਉਂ ਕਰਾਈਆ । ਜਨ ਭਗਤਾਂ ਬਖ਼ਸ਼ ਕੇ ਨਾਮ ਖ਼ੁਮਾਰੀਆਂ, ਖ਼ਿਮਾ ਵਿਚ ਆਪਣਾ ਰੰਗ ਰੰਗਾਈਆ । ਦੀਨ ਦੁਨੀ ਰੋਵੇ ਬੇਸ਼ੁਮਾਰੀਆਂ, ਸ਼ਮਾਂ ਨੂਰ ਨਾ ਕੋਇ ਰੁਸ਼ਨਾਈਆ । ਹੁਣ ਗੁਰਮੁਖ ਦਾ ਜਨਮ ਨਹੀਂ ਘਰ ਚਮਿਆਰੀਆਂ, ਗੁਰਸਿਖ ਦਾ ਬੇਟਾ ਗੁਰਮੁਖ ਨਜ਼ਰੀ ਆਈਆ । ਜਿਨ੍ਹ ਆਪਣੀਆਂ ਆਸਾਂ ਸ਼ਬਦ ਗੋਬਿੰਦ ਉਤੋਂ ਵਾਰੀਆਂ, ਜਗਤ ਤ੍ਰਿਸ਼ਨਾ ਨਾ ਕੋਇ ਰਖਾਈਆ । ਮੁਹੰਮਦਾ ਤੇਰੀਆਂ ਧਾਰਾਂ ਅੰਤਮ ਹਾਰੀਆਂ, ਜਿੱਤ ਨਜ਼ਰ ਕੋਇ ਨਾ ਆਈਆ । ਮੁਹੰਮਦ ਕਹੇ ਮੇਰੀ ਤੋਬਾ ਮੈਂ ਸੁੱਟ ਦਿਤੀਆਂ ਹੱਥੋਂ ਛੁਰੀ ਕਟਾਰੀਆਂ, ਜ਼ਿਬਹ ਕਰ ਨਾ ਕੋਇ ਵਖਾਈਆ । ਅੰਦਰ ਰਹਿਣੀਆਂ ਨਹੀਂ ਗ਼ਦਾਰੀਆਂ, ਗਦਾਗਰ ਹੋਏ ਜਗਤ ਲੋਕਾਈਆ । ਮਾਣ ਰਹਿਣਾ ਨਹੀਂ ਕਿਸੇ

੩੬੨

ਅਟਾਰੀਆਂ, ਮਹੱਲ ਅਟੱਲ ਨਾ ਕੋਇ ਜਣਾਈਆ । ਕਿਉਂ ਗੁਰਮੁਖ ਦਵਾਰੇ ਨੌਆਂ ਮਿਸਤਰੀਆਂ ਨੇ ਕਰਨੀਆਂ ਉਸਾਰੀਆਂ, ਨੌਂ ਦਰ ਦਾ ਲੇਖਾ ਰਹੇ ਨਾ ਰਾਈਆ । ਨੌਵੇਂ ਮਿਸਤਰੀ ਇਕ ਇਕ ਵਾਰ ਹੱਥ ਲਾਉ ਇੱਟ ਰੱਖੇ ਲਹਿੰਦੀ ਦਿਸ਼ਾ ਸਾਰੀ ਸੰਗਤ ਮੁਖੋਂ ਬੋਲੋ ਸੋਹੰ ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ ਪੰਜ ਪੰਜ ਜੈਕਾਰੀਆਂ, ਜੈ ਜੈਕਾਰ ਕਰੇ ਸਰਬ ਲੋਕਾਈਆ । ਗੁਰਮੁਖ ਦਵਾਰੇ ਸੇਵਾ ਕਰਨਗੀਆਂ ਸੰਗਤਾਂ ਸਾਰੀਆਂ, ਇਕੱਲਾ ਹੱਕ ਨਾ ਕੋਇ ਰਖਾਈਆ । ਅੱਗੇ ਮਾਣ ਰਹਿਣਾ ਨਹੀਂ ਕਿਸੇ ਪੁਜਾਰੀਆਂ, ਪੂਜਾ ਧਾਨ ਕੋਇ ਨਾ ਖਾਈਆ । ਏਥੇ ਆਉਣਾ ਨਹੀਂ ਕਿਸੇ ਜਗਤ ਜੁਆਰੀਆਂ, ਠੱਗ ਰਹਿਣ ਕੋਇ ਨਾ ਪਾਈਆ । ਇਸ ਦੇ ਪਿਛੋਂ ਫੇਰ ਸਮਾਧਾਂ ਦੀਆਂ ਲੱਗਣੀਆਂ ਉਸਾਰੀਆਂ, ਹੁਕਮ ਧੁਰ ਦਾ ਇਕ ਜਣਾਈਆ । ਵਿਆਧਾਂ ਦੀਆਂ ਮਿਟਣ ਬੀਮਾਰੀਆਂ, ਕੂੜੀ ਕਿਰਿਆ ਰੋਗ ਗੁਆਈਆ । ਜਿਸ ਦੀ ਸੇਵਾ ਕਰਨ ਪੁਰਖ ਨਾਰੀਆਂ, ਨਰ ਨਰਾਇਣ ਰੰਗ ਰੰਗਾਈਆ । ਸਾਰੀ ਹਰਿ ਸੰਗਤ ਇਕ ਇਕ ਉਂਗਲੀ ਇੱਟ ਉਤੇ ਰੱਖਣ ਵਾਰੋ ਵਾਰੀਆ, ਉਂਗਲੀ ਖ਼ੁਸ਼ੀਆਂ ਨਾਲ ਛੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਕਰਨੀ ਕਾਰ ਕਮਾਈਆ ।

✪ ੩ ਅੱਸੂ ਸ਼ਹਿਨਸ਼ਾਹੀ ਸੰਮਤ ੬ ਗਿਆਨੀ ਗੁਰਮੁਖ ਸਿੰਘ ਦੇ ਘਰ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਤਿੰਨ ਅੱਸੂ ਕਹੇ ਮੁਹੰਮਦ ਸੱਯਦਾ ਕੀਤਾ ਲਹਿੰਦਿਉਂ ਚੜ੍ਹਦਾ, ਚੜ੍ਹਦੀ ਦਿਸ਼ਾ ਧਿਆਨ ਲਗਾਈਆ । ਨਜ਼ਾਰਾ ਤੱਕਿਆ ਗੁਰਮੁਖ ਘਰ ਦਾ, ਗ੍ਰਹਿ ਮੰਦਰ ਵੇਖ ਵਖਾਈਆ । ਜਿਥੇ ਖੇਲ ਅਗੰਮੀ ਹਰਿ ਦਾ, ਪਰਵਰਦਿਗਾਰ ਰਿਹਾ ਕਰਾਈਆ । ਭਗਤ ਸੁਹੇਲਾ ਰੂਪ ਅਗੰਮਾ ਧਰਦਾ, ਧਰਨੀ ਧਰਤ ਧਵਲ ਹੋਏ ਰੁਸ਼ਨਾਈਆ ।
੩੬੩ ਸਭ ਦੀ ਆਸਾ ਮਨਸਾ ਪੂਰੀ ਕਰਦਾ, ਪੂਰਬ ਲੇਖਾ ਵੇਖ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ੩੬੩
ਦਾ ਮੇਲਾ ਆਪ ਮਿਲਾਈਆ । ਮੁਹੰਮਦ ਕਹੇ ਮੇਰੀ ਸਚ ਸਚ ਤਕਬੀਰ, ਤਕਵਾ ਇਕ ਰਖਾਈਆ । ਪਰਵਰਦਿਗਾਰ ਕੀ ਕਰੇ ਤਦਬੀਰ, ਸ਼ਾਹ ਪਾਤਸ਼ਾਹ ਆਪਣਾ ਹੁਕਮ ਵਰਤਾਈਆ । ਬਹੁੜੀ ਮੇਰੀ ਸ਼ਰਅ ਦੇ ਤੋੜਨ ਲੱਗਾ ਜ਼ੰਜੀਰ, ਚੌਦਾਂ ਤਬਕ ਖੋਜ ਖੁਜਾਈਆ । ਮੇਰੀ ਮੰਜ਼ਲ ਹੋਈ ਅਖ਼ੀਰ, ਆਖ਼ਰ ਰੋ ਕੇ ਦਿਆਂ ਸੁਣਾਈਆ । ਸ਼ਰਅ ਦਾ ਰਿਹਾ ਨਾ ਕੋਈ ਫ਼ਕੀਰ, ਫ਼ਿਕਰਾ ਹੱਕ ਨਾ ਕੋਇ ਸੁਣਾਈਆ । ਦੁਹਾਈ ਤੋਬਾ ਗੁਰਮੁਖ ਦਵਾਰਾ ਹੋਇਆ ਤਾਮੀਰ, ਤਾਮੀਲ ਸਭ ਤੋਂ ਲਈ ਕਰਾਈਆ । ਮੇਰੇ ਨੇਤਰ ਵਗੇ ਨੀਰ, ਨੈਣ ਛਹਿਬਰ ਰਹੇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਮੁਹੰਮਦ ਕਹੇ ਮੇਰੀ ਅੰਤ ਅਖ਼ੀਰ ਸਲਾਮ, ਅਲੈਕਮ ਇਕ ਜਣਾਈਆ । ਮੇਰਾ ਕਲਮਾ ਧੁਰ ਕਲਾਮ, ਕਾਇਨਾਤ ਦੀ ਕਰੇ ਬੇਵਫ਼ਾਈਆ । ਨਾਤਾ ਤੁਟਣ ਲੱਗਾ ਨਾਲੋਂ ਅਵਾਮ, ਆਮ ਦਾ ਲੇਖਾ ਰਹੇ ਨਾ ਰਾਈਆ । ਮੇਰਾ ਰਹੇ ਨਾ ਕੋਇ ਗ਼ੁਲਾਮ, ਬੰਧਨ ਬੰਧ ਨਾ ਕੋਇ ਖੁਲ੍ਹਾਈਆ । ਕਿਰਪਾ ਕਰੇ ਸ੍ਰੀ ਭਗਵਾਨ, ਪਰਵਰਦਿਗਾਰ ਨੂਰ ਇਲਾਹੀਆ । ਮੇਰਾ ਵਿਗੜਨ ਲੱਗਾ ਨਿਜ਼ਾਮ, ਇੰਤਜ਼ਾਮ ਨਾ ਕੋਇ ਰਖਾਈਆ । ਚਾਰੋਂ ਕੁੰਟ ਹੋਈ ਅੰਧੇਰੀ ਸ਼ਾਮ, ਤਾਰਾ ਚੰਦ ਦਏ ਗਵਾਹੀਆ । ਮੇਰਾ ਸਦਮੇ ਵਿਚ ਅੰਤਰ ਹੋਇਆ ਹੈਰਾਨ, ਹੈਰਾਨੀ ਮੇਰੇ ਉਤੇ ਆਈਆ । ਅਗਲਾ ਖੇਲ ਸ੍ਰੀ ਭਗਵਾਨ, ਭਗਵਨ ਆਪਣੇ ਵਿਚ ਛੁਪਾਈਆ । ਮੁਹੰਮਦ ਕਹੇ ਗੁਰਮੁਖ ਦਵਾਰੇ ਵੱਲ ਮੇਰਾ ਸੰਦੇਸ਼ਾ ਇਕ ਪੈਗ਼ਾਮ, ਪੀਰ ਪੀਰਾਂ ਦੇਣਾ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਕਰੇ ਖੇਲ ਵਡ ਅਮਾਮ, ਅਮਾਮ ਅਮਾਮਾ ਨੌਜਵਾਨਾ, ਮਰਦ ਮਰਦਾਨਾ ਸ਼ਾਹ ਸੁਲਤਾਨਾ, ਆਪਣਾ ਹੁਕਮ ਹਿਕਮਤ ਨਾਲ ਵਰਤਾਈਆ ।

## ੩ ਚੇਤ ਸ਼ਹਿਨਸ਼ਾਹੀ ਸੰਮਤ ੭ ਗਿਆਨੀ ਗੁਰਮੁਖ ਸਿੰਘ ਦੇ ਗ੍ਰਿਹਿ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ

ਤਿੰਨ ਚੇਤ ਕਹੇ ਸੋਹਿਆ ਦਵਾਰਾ ਗੁਰਮੁਖ, ਸਤਿਗੁਰ ਸ਼ਬਦ ਸ਼ਬਦ ਸੁਹਾਈਆ । ਅਵਤਾਰ ਪੈਗ਼ੰਬਰ ਤਕੇ ਸਨਮੁਖ, ਵਿਸ਼ਨ ਬ੍ਰਹਮਾ ਸ਼ਿਵ ਅੱਖ ਖੁਲ੍ਹਾਈਆ । ਜਨ ਭਗਤੋ ਤੁਹਾਡਾ ਜਨਮ ਕਰਮ ਰਹੇ ਕੋਇ ਨਾ ਦੁੱਖ, ਦੁਖੜਾ ਦੂਰ ਕਰਾਈਆ । ਤੁਸੀਂ ਸਤਿਗੁਰ ਦੀ ਜਨਮੇ ਵਿਚੋਂ ਕੁੱਖ, ਨਾਤਾ ਤੁੱਟਿਆ ਜੰਮਣ ਵਾਲੀ ਮਾਈਆ । ਆਤਮ ਪਰਮਾਤਮ ਮਾਨਣਾ ਸਚ ਦਵਾਰੇ ਸੁਖ, ਸੂਖਮ ਆਪਣਾ ਰੰਗ ਰੰਗਾਈਆ । ਧੁਰ ਦੇ ਬੱਚਿਉ ਧਰਮ ਦੀ ਧਾਰ ਜਾਣਾ ਉਠ, ਸੋਇਆ ਰਹਿਣ ਕੋਇ ਨਾ ਪਾਈਆ । ਕਿਰਪਾ ਕਰੇ ਅਬਿਨਾਸ਼ੀ ਅਚੁਤ, ਚੇਤਨ ਸਭ ਨੂੰ ਰਿਹਾ ਕਰਾਈਆ । ਗੁਰਮੁਖੋ ਗੁਰਮੁਖ ਦਵਾਰੇ ਤੁਹਾਡੀ ਮੌਲੇ ਰੁੱਤ, ਰੁਤੜੀ ਤੁਹਾਡੀ ਆਪ ਮਹਿਕਾਈਆ । ਤੁਸੀਂ ਸਾਰੇ ਉਸ ਪ੍ਰਭੂ ਦੇ ਸੁਤ , ਜੋ ਆਦਿ ਜੁਗਾਦੀ ਪਿਤਾ ਮਾਈਆ । ਤੁਹਾਡਾ ਭਾਗ ਨਾ ਜਾਏ ਨਿਖੁੱਟ, ਜਨਮ ਕਰਮ ਦਾ ਡੇਰਾ ਢਾਹੀਆ । ਆਤਮ ਧਾਰ ਨਾ ਜਾਵੇ ਟੁੱਟ, ਟੁੱਟਿਆਂ ਲਏ ਜੁੜਾਈਆ । ਚੁਰਾਸੀ ਗੇੜਾ ਜਾਏ ਛੁਟ, ਅੱਗੇ ਦੇਵੇ ਨਾ ਕੋਇ ਸਜ਼ਾਈਆ । ਵੇਖੋ ਰਵਦਾਸ ਹੁੰਦਾ ਖ਼ੁਸ਼, ਖ਼ੁਸ਼ੀਆਂ ਹਾਲ ਸੁਣਾਈਆ । ਪੁਰਖ ਅਕਾਲ ਨੂੰ ਰਿਹਾ ਪੁਛ, ਸਹਿਜ ਸਹਿਜ ਮੰਗ ਮੰਗਾਈਆ । ਪ੍ਰਭੂ ਵੇਖ ਕਲਜੁਗ ਮਚਾਈ ਲੁੱਟ, ਲੁਟੇਰਾ ਬਣਿਆ ਥਾਉਂ ਥਾਈਂਆ । ਅੰਮ੍ਰਿਤ ਮਿਲੇ ਕਿਸੇ ਨਾ ਘੁੱਟ, ਅਠ ਸਠ ਤੀਰਥ ਗੰਗਾ ਗੋਦਾਵਰੀ ਜਮਨਾ ਸੁਰਸਤੀ ਰੋਵੇ ਮਾਰੇ ਧਾਈਆ । ਮੇਰੇ ਦੀਨ ਦਿਆਲ ਮੈਂ ਜੇਹੜੇ ਤੇਰੀ ਯਾਦ ਵਿਚ ਪੁਰਾਣੇ ਟੁੱਟੇ ਗੰਢੇ ਜੁੱਤ, ਪੁਰਾਣਾ ਜੂਤਾ ਦਏ ਗਵਾਹੀਆ । ਚਮਿਆਰ ਦੀ ਆਰ ਰਹੀ ਨਾ ਛੁਪ, ਸਭ ਨੂੰ ਨਜ਼ਰੀ ਆਈਆ । ਇਹਨਾਂ ਵਿਚੋਂ ਬਹੁਤੇ ਜੇਹੜੇ ਗੰਗਾ ਜਾਂਦੇ ਮੇਰੇ ਕੋਲ ਗਏ ਰੁਕ, ਗੰਢ
੩੬੪ ਪੁਆ ਕੇ ਬਣੇ ਪਾਂਧੀ ਰਾਹੀਆ । ਮੈਂ ਸੰਦੇਸ਼ਾ ਦੇਂਦਾ ਰਿਹਾ ਓ ਗੁਰਮੁਖੋ ਗਾਉਣੀ ਇਕੋ ਤੁਕ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਫੇਰ ਤੁਹਾਡਾ ਪੈਂਡਾ ਜਾਏ ਮੁਕ, ੩੬੪
ਅੱਗੇ ਪੰਧ ਨਾ ਕੋਇ ਵਖਾਈਆ । ਤੁਸਾਂ ਤੱਟ ਕਿਨਾਰੇ ਜਾ ਕੇ ਪਾਉਣੀ ਨਹੀਂ ਲੁੱਟ, ਲੁਟੇਰਾ ਰੂਪ ਨਾ ਕੋਇ ਵਖਾਈਆ । ਨਾਲੇ ਹੱਸ ਕੇ ਕਹਿ ਦੇਂਦਾ ਉਹ ਵੇਖੋ ਭਗਵਾਨ ਮੇਰਾ ਖ਼ੁਸ਼, ਮੇਰੀ ਰੰਬੀ ਨਾਲ ਤੁਹਾਡੀ ਟੁੱਟਿਆਂ ਦੀ ਗੰਢ ਪਵਾਈਆ । ਆਰ ਕਦੇ ਨਾ ਜਾਵੇ ਰੁਕ, ਆਰ ਪਾਰ ਵਿੰਨ੍ਹ ਕੇ ਤੁਹਾਨੂੰ ਪ੍ਰਭ ਦਾ ਚਿੰਨ੍ਹ ਵਖਾਈਆ । ਇਹ ਟੁੱਟਾ ਜੂਤਾ ਕਹੇ ਮੈਂ ਚਮਾਰ ਦੇ ਸਾਥੀ ਸਾਰੇ ਲਿਆਂਦੇ ਖਿੱਚ, ਗੁਰਮੁਖ ਦੇ ਦਵਾਰੇ ਦਿਤੇ ਬਹਾਈਆ । ਜਿਹੋ ਜਿਹਾ ਚਮਿਆਰ ਗ਼ਰੀਬ ਉਸ ਨੇ ਪੁੱਠੀ ਮੰਜੀ ਉਤੇ ਭਗਵਾਨ ਬਹਾ ਲਿਆ ਆਪ ਹੋ ਗਿਆ ਚੁੱਪ, ਮੁਖੋਂ ਬਚਨ ਨਾ ਕੋਇ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਈਆ । ਜੁੱਤੀ ਕਹੇ ਭਗਤੋ ਮੈਂ ਚਲਦੀ ਚਲਦੀ ਗਈ ਘਸ, ਪੁਰਾਣੀ ਹੋ ਕੇ ਆਪਣਾ ਆਪ ਤੁੜਾਈਆ । ਤੀਰਥ ਤੱਟਾਂ ਫਿਰੀ ਪੈਂਡਾ ਮੁਕਾਇਆ ਨੱਸ ਨੱਸ, ਭੱਜੀ ਵਾਹੋ ਦਾਹੀਆ । ਜੰਗਲਾਂ ਜੂਹਾ ਆਸਣ ਬੈਠੀ ਘੱਤ, ਟਿਲਿਆਂ ਡੇਰੇ ਲਾਈਆ । ਅਗਨੀ ਨਾਲ ਸੁਕਾਈ ਰੱਤ, ਜਲਧਾਰਾ ਨਾਲ ਠਰਾਈਆ । ਧੀਰਜ ਰੱਖਿਆ ਜਤ, ਸੰਤੋਖ ਵਿਚ ਸਮਾਈਆ । ਹੋਕਾ ਦਿਤਾ ਜਗਤ ਜਗਿਆਸੂਓ ਕੋਈ ਮਿਲਾ ਦਿਉ ਮੇਰਾ ਪਰਮੇਸ਼ਵਰ ਪਤਿ, ਜੋ ਵਿਛੜੀ ਆਪਣੇ ਨਾਲ ਜੁੜਾਈਆ । ਮੇਰਾ ਪੂਰਾ ਕਰ ਦੇ ਹੱਕ, ਹਕੀਕਤ ਰਹੇ ਨਾ ਰਾਈਆ । ਟੁੱਟੀ ਜੁੱਤੀ ਕਹੇ ਰਵਦਾਸ ਖ਼ੁਸ਼ੀ ਨਾਲ ਕਹਿੰਦਾ ਮੈਨੂੰ ਆਪਣੀ ਵੇਖੋ ਅੰਦਰ ਅੱਖ, ਬਿਨ ਅੱਖਾਂ ਅੱਖ ਉਠਾਈਆ । ਨਾਲੇ ਜ਼ੋਰ ਨਾਲ ਆਰ ਦੇਂਦਾ ਧੱਕ, ਤਲੀ ਨਾਲ ਦਬਾਈਆ । ਫੇਰ ਖ਼ੁਸ਼ੀ ਨਾਲ ਪਵੇ ਹੱਸ, ਆਓ ਜੁੱਤੇ ਗੰਢਾਉਣ ਵਾਲਿਓ ਤੁਹਾਨੂੰ ਦੱਸਾਂ ਸਚ, ਸਚ ਨਾਲ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਟੁੱਟੀ ਜੁੱਤੀ ਕਹੇ ਇਕ ਦਿਨ ਰਵਦਾਸ ਨੇ ਆਰ ਦੱਬੀ, ਦੱਬ ਕੇ ਦਿਤੀ ਹਿਲਾਈਆ । ਉਸ ਨੂੰ ਨੂਰ ਨਜ਼ਰ ਆਇਆ ਰੱਬੀ, ਅਲਾਹੀ ਬੇਪਰਵਾਹੀਆ । ਓਸ ਆਪਣੀ

ਆਸਾ ਸੱਦੀ, ਸੱਦ ਕੇ ਦਿਤਾ ਸੁਣਾਈਆ । ਨਾਲੇ ਵੇਖਿਆ ਪ੍ਰਭੂ ਦਾ ਖੇਲ ਅਵਤਾਰ ਪੈਗੰਬਰ ਗੁਰੂਆਂ ਦੀ ਚਲਾਉਂਦਾ ਗੱਦੀ, ਸ਼ਹਿਨਸ਼ਾਹ ਹੋ ਕੇ ਆਪਣਾ ਆਪ ਛੁਪਾਈਆ । ਭਗਤਾਂ ਦਾ ਵੇਲਾ ਆਉਂਦਾ ਕਦੀ, ਆਪਣਿਆਂ ਕਦਮਾਂ ਉਤੇ ਝੁਕ ਕੇ ਤਾਲੀ ਦਿਤੀ ਵਜਾਈਆ । ਜਾਂ ਤੱਕਿਆ ਤੇ ਵੇਖੀ ਚੌਧਵੀਂ ਸਦੀ, ਸਦਮੇ ਭਰੀ ਲੋਕਾਈਆ । ਫੇਰ ਤੱਕਿਆ ਅਗਿਆਨ ਦੀ ਅੰਧੇਰੀ ਵਗੀ, ਸਤਿ ਧਰਮ ਗਈ ਉਡਾਈਆ । ਪੰਚ ਸ਼ਬਦ ਦੀ ਧੁੰਨ ਕਿਸੇ ਅੰਦਰ ਨਾ ਦਿਸੇ ਵੱਜੀ, ਅਨਾਦੀ ਨਾਦ ਨਾ ਕੋਇ ਸੁਣਾਈਆ । ਫੇਰ ਧਿਆਨ ਮਾਰਿਆ ਪ੍ਰਭ ਦੀ ਕਿਰਪਾ ਨਾਲ ਜਨ ਭਗਤਾਂ ਦੀ ਜੋਤ ਹੋਣੀ ਜਗੀ, ਪੰਜਾਂ ਤਤਾਂ ਦਾ ਮਾਲਕ ਪੰਜ ਦਾਨ ਸ਼ਮਾਂ ਕਰੇ ਰੁਸ਼ਨਾਈਆ । ਉਸ ਵੇਲੇ ਇਕ ਸਭਾ ਲੱਗਣੀ ਵੱਡੀ, ਹਰਿ ਵੱਡਾ ਦਏ ਵਡਿਆਈਆ । ਰਵਦਾਸ ਨੇ ਕਿਹਾ ਭਗਤਾਂ ਦੀ ਮੈਲ ਪੰਜਾਂ ਧੋਬੀਆਂ ਗਠੜੀ ਹੋਣੀ ਬੱਧੀ, ਭਾਰ ਮੋਢਿਆਂ ਉਤੇ ਟਿਕਾਈਆ । ਜਗਤ ਦੀ ਧਾਰ ਹੋਣੀ ਬਦੀ, ਪੰਜ ਪੰਜਾਂ ਤਤਾਂ ਵਿਚ ਸਮਾਈਆ । ਪੰਜਾਂ ਬੋਦੀ ਖੁਲ੍ਹੀ ਹੋਣੀ ਛੱਡੀ, ਆਪਣਾ ਵੇਸ ਵਟਾਈਆ । ਪੰਜ ਬੁੱਲ ਬੈਠੇ ਹੋਣ ਰੰਗੀ, ਆਪਣਾ ਰੰਗ ਚੜ੍ਹਾਈਆ । ਪੰਜ ਵਿੰਗਿਆਂ ਟੇਡਿਆਂ ਡੰਡਿਆਂ ਵਾਲੇ ਸਭ ਨੂੰ ਦੇਣ ਦੰਡੀ, ਕਲਜੁਗ ਦਾ ਡਿੰਗਾ ਟੇਢਾ ਰਸਤਾ ਰਹਿਣ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਆਰ ਕਹੇ ਓ ਮੈਨੂੰ ਸਾਰੇ ਕਹਿੰਦੇ ਆਰ, ਜੁਗ ਜੁਗ ਸਿਫ਼ਤ ਸਾਲਾਹੀਆ । ਪਰ ਗੁਰਮੁਖੋ ਯਾਦ ਰਖਿਉ ਮੈਂ ਜਦੋਂ ਹੋਵਾਂ ਤੇ ਹੋਵਾਂ ਆਰ ਪਾਰ, ਤੇ ਨਵੇਂ ਪੁਰਾਣੇ ਵਿੰਨ੍ਹ ਕੇ ਦਿਆਂ ਵਖਾਈਆ । ਮੈਂ ਟੁੱਟੇ ਗੰਢਾਂ ਤੇ ਵਿਗੜੇ ਦਿਆਂ ਸਵਾਰ, ਆਪਣਾ ਸਵਾਰਥ ਨਾ ਕੋਇ ਰਖਾਈਆ । ਮੈਨੂੰ ਇਕ ਦਿਨ ਹੱਸ ਕੇ ਕਿਹਾ ਰਵਦਾਸ ਚਮਾਰ, ਮੁੱਠ ਵੱਲੋਂ ਚੁੰਮ ਕੇ ਖ਼ੁਸ਼ੀ ਨਾਲ ਹਸਾਈਆ । ਨਾਲੇ ਚਪੇੜ ਮਾਰੀ ਨਾਲੇ ਕਿਹਾ ਕਮਲੀਏ ਕਦੇ ਬਣ ਨਾ ਜਾਵੀਂ ਗ਼ੱਦਾਰ, ਆਪਣੀ ਮਨਸਾ ਨਾ ਲਈਂ ਬਦਲਾਈਆ । ਕਿਉਂ ਕਲਜੁਗ ਦਾ ਸਮਾਂ ਆਉਣਾ ਚਾਰੋਂ ਕੁੰਟ ਹੋਣਾ ਅੰਧਿਆਰ, ਸਚ ਦਾ ਚੰਦ ਨਾ ਕੋਇ ਚਮਕਾਈਆ । ਗੁਰੂ ਚੇਲਾ ਨਹੀਂ ਰਹਿਣੇ ਯਾਰ, ਮੁਰੀਦ ਮੁਰਸ਼ਦ ਨਾ ਸੰਗ ਨਿਭਾਈਆ । ਸਚ ਦੀ ਸਚ ਨਹੀਂ ਰਹਿਣੀ ਗੁਫ਼ਤਾਰ, ਸਤਿ ਨਾਲ ਸਤਿ ਨਾ ਕੋਇ ਰਖਾਈਆ । ਝਗੜਾ ਪੈ ਜਾਣਾ ਪੁਰਖ ਤੇ ਨਾਰ, ਘਰ ਘਰ ਹੋਵੇ ਲੜਾਈਆ । ਧਰਮ ਰਹਿਣਾ ਨਹੀਂ ਕਿਸੇ ਮੰਦਰ ਮਸਜਿਦ ਸ਼ਿਵਦਵਾਲੇ ਮੱਠ ਗੁਰੂਦਵਾਰ, ਅੱਠ ਸੱਠ ਅੰਮ੍ਰਿਤ ਰਸ ਨਾ ਕੋਇ ਭਰਾਈਆ । ਜਗਤ ਜਹਾਨ ਕਰੇ ਵਿਭਚਾਰ, ਭੈਣ ਭਾਈਆ ਅੱਖ ਬਦਲਾਈਆ । ਉਸ ਵੇਲੇ ਫੇਰ ਖੇਲ ਹੋਣਾ ਅਪਰ ਅਪਾਰ, ਅਪਰੰਪਰ ਸਵਾਮੀ ਆਪਣਾ ਹੁਕਮ ਵਰਤਾਈਆ । ਇਕ ਸਤਿਗੁਰ ਸ਼ਬਦ ਸ਼ਬਦ ਹੋਣਾ ਸਿਕਦਾਰ, ਸਿਰ ਸਿਰ ਆਪਣਾ ਹੁਕਮ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਸਦ ਆਪਣੀ ਖੇਲ ਵਖਾਈਆ । ਰਵਦਾਸ ਕਿਹਾ ਮੋਹੇ ਬਚਨ ਨਾ ਭੂਲਾ, ਅਭੂਲੋ ਦਿਆਂ ਦ੍ਰਿੜਾਈਆ । ਤੀਨਾ ਜ਼ਮੋ ਜ਼ਖ਼ਤੇ ਜ਼ਬੀਂ ਕਾਜ਼ੀਨਾ ਕਮਾਲੋ ਕਾਸੇ ਨਾਜ਼ਾਈਆ । ਆਰੇ ਉਸ ਵੇਲੇ ਬਦਲਣਾ ਸਭ ਅਸੂਲੋ, ਅਸਲ ਅਸਲ ਵਿਚੋਂ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਉਠਾਈਆ । ਰਵਦਾਸ ਕਿਹਾ ਆਰੇ ਰਹੀਂ ਨਾ ਸੋਤੀ, ਸੁਤਿਆਂ ਦੇਣਾ ਜਗਾਈਆ । ਜਗਤ ਜਹਾਨ ਹੋਣਾ ਲੰਗੜਾ ਲੂਲ੍ਹਾ ਕੂੜ ਦੀ ਬੰਨ੍ਹਣੀ ਤੇੜ ਲੰਗੋਟੀ, ਲੰਗੋਟਿਆਂ ਵਾਲੇ ਦੇਣ ਗਵਾਹੀਆ । ਉਸ ਵੇਲੇ ਆਵੇ ਰਵਦਾਸ ਚਮਿਆਰ ਦੇ ਗ੍ਰਿਹਿ ਦਵਾਰੇ, ਗੁਰਮੁਖ ਰੂਪ ਹੋਏ ਸੰਸਾਰੇ, ਪ੍ਰਭੂ ਦੇ ਭਗਤ ਇਕੱਠੇ ਹੋਣ ਦੁਲਾਰੇ, ਜਿਨ੍ਹਾ ਦਾ ਦੂਲ੍ਹਾ ਇਕੋ ਨਜ਼ਰੀ ਆਈਆ । ਪੁਰਾਣੇ ਜੁਤਿਆਂ ਵਾਂਗ ਪੁਰਾਣੇ ਜਨਮ ਕਰਮ ਸਾਰਿਆਂ ਦੀ ਪਾਵੇ ਸਾਰੇ, ਮਹਾਂਸਾਰਥੀ ਆਪ ਦਇਆ ਕਮਾਈਆ । ਨਿਰਗੁਣ ਜੋਤ ਨਿਰਵੈਰ ਕਰ ਅਕਾਰੇ, ਨਿਰਾਕਾਰ ਕਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਆਰ ਕਹੇ ਰਵਦਾਸਾ ਮੈਨੂੰ ਫੇਰ ਲਿਆਵੀਂ ਨਾ

੩੬੬

ਉਤੇ ਗੰਗਾ, ਗੰਗਾ ਦੀ ਲੋੜ ਰਹੇ ਨਾ ਰਾਈਆ । ਮੈਂ ਇਕੋ ਵਸਤ ਪ੍ਰੇਮ ਦੀ ਮੰਗਾਂ, ਮਾਂਗਤ ਹੋ ਕੇ ਝੋਲੀ ਡਾਹੀਆ । ਪ੍ਰਭੂ ਤੋਂ ਵਰ ਮੰਗ ਲੈ ਅੱਗੇ ਵਾਸਤੇ ਤੇਰਿਆਂ ਭਗਤਾਂ ਦਾ ਪੈਰ ਹੋਵੇ ਕਦੇ ਨਾ ਨੰਗਾ, ਪ੍ਰਭੂ ਤੂੰ ਭਗਵਾਨ ਹੋ ਕੇ ਮਿਹਰਵਾਨ ਹੋ ਕੇ ਜਨ ਭਗਤ ਦਵਾਰੇ ਨੰਗੀਂ ਪੈਰੀਂ ਭੱਜੀਂ ਚਾਈਂ ਚਾਈਆ । ਉਸ ਵੇਲੇ ਤੇਰੀ ਨਿਸ਼ਾਨੀ ਸਾਹਿਬ ਸੁਲਤਾਨੀ ਧਰਮ ਦੀ ਧਾਰ ਕਹੇ ਰਵਦਾਸ ਦੀ ਆਰ ਹੋਵੇ ਹੱਥ ਸਤਰੰਗਾ, ਰੰਗਤ ਸਭ ਦੀ ਦੇਣੀ ਬਦਲਾਈਆ । ਪ੍ਰੇਮੀ ਪ੍ਰੀਤਮ ਹੋ ਕੇ ਪੁਰਖ ਅਕਾਲ ਦੇਣਾ ਸੰਗਾ, ਸਗਲਾ ਸੰਗ ਰਖਾਈਆ । ਖਾ ਕੇ ਭਗਤਾਂ ਦੇ ਘਰ ਘਰ ਦਾ ਸੁੱਕਾ ਮੰਡਾ, ਰਵਦਾਸ ਦਾ ਪਿਛਲਾ ਲੇਖਾ ਪੂਰਾ ਦੇਣਾ ਕਰਾਈਆ । ਯਾਦ ਕਰ ਲੈ ਜਿਸ ਤਰਾਂ ਭਗਤਾਂ ਨੂੰ ਖਵਾਂਦਾ ਰਿਹੋਂ ਕੱਚਾ ਗੰਢਾ, ਉਸ ਤਰ੍ਹਾਂ ਤੈਨੂੰ ਵੀ ਖਾਣਾ ਪਏ ਥਾਉਂ ਥਾਈਆ । ਜਵਾਂ ਦੀ ਰੋਟੀ ਨਾਲ ਦੇਵੇ ਕੋਈ ਨਾ ਪਾਣੀ ਠੰਡਾ, ਕੋਸਾ ਕਰਕੇ ਅੱਗੇ ਦੇਣਾ ਟਿਕਾਈਆ । ਜਨ ਭਗਤੋ ਇਹ ਕੋਈ ਖੇਲ ਨਹੀਂ ਅਚੰਭਾ, ਹੈਰਾਨੀ ਵਿਚ ਹੈਰਾਨੀ ਨਾ ਕੋਇ ਪਰਗਟਾਈਆ । ਜੇ ਪ੍ਰਭੂ ਨਾਲ ਐਂ ਨਾ ਕਰੋਗੇ ਫੇਰ ਏਸ ਕਲਜੁਗ ਦਾ ਪੈਂਡਾ ਨਹੀਂ ਮੇਟਣਾ ਲੰਬਾ, ਛੇਤੀ ਛੇਤੀ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਸੁਣਾਈਆ । ਰਵਦਾਸ ਕਹੇ ਇਕ ਦਿਨ ਅੰਤਰ ਅੰਤਰ ਆਈ ਵਿਚਾਰੀ, ਅੰਤਰ ਅੰਤਰ ਧਿਆਨ ਲਗਾਈਆ । ਮੈਂ ਪ੍ਰੇਮ ਵਿਚ ਪੁਛਿਆ ਪ੍ਰਭੂ ਤੂੰ ਪੁਰਖ ਕਿ ਨਾਰੀ, ਜਿਹੜਾ ਤੇਰਾ ਸੋਹਣਾ ਰੂਪ ਉਹੋ ਮੈਨੂੰ ਦੇ ਵਖਾਈਆ । ਤੂੰ ਸ਼ਬਦ ਸਤਿਗੁਰ ਕਿ ਸ਼ਬਦ ਦਾ ਲਿਖਾਰੀ, ਪੜਦਾ ਦੇਣਾ ਉਠਾਈਆ । ਪੁਰਖ ਅਕਾਲ ਹੱਸ ਕੇ ਕਿਹਾ ਰਵਦਾਸ ਵੇਖ ਨੈਣ ਉਘਾੜੀ, ਇਸ਼ਾਰੇ ਨਾਲ ਸਮਝਾਈਆ । ਮੇਰਾ ਸਤਿ ਸਰੂਪ ਆਪੇ ਪੁਰਖ ਆਪੇ ਨਾਰੀ, ਆਪੇ ਸਤਿਗੁਰ ਸ਼ਬਦ ਆਪੇ ਲਿਖਾਰੀ, ਪੰਜੇ ਲਿਖਾਰੀ ਉਠ ਕੇ ਦਿਓ ਵਖਾਈਆ । ਆਪੇ ਮੁੱਛ ਆਪੇ ਦਾੜ੍ਹੀ, ਆਪੇ ਨਰ ਨਰਾਇਣ ਵਿਸ਼ਨੂੰ ਧਾਰੀ, ਮੁੱਛ ਦਾੜ੍ਹੀ ਨਾ ਕੋਇ ਵਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਰਵਦਾਸ ਕਹੇ ਮੈਂ ਫੇਰ ਹੱਸ ਕੇ ਕਿਹਾ ਪ੍ਰਭੂ ਤੂੰ ਲਾੜਾ ਕਿ ਲਾੜੀ, ਮੈਨੂੰ ਦੇ ਸਮਝਾਈਆ । ਧੋਤੀ ਬੰਨ੍ਹੇਂ ਕਿ ਸਾੜ੍ਹੀ, ਪੜਦਾ ਦੇਣਾ ਉਠਾਈਆ । ਮੂੰਡ ਮੁੰਡਾਏਂ ਕਿ ਰੱਖੇਂ ਦਾੜ੍ਹੀ, ਕਵਣ ਰੰਗ ਰੰਗਾਈਆ । ਪੁਰਖ ਅਕਾਲ ਕਿਹਾ ਰਵਦਾਸਾ ਮੈਂ ਆਦਿ ਤੋਂ ਪ੍ਰਦੇਸਣ ਪ੍ਰੇਮੀਆਂ ਦੀ ਪਿਆਰੀ, ਖੁਲ੍ਹੜੇ ਕੇਸ ਖੇਲ ਨਿਆਰੀ, ਨਿਰਾਕਾਰ ਨਿਰੰਕਾਰ ਆਪਣਾ ਰੂਪ ਤੇਰੇ ਦਰ ਤੇ ਦਏ ਦਰਸਾਈਆ । ਰਵਦਾਸਾ ਉਹ ਵੇਖ ਸ਼ਬਦ ਸਤਿਗੁਰ ਤੇ ਸਤਿਗੁਰ ਸ਼ਬਦ ਲਿਖਾਰੀ, ਦੋਵੇਂ ਸੋਭਾ ਪਾਈਆ । ਜਿਨ੍ਹਾਂ ਦਾ ਇਕੋ ਮੰਦਰ ਇਕੋ ਗ੍ਰਿਹਿ ਇਕੋ ਘਰ ਇਕੋ ਅਟਾਰੀ, ਅਟਲ ਪਦਵੀ ਸਭ ਨੂੰ ਰਹੇ ਵਖਾਈਆ । ਲਿਖਾਰੀਓ ਲਿਖ ਦਿਓ ਜਨ ਭਗਤੋ ਤੁਹਾਡਾ ਸਤਿ ਦਾ ਰੂਪ ਨਿਰੰਕਾਰੀ, ਬ੍ਰਹਮ ਬ੍ਰਹਮ ਤਤ ਦਾ ਰੂਪ ਜੋਤ ਉਜਿਆਰੀ, ਤੁਹਾਡੀ ਆਤਮਾ ਤੁਹਾਡੀ ਆਸ਼ਾ ਸਤਿਗੁਰ ਦੇ ਘਰ ਨਾ ਰਹੀ ਕਵਾਰੀ, ਸੁਹਾਗਣ ਅੰਤ ਤਕ ਬਣਾਈਆ । ਜਨਮ ਦੀ ਕਰਮ ਦੀ ਭਰਮ ਦੀ ਸ਼ਰਮ ਦੀ ਪੈਜ ਸਵਾਰੀ, ਸ਼ਰਅ ਦਾ ਲੇਖਾ ਦਿਤਾ ਮੁਕਾਈਆ । ਸਤਿਗੁਰ ਦੇ ਸ਼ਰਨ ਲੱਗ ਕੇ ਨਾ ਰਹੇ ਗੁਨਾਂਹਗਾਰੀ, ਪਤਿਤਾਂ ਪੁਨੀਤ ਦਏ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਮਿਹਰ ਨਜ਼ਰ ਇਕ ਉਠਾਈਆ । ਸਿੰਘਾਸਣ ਕਹੇ ਪ੍ਰਭੂ ਕਿਉਂ ਮੇਰੇ ਨਾਲ ਰੁੱਠਾ, ਸਾਹਿਬ ਦੇ ਸੁਣਾਈਆ । ਕਿਉਂ ਮੈਨੂੰ ਕੀਤਾ ਪੁੱਠਾ, ਚਾਰੇ ਪਾਵੇ ਰੋਵਣ ਮਾਰਨ ਧਾਈਆ । ਵੇਖ ਲਹਿੰਦੀ ਵਾਲੀ ਗੁੱਠਾ, ਜਿਥੇ ਤਾਰਾ ਚੰਨ ਰਹੇ ਆਪਣਾ ਆਸਣ ਲਾਈਆ । ਉਹ ਕੂਕ ਪੁਕਾਰਨ ਭਗਤੋ ਸਾਡਾ ਸ਼ਰਅ ਦਾ ਨਾਤਾ ਤੁੱਟਾ, ਸਦੀ ਚੌਧਵੀਂ ਮੁਹੰਮਦ ਅੰਤ ਲੇਖਾ ਰਹੇ ਨਾ ਰਾਈਆ । ਕਿਉਂ ਪ੍ਰਭੂ ਨੇ ਵੜਨਾ ਭਗਤਾਂ ਦੇ ਵਿਚ ਜੁੱਸਾ, ਜਿਸਮ ਜ਼ਮੀਰ ਦੇਣੀ ਬਦਲਾਈਆ । ਕੂੜ ਕਿਰਿਆ ਦੀ ਰਹਿਣ ਨਹੀਂ ਦੇਣੀ ਲੁੱਟਾ, ਧਰਮ ਦੀ ਧਾਰ ਦੇਣੀ ਪ੍ਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ

੩੬੭

ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਪੜਦਾ ਆਪ ਖੁਲ੍ਹਾਈਆ । ਚੰਦ ਕਹੇ ਸੁਣ ਮੀਤ ਸਤਾਰਾ, ਸਤਹ ਬੁਲੰਦੀ ਧਿਆਨ ਲਗਾਈਆ । ਉਹ ਵੇਖ ਖੇਲ ਪਰਵਰਦਿਗਾਰਾ, ਜਲਵਾ ਰਿਹਾ ਵਖਾਈਆ । ਲੇਖਾ ਮੁਕਣਾ ਸੰਗ ਮੁਹੰਮਦ ਚਾਰ ਯਾਰਾ, ਚਾਰੇ ਪਾਵੇ ਦੇਣ ਗਵਾਹੀਆ । ਸੱਤ ਰੰਗ ਦਾ ਡੰਡਾ ਕਰੇ ਇਸ਼ਾਰਾ, ਜਿਸ ਨੇ ਡੰਡਾਵਤ ਸਭ ਦੀ ਦੇਣੀ ਬਦਲਾਈਆ । ਘਰ ਘਰ ਭਗਤਾਂ ਦੀਪਕ ਹੋਣਾ ਉਜਿਆਰਾ, ਪੰਚਮ ਤਤ ਹੋਏ ਰੁਸ਼ਨਾਈਆ । ਜਿਨ੍ਹਾਂ ਦਾ ਫੇਰ ਜਨਮ ਨਹੀਂ ਹੋਣਾ ਦੁਬਾਰਾ, ਚੁਰਾਸੀ ਵਿਚ ਨਾ ਕੋਇ ਭਵਾਈਆ । ਸੀਸ ਤੇ ਬੰਨ੍ਹਣੀ ਪੁਰਖ ਅਕਾਲ ਨੇ ਇਕ ਇਕ ਦਸਤਾਰਾ, ਇਕ ਰੁਪਈਆ ਧਰਮ ਦਾ ਰੂਪ ਸੀਸ ਟਿਕਾਈਆ । ਗੁਰਮੁਖ ਤੇਰਾ ਗੁਰਮੁਖ ਰੂਪ ਨਿਰੰਕਾਰਾ, ਦੂਜਾ ਨਜ਼ਰ ਕੋਇ ਨਾ ਆਈਆ । ਜਨ ਭਗਤੋ ਤਕ ਲਓ ਇਹ ਸੇਵਾ ਦਾ ਫਲ ਮਿਲਦਾ ਸਾਰਾ, ਜੋ ਮਾਤਾ ਪਿਤਾ ਸਾਕ ਸੱਜਣ ਭੈਣ ਭਾਈ ਕੋਈ ਦੇ ਨਾ ਸਕੇ ਰਾਈਆ । ਅਜ ਤੋਂ ਸਭ ਦਾ ਜਨਮ ਹੋਇਆ ਦੁਬਾਰਾ, ਉਹ ਤੁਹਾਡੇ ਗੁਰਮੁਖ ਦਵਾਰੇ ਸਾਰੇ ਦੇਣੇ ਵਸਾਈਆ । ਤੁਹਾਡਾ ਓਸ ਪ੍ਰਭੂ ਨਾਲ ਪਿਆਰਾ, ਜੋ ਪ੍ਰੀਤਮ ਧੁਰਦਰਗਾਹੀਆ । ਵੇਖੋ ਹੁਣ ਉਹ ਹੋ ਗਿਆ ਤੁਹਾਡੇ ਸਹਾਰਾ, ਸਹਾਰਾ ਤੁਹਾਡਾ ਆਪਣੇ ਨਾਲ ਰਖਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਵਦਾਸ ਕਹੇ ਉਹ ਮਖੀਆ ਮੇਰੀ ਖੇਲ ਪੁਰਾਣੀ, ਪੂਖਾ ਨਾ ਨਜ਼ਰੀ ਆਈਆ । ਜੁੱਤੀਆ ਗਾਂਢੋਂ ਨਾ ਪੀਊਂ ਨਾ ਖਾਣੀ, ਖਨਸੋ ਤੇਰੀ ਦੁਹਾਈਆ । ਮਨ ਵਸੇ ਨਾ ਬੇਈਮਾਨੀ, ਓ ਸੂਮੇ ਕਿਉਂ ਬੈਠਾ ਗੰਢ ਘੁਟਾਈਆ । ਟੁਟੀਆ ਖਾਟੀ ਜਲੋ ਨਾ ਮਾਟੀ ਈਂਗਣ ਪਾਟੀ, ਟਾਸੋ ਨਾ ਕੋ ਸਾਈਆ । ਹੀਣੋ ਜ਼ਾਤੀ ਤਖ਼ਨੇ ਬ੍ਰਹਮ ਪਹਿਚਾਤੀ, ਅਰੇ ਭੂਕਾ ਮਰੂੰ ਸੁਕੀਆ ਚਪਾਤੀ ਚੱਪੇ ਚੱਪੇ ਵਿਚ ਤੇਰਾ ਨੂਰ ਨਜ਼ਰੀ ਆਈਆ । ਇਹੋ ਤੀਨਾ ਚੇਤਾ ਦੀ ਰਾਤੀ, ਰਵਦਾਸ ਆਪਣੇ ਕੰਨ ਖਿੱਚ ਕੇ ਏਧਰ ਏਧਰ ਲੱਫੜ ਮਾਰੇ ਉਹ ਤੂੰ ਮੇਰਾ ਸਾਹਿਬ ਕਮਲਾ ਪਾਤੀ, ਪਤਿਪਰਮੇਸ਼ਵਰ ਤੇਰੀ ਬੇਪਰਵਾਹੀਆ । ਪਰ ਮੈਂ ਦਰਸ ਮੰਗਦਾ ਤਰਸ ਮੰਗਦਾ ਓ ਤੇਰਾ ਸਤਿ ਸਰੂਪੀ ਦਰਸ ਮੰਗਦਾ ਉਪਰ ਫ਼ਰਸ਼ ਖ਼ਾਕੀ, ਉਹ ਖ਼ਾਕ ਵਿਚ ਮਿਲਾਉਣ ਵਾਲਿਆ ਖ਼ਾਕ ਵਿਚੋਂ ਪਾਕ ਦੇ ਬਣਾਈਆ । ਤੇਰਾ ਜੀਵਣ ਤੇਰੀ ਹਯਾਤੀ, ਉਹ ਤੇਰੀ ਨਾਰ ਤੂੰਹੀ ਕਮਲਾਪਾਤੀ, ਨਾ ਹੰਡੀਓ ਨਾ ਨਮਕੋ ਨਾ ਬੋਸਾਤੀ, ਅਬੂਸਲੇ ਬਸਨ ਬਨਵਾਰੀ ਤੇਰੀ ਖੇਲ ਮੋਹੇ ਚੰਗੀ ਭਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਹੁਕਮ ਇਕ ਵਰਤਾਈਆ । ਰਵਦਾਸ ਤਿੰਨ ਚੇਤ ਦੀ ਤਕੀ ਰਾਤੀ, ਅੱਖਾਂ ਮੀਟ ਧਿਆਨ ਲਗਾਈਆ । ਸਹਿਜ ਨਾਲ ਉਠ ਕੇ ਕੰਧ ਨਾਲ ਲਾ ਲਈ ਆਪਣੀ ਛਾਤੀ, ਸ਼ਹਿਨਸ਼ਾਹ ਵਿਚ ਸਮਾਈਆ । ਬਿਨ ਬੋਲਣ ਤੋਂ ਬਿਨਾ ਜ਼ਬਾਨ ਤੋਂ ਆਪਣੀ ਗੱਲ ਆਖੀ, ਆਖ ਕੇ ਦਿਤਾ ਦ੍ਰਿੜਾਈਆ । ਭੁੱਖੇ ਗ਼ਰੀਬ ਨੂੰ ਬਖ਼ਸ਼ ਦੇ ਦਾਤੀ, ਸ਼ਹਿਨਸ਼ਾਹ ਤੇਰੇ ਅੱਗੇ ਝੋਲੀ ਡਾਹੀਆ । ਮੇਰੀ ਇਕ ਬੇਨੰਤੀ ਪ੍ਰਭੂ ਮੰਨਣੀ ਆਖੀ, ਨਿਮਾਣਾ ਹੋ ਕੇ ਸੀਸ ਝੁਕਾਈਆ । ਮਿਹਰ ਕਰੀਂ ਕਲਜੁਗ ਅੰਤਮ ਆਪਣਿਆਂ ਭਗਤਾਂ ਦੀ ਆਪ ਕਰੀਂ ਰਾਖੀ, ਜਿੰਨਾਂ ਚਿਰ ਤੂੰ ਕਿਰਪਾ ਨਾ ਕਰੀ ਭਗਤ ਬਣਨ ਵਾਲਾ ਨਜ਼ਰ ਕੋਇ ਨਾ ਆਈਆ । ਓ ਪਰਵਰਦਿਗਾਰ ਉਨਾਂ ਦੇ ਕਰਮ ਕੁਕਰਮ ਵੱਲ ਮੂਲ ਨਾ ਝਾਕੀਂ, ਜੇ ਝਾਕੀ ਮਾਰੇਂ ਕੋਟ ਜਨਮ ਦੇ ਪਾਪ ਦੇਣੇ ਮੁਕਾਈਆ । ਪਰ ਯਾਦ ਰੱਖ ਲੈ ਉਨ੍ਹਾਂ ਦੀ ਜ਼ਰੂਰ ਖੋਲ੍ਹੀਂ ਤਾਕੀ, ਉਹ ਸੁੱਤੇ ਹੋਣ ਤੂੰ ਘਰ ਘਰ ਜਾ ਕੇ ਦਰਸ ਦੇਣਾ ਦਿਖਾਈਆ । ਇਕ ਹੋਰ ਬਚਨ ਤੂੰ ਉਨ੍ਹਾਂ ਦਾ ਕਰੀਂ ਪਾਠੀ, ਪਾਠਸ਼ਾਲਾ ਉਹਨਾਂ ਦਾ ਕਾਇਆ ਮੰਦਰ ਦੇਣਾ ਵਸਾਈਆ । ਹੋਰ ਬੇਨੰਤੀ ਉਹਨਾਂ ਦੀ ਬਦਲ ਦੇਵੀਂ ਹਯਾਤੀ, ਹਯਾ ਕੂੜ ਕਿਰਿਆ ਰਹਿਣ ਕੋਇ ਨਾ ਪਾਈਆ । ਪ੍ਰਭੂ ਇਕ ਹੋਰ ਆਸ਼ਾ ਕਲਜੁਗ ਅੰਤਮ ਆਪਣਿਆਂ ਭਗਤਾਂ ਨੂੰ ਚੜ੍ਹਨ ਨਾ ਦੇਵੀਂ ਫਾਸੀ, ਫ਼ੈਸਲਾ ਇਕੋ ਵਾਰ ਦੇਣਾ ਸੁਣਾਈਆ । ਤੈਨੂੰ ਕਿਸੇ ਨੂੰ ਲੱਭਣ ਜਾਣਾ ਪਏ ਨਾ ਤੀਰਥ ਤੱਟਾਂ ਉਤੇ ਕਾਸ਼ੀ, ਪਰਾਗ ਅਯੁਧਿਆ ਬਿੰਦਰਾਬਨ ਫੇਰਾ ਕੋਇ ਨਾ ਪਾਈਆ । ਪਰ ਮਿਹਰ ਕਰੀਂ ਜਿਥੇ ਭਗਤ ਹੋਣ

ਉਥੇ ਆਪ ਜਾਵੀਂ ਲੰਮੀ ਚੌੜੀ ਨਾ ਰੱਖੀਂ ਵਾਟੀ, ਪੈਂਡਾ ਸਹਿਜ ਸਹਿਜ ਮੁਕਾਈਆ । ਜੇ ਪਿਆਰ ਕਰੇਂ ਤੇ ਲਾ ਲਈਂ ਨਾਲ ਸੀਨੇ ਛਾਤੀ, ਸ਼ਹਿਨਸ਼ਾਹ ਆਪਣੇ ਰੰਗ ਰੰਗਾਈਆ । ਬੇਸ਼ਕ ਤੇਰੇ ਵਾਸਤੇ ਪੁੱਠੀ ਹੋਵੇ ਖਾਟੀ, ਤੂੰ ਪੁੱਠੇ ਲੱਟਕਣ ਵਾਲਿਆਂ ਨੂੰ ਸਿੱਧੇ ਸਚਖੰਡ ਦੇਣਾ ਪਹੁੰਚਾਈਆ । ਜਿਥੇ ਪੁਰਖ ਅਕਾਲ ਦੀ ਹਾਟੀ, ਦੂਜਾ ਦਰ ਨਾ ਕੋਇ ਖੁਲ੍ਹਾਈਆ । ਅਵਤਾਰ ਪੈਗ਼ੰਬਰ ਗੁਰੂ ਮੁਕਾਮੇ ਹੱਕ ਹੱਕ ਦੇ ਸਾਰੇ ਬਣਾ ਦਈਂ ਇਹਨਾਂ ਦੇ ਸਾਥੀ, ਜੋ ਤੇਰੇ ਚਰਨਾਂ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਧੁਰ ਦਾ ਵਰ, ਦਰ ਤੇਰੇ ਆਸ ਰਖਾਈਆ । ਰਵਦਾਸ ਕਹੇ ਮੈਂ ਗ਼ਰੀਬ ਨਿਮਾਣਾ ਮੰਗਤਾ, ਮਾਣ ਤਾਣ ਨਾ ਕੋਇ ਰਖਾਈਆ । ਭਾਵੇਂ ਮੇਰੇ ਘਰ ਆਟਾ ਨਹੀਂ ਇਕ ਡੰਗ ਦਾ, ਢੋਰਾਂ ਦੀ ਖੱਲ ਲਾਹ ਕੇ ਆਪਣਾ ਝਟ ਲੰਘਾਈਆ । ਮੈਂ ਟੁੱਟੇ ਜੁੱਤੇ ਗੰਢਦਾ, ਗੰਢ ਤੇਰੇ ਨਾਲ ਰਖਾਈਆ । ਪਰ ਇਕ ਬੇਨੰਤੀ ਪ੍ਰਭੂ ਜਿਹੜਾ ਤੇਰਾ ਭਗਤ ਹੋਵੇ ਉਹਨੂੰ ਧਰਮ ਰਾਏ ਨਾ ਹੋਵੇ ਡੰਡਦਾ, ਸਗੋਂ ਡੰਡਾਵਤ ਕਰ ਕੇ ਭਗਤਾਂ ਨੂੰ ਸੀਸ ਨਿਵਾਈਆ । ਵਿਸ਼ਨ ਬ੍ਰਹਮਾ ਸ਼ਿਵ ਖ਼ੁਸ਼ੀਆਂ ਵਿਚੋਂ ਖ਼ੁਸ਼ੀ ਹੋਵੇ ਵੰਡਦਾ, ਖ਼ੁਸ਼ੀ ਖ਼ੁਸ਼ੀ ਨਾਲ ਵਰਤਾਈਆ । ਪੈਗ਼ੰਬਰ ਕਹਿਣ ਉਹ ਵੇਖੇ ਨੂਰ ਨੁਰਾਨੇ ਪੁਰਖ ਅਕਾਲ ਦੇ ਸ਼ਬਦ ਸਤਿਗੁਰ ਸ਼ਬਦ ਸਤਿਗੁਰ ਦੇ ਫ਼ਰਜ਼ੰਦ ਦਾ, ਫ਼ਰਜ਼ ਆਪਣਾ ਪੂਰ ਕਰਾਈਆ । ਉਸ ਵੇਲੇ ਸਮਾਂ ਤੇਰੀ ਯਾਦ ਵਿਚ ਤੇਰਿਆਂ ਭਗਤਾਂ ਹੋਵੇ ਲੰਘਦਾ, ਦੂਸਰ ਓਟ ਨਾ ਕੋਇ ਤਕਾਈਆ । ਵਿਛੋੜਾ ਰਹੇ ਨਾ ਨਾਰ ਦੁਹਾਗਣ ਰੰਡ ਦਾ, ਰੰਡੇਪਾ ਦੇਣਾ ਕਟਾਈਆ । ਝਗੜਾ ਮੁਕਾਉਣਾ ਵਰਭੰਡ ਦਾ, ਬ੍ਰਹਿਮੰਡ ਪਾਰ ਖੇਲ ਖਿਲਾਈਆ । ਜਿਥੇ ਪ੍ਰਕਾਸ਼ ਤੇਰਾ ਇਲਾਹੀ ਚੰਦ ਦਾ, ਨੂਰ ਨੁਰਾਨਾ ਨਜ਼ਰੀ ਆਈਆ । ਤੇਰਾ ਰੂਪ ਹੋਵੇ ਸਾਹਿਬ ਬਖ਼ਸ਼ੰਦ ਦਾ, ਬਖਸ਼ਿਸ਼ ਰਹਿਮਤ ਸਭ ਦੀ ਝੋਲੀ ਪਾਈਆ । ਤੈਨੂੰ ਕੋਈ ਚਾਅ ਨਾ ਹੋਵੇ ਆਪਣੇ ਆਸਣ ਪਲੰਘ ਦਾ, ਭਗਤਾਂ ਦੀ ਖ਼ੁਸ਼ੀ ਵੇਖ ਕੇ ਆਪਣੀ ਖ਼ੁਸ਼ੀ ਲੈਣੀ ਬਣਾਈਆ । ਪ੍ਰਭੂ ਤੂੰ ਵੇਰਵਾ ਨਹੀਂ ਰੱਖਣਾ ਕਾਇਆ ਮਾਟੀ ਚੰਮ ਦਾ, ਚੰਮ ਦ੍ਰਿਸ਼ਟੀ ਦੇਣੀ ਬਦਲਾਈਆ । ਜਿਹੜਾ ਭਗਤ ਭਗਵਾਨ ਤੇਰੀ ਧਾਰੋਂ ਜੰਮਦਾ, ਉਹ ਅੰਤ ਤੇਰੇ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮੇਲਾ ਲੈ ਮਿਲਾਈਆ । ਸੱਤਰੰਗਾ ਕਹੇ ਸੁਣ ਰਵਦਾਸਾ, ਓ ਮੈਂ ਵੀ ਦਾਸ ਹੋ ਕੇ ਦਿਆਂ ਜਣਾਈਆ । ਹੁਣ ਦੀਨ ਦੁਨੀ ਦਾ ਬਦਲਣਾ ਪਾਸਾ, ਪਾਸ਼ਾ ਸਭ ਦਾ ਦੇਣਾ ਉਲਟਾਈਆ । ਵੇਖੀ ਖੇਲ ਤਮਾਸ਼ਾ, ਤਮਾਸ਼ਬੀਨ ਕਰਾਂ ਲੋਕਾਈਆ । ਹੌਲੀ ਹੌਲੀ ਜ਼ਰੂਰ ਖੋਲ੍ਹੀ ਜਾਵਾਂ ਖੁਲਾਸਾ, ਖੁਫ਼ੀਆ ਪਰਦਾ ਦਿਆਂ ਉਠਾਈਆ । ਭਗਤਾਂ ਦਿਆਂ ਵਿਸ਼ਵਾਸ਼ਾ, ਵਿਸ਼ਵ ਦਾ ਰਾਹ ਦ੍ਰਿੜਾਈਆ । ਸ਼ੰਕਰ ਜਰੂਰ ਪਹੁੰਚਾਵਾਂ ਉਪਰ ਕੈਲਾਸ਼ਾ, ਕਲਸ ਹੱਥ ਵਿਚ ਫੜ ਕੇ ਭੱਜੇ ਵਾਹੋ ਦਾਹੀਆ । ਬਾਸ਼ਕ ਸਹੰਸਰ ਮੁਖ ਗਾਏ ਸਵਾਸਾ, ਦੋ ਸਹੰਸਰ ਜਿਹਵਾ ਨਾਲ ਹਿਲਾਈਆ । ਬ੍ਰਹਮਾ ਨੂਰ ਨੂਰ ਦਾ ਤਕੇ ਪ੍ਰਕਾਸ਼ਾ, ਪ੍ਰਕਾਸ਼ ਪ੍ਰਕਾਸ਼ ਵਿਚੋਂ ਪ੍ਰਗਟਾਈਆ । ਵਿਸ਼ਨੂੰ ਵਿਸ਼ਵ ਦੀ ਵੇਖੇ ਰਾਸਾ, ਰਾਸ ਮੰਡਲ ਗੋਪੀ ਕਾਹਨ ਆਪਣਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਦ ਆਪਣਾ ਹੁਕਮ ਵਰਤਾਈਆ । ਆਰ ਕਹੇ ਮੈਂ ਦੱਸਾਂ ਬਿਨਾ ਦੰਦੀਂ, ਦੰਦਾਂ ਵਾਲਿਓ ਦਿਆਂ ਜਣਾਈਆ । ਪ੍ਰਭ ਦਾ ਪਿਆਰ ਨਹੀਂ ਪਾਬੰਦੀ, ਸ਼ਬਦ ਸ਼ਬਦ ਨਾਲ ਸਮਝਾਈਆ । ਸਦੀ ਚੌਧਵੀਂ ਜਾਂਦੀ ਲੰਘੀ, ਪੈਂਡਾ ਆਪਣਾ ਪੰਧ ਚੁਕਾਈਆ । ਕਿਸੇ ਨੂੰ ਕਿਸੇ ਨੇ ਲਾਉਣਾ ਨਹੀਂ ਅੰਗੀ, ਅੰਗੀਕਾਰ ਨਾ ਕੋਇ ਅਖਵਾਈਆ । ਪ੍ਰਭੂ ਪਿਆਰ ਵਿਚ ਅੰਦਰੋਂ ਵਾਸਨਾ ਕਢੀਂ ਗੰਦੀ, ਕੂੜੀ ਕਿਰਿਆ ਦੇਣੀ ਤਜਾਈਆ । ਆਤਮਾ ਪਰਮਾਤਮਾ ਬਣਾਉਣਾ ਸੰਗੀ, ਸਗਲਾ ਸੰਗ ਬਣਾਈਆ । ਪੰਜ ਦੀਪਕ ਸ਼ਮਾਦਾਨ ਘਿਰਤ ਦੀ ਦੇਣਾ ਸੁਗੰਧੀ, ਅਗਨੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤ ਭਗਤਾਂ ਦੇ ਬਣਾਏ ਸਨਬੰਧੀ, ਨਾਤਾ ਧਰਮ ਦਾ ਧਰਮ ਨਾਲ ਜੁੜਾਈਆ ।


੩੬੮

✪ ੪ ਚੇਤ ਸ਼ਹਿਨਸ਼ਾਹੀ ਸੰਮਤ ੭ ਪਾਲ ਸਿੰਘ, ਫੌਜਾ ਸਿੰਘ, ਸ਼ਿੰਗਾਰਾ ਸਿੰਘ, ਸੁੱਚਾ ਸਿੰਘ ਮਹਿੰਦਰ ਸਿੰਘ, ਤਰਸੇਮ ਸਿੰਘ, ਹਰਭਜਨ ਸਿੰਘ, ਮਹਿੰਦਰ ਸਿੰਘ, ਗੁਰਚਰਨ ਸਿੰਘ ਗਗੜੇਵਾਲ, ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਚੇਤ ਕਹੇ ਪ੍ਰਭੂ ਮੈਂ ਬਲਿਹਾਰ, ਬਲਿਹਾਰੀ ਆਪਣਾ ਆਪ ਕਰਾਈਆ । ਸਤਿ ਦੀ ਸਚ ਚਲੀ ਚਾਲ, ਧਰਤੀ ਧਰਤ ਧਵਲ ਖ਼ੁਸ਼ੀ ਮਨਾਈਆ । ਮੇਰੀ ਨਮੋ ਨਮੋ ਨਿਮਸਕਾਰ, ਨਮਸਤੇ ਕਹਿ ਕੇ ਸੀਸ ਝੁਕਾਈਆ । ਦਸ ਗੁਰਮੁਖਾਂ ਪਹਿਲਾ ਮੇਰਾ ਕੀਤਾ ਵਿਹਾਰ, ਦਸ ਦਸਮੇਸ਼ ਦੀ ਆਸਾ ਪੂਰ ਕਰਾਈਆ । ਦਸਮ ਦਵਾਰ ਬਣੇ ਤੇਰਾ ਘਰ ਬਾਰ, ਗ੍ਰਹਿ ਗੁਰਮੁਖਾਂ ਡੇਰਾ ਲਾਈਆ । ਸੋਹਣਾ ਸੁਹੰਜਣਾ ਦਿਸੇ ਪਰਿਵਾਰ, ਬੰਸ ਇਕੋ ਨਜ਼ਰੀ ਆਈਆ । ਸੁਤ ਦੁਲਾਰੇ ਬਣਾ ਕੇ ਬੰਨ੍ਹੀ ਸਿਰ ਦਸਤਾਰ, ਸੀਸ ਆਪਣਾ ਹੱਥ ਰਖਾਈਆ । ਇਕ ਇਕ ਰੁਪਈਆ ਇਹਨਾਂ ਦੇ ਸਿਰ ਤੋਂ ਦੇਵੇ ਵਾਰ, ਵਾਰਸ ਹੋ ਕੇ ਆਪਣਾ ਮੇਲ ਮਿਲਾਈਆ । ਕੂੜ ਮਾਇਆ ਦਾ ਰਹੇ ਨਾ ਕਿਸੇ ਪਿਆਰ, ਸਤਿਗੁਰ ਪ੍ਰੇਮ ਵਿਚ ਸਮਾਈਆ । ਧਰਮ ਦਾ ਗੰਢਾ ਅਸੀਂ ਖ਼ੁਸ਼ੀ ਵਿਚ ਤੇਰਾ ਕਰਾਉਣਾ ਆਹਾਰ, ਭੋਗ ਲਾਉਣਾ ਚਾਈਂ ਚਾਈਆ । ਤੇਰੀ ਮਿਹਰ ਦਾ ਸਦਕਾ ਇਹ ਲੇਖਾ ਰਹੇ ਸਦਾ ਜੁਗ ਚਾਰ, ਚੌਕੜੀ ਤੇਰੇ ਨਾਮ ਦੀ ਵੱਜੇ ਵਧਾਈਆ । ਤੇਰਾ ਦਰ ਠਾਂਡਾ ਦਰਬਾਰ, ਦਰ ਦਵਾਰ ਸੋਭਾ ਪਾਈਆ । ਮੈਂ ਸਦਾ ਸਦਾ ਸੇਵਾਦਾਰ, ਸਚ ਸਾਚੀ ਸੇਵ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਦਾ ਮੇਲਾ ਲੈਣਾ ਮਿਲਾਈਆ । ਪਗੜੀ ਕਹੇ ਸੁਣੋ ਗੁਰਮੁਖ ਮੀਤ, ਮਿੱਤਰੋਂ ਦਿਆਂ ਜਣਾਈਆ । ਸਤਿਗੁਰ ਰੱਖਣਾ ਚੀਤ, ਹਿਰਦੇ ਵਿਚ ਵਸਾਈਆ । ਆਤਮ ਪਰਮਾਤਮ ਗਾਉਣਾ
੩੬੯ ਗੀਤ, ਢੋਲਾ ਅਗੰਮ ਅਥਾਹੀਆ । ਕਲਜੁਗ ਵਿਚ ਸਤਿਜੁਗ ਬਦਲਣੀ ਰੀਤ, ਰੀਤੀ ਧੁਰ ਦੀ ਇਕ ਅਪਣਾਈਆ । ਇਕ ਨੂੰ ਝੁਕੇ ਸੀਸ, ਪਗੜੀ ਕਹੇ ਇਹ ੩੬੯
ਸੀਸ ਫਿਰ ਝੁਕਣ ਕਿਸੇ ਨਾ ਪਾਈਆ । ਜੀਵਣ ਨਾਲੋਂ ਮਰਨਾ ਚੰਗਾ ਜੇਹੜਾ ਮੁਖ ਮੋੜੇ ਜਗਦੀਸ, ਜਗਦੀਸ਼ਰ ਪ੍ਰੇਮ ਤੁੜਾਈਆ । ਇਹੋ ਹੁਕਮ ਇਹੋ ਪਿਆਰ ਇਹੋ ਕਲਮਾ ਇਹੋ ਹਦੀਸ, ਜੇਹੜੀ ਹਜ਼ਰਤਾਂ ਤੋਂ ਪਰੇ ਦਿਤੀ ਸਮਝਾਈਆ । ਤੁਸੀਂ ਇਕ ਦੇ ਇਕ ਨਾਲ ਕਰਨੀ ਪ੍ਰੀਤ, ਜੋ ਪ੍ਰੀਤਮ ਨਾ ਕੋਇ ਮਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਦਇਆ ਆਪ ਕਮਾਈਆ । ਸੀਸ ਕਹੇ ਉਹ ਪਗੜੀਏ ਆ ਜਾ ਮੇਰੇ ਉਤੇ, ਲੱਜਿਆ ਰੱਖਣੀ ਚਾਈਂ ਚਾਈਆ । ਮੇਰੇ ਭਾਗ ਜਾਗ ਪਏ ਸੁੱਤੇ, ਸੁੱਤਿਆਂ ਲਿਆ ਉਠਾਈਆ । ਖ਼ੁਸ਼ੀ ਹੋਈ ਵਿਚ ਜੁੱਸੇ, ਜ਼ਮੀਰ ਵੱਜੀ ਵਧਾਈਆ । ਸੀਸ ਕਹੇ ਮੈਂ ਸੁਗੰਦ ਖਾਵਾਂ ਦੂਸਰ ਅੱਗੇ ਕਦੇ ਨਾ ਝੁੱਕੇ, ਜੇ ਲੱਥ ਜਾਵੇ ਸੀ ਨਾ ਕਦੇ ਸੁਣਾਈਆ । ਅੱਜ ਤੋਂ ਪਿਛਲੇ ਸਭ ਦੇ ਪੈਂਡੇ ਮੁਕੇ, ਅਵਤਾਰ ਪੈਗ਼ੰਬਰ ਗੁਰੂ ਦਾ ਨਾਤਾ ਦਿਤਾ ਤੁੜਾਈਆ । ਭਗਤ ਭਗਵਾਨ ਹੋ ਕੇ ਉਠੇ, ਲੋਕਮਾਤ ਲਈ ਅੰਗੜਾਈਆ । ਸਤਿਗੁਰ ਸ਼ਬਦ ਹੋ ਕੇ ਤੁਠੇ, ਮਿਹਰ ਨਜ਼ਰ ਉਠਾਈਆ । ਸੁਹੰਜਣੀ ਹੋਈ ਰੁਤੇ, ਪ੍ਰਭ ਬਖ਼ਸ਼ੀ ਮਾਣ ਵਡਿਆਈਆ । ਜਨਮ ਕਰਮ ਦੇ ਮਨਾਏ ਰੁੱਸੇ, ਆਪਣਾ ਜੋੜ ਜੁੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਨ ਭਗਤਾਂ ਸਾਰ ਪੁਛੇ, ਦੂਸਰ ਹੱਥ ਨਾ ਕੁਛ ਫੜਾਈਆ ।

✪ ੨੩ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰਗੁਰਮੁਖ ਸਿੰਘ ਦੇ ਗ੍ਰਹਿ ✪

ਧਰਮ ਕਹੇ ਧਰਨੀਏ ਮੈਂ ਅੰਤ ਬੇਆਸਾ, ਆਸ ਨਜ਼ਰ ਕੋਇ ਨਾ ਆਈਆ । ਮੇਰਿਆਂ ਦੁੱਖਾਂ ਦਾ ਸੁਣ ਖੁਲਾਸਾ, ਸਚ ਸਚ ਸੁਣਾਈਆ । ਚਾਰੋਂ ਕੁੰਟ ਅੰਧੇਰਾ ਛੁਪਾ ਚੰਦ ਪ੍ਰਕਾਸ਼ਾ, ਨੂਰ ਨਜ਼ਰ ਕੋਇ ਨਾ ਆਈਆ । ਮੇਰਾ ਹਾਲ ਹੋ ਗਿਆ ਨਿਰਾਸ਼ਾ, ਭਿੱਛਿਆ ਨਾਮ ਨਾ ਕੋਇ ਪਾਈਆ । ਦੀਨ ਦੁਨੀ ਬਦਲ ਗਈ ਪਾਸਾ, ਕਰਵਟ ਕਲਜੁਗ ਦਿਤੀ ਬਦਲਾਈਆ । ਪ੍ਰਭ ਦੀ ਆਵੇ ਨਾ ਕਿਸੇ ਸ਼ਨਾਸਾ, ਸਨਾਖ਼ਤ ਸਕੇ ਨਾ ਕੋਇ ਕਰਾਈਆ । ਫਿਰੀ ਦਰੋਹੀ ਉਤੇ ਆਕਾਸ਼ਾ, ਧਵਲ ਰੋਵੇ ਮਾਰੇ ਧਾਹੀਆ । ਜਿਧਰ ਤੱਕਾਂ ਆਵੇ ਘਾਟਾ, ਘਾਟਾ ਪੂਰ ਨਾ ਕੋਇ ਕਰਾਈਆ । ਰਸ ਹੱਥ ਨਾ ਆਵੇ ਕਿਸੇ ਗੋਬਿੰਦ ਬਾਟਾ, ਤ੍ਰਿਸ਼ਨਾ ਤ੍ਰਿਖਾ ਨਾ ਕੋਇ ਮਿਟਾਈਆ । ਮੁਖ ਲੁਕਾ ਗਈ ਅਸ਼ਟਭੁਜ ਵਾਲੀ ਲਾਟਾ, ਖੰਡਾ ਖੜਗ ਨਾ ਕੋਇ ਰਖਾਈਆ । ਤੇਈ ਅਵਤਾਰਾਂ ਤੁਟਾ ਸਾਕਾ, ਸੱਜਣ ਸੰਗ ਨਾ ਕੋਇ ਬਣਾਈਆ । ਪੈਗ਼ੰਬਰਾਂ ਦਾ ਭੁੱਲ ਗਿਆ ਦੱਸਿਆ ਖ਼ਾਕਾ, ਮਾਲਕ ਮਿਲਣ ਕੋਇ ਨਾ ਆਈਆ । ਰੰਗ ਨਾ ਚੜ੍ਹੇ ਨਾਨਕ ਨਿਰਗੁਣ ਦਾਤਾ, ਜਗਤ ਭੁੱਲੀ ਕੂੜ ਲੋਕਾਈਆ । ਸਤਿ ਧਰਮ ਦੀ ਧਰਮ ਕਹੇ ਮੇਰੇ ਕੋਲ ਰਹੀ ਨਾ ਗਾਠਾ, ਗਠੜੀ ਖ਼ਾਲੀ ਨਜ਼ਰੀ ਆਈਆ । ਨੇਤਰ ਰੋਵੇ ਤੀਰਥ ਅੱਠ ਸਾਠਾ, ਗੰਗਾ ਗੋਦਾਵਰੀ ਜਮਨਾ ਸੁਰਸਤੀ ਰਹੀ ਕੁਰਲਾਈਆ । ਪਿਆਰ ਰਿਹਾ ਨਾ ਪੂਜਾ ਪਾਠਾ, ਸਿਮਰਨ ਯੋਗ ਨਾ ਕੋਇ ਚਤੁਰਾਈਆ । ਹਉਮੇ ਰੋਗ ਨਾ ਜਾਏ ਕਾਟਾ, ਸ਼ਾਸਤਰ ਕੂਕ ਕੂਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਖੇਲ ਆਪ ਖਿਲਾਈਆ । ਧਰਮ ਕਹੇ ਧਰਨੀ ਮੇਰਾ ਖ਼ਾਲੀ ਹੋ ਗਿਆ ਖੀਸਾ, ਜੇਬ ਪਾਕਟ ਰਹੀ ਕੁਰਲਾਈਆ । ਛਤਰ ਸੁਹਾਏ ਕਿਸੇ ਨਾ ਸੀਸਾ, ਤਾਜ ਤਖ਼ਤ ਗਏ ਗਵਾਈਆ । ਕੀ ਖੇਲ ਕਰੇ ਬੀਸ ਬੀਸਾ, ਹਰਿ ਜਗਦੀਸ਼ਾ ਧੁਰ ਦਾ ਮਾਹੀਆ । ਜਿਸ ਦਾ ਰੂਪ ਇਕੋ ਇਕੀਸਾ, ਇਕ ਏਕੰਕਾਰਾ ਆਪ ਅਖਵਾਈਆ । ਕਿਸ ਬਿਧ ਉਹ ਕਲਜੁਗ ਬਦਲੇ ਰੀਤਾ, ਮੰਦਰ ਮਸੀਤਾਂ ਪੰਧ ਚੁਕਾਈਆ । ਜਿਸ ਨੂੰ ਝੁਕਦੇ ਰਾਮ ਸੀਤਾ, ਕ੍ਰਿਸ਼ਨ ਕ੍ਰਿਸ਼ਨਾ ਸੀਸ ਨਿਵਾਈਆ । ਉਹ ਹੋ ਕੇ ਤ੍ਰੈਗੁਣ ਅਤੀਤਾ, ਤ੍ਰੈਭਵਨ ਧਨੀ ਆਪਣਾ ਭੇਵ ਖੁਲ੍ਹਾਈਆ । ਬਣ ਕੇ ਪਿਆਰਾ ਮੀਤਾ, ਮਿਤਰ ਪਿਆਰਾ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਧੁਰ ਦਾ ਹਰਿ, ਧੁਰ ਮਾਰਗ ਇਕ ਪ੍ਰਗਟਾਈਆ । ਧਰਨੀ ਕਹੇ ਧਰਮ ਉਹ ਵੇਖ ਪੈਗ਼ੰਬਰ ਕਰਦੇ ਤੋਬਾ ਤੋਬਾ ਤੋਬਾ, ਬੰਦਗੀਆਂ ਵਿਚ ਸੀਸ ਨਿਵਾਈਆ । ਤੂੰ ਓਸ ਦੀ ਸੁਣ ਸੋਭਾ, ਸੋਹਬਤ ਜਿਸ ਦੀ ਸਾਰੇ ਗਾਈਆ । ਜਿਸ ਨੂੰ ਲਾਲਚ ਨਹੀਂ ਕੋਈ ਲੋਭਾ, ਲਾਲਚ ਵਿਚ ਕਦੇ ਨਾ ਆਈਆ । ਉਹ ਸਭ ਦਾ ਹਿਰਦਾ ਰਿਹਾ ਸੋਧਾ, ਸੁਦੀ ਵਦੀ ਦਾ ਡੇਰਾ ਢਾਹੀਆ । ਸਤਿਗੁਰ ਸ਼ਬਦ ਬਣ ਕੇ ਯੋਧਾ, ਵਡ ਬਲਵਾਨਾ ਫੇਰਾ ਪਾਈਆ । ਜਿਸ ਨੇ ਝਗੜਾ ਮੁਕਾਉਣਾ ਬਾਂਗ ਰੋਜ਼ਾ, ਨਿਮਾਜ਼ਾਂ ਲੇਖਾ ਰਹੇ ਨਾ ਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਝਗੜਾ ਮੇਟੇ ਜੰਞੂ ਬੋਦਾ, ਬੋਦੀ ਨਾਰਦ ਦੀ ਦਏ ਗਵਾਹੀਆ । ਨਾਰਦ ਕਹੇ ਵਾਹ ਓਏ ਧਰਮਾ, ਕੀ ਧਰਨੀ ਰਿਹਾ ਸੁਣਾਈਆ । ਤੂੰ ਕੀ ਜਾਣੇ ਮੇਰਾ ਕਰਮਾ, ਕੀ ਪ੍ਰਭੂ ਦਿਤੀ ਵਡਿਆਈਆ । ਮੈਂ ਸ਼ਬਦ ਧਾਰ ਵਿਚੋਂ ਜਰਮਾ, ਸ਼ਬਦ ਸ਼ਬਦ ਵਿਚ ਸਮਾਈਆ । ਕੋਈ ਭਰਾਂਤ ਰਹੇ ਨਾ ਭਰਮਾ, ਭਾਂਡਾ ਦਿਆਂ ਭੰਨਾਈਆ । ਇਕੋ ਰੂਪ ਹੋਵਾਂ ਪ੍ਰਭ ਚਰਨਾ, ਦੂਜਾ ਸਹਾਰਾ ਨਾ ਕੋਇ ਤਕਾਈਆ । ਜਿਸ ਝਗੜਾ ਮੇਟਣਾ ਵਰਨਾਂ ਬਰਨਾਂ, ਏਕਾ ਰੰਗ ਰੰਗਾਈਆ । ਉਸ ਖੇਲ ਅਗੰਮਾ ਕਰਨਾ, ਕਰਨੀ ਕਰਤਾ ਆਪਣੀ ਕਾਰ ਭੁਗਤਾਈਆ । ਜਨ ਭਗਤਾਂ ਨੇਤਰ ਖੋਲ੍ਹ ਕੇ ਹਰਨਾ ਫ਼ਰਨਾ, ਨਿਜ ਨੈਣ ਕਰੇ ਰੁਸ਼ਨਾਈਆ । ਜਿਨ੍ਹਾਂ ਇਕੋ ਅੱਖਰ ਪੜ੍ਹਨਾ, ਤੂੰ ਮੇਰਾ ਮੈਂ ਤੇਰਾ ਢੋਲਾ ਗਾਈਆ । ਸਚ ਦਵਾਰੇ ਮੰਜ਼ਲ ਚੜ੍ਹਨਾ, ਦਰਗਾਹ ਸਾਚੀ ਸੋਭਾ ਪਾਈਆ । ਪੁਰਖ ਅਕਾਲ ਦੀ ਜੋਤ ਰਲਨਾ,


੩੭੦

ਜੋਤੀ ਜੋਤ ਵਿਚ ਸਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਨੇ ਆਪਣਾ ਖੇਲ ਆਪੇ ਕਰਨਾ, ਕਰਨਯੋਗ ਆਪ ਅਖਵਾਈਆ ।

✪ ੨੩ ਮਾਘ ਸ਼ਹਿਨਸ਼ਾਹੀ ਸੰਮਤ ਅੱਠ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ਪਾਲ ਸਿੰਘ ਦੇ ਗ੍ਰਹਿ ✪

ਧਰਨੀ ਕਹੇ ਧਰਮ ਮੈਂ ਭਾਗਾਂ ਭਰੀ, ਪ੍ਰਭੂ ਭਾਗ ਦਿਤਾ ਲਗਾਈਆ । ਕਿਰਪਾ ਕਰੀ ਆਪ ਪ੍ਰਭ ਹਰੀ, ਹਰਿਆਵਲ ਮੇਰੇ ਉਤੇ ਮਹਿਕਾਈਆ । ਭਾਗ ਲਗਾਇਆ ਗੁਰਮੁਖਾਂ ਦੇ ਘਰ ਘਰੀ, ਜਨ ਭਗਤਾਂ ਦਿਤੀ ਵਡਿਆਈਆ । ਮੈਨੂੰ ਖ਼ੁਸ਼ੀ ਹੋਈ ਬੜੀ, ਖ਼ੁਸ਼ੀਆਂ ਵਿਚ ਢੋਲੇ ਗਾਈਆ । ਮੈਂ ਪ੍ਰੇਮ ਨਾਲ ਪ੍ਰੇਮ ਦੀ ਬੱਝੀ ਵੇਖੀ ਲੜੀ, ਗੁਰਸਿਖ ਗੁਰਸਿਖਾਂ ਨਾਲ ਗੰਢ ਬੰਧਾਈਆ । ਮੇਰੀ ਸੁਲੱਖਣੀ ਹੋਈ ਘੜੀ, ਘੜਿਆਲ ਧੁਰ ਦਾ ਦਏ ਗਵਾਹੀਆ । ਮੈਂ ਖ਼ੁਸ਼ੀਆਂ ਦੇ ਵਿਚ ਖੜੀ, ਅੰਦਰ ਖਟਕਾ ਰਿਹਾ ਨਾ ਰਾਈਆ । ਮੈਂ ਇਕੋ ਤੁਕ ਜਨ ਭਗਤਾਂ ਨਾਲ ਮਿਲ ਕੇ ਪੜ੍ਹੀ, ਤੂੰ ਮੇਰਾ ਮੈਂ ਤੇਰਾ ਰਾਗ ਸੁਣਾਈਆ । ਜਗਤ ਅਗਨੀ ਵਿਚ ਨਾ ਸੜੀ, ਤੱਤੀ ਵਾਅ ਨਾ ਲੱਗੀ ਰਾਈਆ । ਇਕੋ ਪੁਰਖ ਅਕਾਲ ਦੀ ਸਰਨੀ ਪੜੀ, ਨਿਵ ਨਿਵ ਸੀਸ ਝੁਕਾਈਆ । ਤੂੰ ਸੁਹਾਉਣੀ ਗੁਰਮੁਖਾਂ ਦੀ ਕਾਇਆ ਵਾਲੀ ਗੜ੍ਹੀ, ਕੰਚਨ ਗੜ੍ਹ ਦੇਣਾ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਧਰਨੀ
੩੭੧ ਕਹੇ ਧਰਮ ਮੇਰਾ ਹੋਇਆ ਵਕਤ ਸੁਹਾਵਾ, ਹਰਿ ਸਚ ਦਿਤੀ ਵਡਿਆਈਆ । ਮੈਂ ਗੀਤ ਖ਼ੁਸ਼ੀ ਵਿਚ ਗਾਵਾਂ, ਗਾ ਗਾ ਖ਼ੁਸ਼ੀ ਬਣਾਈਆ । ਫੇਰ ਇਕ ਪ੍ਰਭੂ ਨੂੰ ੩੭੧
ਰਾਵਾਂ, ਜੋ ਰਵਿਆ ਸਰਬ ਠਾਈਆ । ਫੇਰ ਭੁਜਾਂ ਉਠਾਵਾਂ ਬਾਹਵਾਂ, ਹੱਥਾਂ ਲਵਾਂ ਫੈਲਾਈਆ । ਤੇਰੇ ਕਦਮਾਂ ਬਲ ਬਲ ਜਾਵਾਂ, ਕਿਰਪਾ ਕਰ ਸਾਹਿਬ ਗੁਸਾਈਆ । ਤੇਰਾ ਭਗਤ ਰਹੇ ਨਾ ਕੋਇ ਨਿਥਾਵਾਂ, ਥਾਨ ਥਨੰਤਰ ਦੇਣੀ ਵਡਿਆਈਆ । ਸਭ ਦਾ ਤੋਲ ਤਰਾਜੂ ਕਰਨਾ ਸਾਂਵਾਂ, ਕੰਡਾ ਆਪਣਾ ਨਾਮ ਬਣਾਈਆ । ਸਿਰ ਭਗਤਾਂ ਦੇਵੀਂ ਠੰਡੀਆਂ ਛਾਂਵਾਂ, ਮਿਹਰ ਨਜ਼ਰ ਟਿਕਾਈਆ । ਜਿਨ੍ਹਾਂ ਇਕ ਵਾਰ ਤੇਰੇ ਨਾਲ ਲੈ ਲਈਆਂ ਲਾਵਾਂ, ਵਿਛੋੜਾ ਦੋ ਜਹਾਨ ਕੋਇ ਨਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਸਚ ਤੇਰੀ ਸਰਨਾਈਆ । ਧਰਨੀ ਕਹੇ ਧਰਮ ਪ੍ਰਭੂ ਕੀਤਾ ਬੜਾ ਤਰਸ, ਰਹਿਮਤ ਆਪ ਕਮਾਈਆ । ਮੇਰੀ ਤ੍ਰਿਸ਼ਨਾ ਮੇਟੀ ਹਰਸ, ਹਵਸ ਦਿਤੀ ਚੁਕਾਈਆ । ਆ ਕੇ ਉਤੇ ਫ਼ਰਸ਼, ਨਿਰਗੁਣ ਜੋਤ ਕਰੇ ਰੁਸ਼ਨਾਈਆ । ਜਿਸ ਨੂੰ ਤਰਸਦੇ ਸਾਰੇ ਅਰਸ਼, ਬਿਨ ਨੈਣਾਂ ਨੈਣ ਉਠਾਈਆ । ਓਹ ਮੇਘ ਅਗੰਮਾ ਰਿਹਾ ਬਰਸ, ਅਗਨੀ ਤਤ ਗਵਾਈਆ । ਮੈਂ ਖ਼ੁਸ਼ੀਆਂ ਵਿਚ ਟੱਪਾਂ ਧਰਤ, ਧਰਨੀ ਹੋਕੇ ਲਵਾਂ ਅੰਗੜਾਈਆ । ਧੌਲ ਉਤੇ ਆਇਆ ਪਰਤ, ਧਵਲ ਸੀਸ ਝੁਕਾਈਆ । ਸਭ ਦੀ ਪੂਰੀ ਕਰੇ ਸ਼ਰਤ, ਸ਼ਰਅ ਦਾ ਡੇਰਾ ਢਾਹੀਆ । ਸੂਰਬੀਰ ਮਰਦਾਨਾ ਬਣ ਕੇ ਮਰਦ, ਬਲਧਾਰੀ ਬਲ ਪ੍ਰਗਟਾਈਆ । ਜਨ ਭਗਤਾਂ ਵੰਡੇ ਦਰਦ, ਦੁਖੀਆਂ ਹੋਏ ਸਹਾਈਆ । ਮੇਰੀ ਇਕ ਬੇਨੰਤੀ ਅਰਜ਼, ਆਰਜ਼ੂ ਦਿਆਂ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਥਿਰ ਘਰ ਅੱਗੇ ਝੋਲੀ ਡਾਹੀਆ । ਧਰਨੀ ਕਹੇ ਧਰਮ ਖੇਲ ਨਹੀਂ ਕੋਈ ਲੁਕਦਾ, ਸਤਿ ਸਚ ਜਣਾਈਆ । ਸਤਿਗੁਰ ਸ਼ਬਦ ਸ਼ਬਦ ਹੋ ਕੇ ਬੁਕਦਾ, ਭਬਕ ਨਾਮ ਰਖਾਈਆ । ਜਨ ਭਗਤਾਂ ਮਾਣ ਦੇ ਕੇ ਇਕੋ ਤੁਕ ਦਾ, ਦੋ ਜਹਾਨਾਂ ਪੰਧ ਮੁਕਾਈਆ । ਜਿਸ ਦਾ ਭਾਣਾ ਕਦੇ ਨਾ ਰੁਕਦਾ, ਓਹ ਹੋਏ ਆਪ ਸਹਾਈਆ । ਜਿਸ ਦਾ ਬਾਹਰੋਂ ਰੂਪ ਮਨੁਖ ਦਾ, ਅੰਤਰ ਜੋਤ ਜੋਤ ਵਡਿਆਈਆ । ਉਹ ਗੁਰਮੁਖਾਂ ਵਕਤ ਸੁਹੰਜਣਾ ਕਰੇ ਸੁਖ ਦਾ, ਦਰਦੀਆਂ ਦਰਦ

ਵੰਡਾਈਆ । ਲਹਿਣਾ ਦੇਵੇ ਜਨਣੀ ਕੁੱਖ ਦਾ, ਸਿਰ ਆਪਣੇ ਹੱਥ ਰਖਾਈਆ । ਉਹ ਘਰ ਘਰ ਜਨ ਭਗਤਾਂ ਪੁੱਛਦਾ, ਦਿਵਸ ਰੈਣ ਪੰਧ ਮੁਕਾਈਆ । ਲਾਡ ਲਡਾਵੇ ਸ਼ਬਦ ਦੁਲਾਰੇ ਸੁਤ ਦਾ, ਸੁੱਤਿਆਂ ਲਏ ਜਗਾਈਆ । ਬਿਨਾ ਹੱਥਾਂ ਬਾਹਵਾਂ ਗੋਦੀ ਚੁੱਕਦਾ, ਆਪਣੀ ਗੋਦ ਟਿਕਾਈਆ । ਧਰਨੀ ਕਹੇ ਧਰਮ ਮੇਰਾ ਵਕਤ ਸੁਹੰਜਣਾ ਹੋਇਆ ਰੁੱਤ ਦਾ, ਰੁਤੜੀ ਪ੍ਰਭ ਮਹਿਕਾਈਆ । ਉਹ ਨਾਰਦ ਮੁਨੀ ਪੁਛਦਾ, ਚੋਰੀ ਚੋਰੀ ਆਵਾਜ਼ ਲਗਾਈਆ । ਕਿਉਂ ਧਰਮ ਦਾ ਧਰਮ ਪਿਆਰ ਜਾਂਦਾ ਟੁੱਟਦਾ, ਮੈਨੂੰ ਦੇ ਸਮਝਾਈਆ । ਮੈਂ ਹੱਸ ਕੇ ਕਿਹਾ ਨਾਰਦਾ ਥੋੜ੍ਹਾ ਸਮਾਂ ਕਲਜੁਗ ਲੁੱਟ ਦਾ, ਲੁਟੇਰਾ ਹੋ ਕੇ ਲੁੱਟੇ ਚਾਈਂ ਚਾਈਆ । ਫੇਰ ਇਸ਼ਾਰਾ ਕੀਤਾ ਉਹ ਵੇਖ ਪੁਰਖ ਅਕਾਲਾ ਸਭ ਨੂੰ ਪੁੱਟਦਾ, ਕਾਇਆ ਕੁਟੀਆ ਕਰੇ ਸਫ਼ਾਈਆ । ਰੂਪ ਸੁਹਾਇਆ ਜਿਨ੍ਹਾਂ ਭਗਤਾਂ ਪੰਜ ਤਤ ਬੁਤ ਦਾ, ਬੁਤਖ਼ਾਨਿਆਂ ਕਰੇ ਰੁਸ਼ਨਾਈਆ । ਮੈਂ ਦੀਦਾਰ ਕਰਾਂ ਓਸ ਦੇ ਸੋਹਣੇ ਮੁਖ ਦਾ, ਜਿਸ ਦੀ ਚੰਦ ਤੋਂ ਬਾਹਰ ਰੁਸ਼ਨਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਧਰਨੀ ਕਹੇ ਧਰਮ ਮੈਂ ਹੋਈ ਭਾਗਾਂ ਵੰਤੀ, ਆਪਣੀ ਖ਼ੁਸ਼ੀ ਬਣਾਈਆ । ਪ੍ਰਭ ਪਾਇਆ ਧੁਰ ਦਾ ਕੰਤੀ, ਸੁਹਾਗ ਇਕ ਹੰਢਾਈਆ । ਮੈਨੂੰ ਚੜ੍ਹਿਆ ਰੰਗ ਬਸੰਤੀ, ਉਤਰ ਕਦੇ ਨਾ ਜਾਈਆ । ਮੈਂ ਤ੍ਰਿਸ਼ਨਾ ਛਡੀ ਮਨ ਦੀ, ਮਨ ਮਨਸਾ ਦਿਤੀ ਗਵਾਈਆ । ਮੈਂ ਨਿੰਦਿਆ ਛਡੀ ਕੰਨ ਦੀ, ਸੁਣਨ ਵਿਚ ਕਦੇ ਨਾ ਆਈਆ । ਮੈਂ ਵਿਭੂਤੀ ਛਡੀ ਤਨ ਦੀ, ਕੂੜੀ ਖ਼ਾਕ ਨਾ ਕੋਇ ਰਮਾਈਆ । ਮੈਂ ਆਸਾ ਛਡੀ ਗ਼ਮ ਦੀ, ਚਿੰਤਾ ਦਿਤੀ ਮਿਟਾਈਆ । ਮੈਂ ਵਣਜਾਰੀ ਨਹੀਂ ਚਮੜੀ ਚੰਮ ਦੀ, ਚੰਮ ਦ੍ਰਿਸ਼ਟੀ ਨਾ ਕੋਇ ਰਖਾਈਆ । ਮੈਂ ਪ੍ਰੇਮਣ ਇਕ ਬ੍ਰਹਮ ਦੀ, ਜੋ ਪਾਰਬ੍ਰਹਮ ਦਏ ਮਿਲਾਈਆ । ਮੈਂ ਭਗਤਾਂ ਦੇ ਅੱਗੇ ਹੱਥ ਬੰਨ੍ਹਦੀ, ਬੰਦਨਾ ਵਿਚ ਸੀਸ ਨਿਵਾਈਆ । ਜਨ ਭਗਤੋ ਇਹ ਖੇਲ ਸ੍ਰੀ ਭਗਵਨ ਦੀ, ਜੋ ਤੁਹਾਡੇ ਨਾਲ ਮਿਲ ਕੇ ਰਿਹਾ ਕਰਾਈਆ । ਧਰਨੀ ਕਹੇ ਮੇਰੀ ਸੁਗੰਧੀ ਨਹੀਂ ਕੋਈ ਪਵਣ ਸਵਾਸੀ ਦਮ ਦੀ, ਸਾਹ ਸਾਹ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਹਕੀਕਤ ਜਾਣੇ ਸਭ ਦੇ ਕਰਮ ਦੀ, ਜਨਮ ਕਰਮ ਦਾ ਮਾਲਕ ਵੇਖ ਵਖਾਈਆ ।

### ✪ ੧੮ ਜੇਠ ਸ਼ਹਿਨਸ਼ਾਹੀ ਸੰਮਤ ੧੧ ਪਿੰਡ ਭਲਾਈਪੁਰ ਡੋਗਰਾਂ ਪਾਲ ਸਿੰਘ ਦੇ ਗ੍ਰਹਿ ਰਾਤ ਨੂੰ ਜ਼ਿਲਾ ਅੰਮ੍ਰਿਤਸਰ ✪

ਨਾਰਦ ਕਹੇ ਵਾਹ ਉਏ ਜੇਠ ਅਠਾਰਾਂ, ਇਕ ਇਕ ਦੇ ਮਾਲਕ ਗਿਆਰਾਂ ਦਏ ਵਡਿਆਈਆ । ਮੈਂ ਖ਼ੁਸ਼ੀ ਹੋਵਾਂ ਵੇਖ ਕੇ ਤੇਈ ਅਵਤਾਰਾਂ, ਦੂਆ ਤੀਆ ਸਰਗੁਣ ਤ੍ਰੈਗੁਣ ਆਪਣਾ ਭੇਵ ਚੁਕਾਈਆ । ਸ਼ਬਦੀ ਧਾਰ ਸਤਿਗੁਰ ਤਕਾਂ ਬਹਾਰਾਂ, ਦੋ ਜਹਾਨਾਂ ਨੌਜਵਾਨਾ ਹੋ ਕੇ ਵੇਖ ਵਖਾਈਆ । ਬਿਨਾ ਨੇਤਰ ਲੋਚਨ ਨੈਣ ਵੇਖਾਂ ਇਸ਼ਾਰਾ, ਬਿਨਾ ਸੈਨਤ ਦੀਨ ਦੁਨੀ ਪ੍ਰਭੂ ਰਿਹਾ ਸਮਝਾਈਆ । ਜੋ ਲਹਿਣਾ ਦੇਣਾ ਜੁਗ ਚੌਕੜੀ ਪੂਰਾ ਕਰੇ ਉਧਾਰਾ, ਲੇਖਾ ਸਭ ਦੀ ਝੋਲੀ ਪਾਈਆ । ਜੋ ਬ੍ਰਹਿਮੰਡ ਖੰਡ ਪੁਰੀ ਲੋਅ ਆਕਾਸ਼ ਪਾਤਾਲ ਵੇਖੇ ਹੱਟੀ ਬਾਜ਼ਾਰਾ, ਬ੍ਰਹਿਮੰਡਾਂ ਖੰਡਾਂ ਧਿਆਨ ਲਗਾਈਆ । ਜਿਸ ਖੇਲ ਖਿਲਾਇਆ ਲੱਖ ਚੁਰਾਸੀ ਜੀਵ ਜੰਤ ਪੁਰਖ ਨਾਰਾ, ਤਨ ਵਜੂਦਾਂ ਸੋਭਾ ਪਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਹੋ ਕੇ ਪੁਰਖ ਜ਼ਾਹਰਾ, ਜ਼ਾਹਰ ਜ਼ਹੂਰ ਹੋ ਕੇ ਆਪਣੀ ਕਲ ਪਰਗਟਾਈਆ । ਜੋਤੀ ਜਾਤਾ ਪੁਰਖ ਬਿਧਾਤਾ ਹੋ ਕੇ ਏਕੰਕਾਰਾ, ਲੱਖ ਚੁਰਾਸੀ ਆਪਣੀ ਕਲ ਪਰਗਟਾਈਆ । ਮੈਂ ਨਿਵ ਨਿਵ ਬਿਨਾ ਚਰਨ ਕਰਾਂ ਨਿਮਸਕਾਰਾ, ਬਿਨ ਧੂੜੀ ਧੂੜੀ ਖ਼ਾਕ ਰਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਨਾਰਦ ਕਹੇ ਤੇਈ ਅਵਤਾਰੋ ਮੇਰੇ ਪਿਆਰੇ ਮਿਤਰੋ,

੩੭੨

ਸੱਜਣੋ ਧਿਆਨ ਲਗਾਈਆ । ਪ੍ਰਭ ਦੀ ਧਾਰ ਵਿਚੋਂ ਬਾਹਰ ਨਿਤਰੋ, ਨਿਰਵੈਰ ਹੋ ਕੇ ਵੇਖ ਵਖਾਈਆ । ਚੋਟੀ ਚੜ੍ਹ ਕੇ ਵੇਖੋ ਸਿਖਰੋ, ਅੰਤ ਪੜਦਾ ਆਪ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਨਾਰਦ ਕਹੇ ਅਵਤਰੀ ਤੀਨਾ ਧਾਰ ਤਮੀਨਾ ਤਵਸੀ ਰਾਮ ਜ਼ਵੂਹ ਜੋਤੀ ਨਾਲ ਜ਼ਵਦਦੀ ਗੋਸ਼ੇ ਮੈਂ ਰਹੂਆ ਮਿਹਰਵਾਨ ਮਿਹਰਵਾਨ ਮਿਹਰਵਾਨ ਕੀ ਖੇਲ ਕਰੇ ਆਪਣੀ ਬਿਧ ਦੀ, ਬਿਦਨਾ ਦੋਵੇਂ ਹੱਥ ਬਧੂ ਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਰੂ ਆ । ਗੁਰਦੇਵ ਸੁਆਮੀ ਅਤਰੀ, ਤੇਈ ਤਰੇਈ ਧਾਰ । ਤੁਸੀਂ ਬ੍ਰਾਹਮਣ ਕਿ ਕਸ਼ਤਰੀ, ਸ਼ੂਦਰ ਵੈਸ਼ ਦਸੋ ਵਿਚਾਰ । ਬਿਨ ਅੱਖਰਾਂ ਫੋਲੋ ਪੱਤਰੀ, ਬਿਨ ਨੈਣਾਂ ਨੈਣ ਉਘਾੜ । ਬਿਨ ਰਸਨਾ ਗਾਉ ਮੰਤਰੀ, ਬਿਨ ਸ਼ਬਦ ਨਾਦ ਧੁਨਕਾਰ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਏਕੰਕਾਰ । ਨਾਰਦ ਕਹੇ ਤੇਈ ਅਵਤਾਰ ਵੇਖੋ ਆਪਣਾ ਸਾਹਿਤ, ਸਤਿਜੁਗ ਤ੍ਰੇਤਾ ਦੁਆਪਰ ਧਿਆਨ ਲਗਾਈਆ । ਕਿਰਿਆ ਕਾਂਡ ਦੀ ਵੇਖੋ ਰਹਿਤ, ਕਰਮਾਂ ਨਾਲ ਸਮਝਾਈਆ । ਸਚ ਪ੍ਰੇਮ ਦੀ ਤਕੋ ਮਹਿਕ, ਦੀਨ ਦੁਨੀ ਵੇਖ ਵਖਾਈਆ । ਜਗਤ ਸਿੰਘਾਸਣ ਵੇਖੋ ਬਹਿਕ, ਆਸਣ ਆਪਣਾ ਫੋਲ ਫੁਲਾਈਆ । ਕੀ ਸ਼ਬਦੀ ਢੋਲੇ ਸਤਿਗੁਰ ਸ਼ਬਦ ਕਹਿਤ, ਕਹਿ ਕਹਿ ਰਿਹਾ ਜਣਾਈਆ । ਕੀ ਹੁਕਮ ਸੰਦੇਸ਼ਾ ਮਿਲੇ ਹਦਾਯਤ, ਫ਼ਰਮਾਨਾ ਧੁਰਦਰਗਾਹੀਆ । ਕੀ ਬਖ਼ਸ਼ਿਸ਼ ਹੋਈ ਅਨਾਇਤ, ਵਸਤ ਅਗੰਮ ਵਰਤਾਈਆ । ਕਵਣ ਤੁਹਾਡੀ ਕਰੇ ਹਮਾਇਤ, ਹਮ ਸਾਜਣ ਕਵਣ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ
੩੭੩ ਆਪ ਚੁਕਾਈਆ । ਨਾਰਦ ਕਹੇ ਅਵਤਾਰੋ ਬਿਨ ਅੱਖਰਾਂ ਵੇਖੋ ਆਪਣੀਆਂ ਕਾਪੀਆਂ, ਕ਼ਲਮ ਸ਼ਾਹੀ ਰੰਗ ਨਾ ਕੋਇ ਰੰਗਾਈਆ । ਦਰਗਾਹ ਸਚ ਦੀ ਪੜ੍ਹੋ ਪਾਤੀਆਂ, ੩੭੩
ਬਿਨ ਰਸਨਾ ਜਿਹਵਾ ਢੋਲਾ ਗਾਈਆ । ਸੀਨੇ ਪਾੜ ਕੇ ਵੇਖੋ ਛਾਤੀਆਂ, ਅੰਤਰ ਧਿਆਨ ਲਗਾਈਆ । ਆਪਣੀਆਂ ਆਪੇ ਪੁਛੋ ਵਾਤੀਆਂ, ਆਪਣੀ ਆਪ ਲਓ ਅੰਗੜਾਈਆ । ਕਿਉਂ ਕਲਜੁਗ ਹੋਈਆਂ ਅੰਧੇਰੀਆਂ ਰਾਤੀਆਂ, ਸਾਚਾ ਚੰਦ ਨਾ ਕੋਇ ਚਮਕਾਈਆ । ਧਰਮ ਰਿਹਾ ਨਾ ਲੋਕਮਾਤੀਆ, ਮਾਤਰ ਭੂਮੀ ਰੋਵੇ ਮਾਰੇ ਧਾਹੀਆ । ਪਿਛਲੀਆਂ ਦੱਸੋ ਕਥਾ ਕਹਾਣੀਆਂ ਬਾਤੀਆਂ, ਬਾਤਨ ਭੇਵ ਚੁਕਾਈਆ । ਨਾਮ ਦੀਆਂ ਰਹੀਆਂ ਮੂਲ ਨਾ ਹਾਟੀਆਂ, ਹਟਵਾਣਿਓ ਕਿੱਥੇ ਵਸਤ ਗਏ ਲੁਟਾਈਆ । ਮੰਜ਼ਲਾਂ ਦੂਰ ਹੋਈਆਂ ਘਾਟੀਆਂ, ਪਾਂਧੀ ਚੜ੍ਹਨ ਕੋਇ ਨਾ ਪਾਈਆ । ਆਤਮ ਸੇਜਾਂ ਸੁੰਞੀ ਹੋਈਆਂ ਖਾਟੀਆਂ, ਸਿੰਘਾਸਣ ਹਕ ਨਾ ਕੋਇ ਸੁਹਾਈਆ । ਸਚ ਪ੍ਰੇਮ ਦੀਆਂ ਡੋਰਾਂ ਗਈਆਂ ਕਾਟੀਆਂ, ਟੁੱਟੀ ਗੰਢ ਨਾ ਕੋਇ ਵਖਾਈਆ । ਜੋਤ ਨੂਰ ਜਗੇ ਨਾ ਕੋਇ ਲਿਲਾਟੀਆ, ਅੰਧ ਅੰਧੇਰ ਨਾ ਕੋਇ ਮਿਟਾਈਆ । ਮੰਜ਼ਲ ਮੁਕਣ ਕਿਸੇ ਨਾ ਵਾਟੀਆ, ਪਾਂਧੀਓ ਆਪਣਾ ਪੰਧ ਦਿਓ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਅਠਾਰਾਂ ਜੇਠ ਕਹੇ ਸੁਣ ਨਾਰਦ ਪੰਡਾ, ਪੰਡਤਾ ਤੈਨੂੰ ਦਿਆਂ ਜਣਾਈਆ । ਨਿਗਾਹ ਮਾਰ ਲੈ ਵਿਚ ਬ੍ਰਹਿਮੰਡਾਂ, ਬ੍ਰਹਿਮਾਂਡ ਖੋਜ ਖੁਜਾਈਆ । ਖੇਲ ਤਕ ਲੈ ਜੇਰਜ ਅੰਡਾ, ਉਤਭੁਜ ਸੇਤਜ ਪਰਦਾ ਆਪ ਉਠਾਈਆ । ਦੀਨ ਦੁਨੀ ਦੀਆਂ ਵੇਖ ਲੈ ਵੰਡਾਂ, ਮਾਨਸ ਮਾਨਵ ਮਾਨੁਖ ਬੈਠੇ ਰੂਪ ਬਦਲਾਈਆ । ਜਗਤ ਵਿਕਾਰ ਤਕ ਲੈ ਗੰਢਾ, ਮੋਹ ਵਿਕਾਰੇ ਨਾਲ ਬੰਧਾਈਆ । ਆਤਮ ਸਭ ਦਾ ਹੋ ਗਿਆ ਰੰਡਾ, ਸੁਹਾਗੀ ਕੰਤ ਨਾ ਕੋਇ ਹੰਢਾਈਆ । ਸੀਨਾ ਹੋਵੇ ਕਿਸੇ ਨਾ ਠੰਢਾ, ਅਗਨੀ ਤਤ ਨਾ ਕੋਇ ਬੁਝਾਈਆ । ਧਰਮ ਦਾ ਰਿਹਾ ਕੋਈ ਨਾ ਖੰਡਾ, ਖੜਗਾਂ ਚਲੇ ਨਾ ਕੋਇ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਵਰਤਾਈਆ । ਜੇਠ ਕਹੇ ਸੁਣ ਪੰਡਤ ਧਰਮ ਧਾਰ ਦੇ ਮੀਤੇ, ਸੱਜਣੂਆ ਦਿਆਂ ਜਣਾਈਆ ।

ਜੋ ਅਵਤਾਰਾਂ ਕੌਲ ਇਕਰਾਰ ਕੀਤੇ, ਜੁਗ ਜੁਗ ਭੇਵ ਖੁਲ੍ਹਾਈਆ । ਸਭ ਦੇ ਵਕਤ ਅੰਤ ਬੀਤੇ, ਸਤਿਜੁਗ ਤ੍ਰੇਤਾ ਦੁਆਪਰ ਦਏ ਗਵਾਹੀਆ । ਅਗਲਾ ਹੁਕਮ ਕਰੇ ਪਰਮ ਪੁਰਖ ਅਤੀਤੇ, ਤ੍ਰੈਗੁਣ ਬਾਹਰ ਆਪ ਜਣਾਈਆ । ਜਿਸ ਨੇ ਜੁਗ ਚੌਕੜੀ ਜੀਤੇ, ਸਤਿਜੁਗ ਤ੍ਰੇਤਾ ਦੁਆਪਰ ਪਿਛਲੇ ਪੰਧ ਮੁਕਾਈਆ । ਜਿਸ ਦੀ ਸਭ ਤੋਂ ਵਖਰੀ ਰੀਤੇ, ਰੀਤੀਵਾਨ ਨੂਰ ਅਲਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਅਠਾਰਾਂ ਜੇਠ ਕਹੇ ਨਾਰਦ ਮੇਰੇ ਵਿਚ ਹੁੰਦਾ ਰਿਹਾ ਕੌਲ ਇਕਰਾਰ, ਇਕਰਾਰਨਾਮੇ ਬਿਨ ਅੱਖਰਾਂ ਦੇਣ ਗਵਾਹੀਆ । ਇਹ ਹੁਕਮੇ ਬੱਧੇ ਤੇਈ ਅਵਤਾਰ, ਜਗਤ ਸਰੀਰ ਗਏ ਹੰਢਾਈਆ । ਰਸਨਾ ਜਿਹਵਾ ਪ੍ਰਭੂ ਦਾ ਨਾਮ ਗਏ ਉਚਾਰ, ਗ੍ਰੰਥ ਸ਼ਾਸਤਰਾਂ ਨਾਲ ਲਿਖਾਈਆ । ਸੰਦੇਸ਼ਾ ਦੇਂਦੇ ਗਏ ਵਾਰੋ ਵਾਰ, ਲੋਕਮਾਤ ਆਪਣੀ ਸੇਵ ਕਮਾਈਆ । ਭਵਿਖਤਾਂ ਵਿਚ ਗਏ ਉਚਾਰ, ਅੱਖਰ ਅੱਖਰਾਂ ਨਾਲ ਜੁੜਾਈਆ । ਸਭ ਦਾ ਮਾਲਕ ਏਕੰਕਾਰ, ਦੂਜਾ ਨਜ਼ਰ ਕੋਇ ਨਾ ਆਈਆ । ਜਿਸ ਨੂੰ ਕਰਦੇ ਰਹੇ ਨਿਮਸਕਾਰ, ਡੰਡਾਵਤ ਬੰਦਨਾ ਵਿਚ ਸੀਸ ਝੁਕਾਈਆ । ਜੋ ਵਸੇ ਸਚਖੰਡ ਸਚੇ ਦਰਬਾਰ, ਸਚ ਸਿੰਘਾਸਣ ਸੋਭਾ ਪਾਈਆ । ਉਸ ਦਾ ਖੇਲ ਅਪਰ ਅਪਾਰ, ਅਪਰੰਪਰ ਸੁਆਮੀ ਆਪਣੇ ਹੱਥ ਰਖੇ ਵਡਿਆਈਆ । ਜੋ ਨੌ ਸੌ ਚੁਰਾਨਵੇ ਚੌਕੜੀ ਜੁਗ ਪਿਛੋਂ ਆਵੇ ਕਲ ਕਲਕੀ ਅਵਤਾਰ, ਨਿਹਕਲੰਕਾ ਨਾਉਂ ਪਰਗਟਾਈਆ । ਝਟ ਵੇਦ ਵਿਆਸੇ ਉਠ ਕੇ ਮਾਰੀ ਇਕ ਲਲਕਾਰ, ਕੂਕ ਕੂਕ ਸੁਣਾਈਆ । ਉਹ ਬ੍ਰਾਹਮਣ ਗੌੜਾ ਸਭ ਦਾ ਮੀਤ ਮੁਰਾਰ, ਮਿਤਰ ਪਿਆਰਾ ਇਕ ਅਖਵਾਈਆ । ਜੋ ਹੋਵੇ ਉਦਰ ਤੋਂ ਬਾਹਰ, ਜਿਸ ਨੂੰ ਜਨਮੇ ਕੋਇ ਨਾ ਮਾਈਆ । ਜੋਤੀ ਜਾਤਾ ਹੋ ਕੇ ਹੋਵੇ ਜ਼ਾਹਰ, ਜ਼ਾਹਰ ਜ਼ਹੂਰ ਆਪਣਾ ਆਪ ਕਰਾਈਆ । ਸ਼ਬਦੀ ਸ਼ਬਦ ਦੀ ਬਣਾ ਕੇ ਧਾਰ, ਸ਼ਬਦੀ ਸ਼ਬਦ ਸ਼ਬਦ ਸ਼ਨਵਾਈਆ । ਤੇਈ ਅਵਤਾਰ ਉਸੇ ਦਾ ਕਰਨ ਇਜ਼ਹਾਰ, ਸਿਫ਼ਤਾਂ ਨਾਲ ਸਿਫ਼ਤ ਸਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਮਾਲਕ ਇਕ ਗੁਸਾਈਆ । ਤੇਈ ਅਵਤਾਰ ਕਹਿਣ ਸਾਡਾ ਨਹੀਂ ਕੋਈ ਤਕਰਾਰ, ਬੋਲ ਜਗਤ ਨਾ ਕੋਇ ਜਣਾਈਆ । ਅਸੀਂ ਆਏ ਵਾਰੋ ਵਾਰ, ਸਤਿਜੁਗ ਤ੍ਰੇਤਾ ਦੁਆਪਰ ਫੇਰਾ ਪਾਈਆ । ਹੁਕਮ ਮੰਨਦੇ ਰਹੇ ਸਚੀ ਸਰਕਾਰ, ਜੋ ਸ਼ਹਿਨਸ਼ਾਹ ਰਿਹਾ ਦ੍ਰਿੜਾਈਆ । ਅੱਖਰਾਂ ਨਾਲ ਅੱਖਰ ਦੇਂਦੇ ਰਹੇ ਅਧਾਰ, ਮੇਲ ਮਿਲਾਇਆ ਚਾਈਂ ਚਾਈਆ । ਗ੍ਰੰਥ ਸ਼ਾਸਤਰ ਗਏ ਉਚਾਰ, ਰਸਨਾ ਜਿਹਵਾ ਢੋਲੇ ਗਾਈਆ । ਰਾਮ ਰਾਮਾ ਕਰ ਪਿਆਰ, ਰਮਈਆ ਰੂਪ ਸਮਝਾਈਆ । ਕਾਹਨਾ ਕਾਹਨ ਦੱਸ ਸਿਕਦਾਰ, ਘਨਈਆ ਇਕੋ ਇਕ ਦਰਸਾਈਆ । ਬੁੱਧੀ ਤੋਂ ਪਰੇ ਜਿਸ ਦਾ ਵਿਵਹਾਰ, ਅਕਲ ਚਲੇ ਨਾ ਕੋਇ ਚਤੁਰਾਈਆ । ਉਸ ਦੇ ਬਣਕੇ ਸੇਵਾਦਾਰ, ਜੁਗ ਜੁਗ ਸੇਵ ਕਮਾਈਆ । ਅੰਤ ਕਰਦੇ ਰਹੇ ਇੰਤਜ਼ਾਰ, ਬਿਨ ਨੈਣਾਂ ਨੈਣ ਉਠਾਈਆ । ਜਿਸ ਦੇ ਹੁਕਮ ਵਿਚ ਹੁਕਮ ਦੀ ਮੌਲਣੀ ਬਹਾਰ, ਬਸੰਤ ਬੈਠੇ ਸੀਸ ਨਿਵਾਈਆ । ਭਗਤ ਵਛਲ ਹੋਏ ਗਿਰਧਾਰ, ਭਗਵਨ ਆਪਣਾ ਰੂਪ ਵਟਾਈਆ । ਸੋ ਪੁਰਖ ਅਕਾਲਾ ਦੀਨ ਦਿਆਲਾ ਪਾਵਣਹਾਰਾ ਸਾਰ, ਮਹਾਸਾਰਥੀ ਵਡ ਵਡਿਆਈਆ । ਜਿਸ ਨੂੰ ਸਭ ਨੇ ਕਰਨੀ ਨਿਮਸਕਾਰ, ਨਿਵ ਨਿਵ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਚੁਕਾਈਆ । ਅਵਤਾਰ ਕਹਿਣ ਪੰਡਤਾ ਸਾਡਾ ਪ੍ਰਭ ਸਦਾ ਬੇਅੰਤ, ਤੈਨੂੰ ਦੇਈਏ ਜਣਾਈਆ । ਜੋ ਮਾਲਕ ਧੁਰ ਦਾ ਕੰਤ, ਕੰਤੂਹਲ ਇਕ ਅਖਵਾਈਆ । ਜਿਸ ਦੀ ਸਾਰੇ ਕਰਦੇ ਮੰਨਤ, ਨਿਵ ਨਿਵ ਸੀਸ ਨਿਵਾਈਆ । ਉਸ ਸਾਡੀ ਬਣਾਈ ਬਣਤ, ਘੜਨ ਭੰਨਣਹਾਰ ਧੁਰਦਰਗਾਹੀਆ । ਭੇਵ ਖੁਲ੍ਹਾਇਆ ਵਿਚ ਜੰਨਤ, ਜੀਵਾਂ ਦਿਤਾ ਜਣਾਈਆ । ਮਹਿੰਮਾ ਦੱਸ ਅਗਣਤ, ਸਿਫ਼ਤਾਂ ਨਾਲ ਸਲਾਹੀਆ । ਜਿਸ ਦੇ ਨਾਮ ਦਾ ਗਾਇਆ ਮੰਤ, ਮੰਤਵ ਦੀਨ ਦੁਨੀ ਹਲ ਕਰਾਈਆ । ਉਹ ਲੇਖਾ ਲਹਿਣਾ ਪੂਰਾ ਕਰੇ ਅੰਤ, ਅੰਤ ਉਸੇ ਹੱਥ ਵਡਿਆਈਆ । ਉਸ ਦਾ ਲਹਿਣਾ

੩੭੪

ਸਮਝ ਸਕੇ ਕੋਈ ਨਾ ਪੰਡਤ, ਪੰਡਤਾ ਤੇਰੀ ਕੀ ਚਤੁਰਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਂਆ । ਨਾਰਦ ਕਹੇ ਅਵਤਾਰੋ ਮੈਂ ਕੋਈ ਭਗਤ ਨਹੀਂ ਸ਼ਰੀਰ, ਤਨ ਵਜੂਦ ਨਾ ਕੋਇ ਰਖਾਈਆ । ਮੇਰਾ ਰੂਪ ਬੇਨਜ਼ੀਰ, ਜਗ ਨੇਤਰ ਵੇਖਣ ਕੋਇ ਨਾ ਪਾਈਆ । ਮੈਂ ਸ਼ਾਹ ਨਹੀਂ ਹਕੀਰ, ਜਗਤ ਵੰਡ ਨਾ ਕੋਇ ਵੰਡਾਈਆ । ਮੇਰੀ ਮਨਸਾ ਨਹੀਂ ਜ਼ਮੀਰ, ਖ਼ਾਹਿਸ਼ ਦੁਨੀ ਨਾ ਕੋਇ ਜਣਾਈਆ । ਮੇਰੀ ਬਦਲੀ ਨਾ ਕਦੇ ਤਕਦੀਰ, ਤਦਬੀਰ ਜਗਤ ਨਾ ਕੋਇ ਜਣਾਈਆ । ਮੈਂ ਪਰਮ ਪੁਰਖ ਪਰਮਾਤਮ ਦਾ ਇਕੋ ਪੀਤਾ ਸੀਰ, ਬਿਨ ਰਸਨਾ ਜਿਹਵਾ ਮੁਖ ਲਗਾਈਆ । ਜਿਸ ਨਾਲ ਮੈਨੂੰ ਆਈ ਧੀਰ, ਧੀਰਜ ਦਿਤੀ ਟਿਕਾਈਆ । ਮੈਂ ਗ਼ਰੀਬ ਨਹੀਂ ਅਮੀਰ, ਅਮਰਾਪਦ ਬਹਿ ਕੇ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਤੇਈ ਅਵਤਾਰ ਕਹਿਣ ਨਾਰਦ ਸਾਡਾ ਇਕੋ ਇਕ ਬਚਨ, ਬਿਨ ਰਸਨਾ ਦਈਏ ਜਣਾਈਆ । ਤੇਰਾ ਕਿਹੜਾ ਗੜ੍ਹ ਕੰਚਨ, ਸਾਨੂੰ ਦੇ ਸੁਣਾਈਆ । ਨਾਰਦ ਕਿਹਾ ਮੇਰਾ ਮੰਦਰ ਨੂਰ ਨੁਰਾਨਾ ਇਕ ਨਿਰੰਜਣ, ਦੂਜਾ ਨਜ਼ਰ ਕੋਇ ਨਾ ਆਈਆ । ਜੋ ਮਾਲਕ ਦਰਦ ਦੁਖ ਭੈ ਭੰਜਣ, ਭਵ ਸਾਗਰਾਂ ਪਾਰ ਕਰਾਈਆ । ਜਿਸ ਦੇ ਅਵਤਾਰ ਪੈਗ਼ੰਬਰ ਗੁਰੂ ਜੋਤੀ ਧਾਰ ਜਗਣ, ਜਾਗਰਤ ਜੋਤ ਕਰ ਰੁਸ਼ਨਾਈਆ । ਜੋ ਨਾਮ ਨਿਧਾਨ ਸਭ ਦੇ ਮੁਖ ਲਗਾਵੇ ਸਗਨ, ਵਸਤ ਅਗੰਮ ਆਪ ਵਰਤਾਈਆ । ਪ੍ਰੇਮ ਪਿਆਰ ਮਸਤੀ ਵਿਚ ਕਰਕੇ ਮਗਨ, ਆਪਣਾ ਰੰਗ ਚੜ੍ਹਾਈਆ । ਜਿਸ ਦੀ ਮੰਜ਼ਲ ਸਾਰੇ ਲੰਘਣ, ਭੱਜਣ ਵਾਹੋ ਦਾਹੀਆ । ਜਿਸ ਦੇ ਅਵਤਰ ਹੋ ਕੇ ਸਾਰੇ ਮੰਗਣ, ਖ਼ਾਲੀ ਝੋਲੀਆਂ ਅਗੇ ਡਾਹੀਆ । ਉਹ ਨਾਮ ਨਿਧਾਨਾ ਜੁਗ ਜੁਗ ਆਵੇ ਵੰਡਣ, ਵਸਤ ਅਮੋਲਕ ਆਪ ਵਰਤਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਅਠਾਰਾਂ ਜੇਠ ਕਹੇ ਮੈਂ ਸਭ ਨੂੰ ਦੇਵਾਂ ਸੰਦੇਸ਼ਾ, ਅਵਤਰ ਤੇਈ ਧਿਆਨ ਲਗਾਈਆ । ਨਾਰਦਾ ਤਕ ਲੈ ਇਕੋ ਨਰ ਨਰੇਸ਼ਾ, ਨਰ ਨਰਾਇਣ ਧੁਰਦਰਗਾਹੀਆ । ਜੋ ਸਦਾ ਰਹੇ ਹਮੇਸ਼ਾ, ਸਾਜਣ ਇਕ ਅਖਵਾਈਆ । ਜਿਸ ਦੇ ਹੁਕਮੇ ਅੰਦਰ ਵਿਸ਼ਨ ਬ੍ਰਹਮਾ ਸ਼ਿਵ ਗਣੇਸ਼ਾ, ਦੇਵਤ ਸੁਰ ਭੱਜਣ ਵਾਹੋ ਦਾਹੀਆ । ਜੋ ਵਸਣਹਾਰਾ ਸਚਖੰਡ ਸਾਚੇ ਦੇਸਾ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਦਾ ਆਦਿ ਜੁਗਾਦਿ ਜੁਗ ਚੌਕੜੀ ਵਖਰਾ ਵੇਸਾ, ਤੇਈ ਅਵਤਾਰਾਂ ਵੇਸ ਵਟਾਈਆ । ਭਗਤ ਉਧਾਰਨਾ ਜਿਸ ਦਾ ਪੇਸ਼ਾ, ਪੇਸ਼ੀਨਗੋਈਆਂ ਦੇਣ ਗਵਾਹੀਆ । ਜੋ ਮੇਟਣਹਾਰਾ ਕੂੜ ਕਲੇਸ਼ਾ, ਕੁਕਰਮ ਦਾ ਡੇਰਾ ਢਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਬਣਾਈਆ । ਜੇਠ ਕਹੇ ਮੇਰੀ ਬਾਤ ਇਕ ਅਵੱਲੀ, ਅਵੱਲੜੀ ਦਿਆਂ ਜਣਾਈਆ । ਮੇਰੀ ਆਸ਼ਾ ਇਕ ਇਕੱਲੀ, ਅਕਲ ਕਲਧਾਰੀ ਦਿਤੀ ਬਣਾਈਆ । ਜੋ ਆਦਿ ਜੁਗਾਦੀ ਵਲ ਛਲੀ, ਅਛਲ ਛਲ ਆਪਣਾ ਹੁਕਮ ਵਰਤਾਈਆ । ਉਸ ਨੇ ਖ਼ਬਰ ਬਿਨ ਅੱਖਰਾਂ ਦੱਸੀ ਭਲੀ, ਜੋ ਭਾਂਡਾ ਭਰਮ ਭੰਨਾਈਆ । ਜੋ ਸਦਾ ਫਿਰੇ ਭਗਤਾਂ ਦੀ ਗਲੀ, ਕਾਇਆ ਕੂਟੇ ਭੱਜੇ ਵਾਹੋ ਦਾਹੀਆ । ਜਿਸ ਦੀ ਧਾਰ ਆਤਮਾ ਨਾਲ ਪਰਮਾਤਮਾ ਹੋ ਕੇ ਰਲੀ, ਰਲ ਮਿਲ ਕੇ ਖ਼ੁਸ਼ੀ ਬਣਾਈਆ । ਜੋ ਖੇਲ ਖਿਲਾਵੇ ਕਾਇਆ ਮਾਟੀ ਖੱਲੀ, ਖ਼ੁਦ ਮਾਲਕ ਆਪਣਾ ਰੰਗ ਰੰਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਨਾਰਦ ਕਹੇ ਜੇਠ ਉਹ ਮਿਤਰ ਪਿਆਰਾ ਚੰਗਾ, ਚੰਗੀ ਦਏ ਵਡਿਆਈਆ । ਜਿਸ ਦਾ ਪਿਆਰ ਅੰਮ੍ਰਿਤ ਰਸ ਅਗੰਮੀ ਗੰਗਾ, ਗੰਗੋਤਰੀ ਸਮਝ ਕਿਛ ਨਾ ਆਈਆ । ਜਿਸ ਦੇ ਹੁਕਮ ਵਿਚ ਤੇਈ ਅਵਤਾਰਾਂ ਵਕਤ ਲੰਘਾ, ਆਪਣਾ ਪੰਧ ਮੁਕਾਈਆ । ਜੋ ਦੇਵਣਹਾਰਾ ਭਗਤਾਂ ਸੰਗਾ, ਸਗਲਾ ਸੰਗੀ ਇਕ ਹੋ ਜਾਈਆ । ਜੋ ਓਢਣ ਬਖ਼ਸ਼ੇ ਸੀਸ ਨੰਗਾ, ਸੋ ਸਿਰ ਸਿਰ ਆਪਣਾ ਹੱਥ ਵਖਾਈਆ । ਜਿਸ ਲੇਖਾ ਪੂਰਾ

੩੭੫

ਕਰਨਾ ਤਤਾਂ ਪੰਜਾਂ, ਪੰਚਮ ਦੇਵੇ ਮਾਣ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਇਕ ਖੁਲ੍ਹਾਈਆ । ਅਵਤਾਰ ਕਹਿਣ ਸਾਡਾ ਮਾਲਕ ਇਕ ਜਗਦੀਸ਼, ਜਗਦੀਸ਼ਰ ਨਜ਼ਰੀ ਆਈਆ । ਜਿਸ ਨੂੰ ਝੁਕਦੇ ਸੀਸ, ਸੀਸ ਬਿਨ ਕ਼ਦਮਾਂ ਕ਼ਦਮ ਟਿਕਾਈਆ । ਜਿਸ ਦੀ ਕਰੇ ਕੋਈ ਨਾ ਰੀਸ, ਰੂਪ ਅਨੂਪ ਨਾ ਕੋਇ ਦਰਸਾਈਆ । ਉਸ ਦਾ ਖੇਲ ਇਕ ਇਕੀਸ, ਦੂਆ ਏਕਾ ਮਿਲ ਕੇ ਵਜੇ ਵਧਾਈਆ । ਜਿਸ ਦੇ ਛਤਰ ਝੁਲਦਾ ਸੀਸ, ਦੋ ਜਹਾਨਾਂ ਸੋਭਾ ਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਦਾ ਰੰਗ ਆਪ ਰੰਗਾਈਆ । ਅਵਤਾਰ ਕਹਿਣ ਉਸ ਦਾ ਵਕ਼ਤ ਸੁਹੰਜਣਾ ਆਇਆ, ਅਸੀਂ ਮਿਲ ਕੇ ਦਈਏ ਜਣਾਈਆ । ਜਿਸ ਦਾ ਜੁਗ ਜੁਗ ਢੋਲਾ ਗਾਇਆ, ਸਿਫ਼ਤਾਂ ਨਾਲ ਸਲਾਹੀਆ । ਉਹ ਵੇਖਣਹਾਰਾ ਤ੍ਰੈਗੁਣ ਮਾਇਆ, ਤ੍ਰੈਭਵਣ ਧਨੀ ਇਕ ਅਖਵਾਈਆ । ਜਿਸ ਨੇ ਸਤਿਜੁਗ ਤ੍ਰੇਤਾ ਦੁਆਪਰ ਖੇਲ ਰਚਾਇਆ, ਕਲਜੁਗ ਅੰਤਮ ਖੋਜ ਖੁਜਾਈਆ । ਜੋ ਭਗਤ ਸੁਹੇਲਾ ਨਿਰਗੁਣ ਨੂਰ ਜੋਤ ਕਰੇ ਰੁਸ਼ਨਾਇਆ, ਜੋਤੀ ਜਾਤਾ ਡਗਮਗਾਈਆ । ਉਸ ਦਾ ਹੁਕਮ ਸੰਦੇਸ਼ਾ ਇਕੋ ਇਕ ਸੁਣਾਇਆ, ਨਿਰਅੱਖਰ ਧਾਰ ਪੜ੍ਹਾਈਆ । ਅਠਾਰਾਂ ਜੇਠ ਖ਼ੁਸ਼ੀ ਮਨਾਇਆ, ਨਿਵ ਨਿਵ ਲਾਗਾ ਪਾਈਆ । ਨਾਰਦ ਕਹੇ ਮੈਂ ਲੱਖ ਲੱਖ ਸ਼ੁਕਰ ਮਨਾਇਆ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਅਵਤਾਰੋ ਤੁਹਾਨੂੰ ਦਿਆਂ ਸੁਣਾਇਆ, ਅਣਸੁਣਤ ਰਹਿਣ ਕੋਇ ਨਾ ਪਾਈਆ । ਤੁਹਾਡਾ ਅੰਤਮ ਪੰਧ ਮੁਕਾਇਆ, ਕ਼ਦਮ ਅਗੇ ਨਾ ਕੋਇ ਉਠਾਈਆ । ਸਭ ਦਾ ਮਾਰਗ ਇਕ ਸਮਝਾਇਆ, ਦੀਨ ਮਜ਼੍ਹਬਾਂ ਨਾ ਵੰਡ ਵੰਡਾਈਆ । ਆਤਮ ਪਰਮਾਤਮ ਭੇਵ ਖੁਲਾਇਆ, ਪਰਦਾ ਪਰਦਿਆਂ ਵਿਚੋਂ ਉਠਾਈਆ । ਪੂਰਬ ਲਹਿਣਾ ਸਭ ਦਾ ਝੋਲੀ ਪਾਇਆ, ਬਾਕੀ ਨਜ਼ਰ ਕੋਇ ਨਾ ਆਈਆ । ਜਿਸ ਨੇ ਭਗਤਾਂ ਵਕ਼ਤ ਸੁਹਾਇਆ, ਭਗਵਨ ਦਏ ਵਡਿਆਈਆ । ਉਸ ਦੀ ਧੂੜੀ ਖ਼ਾਕ ਰਮਾਇਆ, ਮਸਤਕ ਟਿੱਕੇ ਨਾਮ ਲਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਆਦਿ ਜੁਗਾਦੀ ਖੇਲ ਰਚਾਇਆ, ਰਚਣਹਾਰ ਇਕ ਅਖਵਾਈਆ ।

੩੭੬

### ੧੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ

ਨਾਰਦ ਕਹੇ ਜਨ ਭਗਤੋ ਮੈਂ ਤੁਹਾਡੇ ਅੰਦਰ ਜਾਵਾਂ ਲੰਘ, ਖ਼ੁਸ਼ੀਆਂ ਨਾਲ ਮਿਲਣਾ ਚਾਈਂ ਚਾਈਆ । ਜਿਥੇ ਪ੍ਰਭੂ ਪਿਆਰਿਆਂ ਦਾ ਸਾਚਾ ਸੰਗ, ਸਾਚਾ ਸੰਗੀ ਇਕੋ ਵੇਖ ਵਖਾਈਆ । ਪ੍ਰੇਮ ਪਿਆਰ ਦੀ ਧਾਰ ਵਗੇ ਅੰਮ੍ਰਿਤ ਗੰਗ, ਲਹਿਰ ਲਹਿਰ ਵਿਚੋਂ ਬਦਲਾਈਆ । ਮੈਨੂੰ ਚੰਗਾ ਸੋਹਣਾ ਦਿਸੇ ਢੰਗ, ਤਰੀਕ਼ਾ ਮੇਰੇ ਮਨ ਨੂੰ ਭਾਈਆ । ਤੁਸੀਂ ਖ਼ੁਸ਼ੀਆਂ ਢੋਲੇ ਗਾਉਣੇ ਛੰਦ, ਸੋਹੰ ਸਚ ਪੜ੍ਹਾਈਆ । ਆਤਮ ਧਾਰ ਹੋਏ ਪਾਬੰਦ, ਪਰਮਾਤਮ ਮਿਲ ਕੇ ਵਜੇ ਵਧਾਈਆ । ਜਿਥੇ ਰਹੇ ਨਾ ਭੁਖ ਨੰਗ, ਤ੍ਰਿਸ਼ਨਾ ਕੂੜ ਨਾ ਕੋਇ ਹਲਕਾਈਆ । ਸੇਜ ਸੁਹੰਜਣੀ ਹੋਏ ਪਲੰਘ, ਛੱਪਰ ਛੰਨ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮੇਲਾ ਲਏ ਮਿਲਾਈਆ । ਸਤਿਸੰਗ ਵੇਖਿਆ ਅਗੰਮ ਅਨੰਦ, ਅਨੰਦ ਅਨੰਦ ਵਿਚੋਂ ਪਰਗਟਾਈਆ । ਜਿਥੇ ਖ਼ੁਸ਼ੀ ਹੁੰਦਾ ਬੰਦ ਬੰਦ, ਬੰਦਗੀ ਪ੍ਰਭ ਦੀ ਵਿਚ ਸਮਾਈਆ । ਨੂਰੀ ਜੋਤ ਤਕ ਕੇ ਚੰਦ, ਅੰਧ ਅੰਧੇਰਾ ਅੰਧ ਮਿਟਾਈਆ । ਸਾਚੀ ਮੰਜ਼ਲ ਹਕ਼ੀਕ਼ੀ ਜਲਵਾ ਵੇਖੇ ਲੰਘ, ਨੂਰ ਨੁਰਾਨਾ ਨਜ਼ਰੀ ਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਿਸੰਗ

ਹੁੰਦਾ ਕਾਇਆ ਮੰਦਰ ਘਰ, ਸਾਢੇ ਤਿੰਨ ਹੱਥ ਵਜੇ ਵਧਾਈਆ । ਜਿਥੇ ਅੰਮ੍ਰਿਤ ਮਿਲੇ ਡੂੰਘੇ ਸਰ, ਸਰੋਵਰ ਇਕੋ ਸੋਭਾ ਪਾਈਆ । ਮਿਹਰਵਾਨ ਮਿਹਰਵਾਨ ਮਿਹਰ ਕਿਰਪਾ ਦੇਵੇ ਕਰ, ਕਰਨੀ ਦਾ ਕਰਤਾ ਕਾਰ ਕਮਾਈਆ । ਸਚ ਭੰਡਾਰਾ ਦੇਵੇ ਭਰ, ਖ਼ਾਲੀ ਨਜ਼ਰ ਕੋਇ ਨਾ ਆਈਆ । ਮੇਲ ਮਿਲਾਵਾ ਹੋਵੇ ਇਕੋ ਹਰਿ, ਜੋ ਹਰ ਹਿਰਦੇ ਬੈਠਾ ਸੋਭਾ ਪਾਈਆ । ਆਤਮ ਪਰਮਾਤਮ ਲਏ ਵਰ, ਕੰਤ ਕੰਤੂਹਲ ਇਕ ਅਖਵਾਈਆ । ਜਿਸ ਨੂੰ ਕਹਿੰਦੇ ਨਰਾਇਣ ਨਰ, ਨਰ ਨਿਰੰਕਾਰ ਅਗੰਮ ਅਥਾਹੀਆ । ਨਿਰਭਉ ਹੋ ਕੇ ਚੁਕਾਵੇ ਡਰ, ਭਾਉ ਆਪਣਾ ਇਕ ਸਮਝਾਈਆ । ਜਿਸ ਦੀ ਸਰਨ ਸਰਨਾਈ ਜਾਈਏ ਪਰ, ਪਰਾ ਪਸੰਤੀ ਮਧਮ ਬੈਖਰੀ ਦਾ ਪੜਦਾ ਦਏ ਉਠਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਸਤਿਸੰਗ ਹੋਵੇ ਕਾਇਆ ਮੰਦਰ, ਤਨ ਵਜੂਦ ਵਜੇ ਵਧਾਈਆ । ਭਾਗ ਲੱਗੇ ਡੂੰਘੀ ਕੰਦਰ, ਅੰਧ ਅਗਿਆਨ ਰਹਿਣ ਨਾ ਪਾਈਆ । ਮਨੂਆ ਦਹਿ ਦਿਸ਼ਾ ਨਾ ਉਠ ਉਠ ਧਾਏ ਬੰਦਰ, ਮਨਸਾ ਕੂੜ ਨਾ ਕੋਇ ਹਲਕਾਈਆ । ਬਜਰ ਕਪਾਟੀ ਤੁੱਟੇ ਜੰਦਰ, ਤ੍ਰੈਗੁਣ ਤਤ ਰਹੇ ਨਾ ਰਾਈਆ । ਹੋਵੇ ਪਰਕਾਸ਼ ਬਿਨਾ ਸੂਰੀਆ ਚੰਦਰ, ਜੋਤੀ ਜਾਤਾ ਡਗਮਗਾਈਆ । ਸ਼ਰਅ ਦਾ ਰਹੇ ਕੋਈ ਨਾ ਬੰਧਨ, ਮਜ਼੍ਹਬੀ ਵੰਡ ਨਾ ਕੋਇ ਵੰਡਾਈਆ । ਸਚ ਸੁਆਮੀ ਲਾਏ ਅੰਗਣ, ਅੰਗੀਕਾਰ ਇਕ ਅਖਵਾਈਆ । ਜਿਸ ਦੇ ਦੁਆਰਿਉਂ ਸਾਰੇ ਮੰਗਣ, ਖ਼ਾਲੀ ਝੋਲੀਆਂ ਅਗੇ ਡਾਹੀਆ । ਉਹ ਸਾਹਿਬ ਸੂਰਾ ਸਰਬੰਗਣ, ਹਰਿ ਕਰਤਾ ਇਕ ਅਖਵਾਈਆ । ਜੋ ਭਗਤਾਂ ਸਦਾ ਸਤਿਸੰਗਣ, ਸਾਥੀ ਇਕੋ ਨਜ਼ਰੀ ਆਈਆ । ਜੋ ਟੁੱਟੀ ਆਵੇ ਗੰਢਣ, ਗੰਢਣਹਾਰ ਗੋਪਾਲ ਸੁਆਮੀ ਬੇਪਰਵਾਹੀਆ । ਸਾਚੀ ਦਾਤ ਆਵੇ ਵੰਡਣ, ਨਾਮ ਨਿਧਾਨਾ ਝੋਲੀ ਪਾਈਆ । ਜੋ ਲੇਖਾ ਜਾਣੇ ਵਿਚ ਬ੍ਰਹਿਮੰਡਣ, ਬ੍ਰਹਿਮਾਂਡ ਧਿਆਨ ਲਗਾਈਆ । ਜੋ ਵੇਖੇ ਕਲਜੁਗ ਘਾਟ ਕੰਢਣ, ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਸਤਿਸੰਗ ਕਹੇ ਮੈਨੂੰ ਕਰਦਾ ਕੋਈ, ਕੋਟਾਂ ਵਿਚੋਂ ਨਜ਼ਰੀ ਆਈਆ । ਮੇਰੀ ਦੋ ਜਹਾਨ ਦਰੋਹੀ, ਦੋਏ ਜੋੜ ਵਾਸਤਾ ਪਾਈਆ । ਨਵ ਸੱਤ ਸਭ ਦੀ ਪਤ ਗਈ ਖੋਹੀ, ਪਤ ਪਤਵੰਤਾ ਮਿਲਣ ਕੋਇ ਨਾ ਆਈਆ । ਸ੍ਰਿਸ਼ਟੀ ਦ੍ਰਿਸ਼ਟੀ ਅੰਦਰ ਰਹੀ ਰੋਈ, ਬਿਨ ਨੈਣਾਂ ਨੀਰ ਵਹਾਈਆ । ਸੁਰਤੀ ਉਠੇ ਕਿਸੇ ਨਾ ਸੋਈ, ਸ਼ਬਦੀ ਸ਼ਬਦ ਨਾ ਕੋਇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਸਾਹਿਬ ਇਕ ਗੁਸਾਈਆ । ਸਤਿਸੰਗ ਕਹੇ ਮੇਰਾ ਰੂਪ ਨਿਰਾਲਾ ਜਗ, ਦੀਨ ਦੁਨੀ ਦਿਆਂ ਜਣਾਈਆ । ਮੇਰਾ ਮਾਰਗ ਵਖਰਾ ਅਲਗ, ਰਸਤਾ ਇਕੋ ਇਕ ਦਰਸਾਈਆ । ਮੇਰਾ ਮਾਲਕ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਮੇਰਾ ਲਹਿਣਾ ਦੇਣਾ ਜਨ ਭਗਤਾਂ ਜੋ ਪ੍ਰਭ ਦੀ ਸਰਨੀ ਗਏ ਲੱਗ, ਲਗ ਮਾਤਰ ਡੇਰਾ ਢਾਹੀਆ । ਮੈਂ ਖ਼ੁਸ਼ੀਆਂ ਵਿਚ ਹੋਵਾਂ ਗਦ ਗਦ, ਸਿਫ਼ਤੀ ਢੋਲੇ ਗਾਈਆ । ਮੇਰੀ ਚਾਰ ਦੀਵਾਰੀਆਂ ਬਾਹਰ ਹੱਦ, ਜਿਸ ਹਦੂਦ ਵਿਚ ਵਸੇ ਧੁਰ ਦਾ ਮਾਹੀਆ । ਜਿਸ ਦੀ ਲੱਖ ਚੁਰਾਸੀ ਯਦ, ਯਦੀ ਯਦਪ ਹੁਕਮ ਵਰਤਾਈਆ । ਉਸ ਦਾ ਨਾਮ ਸੰਦੇਸ਼ਾ ਸੁਣਾਂ ਨਦ, ਜੋ ਅਨਹਦ ਨਾਦੀ ਧੁਨ ਕਰੇ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਮਾਲਕ ਇਕ ਗੁਸਾਈਆ । ਸਤਿਸੰਗ ਕਹੇ ਮੇਰੀ ਵਿਸ਼ਨ ਬ੍ਰਹਮਾ ਸ਼ਿਵ ਚਲਾਈ ਰੀਤ, ਨਿਰਗੁਣ ਨਿਰਗੁਣ ਢੋਲੇ ਗਾਈਆ । ਸੋਹੰ ਸ਼ਬਦ ਗਾਇਆ ਗੀਤ, ਤੂੰ ਮੇਰਾ ਮੈਂ ਤੇਰਾ ਹਕ ਪੜ੍ਹਾਈਆ । ਤ੍ਰੈਗੁਣ ਨਾਲੋਂ ਆਪਣੀ ਵਖਰੀ ਦੱਸ ਪ੍ਰੀਤ, ਪ੍ਰੀਤਮ ਹੋ ਕੇ ਦਿਆਂ ਜਣਾਈਆ । ਸਦਾ ਸੁਹੇਲਾ ਹੋ ਕੇ ਵਸਾਂ ਚੀਤ, ਠਗੌਰੀ ਤਨ ਰਹੇ ਨਾ ਰਾਈਆ । ਮੇਰਾ ਬ੍ਰਹਮ ਬ੍ਰਹਿਮਾਦੀ ਸਤਿ ਸਤਿਵਾਦੀ ਸ਼ਬਦ ਅਨਾਦੀ ਏਕਾ ਗੀਤ, ਗੋਬਿੰਦ ਢੋਲਾ ਸਹਿਜ ਸੁਭਾਈਆ । ਮੈਂ ਪਰਖਣਹਾਰਾ ਨਿਰਗੁਣ ਧਾਰ ਰੀਤ, ਰੀਤੀਵਾਨ ਇਕ ਅਖਵਾਈਆ । ਮੇਰਾ ਲੇਖਾ ਨਾਲ ਹਸਤ ਕੀਟ, ਕੀਟ ਕੀਟਾਂ ਡੇਰਾ

੩੭੭

੩੭੮

ਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਸੁਹਾਈਆ । ਸਤਿਸੰਗ ਕਹੇ ਮੈਨੂੰ ਵਿਸ਼ਨ ਬ੍ਰਹਮਾ ਸ਼ਿਵ ਗਾਇਆ, ਗਹਿਰ ਗੰਭੀਰ ਧਿਆਨ ਲਗਾਈਆ । ਤ੍ਰੈਗੁਣ ਮਾਇਆ ਗੁਣ ਗਾਇਆ, ਰਜੋ ਤਮੋ ਸਤੋ ਵੰਡ ਵੰਡਾਈਆ । ਪੰਜਾਂ ਤਤਾਂ ਪੰਧ ਮੁਕਾਇਆ, ਅਪ ਤੇਜ ਵਾਏ ਪ੍ਰਿਥਮੀ ਆਕਾਸ਼ ਨਾ ਕੋਇ ਚੁਕਾਈਆ । ਨੂਰ ਨੁਰਾਨਾ ਦੀਪ ਇਕ ਜਗਾਇਆ, ਜੋਤੀ ਜਾਤਾ ਇਕ ਰੁਸ਼ਨਾਈਆ । ਤੂੰ ਮੇਰਾ ਮੈਂ ਤੇਰਾ ਇਕੋ ਢੋਲਾ ਗਾਇਆ, ਬਿਨ ਰਸਨਾ ਸਿਫ਼ਤ ਸਲਾਹੀਆ । ਤਿੰਨਾਂ ਮਿਲਕੇ ਮੇਰਾ ਸਾਚਾ ਸੰਗ ਬਣਾਇਆ, ਤਿੰਨਾਂ ਲੋਕਾਂ ਵਜੀ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਖੇਲ ਆਪ ਖਿਲਾਈਆ । ਸਤਿਸੰਗ ਕਹੇ ਵਿਸ਼ਨ ਬ੍ਰਹਮਾ ਸ਼ਿਵ ਹੋਏ ਇਕੱਠੇ, ਆਦਿ ਦੀ ਧਾਰ ਦਿਆਂ ਜਣਾਈਆ । ਪਹਿਲੋਂ ਪ੍ਰਭ ਦੀ ਸਰਨ ਸਰਨਾਈ ਢੱਠੇ, ਸਚਖੰਡ ਸਾਚੇ ਸੀਸ ਨਿਵਾਈਆ । ਫਿਰ ਥਿਰ ਘਰ ਫਿਰਨ ਨਠੇ, ਭੱਜਣ ਵਾਹੋ ਦਾਹੀਆ । ਨਾਲੇ ਇਕ ਦੂਜੇ ਨੂੰ ਕਰਨ ਠੱਠੇ, ਮਸਖ਼ਰੀ ਰਹੇ ਉਡਾਈਆ । ਆਉ ਸਤਿਗੁਰ ਸ਼ਬਦ ਦੇ ਬਣੀਏ ਪੱਠੇ, ਜੋ ਸਿਖਿਆ ਦਏ ਸਮਝਾਈਆ । ਜਿਸ ਉਲਟੀ ਗੇੜਨੀ ਲਠੇ, ਲੱਖ ਚੁਰਾਸੀ ਵੰਡ ਵੰਡਾਈਆ । ਉਸ ਵੇਲੇ ਤਿੰਨਾਂ ਮਿਲਕੇ ਤੂੰ ਮੇਰਾ ਮੈਂ ਤੇਰਾ ਗਾਏ ਟੱਪੇ, ਸੋਹੰ ਕੀਤੀ ਸਚ ਪੜ੍ਹਾਈਆ । ਫਿਰ ਅੱਖਰਾਂ ਵਿਚ ਮਾਣ ਦਿਤਾ ਇਕੋ ਪੱਪੇ, ਪੂਰਨ ਬ੍ਰਹਮ ਦਿਤਾ ਸਮਝਾਈਆ । ਜਿਸ ਦੇ ਹੁਕਮ ਵਿਚ ਤ੍ਰੈਗੁਣ ਅਗਨੀ ਤਪੇ, ਤ੍ਰੈਗੁਣ ਅਤੀਤਾ ਖੇਲ ਖਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਪਰਦਾ ਆਪ ਉਠਾਈਆ । ਸਤਿਸੰਗ ਕਹੇ ਮੇਰੀ ਰੀਤ ਬਹੁ ਪੁਰਾਣੀ, ਪੁਰਾਣ ਅਠਾਰਾਂ ਕਹਿਣ ਕੁਛ ਨਾ ਪਾਈਆ । ਮੇਰੀ ਬ੍ਰਹਮਾ ਵਿਸ਼ਨ ਸ਼ਿਵ ਜਾਣੇ ਕਹਾਣੀ, ਚਾਰੇ ਵੇਦ ਪੜਦਾ ਨਾ ਕੋਇ ਉਠਾਈਆ । ਮੇਰਾ ਗ੍ਰਿਹਿ ਪਦ ਨਿਰਬਾਣੀ, ਦੂਜੀ ਵੰਡ ਨਾ ਕੋਇ ਵੰਡਾਈਆ । ਮੇਰਾ ਸ਼ਹਿਨਸ਼ਾਹ ਨੂਰ ਨੁਰਾਨੀ, ਪਾਤਸ਼ਾਹ ਇਕ ਅਖਵਾਈਆ । ਜਿਸ ਨੂੰ ਜਗਤ ਜਹਾਨ ਗਾਉਂਣਾ ਜ਼ਬਾਨੀ, ਰਸਨਾ ਜਿਹਵਾ ਢੋਲੇ ਗਾਈਆ । ਖ਼ਲਕ ਵੇਖੇ ਖ਼ਾਲਕ ਅਸਮਾਨੀ, ਨੂਰ ਨੁਰਾਨਾ ਨੂਰ ਅਲਾਹੀਆ । ਮੇਰਾ ਲਹਿਣਾ ਦੇਣਾ ਨਹੀਂ ਨਾਲ ਸਮੁੰਦ ਸਾਗਰਾਂ ਪਾਣੀ, ਜਲਾਂ ਥਲਾਂ ਨਾ ਵੰਡ ਵੰਡਾਈਆ । ਮੇਰੀ ਮੰਜ਼ਲ ਨਹੀਂ ਰੁਹਾਨੀ, ਰੂਹ ਬੁਤ ਨਾ ਕੋਇ ਸ਼ਨਵਾਈਆ । ਮੇਰੀ ਖੇਲ ਨਹੀਂ ਕੋਈ ਚਾਰ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਵੰਡ ਨਾ ਕੋਇ ਵੰਡਾਈਆ । ਮੇਰੀ ਅਵਤਾਰ ਪੈਗ਼ੰਬਰ ਗੁਰੂਆਂ ਤੋਂ ਪਹਿਲਾਂ ਦੀ ਕਹਾਣੀ, ਬਿਨਾ ਕਥਾ ਤੋਂ ਕਥਾ ਦਿਆਂ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਰਾਹ ਇਕ ਦਰਸਾਈਆ । ਸਤਿਸੰਗ ਕਹੇ ਮੈਨੂੰ ਵਿਸ਼ਨ ਬ੍ਰਹਮਾ ਸ਼ਿਵ ਕੀਤਾ, ਕਰਨੀ ਦਾ ਕਰਤਾ ਪੁਰਖ ਨਾਲ ਮਿਲਾਈਆ । ਸਤਿਗੁਰ ਸ਼ਬਦ ਸਾਡਾ ਬਣਿਆ ਮੀਤਾ, ਮਿਤਰ ਪਿਆਰਾ ਇਕ ਅਖਵਾਈਆ । ਜਿਸ ਨੇ ਮਿਲ ਕੇ ਚਲਣਾ ਦੱਸੀ ਰੀਤਾ, ਦੂਜੀ ਵੰਡ ਨਾ ਕੋਇ ਵੰਡਾਈਆ । ਸਾਡੀ ਤਿੰਨਾਂ ਦੀ ਇਕੋ ਕੀਤੀ ਨੀਤਾ, ਨੀਤੀਵਾਨ ਹੋਇਆ ਸਹਾਈਆ । ਬਿਨ ਰਸਨਾ ਨਾਮ ਨਿਧਾਨ ਅਗੰਮਾ ਪੀਤਾ, ਪਤਿਤ ਪਾਵਨ ਦਿਆਂ ਪਿਆਈਆ । ਸਾਡਾ ਅੰਤਸ਼ਕਰਨ ਹੋਇਆ ਠਾਂਡਾ ਸੀਤਾ, ਜੁਗ ਚੌਕੜੀ ਨਾ ਕੋਇ ਤਪਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਵਿਸ਼ਨ ਬ੍ਰਹਮਾ ਸ਼ਿਵ ਕਹਿਣ ਸਾਡਾ ਸਤਿਸੰਗ ਹੋਇਆ ਪਹਿਲਾ ਨਾਲ ਪੁਰਖ ਅਕਾਲ, ਜਿਸ ਕਲਾ ਦਿਤੀ ਵਰਤਾਈਆ । ਸੋ ਹੋ ਕੇ ਆਪ ਦਿਆਲ, ਸੋ ਪੁਰਖ ਨਿਰੰਜਣ ਵੇਖ ਵਖਾਈਆ । ਹਰਿ ਪੁਰਖ ਨਿਰੰਜਣ ਚਲਾ ਕੇ ਚਾਲ, ਚਾਲ ਨਿਰਾਲੀ ਇਕ ਦਰਸਾਈਆ । ਏਕੰਕਾਰ ਕਰੀ ਸੰਭਾਲ, ਵੇਖਣਹਾਰਾ ਥਾਉਂ ਥਾਈਂਆ । ਸ੍ਰੀ ਭਗਵਾਨ ਵਸਿਆ ਨਾਲ, ਅਬਿਨਾਸ਼ੀ ਕਰਤਾ ਸੰਗ ਨਿਭਾਈਆ । ਪਾਰਬ੍ਰਹਮ ਕੀਤੀ ਭਾਲ, ਖੋਜ ਖੋਜਿਆ ਚਾਈਂ ਚਾਈਂਆ । ਸਤਿਗੁਰ ਸ਼ਬਦ ਹੋ ਕੇ ਨਾਲ, ਮੇਲ ਮਿਲਾਇਆ ਧੁਰਦਰਗਾਹੀਆ ।

ਅਸਾਂ ਤਿੰਨਾਂ ਕੀਤਾ ਸਵਾਲ, ਨਿਵ ਨਿਵ ਸੀਸ ਝੁਕਾਈਆ । ਕੀ ਖੇਲ ਤੇਰਾ ਕਮਾਲ, ਕਮਲਾਪਾਤੀ ਦੇ ਦ੍ਰਿੜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਸਤਿਗੁਰ ਸ਼ਬਦ ਕਿਹਾ ਸੁਣ ਵਿਸ਼ਨ ਬ੍ਰਹਮਾ ਸ਼ਿਵ ਧੁਰ ਦਾ ਹੁਕਮ ਰਖਣਾ ਯਾਦ, ਯਾਦਾਸ਼ਤ ਭੁਲ ਕਦੇ ਨਾ ਜਾਈਆ । ਤੁਹਾਡੀ ਧਾਰ ਸ੍ਰਿਸ਼ਟੀ ਕਰਨੀ ਆਬਾਦ, ਲੱਖ ਚੁਰਾਸੀ ਵੰਡ ਵੰਡਾਈਆ । ਤ੍ਰੈਗੁਣ ਮਾਇਆ ਪੰਜ ਤਤ ਦੀ ਦੇਣੀ ਦਾਤ, ਆਤਮ ਪਰਮਾਤਮ ਦੇਣੀ ਵਰਤਾਈਆ । ਖੇਲ ਖੇਲਣਾ ਬਣ ਕੇ ਮੋਹਣ ਮਾਧਵ ਮਾਧ, ਮਧੁਰ ਧੁਨ ਦੇਣੀ ਸ਼ਨਵਾਈਆ । ਹੁਕਮ ਸੰਦੇਸ਼ ਦੇਣਾ ਬੋਧ ਅਗਾਧ, ਬਿਨ ਅੱਖਰਾਂ ਅੱਖਰ ਸੁਣਾਈਆ । ਤੁਸਾਂ ਨਿਰਗੁਣ ਧਾਰ ਨਿਰਗੁਣ ਲੈਣਾ ਅਰਾਧ, ਦੂਸਰ ਅਵਰ ਨਾ ਕੋਇ ਪੜ੍ਹਾਈਆ । ਨੇੜ ਰਹੇ ਨਾ ਵਿਵਾਦ, ਵਿਖ ਰੂਪ ਨਾ ਕੋਇ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਭੇਵ ਅਭੇਦਾ ਆਪ ਜਣਾਈਆ । ਸਤਿਗੁਰ ਸ਼ਬਦ ਕਿਹਾ ਵਿਸ਼ਨ ਬ੍ਰਹਮਾ ਸ਼ਿਵ ਬਣੇ ਮੇਰੇ ਸਤਿਸੰਗੀ, ਸੰਗੀਉ ਦਿਆਂ ਜਣਾਈਆ । ਸ੍ਰਿਸ਼ਟੀ ਖੇਲ ਹੋਣੀ ਬਹੁਰੰਗੀ, ਰੰਗਤ ਸਮਝ ਕੋਇ ਨਾ ਪਾਈਆ । ਇਕ ਖ਼ਬਰ ਸੁਣਾਵਾਂ ਚੰਗੀ, ਚਾਰੋਂ ਕੁੰਟ ਵੇਖ ਵਖਾਈਆ । ਸਾਚੇ ਨਾਮ ਦੀ ਲਾਵਾਂ ਪਾਬੰਦੀ, ਆਪਣਾ ਹੁਕਮ ਵਰਤਾਈਆ । ਦੀਨ ਦੁਨੀ ਨਾਲ ਕਰਾਵਾਂ ਸੰਧੀ, ਸਾਚਾ ਹੁਕਮ ਸੁਣਾਈਆ । ਸ਼ਰਅ ਵਿਚ ਸ਼ਰਅ ਜਾਣੀ ਵੰਡੀ, ਹਿੱਸੇ ਗੰਢ ਵਖਾਈਆ । ਜੁਗ ਚੌਕੜੀ ਜਾਣੀ ਲੰਘੀ, ਆਪਣਾ ਪੰਧ ਮੁਕਾਈਆ । ਕਲਜੁਗ ਕੂੜ ਕੁੜਿਆਰ ਦੀ ਆਉਣੀ ਕੰਢੀ, ਘਾਟਾਂ ਫੋਲ ਫੁਲਾਈਆ । ਕਿਤੇ ਪਵਣ ਨਹੀਂ ਵਗਣੀ ਠੰਡੀ, ਅਗਨੀ ਤਤ ਨਾ ਕੋਇ ਬੁਝਾਈਆ । ਚਾਰੋਂ ਕੁੰਟ ਕੂੜ ਦੀ ਚਮਕੇ ਚੰਡੀ, ਚੰਡਾਲਕਾ ਰੂਪ ਵਟਾਈਆ । ਸ੍ਰਿਸ਼ਟੀ ਦ੍ਰਿਸ਼ਟੀ ਹੋਣੀ ਪਖੰਡੀ, ਬਹੁਰੂਪਾਂ ਵਿਚ ਕੁਰਲਾਈਆ । ਦਰੋਹੀ ਫਿਰਨੀ ਵਿਚ ਵਰਭੰਡੀ, ਬ੍ਰਹਿਮੰਡ ਦੇਣ ਸੁਣਾਈਆ । ਸਚ ਮਾਰਗ ਦੀ ਕਿਸੇ ਹੱਥ ਨਹੀਂ ਆਉਣੀ ਡੰਡੀ, ਡੰਡਾਵਤ ਸਾਰੇ ਜਾਣ ਭੁਲਾਈਆ । ਨੌਂ ਖੰਡ ਪ੍ਰਿਥਮੀ ਹੋਣੀ ਤੰਗੀ, ਸੱਤ ਦੀਪ ਰੋਵਣ ਮਾਰਨ ਧਾਹੀਆ । ਪ੍ਰਭੂ ਦੀ ਦਾਤ ਮਿਲੇ ਕਿਸੇ ਨਾ ਮੰਗੀ, ਖ਼ਾਲੀ ਝੋਲੀ ਨਾ ਕੋਇ ਭਰਾਈਆ । ਅੰਮ੍ਰਿਤ ਰਸ ਰਹਿਣੀ ਨਹੀਂ ਧਾਰ ਗੰਗੀ, ਗੰਗਾ ਗੋਦਾਵਰੀ ਜਮਨਾ ਸੁਰਸਤੀ ਸਾਰ ਕੋਇ ਨਾ ਪਾਈਆ । ਵਿਦਿਆ ਰਹਿਣੀ ਨਹੀਂ ਕਿਸੇ ਕੋਲ ਪੰਡੀ, ਪੰਡਤ ਪੰਧ ਨਾ ਕੋਇ ਮੁਕਾਈਆ । ਪ੍ਰੀਤੀ ਟੁੱਟੀ ਜਾਏ ਨਾ ਗੰਢੀ, ਸੁਰਤ ਸ਼ਬਦ ਨਾ ਕੋਇ ਜਣਾਈਆ । ਭਾਰ ਚੁੱਕੇ ਕੋਇ ਨਾ ਕੰਧੀ, ਬੋਝਲ ਦਿਸੇ ਕੂੜ ਲੋਕਾਈਆ । ਮਾਣ ਰਹੇ ਨਾ ਪ੍ਰਕਿਰਤੀ ਪੰਝੀ, ਪੰਚਮ ਤਤ ਨਾ ਕੋਇ ਚਤੁਰਾਈਆ । ਮਾਨਵ ਜ਼ਾਤੀ ਹੋਈ ਰੰਜੀ, ਰੰਜਸ਼ ਵਿਚ ਖ਼ਲਕ ਖ਼ੁਦਾਈਆ । ਉਸ ਵੇਲੇ ਧਰਨੀ ਰੋਵੇ ਨੇਤਰ ਹੰਝੀ, ਹੰਝੂਆਂ ਹਾਰ ਬਣਾਈਆ । ਕਲਜੁਗ ਕੂੜ ਕੁੜਿਆਰ ਪਹਿਰ ਕੇ ਬਾਣਾ ਜੰਗੀ, ਚਾਰੋਂ ਕੁੰਟ ਲਏ ਅੰਗੜਾਈਆ । ਸਤਿਗੁਰ ਸ਼ਬਦ ਕਿਹਾ ਵਿਸ਼ਨ ਬ੍ਰਹਮਾ ਸ਼ਿਵ ਜਿਹੜਾ ਉਸ ਵੇਲੇ ਭਗਤਾਂ ਨਾਲ ਭਗਤ ਬਣੇਗਾ ਸੰਗੀ, ਸਗਲਾ ਸਾਥੀ ਆਤਮ ਪਰਮਾਤਮ ਲਏ ਪਰਨਾਈਆ । ਉਸ ਦਾ ਲੇਖਾ ਵੇਖਣਹਾਰਾ ਜਿਸ ਦੀ ਹਾਥ ਨਾ ਆਵੇ ਵੰਝੀ, ਵੰਝ ਮੁਹਾਣਾ ਜਗਤ ਨਾ ਕੋਇ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਵਕਤ ਆਪ ਸੁਹਾਈਆ । ਸਤਿਸੰਗ ਕਹੇ ਮੇਰੀ ਪ੍ਰਭ ਚਰਨ ਕਵਲ ਅਰਦਾਸ, ਬੇਨੰਤੀ ਇਕ ਜਣਾਈਆ । ਪ੍ਰਭੂ ਰਖਣਾ ਆਪਣੇ ਪਾਸ, ਪਾਸਾ ਦੀਨ ਦੁਨੀ ਬਦਲਾਈਆ । ਬੇਸ਼ਕ ਤੇਰਾ ਲੇਖਾ ਪ੍ਰਿਥਮੀ ਆਕਾਸ਼, ਗਗਨ ਗਗਨੰਤਰਾਂ ਸੋਭਾ ਪਾਈਆ । ਮੰਡਲ ਮੰਡਪ ਤੇਰੀ ਰਾਸ, ਰਵ ਸਸ ਸੂਰੀਆ ਚੰਨ ਤੇਰੀ ਰੁਸ਼ਨਾਈਆ । ਜਨ ਭਗਤ ਸੁਹੇਲੇ ਬਣਾਓ ਆਪਣੇ ਦਾਸ, ਹਰਿਜਨ ਆਪਣਾ ਮੇਲ ਮਿਲਾਈਆ । ਲੇਖੇ ਲਾਓ ਪਵਣ ਸਵਾਸ, ਸਾਹ ਸਾਹ ਤੇਰੇ ਚਰਨ ਟਿਕਾਈਆ । ਸ਼ਹਾਦਤ ਦੇਵੇ ਸ਼ੰਕਰ ਉਤੇ ਕੈਲਾਸ਼, ਬ੍ਰਹਮਾ ਬ੍ਰਹਮਲੋਕ ਵਿਚ ਕਰੇ ਸ਼ਨਵਾਈਆ । ਵਿਸ਼ਨੂੰ ਵਿਸ਼ਵ ਦੀ ਧਾਰ ਆਵੇ ਪਾਸ, ਦੂਰ ਦੁਰਾਡਾ ਪੰਧ ਮੁਕਾਈਆ । ਸਤਿਸੰਗ

੩੭੯

ਵਿਚ ਜਨ ਭਗਤ ਸੁਹੇਲਾ ਹੋਏ ਨਾ ਕੋਇ ਉਦਾਸ, ਚਿੰਤਾ ਗ਼ਮ ਨਾ ਕੋਇ ਰਖਾਈਆ । ਕਾਇਆ ਮੰਦਰ ਅੰਦਰ ਕਰਨਾ ਪਰਕਾਸ਼, ਜੋਤੀ ਜਾਤੇ ਡਗਮਗਾਈਆ । ਸਭ ਦੀ ਪੂਰੀ ਕਰਨੀ ਆਸ, ਤ੍ਰਿਸ਼ਨਾ ਤ੍ਰਿਖਾ ਜਗਤ ਕੂੜ ਮਿਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਏਕਾ ਦੇਣਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਤੇਰੇ ਉਤੇ ਵਿਸ਼ਵਾਸ਼, ਵਿਸ਼ਵ ਦਾ ਮਾਲਕ ਵਿਸ਼ਾ ਆਪਣਾ ਦੇਣਾ ਸਮਝਾਈਆ ।

✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਲਾਟ ਸਾਹਿਬ ਦੇ ਗ੍ਰਹਿ ਪਿੰਡ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਸੋ ਪੁਰਖ ਨਿਰੰਜਣ ਧਾਰ ਸਤਿ, ਸਤਿ ਸਤਿ ਵਿਚੋਂ ਪਰਗਟਾਈਆ । ਹਰਿ ਪੁਰਖ ਨਿਰੰਜਣ ਧਾਰ ਸਤਿ, ਬਿਨ ਰੂਪ ਰੰਗ ਰੇਖ ਸੋਭਾ ਪਾਈਆ । ਏਕੰਕਾਰ ਧਾਰ ਸਤਿ, ਜਿਸ ਦੀ ਬਣਤ ਜਗ ਨੇਤਰ ਵੇਖਣ ਕੋਇ ਨਾ ਪਾਈਆ । ਆਦਿ ਨਿਰੰਜਣ ਧਾਰ ਸਤਿ, ਜੋਤੀ ਜੋਤ ਜੋਤ ਰੁਸ਼ਨਾਈਆ । ਅਬਿਨਾਸ਼ੀ ਕਰਤੇ ਧਾਰ ਸਤਿ, ਸਤਿ ਸਤਿਵਾਦੀ ਆਪ ਪਰਗਟਾਈਆ । ਸ੍ਰੀ ਭਗਵਾਨ ਧਾਰ ਸਤਿ, ਸਤਿ ਸਤਿ ਸਤਿ ਆਪ ਹੋ ਜਾਈਆ । ਪਾਰਬ੍ਰਹਮ ਧਾਰ ਸਤਿ, ਪਰਮ ਪੁਰਖ ਵੇਖ ਵਖਾਈਆ । ਸਚਖੰਡ ਧਾਰ ਸਤਿ, ਬਿਨ ਛੱਪਰ ਛੰਨ ਮਿਲੇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸੋ ਪੁਰਖ ਨਿਰੰਜਣ ਸਾਚਾ ਸੰਗ, ਹਰਿ ਸੰਗੀ ਇਕ ਅਖਵਾਈਆ । ਹਰਿ ਪੁਰਖ ਨਿਰੰਜਣ ਧੁਰ ਦਾ ਰੰਗ, ਰੰਗਤ ਜਗਤ
੩੮੦ ਨਾ ਕੋਇ ਵਡਿਆਈਆ । ਏਕੰਕਾਰਾ ਸਚ ਦੁਆਰਾ ਵੇਖੇ ਆਪਣਾ ਆਪੇ ਲੰਘ, ਦੂਜੀ ਮੰਜ਼ਲ ਨਾ ਕੋਇ ਜਣਾਈਆ । ਆਦਿ ਨਿਰੰਜਣ ਸੇਜ ਸੁਹਾਏ ਪਲੰਘ, ਬਿਨ ੩੮੦
ਪਾਵਾ ਚੂਲ ਸੋਭਾ ਪਾਈਆ । ਸ੍ਰੀ ਭਗਵਾਨ ਨੌਜੁਆਨ ਵਜਾਏ ਮਰਦੰਗ, ਬਿਨ ਤਾਲ ਤਲਵਾੜਾ ਆਪਣਾ ਹੁਕਮ ਦ੍ਰਿੜਾਈਆ । ਅਬਿਨਾਸ਼ੀ ਕਰਤਾ ਖੇਲ ਕਰੇ ਅਗੰਮ, ਅਲਖ ਅਗੋਚਰ ਆਪਣੇ ਹੱਥ ਰਖੇ ਵਡਿਆਈਆ । ਪਾਰਬ੍ਰਹਮ ਹੁਕਮ ਸੁਣਾਏ ਬਿਨ ਰਸਨਾ ਜਿਹਵਾ ਦਮ, ਸਵਾਸ ਸਵਾਸਾ ਨਾ ਕੋਇ ਸਚਖੰਡ ਦੁਹਾਈਆ । ਨਿਰਗੁਣ ਧਾਰ ਜਾਣੇ ਆਪਣਾ ਕਰਮ, ਕਰਮ ਕਾਂਡ ਨਾ ਕੋਇ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਸੰਗ ਕਹੇ ਮੈਂ ਬਿਨਾ ਫਿਰਨਾ ਸਵਾਸ ਦਮਿਆ, ਦਾਮਨਗੀਰ ਇਕ ਅਖਵਾਈਆ । ਮੈਨੂੰ ਜਨਣੀ ਕਿਸੇ ਨਹੀਂ ਜੰਮਿਆ, ਤਨ ਵਜੂਦ ਨਾ ਵੇਸ ਵਟਾਈਆ । ਮੈਨੂੰ ਮਾਣ ਦਿਤਾ ਨਹੀਂ ਕਿਸੇ ਬ੍ਰਹਮਿਆ, ਸ੍ਰਿਸ਼ਟੀ ਸੰਗ ਨਾ ਕੋਇ ਰਖਾਈਆ । ਮੇਰਾ ਲੇਖਾ ਨਹੀਂ ਕਾਇਆ ਮਾਟੀ ਚੰਮਿਆ, ਚੰਮ ਦ੍ਰਿਸ਼ਟੀ ਨਜ਼ਰ ਕੋਇ ਨਾ ਆਈਆ । ਮੈਨੂੰ ਹਰਖ਼ ਸੋਗ ਨਹੀਂ ਗ਼ਮਿਆ, ਚਿੰਤਾ ਚਿਖਾ ਨਾ ਕੋਇ ਤਪਾਈਆ । ਮੇਰਾ ਹੱਦ ਨਹੀਂ ਕੋਈ ਬੰਨਿਆ, ਜਗਤ ਵੰਡ ਨਾ ਕੋਇ ਵੰਡਾਈਆ । ਮੇਰਾ ਅੱਖਰ ਮੁਕਤਾ ਨਹੀਂ ਕੋਈ ਕੰਨਿਆ, ਕਾਇਨਾਤ ਨਾ ਵੇਖ ਵਖਾਈਆ । ਮੇਰਾ ਸਮਝੇ ਕੋਈ ਨਾ ਸਮਿਆ, ਜੁਗ ਚੌਕੜੀ ਸਮਾਪਤ ਹੁੰਦੀ ਵੇਖੀ ਲੋਕਾਈਆ । ਮੇਰਾ ਲੇਖਾ ਨਿਰਗੁਣ ਸਰਗੁਣ ਧਾਰ ਚੌਂਦਾ ਸੌ ਤੀਹ ਅੰਕ ਦਾ ਪੰਨਿਆਂ, ਅੱਖਰ ਅੱਖਰਾਂ ਫੋਲ ਫੁਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਸਤਿਸੰਗ ਕਹੇ ਮੇਰਾ ਮਾਲਕ ਇਕ ਸੁਆਮੀ, ਹਰਿ ਕਰਤਾ ਧੁਰਦਰਗਾਹੀਆ । ਜੋ ਆਦਿ ਜੁਗਾਦੀ ਅੰਤਰਜਾਮੀ, ਅੰਤਸ਼ਕਰਨ ਵੇਖੇ ਖ਼ਲਕ ਖ਼ੁਦਾਈਆ । ਜਿਸ ਦੀ ਚਾਰ ਜੁਗ ਦੇ ਸ਼ਾਸਤਰ ਅਗੰਮੀ ਬਾਣੀ, ਬਾਣ ਅਣਿਆਲਾ ਤੀਰ ਚਲਾਈਆ । ਜਿਸ ਦਾ ਲੇਖਾ ਦੋ ਜਹਾਨੀ, ਜ਼ਿਮੀਂ ਅਸਮਾਨਾਂ ਹੁਕਮ ਵਰਤਾਈਆ । ਜਿਸ ਦੇ ਹੁਕਮੇ ਅੰਦਰ ਚਾਰੇ ਖਾਣੀ, ਅੰਡਜ ਜੇਰਜ ਉਤਭੁਜ ਸੇਤਜ ਬੈਠੀ ਵੇਸ ਵਟਾਈਆ । ਜਿਸ

ਦੀ ਮੰਜ਼ਲ ਹਕ ਨੁਰਾਨੀ, ਨੂਰ ਨੁਰਾਨਾ ਸੋਭਾ ਪਾਈਆ । ਜੋ ਵਸੇ ਸਚਖੰਡ ਮਕਾਨੀ, ਦਰਗਾਹ ਸਾਚੀ ਸੋਭਾ ਪਾਈਆ । ਜਿਸ ਨੇ ਲੋਕਮਾਤ ਮੇਰੀ ਬਣਾਈ ਨਿਸ਼ਾਨੀ, ਨਿਸ਼ਾਨਾ ਦੀਨ ਦੁਨੀ ਸਮਝਾਈਆ । ਮੇਰਾ ਲੇਖਾ ਲਿਖ ਸਕੇ ਨਾ ਕੋਇ ਕਾਨੀ, ਕ਼ਲਮ ਸ਼ਾਹੀ ਨਾ ਕੋਇ ਵਡਿਆਈਆ । ਮੇਰੇ ਉਤੇ ਮਿਹਰਵਾਨ ਕੀਤੀ ਮਿਹਰਵਾਨੀ, ਮਹਿਬੂਬ ਦਇਆ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਆਪ ਸੁਣਾਈਆ । ਸਤਿਸੰਗ ਕਹੇ ਮੇਰਾ ਖੇਲ ਨਿਆਰਾ, ਨਿਰਾਕਾਰ ਦਿਆਂ ਦ੍ਰਿੜਾਈਆ । ਮੇਰਾ ਲਹਿਣਾ ਦੇਣਾ ਨਾਲ ਪੁਰਖ ਨਾਰਾ, ਇਸਤਰੀ ਮਰਦ ਵੰਡ ਨਾ ਕੋਇ ਵੰਡਾਈਆ । ਮੈਂ ਖੇਲ ਖੇਲਿਆ ਨਾਲ ਤੇਈ ਅਵਤਾਰਾਂ, ਅਵਤਰੀ ਹੋ ਕੇ ਆਪਣਾ ਸੰਗ ਬਣਾਈਆ । ਧਰਮ ਧਾਰ ਦੀਆਂ ਤਕੀਆਂ ਬਹਾਰਾਂ, ਖ਼ੁਸ਼ੀ ਖ਼ੁਸ਼ੀਆਂ ਵਿਚੋਂ ਰਖਾਈਆ । ਮੇਰੇ ਸਿਫ਼ਤ ਦੀਆਂ ਬਣੀਆਂ ਵਾਰਾਂ, ਵਾਰਸ ਹੋ ਕੇ ਵੇਖੇ ਧੁਰ ਦਾ ਮਾਹੀਆ । ਮੈਂ ਲਹਿਣਾ ਦੇਣਾ ਦੱਸਾਂ ਸੰਮਤ ਸ਼ਹਿਨਸ਼ਾਹੀ ਗਿਆਰਾਂ, ਇਕ ਇਕ ਨਾਲ ਮਿਲਾਈਆ । ਜਿਸ ਸੁਆਮੀ ਅੰਤਰ ਆਤਮ ਹਿਲਾਉਣੀਆਂ ਤਾਰਾਂ, ਸੁੱਤਿਆਂ ਭਗਤਾਂ ਆਪ ਜਗਾਈਆ । ਬਿਨਾ ਹੁਲਾਰਿਆਂ ਦਏ ਹੁਲਾਰਾ, ਜ਼ਿਮੀਂ ਅਸਮਾਨਾਂ ਬਾਹਰ ਹਿਲਾਈਆ । ਸਾਚਾ ਸੰਗੀ ਹੋਵੇ ਜ਼ਾਹਰਾ, ਜ਼ਾਹਰ ਜ਼ਹੂਰ ਡਗਮਗਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸੰਗ ਆਪ ਰਖਾਈਆ । ਸਤਿਸੰਗ ਕਹੇ ਜਿਸ ਮੈਨੂੰ ਪ੍ਰੇਮ ਨਾਲ ਕੀਤਾ, ਕਰਨੀ ਦਾ ਕਰਤਾ ਦਏ ਵਡਿਆਈਆ । ਉਹ ਹਰਿਜਨ ਹੋਏ ਪਤਿਤ ਪੁਨੀਤਾ, ਪਤਿਤ ਪਾਵਨ ਵੇਖ ਵਖਾਈਆ । ਮੇਰਾ ਇਸ਼ਾਰਾ ਵਸ਼ਿਸ਼ਟ ਨਾਲ ਕੀਤਾ ਰਾਮ ਨਾਲ ਸੀਤਾ, ਸੀਤਾ ਰਾਮ ਗਿਆ ਦ੍ਰਿੜਾਈਆ । ਭੇਵ ਖੁਲ੍ਹਾਇਆ ਕਾਹਨ ਅਰਜਨ ਵਿਚ ਗੀਤਾ, ਅਠਾਰਾਂ ਧਿਆਏ ਬੋਲਣ ਚਾਈਂ ਚਾਈਂਆ । ਪੈਗ਼ੰਬਰਾਂ ਕਿਹਾ ਮੇਰਾ ਖੇਲ ਅਵੱਲਾ ਚਰਚਾਂ ਬਾਹਰ ਮਸੀਤਾ, ਮਸਲਾ ਇਕੋ ਇਕ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਈਆ । ਸਤਿਸੰਗ ਕਹੇ ਮੇਰਾ ਲੇਖਾ ਨਾਲ ਰਸੂਲਾ, ਰਸਮ ਪਿਛਲੀ ਦਿਆਂ ਦ੍ਰਿੜਾਈਆ । ਮੇਰਾ ਹੁਕਮ ਇਕ ਮਾਕੂਲਾ, ਮੁਕੰਮਲ ਦਿਆਂ ਦ੍ਰਿੜਾਈਆ । ਜਿਸ ਨੂੰ ਅਵਤਾਰਾਂ ਕਿਹਾ ਚਰਨ ਧੂਲਾ, ਧੂੜੀ ਖ਼ਾਕ ਰਮਾਈਆ । ਉਸ ਨੂੰ ਪੈਗ਼ੰਬਰਾਂ ਕ਼ਦਮ ਬੋਸੀ ਕਹਿ ਕ਼ਬੂਲਾ, ਕ਼ਿਬਲੇ ਅਜ਼ ਅਜ਼ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਂਆ । ਸਤਿਸੰਗ ਕਹੇ ਮੇਰਾ ਮਾਲਕ ਨੂਰ ਅਲਾਹ, ਆਲਮੀਨ ਇਕ ਅਖਵਾਈਆ । ਜਿਹੜਾ ਬਿਨ ਵੰਝ ਮੁਹਾਣਿਉਂ ਹੋਏ ਮਲਾਹ, ਬੇੜਾ ਆਪਣੇ ਕੰਧ ਉਠਾਈਆ । ਜਿਸ ਪੈਗ਼ੰਬਰਾਂ ਦਿਤੀ ਸਲਾਹ, ਮੂਸਾ ਈਸਾ ਮੁਹੰਮਦ ਕਲਮਿਆਂ ਨਾਲ ਪੜ੍ਹਾਈਆ । ਅਬਾਦਤਖ਼ਾਨੇ ਮੇਰੇ ਬਣਨੇ ਗਵਾਹ, ਸ਼ਹਾਦਤ ਜਗਤ ਵਾਲੀ ਭੁਗਤਾਈਆ । ਜਮਾਤ ਵਿਚ ਬਹਿ ਕੇ ਖ਼ੁਦਾ ਅਗੇ ਕਰਨ ਦੁਆ, ਦੋਏ ਦਸਤ ਦਸਤ ਉਠਾਈਆ । ਮੈਂ ਸਭ ਦਾ ਰਹਿਨੁਮਾ, ਰਹਿਬਰ ਭੇਵ ਦਿਆਂ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਹੋਏ ਸਹਾਈਆ । ਸਤਿਸੰਗ ਕਹੇ ਮੈਨੂੰ ਮੂਸਾ ਦਿਤੀ ਤਰਜੀਹ, ਨੂਰੇ ਚਸ਼ਮ ਚਸ਼ਮ ਰੁਸ਼ਨਾਈਆ । ਜਿਸ ਦਾ ਮਾਲਕ ਇਕ ਤਲਵਜ਼ੀ, ਮੋਜ਼ੋਲੇ ਜੰਮ ਨੂਰ ਅਲਾਹੀਆ । ਜਿਸ ਦਾ ਹੁਕਮ ਦਾਇਰਾ ਅਗੰਮ ਵਸੀਹ, ਵਸੀਯਤ ਵਿਚ ਹੱਥ ਕਿਸੇ ਨਾ ਆਈਆ । ਉਸ ਨੇ ਦਿਤੀ ਸਚ ਤਰਜੀਹ, ਤਰੀਕ਼ੇ ਨਾਲ ਸੁਣਾਈਆ । ਜਿਸ ਨੇ ਮਾਲਕ ਲਭਣਾ ਰੱਬੀ, ਨੂਰ ਨੁਰਾਨਾ ਨੂਰ ਅਲਾਹੀਆ । ਉਹ ਮਵਿਸਤੀ ਮਦੀਉਲ ਦੁਆ ਦਸਤੇ ਦੁਆ ਗੋਸ਼ੇ ਜ਼ਮਾ ਜਮੂਵਲ ਜ਼ਮੀਅਲ ਜ਼ਮਨੇ ਜ਼ੱਰੇ ਜ਼ੱਰੇ ਤਕੇ ਅਗੰਮ ਅਥਾਹੀਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਥ ਆਪ ਬਣਾਈਆ । ਸਤਿਸੰਗ ਕਹੇ ਮੈਨੂੰ ਈਸਾ ਕੀਤਾ ਪਰਵਾਨ, ਮਨਜ਼ੂਰੀ ਹਜ਼ੂਰੀ ਵਿਚੋਂ ਆਈਆ । ਜਿਸ ਇਕ ਉਤੇ ਇਕ ਲਾਇਆ ਈਮਾਨ, ਇਕ

੩੮੧

ਇਕ ਨਾਲ ਮਿਲਾਈਆ । ਕਲਮਾ ਗਾਂਦੇ ਬਿਨਾ ਜ਼ਬਾਨ, ਸੋਹਲਾ ਸੋਹਲਿਆਂ ਵਿਚੋਂ ਸਮਝਾਈਆ । ਜਿਸ ਮਿਲਣਾ ਰਹੀਮ ਰਹਿਮਾਨ, ਨੂਰ ਨੁਰਾਨਾ ਵੇਖਣਾ ਚਾਈਂ ਚਾਈਂਆ । ਉਹ ਮੇਰਾ ਪਿਆਰ ਕਰੇ ਪਰਵਾਨ, ਸੰਗੀ ਬਣਕੇ ਸਾਚਾ ਸੰਗ ਬਣਾਈਆ । ਜਿਸ ਵਿਚ ਦੁਖ ਮਿਲੇ ਮਹਾਨ, ਸੁਖ ਨਜ਼ਰ ਕੋਇ ਨਾ ਆਈਆ । ਯੂਨਾਹ ਧਰਤੀ ਉਤੇ ਲਾਇਆ ਨਿਸ਼ਾਨ, ਉਂਗਲਾਂ ਦਸ ਦਸ ਸੁਹਾਈਆ । ਕੀ ਖੇਲ ਕਰੇ ਨਿਗਾਹਬਾਨ, ਬਿਨ ਨੈਣਾਂ ਨੈਣ ਉਠਾਈਆ । ਈਸਾ ਤਕ ਕੇ ਉਤੇ ਅਸਮਾਨ, ਗਾਡ ਗੁਡ ਕਹਿ ਕੇ ਸੀਸ ਨਿਵਾਈਆ । ਮੇਰਾ ਬਾਪ ਵੱਡਾ ਪਹਿਲਵਾਨ, ਸੂਰਬੀਰ ਅਖਵਾਈਆ । ਜਿਸ ਨੇ ਮੇਰੀ ਬੀਸਵੀਂ ਸਦੀ ਕਰਨੀ ਕਲਿਆਣ, ਬੀਸ ਬੀਸਾ ਨੂਰ ਅਲਾਹੀਆ । ਸਭ ਦਾ ਰਖੇ ਆਪ ਧਿਆਨ, ਵੇਖਣਹਾਰਾ ਥਾਉਂ ਥਾਈਂਆ । ਇਕੱਠੇ ਹੋ ਕੇ ਉਸ ਦਾ ਗਾਈਏ ਗਾਣ, ਤੂੰ ਹੀ ਪਿਤਾ ਤੂੰ ਹੀ ਮਾਈਆ । ਸਤਿਸੰਗ ਕਹੇ ਹਜ਼ਰਤ ਈਸਾ ਬਣਾਇਆ ਵਿਧਾਨ, ਸ਼ਰਅ ਸ਼ਰੀਅਤ ਸੰਗ ਜਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਸਤਿਸੰਗ ਕਹੇ ਮੇਰਾ ਲੇਖਾ ਨਾਲ ਬੇਨਜ਼ੀਰ, ਜਗ ਨੇਤਰ ਨਜ਼ਰ ਕਿਸੇ ਨਾ ਆਈਆ । ਮੇਰਾ ਮਾਲਕ ਖ਼ਾਲਕ ਦਸਤਗੀਰ, ਦਾਮਨਗੀਰ ਨੂਰ ਅਲਾਹੀਆ । ਜਿਸ ਸ਼ਰਅ ਦੇ ਪਾਏ ਜ਼ੰਜੀਰ, ਕੁੰਡੀ ਸਕੇ ਨਾ ਕੋਇ ਤੁੜਾਈਆ । ਉਸ ਸੰਦੇਸ਼ਾ ਦਿਤਾ ਅਖੀਰ, ਅੱਖਰ ਅਲਿਫ਼ ਯੇ ਨਾਲ ਮਿਲਾਈਆ । ਨਾਮ ਕਲਮੇ ਦੀ ਦੱਸੀ ਤਦਬੀਰ, ਤਰੀਕਾ ਦਿਤਾ ਸਮਝਾਈਆ । ਮੇਰਾ ਮਾਲਕ ਪੀਰਾਂ ਦਾ ਪੀਰ, ਪਰਵਰਦਿਗਾਰ ਨੂਰ ਅਲਾਹੀਆ । ਜੋ ਲਹਿਣਾ ਦੇਣਾ ਜਾਣੇ ਸ਼ਾਹ ਹਕੀਰ, ਫ਼ਕੀਰ ਦਰਵੇਸ਼ਾਂ ਮੇਲ ਮਿਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਸੁਣਾਈਆ ।  ਸਤਿਸੰਗ ਕਹੇ ਮੇਰੀ ਧਾਰ ਨਿਆਰੀ, ਨਿਰਾਕਾਰ ਦਿਤੀ ਵਡਿਆਈਆ । ਮੇਰਾ ਲਹਿਣਾ ਦੇਣਾ ਨਾਲ ਮੁਹੰਮਦ ਚਾਰ ਯਾਰੀ, ਅਬੂ ਬਕਰ ਸ਼ਹਾਦਤ ਦਏ ਭੁਗਤਾਈਆ । ੩੮੨ ਐਲੀ ਕੂਕ ਕੂਕ ਗਿਆ ਪੁਕਾਰੀ, ਤੂੰ ਹੀ ਤੂੰ ਹੀ ਰਾਗ ਸੁਣਾਈਆ । ਮੁਹੰਮਦ ਕੀਤਾ ਕੌਲ ਇਕ਼ਰਾਰੀ, ਵਾਅਦਾ ਵਾਅਦਿਆਂ ਵਿਚ ਜਣਾਈਆ । ਚਾਰ ਯਾਰ ਕਰਿਓ ਨਾ ਕੋਇ ਤਕਰਾਰੀ, ਝਗੜਾ ਦੁਨੀ ਨਾ ਕੋਇ ਰਖਾਈਆ । ਸਜਦਾ ਕਰਨਾ ਪਰਵਰਦਿਗਾਰੀ, ਦੋਏ ਜੋੜ ਵਾਸਤਾ ਪਾਈਆ । ਤੂੰ ਸ਼ਹਿਨਸ਼ਾਹ ਇਕ ਸਿਕਦਾਰੀ, ਪਾਤਸ਼ਾਹ ਨੂਰ ਅਲਾਹੀਆ । ਤੇਰੀ ਮਿਲ ਕੇ ਕਰੀਏ ਦਾਰੀ, ਦੀਨ ਦੁਨੀ ਦੇ ਮਾਲਕ ਦੇਣੀ ਵਡਿਆਈਆ । ਸਤਿਸੰਗ ਕਹੇ ਮੈਨੂੰ ਯਾਦ ਉਹ ਦਿਹਾਰੀ, ਦਿਵਸ ਰੈਣ ਵੇਖ ਵਖਾਈਆ । ਉਨੀ ਜੇਠ ਅਗੰਮੀ ਵਾਰੀ, ਵਾਰਤਾ ਪਿਛਲੀ ਦਿਆਂ ਸਮਝਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਆਪ ਖੁਲ੍ਹਾਈਆ । ਸਤਿਸੰਗ ਕਹੇ ਮੈਨੂੰ ਸਭ ਨੇ ਕੀਤਾ ਮਨਜ਼ੂਰ, ਮੁਤਲਾ ਸਭ ਨੂੰ ਦਿਆਂ ਕਰਾਈਆ । ਮੇਰਾ ਲਹਿਣਾ ਦੇਣਾ ਸੂਫ਼ੀਆਂ ਭਗਤਾਂ ਨਾਲ ਜ਼ਰੂਰ, ਜ਼ਰੂਰਤ ਸਭ ਦੀ ਵੇਖ ਵਖਾਈਆ । ਸਾਚਾ ਸਤਿਸੰਗੀ ਨੂਰੇ ਜ਼ਵਾ ਬਿਨ ਰਸਨਾ ਕਿਹਾ ਮਨਸੂਰ, ਖ਼ੁਦ ਖ਼ੁਦਾ ਇਕ ਅਖਵਾਈਆ । ਜਿਸ ਦਾ ਪੰਧ ਨਹੀਂ ਕੋਈ ਦੂਰ, ਦੂਰ ਨੇੜਾ ਵੰਡ ਨਾ ਕੋਇ ਵੰਡਾਈਆ । ਜਿਸ ਨੇ ਮੂਸਾ ਮੁਸਲਸਲ ਇਸ਼ਾਰਾ ਕੀਤਾ ਤੂਰ, ਤੁਰੀਆ ਤੋਂ ਬਾਹਰ ਦਿਆਂ ਜਣਾਈਆ । ਜਿਸ ਈਸਾ ਸਲੀਵ ਉਤੇ ਕੀਤਾ ਮਨਜ਼ੂਰ, ਮਿਹਰਵਾਨ ਹੋ ਕੇ ਵੇਖ ਵਖਾਈਆ । ਸਤਿਸੰਗ ਕਹੇ ਉਹ ਮਾਲਕ ਸੁਆਮੀ ਸਭ ਦੀ ਜ਼ਰੂਰਤ ਪੂਰੀ ਕਰੇ ਜ਼ਰੂਰ, ਜ਼ਾਹਰ ਜ਼ਹੂਰ ਵੇਖ ਵਖਾਈਆ । ਕਲਜੁਗ ਅੰਤਮ ਕਿਰਿਆ ਮੇਟੇ ਕੂੜ, ਕੂੜੀ ਬਾਹਰ ਕਢਾਈਆ । ਜਨ ਭਗਤਾਂ ਬਖ਼ਸ਼ ਕੇ ਚਰਨ ਧੂੜ, ਧੂੜੀ ਟਿੱਕੇ ਖ਼ਾਕ ਰਮਾਈਆ । ਜਿਸ ਦਾ ਆਦਿ ਜੁਗਾਦਿ ਸਚਾ ਦਸਤੂਰ, ਹੁਕਮ ਹੁਕਮ ਵਿਚੋਂ ਬਦਲਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਿਰ ਸਿਰ ਆਪਣਾ ਹੱਥ ਟਿਕਾਈਆ । ਸਤਿਸੰਗ ਕਹੇ ਜਨ ਭਗਤੋ ਮੇਰੀ ਸਾਚੀ ਰੰਗਤ, ਰੰਗਣਹਾਰ ਇਕ ਅਖਵਾਈਆ । ਜਿਸ ਦੇ ਦਰ ਦੇ ਸਾਰੇ ਬਣੋ ਮੰਗਤ, ਭਿਖਿਆ

ਨਾਮ ਵਾਲੀ ਵਰਤਾਈਆ । ਚਾਰ ਵਰਨ ਬਣਾਏ ਇਕੋ ਸੰਗਤ, ਊਚ ਨੀਚ ਨਜ਼ਰ ਕੋਇ ਨਾ ਆਈਆ । ਧਰਮ ਦੀ ਧਾਰ ਬਣੇ ਪੰਡਤ, ਬੋਧ ਅਗਾਧਾ ਦਏ ਸਮਝਾਈਆ । ਗੜ੍ਹ ਤੋੜ ਕੇ ਹਉਮੇ ਹੰਗਤ, ਹੰ ਬ੍ਰਹਮ ਭੇਵ ਚੁਕਾਈਆ । ਸਚ ਦੁਆਰ ਬਣਾਏ ਆਪਣੀ ਸੰਗਤ, ਸਤਿ ਸਤਿ ਵਿਚ ਮਿਲਾਈਆ । ਅੰਤਮ ਲੇਖਾ ਮੁਕੇ ਵਿਚ ਜੀਵ ਜੰਤ, ਲੱਖ ਚੁਰਾਸੀ ਰਹੇ ਨਾ ਰਾਈਆ । ਆਤਮ ਪਰਮਾਤਮ ਮੇਲਾ ਮੇਲੇ ਧੁਰ ਦਾ ਕੰਤ, ਕੰਤੂਹਲ ਹੋਏ ਸਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਜਿਸ ਦਾ ਖੇਲ ਆਦਿ ਅੰਤ, ਜੁਗਾ ਜੁਗੰਤ ਧੁਰ ਦਾ ਹੁਕਮ ਵਰਤਾਈਆ ।

✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਤਰਸੇਮ ਸਿੰਘ ਦੇ ਗ੍ਰਿਹਿ ਭਲਾਈਪੁਰ ਡੋਗਰਾਂ ਜ਼ਿਲਾ ਅੰਮ੍ਰਿਤਸਰ ✪

ਸਾਚਾ ਸੰਗੀ ਪੁਰਖ ਅਬਿਨਾਸ਼ੀ, ਅਬਿਨਾਸ਼ੀ ਕਰਤਾ ਇਕ ਅਖਵਾਈਆ । ਜੋ ਧਰਮ ਦੀ ਧਾਰ ਪਾਵੇ ਰਹਿਰਾਸੀ, ਖ਼ੁਸ਼ੀ ਖ਼ੁਸ਼ੀ ਵਿਚੋਂ ਪਰਗਟਾਈਆ । ਜਿਸ ਨੇ ਗੁਰੂ ਗੁਰਦੇਵ ਬਣਾਏ ਦਾਸ ਦਾਸੀ, ਸੇਵਕ ਸੇਵਾ ਵਿਚ ਰਖਾਈਆ । ਭੇਵ ਖੁਲ੍ਹਾ ਕੇ ਪ੍ਰਿਥਮੀ ਆਕਾਸ਼ੀ, ਪਰਦਾ ਦੋ ਜਹਾਨ ਚੁਕਾਈਆ । ਸਚ ਦੁਆਰ ਦਾ ਬਣ ਕੇ ਵਾਸੀ, ਸੰਦੇਸ਼ਾ ਦਿਤਾ ਚਾਈਂ ਚਾਈਂਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਦਰ ਇਕ ਵਖਾਈਆ । ਸਾਚਾ ਸਤਿਸੰਗੀ ਸਤਿਗੁਰ ਪੁਰਖ ਦੇਵੀ ਦੇਵ, ਦੇਵ ਆਤਮਾ ਦਏ ਵਡਿਆਈਆ । ਜਿਸ ਦਾ ਖੇਲ ਅਲਖ ਅਭੇਵ, ਅਗੋਚਰ ਕਹਿਣ ਕਿਛ ਨਾ ਪਾਈਆ । ਜੋ ਜਨ ਭਗਤਾਂ ਦੇਵੇ ਅੰਤਰ ਆਤਮ ਸਾਚਾ ਮੇਵ, ਮਿਹਰਵਾਨ ਹੋ ਕੇ ਵੇਖ ਵਖਾਈਆ । ਨਾਮ ਜਪਾਵੇ ਰਸਨਾ ਜਿਹਵ, ਪਵਣ ਸਵਾਸਾਂ ਨਾਲ ਵਡਿਆਈਆ । ਧਾਮ ਵਖਾਏ ਇਕ ਨਿਹਕੇਵ, ਨਿਹਚਲ ਆਪਣਾ ਦਰ ਸੁਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਸਤਿਸੰਗ ਵੇਖਿਆ ਗੋਬਿੰਦ ਧਾਰ, ਦਸ ਦਸ ਆਪਣਾ ਭੇਵ ਚੁਕਾਈਆ । ਨਾਨਕ ਕੀਤਾ ਨਾਲ ਪਿਆਰ, ਪ੍ਰੇਮ ਪ੍ਰੀਤੀ ਵਿਚ ਵਡਿਆਈਆ । ਨਾਮ ਸਤਿ ਬਣਾ ਕੇ ਯਾਰ, ਮਿਤਰ ਪਿਆਰਾ ਮੇਲ ਮਿਲਾਈਆ । ਢੋਲਾ ਗਾਇਆ ਅਗੰਮ ਅਪਾਰ, ਸੋਹੰ ਸਾਚਾ ਸਹਿਜ ਸੁਖਦਾਈਆ । ਨਾਲ ਸੁਰੰਗੀ ਵਜਾਈ ਸਿਤਾਰ, ਤੂੰ ਹੀ ਤੂੰ ਹੀ ਰਾਗ ਜਣਾਈਆ । ਸਤਿਸੰਗ ਵਖਾਇਆ ਵਿਚ ਸੰਸਾਰ, ਜੀਵਾਂ ਜੰਤਾਂ ਸਾਧਾਂ ਸੰਤਾਂ ਕਰ ਪੜ੍ਹਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਅਖਵਾਈਆ । ਸਤਿਸੰਗ ਕਹੇ ਮੇਰਾ ਗੁਰੂਆਂ ਦਿਤਾ ਸੰਦੇਸ਼, ਦੀਨ ਦੁਨੀ ਜਣਾਈਆ । ਮੇਰਾ ਸਭ ਤੋਂ ਵਖਰਾ ਉਪਦੇਸ਼, ਉਪਨਿਸ਼ਦਾਂ ਵੇਖਣ ਨੈਣ ਉਠਾਈਆ । ਚੁਕੰਨਾ ਹੋਇਆ ਗਣਪਤ ਗਣੇਸ਼, ਵਿਸ਼ਨ ਬ੍ਰਹਮਾ ਸ਼ਿਵ ਲਏ ਅੰਗੜਾਈਆ । ਮੇਰਾ ਲਹਿਣਾ ਦੇਣਾ ਨਾਲ ਦਸ ਦਸਮੇਸ਼, ਗੋਬਿੰਦ ਢੋਲਾ ਗਾਇਆ ਧੁਰ ਦਾ ਮਾਹੀਆ । ਚਾਰ ਵਰਨਾਂ ਇਕ ਜਣਾ ਕੇ ਭੇਸ, ਮਾਰਗ ਇਕੋ ਇਕ ਲਗਾਈਆ । ਸਤਿਸੰਗ ਦੱਸਿਆ ਮੁੱਛ ਦਾੜ੍ਹੀ ਰਖਣਾ ਕੇਸ, ਕੇਸਗੜ੍ਹ ਦਿਤੀ ਵਡਿਆਈਆ । ਬੁੱਧੀ ਰਹੇ ਨਾ ਕੋਇ ਮਲੇਛ, ਕੂੜੀ ਕਿਰਿਆ ਬਾਹਰ ਕਢਾਈਆ । ਪੁਰਖ ਅਕਾਲ ਜਣਾਇਆ ਨਰੇਸ਼, ਨਰ ਨਰਾਇਣ ਨੂਰ ਅਲਾਹੀਆ । ਜਿਸ ਸਤਿਸੰਗ ਵਿਚ ਸਾਰੇ ਹੋਏ ਪੇਸ਼, ਪੇਸ਼ੀਨਗੋਈਆਂ ਆਪਣੇ ਹੱਥ ਰਖਾਈਆ । ਜਿਸ ਦਾ ਵਿਸ਼ਾ ਇਕ ਵਿਸ਼ੇਸ਼, ਵਿਸ਼ਵ ਦਾ ਆਪਣਾ ਭੇਵ ਚੁਕਾਈਆ । ਕਲਜੁਗ ਹੋਣਾ ਅੰਤ ਕਲੇਸ਼, ਕਲਧਾਰੀ ਹੋਏ ਲੋਕਾਈਆ । ਫੇਰ ਭਾਗ ਲਗਣਾ ਸੰਬਲ ਦੇਸ, ਸਾਢੇ ਤਿੰਨ ਹੱਥ ਵਜੇ ਵਧਾਈਆ । ਜੋਤੀ

੩੮੩

ਜਾਤਾ ਹੋਏ ਪਰਵੇਸ਼, ਪਰਾ ਪਸੰਤੀ ਮਧਮ ਬੈਖਰੀ ਦਾ ਪੜਦਾ ਆਪ ਚੁਕਾਈਆ । ਨਿਰਗੁਣ ਧਾਰ ਲਿਖੇ ਲੇਖ, ਲੇਖ ਲੇਖਣੀ ਦੇਵੇ ਮਾਣ ਵਡਿਆਈਆ । ਦੀਨ ਦੁਨੀ ਦੀ ਬਦਲੇ ਰੇਖ, ਰਿਖੀਆਂ ਮੁਨੀਆਂ ਪੰਧ ਚੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੁਆਰ ਇਕ ਸੁਹਾਈਆ । ਸਤਿਸੰਗ ਕਹੇ ਮੈਨੂੰ ਗੋਬਿੰਦ ਕੀਤਾ ਲਲਕਾਰ, ਬਿਨਾ ਸ਼ਰਅ ਤੋਂ ਸ਼ਰਅ ਜਣਾਈਆ । ਖੰਡੇ ਖੜਗ ਦੀ ਦੱਸ ਚਮਕਾਰ, ਜਗਤ ਅੰਧੇਰਿਆਂ ਪੰਧ ਮੁਕਾਈਆ । ਪੁਰਖ ਅਕਾਲ ਅਗੇ ਕਿਹਾ ਪੁਕਾਰ, ਕੂਕ ਕੂਕ ਸੁਣਾਈਆ । ਤੂੰ ਸਤਿਸੰਗੀ ਮੇਰਾ ਯਾਰ, ਯਾਰੜੇ ਤੇਰੀ ਸੇਜ ਲਵਾਂ ਹੰਢਾਈਆ । ਮੇਰਾ ਲੇਖਾ ਵੇਖ ਵਿਚ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਨਾਲ ਮਿਲਾਈਆ । ਮੈਂ ਸੰਦੇਸ਼ਾ ਦੇਵਾਂ ਗੁਰਸਿਖੋ ਆਪਣੀ ਵਾਰ, ਗੁਰਮੁਖਾਂ ਦਿਆਂ ਜਣਾਈਆ । ਸਤਿਸੰਗੀਓ ਰਹਿਣਾ ਸਦਾ ਤਿਆਰ, ਸਤਿ ਸਤਿ ਨਾਲ ਵਡਿਆਈਆ । ਅੰਮ੍ਰਿਤ ਦੇ ਕੇ ਠੰਢਾ ਠਾਰ, ਰਸ ਅੰਮਿਉਂ ਦਿਤਾ ਚੁਆਈਆ । ਪੰਚਮ ਮੀਤਾ ਬਣ ਕੀਤਾ ਸਚ ਪਿਆਰ, ਪ੍ਰੀਤ ਪ੍ਰੀਤੀ ਵਿਚੋਂ ਪਰਗਟਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦਾ ਦੁਆਰ ਇਕ ਸਮਝਾਈਆ । ਸਤਿਸੰਗ ਕਹੇ ਮੇਰਾ ਗੋਬਿੰਦ ਕੀਤਾ ਇਕੱਠ, ਸੋਹਣੀ ਦਿਤੀ ਵਡਿਆਈਆ । ਧੀਰਜ ਧਰਮ ਦਾ ਬਖ਼ਸ਼ਿਆ ਹਠ, ਸੰਤੋਖ ਗੁਰਮੁਖਾਂ ਝੋਲੀ ਪਾਈਆ । ਪ੍ਰੇਮ ਪ੍ਰੀਤੀ ਖੋਲ੍ਹਿਆ ਹੱਟ, ਵਣਜਾਰਾ ਬਣਿਆ ਧੁਰ ਦਾ ਮਾਹੀਆ । ਜਿਸ ਇਕੱਠੇ ਕੀਤੇ ਛੀਂਬੇ ਝੀਵਰ ਨਾਈ ਜੱਟ, ਗ਼ਰੀਬਾਂ ਅੰਗ ਲਗਾਈਆ । ਦੁਖੀਆਂ ਦਰਦ ਮੇਟ ਕੇ ਫੱਟ, ਪੱਟੀ ਨਾਮ ਵਾਲੀ ਬੰਧਾਈਆ । ਜਗਤ ਸ਼ਰਅ ਦੀ ਡੋਰੀ ਕਟ, ਕਟਾਕਸ਼ ਆਪਣਾ ਨਾਮ ਲਗਾਈਆ । ਦੂਈ ਦੁਵੈਤੀ ਮੇਟ ਕੇ ਵਟ, ਵਟਣਾ ਮਲਿਆ ਚਾਈਂ ਚਾਈਂਆ । ਸਤਿਸੰਗ ਕਹੇ ਗੁਰਸਿਖਾਂ ਸਾਚਾ



ਲਾਹਾ ਲਿਆ ਖਟ, ਖਟਕਾ ਜਨਮ ਰਿਹਾ ਨਾ ਰਾਈਆ । ਜਿਨ੍ਹਾਂ ਇਕੋ ਨਾਮ ਲਿਆ ਰਟ, ਵਾਹਵਾ ਵਾਹਿਗੁਰੂ ਤੇਰੀ ਬੇਪਰਵਾਹੀਆ । ਸਤਿਸੰਗ ਕਹੇ ਮੈਂ ਸ਼ੁਕਰਾਨੇ

੩੮੪

ਵਿਚ ਜੋੜੇ ਹੱਥ, ਖ਼ੁਸ਼ੀਆਂ ਵਿਚ ਖ਼ੁਸ਼ੀ ਬਣਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਸਰਬ ਕਲਾ ਸਮਰਥ, ਮਹਿੰਮਾ ਕਥ ਕਥ ਜਣਾਈਆ ।

### ✪ ੧੯ ਜੇਠ ਸ਼ਹਿਨਸ਼ਾਹੀ ਸੰਮਤ ੧੧ ਫੌਜਾ ਸਿੰਘ ਦੇ ਘਰ ਰਾਤ ਨੂੰ ਪਿੰਡ ਭਲਾਈਪੁਰ ਡੋਗਰਾਂ ਖੇਤਾਂ ਵਿਚ ਜ਼ਿਲਾ ਅੰਮ੍ਰਿਤਸਰ ✪

ਧਰਨੀ ਕਹੇ ਮੇਰਾ ਸੀਨਾ ਹੋਇਆ ਠੰਡਾ, ਨੌਂ ਸੌ ਚੁਰਾਨਵੇ ਚੌਕੜੀ ਜੁਗ ਦੀ ਅਗਨ ਦਿਤੀ ਬੁਝਾਈਆ । ਮੈਂ ਨਾਮ ਨਿਧਾਨ ਸ੍ਰੀ ਭਗਵਾਨ ਤੇਰਾ ਇਕੋ ਵੰਡਾ, ਨਵ ਸੱਤ ਭੱਜਾਂ ਵਾਹੋ ਦਾਹੀਆ । ਝਟ ਬਿਨਾ ਕਦਮਾਂ ਤੋਂ ਚਲ ਕੇ ਆ ਗਿਆ ਨਾਰਦ ਪੰਡਾ, ਸ਼ਬਦੀ ਸ਼ਬਦ ਰੂਪ ਦਰਸਾਈਆ । ਧਰਨੀਏ ਨਿਗਾਹ ਮਾਰ ਲੈ ਵਿਚ ਵਰਭੰਡਾ, ਦੋ ਜਹਾਨ ਅੱਖ ਖੁਲ੍ਹਾਈਆ । ਨਾਲ ਤਕ ਲੈ ਕਲਜੁਗ ਅਖ਼ੀਰੀ ਕੰਢਾ, ਕੰਢੀ ਘਾਟ ਖੋਜ ਖੁਜਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਮਾਲਕ ਇਕ ਗੁਸਾਈਆ । ਨਾਰਦ ਕਹੇ ਧਰਨੀ ਆਪਣੀ ਸਿੱਧੀ ਕਰ ਲੈ ਨੀਤ, ਨੀਤੀਵਾਨ ਦਇਆ ਕਮਾਈਆ । ਸਤਿਜੁਗ ਤ੍ਰੇਤਾ ਦੁਆਪਰ ਵਾਲੀ ਤਕ ਲੈ ਪ੍ਰੀਤ, ਪ੍ਰੀਤਮ ਹੋ ਕੇ ਕੀ ਸਮਝਾਈਆ । ਨਾਲੇ ਜ਼ੋਰ ਦੀ ਮਾਰ ਕੇ ਚੀਕ, ਚੀਕ ਚਿਹਾੜਾ ਦਿਤਾ ਪਾਈਆ । ਫੇਰ ਹਸ ਕੇ ਕਿਹਾ ਮੇਰੇ ਸਾਹਿਬ ਵਿਚ ਹਕ ਤੌਫ਼ੀਕ਼, ਜੋ ਤੋਫ਼ੇ ਦੇਵੇ ਥਾਉਂ ਥਾਈਂਆ । ਜਗਤ ਨਿਸ਼ਾਨ ਵੇਖ ਲੈ ਜਿਥੇ ਬਾਲਮੀਕ ਮਾਰੀ ਲੀਕ, ਲਾਈਨ ਲਾਈਨ ਵਿਚੋਂ ਸਮਝਾਈਆ । ਜਿਸ ਦੀ ਕਰਦੀ ਰਹੀਉਂ ਉਡੀਕ, ਆਪਣਾ ਧਿਆਨ ਲਗਾਈਆ । ਉਹ ਮਿਤਰ ਪਿਆਰਾ ਧੁਰ ਦਾ ਮੀਤ, ਯਾਰੜਾ ਹਕ ਸਮਾਈਆ । ਜੋ ਵਸਣਹਾਰਾ ਚੀਤ,

੩੮੫

ਠਗੌਰੀ ਚਿਤ ਦਏ ਮਿਟਾਈਆ । ਜਿਸ ਦਾ ਢੋਲਾ ਇਕੋ ਗੀਤ, ਗੋਬਿੰਦ ਮੇਲਾ ਸਹਿਜ ਸੁਭਾਈਆ । ਕਰਨਹਾਰਾ ਪਤਿਤ ਪੁਨੀਤ, ਪਰਮ ਪੁਰਖ ਇਕ ਅਖਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਧੁਰ ਦਾ ਵਰ, ਧੁਰ ਲੇਖ ਆਪ ਸਮਝਾਈਆ । ਧਰਨੀ ਕਹੇ ਨਾਰਦਾ ਮੇਰੀ ਅੰਤਰ ਆਈ ਵਿਚਾਰ, ਵਿਚਰਕੇ ਦਿਆਂ ਸੁਣਾਈਆ । ਮੇਰਾ ਤ੍ਰੇਤੇ ਜੁਗ ਦਾ ਵੇਖ ਵਿਹਾਰ, ਪਰਦਾ ਪਰਦਿਆਂ ਵਿਚੋਂ ਉਠਾਈਆ । ਮੈਨੂੰ ਬਾਲਮੀਕ ਦਿਤਾ ਅਧਾਰ, ਲਹਿਣਾ ਲਹਿਣਿਆਂ ਵਿਚੋਂ ਬਾਹਰ ਕਢਾਈਆ । ਬਿਨ ਹੱਥਾਂ ਤੋਂ ਮਾਰ ਲਕਾਰ, ਚਰਨ ਚਰਨ ਨਾਲ ਬਦਲਾਈਆ । ਨਾਲੇ ਕੂਕ ਕੇ ਕੀਤੀ ਪੁਕਾਰ, ਦੋ ਜਹਾਨ ਕੀਤੀ ਸ਼ਨਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਖੇਲ ਆਪ ਖਿਲਾਈਆ । ਧਰਨੀ ਕਹੇ ਮੇਰਾ ਜਗਤ ਪੁਰਾਣਾ ਲੇਖਾ, ਲਿਖਤੀ ਸਬੂਤ ਦਿਆਂ ਜਣਾਈਆ । ਜਿਸ ਵਿਚ ਰਹੇ ਨਾ ਕੋਇ ਭੁਲੇਖਾ, ਭਾਂਡਾ ਭਰਮ ਭਉ ਭੰਨਾਈਆ । ਬਾਲਮੀਕ ਦੇ ਕੇ ਗਿਆ ਸੰਦੇਸ਼ਾ, ਸੰਧਿਆ ਸਰਘੀ ਬਾਹਰ ਸੁਣਾਈਆ । ਜੋ ਮਾਲਕ ਰਹੇ ਹਮੇਸ਼ਾ, ਨਿਰਗੁਣ ਨੂਰ ਨੂਰ ਅਲਾਹੀਆ । ਉਹ ਕਲਜੁਗ ਧਾਰੇ ਆਪਣਾ ਭੇਸਾ, ਭੇਖਾਧਾਰੀ ਬੇਪ੍ਰਵਾਹੀਆ । ਸੰਬਲ ਸੁਹਾਏ ਆਪਣਾ ਦੇਸਾ, ਸਾਢੇ ਤਿੰਨ ਹੱਥ ਵਜੇ ਵਧਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦੀ ਕਰਨੀ ਕਾਰ ਕਮਾਈਆ । ਧਰਨੀ ਕਹੇ ਜਿਸ ਵੇਲੇ ਬਾਲਮੀਕ ਲੀਕ ਮਾਰੀ ਮੇਰੀ ਸੋਈ ਸੁਰਤੀ ਜਾਗੀ, ਆਲਸ ਨਿੰਦਰਾ ਰਹੀ ਨਾ ਰਾਈਆ । ਮੈਂ ਬਿਨ ਕ਼ਦਮਾਂ ਤੋਂ ਭਾਗੀ, ਭੱਜੀ ਵਾਹੋ ਦਾਹੀਆ । ਮੈਂ ਤਕਾਂ ਕੰਤ ਸੁਹਾਗੀ, ਹਰਿ ਕਰਤਾ ਧੁਰਦਰਗਾਹੀਆ । ਜੁਗ ਬਦਲਣਾ ਜਿਸ ਦੀ ਵਾਦੀ, ਵਾਅਦੇ ਸਭ ਦੇ ਪੂਰ ਕਰਾਈਆ । ਉਦੋਂ ਏਸ ਥਾਂ ਨੌ ਘਰ ਬ੍ਰਾਹਮਣਾਂ ਦੀ ਹੁੰਦੀ ਸੀ ਆਬਾਦੀ, ਪ੍ਰੋਹਤ ਆਪਣੀ ਖੇਲ ਖਿਲਾਈਆ । ਜਿਨ੍ਹਾਂ ਦੀ ਸਾਂਝੀ ਇਕ ਪੜਦਾਦੀ, ਨਵੀਤਾ ਨਾਮ ਬਾਲਮੀਕ ਗਿਆ ਸਮਝਾਈਆ । ਜਿਸ ਦਾ ਪੋਤਰਾ ਹੋਇਆ ਇਕ ਵੈਰਾਗੀ, ਮਨਸੂ ਕਹਿ ਕੇ ਸਾਰੇ ਗਾਈਆ । ਉਹ ਗਊਆਂ ਬਣਿਆ ਵਾਗੀ, ਦਿਵਸ ਰੈਣ ਆਪਣੀ ਕਾਰ ਕਮਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਚੁਕਾਈਆ । ਬੈਰਾਗੀ ਬਾਈ ਸਾਲ ਦਾ ਨੌਜਵਾਨ, ਮਨਸਾ ਜਗਤ ਨਾ ਕੋਇ ਰਖਾਈਆ । ਬਾਲਮੀਕ ਤਕਿਆ ਨਾਲ ਧਿਆਨ, ਨੈਣ ਨੈਣਾਂ ਵਿਚ ਰਖਾਈਆ । ਝਟ ਉਸ ਨੂੰ ਆਇਆ ਗਿਆਨ, ਸੁਰਤੀ ਸੁਰਤ ਵਿਚੋਂ ਬਦਲਾਈਆ । ਨਿਗਾਹ ਮਾਰ ਜ਼ਿਮੀਂ ਅਸਮਾਨ, ਜਗਤ ਜਹਾਨ ਵੇਖ ਵਖਾਈਆ । ਸ਼ਬਦ ਸੁਣਿਆ ਬਿਨਾ ਕਾਨ, ਧੁਨ ਆਤਮਕ ਰਾਗ ਦ੍ਰਿੜਾਈਆ । ਇਹ ਰਿਸ਼ੀ ਬੜੇ ਮਹਾਨ, ਮਹਿੰਮਾ ਕਥ ਕਥ ਵਖਾਈਆ । ਝਟ ਵੈਰਾਗੀ ਹੋਇਆ ਸਵਾਧਾਨ, ਆਪਣੀ ਲਈ ਅੰਗੜਾਈਆ । ਦੁੱਧ ਦੋਹ ਲਿਆਵਾਂ ਇਸ ਨੂੰ ਦੇਵਾਂ ਦਾਨ, ਖ਼ੁਸ਼ੀਆਂ ਨਾਲ ਪਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਸਚ ਦੀ ਕਰਨੀ ਕਾਰ ਕਮਾਈਆ । ਬੈਰਾਗੀ ਦੁੱਧ ਲਿਆਇਆ ਦੋਹ, ਬਾਲਮੀਕ ਅਗੇ ਟਿਕਾਈਆ । ਰਸਨਾ ਬੁੱਲਾਂ ਨਾਲ ਲੈਣਾ ਛੋਹ, ਛੋਹਰ ਬਾਂਕਾ ਰਿਹਾ ਦ੍ਰਿੜਾਈਆ । ਅਗੋਂ ਬਾਲਮੀਕ ਪਿਆ ਰੋ, ਬਿਨ ਨੈਣਾਂ ਨੀਰ ਵਹਾਈਆ । ਮਿਤਰਾ ਤੇਰਾ ਪਿਆਰ ਮੇਰੀ ਮੁਹੱਬਤ ਰਿਹਾ ਮੋਹ, ਦੂਸਰ ਨਜ਼ਰ ਕੋਇ ਨਾ ਆਈਆ । ਨਾਲ ਇਸ਼ਾਰਾ ਅੰਤਸ਼ਕਰਨ ਕੀਤੀ ਲੋ, ਲੋਇਣ ਤੀਜਾ ਦਿਤਾ ਖੁਲ੍ਹਾਈਆ । ਬਿਨਾ ਰਾਮ ਤੋਂ ਨਜ਼ਰ ਆਵੇ ਨਾ ਕੋ, ਨੂਰ ਨੁਰਾਨਾ ਇਕ ਦਰਸਾਈਆ । ਨਾਮ ਸ਼ਬਦ ਸੁਣਾਇਆ ਸੋ, ਸੋਹੰ ਸ਼ਬਦ ਦਿਤੀ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਭੇਵ ਆਪ ਖੁਲ੍ਹਾਈਆ । ਧਰਨੀ ਕਹੇ ਬਾਲਮੀਕ ਦਿਤਾ ਇਕ ਪਿਆਰ, ਖ਼ੁਸ਼ੀਆਂ ਨਾਲ ਜਣਾਈਆ । ਤੇਰਾ ਦੁੱਧ ਦਾ ਮੇਰਾ ਉਧਾਰ, ਲੇਖਾ ਤੇਰੇ ਹੱਥ ਰਖਾਈਆ । ਨਿਗਾਹ ਮਾਰ ਲੈ ਵਿਚ ਸੰਸਾਰ, ਚਾਰੋਂ ਕੁੰਟ ਫੋਲ ਫੁਲਾਈਆ । ਬਿਨਾ ਪ੍ਰਭੂ ਤੋਂ ਮਿਤਰ ਨਾ ਕੋਇ

੩੮੬

ਮੁਰਾਰ, ਸੰਗੀ ਸੰਗ ਨਾ ਕੋਇ ਨਿਭਾਈਆ । ਉਹ ਤਕ ਤ੍ਰੇਤੇ ਹੋਣਾ ਰਾਮ ਅਵਤਾਰ, ਦੁਆਪਰ ਕਾਹਨ ਕਾਹਨ ਸਮਝਾਈਆ । ਕਲਜੁਗ ਵੇਖ ਲੈ ਧੂੰਆਂਧਾਰ, ਨੂਰੀ ਚੰਦ ਚੰਦ ਚਮਕਾਈਆ । ਅੰਤ ਕਲਜੁਗ ਹੋਣਾ ਅਵਤਾਰ, ਨਿਹਕਲੰਕਾ ਨਾਉਂ ਪਰਗਟਾਈਆ । ਜਿਸ ਨੂੰ ਸਮਝੇ ਨਾ ਕੋਇ ਵਿਚੋਂ ਸੰਸਾਰ, ਸੰਸਾਰੀ ਭੰਡਾਰੀ ਸੰਘਾਰੀ ਸੀਸ ਨਿਵਾਈਆ । ਉਹ ਬਣੇ ਭਗਤਾਂ ਸਹਾਰ, ਸਿਰ ਸਿਰ ਆਪਣਾ ਹੱਥ ਰਖਾਈਆ । ਝਟ ਬੈਰਾਗੀ ਬਾਲਮੀਕ ਚਰਨਾਂ ਉਤੇ ਕੀਤੀ ਨਿਮਸਕਾਰ, ਨਿਵ ਨਿਵ ਸੀਸ ਨਿਵਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਈਆ । ਬਾਲਮੀਕ ਕਿਹਾ ਵੈਰਾਗੀਆ ਕਲਜੁਗ ਅੰਤ ਤਕਣੀਆਂ ਮੌਜਾਂ, ਮਜਲਸ ਭਗਤਾਂ ਨਾਲ ਰਖਾਈਆ । ਤੇਰਾ ਨਾਮ ਹੋਵੇ ਸਿੰਘ ਫ਼ੌਜਾ, ਦੂਸਰ ਵੰਡ ਨਾ ਕੋਇ ਵੰਡਾਈਆ । ਤੇਰੀ ਭਗਤੀ ਦੀ ਧਾਰ ਹੋਵੇ ਉਦਾ, ਮੰਜ਼ਲ ਹਕ ਹਕ ਸਮਝਾਈਆ । ਤੇਰਾ ਨਾਮ ਹੋਣਾ ਸੋਹੰ ਸੋ ਦਾ, ਸੁਰਤੀ ਸ਼ਬਦ ਵਿਚ ਸਮਾਈਆ । ਜੋੜਾ ਬਣਨਾ ਇਕ ਦੋ ਦਾ, ਦੋਹਰੀ ਕਲ ਵਰਤਾਈਆ । ਉਸ ਵੇਲੇ ਜਗਤ ਲੇਖਾ ਹੋਣਾ ਖੋਹ ਖੋਹ ਦਾ, ਪ੍ਰੇਮ ਮੁਹੱਬਤ ਵਿਚ ਨਾ ਕੋਇ ਸਮਾਈਆ । ਬੈਰਾਗੀ ਕਿਹਾ ਮੈਨੂੰ ਮਿਲੀ ਵਸਤ ਅਥਾਹ, ਬਾਲਮੀਕ ਦਿਤੀ ਵਰਤਾਈਆ । ਰਿਸ਼ੀ ਜੀ ਮੇਰਾ ਬਣਨਾ ਅੰਤ ਗਵਾਹ, ਸ਼ਹਾਦਤ ਸਚ ਵਾਲੀ ਭੁਗਤਾਈਆ । ਜਿਸ ਵੇਲੇ ਵਕ਼ਤ ਸੁਹੰਜਣਾ ਗਿਆ ਆ, ਆਲਮ ਇਲਮ ਸੁਣਨ ਕੋਇ ਨਾ ਪਾਈਆ । ਲੇਖਾ ਦੇਖੇ ਬੇਪਰਵਾਹ, ਜੋ ਬੇਪਰਵਾਹੀ ਵਿਚ ਸਮਾਈਆ । ਮੈਂ ਰਸਨਾ ਜਿਹਵਾ ਬੱਤੀ ਦੰਦਾਂ ਨਾਲ ਲਿਆ ਗਾ, ਗਹਿਰ ਗੰਭੀਰ ਵਡ ਵਡਿਆਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਵਕ਼ਤ ਆਪ ਸੁਹਾਈਆ । ਬਾਲਮੀਕ ਹਸ ਜਣਾਉਂਦਾ ਏ । ਧੁਰ ਫ਼ਰਮਾਨ ਇਕ ਦ੍ਰਿੜਾਉਂਦਾ ਏ । ਭੇਵ ਅਭੇਦਾ ਆਪ ਖੁਲ੍ਹਾਉਂਦਾ ਏ । ਚਾਰੇ ਵੇਦਾਂ ਬਾਹਰ ਪੜ੍ਹਾਉਂਦਾ ਏ । ਅਛਲ ਅਛੇਦਾ ਵੇਖ ਵਖਾਉਂਦਾ ਏ । ਜੋਤੀ ਜਾਤਾ ਵੇਸ ਵਟਾਉਂਦਾ ਏ । ਸੰਬਲ ਦੇਸ ਸੋਭਾ ਪਾਉਂਦਾ ਏ । ਧਰਨੀ ਧਰਤ ਧਵਲ ਧੌਲ ਚਰਨ ਟਿਕਾਉਂਦਾ ਏ । ਜੁਗ ਵਿਛੜਿਆਂ ਮੇਲ ਮਿਲਾਉਂਦਾ ਏ । ਜਨਮ ਜਨਮ ਦਾ ਲਹਿਣਾ ਝੋਲੀ ਪਾਉਂਦਾ ਏ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਕਰਨੀ ਕਾਰ ਕਮਾਉਂਦਾ ਏ । ਸਚ ਕਰਨੀ ਕਾਰ ਕਮਾਵੇਗਾ । ਦੀਨ ਦਿਆਲ ਦਇਆ ਕਮਾਵੇਗਾ । ਨਿਰਗੁਣ ਹੋ ਕੇ ਵੇਖ ਵਖਾਵੇਗਾ । ਸਰਗੁਣ ਆਪਣਾ ਰੰਗ ਚੜ੍ਹਾਵੇਗਾ । ਧਰਨੀ ਧਰਤ ਵਾਅਦਾ ਕੌਲ ਇਕ਼ਰਾਰ ਕੀਤਾ ਪੂਰ ਕਰਾਵੇਗਾ । ਜਨ ਭਗਤਾਂ ਅੰਦਰ ਜਾਵੇ ਮਵਲ, ਆਪਣਾ ਖੇਲ ਖਿਲਾਵੇਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਹੁਕਮ ਇਕ ਵਰਤਾਵੇਗਾ । ਸਾਚਾ ਹੁਕਮ ਇਕ ਵਰਤਾਏਗਾ । ਪਰਮ ਪੁਰਖ ਖੇਲ ਖਿਲਾਏਗਾ । ਨਿਰਗੁਣ ਧਾਰ ਦਰਸ ਦਿਖਾਏਗਾ । ਜਨਮ ਜਨਮ ਦੀ ਹਰਸ ਮਿਟਾਏਗਾ । ਅੰਮ੍ਰਿਤ ਮੇਘ ਅਗੰਮ ਬਰਸਾਏਗਾ । ਘਰ ਸੁਆਮੀ ਦੇਵੇ ਦਰਸ, ਲੋਚਨ ਨੈਣ ਖੁਲ੍ਹਾਏਗਾ । ਜੋ ਮਾਲਕ ਹੋ ਕੇ ਵਸੇ ਉਤੇ ਅਰਸ਼, ਫ਼ਰਸ਼ ਆਪਣਾ ਪੜਦਾ ਲਾਹੇਗਾ । ਸੰਮਤ ਸ਼ਹਿਨਸ਼ਾਹੀ ਗਿਆਰਾਂ ਹੋਣਾ ਬਰਸ, ਬਰਸੀ ਆਪਣੇ ਨਾਲ ਮਿਲਾਏਗਾ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਸਾਹਿਬ ਇਕ ਅਖਵਾਏਗਾ । ਧਰਨੀ ਕਹੇ ਮੇਰੇ ਉਦੈ ਹੋਏ ਭਾਗ, ਭਗਵਨ ਦਿਤੀ ਵਡਿਆਈਆ । ਮੇਰੇ ਗ੍ਰਿਹਿ ਜਗਿਆ ਚਰਾਗ਼, ਜੋਤੀ ਜਾਤਾ ਡਗਮਗਾਈਆ । ਮੇਰੀ ਤ੍ਰਿਸ਼ਨਾ ਮਿਟੀ ਆਗ, ਅਗਨੀ ਅੱਗ ਨਾ ਕੋਇ ਤਪਾਈਆ । ਮੇਰੇ ਅੰਤਸ਼ਕਰਨ ਆਇਆ ਵੈਰਾਗ, ਵੈਰੀ ਅੰਦਰੋਂ ਬਾਹਰ ਕਢਾਈਆ । ਦੁਰਮਤ ਮੈਲ ਰਿਹਾ ਨਾ ਦਾਗ਼, ਪਾਪਾਂ ਹੋਈ ਸਫ਼ਾਈਆ । ਮੈਂ ਹੰਸ ਬਣ ਗਈ ਕਾਗ, ਮਾਣਕ ਮੋਤੀ ਚੋਗ ਚੁਗਾਈਆ । ਮੈਂ ਸੁੱਤੀ ਗਈ ਜਾਗ, ਨੇਤਰ ਲੋਚਨ ਨੈਣ ਅੱਖ ਖੁਲ੍ਹਾਈਆ । ਮੈਨੂੰ ਬਾਲਮੀਕ ਮਾਰੀ ਆਵਾਜ਼, ਸਹਿਜ ਸਹਿਜ ਨਾਲ ਸੁਣਾਈਆ । ਜੋਤੀ ਜੋਤ ਸਰੂਪ ਹਰਿ, ਆਪ

ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪਰਦਾ ਆਪ ਉਠਾਈਆ । ਧਰਨੀ ਕਹੇ ਮੇਰਾ ਵਕ਼ਤ ਸੁਹੰਜਣਾ ਹੋਇਆ ਜਗ, ਧਵਲ ਹੋ ਕੇ ਦਿਆਂ ਸੁਣਾਈਆ । ਬਾਲਮੀਕ ਨੇ ਮੇਰੇ ਉਤੇ ਰਖੇ ਪੱਬ, ਪਾਲ ਸਿੰਘ ਜਨਮ ਜਨਮ ਵਿਚੋਂ ਬਦਲਾਈਆ । ਵੈਰਾਗੀ ਫ਼ੌਜਾ ਸਿੰਘ ਆਇਆ ਭੱਜ, ਭਜਨ ਬੰਦਗੀ ਪ੍ਰਭ ਦੀ ਵਿਚ ਸਮਾਈਆ । ਮੈਂ ਦਰਸ਼ਨ ਕਰਾਂ ਉਪਰ ਸ਼ਾਹਰਗ, ਨੂਰ ਨੁਰਾਨਾ ਵੇਖਾਂ ਚਾਈਂ ਚਾਈਂਆ । ਜਿਸ ਨੂੰ ਕਹਿੰਦੇ ਸੂਰਾ ਸਰਬਗ, ਹਰਿ ਕਰਤਾ ਧੁਰਦਰਗਾਹੀਆ । ਜਿਸ ਮੇਰਾ ਥਾਨ ਪੂਰਬ ਲਿਆ ਲੱਭ, ਖੋਜਣ ਦੀ ਲੋੜ ਰਹੀ ਨਾ ਰਾਈਆ । ਪਤਾ ਨਹੀਂ ਆਇਆ ਕਿਹੜੇ ਨਾਲ ਸਬਬ, ਸਮਝ ਚਲੇ ਨਾ ਕੋਇ ਚਤੁਰਾਈਆ । ਮੇਰੀ ਧਾਰ ਚਰਨਾਂ ਹੇਠਾਂ ਲਈ ਦੱਬ, ਕਵਲ ਕਵਲ ਉਠਾਈਆ । ਮੈਂ ਤਕ ਕੇ ਨੂਰ ਅਲਾਹੀ ਰੱਬ, ਸਯਦਿਆਂ ਵਿਚ ਸੀਸ ਝੁਕਾਈਆ । ਜੋਤੀ ਜੋਤ ਸਰੂਪ ਹਰਿ, ਆਪ ਆਪਣੀ ਕਿਰਪਾ ਕਰ, ਦੇਵਣਹਾਰਾ ਸਾਚਾ ਵਰ, ਸਚ ਦਾ ਪੜਦਾ ਆਪ ਉਠਾਈਆ । ਧਰਨੀ ਕਹੇ ਬਾਲਮੀਕ ਨੌ ਉਂਗਲ ਲੀਕ ਮਾਰੀ ਲੰਮੀ, ਲਮਹ ਲਮਹ ਧਿਆਨ ਲਗਾਈਆ । ਭੇਵ ਖੁਲ੍ਹਾ ਕੇ ਕਾਇਆ ਮਾਟੀ ਚੰਮੀ, ਚੰਮ ਦ੍ਰਿਸ਼ਟੀ ਬਾਹਰ ਦ੍ਰਿੜਾਈਆ । ਪੜਦਾ ਲਾਹ ਕੇ ਪਵਣ ਸੁਆਸੀ ਦਮੀ, ਦਾਮਨਗੀਰ ਇਕ ਜਣਾਈਆ । ਭੇਵ ਚੁਕਾਇਆ ਬਾਹਰ ਖ਼ੁਸ਼ੀ ਗ਼ਮੀ, ਗ਼ਮਖਾਰ ਦਿਆਂ ਵਖਾਈਆ । ਨਾਲ ਸੰਦੇਸ਼ਾ ਦਿਤਾ ਜਿਸ ਵੇਲੇ ਖੇਲ ਹੋਣੀ ਨਵੀਂ, ਨਵਖੰਡ ਧਿਆਨ ਲਗਾਈਆ । ਸਤਿਗੁਰ ਸ਼ਬਦ ਹੋਣਾ ਕਵੀ, ਕਵਿਤਾ ਕਾਇਨਾਤ ਬਾਹਰ ਸੁਣਾਈਆ । ਪੁਰਖ ਅਕਾਲਾ ਦੀਨ ਦਿਆਲਾ ਪਰਗਟ ਹੋਣਾ ਅਵਤਾਰ ਚਵੀ, ਚੌਬੀਸਾ ਜਗਦੀਸਾ ਇਕ ਅਖਵਾਈਆ । ਧਰਨੀਏ ਉਸ ਕੋਲੋਂ ਲਹਿਣਾ ਲਵੀਂ, ਨਿਵ ਨਿਵ ਲਗਣਾ ਪਾਈਆ । ਉਸੇ ਦਾ ਢੋਲਾ ਗਵੀਂ, ਗਾ ਗਾ ਸ਼ੁਕਰ ਮਨਾਈਆ । ਉਸ
੩੮੭ ਦੇ ਚਰਨਾਂ ਹੇਠਾਂ ਸਵੀਂ, ਸੇਜ ਸੁਹੰਜਣੀ ਇਕ ਬਣਾਈਆ । ਤੇਰਾ ਲੇਖਾ ਲਿਖਣਾ ਰਵੀਦਾਸ ਰਵੀ, ਬਲ ਦੀ ਗੋਲੀ ਨਾਲ ਵਡਿਆਈਆ । ਜੋਤੀ ਜੋਤ ਸਰੂਪ ਹਰਿ, ੩੮੭
ਆਪ ਆਪਣੀ ਕਿਰਪਾ ਕਰ, ਕਰੇ ਖੇਲ ਸਾਚਾ ਹਰਿ, ਨਿਹਕਲੰਕ ਨਰਾਇਣ ਨਰ, ਮਹਾਰਾਜ ਸ਼ੇਰ ਸਿੰਘ ਵਿਸ਼ਨੂੰ ਭਗਵਾਨ, ਆਦਿ ਜੁਗਾਦਿ ਜੁਗ ਚੌਕੜੀ ਲਹਿਣਾ ਦੇਣਾ ਸਭ ਦਾ ਦਵੀਂ, ਦੇਵਣਹਾਰ ਤੇਰੇ ਹੱਥ ਵਡਿਆਈਆ ।

    

३८८